ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia

Free

## ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ

(ਸਫ਼ੇ : 64)

ਸਾਲ : 4 ਅੰਕ : 12 Phone : 780 465 9118, 403 830 7007, 204 510 6284 : Fax: 780 465 0661, e-mail: info@nawidunia.com ਦਸੰਬਰ 2013




ਇਨਕਲਾਬੀ ਇਤਿਹਾਸ ਦਾ ਪ੍ਰਤੀਬਿੰਬ.... ਪੰਨਾ-15


ਗ਼ਦਰੀ ਬਾਬੇ ਕੌਣ ਸਨ? ਪੰਨਾ-25


ਭਗਤ ਸਿੰਘ ਬਿਲਗਾ ਦੀਆਂ ਖੁੱਲ੍ਹੀਆਂ ਗੱਲਾਂ ਪੰਨਾ-31


A BRIEF HISTORY OF THE GHADAR MOVEMENT ਪੰਨਾ-49


## ਗ਼ਦਰੀਆਂ ਦੇ ਪੂਰਨਿਆਂ 'ਤੇ ਚਲ ਕੇ ਸਾਂਝੀਵਾਲਤਾ ਦਾ ਸਮਾਜ ਉਸਾਰਨ ਦੀ ਲੋੜ : ਪਾਸਲਾ




ਸਮਾਗਮ ਨੂੰ ਸੰਬੋਧਨ ਕਰਦੇ ਹੋਏ ਮੰਗਤ ਰਾਮ ਪਾਸਲਾ। ਸਟੇਜ 'ਤੇ ਬੈਠਿਆਂ ਵਿਚ ਸੁਖਦੇਵ ਸਿੰਘ ਸਿਰਸਾ, ਡਾ. ਰਾਜ ਪਨੂੰ, ਦਲਬੀਰ ਸਾਂਗਿਆਣ ਅਤੇ ਜਸਵੀਰ ਦਿਓਲ।

ਐਡਮਿੰਟਨ/ ਟੋਰਾਂਟੋ/ ਵੈਨਕੂਵਰ (ਕਿਰਤਮੀਤ, ਹਰਿੰਦਰ ਹੁੰਦਲ, ਗੁਰਪ੍ਰੀਤ ਸਿੰਘ): ਚਾਰ ਸਾਹਿਤਕ ਸਭਿਆਚਾਰਕ ਸੰਸਥਾਵਾਂ ਪੰਜਾਬੀ ਆਰਟ ਐਸੋਸੀਏਸ਼ਨ, ਮੇਪਲ ਲੀਫ਼ ਰਾਈਟਰਜ਼ ਫ਼ਾਉਂਡੇਸ਼ਨ, ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ, ਸੈਕੂਲਰ ਪੀਪਲਜ਼ ਐਸੋਸੀਏਸ਼ਨ 'ਤੇ ਅਧਾਰਤ ਬਣੀ ਸਾਂਝੀ ਸੰਸਥਾ ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ (ਪੀ.ਪੀ.ਐਫ਼.ਈ.) ਦੇ ਸੱਦੇ 'ਤੇ ਪਹੁੰਚੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਟਰੱਸਟੀ ਮੰਗਤ ਰਾਮ ਪਾਸਲਾ ਨੇ ਟੋਰਾਂਟੋ ਅਤੇ ਵੈਨਕੂਵਰ ਵਿਖੇ ਗ਼ਦਰ ਸ਼ਤਾਬਦੀ ਸਬੰਧੀ ਕਰਵਾਏ ਗਏ ਸਮਾਗਮਾਂ ਨੂੰ ਸੰਬੋਧਨ ਕੀਤਾ। ਐਡਮਿੰਟਨ ਦੇ ਮਹਾਰਾਜਾ ਬੈਕੁਇੰਟ ਹਾਲ ਵਿਖੇ ਗ਼ਦਰ ਸ਼ਤਾਬਦੀ ਵਰ੍ਹੇ 2013 ਵਿਚ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਵਜੋਂ ਗ਼ਦਰ ਸ਼ਤਾਬਦੀ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸਮਰਪਤ ਜਨਤਕ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਭਾਰਤ ਤੋਂ ਵਿਸ਼ੇਸ਼ ਤੌਰ 'ਤੇ ਪੁਹੰਚੇ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਟਰੱਸਟੀ ਮੰਗਤ ਰਾਮ ਪਾਸਲਾ ਮੁੱਖ ਬੁਲਾਰੇ ਵੱਜੋਂ ਸ਼ਾਮਿਲ ਹੋਏ। ਜਦ ਕਿ ਭਾਰਤ ਤੋਂ ਹੀ ਪੁੱਜੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੰਜਾਬੀ ਅਧਿਐਨ ਵਿਭਾਗ ਦੇ ਮੁਖੀ ਡਾ. ਸੁਖਦੇਵ ਸਿੰਘ ਸਿਰਸਾ ਅਤੇ ਯੂਨੀਵਰਸਿਟੀ ਆਫ਼ ਅਲਬਰਟਾ ਦੇ ਸਾਬਕਾ ਪ੍ਰੋਫੈਸਰ ਡਾ. ਰਾਜ ਪਨੂੰ ਨੇ ਵੀ ਸੰਬੋਧਨ ਕੀਤਾ। ਪ੍ਰਧਾਨਗੀ ਮੰਡਲ ਵਿੱਚ ਇਨ੍ਹਾਂ ਤੋਂ ਇਲਾਵਾ ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਦੇ ਪ੍ਰਧਾਨ ਦਲਬੀਰ ਸਾਂਗਿਆਣ ਵੀ ਸਾਮਿਲ ਸਨ। ਸਟੇਜ ਸਕੱਤਰ ਦੀ ਭੂਮਿਕਾ ਪੀ.ਪੀ.ਐਫ਼.ਈ. ਦੇ ਡਾਇਰੈਕਟਰ ਜਸਵੀਰ ਦਿਓਲ ਨੇ ਨਿਭਾਉਂਦਿਆਂ ਭਾਰੀ ਗਿਣਤੀ ਵਿੱਚ ਲੋਕਾਂ ਦੇ ਸ਼ਾਮਿਲ ਹੋਣ 'ਤੇ ਉਨ੍ਹਾਂ ਨੂੰ ਜੀ ਆਇਆ ਕਿਹਾ। ਉਪਰੰਤ ਦਲਬੀਰ ਸਾਂਗਿਆਣ ਨੇ ਪੀ.ਪੀ.ਐਫ਼.ਈ. ਵੱਲੋਂ ਗ਼ਦਰ ਸ਼ਤਾਬਦੀ ਵਰ੍ਹੇ ਵਿੱਚ ਗ਼ਦਰ ਲਹਿਰ ਨੂੰ ਸਮਰਪਿਤ ਸੈਮੀਨਾਰਾਂ, ਨਾਟਕ, ਕਵੀ ਦਰਬਾਰ ਤੇ ਸਭਾਵਾਂ ਦੇ ਸਾਲਾਨਾ ਸਮਾਗਮ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ ਅਤੇ ਬੁਲਾਰਿਆਂ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦਾ ਪੀ.ਪੀ.ਐਫ਼.ਈ. ਦੇ ਸੱਦੇ 'ਤੇ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਧੰਨਵਾਦ ਕੀਤਾ। ਇਸ ਤੋਂ ਬਾਅਦ ਜੋਗਿੰਦਰ ਰੰਧਾਵਾ ਵੱਲੋਂ ਮੱਖਣ ਕੁਹਾੜ ਦੀ ਲਿਖੀ ਗ਼ਜ਼ਲ 'ਸਭ ਦੌਲਤਾਂ ਗ਼ਦਰ ਲਈ, ਸਭ ਰਹਿਮਤਾਂ ਗ਼ਦਰ ਲਈ', ਅਮਰਜੀਤ ਪੁਰੇਵਾਲ ਨੇ ਆਪਣੀ ਲਿਖੀ ਕਵਿਤਾ 'ਗ਼ਦਰੀਉ ਤੁਹਾਨੂੰ ਪ੍ਰਨਾਮ', ਸਿਮਰਪ੍ਰੀਤ ਵੱਲੋਂ ਦੀਪਕ ਜੈਤੋਈ ਦੀ ਗ਼ਜ਼ਲ ' ਇਸ ਹਨੇਰੇ ਸ਼ਹਿਰ ਵਿੱਚ ਰੌਸ਼ਨੀ ਵੰਡੂਗਾ ਕੌਣ, ਰਣਜੀਤ ਸਿੰਘ ਵੱਲੋਂ ਇੰਦਰਜੀਤ ਹੁਸਨਪੁਰੀ ਦਾ ਲਿਖਿਆ ਗੀਤ ' ਮੈਨੂੰ ਅਜੇ ਕੰਮ ਹਜ਼ਾਰ' ਅਤੇ ਜਸਵੀਰ ਸੰਘਾ ਦੀ ਅਗਵਾਈ ਵਿੱਚ ਗੁਰਸੇਵਕ ਮਾਨ, ਜੋਗਿੰਦਰ ਰੰਧਾਵਾ, ਕਿਰਤਮੀਤ ਕੁਹਾੜ ਵੱਲੋਂ ਜੈਮਲ ਪੱਡਾ ਦਾ ਲਿਖਿਆ ਗੀਤ 'ਸਿਦਕ ਸਾਡੇ ਨੇ ਕਦੇ ਮਰਨਾ ਨਹੀਂ' ਤਰੰਨਮ ਵਿੱਚ ਪੇਸ਼ ਕੀਤਾ।


☛ ਬਾਕੀ ਸਫ਼ਾ 4 'ਤੇ


## ਦਿੱਲੀ 'ਚ ਰਾਜਸੀ ਅਸਥਿਰਤਾ

## ਕਾਂਗਰਸ ਨੇ ਮੰਨੀਆਂ ਕੇਜਰੀਵਾਲ ਦੀਆਂ ਸ਼ਰਤਾਂ

ਦਿੱਲੀ (ਨਦਬ) : ਦਿੱਲੀ ਵਿਚ ਭਾਵੇਂ ਇਸ ਵੇਲੇ ਰਾਜਸੀ ਅਸਥਿਰਤਾ ਦਾ ਮਾਹੌਲ ਹੈ। ਪਰ ਸਰਕਾਰ ਬਣ ਜਾਣ ਦੀ ਇਕ ਉਮੀਦ ਵੀ ਪੈਦਾ ਹੋਈ ਹੈ। ਦਿੱਲੀ ਵਿਧਾਨ ਸਭਾ ਵਿਚ 28 ਸੀਟਾਂ ਜਿੱਤ ਕੇ ਭਾਰਤੀ ਰਾਜਨੀਤੀ ਵਿਚ ਤਹਿਲਕਾ ਮਚਾਉਣ ਵਾਲੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸਰਕਾਰ ਬਣਾਉਣ ਲਈ ਜਿਹੜੀਆਂ 18 ਸ਼ਰਤਾਂ ਰੱਖੀਆਂ ਸਨ, ਕਾਂਗਰਸ ਪਾਰਟੀ ਨੇ ਉਨ੍ਹਾਂ ਦਾ ਜਵਾਬ ਦਿੱਤਾ ਹੈ। ਅਰਵਿੰਦ ਕੇਜਰੀਵਾਲ ਨੂੰ ਲਿਖੇ ਜਵਾਬ ਵਿਚ ਕਾਂਗਰਸ ਪਾਰਟੀ ਨੇ ਸਾਰੇ 18 ਮੁੱਦਿਆਂ 'ਤੇ ਸਹਿਮਤੀ ਦੇ ਦਿੱਤੀ ਹੈ। ਕਾਂਗਰਸ ਨੇ ਆਪਣੇ ਜੁਆਬ ਵਿਚ ਲਿਖਿਆ ਹੈ ਕਿ ਆਮ ਆਦਮੀ ਪਾਰਟੀ (ਆਪ) ਵਲੋਂ ਜਿਨ੍ਹਾਂ 18 ਮੁੱਦਿਆਂ 'ਤੇ ਹਮਾਇਤ ਮੰਗੀ ਗਈ ਹੈ, ਉਨ੍ਹਾਂ ਵਿਚੋਂ 16 ਅਜਿਹੇ ਹਨ ਜਿਨ੍ਹਾਂ ਨੂੰ ਲਾਗੂ ਕਰਨ ਲਈ ਕਿਸੇ ਵੀ ਹਮਾਇਤ ਦੀ ਲੋੜ ਹੀ ਨਹੀਂ। ਭਾਵ ਇਹ ਮੁੱਦੇ ਪ੍ਰਸ਼ਾਸਨਕ ਮਾਮਲੇ ਹਨ, ਜਿਨ੍ਹਾਂ ਨੂੰ ਲਾਗੂ ਕਰਨਾ ਸਰਕਾਰ ਦੇ ਅਧਿਕਾਰ ਖੇਤਰ ਵਿਚ ਹੀ ਆਉਂਦਾ ਹੈ। ਇਸ ਤੋਂ ਇਲਾਵਾ ਸਿਰਫ਼ ਦੋ ਮੁੱਦੇ ਅਜਿਹੇ ਹਨ ਜਿਨ੍ਹਾਂ ਲਈ ਸਰਕਾਰ ਨੂੰ ਹਮਾਇਤ ਦੀ ਲੋੜ ਪਵੇਗੀ। ਇਨ੍ਹਾਂ ਮੁੱਦਿਆਂ 'ਤੇ ਕਾਂਗਰਸ ਪਾਰਟੀ ਹਮਾਇਦ ਦੇਣ ਨੂੰ ਤਿਆਰ ਹੈ। ਇਨ੍ਹਾਂ ਦੋ ਮੁੱਦਿਆਂ ਵਿਚ ਲੋਕਪਾਲ ਅਤੇ ਦਿੱਲੀ ਵਿਚ ਪੂਰਨ ਸੂਬੇ ਦਾ ਦਰਜਾ ਦਿਵਾਉਣ ਸ਼ਾਮਲ ਹੈ। ਇਸੇ ਦੌਰਾਨ 'ਆਪ' ਦੇ ਆਗੂ ਮਨੀਸ਼ ਸਸੋਦੀਆ ਨੇ ਕਿਹਾ ਹੈ ਕਿ ਪਾਰਟੀ ਦੇ ਆਗੂਆਂ ਨਾਲ ਕਾਂਗਰਸ ਵਲੋਂ ਭੇਜੇ ਗਏ ਜਵਾਬ 'ਤੇ ਚਰਚਾ ਕੀਤੀ ਜਾਵੇਗੀ, ਜਿਸ ਤੋਂ ਬਾਅਦ ਕੋਈ ਫ਼ੈਸਲਾ ਲਿਆ ਜਾਵੇਗਾ। ਅਰਵਿੰਦਰ ਕੇਜਰੀਵਾਲ ਨੇ ਭਾਰਤੀ ਜਨਤਾ ਪਾਰਟੀ ਨੂੰ ਵੀ ਇਨ੍ਹਾਂ 18 ਮੁੱਦਿਆਂ 'ਤੇ ਆਪਣੀ ਹਮਾਇਤ ਦੇਣ ਵਾਸਤੇ ਕਿਹਾ ਸੀ ਪਰ ਉਨ੍ਹਾਂ ਵਲੋਂ ਕੋਈ ਜਵਾਬ ਨਹੀਂ ਆਇਆ। ਪਰ ਇਸੇ ਦੌਰਾਨ ਦਿੱਲੀ ਦੇ ਉਪ ਰਾਜਪਾਲ ਨਜੀਬਜੰਗ ਨੇ ਰਾਸ਼ਟਰਪਤੀ ਰਾਜ ਲਾਉਣ ਲਈ ਗ੍ਰਹਿ ਮੰਤਰਾਲੇ ਨੂੰ ਸਿਫ਼ਾਰਸ਼ ਭੇਜ ਦਿੱਤੀ ਹੈ। ਸੂਚਨਾ ਮੁਤਾਬਕ ਜੇਕਰ ਸਰਕਾਰ ਬਣਨ ਦੇ ਆਸਾਰ ਨਾ ਬਣੇ ਤਾਂ ਫਿਰ ਦਿੱਲੀ ਵਿਚ ਰਾਸ਼ਟਰਪਤੀ ਰਾਜ ਲਾਇਆ ਜਾ ਸਕਦਾ ਹੈ।



## ਸੰਪਾਦਕੀ

### ਪੱਤਰਕਾਰਤਾ ਦੇ ਰਾਜਸੀ ਅਤੇ ਇਨਕਲਾਬੀ ਸਫ਼ਰ 'ਚ 'ਨਵੀਂ ਦੁਨੀਆ'

ਪੱਤਰਕਾਰਤਾ ਦਾ ਸਮਾਜ ਨਾਲ ਸਿੱਧਾ ਰਿਸ਼ਤਾ ਹੈ ਤੇ ਇਸ ਰਿਸ਼ਤੇ ਦੀ ਬੁਨਿਆਦ ਗ਼ਦਰ ਲਹਿਰ ਦੀ ਰਾਜਸੀ ਤੇ ਇਨਕਲਾਬੀ ਪੱਤਰਕਾਰਤਾ ਅਤੇ ਸਾਹਿਤਕਾਰੀ ਵਿਚ ਪਈ ਹੈ। ਸੌ ਸੱਚਾਂ ਦਾ ਸੱਚ ਇਹ ਹੈ ਕਿ ਬਦਲਦੀ ਹੋਈ ਦੁਨੀਆ ਦੇ ਨਾਲ ਹੀ ਬਦਲ ਰਹੇ ਆਰਥਕ, ਰਾਜਨੀਤਿਕ ਅਤੇ ਸਮਾਜਕ ਸਰੋਕਾਰਾਂ ਨੂੰ ਜਿਸ ਬਾਰੀਕਬੀਨੀ ਨਾਲ ਪੱਤਰਕਾਰਤਾ ਦੇਖਦੀ ਹੈ ਉਹਦਾ ਕੋਈ ਹੋਰ ਬਦਲ ਨਹੀਂ ਹੈ। ਆਪਣੀ ਇਸ ਜਾਗਦੀ ਅੱਖ ਕਾਰਨ ਹੀ ਪੱਤਰਕਾਰਤਾ ਅਵਾਮ ਦੀ ਤਾਕਤ ਬਣਦੀ ਹੈ। ਪੰਜਾਬੀ ਪੱਤਰਕਾਰਤਾ ਦਾ ਸਫ਼ਰ ਸ਼ਾਨਦਾਰ ਉਪਲੱਬਧੀਆਂ ਵਾਲਾ ਹੈ ਪਰ ਜੇਕਰ ਪੰਜਾਬੀ ਪੱਤਰਕਾਰਤਾ ਨੂੰ ਰਾਜਸੀ ਅਤੇ ਇਨਕਲਾਬੀ ਸਫ਼ਰ 'ਤੇ ਪਾਉਣ ਦੀ ਗਾਥਾ ਦੀ ਗੱਲ ਕਰਨੀ ਹੋਵੇ ਤਾਂ ਉਹਦਾ ਅਰੰਭ ਗ਼ਦਰ ਅਖਬਾਰ ਤੋਂ ਹੁੰਦਾ ਹੈ। ਗ਼ਦਰ ਅਖਬਾਰ ਰਾਹੀਂ ਹੀ ਇਹਨੇ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਰਾਜਨੀਤਕ, ਸਮਾਜਕ ਸਰੋਕਾਰਾਂ, ਨੂੰ ਪਛਾਣਦਿਆਂ ਨਵੇਂ ਰਾਹ ਫੜੇ। ਗ਼ਦਰ ਅਖ਼ਬਾਰ ਵਿਚ ਛਪਦਾ ਰਿਹਾ ਸਾਹਿਤ ਗਦਰੀਆਂ ਦੇ ਸਿਆਸੀ ਮਨੋਰਥਾਂ ਦੀ ਕਨਸੋਅ ਦਿੰਦਾ ਹੈ। ਅਸਲ ਵਿਚ ਸਾਹਿਤ ਤੋਂ ਬਿਨਾ ਕੋਈ ਸਮਾਜ ਕਿਆਸਿਆ ਹੀ ਨਹੀਂ ਜਾ ਸਕਦਾ। ਜਦੋਂ ਤੋਂ ਮਨੁੱਖ ਨੇ ਇਸ ਧਰਤੀ 'ਤੇ ਆਪਣੇ ਕਦਮ ਧਰੇ ਹਨ ਉਦੋਂ ਤੋਂ ਹੀ ਸਾਹਿਤ ਇਹਦੇ ਨਾਲ ਰਿਹਾ ਹੈ।


☛ ਬਾਕੀ ਸੰਪਾਦਕੀ ਸਫ਼ਾ 16 'ਤੇ



3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"

Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700

ALL INDIA RESTAURANT & SWEETS

Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca

Super Visa Medical Insurance
- ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੈਲ ਇੰਸ਼ੋਰੈਂਸ ਲੈਣਾ ਜਰੂਰੀ।
- ਅਸੀਂ ਤੁਹਾਡੀ ਜਰੂਰਤ ਮੁਤਾਬਕ ਵਧੀਆ ਅਤੇ ਸਸਤੀ ਇਸ਼ੋਰੈਂਸ ਲੈ ਕੇ ਦਿੰਦੇ ਹਾਂ।
For more information please call
780-465-6900 Jasvir Deol
403-830-7007 Jessie Singh


REALTY EXECUTIVES
ਕਿਸੇ ਵੀ ਤਰ੍ਹਾਂ ਦੀ ਪ੍ਰਾਪਟੀ ਵੇਚਣ ਜਾਂ ਖ੍ਰੀਦਣ ਲਈ ਨੁਸਰਤ ਅਲੀ ਅਖਤਰ ਨੂੰ ਸੰਪਰਕ ਕਰੋ
780-994-1600 (Cell)
780-450-6300 (24 Hrs)
Fax: 780-450-6670
NUSRAT ALI AKHTAR ASSOCIATE
aakhtar@realtyexecutives.com
www.aliakhtar.com
MULTIPLE LISTING SERVICE
REALTOR
4107-99 St NW, Edmonton


Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
101 9807 -34 Ave Edmonton AB T6E 5X9
(780)414-1000 (780)850- 4080

Roof Trusses
Floor Systems
Lumber - Stairs
ZyTech BUILDING SYSTEMS INC.
High Quality Materials, Best Prices, On Time Delivery, Complete Framing Package, Full Range Of I Joists, Fully Automated - Roof Truss Manufacturing Facility
One Call - Award Winning Service, Effective On Site, Engineering & Design Friendly, Multi-Cultural, Solution Oriented Staff, Community Supporter
ਰਘੁਬੀਰ ਸਿੰਘ ਭੰਡਾਲ 780 554 9192
ਜਸਪਾਲ ਸਿੰਘ ਭੰਡਾਲ 403 226 7136


Sarjan Luthra B.Sc, L.LB
LUTHRA LAW GROUP
FREE CASE EVALUTION
Personal Injuries Representation
Real Estate Transactions
Immigration Law
Residential Real Estate Transactions
Criminal Case
Family Law Dispute & Mediation Service
Commercial Litigation
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660
Fax: 780 463 4205



# Supreme Pizza
## ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

**780 485 1213 or 780 485 1231**

Try Us Tonight For Best Deal
In Town
3 For 1
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza • Vegetarian • Supreme Special • Chicken Special • The Pasta Niche



Kuldip S. Powar

# POWAR
HOMES LTD.
Quality Custom Home Builder



Ranjit S. Powar

ਪਾਵਰ ਹੋਮਸ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ,
ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ
ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ
ਦਾ ਵਾਅਦਾ, ਬੇਸਮਾਉਂਟ ਵਿਚ ਛੋਟੇ ਅਤੇ ਵੱਡੇ ਘਰ
ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ,
ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.

Fax: 780-406-6797
Email: ranjit_pawar@hotmail.com

Contact At:
Ph: 780-695-6595

# A & K INSULATION & DRYWALL LTD.

Best Quailty at Reasonable Rates





ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿੱਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ

**Rana : 780-245-5191 Joga : 780-245-5192**

# EXCEL TAX & BUSINESS SOLUTIONS

Our Goal : Client Satisfaction | Net Filling, Quick Refund

Specializing:
Trucking, Real Estate, Gas Station, Hotel, Motel & Franchise Business Accounting



- Corporate Tax Returns
- Personal & Self Employed Tax Returns
- GST Returns - WCB Returns - T4 Returns - ROE
- Small Business Set Up & Tax Planning
- Year End Processing
- Canada Revenue Agency (CRA) Audit Representation
- Computerized Bookkeeping & Payroll Services
- Financial Statement Preparation (Notice to Readers)

**Call: Pritpal Kooner**

PLEASE NOTE NEW ADDRESS
Unit# 218-4218A 97 St, Edmonton AB T6E 5Y6

Ph: 780-469-4985 Fax: 780-469-4926 Cell: 780-952-2860
exceltax@yahoo.ca
Evening & Weekend with Appointments only

# EAGLEROCK GOLF COURSE
50549, RANGE ROAD 234 EDMONTON, AB

eaglerock GOLF COURSE

ਜਨਮ ਦਿਨ , ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet





ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.

www.advancedrivingschool.ca



- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

2 Locations to Serve You!

9253-34A Ave
Edmonton, AB

10211-100 Ave
Fort Saskatchewan, AB

**780 660 4090**



# ALPHA
Tent Rentals
All Events Big or Small

We are in this
Business Since 2001



Ladies Sangeet Jago Equipment

**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

Umrao Ghinger: 780 237 5556
www.alphatentrentals.com
Office: 780 490 5354





# ਨੈਲਸਨ ਮੰਡੇਲਾ ਨੂੰ ਹੰਝੂਆਂ ਭਰੀ ਅੰਤਿਮ ਵਿਦਾਇਗੀ



ਕੁਨੂ (ਨਦਬ) : ਦੱਖਣੀ ਅਫਰੀਕਾ ਦੇ ਪਹਿਲੇ ਕਾਲੇ ਰਾਸ਼ਟਰਪਤੀ ਨੈਲਸਨ ਮੰਡੇਲਾ ਨੂੰ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ, ਮਿੱਤਰਾਂ ਅਤੇ ਵਿਸ਼ਵ ਭਰ ਦੇ ਆਗੂਆਂ ਨੇ ਹੰਝੂਆਂ ਭਰੀ ਵਿਦਾਇਗੀ ਦਿੱਤੀ। ਨਸਲੀ ਪੱਖਪਾਤ ਵਿਰੋਧੀ ਮੰਡੇਲਾ ਨੂੰ ਉਨ੍ਹਾਂ ਦੇ ਜੱਦੀ ਪਿੰਡ ਕੁਨੂ ਵਿੱਚ ਦਫਨਾਇਆ ਗਿਆ।

ਮੰਡੇਲਾ ਦੀ ਦੇਹ ਵਾਲੇ ਤਾਬੂਤ ਨੂੰ ਫੌਜੀ ਜਵਾਨਾਂ ਦੀ ਅਗਵਾਈ ਵਿੱਚ ਉਨ੍ਹਾਂ ਦੇ ਪਿੰਡ ਲਿਜਾਇਆ ਗਿਆ, ਜਿੱਥੇ ਰਵਾਇਤੀ ਢੰਗ ਨਾਲ ਉਨ੍ਹਾਂ ਨੂੰ ਵਿਦਾਇਗੀ ਦਿੱਤੀ ਗਈ। ਇਸ ਮੌਕੇ 'ਮਦੀਬਾ' ਦੇ ਕੈਦੀ ਤੋਂ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਤਕ ਦੇ ਸਫ਼ਰ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਉਨ੍ਹਾਂ ਵੱਲੋਂ ਮਨੁੱਖਤਾ ਦੀ ਭਲਾਈ ਲਈ ਕੀਤੇ ਘੋਲ ਨੂੰ ਯਾਦ ਕੀਤਾ ਗਿਆ।

ਮੰਡੇਲਾ ਦੀ ਦੇਹ ਵਾਲਾ ਤਾਬੂਤ ਜਦੋਂ ਕਬਰ 'ਤੇ ਰੱਖਿਆ ਗਿਆ ਤਾਂ ਫੌਜ ਦੇ ਲੜਾਕੂ ਜਹਾਜ਼ ਤੇ ਹੈਲੀਕਾਪਟਰ ਇਸ 'ਤੇ ਉੱਡਦੇ ਰਹੇ। ਦੱਖਣੀ ਅਫਰੀਕਾ ਦੇ ਟੀਵੀ ਚੈਨਲ 'ਤੇ ਇਹ ਅੰਤਿਮ ਰਸਮਾਂ ਦਿਖਾਈਆਂ ਗਈਆਂ ਪਰ ਤਾਬੂਤ ਨੂੰ ਕਬਰ 'ਚ ਰੱਖਣ ਤੋਂ ਐਨ ਪਹਿਲਾਂ ਪ੍ਰਸਾਰਨ ਰੋਕ ਦਿੱਤਾ ਗਿਆ। ਇਸ ਵਿਦਾਇਗੀ ਦੇ ਨਾਲ ਹੀ ਅੱਜ ਦਸ ਦਿਨਾਂ ਤੋਂ ਚੱਲ ਰਿਹਾ ਕੌਮੀ ਸ਼ੋਕ ਸਮਾਪਤ ਹੋ ਗਿਆ। ਜ਼ਿਕਰਯੋਗ ਹੈ ਕਿ ਵਿਸ਼ਵ ਸ਼ਾਂਤੀ ਦੂਤ ਮੰਡੇਲਾ ਦਾ ਪੰਜ ਦਸੰਬਰ ਨੂੰ ਦੇਹਾਂਤ ਹੋ ਗਿਆ ਸੀ।

ਮੰਡੇਲਾ ਨੂੰ ਵਿਦਾਈ ਦੇਣ ਲਈ ਕਬਾਇਲੀ ਆਗੂ ਪਸ਼ੂਆਂ ਦੀ ਖੱਲਾਂ ਵਿੱਚ ਆਏ ਸਨ। ਇਸ ਮੌਕੇ 95 ਮੋਮਬੱਤੀਆਂ ਜਲਾਈਆਂ ਗਈਆਂ, ਜੋ ਉਨ੍ਹਾਂ ਦੇ 95 ਸਾਲ ਦੀ ਜ਼ਿੰਦਗੀ ਨੂੰ ਦਰਸਾਉਂਦੀਆਂ ਸਨ।

ਇਸ ਮੌਕੇ ਸੰਬੋਧਨ ਕਰਦਿਆਂ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਜੈਕਬ ਜ਼ੂਮਾ ਨੇ ਦੱਖਣੀ ਅਫਰੀਕਾ 'ਚੋਂ ਗ਼ਰੀਬੀ, ਬੇਰੁਜ਼ਗਾਰੀ ਅਤੇ ਅਪਰਾਧ ਨੂੰ ਖ਼ਤਮ ਕਰਨ ਬਾਰੇ ਮੰਡੇਲਾ ਦੇ ਵਿਚਾਰਾਂ 'ਤੇ ਪਹਿਰਾ ਦੇਣ ਦਾ ਅਹਿਦ ਲਿਆ।

ਮੰਡੇਲਾ ਨੂੰ ਅੰਤਿਮ ਵਿਦਾਇਗੀ ਦੇਣ ਵਾਲਿਆਂ ਵਿੱਚ ਇੰਗਲੈਂਡ ਦੇ ਪ੍ਰਿੰਸ ਚਾਰਲਸ, ਇਰਾਨ ਦੇ ਉਪ ਰਾਸ਼ਟਰਪਤੀ ਅਤੇ ਅਫਰੀਕੀ ਦੇਸ਼ਾਂ ਦੇ ਰਾਸ਼ਟਰਪਤੀ ਸ਼ਾਮਲ ਸਨ। ਮੰਡੇਲਾ ਨੂੰ 21 ਬੰਦੂਕਾਂ ਦੀ ਸਲਾਮੀ ਦਿੱਤੀ ਗਈ।

ਇਸ ਦੌਰਾਨ ਨਡਾਬਾ ਅਤੇ ਨੰਦੀ ਨੇ ਆਪਣੇ ਦਾਦੇ ਬਾਰੇ ਕਿਹਾ, "ਅਸੀਂ ਤੁਹਾਡੀ ਗੁੱਸੇ ਵਾਲੀ ਆਵਾਜ਼ ਅਤੇ ਤੁਹਾਡੇ ਹਾਸੇ ਨੂੰ ਹਮੇਸ਼ਾ ਯਾਦ ਰੱਖਾਂਗੇ।" ਮਦੀਬਾ ਦੇ ਪੁਰਾਣੇ ਮਿੱਤਰ ਪਾਦਰੀ ਡੈਸਮੰਡ ਟੂਟੂ ਵੀ ਅੱਜ ਉਨ੍ਹਾਂ ਨੂੰ ਅੰਤਿਮ ਵਿਦਾਇਗੀ ਦੇਣ ਪਹੁੰਚੇ ਸਨ।

# ਕਨੇਡਾ ਪੋਸਟ ਕਰੇਗੀ 8 ਹਜ਼ਾਰ ਕਾਮਿਆਂ ਦੀ ਛੁੱਟੀ

ਟੋਰਾਂਟੋ (ਨਦਬ) : ਕਨੇਡਾ ਪੋਸਟ ਨੇ ਨਿਯਮਿਤ ਤੌਰ ਉੱਤੇ ਪੈ ਰਹੇ ਘਾਟੇ ਨੂੰ ਖ਼ਤਮ ਕਰਨ ਲਈ ਘਰੋ ਘਰੀ ਜਾ ਕੇ ਡਾਕ ਵੰਡਣ ਦਾ ਕੰਮ ਬੰਦ ਕਰਨ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਡਾਕ ਟਿਕਟ ਦੀ ਕੀਮਤ ਵਧਾਉਣ ਦਾ ਵੀ ਫ਼ੈਸਲਾ ਕੀਤਾ ਗਿਆ ਹੈ। ਕ੍ਰਾਊਨ ਕਾਰਪੋਰੇਸ਼ਨ ਵੱਲੋਂ ਆਪਣੀ ਇਸ ਯੋਜਨਾ ਦਾ ਐਲਾਨ ਕੀਤਾ ਗਿਆ ਜਿਸ ਵਿੱਚ ਕਾਰਪੋਰੇਸ਼ਨ ਨੇ ਦੱਸਿਆ ਕਿ ਅਗਲੇ ਪੰਜਾਂ ਸਾਲਾਂ ਵਿੱਚ ਸ਼ਹਿਰਾਂ ਵਿੱਚ ਘਰੋ ਘਰੀ ਜਾ ਕੇ ਡਾਕ ਪਹੁੰਚਾਉਣ ਦਾ ਕੰਮ ਬੰਦ ਕਰ ਦਿੱਤਾ ਜਾਵੇਗਾ। 31 ਮਾਰਚ ਤੋਂ ਸ਼ੁਰੂ ਕਰਕੇ ਸਟੈਂਡਰਡ ਸਾਈਜ਼ ਵਾਲੀ ਫਰਸਟ ਕਲਾਸ ਚਿੱਠੀ ਨੂੰ ਡਾਕ ਰਾਹੀਂ ਭੇਜਣ ਲਈ ਉਸ ਉੱਤੇ ਲਾਈ ਜਾਣ ਵਾਲੀ ਟਿਕਟ ਦੀ ਕੀਮਤ 63 ਸੈਂਟ ਤੋਂ ਵਧਾ ਕੇ 85 ਸੈਂਟ ਕੀਤੀ ਜਾਵੇਗੀ। ਵਿਅਕਤੀਗਤ ਟਿਕਟਾਂ ਦਾ ਮੁੱਲ ਇੱਕ ਡਾਲਰ ਹੋਵੇਗਾ। ਕਨੇਡਾ ਪੋਸਟ ਨੇ ਆਖਿਆ ਕਿ ਅਗਲੇ ਪੰਜਾਂ ਸਾਲਾਂ ਵਿੱਚ ਉਹ 6,000 ਤੋਂ 8,000 ਅਹੁਦੇ ਖ਼ਤਮ ਕਰਨਗੇ ਪਰ ਉਨ੍ਹਾਂ ਆਸ ਪ੍ਰਗਟਾਈ ਕਿ ਇਸ ਅਰਸੇ ਦੌਰਾਨ 15,000 ਕਾਮੇ ਕੰਪਨੀ ਛੱਡ ਦੇਣਗੇ ਜਾਂ ਫਿਰ ਰਿਟਾਇਰ ਹੋ ਜਾਣਗੇ। ਰਲੀਜ਼ ਅਨੁਸਾਰ ਜਿਹੜੀਆਂ ਕਮਿਊਨਿਟੀਜ਼ ਕਮਿਊਨਿਟੀ ਮੇਲਬੌਕਸ ਨਾਲ ਜੁੜਨਗੀਆਂ ਉਨ੍ਹਾਂ ਦਾ ਐਲਾਨ 2014 ਦੀ ਦੂਜੀ ਛਿਮਾਹੀ ਵਿੱਚ ਕੀਤਾ ਜਾਵੇਗਾ। ਟਰਾਂਸਪੋਰਟ ਮੰਤਰੀ ਲੀਜ਼ਾ ਰਾਇਤ ਨੇ ਸਤੰਬਰ ਵਿੱਚ ਆਖਿਆ ਸੀ ਕਿ ਸ਼ਹਿਰੀ ਇਲਾਕਿਆਂ ਵਿੱਚ ਘਰੋ ਘਰੀ ਡਾਕ ਵੰਡਣੀ ਬੰਦ ਕਰਨ ਦੇ ਆਈਡੀਆ ਉੱਤੇ ਉਸ ਸਮੇਂ ਵਿਚਾਰ ਕਰਨਾ ਬਣਦਾ ਹੈ ਜਦੋਂ ਦੂਜੀ ਤਿਮਾਹੀ ਵਿੱਚ 104 ਮਿਲੀਅਨ ਡਾਲਰ ਦਾ ਘਾਟਾ ਪਿਆ ਹੋਵੇ। ਉਨ੍ਹਾਂ ਦੇ ਆਫਿਸ ਵੱਲੋਂ ਇੱਕ ਨਿਊਜ਼ ਰਲੀਜ਼ ਵਿੱਚ ਆਖਿਆ ਗਿਆ ਕਿ ਇਸ ਯੋਜਨਾ ਕਾਰਨ ਉਨ੍ਹਾਂ ਨੂੰ ਭਵਿੱਖ ਵਿੱਚ ਸੱਭ ਠੀਕ ਹੋਣ ਦੀ ਆਸ ਹੈ। ਰਾਇਤ ਦੇ ਆਫਿਸ ਨੇ ਦੱਸਿਆ ਕਿ ਡਾਕ ਦੀ ਮਿਕਦਾਰ ਪਿਛਲੇ ਪੰਜ ਸਾਲਾਂ ਵਿੱਚ 25 ਫੀ ਸਦੀ ਘੱਟ ਗਈ ਹੈ। ਕਨੇਡਾ ਪੋਸਟ ਦੀ ਆਮਦਨ ਪਿਛਲੇ ਸਾਲ ਦੇ ਮੁਕਾਬਲੇ 2013 ਦੀਆਂ ਪਹਿਲੀਆਂ ਤਿੰਨ ਤਿਮਾਹੀਆਂ ਵਿੱਚ 20 ਮਿਲੀਅਨ ਡਾਲਰ ਘੱਟ ਰਹੀ।

# ਪੋਟਾਸ਼ ਕਾਰਪੋਰੇਸ਼ਨ ਵਲੋਂ ਵੱਡੇ ਪੱਧਰ 'ਤੇ ਕਾਮਿਆਂ ਦੀ ਛੁੱਟੀ ਦਾ ਐਲਾਨ

PotashCorp

ਸਸਕਾਟੂਨ (ਨਦਬ) : ਪੋਟਾਸ਼ਕੌਰਪ ਵੱਲੋਂ ਆਪਣੀ ਵਰਕਫੋਰਸ ਵਿੱਚ 18 ਫੀ ਸਦੀ ਦੀ ਕਟੌਤੀ ਕੀਤੀ ਜਾ ਰਹੀ ਹੈ ਜਿਸ ਨਾਲ 1,045 ਲੋਕ ਸਿੱਧੇ ਰੂਪ ਵਿੱਚ ਪ੍ਰਭਾਵਿਤ ਹੋਣਗੇ। ਇਹ ਕਟੌਤੀ ਸਸਕੈਚਵਨ ਦੇ ਨਾਲ ਨਾਲ ਫਲੋਰਿਡਾ ਤੇ ਨਿਊ ਬਰੰਜ਼ਵਿੱਕ ਵਿੱਚ ਵੀ ਕੀਤੀ ਜਾ ਰਹੀ ਹੈ। ਸਸਕਾਟੂਨ ਦੀ ਇਸ ਕੰਪਨੀ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦਾ ਫੈਸਲਾ ਲਿਆ ਜਾਣਾ ਜ਼ਰੂਰੀ ਹੈ ਕਿਉਂਕਿ ਪੋਟਾਸ਼ ਤੇ ਫਾਸਫੇਟ ਦੀ ਮੰਗ ਘੱਟ ਗਈ ਹੈ। ਇਹ ਦੋ ਮੁੱਖ ਤਰ੍ਹਾਂ ਦੀਆਂ ਖਾਦਾਂ ਹਨ ਜਿਨ੍ਹਾਂ ਨੂੰ ਫਸਲਾਂ ਦੇ ਚੰਗੇ ਝਾੜ ਲਈ ਵਰਤਿਆ ਜਾਂਦਾ ਹੈ। ਪੋਟਾਸ਼ਕੌਰਪ ਦੇ ਪ੍ਰਧਾਨ ਤੇ ਚੀਫ ਐਗਜ਼ੈਕਟਿਵ ਬਿੱਲ ਡੋਇਲ ਨੇ ਆਖਿਆ ਕਿ ਇਹ ਸਾਡੇ ਕਰਮਚਾਰੀਆਂ ਲਈ ਤੇ ਸਾਡੀ ਕੰਪਨੀ ਲਈ ਔਖੀ ਘੜੀ ਹੈ। ਪੋਟਾਸ਼ਕੌਰਪ ਦਾ ਕਹਿਣਾ ਹੈ ਕਿ ਸੱਭ ਤੋਂ ਵੱਧ ਕਟੌਤੀਆਂ ਉਨ੍ਹਾਂ ਦੇ ਮੂਲ ਪ੍ਰੋਵਿੰਸ ਵਿੱਚ ਹੋਣਗੀਆਂ ਜਿੱਥੇ 440 ਵਿਅਕਤੀ ਪ੍ਰਭਾਵਿਤ ਹੋਣਗੇ, ਜੋ ਕਿ ਕੁੱਲ ਕਟੌਤੀ ਦਾ 42 ਫੀ ਸਦੀ ਹਿੱਸਾ ਹੋਵੇਗਾ। ਇਨ੍ਹਾਂ ਵਿੱਚੋਂ ਬਹੁਤੇ ਕੰਪਨੀ ਦੀ ਲੈਨੀਗਾਨ ਡਵੀਜ਼ਨ ਵਿੱਚ ਹੋਣਗੇ, ਜਿੱਥੇ 2013 ਦੇ ਅੰਤ ਤੱਕ ਦੋ ਮਿੱਲਾਂ ਵਿੱਚੋਂ ਇੱਕ ਵਿੱਚ ਉਤਪਾਦਨ ਸਸਪੈਂਡ ਕਰ ਦਿੱਤਾ ਜਾਵੇਗਾ। ਇਸ ਦੀ ਕੋਰੀ ਡਵੀਜ਼ਨ ਤੇ ਸਸਕਾਟੂਨ ਹੈਡਕੁਆਰਟਰ ਵਿੱਚ ਉਤਪਾਦਨ ਘਟਾ ਦਿੱਤਾ ਜਾਵੇਗਾ। ਨਿਊ ਬਰੰਜ਼ਵਿਕ ਵਿੱਚ ਵੀ 130 ਵਿਅਕਤੀ ਪ੍ਰਭਾਵਿਤ ਹੋਣਗੇ ਜਦਕਿ ਬਾਕੀ ਛਾਂਟੀ ਕਨੇਡਾ ਤੋਂ ਬਾਹਰ ਵੀ ਹੋਵੇਗੀ ਜਿਸ ਵਿੱਚੋਂ ਅਮਰੀਕਾ ਵਿੱਚੋਂ 435 ਤੋਂ ਵੱਧ ਲੋਕਾਂ ਦੀ ਛੁੱਟੀ ਕੀਤੀ ਜਾਵੇਗੀ। ਫਲੋਰਿਡਾ ਦੇ 350 ਕਰਮਚਾਰੀਆਂ ਦੀ ਛੁੱਟੀ ਹੋਵੇਗੀ ਜਦਕਿ ਨਾਰਥ ਕੈਰੋਲੀਨਾ ਤੋਂ 85 ਲੋਕ ਵਿਹਲੇ ਹੋਣਗੇ। ਇਸ ਤੋਂ ਇਲਾਵਾ ਵ੍ਹਾਈਟ ਸਪਰਿੰਗਜ਼ ਦੇ ਫੌਸਫੇਟ ਪਲਾਂਟਾਂ ਵਿੱਚੋਂ ਇੱਕ ਤੇ ਸੁਵਾਨੀ ਰਿਵਰ ਦਾ ਰਸਾਇਣਿਕ ਪਲਾਂਟ ਬੰਦ ਕੀਤਾ ਜਾਵੇਗਾ। ਅਮਰੀਕਾ ਦੇ ਹੋਰਨਾਂ ਹਿੱਸਿਆਂ ਵਿੱਚ 40 ਨੌਕਰੀਆਂ ਹੋਰ ਜਾਣਗੀਆਂ ਤੇ ਇਹੋ ਹਾਲ ਤ੍ਰਿਨੀਦਾਦ ਦਾ ਵੀ ਹੋਵੇਗਾ। ਪੋਟਾਸ਼ਕੌਰਪ ਪੋਟਾਸ਼ ਤਿਆਰ ਕਰਨ ਵਾਲੀ ਕੈਨੇਡਾ ਦੀ ਸੱਭ ਤੋਂ ਵੱਡੀ ਉਤਪਾਦਕ ਹੈ ਤੇ ਦੁਨੀਆ ਭਰ ਦੇ ਕਿਸਾਨ ਇਸ ਦੇ ਉਤਪਾਦਾਂ ਦੀ ਵਰਤੋਂ ਫਸਲਾਂ ਦੀ ਪੈਦਾਵਾਰ ਵਧਾਉਣ ਲਈ ਕਰਦੇ ਹਨ।

SAHARA INSURANCE GROUP
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਅੱਜ ਹੀ ਕਾਲ ਕਰੋ



Truck Loan Insurance

Life Insurance
Mortgage Insurance
Disability Insurance
Visitor Insurance
RESP, RRSP
Retirement Planning
Dental Insurance

DEEP GREWAL
204-996-2571



Unit # F-10, 1833 INKSTER BLVD, WINNIPEG, MB R2X 1R3
Fax: (204) 480-8708 deepgrewal12@gmail.com www.saharainsurancegroup.ca

Maple
DENTAL CLINIC
ਦੰਦਾਂ ਸਬੰਧੀ ਹਰ ਬਿਮਾਰੀ ਦਾ ਇਲਾਜ

Dr. Sandeep Dhaliwal
DMD

Take Home Whitening Kits
with new patient exams & cleaning !

Services Provided
Cosmetic and preventive Dentistry including:
» Cleaning » Crowns & Bridges
» Invisalign » Partial & Full Dentures
» Fillings » Sports & Night Guards
» Root Canals » Teeth Whitening
» TMJ » Extractions

Clinic Hours:
Monday & Friday: 9 am to 5 pm
Tuesday, Wednesday & Thursday: 11 am to 7 pm
Saturday: 9 am to 4 pm

Accepting New Patients

Appointments @780-440-5001

4444-36 Ave NW Edmonton, AB T6L 3S1

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

# ਗ਼ਦਰ ਲਹਿਰ ਦੀ ਵਿਰਾਸਤ ਵਰਤਮਾਨ ਸੰਘਰਸ਼ੀਲ ਧਿਰਾਂ ਲਈ ਵੱਡੀ ਪ੍ਰੇਰਣਾ ਸਰੋਤ




ਪੀ.ਪੀ.ਐਫ਼.ਈ. ਵਲੋਂ ਗ਼ਦਰ ਸ਼ਤਾਬਦੀ ਨੂੰ ਸਮਰਪਤ ਕਰਵਾਏ ਜਨਤਕ ਸਮਾਗਮ ਦੌਰਾਨ ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਦੀ ਅਗਵਾਈ ਵਿੱਚ ਛਾਪੀ ਅਤੇ ਡਾ. ਪੀ.ਆਰ.ਕਾਲੀਆ ਵੱਲੋਂ ਸੰਪਾਦਿਤ ਕਿਤਾਬ 'ਗ਼ਦਰ ਲਹਿਰ ਅਤੇ ਭਾਰਤ ਦਾ ਸਾਮਰਾਜ ਵਿਰੋਧੀ ਸੰਘਰਸ਼' ਦੀ ਘੁੰਢ ਚੁਕਾਈ ਸਮੇਂ ਮੰਗਤ ਰਾਮ ਪਾਸਲਾ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਰਾਜ ਪਨੂੰ, ਬਾਬਾ ਹਰਨਾਮ ਸਿੰਘ ਟੁੰਡੀਲਾਟ ਅਤੇ ਗਿਆਨੀ ਕੇਸਰ ਸਿੰਘ ਨਾਵਲਿਸਟ ਦਾ ਪ੍ਰੀਵਾਰ, ਐਮ.ਐਲ.ਏ. ਨਰੇਸ਼ ਭਾਰਦਵਾਜ਼, ਟੋਰਾਂਟੋ ਤੋਂ ਹਰਬੰਸ ਮੱਲੀ, ਬਲਬੀਰ ਮੱਲੀ, ਸੁਰਜੀਤ ਸਹੋਤਾ ਅਤੇ ਪੀ.ਪੀ.ਐਫ਼.ਈ. ਦੇ ਐਗਜ਼ੈਗਟਿਵ ਮੈਂਬਰ।

ਸਮਾਗਮ ਨੂੰ ਸੰਬੋਧਨ ਕਰਦਿਆਂ ਸੁਖਦੇਵ ਸਿੰਘ ਸਿਰਸਾ ਨੇ ਗ਼ਦਰੀ ਬਾਬਿਆਂ ਦੀਆਂ ਅਥਾਹ ਕੁਰਬਾਨੀਆਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਪੂਰਨਿਆਂ 'ਤੇ ਚੱਲਣ ਦੀ ਲੋੜ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਗ਼ਦਰੀ ਬਾਬਿਆਂ ਨੇ ਉੱਤਰੀ ਅਮਰੀਕਾ ਦੀ ਧਰਤੀ ਤੋਂ ਗ਼ਦਰ ਲਹਿਰ ਨੂੰ ਸ਼ੁਰੂ ਕਰਨ ਦਾ ਮਕਸਦ ਭਾਰਤ ਦੀ ਆਜ਼ਾਦੀ, ਸਮਾਜਿਕ ਬਰਾਬਰੀ ਲਈ ਘੋਲ ਅਤੇ ਮਨੁੱਖੀ ਆਜ਼ਾਦੀ ਦੀ ਲੜਾਈ ਸੀ। ਉਹ ਇਸ ਨਿਸ਼ਾਨੇ ਦੀ ਪੂਰਤੀ ਲਈ ਬਿਨਾਂ ਖੁੱਥੇ ਅਤੇ ਬਿਨਾਂ ਕਿਸੇ ਭੇਦਭਾਵ ਤੇ ਧਾਰਮਿਕ ਬੰਧਨਾਂ ਤੋਂ ਪਰ੍ਹਾਂ ਹੋ ਕੇ ਆਪਣੀ ਲੜਾਈ ਨੂੰ ਜਾਰੀ ਰੱਖਿਆ। ਇਸ ਤੋਂ ਬਾਅਦ ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਵੱਲੋਂ ਦੇਸ਼ ਭਗਤ ਯਾਦਗਾਰ ਕਮੇਟੀ ਦੀ ਅਗਵਾਈ ਵਿੱਚ ਛਾਪੀ ਅਤੇ ਡਾ. ਪੀ.ਆਰ. ਕਾਲੀਆ ਵੱਲੋਂ ਸੰਪਾਦਿਤ ਕਿਤਾਬ 'ਗ਼ਦਰ ਲਹਿਰ ਅਤੇ ਭਾਰਤ ਦਾ ਸਾਮਰਾਜ ਵਿਰੋਧੀ ਸੰਘਰਸ਼'(Ghadr Movement and India's Anti-Imperialist Struggle) ਦੀ ਘੁੰਢ ਚੁਕਾਈ ਪ੍ਰਧਾਨਗੀ ਮੰਡਲ ਅਤੇ ਪੀ.ਪੀ.ਐਫ਼.ਈ. ਦੇ ਮੈਂਬਰਾਂ ਤੋਂ ਇਲਾਵਾ ਸਮਾਗਮ ਵਿੱਚ ਟੋਰਾਂਟੋ ਤੋਂ ਵਿਸੇਸ਼ ਤੌਰ ਤੇ ਪੁੱਜੇ ਤਰਕਸ਼ੀਲ ਸੁਸਾਇਟੀ ਆਫ਼ ਨੌਰਥ-ਅਮਰੀਕਾ ਦੇ ਪ੍ਰਤੀਨਿਧ ਸਾਥੀ ਹਰਬੰਸ ਮੱਲ੍ਹੀ, ਰੰਗ-ਕਰਮੀ ਬਲਬੀਰ ਮਲ੍ਹੀ, ਇੰਡੋ-ਕਨੇਡੀਅਨ ਵਰਕਰਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਸੁਰਜੀਤ ਸਹੋਤਾ ਅਤੇ ਹਰਿੰਦਰ ਹੁੰਦਲ, ਐਮ.ਐਲ.ਏ. ਨਰੇਸ਼ ਭਾਰਦਵਾਜ਼ ਵੱਲੋਂ ਕੀਤੀ ਗਈ। ਕਿਤਾਬ ਦੇ ਸ਼ੁਰੂ ਤੋਂ ਅੰਤ ਤੱਕ ਦੇ ਪੜਾਅ ਬਾਰੇ  ਡਾ. ਪੀ.ਆਰ.ਕਾਲੀਆ ਵੱਲੋਂ ਜਾਣਕਾਰੀ ਸਾਂਝੀ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਕਿਤਾਬ ਵਿੱਚ ਦੁਨੀਆਂ ਭਰ ਤੋਂ ਗ਼ਦਰ ਲਹਿਰ ਸਬੰਧੀ ਖੋਜ਼ ਕਰਨ ਅਤੇ ਇਸ ਲਹਿਰ ਨੂੰ ਪ੍ਰਨਾਏ ਲੋਕਾਂ ਦੇ ਲੇਖ ਸ਼ਾਮਿਲ ਕੀਤੇ ਹਨ। ਇਸ ਤੋਂ ਪਹਿਲਾਂ  ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਵੱਲੋਂ ਸ਼ਹੀਦ ਭਗਤ ਸਿੰਘ ਦੀ 100ਵੀਂ ਜਨਮ ਸ਼ਤਾਬਦੀ ਵੇਲੇ ਵੀ 'ਭਗਤ ਸਿੰਘ ਟੂ ਮੀ' ਨਾਮ ਦੀ ਕਿਤਾਬ ਛਪਵਾ ਕੇ ਲੋਕਾਂ ਵਿੱਚ ਮੁਫ਼ਤ ਵੰਡੀ ਗਈ ਸੀ।

ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਮੰਗਤ ਰਾਮ ਪਾਸਲਾ ਨੇ ਆਖਿਆ ਕਿ ਭਾਰਤ ਦੀ ਹਾਕਮ ਸਰਮਾਏਦਾਰ ਸ਼੍ਰੇਣੀ ਨੇ ਆਜ਼ਾਦੀ ਮਗਰੋਂ ਉਨ੍ਹਾਂ ਹੀ ਸਾਮਰਾਜੀ ਤਾਕਤਾਂ ਨਾਲ ਗੂੜ੍ਹੀ ਸਾਂਝ ਪਾ ਲਈ ਹੈ, ਜਿਨ੍ਹਾਂ ਵਿਰੁੱਧ ਗ਼ਦਰੀ ਬਾਬਿਆਂ ਨੇ ਲਹੂ ਵੀਟਵਾਂ ਲੰਮਾ ਸੰਘਰਸ਼ ਕੀਤਾ। ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਅਨੇਕਾਂ ਹੀ ਗ਼ਦਰੀ ਫ਼ਾਂਸੀਆਂ 'ਤੇ ਚੜ੍ਹੇ, ਉਮਰ ਕੈਦਾਂ ਭੋਗੀਆਂ ਤੇ ਹੋਰ ਅਥਾਹ ਕੁਰਬਾਨੀਆਂ ਦਿੱਤੀਆਂ। ਗ਼ਦਰੀ ਬਾਬੇ 1913 ਵਿਚ ਉੱਤਰੀ ਅਮਰੀਕਾ ਦੇ ਦੇਸ਼ਾਂ ਅਮਰੀਕਾ, ਕਨੇਡਾ ਤੋਂ ਭਾਰਤ ਵਿਚ ਹਥਿਆਰਬੰਦ ਇਨਕਲਾਬ ਰਾਹੀਂ ਅੰਗਰੇਜ਼ੀ ਸਾਮਰਾਜ ਨੂੰ ਦੇਸ਼ 'ਚੋਂ ਬਾਹਰ ਕੱਢ ਕੇ ਧਰਮ ਨਿਰਪੱਖ, ਆਰਥਕ ਤੇ ਸਮਾਜਕ ਬਰਾਬਰੀ ਵਾਲਾ ਰਾਜ ਸਥਾਪਤ ਕਰਨਾ ਚਾਹੁੰਦੇ ਸਨ। ਭਾਵੇਂ ਉਹ ਮਿੱਥੇ ਨਿਸ਼ਾਨੇ ਨੂੰ ਹਾਸਿਲ ਨਹੀਂ ਕਰ ਸਕੇ ਪਰ ਮਗਰੋਂ ਗ਼ਦਰ ਲਹਿਰ ਦੀ ਵਿਰਾਸਤ ਨੂੰ ਅੱਗੇ ਤੋਰਦਿਆਂ ਕਿਰਤੀ ਕਿਸਾਨ ਪਾਰਟੀ, ਆਜ਼ਾਦ ਹਿੰਦ ਫ਼ੌਜ, ਭਗਤ ਸਿੰਘ ਦੀ ਨੌਜਵਾਨ ਸਭਾ, ਭਾਰਤੀ ਕਮਿਊਨਿਸਟ ਪਾਰਟੀ ਨੇ ਲਗਾਤਾਰ ਇਹ ਸੰਘਰਸ਼ ਜਾਰੀ ਰੱਖਿਆ। ਕਾਲੇ ਪਾਣੀਆਂ ਦੀ ਅਥਾਹ ਮੁਸ਼ਕਲਾਂ ਵਾਲੀ ਜੇਲ੍ਹ ਵਿਚ ਤਸੀਹੇ ਝੱਲੇ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਜੋ ਗ਼ਦਰੀ ਜਿਉਂਦੇ ਰਹੇ, ਉਨ੍ਹਾਂ ਨੇ ਕਮਿਊਨਿਸਟ ਵਿਚਾਰਧਾਰਾ ਅਪਣਾ ਕੇ ਸਮਾਜਵਾਦੀ ਪ੍ਰਬੰਧ ਲਈ ਜੱਦੋ-ਜਹਿਦ ਜਾਰੀ ਰੱਖੀ। ਉਨ੍ਹਾਂ ਨੇ ਸਾਰੇ ਧਰਮਾਂ, ਜਾਤਾਂ ਦੇ ਲੋਕਾਂ ਨੂੰ ਨਾਲ ਲੈ ਕੇ ਧਰਮ ਨੂੰ ਨਿੱਜੀ ਮਸਲਾ ਸਮਝ ਕੇ ਨਿਸ਼ਾਨੇ ਦੀ ਪੂਰਤੀ ਲਈ ਯਤਨ ਕੀਤੇ।

ਉਨ੍ਹਾਂ ਅੱਗੇ ਕਿਹਾ ਕਿ ਅੱਜ ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਜਦੋਂ ਦੁਨੀਆਂ ਭਰ ਵਿਚ ਉਨ੍ਹਾਂ ਦੀ ਯਾਦ ਵਿਚ ਸਮਾਰੋਹ ਕਰ ਕੇ ਉਨ੍ਹਾਂ ਦੇ ਪੂਰਨਿਆਂ 'ਤੇ ਚੱਲ ਕੇ ਫੇਰ ਤੋਂ ਸਾਮਰਾਜ ਵਿਰੁੱਧ ਲੜਾਈ ਤੇਜ਼ ਕਰਨ ਦਾ ਅਹਿਦ ਕੀਤਾ ਜਾ ਰਿਹਾ ਹੈ, ਉਦੋਂ ਹੀ ਸਾਮਰਾਜੀ ਤਾਕਤਾਂ ਦੀ ਸ਼ਹਿ 'ਤੇ ਕੁਝ ਲੋਕ, ਜਿਨ੍ਹਾਂ ਨੇ ਸੌ ਸਾਲਾਂ ਤਕ ਗ਼ਦਰੀ ਯੋਧਿਆਂ ਨੂੰ ਚੇਤੇ ਤਕ ਨਹੀਂ ਕੀਤਾ, ਅੱਜ ਉਨ੍ਹਾਂ ਨੂੰ ਸਿੱਖ ਆਖ ਕੇ ਛੋਟੇ ਜਿਹੇ ਦਾਇਰੇ ਤਕ ਸੀਮਤ ਕਰ ਰਹੇ ਹਨ। ਪਰ ਗ਼ਦਰੀਆਂ ਦੇ ਵਾਰਿਸ ਇਸ ਸਾਜ਼ਿਸ਼ ਨੂੰ ਸਫਲ ਨਹੀਂ ਹੋਣ ਦੇਣਗੇ ਅਤੇ ਉਨ੍ਹਾਂ ਦੇ ਅਧੂਰੇ ਨਿਸ਼ਾਨੇ ਦੀ ਪੂਰਤੀ ਤਕ ਉਨ੍ਹਾਂ ਤੋਂ ਪ੍ਰੇਰਣਾ ਲੈ ਕੇ ਲੜਦੇ ਰਹਿਣਗੇ। ਮੰਗਤ ਰਾਮ ਪਾਸਲਾ ਨੇ ਕਨੇਡਾ ਦੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਇਥੇ ਰਹਿ ਕੇ ਵੀ ਗ਼ਦਰੀ ਬਾਬਿਆਂ ਦੀ ਲੜਾਈ ਨੂੰ ਜਾਰੀ ਰਖਦਿਆਂ ਸਰਮਾਏਦਾਰੀ ਵਿਰੁੱਧ ਸਥਾਨਿਕ ਮਸਲਿਆਂ ਨੂੰ ਲੈ ਕੇ ਸੰਘਰਸ਼ ਕਰ ਸਕਦੇ ਹਨ।

ਆਖੀਰ ਵਿੱਚ ਪ੍ਰੋ. ਰਾਜ ਪਨੂੰ ਨੇ ਬੁਲਾਰਿਆਂ ਅਤੇ ਭਾਰੀ ਬਰਫ਼ਬਾਰੀ ਤੇ ਠੰਡ ਦੇ ਬਾਵਜੂਦ ਗ਼ਦਰੀ ਬਾਬਿਆਂ ਨੂੰ ਸਰਧਾਂਜ਼ਲੀ ਦੇਣ ਪੁੱਜੇ ਲੋਕਾਂ ਦਾ ਧੰਨਵਾਦ ਕੀਤਾ। ਸਮਾਗਮ ਵਿੱਚ ਗਿਆਨੀ ਕੇਸਰ ਸਿੰਘ ਨਾਵਲਿਸਟ ਅਤੇ ਗ਼ਦਰੀ ਬਾਬੇ ਹਰਨਾਮ ਸਿੰਘ ਟੁੰਡੀਲਾਟ ਦੇ ਪਰਿਵਾਰਾਂ ਨੇ ਵੀ ਸ਼ਮੂਲੀਅਤ ਕੀਤੀ। ਹੋਰਨਾਂ ਤੋਂ ਇਲਵਾ ਪੀ.ਪੀ.ਐਫ਼.ਈ. ਅਤੇ ਭਰਾਤਰੀ ਜਥੇਬੰਧੀਆਂ ਦੇ ਅਹੁਦੇਦਾਰ ਗੁਰਵਿੰਦਰ (ਸੋਨੀ) ਗਿੱਲ, ਜਗਦੇਵ ਸੋਹੀ, ਰਾਜ ਪੰਧੇਰ, ਸੁਰਿੰਦਰ ਦਿਓਲ, ਪਵਿੱਤਰ ਧਾਲੀਵਾਲ, ਪਰਮਿੰਦਰ ਧਾਲੀਵਾਲ, ਲਾਡੀ ਸੂਸ, ਕਸ਼ਮੀਰ ਬਦੇਸ਼ਾ, ਗਰਿੰਦਰ ਮੂੰਮ, ਹਰਜਿੰਦਰ ਬਦੇਸ਼ਾ, ਬਖ਼ਸ਼ ਸੰਘਾ, ਗੁਰਚਰਨ ਬਾਰੜ, ਰਬਿੰਦਰ ਸਰਾਂ, ਵਰਿੰਦਰ ਭੱਚੂ, ਊਸ਼ਾ ਭੱਚੂ, ਬਲਜਿੰਦਰ ਗਿੱਲ, ਗੁਰਮੇਲ ਧਾਲੀਵਾ, ਉਪਿੰਦਰ ਮਠਾਰੂ, ਪ੍ਰਤੀਕ ਮਾਨ, ਬਲੌਰਾ ਸਿੰਘ ਮਾਨ, ਹੁਰਚਰਨ ਗਰਚਾ, ਮਨਜੀਤ ਸਿੰਘ, ਮੱਖਣ ਕੁਹਾੜ, ਐਮ.ਐਲ.ਏ. ਸੁਹੇਲ ਕਾਦਰੀ, ਕੁਲਦੀਪ ਹੰਸਰਾ, ਨਾਮਧਾਰੀ ਸੰਪਰਦਾ ਵੱਲੋਂ ਸੁਰਜੀਤ ਜੰਙੂ ਆਦਿ ਵੀ ਸ਼ਮਿਲ ਹੋਏ। ਫ਼ੋਟੋਗ੍ਰਾਫ਼ੀ ਦੀਆਂ ਸੇਵਾਵਾਂ ਪੀ.ਪੀ.ਐਫ਼.ਈ. ਦੇ ਨੌਜਵਾਨ ਮੈਂਬਰ ਪ੍ਰਤੀਕ ਮਾਨ ਨੇ ਨਿਭਾਈ। ਵੀਡੀਉਗ੍ਰਾਫ਼ੀ ਦੀਆਂ ਸੇਵਾਵਾਂ ਗੁਰਿੰਦਰ ਦੀਦ ਵੱਲੋਂ ਨਿਭਾਈ ਗਈ। ਸਮਾਗਮ ਦੌਰਾਨ ਗ਼ਦਰੀ ਬਾਬਿਆਂ ਦੀਆਂ ਤਸਵੀਰਾਂ ਅਤੇ ਉਨ੍ਹਾਂ ਬਾਰੇ ਹੋਰ ਜਾਣਕਾਰੀ ਪੇਸ਼ ਕਰਦਾ ਸਲਾਈਡ-ਸ਼ੋ ਵੀ ਦਿਖਾਇਆ ਗਿਆ ਜਿਸ ਨੂੰ ਕਨੇਡਾ ਦੀ ਜੰਮਪਲ ਨਵੀਂ ਪੀੜ੍ਹੀ ਦੀ ਨੌਜਵਾਨ ਲੜਕੀ ਅਵਨੀਤ ਰੰਧਾਵਾ ਵੱਲੋਂ ਬਣਾਇਆ ਗਿਆ ਸੀ।

ਇਸ ਸਮਾਗਮ ਦੀ ਵਿਲੱਖਤਾ ਇਹ ਵੀ ਸੀ ਕਿ ਇਸ ਸਮਾਗਮ ਵਿੱਚ ਕਨੇਡਾ ਦੇ ਜੰਮਪਲ ਨਵੀਂ ਪੀੜ੍ਹੀ ਦੇ ਨੌਜਵਾਨ ਲੜਕੇ-ਲੜਕੀ ਜਿਨ੍ਹਾਂ ਵਿੱਚ ਸਮੀਰ ਬੈਂਸ, ਰਾਹਿਨ ਦਿਓਲ, ਜੇਸਨ ਦਿਓਲ, ਅਰਮਨ ਦਿਓਲ, ਜੋਸ਼ਵਾ ਸੂਸ, ਅਦੇਸ਼ ਸਾਂਗਿਆਣ, ਹਰਪ੍ਰੀਤ ਰੰਧਾਵਾ, ਅਵਨੀਤ ਰੰਧਾਵਾ, ਤਰੰਨਮ ਕੁਹਾੜ, ਜਸਲੀਨ ਮਾਨ, ਰਵੀ ਧਾਲੀਵਾਲ, ਆਦਰਸ਼ ਬਦੇਸ਼ਾ, ਅਰਸ਼ ਧਾਲੀਵਾਲ, ਹਰਜਨ ਧਾਲੀਵਾਲ ਵੱਲੋਂ ਉਤਸ਼ਹਿਤ ਹੋ ਕੇ ਵਲੰਟੀਅਰ ਵੱਜੋਂ ਕੰਮ ਕੀਤਾ ਗਿਆ।

## ਗ਼ਦਰ ਲਹਿਰ ਦੀ ਮਹਾਨ ਇਨਕਲਾਬੀ ਵਿਰਾਸਤ ਵਰਤਮਾਨ ਸੰਘਰਸ਼ੀਲ ਧਿਰਾਂ ਲਈ ਵੱਡੀ ਪ੍ਰੇਰਣਾ ਸਰੋਤ : ਪਾਸਲਾ

ਟੋਰਾਂਟੋ : ਇੰਡੋ ਕਨੇਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ 9 ਨਵੰਬਰ ਨੂੰ ਬਰੈਮਪਟਨ ਵਿਚ ਅਯੋਜਿਤ ਇਕ ਵਿਸ਼ੇਸ਼ ਪ੍ਰੋਗਰਾਮ ਦੌਰਨ ਕਾਮਰੇਡ ਮੰਗਤ ਰਾਮ ਪਾਸਲਾ ਨੇ ਇਕ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ 100 ਸਾਲਾਂ ਬਾਅਦ ਵੀ ਗ਼ਦਰ ਲਹਿਰ ਮੌਜੂਦਾ ਸੰਘਰਸ਼ੀਲ ਲੋਕ ਪੱਖੀ ਧਿਰਾਂ ਲਈ ਇਕ ਵੱਡੀ ਪ੍ਰੇਰਣਾ ਸਰੋਤ ਹੈ। ਉਨ੍ਹਾਂ ਕਿਹਾ ਕਿ ਗ਼ਦਰ ਲਹਿਰ ਸਿਰਫ਼ ਬਰਤਾਨਵੀ ਸਾਮਰਾਜਵਾਦ ਦੇ ਭਾਰਤ ਵਿਚੋਂ ਖਾਤਮੇ ਖਿਲਾਫ਼ ਲਾਮਬੰਦ ਲਹਿਰ ਹੀ ਨਹੀਂ ਸੀ ਸਗੋਂ ਇਕ ਧਰਮ ਨਿਰਪੱਖ, ਬਰਾਬਰੀ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦੇ ਖ਼ਾਤਮੇ ਦੀ ਪ੍ਰਾਪਤੀ ਵਾਲੇ ਸਮਾਜ ਦੀ ਸਿਰਜਣਾ ਲਈ ਜੂਝਣ ਵਾਲੀ ਇਕ ਗੌਰਵਸ਼ਾਲੀ ਇਨਕਲਾਬੀ ਲਹਿਰ ਵੀ ਸੀ। ਇਸ ਆਸ਼ੇ ਦੀ ਪ੍ਰਾਪਤੀ ਲਈ ਗ਼ਦਰ ਲਹਿਰ ਨੇ ਮਹਾਨ ਕੁਰਬਾਨੀਆਂ ਕੀਤੀਆਂ। ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਗ਼ਦਰ ਲਹਿਰ ਇਕੋ ਇਕ ਅਜਿਹੀ ਲਹਿਰ ਸੀ ਜਿਸ ਨੇ ਉਸ ਸਮੇਂ ਸੰਪੂਰਨ ਆਜ਼ਾਦੀ ਦੀ ਮੰਗ ਦਾ ਨਾਅਰਾ ਬੁਲੰਦ ਕੀਤਾ। ਗ਼ਦਰ ਲਹਿਰ ਨੇ ਆਪਣੇ ਇਤਿਹਾਸ ਦੀਆਂ ਮਹਾਨ ਇਨਕਲਾਬੀ ਅਤੇ ਮਾਣਮਤੀਆਂ ਪ੍ਰੰਪਰਾਵਾਂ ਨਾਲ ਨਾਤਾ ਜੋੜਿਆ। ਕਾਮਰੇਡ ਪਾਸਲਾ ਨੇ ਲੋਕਾਂ ਨੂੰ ਉਨ੍ਹਾਂ ਸਭ ਫ਼ਿਰਕਾਪ੍ਰਸਤ ਧਿਰਾਂ ਤੋਂ ਸੁਚੇਤ ਰਹਿਣ ਦਾ ਸੱਦਾ ਦਿੱਤਾ ਜੋ ਗ਼ਰਦ ਲਹਿਰ ਨੂੰ ਸੌੜੀਆਂ ਧਾਰਮਕ ਲੀਹਾਂ 'ਤੇ ਵੰਡ ਕੇ ਲਹਿਰ ਦੇ ਉਦੇਸ਼ਾਂ ਪ੍ਰਤੀ ਗੁਮਰਾਹਕੁੰਨ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਗ਼ਦਰ ਲਹਿਰ ਦੀ ਮਹਾਨ ਵਿਰਾਸਤ ਤਾਂ ਹੀ ਬਚਾਈ ਜਾ ਸਕੇਗੀ ਜੇਕਰ ਵਰਤਮਾਨ ਹਾਕਮਾਂ ਦੀਆਂ ਵ੍ਹਨ੍ਹਾਂ ਸਭ ਲੋਕ ਵਿਰੋਧੀ ਆਰਥਕ ਨੀਤੀਆਂ ਦਾ ਵਿਰੋਧ ਕੀਤਾ ਜਾਵੇ ਜੋ ਦੇਸ਼ ਨੂੰ ਨਵ-ਬਸਤੀਵਾਦੀ ਅਤੇ ਸਮਾਜਵਾਦੀ ਸ਼ਕਤੀਆਂ ਦੇ ਸਿੱਧੇ ਪ੍ਰਭਾਵ ਅਧੀਨ ਇਕ ਹੋਰ ਗੁਲਾਮੀ ਵੱਲ ਤੇਜ਼ੀ ਨਾਲ ਧੱਕ ਰਹੀਆਂ ਹਨ। ਉਨ੍ਹਾਂ ਕਿਹਾ ਕਿ ਗ਼ਦਰੀ ਬਾਬਿਆਂ ਦੇ ਸੁਪਨਿਆਂ ਨੂੰ ਤਾਂ ਹੀ ਪੂਰਾ ਕੀਤਾ ਜਾ ਸਕੇਗਾ ਜੇਕਰ ਅਸੀਂ ਬਰਾਬਰਤਾ, ਮਨੁੱਖ ਹੱਥੋਂ ਮਨੁੱਖ ਦੀ ਲੁੱਟ ਰਹਿਤ ਅਤੇ ਸਾਂਝੀਵਾਲਤਾ ਵਾਲੇ ਸਮਾਜ ਦੀ ਸਿਰਜਣਾ ਪ੍ਰਤੀ ਪੂਰੀ ਸ਼ਕਤੀ ਅਤੇ ਸਮਰਥਾ ਨਾਲ ਜੁੱਟ ਜਾਈਏ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਇਸ ਵੇਲੇ ਮੁੱਖ ਮੁੱਦਾ ਇਹ ਨਹੀਂ ਹੈ ਕਿ ਪ੍ਰਧਾਨ ਮੰਤਰੀ ਰਾਹੁਲ ਗਾਂਧੀ ਬਣੇ ਜਾਂ ਮੋਦੀ ਸਗੋਂ ਮੁੱਖ ਮੁੱਦਾ ਇਕ ਅਜਿਹੇ ਲੋਕ ਪੱਖੀ ਰਾਜਸੀ ਅਤੇ ਆਰਥਕ ਬਦਲ ਪੇਸ਼ ਕਰਨ ਦਾ ਹੈ, ਜੋ ਮਹਿੰਗਾਈ, ਬੇਰੁਜ਼ਗਾਰੀ, ਗ਼ਰੀਬੀ ਅਤੇ ਹੋਰ ਲੋਕ ਮਸਲਿਆਂ ਦਾ ਸਥਾਈ ਹੱਲ ਅਤੇ ਬਦਲ ਪੇਸ਼ ਕਰੇ। ਜਦਕਿ ਰਾਹੁਲ ਅਤੇ ਮੋਦੀ ਸਰਮਾਏਦਾਰ ਪੱਖੀ ਨੀਤੀਆਂ ਪੇਸ਼ ਕਰਨ ਵਿਚ ਇਕ ਦੂਜੇ ਤੋਂ ਕਾਹਲੇ ਨਜ਼ਰ ਆ ਰਹੇ ਹਨ। ਅਗਲੇ ਦਿਨ ਕਾਮਰੇਡ ਪਾਸਲਾ ਜੀ ਨੇ ਤਰਕਸ਼ੀਲ ਮੇਲੇ 'ਤੇ ਵੱਡੇ ਇਕੱਠ ਨੂੰ ਵੀ ਸੰਬੋਧਨ ਕੀਤੇ ਅਤੇ ਡਾ. ਦਾਬੋਲਕਰ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ।

ਇਸ ਮੀਟਿੰਗ ਵਿਚ ਪੰਜਾਬ ਤੋਂ ਉਘੇ ਤਰਕਸ਼ੀਲ ਆਗੂ ਬਲਵਿੰਦਰ ਸਿੰਘ ਬਰਨਾਲਾ ਨੇ ਵੀ ਸੰਬੋਧਨ ਕੀਤਾ ਅਤੇ ਵਰਤਮਾਨ ਪ੍ਰਸਿਥਤੀਆਂ ਵਿਚ ਤਰਕਸ਼ੀਲ ਵਿਚਾਰਾਂ ਦੇ ਪ੍ਰਸਾਰ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ। ਸਟੇਜ ਸੰਚਾਲਨ ਦਾ ਕਾਰਜ ਪੰਜਾਬੀ ਕਵੀ ਪ੍ਰੋ. ਜਗੀਰ ਕਾਹਲੋਂ ਨੇ ਕੀਤਾ ਅਤੇ ਜੋਗਿੰਦਰ ਗਰੇਵਾਲ ਨੇ ਆਏ ਸਾਥੀਆਂ ਦਾ ਧੰਨਵਾਦ ਕੀਤਾ।



ਇੰਡੋ ਕਨੇਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ ਗ਼ਦਰ ਸ਼ਤਾਬਦੀ ਨੂੰ ਸਮਰਪਤ ਟੋਰਾਂਟੋ ਵਿਖੇ ਕਰਵਾਏ ਸਮਾਗਮ ਵਿਚ ਹਾਜ਼ਰ ਲੋਕ।

## ਪਰਵਾਸੀ ਭਾਰਤੀ ਗ਼ਦਰ ਪਾਰਟੀ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ: ਪਾਸਲਾ



ਵੈਨਕੂਵਰ ਵਿਖੇ ਗ਼ਦਰ ਸ਼ਤਾਬਦੀ ਨੂੰ ਸਮਰਪਤ ਕਰਵਾਏ ਸਮਾਗਮ ਵਿਚ ਹਾਜ਼ਰ ਲੋਕ।

ਵੈਨਕੂਵਰ : ਪਿਛਲੇ ਦਿਨੀਂ ਭਾਰਤੀ ਕਮਿਊਨਿਸਟ ਆਗੂ ਮੰਗਤ ਰਾਮ ਪਾਸਲਾ ਨੇ ਸਰੀ ਵਿੱਚ ਗ਼ਦਰ ਸ਼ਤਾਬਦੀ ਮਨਾਉਣ ਨੂੰ ਲੈ ਕੇ ਕੀਤੇ ਗਏ ਸਮਾਗਮ ਵਿੱਚ ਪਰਵਾਸੀ ਭਾਰਤੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗ਼ਦਰ ਪਾਰਟੀ ਦੀਆਂ ਕਦਰਾਂ ਕੀਮਤਾਂ ਹੁਣ ਪਰਵਾਸੀ ਭਾਰਤੀਆਂ ਦੇ ਹੱਥ ਵਿੱਚ ਹਨ ਤੇ ਉਹਨਾਂ ਨੂੰ ਤਨਦੇਹੀ ਨਾਲ ਗ਼ਦਰ ਪਾਰਟੀ ਦੀ ਵਿਚਾਰਧਾਰਾ ਪਹਿਰਾ ਦੇਣਾ ਚਾਹੀਦਾ ਹੈ, ਤਾਂ ਜੋ ਗ਼ਦਰ ਦੀ ਵਿਰਾਸਤ ਨੂੰ ਸਾਂਭਿਆ ਜਾ ਸਕੇ ਤੇ ਅੱਗੇ ਤੋਰਿਆ ਜਾ ਸਕੇ। ਉਹਨਾਂ ਕਿਹਾ ਕਿ ਗ਼ਦਰੀਆਂ ਬਾਰੇ ਸਮਾਗਮ ਕਰਵਾਉਣੇ ਜਾਂ ਉਹਨਾਂ ਨੂੰ ਖ਼ਾਸ ਮੌਕਿਆਂ 'ਤੇ ਸਰਧਾਂਜਲੀ ਦੇਣਾ ਸਾਡਾ ਉਦੇਸ ਨਹੀਂ ਹੋਣਾ ਚਾਹੀਦਾ, ਸਗੋਂ ਸਾਡਾ ਇਹ ਉਦੇਸ ਹੋਣਾ ਚਾਹੀਦਾ ਹੈ ਕਿ ਜਿਸ ਤਰ੍ਹਾਂ ਦੀ ਦੇਸ਼ ਸੇਵਾ ਅਤੇ ਬਰਾਬਰੀ ਦੀ ਭਾਵਨਾ ਗ਼ਦਰੀਆਂ ਵਿੱਚ ਸੀ ਉਸ ਤਰ੍ਹਾਂ ਦੀ ਭਾਵਨਾ ਸਾਡੇ ਵਿੱਚ ਹੀ ਨਹੀਂ ਸਗੋਂ ਸਾਡੇ ਬੱਚਿਆਂ ਵਿੱਚ ਵੀ ਆਵੇ। ਇਸਦੇ ਨਾਲ ਹੀ ਉਹਨਾਂ ਨੇ ਨਵਸਾਮਰਾਜਵਾਦ ਅਤੇ ਨਵ ਉਦਾਰਵਾਦੀ ਨੀਤੀਆਂ 'ਤੇ ਵੀ ਟਿੱਪਣੀਆਂ ਕੀਤੀਆਂ। ਉਹਨਾਂ ਨੇ ਆਪਣੇ ਇੱਕ ਘੰਟੇ ਦੇ ਭਾਸ਼ਨ ਵਿੱਚ ਅਮਰੀਕਾ ਵਰਗੇ ਸ਼ਕਤੀਸਾਲੀ ਦੇਸ਼ ਜੋ ਨਵ ਸਾਮਰਾਜਵਾਦ ਅਤੇ ਨਵ ਉਦਾਰਵਾਦੀ ਨੀਤੀਆਂ ਨੂੰ ਕਮਜ਼ੋਰ ਦੇਸ਼ਾਂ 'ਤੇ ਥੋਪ ਰਹੇ ਹਨ, ਦੀ ਅਲੋਚਨਾ ਕਰਦਿਆਂ ਕਿਹਾ ਕਿ ਅਸੀਂ ਗ਼ਦਰੀਆਂ ਦੇ ਪੈੜ ਚਿੰਨ੍ਹਾਂ 'ਤੇ ਚੱਲ ਕੇ ਹੀ ਅਜਿਹੀਆਂ ਸ਼ਕਤੀਆਂ ਨੂੰ ਭਾਂਜ ਦੇ ਸਕਦੇ ਹਾਂ। ਉਹਨਾਂ ਕਿਹਾ ਕਿ ਇਸ ਲੜਾਈ ਵਿੱਚ ਸਾਨੂੰ ਗ਼ਦਰੀਆਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਜਿਸ ਤਰ੍ਹਾਂ ਦੀ ਲੜਾਈ ਉਹਨਾਂ ਨੇ ਬਸਤੀਵਾਦ ਦੇ ਵਿਰੁੱਧ ਲੜੀ ਸੀ, ਉਸ ਤਰ੍ਹਾਂ ਦੀ ਲੜਾਈ ਸਾਨੂੰ ਨਵ ਉਦਾਰਵਾਦੀ ਨੀਤੀਆਂ ਖਿਲਾਫ਼ ਲੜਨੀ ਪਵੇਗੀ। ਇਸ ਮੌਕੇ ਉਹਨਾਂ ਨੇ ਸੰਪੇਖ ਰੂਪ ਵਿੱਚ ਗ਼ਦਰ ਪਾਰਟੀ ਦੇ ਗੌਰਵਮਈ ਇਤਿਹਾਸ ਅਤੇ ਉਦੇਸਾਂ 'ਤੇ ਵੀ ਚਾਨਣਾ ਪਾਇਆ।

ਇੱਥੇ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ ਕਿ ਮੰਗਤ ਰਾਮ ਪਾਸਲਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਵੀ ਹਨ। ਇਹ ਇੱਕੋ ਇੱਕ ਅਜਿਹੀ ਸੰਸਥਾ ਹੈ, ਜਿਸਨੇ ਗ਼ਦਰੀਆਂ ਦੀ ਵਿਰਾਸਤ ਨੂੰ ਸਾਂਭਿਆ ਹੋਇਆ ਹੈ ਅਤੇ ਗ਼ਦਰੀਆਂ ਦੀ ਸੋਚ 'ਤੇ ਲਗਾਤਾਰ ਪਹਿਰਾ ਦੇ ਰਹੀ ਹੈ। ਜ਼ਿਕਰਯੋਗ ਹੈ ਕਿ ਜਲੰਧਰ ਵਿੱਚ ਗ਼ਦਰੀ ਮੇਲੇ ਦਾ ਆਯੋਜਨ ਵੀ ਇਸੇ ਸੰਸਥਾ ਵੱਲੋਂ ਕੀਤਾ ਜਾਂਦਾ ਹੈ।

ਇਸ ਮੌਕੇ ਉਹਨਾਂ ਤੋਂ ਇਲਾਵਾ ਮੰਚ ਤੋਂ ਐਮ ਪੀ ਜਸਬੀਰ ਸੰਧੂ, ਕੌਂਸਲਰ ਸਵ ਧਾਲੀਵਾਲ, ਪ੍ਰਸਿੱਧ ਖੱਬੇਪੱਖੀ ਐਕਟੀਵਿਸਟ ਜਸਬੀਰ ਦੁਸਾਂਝ, ਪੀਪਲਜ਼ ਵੌਇਸ ਦੇ ਅਡੀਟਰ ਕਿੰਬਲ ਕੈਰੀਓ, ਇਤਿਹਾਸਕਾਰ ਸੋਹਨ ਸਿੰਘ ਪੂਨੀ, ਚਿੰਤਕ ਸਾਧੂ ਬਨਿੰਗ ਅਤੇ ਰਘੁਬੀਰ ਸਿੰਘ ਸਿਰਜਨਾ ਨੇ ਵੀ ਸੰਬੋਧਨ ਕੀਤਾ।

ਅੰਤ ਵਿੱਚ ਸਵ ਧਾਲੀਵਾਲ ਵੱਲੋਂ ਬਰਨਾਵੇ ਮਿਉਂਸੀਪਲਿਟੀ ਵੱਲੋਂ ਗ਼ਦਰ ਸ਼ਤਾਬਦੀ ਮੌਕੇ ਜਾਰੀ ਕੀਤਾ ਗਿਆ ਘੋਸ਼ਣਾ ਪੱਤਰ ਅਤੇ ਕਿੰਬਲ ਕਾਰੀਓ ਨੇ ਪੀਪਲਜ਼ ਵੌਇਸ ਦਾ ਗ਼ਦਰ ਵਿਸ਼ੇਸ਼ ਅੰਕ ਮੰਗਤ ਰਾਮ ਪਾਸਲਾ ਨੂੰ ਭੇਂਟ ਕੀਤਾ। ਇਸ ਰਸਮ ਵਿੱਚ  ਬੀਸੀ ਦੇ ਸਾਬਕਾ ਪ੍ਰੀਮੀਅਰ ਉੱਜਲ ਦੁਸਾਂਝ ਅਤੇ ਐਮ ਐਲ ਏ ਹੈਰੀ ਬੈਂਸ ਨੇ ਵੀ ਭਾਗ ਲਿਆ।

# ਗ਼ਦਰ ਸ਼ਤਾਬਦੀ ਸਬੰਧੀ ਸੰਸਾਰ ਭਰ ਵਿਚ ਸਾਲ 2013 ਦੀਆਂ ਕੁਝ ਸਰਗਰਮੀਆਂ



ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵਲੋਂ ਕਰਵਾਏ ਗਏ 'ਮੇਲਾ ਗ਼ਦਰੀ ਬਾਬਿਆਂ ਦਾ' ਦੌਰਾਨ ਕੀਤੇ ਗਏ ਮਾਰਚ 'ਚ ਸ਼ਾਮਲ ਕਮੇਟੀ ਮੈਂਬਰ ਅਤੇ ਲੋਕ।




ਪੀ.ਪੀ.ਐਫ.ਈ. ਵਲੋਂ 'ਗ਼ਦਰ ਲਹਿਰ ਦਾ ਭਗਤ ਸਿੰਘ 'ਤੇ ਪ੍ਰਭਾਵ' ਵਿਸ਼ੇ 'ਤੇ ਕਰਵਾਏ ਸੈਮੀਨਾਰ ਦੌਰਾਨ ਡਾ. ਤੇਜਵੰਤ ਗਿੱਲ ਤੇ ਹੋਰ।




ਪੰਜਾਬੀ ਲੈਂਗੁਏਜ਼ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਵਲੋਂ ਕਰਵਾਏ ਪੰਜਾਬੀ ਭਾਸ਼ਾ ਦਿਵਸ ਸਮਾਰੋਹ ਦਾ ਦ੍ਰਿਸ਼।







ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਗ਼ਦਰ ਸ਼ਤਾਬਦੀ ਕਮੇਟੀ ਟੋਰਾਂਟੋ, ਗ਼ਦਰ ਸ਼ਤਾਬਦੀ ਕਮੇਟੀ ਕੈਲਗਰੀ ਵਲੋਂ ਗ਼ਦਰ ਸ਼ਤਾਬਦੀ ਨੂੰ ਸਮਰਪਤ ਸਮਾਗਮਾਂ ਸਬੰਧੀ ਜਾਰੀ ਕੀਤੇ ਗਏ ਕਲੰਡਰ ਦੀਆਂ ਦੀਆਂ ਤਸਵੀਰਾਂ।



ਪੀ.ਪੀ.ਐਫ.ਈ. ਵਲੋਂ ਮਨਾਏ ਗਏ ਕੌਮਾਂਤਰੀ ਮਹਿਲਾ ਦਿਵਸ ਮੌਕੇ ਇਕੱਤਰ ਔਰਤਾਂ।



ਇੰਡੋ ਐਮਰੀਕਨ ਹੈਰੀਟੇਜ਼ ਫ਼ੋਰਮ ਫ਼ਰਿਜ਼ਨੋ ਦੇ ਸੱਦੇ 'ਤੇ ਪੀ.ਪੀ.ਐਫ.ਈ. ਵਲੋਂ ਪਹੁੰਚੇ ਮੁੱਖ ਬੁਲਾਰੇ ਡਾ. ਰਾਜ ਪੰਨੂੰ।




ਉਤਰੀ ਅਮਰੀਕਾ ਤਕਰਸ਼ੀਲ ਸੁਸਾਇਟੀ ਓਨਟਾਰੀਓ ਵਲੋਂ ਮਨਾਏ ਗਏ ਕੌਮਾਂਤਰੀ ਮਹਿਲਾ ਦਿਵਸ ਦਾ ਦ੍ਰਿਸ਼।




ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਗਲਰੀ ਵਲੋਂ ਮਨਾਏ ਗਏ ਕੌਮਾਂਤਰੀ ਮਹਿਲਾ ਦਿਵਸ ਦਾ ਦ੍ਰਿਸ਼।



ਇਸਤਰੀਆਂ ਅਤੇ ਮਰਦਾਂ ਦੇ ਹਰ ਕਿਸਮ ਦੇ ਕਪੜਿਆਂ ਨੂੰ ਠੀਕ ਕਰਵਾਉਣ (Alternation) ਲਈ ਸੰਪਰਕ ਕਰੋ। ਮਰਦਾਂ ਦੇ ਪਜਾਮੇ ਕੁੜਤੇ, ਪਠਾਣੀ ਸੂਟ, ਨਾਈਟ ਸੂਟ ਸਿਲਾਉਣ ਲਈ ਮਿਲੋ

ਰਵੀ ਵਰਮਾ

780-995-4461

DOUBLE G HAIR SALON

MEN'S HAIR CUT $10
LADIES HAIR CUT $12
EYEBROW THREADING - FACIALWAX

78 Mandalay Drive, PH 204-633-2525

Emergency Service 24x7
Free Estimate with Treatment

GOLDEN ARROW PEST CONTROL INC.



CALL @ 780 462 6669

Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com


ਕੌਮਾਂਤਰੀ ਪੰਜਾਬੀ ਇਲਮ ਵਲੋਂ 'ਪੰਜਾਬ ਨੂੰ ਕੀ ਹੋ ਰਿਹੈ ?' ਵਿਸ਼ੇ 'ਤੇ ਵਿਚਾਰ ਚਰਚਾ ਅਤੇ ਕਵੀ ਦਰਬਾਰ ਦੌਰਾਨ ਹਾਜ਼ਰ ਮੁੱਖ ਬੁਲਾਰੇ।


ਅਰਪਨ ਲਿਖਾਰੀ ਸਭਾ ਕੈਲਗਰੀ ਵਲੋਂ 'ਗ਼ਦਰ ਲਹਿਰ ਦਾ ਭਗਤ ਸਿੰਘ 'ਤੇ ਪ੍ਰਭਾਵ' ਵਿਸ਼ੇ 'ਤੇ ਕਰਵਾਏ ਗਏ ਸੈਮੀਨਾਰ ਦਾ ਦ੍ਰਿਸ਼।


ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 'ਭਗਤ ਸਿੰਘ ਅਤੇ ਸਾਥੀਆਂ ਦੀ ਵਿਚਾਰਧਾਰਾ' ਵਿਸ਼ੇ 'ਤੇ ਸੈਮੀਨਾਰ।


ਗ਼ਦਰ ਯਾਦਗਾਰੀ ਲੋਕ ਸੇਵਾ ਚੈਰੀਟੇਬਲ ਟਰੱਸਟ ਢੁੱਡੀਕੇ ਵਲੋਂ 'ਗ਼ਦਰ ਲਹਿਰ ਦੀ ਅਜੋਕੇ ਸਮਿਆਂ ਵਿਚ ਪ੍ਰਸੰਗਿਕਤਾ' ਵਿਸ਼ੇ 'ਤੇ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਡਾ. ਭੀਮ ਇੰਦਰ ਸਿੰਘ।



ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਐਲਬਰਟ ਵਲੋਂ 'ਮੇਲਾ ਮਾਵਾਂ ਧੀਆਂ ਦਾ' ਕਰਵਾਇਆ ਗਿਆ।


ਪੀ.ਪੀ.ਐਫ਼.ਈ. ਵਲੋਂ 'ਗ਼ਦਰ ਲਹਿਰ ਦਾ ਨਜ਼ਰੀਆ ਤੇ ਸਰੋਕਾਰ' ਵਿਸ਼ੇ 'ਤੇ ਕਰਵਾਏ ਗਏ ਸੈਮੀਨਾਰ ਦੌਰਾਨ ਹਾਜ਼ਰ ਵਰਿਆਮ ਸੰਧੂ ਤੇ ਹੋਰ।


ਪੀ.ਪੀ.ਐਫ਼.ਈ. ਵਲੋਂ ਗ਼ਦਰੀਆਂ ਬਾਬਿਆਂ ਦੀਆਂ ਤਸਵੀਰਾਂ ਲਗਾਈ ਗਈ ਪ੍ਰਦਰਸ਼ਨੀ।


ਅਰਪਨ ਲਿਖਾਰੀ ਸਭਾ ਕੈਲਗਰੀ ਵਲੋਂ ਇਕਬਾਲ ਅਰਪਨ ਯਾਦਗਾਰੀ ਸਮਾਰੋਹ।


ਗ਼ਦਰ ਸ਼ਤਾਬਦੀ ਕਮੇਟੀ ਟੋਰਾਂਟੋ ਵਲੋਂ ਕੀਤੇ ਗਏ ਮਾਰਚ ਦਾ ਦ੍ਰਿਸ਼।



ANJALI AGARWAL

With my 15 years of experience in Residential Mortgage Industry, I would like to, once again, help you with mortgage approvals, construction draw mortgage and line of credits.

Please Contact:
ANJALI AGARWAL AMP, BA
Senior Mortgage Advisor

Now I have access to almost all banks and more than 25 lenders.

ਮੈਂ ਪੰਜਾਬੀ ਅਤੇ ਹਿੰਦੀ ਵਿੱਚ ਗੱਲਬਾਤ ਕਰ ਸਕਦੀ ਹਾਂ

TMG

call @ 780-934-7217 (Cell) or Email anjali.agarwal@mortgagegroup.com

J. Oza & Associates
Immigration Services

Office : 204-480-1891, 204-227-0720
Unit 10 – 998 Keewatin Street, Winnipeg

- PNP
- Family & Spouse Sponsership
- Super/ Vistor Visa
- Study & Work Permit
- Affidavits
- Free Passport Photo with all secvices
- ਇਮੀਗਰੇਸ਼ਨ ਅਤੇ ਪਾਸਪੋਰਟ ਫੋਟੋ ਲਈ ਮਿਲੋ

Email : info@thecicg.com

Licensed Immigration Advocate & Practitioner

Member of ICCRC & Commis-sioner for Oaths.



ਪੀ.ਪੀ.ਐਫ਼.ਈ. ਅਤੇ ਪੂਸਾ ਵਲੋਂ ਸਾਂਝੇ ਤੌਰ 'ਤੇ ਕਰਵਾਏ ਗਏ ਦੋ ਦਿਨਾਂ 6ਵੇਂ ਸ਼ਹੀਦ ਭਗਤ ਸਿੰਘ ਸਪੋਰਟਸ ਟੂਰਨਾਮੈਂਟ ਦੌਰਾਨ ਹਾਜ਼ਰ ਖਿਡਾਰੀ ਤੇ ਲੋਕ।



ਗ਼ਦਰ ਪਾਰਟੀ ਸ਼ਤਾਬਦੀ ਸਮਾਰੋਹ ਕਮੇਟੀ ਵੈਨਕੂਵਰ ਵਲੋਂ ਕਰਵਾਇਆ ਗਿਆ ਸਮਾਗਮ।




ਪੰਜਾਬੀ ਲਿਖਾਰੀ ਕੈਲਗਰੀ ਸਭਾ ਵਲੋਂ ਕਰਵਾਇਆ ਗਿਆ ਸਮਾਗਮ।




ਪੀ.ਪੀ.ਐਫ਼.ਈ. ਵਲੋਂ ਕਰਵਾਏ ਗਏ ਬਹੁ-ਭਾਸ਼ਾਈ ਕਵੀ ਦਰਬਾਰ ਦੌਰਾਨ ਹਾਜ਼ਰ ਕਵੀ।



ਗ਼ਦਰ ਸ਼ਤਾਬਦੀ ਸਮਾਰੋਹ ਕਮੇਟੀ ਵੈਨਕੂਵਰ ਵਲੋਂ ਸਰੀ ਵਿਖੇ ਕੀਤੀ ਗਈ ਜਨਤਕ ਰੈਲੀ।




ਪੰਜਾਬੀ ਮੀਡੀਆ ਐਸੋਸੀਏਸ਼ਨ ਆਫ ਅਲਬਰਟਾ ਵਲੋਂ ਕਰਵਾਏ ਗਏ ਸੈਮੀਨਾਰ ਦੌਰਾਨ ਹਾਜ਼ਰ ਗੋਬਿੰਦ ਠੁਕਰਾਲ ਤੇ ਸਭਾ ਦੇ ਮੈਂਬਰ।



ਪੀ.ਪੀ.ਐਫ਼.ਈ. ਵਲੋਂ ਕਰਵਾਏ ਗਏ ਨਾਟਕ 'ਨਿਸ਼ਾਨ-ਏ-ਗ਼ਦਰ' ਦੇ ਕਲਾਕਾਰ।



ਭਾਰਤੀ ਮਜ਼ਦੂਰ ਸਭਾ ਬਰਮਿੰਘਮ ਵਲੋਂ ਕਰਵਾਇਆ ਗਿਆ ਸੈਮੀਨਾਰ।






# ਮਾਸਟਰ ਪੀਸ ਰਚਨਾਵਾਂ ਦਾ ਅਨੁਵਾਦਕ-ਦਲਜੀਤ ਸਿੰਘ ਐਡਮਿੰਟਨ



ਸੁਰਿੰਦਰ ਸੋਹਲ
+1-646-220-2586
surindershoal@hotmail.com

*ਵਿਗਿਆਨਕ ਵਿਚਾਰਾਂ ਨਾਲ ਜ਼ਿੰਦਗੀ ਜਿਊਣਾ ਕਿਸੇ ਚੈਲੰਜ ਤੋਂ ਘੱਟ ਨਹੀਂ ਅਤੇ ਦਲਜੀਤ ਸਿੰਘ ਰੱਖੜਾ ਨੇ ਇਸ ਚੈਲੰਜ ਨੂੰ ਦਿਲੀ ਨਾਲ ਨਿਭਾਇਆ। ਨਾ ਕਿ ਆਪ ਵਿਗਿਆਨਕ ਵਿਚਾਰਾਂ 'ਤੇ ਪਹਿਰਾ ਦਿੱਤਾ ਸਗੋਂ ਆਪਣੀਆਂ ਲਿਖਤਾਂ ਰਾਹੀਂ ਅਜਿਹੀ ਜੀਵਨ-ਜਾਚ ਅਪਣਾਉਣ ਦੀ ਪ੍ਰੇਰਨਾ ਵੀ ਦਿੱਤੀ। ਦਲਜੀਤ ਸਿੰਘ ਰੱਖੜਾ ਦੀ ਜੀਵਨ-ਜਾਚ ਨੇ ਅਮਰ ਹੋਣ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਹੈ। ਦਲਜੀਤ ਸਿੰਘ ਰੱਖੜਾ ਦਾ ਜੋ ਰਿਸ਼ਤਾ ਪਰਿਵਾਰ ਨਾਲ ਸੀ, ਉਹੀ ਰਿਸ਼ਤਾ ਉਨ੍ਹਾਂ ਦਾ ਪਾਠਕਾਂ ਨਾਲ ਵੀ ਸੀ। ਸੁਰਿੰਦਰ ਸੋਹਲ ਅਮਰੀਕਾ ਰਹਿੰਦੇ ਹੋਏ ਦਲਜੀਤ ਰੱਖੜਾ ਨਾਲ ਕਦੇ ਵੀ ਰੂਬਰੂ ਨਹੀਂ ਹੋ ਸਕੇ। ਅਕਸਰ ਹੀ ਫ਼ੋਨ 'ਤੇ ਹੁੰਦੀਆਂ ਗੱਲਾਂ ਅਤੇ ਦਲਜੀਤ ਰੱਖੜਾ ਨਾਲ ਪਾਠਕ ਦੇ ਤੌਰ 'ਤੇ ਪਾਈ ਸਾਂਝ ਨੂੰ ਭਾਵਨਾਤਮਕ ਰੂਪ ਵਿਚ ਇਸ ਲੇਖ ਵਿਚ ਪ੍ਰਗਟ ਕੀਤਾ ਹੈ।*

*ਅਦਾਰਾ 'ਨਵੀਂ ਦੁਨੀਆ' ਦਲਜੀਤ ਰੱਖੜਾ ਨੂੰ ਸ਼ਰਧਾਂਜਲੀ ਵਜੋਂ ਸੁਰਿੰਦਰ ਸੋਹਲ ਦਾ ਇਹ ਲੇਖ ਪ੍ਰਕਾਸ਼ਤ ਕਰ ਰਿਹਾ ਹੈ।*



ਦਲਜੀਤ ਸਿੰਘ ਰੱਖੜਾ
4 ਅਕਤੂਰ 1929 – 19 ਨਵੰਬਰ 2013

ਮੈਂ ਕਦੇ ਦਲਜੀਤ ਸਿੰਘ ਐਡਮਿੰਟਨ ਨੂੰ ਮਿਲਿਆ ਨਹੀਂ। ਹੁਣ ਮੈਨੂੰ ਯਕੀਨ ਹੋ ਗਿਆ ਹੈ ਕਿ ਅਸੀਂ ਕਦੇ ਮਿਲਾਂਗੇ ਵੀ ਨਹੀਂ। ਸਿਹਤ ਦੀ ਮਜਬੂਰੀ ਕਰਕੇ ਉਹ ਜਹਾਜ਼ੇ ਬੈਠ ਨਹੀਂ ਸਕਦਾ ਅਤੇ ਮੈਂ 'ਮੋਹ-ਮਾਇਆ' ਦੇ ਮਕੜੀ ਜਾਲ਼ ਨੂੰ ਤੋੜਨ ਦੇ ਸਮਰੱਥ ਨਹੀਂ ਹਾਂ। ਮਨ ਦੀ ਤਸੱਲੀ ਲਈ ਕਈ ਵਾਰ ਮੈਂ ਅੰਤਰ-ਮੁਖੀ ਹੋ ਕੇ ਸੋਚਦਾਂ ਹਾਂ – ਜ਼ਰੂਰੀ ਨਹੀਂ ਕਿਸੇ ਨੂੰ ਭੌਤਿਕ ਰੂਪ ਵਿਚ ਮਿਲਿਆਂ ਹੀ ਸੰਪੂਰਨ ਮਿਲਣ ਹੁੰਦਾ ਹੈ। ਰੂਹਾਂ ਦੇ ਮੇਲ ਨਾਲ ਤਾਂ ਦੁਨੀਆ ਭਰ ਦਾ ਸਾਹਿਤ ਭਰਿਆ ਪਿਆ ਹੈ। ਜਿੰਨੀ ਗਹਿਰਾਈ ਨਾਲ ਮੈਂ ਦਲਜੀਤ ਸਿੰਘ ਨੂੰ ਜਾਣਦਾ ਹਾਂ, ਸ਼ਾਇਦ ਨਾ ਜਾਣ ਸਕਦਾ ਜੇ ਕਦੇ ਮਿਲਿਆ ਹੁੰਦਾ। ਮਿਲਣ ਨਾਲ ਕਈ ਪ੍ਰਕਾਰ ਦੇ ਹੋਰ ਪ੍ਰਭਾਵ ਵੀ ਇਕ-ਦੂਜੇ ਤੋਂ ਗ੍ਰਹਿਣ ਹੋ ਜਾਂਦੇ ਹਨ। ਰੂਹਾਨੀ ਮਿਲਾਪ ਵਿਚ ਨਿਰੀ ਸ਼ੁੱਧਤਾ ਹੀ ਸ਼ੁੱਧਤਾ ਹੁੰਦੀ ਹੈ। ਦਲਜੀਤ ਸਿੰਘ ਨੇ ਐਲੈਕਸ ਹੇਲੀ ਦਾ ਵੱਡ-ਅਕਾਰੀ ਨਾਵਲ 'ਰੂਟਸ' ਪੰਜਾਬੀ ਵਿਚ ਅਨੁਵਾਦ ਕੀਤਾ। ਡਾਰਵਿਨ ਦਾ ਮਾਸਟਰ ਪੀਸ ਕਾਰਜ ਵਿਆਖਿਆਮਈ ਅੰਦਾਜ਼ ਵਿਚ ਪੰਜਾਬੀ ਦੇ ਆਮ ਪਾਠਕ ਦੀ ਪਹੁੰਚ ਵਿਚ ਲਿਆਂਦਾ। ਸਰਟੀਫ਼ਿਕੇਟ ਮੁਤਾਬਕ 4 ਅਕਤੂਬਰ ਅਤੇ ਪਿਤਾ ਮਿਹਰ ਸਿੰਘ ਮੁਤਾਬਕ 5 ਜਨਵਰੀ 1929 ਵਿਚ ਜਨਮੇ ਦਲਜੀਤ ਸਿੰਘ ਨੇ ਆਪਣੀਆਂ ਕਿਤਾਬਾਂ ਨੂੰ ਆਪ ਟਾਈਪ ਕੀਤਾ। ਜਿਸ ਉਮਰੇ ਲੋਕ ਸਾਰਾ ਕੁਝ ਛੱਡ ਛਡਾ ਕੇ ਸੁਰਖ਼ਰੂ ਹੋਣ ਦੀ ਤਾਂਘ ਕਰਦੇ ਹਨ, ਦਲਜੀਤ ਸਿੰਘ ਨੇ ਹਿੰਮਤ ਕਰਕੇ ਨਵੇਂ ਨਵੇਂ ਕਾਰਜ ਸਹੇੜੇ ਹੀ ਨਹੀਂ, ਸਿਰੇ ਵੀ ਲਾਏ। ਉਸ ਨੇ ਮੌਲਿਕ ਰਚਨਾ ਘੱਟ ਕੀਤੀ ਪਰ ਪੜ੍ਹਨਯੋਗ ਕਿਤਾਬਾਂ ਉਲਥਾਉਣ ਵਿਚ ਆਪਣੀ ਊਰਜਾ ਦਾ ਇਸਤੇਮਾਲ ਕੀਤਾ। ਸਾਰੀ ਉਮਰ ਅਧਿਆਪਨ ਦੇ ਖੇਤਰ ਵਿਚ ਰਹੇ ਦਲਜੀਤ ਸਿੰਘ ਨੇ ਸਾਬਤ ਕੀਤਾ ਕਿ ਆਦਮੀ ਆਪਣੇ ਆਪ ਨੂੰ ਵਿਦਿਆਰਥੀ ਸਮਝ ਕੇ ਹੀ ਚੱਲੇ ਤਾਂ ਜ਼ਿੰਦਗੀ ਵਿਚ ਨਵੇਂ ਰੰਗ ਭਰਨ ਦਾ ਜਾਦੂ ਸਿੱਖ ਸਕਦਾ ਹੈ।

ਸਾਹਿਤ ਨਾਲ ਲਗਾਓ ਉਮਰ ਦੇ ਕਿਹੜੇ ਪੜਾਓ ਵਿਚ ਹੋਇਆ ? ਉਸ ਦਾ ਜਵਾਬ ਸੀ – ਇਸ ਕਾਰਜ ਲਈ ਨਿਸ਼ਚਿਤ ਤਰੀਕ ਤਾਂ ਮਿਥੀ ਨਹੀਂ ਜਾ ਸਕਦੀ। ਡਾਰਵਿਨ ਅਨੁਸਾਰ ਸਾਨੂੰ ਮੂਲ ਰੁਚੀਆਂ ਵਿਰਸੇ ਵਿਚ ਮਿਲਦੀਆਂ ਹਨ। ਹਰੇਕ ਵਿਰਸਾ ਅਨਾਦਿ ਕਾਲ ਤੋਂ ਚੱਲ ਰਿਹਾ ਹੁੰਦਾ ਹੈ। ਇਹ ਰੁਚੀਆਂ ਕੁਦਰਤੀ ਚੋਣ ਰਾਹੀਂ ਨਿੱਕੇ ਨਿੱਕੇ ਦਰਜਿਆਂ ਵਿਚ ਵਿਕਾਸ ਕਰਦੀਆਂ ਹਨ। ਸਾਨੂੰ ਨਹੀਂ ਪਤਾ ਲਗਦਾ ਕਿ ਕਿਹੜੀ ਤਬਦੀਲੀ ਆ ਰਹੀ ਹੈ ? ਇਹ ਵਿਕਾਸਵਾਦ ਦਾ ਗੁਣ ਹੈ। ਤਬਦੀਲੀਆਂ ਇਕੱਠੀਆਂ ਹੋ ਜਾਂਦੀਆਂ ਹਨ। ਕਈ ਸਾਲਾਂ ਪਿੱਛੋਂ ਕੋਈ ਦੋਸਤ ਆ ਕੇ ਕਹਿੰਦਾ ਹੈ ਕਿ ਤੂੰ ਐਨਾ ਬਦਲ ਗਿਆ ਹੈਂ। ਇਹ ਤਬਦੀਲੀ ਸਮਾਜ ਲਈ ਗੁਣਕਾਰੀ ਵੀ ਹੋ ਸਕਦੀ ਹੈ ਅਤੇ ਹਾਨੀਕਾਰਕ ਵੀ। ਸੰਨ 1998 ਵਿਚ ਪਤਨੀ ਦਾ ਵਿਛੋੜਾ, ਮੇਰੇ ਲਈ ਕੁਦਰਤੀ ਚੋਣ ਪੈਦਾ ਕਰ ਗਿਆ। ਮੈਨੂੰ ਪਤਾ ਨਹੀਂ ਲੱਗਿਆ। ਜ਼ਿੰਦਗੀ ਦੇ ਖ਼ਲਾਅ ਨੇ ਥੋੜ੍ਹਾ ਥੋੜ੍ਹਾ ਲਿਖਣ ਲਾਇਆ। ਆਰਟੀਕਲ ਅਤੇ ਕਹਾਣੀਆਂ ਦੀ ਪੂਰਨਤਾ ਮੇਰੇ ਅੰਦਰ ਖ਼ੁਸ਼ੀ ਬਖ਼ਸ਼ਦੀ ਸੀ। ਪਹਿਲਾਂ ਕਦੇ ਕਦੇ ਆਰਟੀਕਲਜ਼ ਅਤੇ ਕਹਾਣੀਆਂ ਪੰਜਾਬੀ ਟ੍ਰਿਬਿਊਨ, ਅਜੀਤ ਅਤੇ ਨਵਾਂ ਜ਼ਮਾਨਾ ਵਿਚ ਛਪ ਜਾਂਦੀਆਂ ਸਨ। ਪ੍ਰਿੰਸੀਪਲ ਸੁਜਾਨ ਸਿੰਘ ਦੀਆਂ ਕਹਾਣੀਆਂ ਦਾ ਅਸਰ ਪਿਆ ਅਤੇ ਮੈਂ ਸਮਝਿਆ ਕਿ ਅਜਿਹੀ ਕਹਾਣੀ ਤਾਂ ਮੈਂ ਵੀ ਲਿਖ ਸਕਦਾ ਹਾਂ। 1972 ਵਿਚ ਮੈਂ ਇਕ ਕਹਾਣੀ 'ਬੇਬੇ' ਲਿਖੀ ਸੀ, ਐਮ ਏ (ਪੰਜਾਬੀ) ਕਰਦਿਆਂ। ਇਹ ਸ਼ਾਇਦ 'ਫੁਲਵਾੜੀ' ਛਪੀ ਸੀ। ਜੱਬਲ ਪੁਰ ਵਿਚ ਜਨਮੇ, ਢੈਪੀ ਚੱਕ ਨੰਬਰ 84 (ਲਾਇਲਪੁਰ, ਪਾਕਿਸਤਾਨ) ਅਤੇ ਖ਼ਾਲਸਾ ਕਾਲਜ ਲਾਇਲਪੁਰ (ਪਾਕਿਸਤਾਨ) ਵਿਚ ਵਿੱਦਿਆ ਹਾਸਲ ਕਰਦੇ ਕਰਦੇ ਬਾਰ੍ਹਵੀਂ ਜਮਾਤ ਦੀ ਪੜ੍ਹਾਈ ਵਿਚੇ ਛੱਡ ਕੇ ਕਾਫ਼ਲਿਆਂ ਨਾਲ ਦਸ-ਗਿਆਰਾਂ ਦਿਨ ਦਾ ਪੈਦਲ ਸਫ਼ਰ ਕਰਦਾ ਦਲਜੀਤ ਸਿੰਘ 26 ਅਕਤੂਬਰ 1947 ਨੂੰ ਪਰਿਵਾਰ ਸਮੇਤ ਖੇਮ ਕਰਨ ਪਹੁੰਚਾ। ਮਾਤਾ ਭਗਵੰਤ ਕੌਰ ਤਾਂ ਤਿੰਨਾਂ ਸਾਲਾਂ ਦੇ ਨੂੰ ਛੱਡ ਕੇ ਗੁਜ਼ਰ ਗਏ ਸਨ। ਸਾਰੀ ਉਮਰ ਨਿਰੰਤਰ ਸਫ਼ਰ ਵਿਚ ਰਹੇ ਦਲਜੀਤ ਸਿੰਘ ਨੂੰ ਅਨੁਵਾਦ ਕਰਨ ਦਾ ਖ਼ਿਆਲ ਕਿਵੇਂ ਆਇਆ ? ਉਨ੍ਹਾਂ ਦੱਸਿਆ – ਐਲੇਕਸ ਹੇਲੀ ਦਾ ਅਮਰੀਕਨ ਨਾਵਲ 'ਰੂਟਸ' 1977 ਵਿਚ ਛਪਿਆ। ਉਸ ਨਾਵਲ ਦੀ ਮੂਵੀ ਵੀ ਬਣੀ। ਨਾਵਲ ਦੀ ਸਮੱਗਰੀ ਕਾਲੇ ਬੰਦੇ 'ਕੂੰਤਾ ਕਿੰਤੇ' ਦੀ ਸੱਤ ਪੁਸ਼ਤਾਂ ਦੀ ਦੁੱਖ ਭਰੀ ਕਹਾਣੀ ਪੇਸ਼ ਕਰਦੀ ਹੈ। ਨਾਵਲ ਅਤੇ ਮੂਵੀ ਦੇ ਪ੍ਰਤੀਕਰਮ ਵਿਚ ਕਾਲੇ-ਗੋਰਿਆਂ ਅੰਦਰ ਸਥਿਤੀ ਟਕਰਾਅ ਦੀ ਹੱਦ ਤੱਕ ਚਲੀ ਗਈ ਸੀ।

ਮੇਰੇ ਬੇਟੇ ਨੂੰ ਇਹ ਨਾਵਲ ਚੰਗਾ ਲੱਗਿਆ ਅਤੇ ਉਸਨੇ ਨਾਵਲ 1980 ਵਿਚ ਮੈਨੂੰ ਇੰਡੀਆ ਭੇਜ ਦਿੱਤਾ, ਪੜ੍ਹ ਕੇ ਮੈਂ ਬਹੁਤ ਪ੍ਰਭਾਵਿਤ ਹੋਇਆ। ਨਾਵਲ ਦੇ ਵਿਸ਼ੇ-ਵਸਤੂ ਦੀ ਤਰਕ ਮੂਲਕ ਵਿਲੱਖਣਤਾ ਨੇ ਮੇਰੇ ਅੰਦਰ ਇਸ ਨੂੰ ਪੰਜਾਬੀ ਵਿਚ ਉਲੱਥਾ ਕਰਨ ਦੀ ਲਗਨ ਪੈਦਾ ਕੀਤੀ। 1981 ਵਿਚ ਮੈਂ ਇਸ ਦਾ ਅਨੁਵਾਦ ਸ਼ੁਰੂ ਕੀਤਾ। ਉਸ ਸਮੇਂ ਪਤਨੀ ਕਲਾਟ ਕਾਰਨ ਸਖ਼ਤ ਬੀਮਾਰ ਸੀ। ਮੰਜੇ 'ਤੇ ਹੀ ਪਈ ਰਹਿੰਦੀ ਸੀ। ਮੈਂ ਇਕ ਸਫ਼ਾ ਉਲੱਥਾ ਕਰ ਕੇ ਉਸਨੂੰ ਸੁਣਾਉਂਦਾ ਤਾਂ ਉਸ ਨੇ ਬਹੁਤ ਖ਼ੁਸ਼ ਹੋਣਾ। ਫਿਰ ਪਤਾ ਲੱਗਿਆ ਕਿ ਇਸ ਦੀ ਛਪਾਈ 'ਤੇ 40 ਹਜ਼ਾਰ ਲੱਗਣਗੇ। 'ਪੱਲੇ ਨਹੀਂ ਧੇਲਾ – ਕਰਦੀ ਮੇਲਾ ਮੇਲਾ।' ਬੱਸ ਮੈਂ ਉਲੱਥਾ ਛੱਡ ਦਿੱਤਾ। 1994 ਵਿਚ ਕਨੇਡਾ ਆ ਕੇ ਦੋ ਕਿਤਾਬਾਂ ('ਮਨੁੱਖੀ ਪ੍ਰਾਪਤੀ ਦੇ ਸਿਖਰ' ਅਤੇ 'ਸੱਚ ਦੀ ਭਾਲ') ਪ੍ਰਕਾਸ਼ਿਤ ਕੀਤੀਆਂ। 1998 ਵਿਚ ਪਤਨੀ ਦੇ ਚਲਾਣੇ ਪਿੱਛੋਂ ਦਿਲ ਨੇ ਚਾਹਿਆ ਕਿ ਪਤਨੀ ਦੀ ਇੱਛਾ ਪੂਰੀ ਕੀਤੀ ਜਾਵੇ। ਸ਼ੌਕ ਸੀ, ਚਾਹ ਸੀ ਅਤੇ ਮੂਕ ਵਾਇਦਾ ਸੀ 'ਕਿਸੇ' ਨਾਲ। ਕਰੀਬ ਢਾਈ ਸਾਲ ਵਿਚ ਕੰਮ ਸਿਰੇ ਚਾੜ੍ਹ ਦਿੱਤਾ। ਮੈਨੂੰ ਲੱਗਿਆ ਜਿਵੇਂ ਕੀੜੀ ਨੇ ਪਹਾੜ ਸਰ ਕਰ ਲਿਆ ਹੋਵੇ। 'ਰੂਟਸ' ਨਾਵਲ ਦੀ ਪੜ੍ਹਤ ਦਾ ਅਨੁਭਵ ਦਲਜੀਤ ਸਿੰਘ ਨਾਲ ਸਾਂਝਾ ਕਰਦੇ ਹੋਏ ਮੈਂ ਕਿਹਾ – ਦਲਜੀਤ ਸਿੰਘ ਜੀ, ਮੈਂ ਚਾਰ-ਪੰਜ ਮਹੀਨੇ ਲਗਾਤਾਰ ਇਸ ਨਾਵਲ ਨਾਲ ਜੁੜਿਆ ਰਿਹਾ। ਮੇਰੇ ਕਮਰੇ ਵਿਚ ਬੜੀ ਰੌਣਕ ਰਹੀ। 'ਕੂੰਤਾ ਕਿੰਤੇ' ਦੇ ਪਰਿਵਾਰ ਦੇ ਮੈਂਬਰ ਮੇਰੇ ਇਰਦ-ਗਿਰਦ ਹੱਸਦੇ, ਟੱਪਦੇ, ਸਿਸਕਦੇ, ਉਦਾਸ, ਖ਼ੁਸ਼ ਤੁਰਦੇ ਫਿਰਦੇ ਨਜ਼ਰ ਆਉਂਦੇ ਰਹੇ। ਜਦੋਂ ਮੈਂ ਨਾਵਲ ਖ਼ਤਮ ਕੀਤਾ, ਮੇਰੇ ਕਮਰੇ ਵਿਚ ਘੋਰ ਖ਼ਾਮੋਸ਼ੀ ਦਾ ਆਲਮ ਮਹਿਸੂਸ ਹੋ ਰਿਹਾ ਸੀ, ਜਿਵੇਂ ਮੈਂ ਕਿਸੇ ਵਸਦੀ-ਰਸਦੀ ਦੁਨੀਆ ਵਿੱਚੋਂ ਬਾਹਰ ਨਿਕਲ ਕੇ ਨਿੱਕੇ ਜਿਹੇ ਕਮਰੇ ਵਿਚ ਆ ਗਿਆ ਹੋਵਾਂ। ਤੁਹਾਡਾ ਨਾਵਲ ਦੇ ਅਨੁਵਾਦ ਬਾਰੇ ਕੀ ਅਨੁਭਵ ਹੈ।

ਦਲਜੀਤ ਸਿੰਘ ਨੇ ਕਿਹਾ – ਬਿਲਕੁਲ ਇੰਜ ਦਾ ਹੀ। ਨਾਵਲ ਦੇ ਅਨੁਵਾਦ ਦੌਰਾਨ ਮੈਨੂੰ ਇਂਜ ਮਹਿਸੂਸ ਹੋਣ ਲੱਗ ਪਿਆ, ਜਿਵੇਂ ਮੈਂ 'ਕੂੰਤਾ ਕਿੰਤੇ' ਦੇ ਪਰਿਵਾਰ ਦਾ ਹੀ ਹਿੱਸਾ ਹਾਂ। ਉਨ੍ਹਾਂ ਦੀਆਂ ਭਾਵਨਾਵਾਂ ਨੂੰ ਚੰਗੀ ਤਰ੍ਹਾਂ ਸਮਝਦਾ, ਚੰਗੀ ਤਰ੍ਹਾਂ ਕਾਗ਼ਜ਼ 'ਤੇ ਉਤਾਰਦਾ। ਮੈਂ ਜਿਵੇਂ ਹਰ ਪਾਤਰ ਨੂੰ ਅੰਦਰੋਂ-ਬਾਹਰੋਂ ਚੰਗੀ ਤਰ੍ਹਾਂ ਸਮਝਣ ਲੱਗ ਪਿਆ ਸੀ। 1987 ਵਿਚ ਲੈਕਚਰਾਰ ਵਜੋਂ ਰਿਟਾਇਰ ਹੋਏ ਦਲਜੀਤ ਸਿੰਘ ਨੂੰ ਡਾਰਵਿਨ ਨੂੰ ਪੰਜਾਬੀ ਵਿਚ ਉਲਥਾਉਣ ਦਾ ਖ਼ਿਆਲ ਕਿਵੇਂ ਆਇਆ ? ਉਸ ਦਾ ਜਵਾਬ ਸੀ – ਮੇਰੀ ਰੁਚੀ ਤਰਕਵਾਦੀ ਹੈ। ਮੈਨੂੰ ਲੱਗਿਆ ਡਾਰਵਿਨ ਤਰਕਵਾਦੀਆਂ ਵਿਚ ਸਿਰ-ਕੱਢ ਵਿਗਿਆਨੀ ਹੈ। ਡਾਰਵਿਨ ਬਾਰੇ ਆਮ ਜਿਹੀ ਜਾਣਕਾਰੀ ਸੀ। ਡੂੰਘੇ ਵਿਸ਼ੇ ਦਾ ਪਤਾ ਨਹੀਂ ਸੀ। ਪਿੱਛੋਂ ਮੈਨੂੰ ਪਤਾ ਲੱਗਿਆ ਕਿ ਕੰਮ ਬਹੁਤ ਦੁਰਗਮ ਹੈ, ਪਰ ਮੈਂ ਹੱਥ ਪਾ ਲਿਆ ਸੀ। ਕੰਮ ਨੂੰ ਵਿੱਚੇ ਛੱਡਣਾ ਵੀ ਵੱਡੀ ਜਾਣਕਾਰੀ ਤੋਂ ਹੱਥ ਧੋਣਾ ਸੀ। ਡਾਰਵਿਨ ਦਾ ਨਾਂ ਮਸ਼ਹੂਰ ਹੈ, ਪਰੰਤੂ ਉਸਦੇ ਨਾਯਾਬ ਵਿਸ਼ੇ ਤੋਂ ਆਮ ਲੋਕ ਅਣਜਾਣ ਹਨ। ਮੈਂ ਇਹ ਗੰਢ ਖੋਲ੍ਹ ਦੇਣਾ ਚਾਹੁੰਦਾ ਸੀ। ਮੇਰਾ ਨਿਸ਼ਾਨਾ ਇਹ ਵੀ ਹੈ ਕਿ ਲੋਕ ਅੰਧ-ਵਿਸ਼ਵਾਸੀ ਹੋਣ ਦੀ ਥਾਂ ਤਰਕਸ਼ੀਲ ਬਣਨ। ਇਹ ਮੇਰਾ ਸੁਪਨਾ ਹੈ। ਦਲਜੀਤ ਸਿੰਘ ਨੇ ਅਨੁਵਾਦ ਬਾਰੇ ਦੱਸਿਆ – ਉਲੱਥੇ 'ਤੇ ਕਈ ਬੰਦਿਸ਼ਾਂ ਹੁੰਦੀਆਂ ਹਨ। ਸਮੱਗਰੀ ਨੂੰ ਏਧਰ-ਓਧਰ ਨਹੀਂ ਕਰ ਸਕਦੇ। ਉਲੱਥਾ ਨਾਲ ਦੀ ਨਾਲ ਲਾਈਨ ਨਾਲ ਜੁੜਦਾ ਤੁਰਨਾ ਚਾਹੀਦਾ ਹੈ। ਆਪਣੀ ਮਰਜ਼ੀ ਨਾਲ ਸੰਖੇਪਤਾ ਨਹੀਂ ਲਿਆ ਸਕਦੇ। ਸਮੱਗਰੀ ਨੂੰ ਕਿਸੇ ਵੀ ਤਰ੍ਹਾਂ ਢਾਲ ਨਹੀਂ ਸਕਦੇ। ਮੈਂ ਇਸ ਤੋਂ ਇਨਕਾਰ ਨਹੀਂ ਕਰਦਾ। ਮੈਂ ਡਾਰਵਿਨ ਉਲਥਾਇਆ ਨਹੀਂ। ਬਹੁਤ ਸਾਰੀਆਂ ਥਾਵਾਂ 'ਤੇ ਸਮੱਗਰੀ ਨੂੰ ਪਾਠਕਾਂ ਦੀ ਸਮਝ ਵਾਸਤੇ, ਲੋੜ ਮੁਤਾਬਕ ਢਾਲਿਆ ਵੀ ਹੈ। ਸੰਖੇਪਤਾ ਤੋਂ ਵੀ ਕੰਮ ਲਿਆ ਹੈ। ਵਿਸ਼ੇ ਦੇ ਅੰਦਰ ਰਹਿੰਦਿਆਂ ਹਰ ਖੁੱਲ੍ਹ ਵਰਤੀ ਹੈ।

ਦਲਜੀਤ ਸਿੰਘ ਦੀ ਸਿਹਤ ਬਹੁਤ ਵਧੀਆ ਨਹੀਂ ਹੈ। ਸਾਹ ਛੇਤੀ ਚੜ੍ਹ ਜਾਂਦਾ ਹੈ। ਪਰ ਏਨੀਆਂ ਮੋਟੀਆਂ ਕਿਤਾਬਾਂ ਨੂੰ ਪੰਜਾਬੀ ਵਿਚ ਲਿਆਉਣ ਲਈ ਉਸ ਅੰਦਰ ਕਿਹੜੀ ਰੌਸ਼ਨੀ, ਊਰਜਾ ਜਾਂ ਦੈਵੀ ਸ਼ਕਤੀ ਹੈ, ਜਿਸ ਨੇ ਏਡਾ ਵੱਡਾ ਕਾਰਜ ਸਿਰੇ ਲਾ ਦਿੱਤਾ ? ਜਵਾਬ ਸੀ – ਡਾਰਵਿਨ ਦਾ ਸਭ ਨਾਲੋਂ ਉਤਕ੍ਰਿਸ਼ਟ ਸਿਧਾਂਤ 'ਵਿਕਾਸਵਾਦ' ਹੈ। ਕੁਦਰਤੀ ਚੋਣ ਅਨੁਸਾਰ ਹਰੇਕ ਸਜੀਵ ਆਪਣੇ ਆਪ ਨੂੰ ਮੌਕੇ ਅਨੁਸਾਰ ਢਾਲਦਾ ਹੈ। ਉਸਦੀਆਂ ਅਦ੍ਰਿਸ਼ਟ ਨਿੱਕੀਆਂ-ਨਿੱਕੀਆਂ ਪ੍ਰਾਪਤੀਆਂ ਪੁਸ਼ਤ-ਦਰ-ਪੁਸ਼ਤ ਉਸਦੇ ਫਾਇਦੇ ਲਈ ਸੰਭਾਲੀਆਂ ਜਾਂਦੀਆਂ ਹਨ ਅਤੇ ਉਹ ਵਿਕਾਸ ਕਰਦੀਆਂ ਗੁਣ ਬਖ਼ਸ਼ਦੀਆਂ ਹਨ। ਹੋਰ ਕੋਈ ਦੈਵੀ ਰੌਸ਼ਨੀ ਨਹੀਂ। ਇਹ ਵਿਰਸੇ ਦੀ ਦੇਣ ਹੈ। ਵਿਰਸੇ ਦੀਆਂ ਜੜ੍ਹਾਂ ਅਨਾਦੀ ਹਨ। ਕੁਦਰਤੀ ਚੋਣ ਇਰਾਦੇ ਦੇ ਰੂਪ ਵਿਚ ਸਾਹਮਣੇ ਆਈ। ਸਾਹਿਤਕ ਵਿਰਸੇ ਬਾਰੇ ਪੁੱਛਿਆ ਤਾਂ ਉਸ ਦੱਸਿਆ – ਸਾਹਿਤਕ ਪਿਛੋਕੜ ਕੋਈ ਐਡਾ ਵੱਡਾ ਨਹੀਂ। ਹੋ ਸਕਦਾ ਹੈ ਗੁਣ ਬੀਜ ਰੂਪ ਵਿਚ ਕਿਸੇ ਹੋਰ ਪਾਸੇ ਕੰਮ ਕਰ ਰਿਹਾ ਹੋਵੇ। ਮੇਰਾ ਛੋਟਾ ਭਰਾ ਪ੍ਰੀਤਮ ਸਿੰਘ (ਮਰਹੂਮ) ਅੰਗਰੇਜ਼ੀ ਦਾ ਪ੍ਰੋਫ਼ੈਸਰ ਸੀ ਅਤੇ ਅੰਗਰੇਜ਼ੀ ਵਿਚ ਕਵਿਤਾ ਲਿਖਦਾ ਸੀ। ਜਦੋਂ ਸਾਰੀ ਦੁਨੀਆ ਪੈਸੇ ਦੀ ਦੌੜ ਵਿਚ ਲੱਗੀ ਹੋਈ ਹੈ ਤਾਂ ਦਲਜੀਤ ਸਿੰਘ ਕਿਹੜੇ ਕੰਮ ਵਿਚ ਪੈ ਗਿਆ ? ਜਵਾਬ ਖ਼ੂਬਸੂਰਤ ਸੀ – ਅਜਿਹੇ ਕੰਮ ਪੈਸਿਆਂ ਲਈ ਨਹੀਂ ਹੁੰਦੇ। ਮੇਰਾ ਸ਼ੌਕ ਸੀ। ਲਾਭ-ਹਾਨੀ ਦੀ ਇੱਛਾ ਮਨੁੱਖ ਨੂੰ ਮਾਯੂਸੀ ਦੀ ਖੱਡ ਵਿਚ ਸੁੱਟ ਦਿੰਦੇ ਹਨ। ਨਿਸ਼ਕਾਮ ਸੇਵਾ ਮਨੁੱਖ ਦਾ ਸਿਰ ਉੱਚਾ ਰੱਖਦੀ ਹੈ। ਮੇਰਾ ਖ਼ਿਆਲ ਹੈ, ਕੰਮ ਉਹ ਕਰੋ ਜਿਹੜਾ ਚਿਰਕਾਲ ਤੱਕ ਜੀਵਤ ਰਹੇ ਅਤੇ ਸਾਰੀ ਮਨੁੱਖਤਾ ਨੂੰ ਆਪਣੀ ਮਹਿਕ ਵਿਚ ਸਮੋ ਲਵੇ। ਆਪਣੇ ਵਿਚਾਰ ਆਜ਼ਾਦ ਰੱਖੋ। ਮਨੁੱਖ ਮਰ ਜਾਇਗਾ, ਪਰ ਕਿਤਾਬ ਜਿਊਂਦੀ ਰਹੇਗੀ। ਮੇਰੀਆਂ ਡਾਰਵਿਨ ਪ੍ਰਤੀ ਦਿੱਤੀਆਂ ਕਿਤਾਬਾਂ ਵਿਚ ਵਿਸ਼ਾ-ਵਸਤੂ ਡਾਰਵਿਨ ਦਾ ਹੈ ਅਤੇ ਵਾਰਤਕ ਮੇਰੀ ਹੈ। ਮੈਨੂੰ ਸੁਰਜੀਤ ਪਾਤਰ ਦਾ ਸ਼ਿਅਰ ਯਾਦ ਆਉਣ ਲੱਗ ਪਿਆ,

ਉਹ ਬਣਾ ਰਹੇ ਨੇ ਇਮਾਰਤਾਂ
ਅਸੀਂ ਲਿਖ ਰਹੇ ਹਾਂ ਇਬਾਰਤਾਂ
ਤਾਂ ਜੁ ਪੱਥਰਾਂ ਦੇ ਵਜੂਦ ਵਿਚ
ਕੋਈ ਆਤਮਾ ਵੀ ਰਿਹਾ ਕਰੇ

'ਅਹਿੰਸਾ, ਪਿਆਰ ਅਤੇ ਸ਼ਾਂਤੀ' ਦਲਜੀਤ ਸਿੰਘ ਇਕ ਹੋਰ ਵਾਰਤਕ ਪੁਸਤਕ ਹੈ। ਮੈਂ ਪੁੱਛਿਆ – ਪਦਾਰਥਵਾਦੀ ਯੁਗ ਵਿਚ ਦਲਜੀਤ ਸਿੰਘ ਦੀ ਹੋਂਦ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ। ਤੁਹਾਨੂੰ ਕਿਵੇਂ ਲੱਗਦਾ ਹੈ ? ਬੜਾ ਸਾਦਾ ਜਵਾਬ ਸੀ – ਮੈਂ ਇਕ ਆਮ ਆਦਮੀ ਹਾਂ। ਕ੍ਰਿਸ਼ਮੇ ਵਾਲੀ ਗੱਲ ਦੁਨੀਆ ਭਰ ਵਿਚ ਨਹੀਂ। ਸਾਰੇ ਕੁਦਰਤੀ ਚੋਣ ਦੀ ਉਪਜ ਹਨ।

ਡਾਰਵਿਨ ਨੂੰ ਪੰਜਾਬੀ ਵਿਚ ਉਲਥਾਉਣ ਵੇਲੇ ਕਦੇ ਪੰਜਾਬੀ ਜ਼ਬਾਨ ਦੀ ਸੀਮਾ ਨੇ ਰਾਹ ਤਾਂ ਨਹੀਂ ਰੋਕਿਆ ? ਬਹੁਤ ਮੁਸ਼ਕਲਾਂ ਆਈਆਂ। ਪੰਜਾਬੀ ਜ਼ਬਾਨ ਕੋਲ ਬਹੁਤ ਸਾਰੇ ਸੰਕਲਪਾਂ ਅਤੇ ਸ਼ਬਦਾਂ ਦੇ ਤੁਲ ਸ਼ਬਦਾਵਲੀ ਨਹੀਂ ਹੈ। ਪਰ ਮੈਂ ਬਹੁਤ ਸਾਰੇ ਸ਼ਬਦਾਂ ਨੂੰ ਬ੍ਰੈਕਟਾਂ ਵਿਚ ਸਮਝਾ ਕੇ ਉਹਨਾਂ ਨੂੰ ਓਵੇਂ ਹੀ ਰੱਖ ਲਿਆ। ਅੰਗਰੇਜ਼ੀ ਜ਼ਬਾਨ ਨੇ ਵੀ ਵਿਦੇਸ਼ੀ ਭਾਸ਼ਾਵਾਂ ਤੋਂ ਸ਼ਬਦ ਲੈ ਕੇ ਆਪਣਾ ਖ਼ਜ਼ਾਨਾ ਅਮੀਰ ਕੀਤਾ ਹੈ। ਜੇ ਪੰਜਾਬੀ ਜ਼ਬਾਨ ਨੇ ਅੰਤਰ-ਰਾਸ਼ਟਰੀ ਪੱਧਰ ਦੀ ਬਣਨਾ ਹੈ ਤਾਂ ਇਸਨੂੰ ਵੀ ਦੂਜੀਆਂ ਜ਼ਬਾਨਾਂ ਤੋਂ ਸ਼ਬਦ ਲੈਣੇ ਪੈਣੇ ਹਨ। ਸਿਆਣੇ ਕਹਿੰਦੇ ਹਨ, ਦੁਨੀਆ 'ਤੇ ਅਮਰ ਹੋਣ ਦੇ ਦੋ ਹੀ ਤਰੀਕੇ ਹਨ – ਜਾਂ ਅਜਿਹਾ ਕੰਮ ਕਰ ਦਿਉ, ਜਿਸ ਬਾਰੇ ਲੋਕ ਲਿਖਦੇ ਰਹਿਣ। ਜਾਂ ਅਜਿਹਾ ਲਿਖ ਦਿਉ ਜਿਸ ਨੂੰ ਲੋਕ ਪੜ੍ਹਦੇ ਰਹਿਣ। 'ਰੂਟਸ' ਅਤੇ ਡਾਰਵਿਨ ਦੀਆਂ ਮਾਸਟਰ ਪੀਸ ਕਿਤਾਬਾਂ ਪੰਜਾਬੀ ਵਿਚ ਲਿਆ ਕੇ ਦਲਜੀਤ ਸਿੰਘ ਨੇ ਆਪਣੇ ਆਪ ਨੂੰ ਦੂਸਰੇ ਵਰਗ ਵਿਚ ਲੈ ਆਂਦਾ ਹੈ। ਮੈਂ ਦਲਜੀਤ ਸਿੰਘ ਨੂੰ ਕਦੇ ਮਿਲਿਆ ਵੀ ਨਹੀਂ। ਮੈਨੂੰ ਅਫ਼ਸੋਸ ਵੀ ਨਹੀਂ, ਕਿਉਂਕਿ ਦਲਜੀਤ ਸਿੰਘ ਅਣਗਿਣਤ ਲੋਕਾਂ ਤੱਕ ਆਪਣੇ ਕਾਰਜ ਰਾਹੀਂ ਪਹੁੰਚਾ ਹੈ, ਪਹੁੰਚ ਰਿਹਾ ਹੈ ਅਤੇ ਪਹੁੰਚਦਾ ਰਹੇਗਾ।




## ਪੀ.ਪੀ.ਐਫ਼.ਈ. ਵਲੋਂ ਦਲਜੀਤ ਰੱਖੜਾ ਨੂੰ ਸ਼ਰਧਾਂਜਲੀ



ਐਡਮਿੰਟਨ (ਕਿਰਤਮੀਤ) : ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ (ਪੀ.ਪੀ.ਐਫ਼.ਈ.) ਐਗਜ਼ੈਕਟਿਵ ਮੈਂਬਰ ਅਤੇ ਪ੍ਰਸਿੱਧ ਲੇਖਕ, ਅਨੁਵਾਦਕ ਦਲਜੀਤ ਸਿੰਘ ਰੱਖੜਾ ਨੂੰ ਸਥਾਨਕ ਮਹਾਰਾਜਾ ਪੈਲਿਸ ਵਿਖੇ ਵੱਖ-ਵੱਖ ਜਥੇਬੰਦੀਆਂ ਵਲੋਂ ਭਾਵਪੂਰਨ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਪੀ.ਪੀ.ਐਫ਼.ਈ. ਵਲੋਂ ਦਲਜੀਤ ਸਿੰਘ ਰੱਖੜਾ ਨੂੰ ਸ਼ਰਧਾਂਜਲੀ ਦੇਣ ਲਈ ਕਰਵਾਏ ਸਮਾਗਮ ਵਿਚ ਬੋਲਦਿਆਂ ਪੀ.ਪੀ.ਐਫ਼.ਈ. ਦੇ ਪ੍ਰਧਾਨ ਦਲਬੀਰ ਸਾਂਗਿਆਣ ਨੇ ਕਿਹਾ ਕਿ ਉਹ ਇਕ ਵਿਗਿਆਨਕ ਨਜ਼ਰੀਏ ਵਾਲੇ ਇਨਸਾਨ ਸਨ ਅਤੇ ਉਨ੍ਹਾਂ ਨੇ ਹੁਣ ਤਕ 6 ਕਿਤਾਬਾਂ ਪੰਜਾਬੀ ਪਾਠਕਾਂ ਦੀ ਝੋਲੀ ਵਿਚ ਪਾਈਆਂ ਹਨ। ਉਹ ਮੈਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ ਦੇ ਬਾਨੀ ਮੈਂਬਰਾਂ ਵਿਚੋਂ ਇਕ ਸਨ। ਅਰਪਨ ਲਿਖਾਰੀ ਸਭਾ ਕੈਲਗਰੀ ਵਲੋਂ ਕੇਸਰ ਸਿੰਘ ਨੀਰ ਨੇ ਰੱਖੜਾ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਦੇ ਅਧਿਆਪਕ ਸਨ ਅਤੇ ਬਤੌਰ ਅਧਿਆਪਕ ਉਨ੍ਹਾਂ ਨੇ ਸਾਨੂੰ ਉਹ ਸਾਰੇ ਗੁਣ ਸਿਖਾਏ ਜੋ ਵਧੀਆ ਇਨਸਾਨ ਬਣਨ ਲਈ ਲੋੜੀਂਦੇ ਹਨ। ਕੇਸਰ ਸਿੰਘ ਨੀਰ ਨੇ ਉਨ੍ਹਾਂ ਦੇ ਅਧਿਆਪਕ ਸਫ਼ਰ ਤੋਂ ਲੈ ਕੇ ਅਖ਼ੀਰ ਤਕ ਦੀ ਜ਼ਿੰਦਗੀ ਨੂੰ ਬਾਖ਼ੂਬੀ ਸਰੋਤਿਆਂ ਨਾਲ ਸਾਂਝਾ ਕੀਤਾ। ਡਾ. ਮਹਿੰਦਰ ਸਿੰਘ ਹੱਲ੍ਹਣ ਨੇ ਬੋਲਦਿਆਂ ਕਿਹਾ ਕਿ ਰੱਖੜਾ ਜੀ ਉਨ੍ਹਾਂ ਦੇ ਸਹਿਪਾਠੀ ਸਨ ਅਤੇ ਉਨ੍ਹਾਂ ਨੇ ਸਭ ਤੋਂ ਵਧੀਆ ਕਾਰਜ 'ਰੂਟਸ' ਨਾਵਲ ਨੂੰ ਪੰਜਾਬੀ ਵਿਚ ਅਨੁਵਾਦ ਕਰ ਕੇ ਕੀਤਾ। ਇਸ ਤੋਂ ਇਲਾਵਾ ਡਾਰਵਿਨ ਦੀਆਂ ਲਿਖਤਾਂ 'ਮਨੁੱਖ ਦੇ ਪਿਤਾਮੇ', ਸੱਚ ਦੀ ਭਾਲ, ਅਹਿੰਸਾ, ਪਿਆਰ ਅਤੇ ਸ਼ਾਂਤੀ ਕਿਤਾਬਾਂ ਪੰਜਾਬੀ ਪਾਠਕਾਂ ਦੀ ਝੋਲੀ ਪਾਉਣਾ ਵੱਡ ਅਕਾਰੀ ਕਾਰਜ ਸੀ। ਅਵਤਾਰ ਗਿੱਲ, ਪਰਮਿੰਦਰ ਧਾਲੀਵਾਲ, ਪਵਿੱਤਰ ਧਾਲੀਵਾਲ, ਮਹਿੰਦਰ ਭੁੱਲਰ, ਮਿਲਵੁੱਡਜ਼ ਰਿਟਾਇਰਡ ਐਂਡ ਸੈਮੀ ਰਿਟਾਇਰਡ ਸੀਨੀਅਰ ਸੈਂਟਰ ਦੇ ਪ੍ਰਧਾਨ ਅਜੈਬ ਸਿੰਘ ਮਾਨ ਆਦਿ ਨੇ ਵੀ ਦਲਜੀਤ ਰੱਖੜਾ ਨਾਲ ਬਿਤਾਏ ਪਲਾਂ ਤੇ ਉਨ੍ਹਾਂ ਨਾਲ ਸਾਂਝ ਨੂੰ ਸਾਂਝਾ ਕੀਤਾ। ਪੀ.ਪੀ.ਐਫ਼.ਈ. ਦੇ ਖ਼ਜ਼ਾਨਚੀ ਨਵਤੇਜ ਬੈਂਸ ਵਲੋਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, ਪੰਜਾਬੀ ਸਾਹਿਤ ਅਕਾਦਮੀ ਨਿਊਯਾਰਕ ਦੇ ਸੁਰਿੰਦਰ ਸੋਹਲ, ਕੇਂਦਰੀ ਪੰਜਾਬੀ ਲੇਖਕ ਸਭਾ ਰਜਿ. ਲੁਧਿਆਣਾ, ਰੇਡੀਓ ਇੰਡੀਆ ਸਰੀ ਦੇ ਰੇਡੀਓ ਹੋਸਟ ਗੁਰਪ੍ਰੀਤ ਸਿੰਘ ਵਲੋਂ ਭੇਜੇ ਸੋਗ ਸੰਦੇਸ਼ ਪੜ੍ਹ ਕੇ ਸੁਣਾਏ। ਅਖ਼ੀਰ ਵਿਚ ਡਾ. ਰਾਜ ਪੰਨੂੰ ਨੇ ਦਲਜੀਤ ਰੱਖੜਾ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਦਲਜੀਤ ਸਿੰਘ ਰੱਖੜਾ ਦੀ ਵਿਗਿਆਨ ਸੋਚ 'ਤੇ ਪਹਿਰਾ ਦੇਣ ਦਾ ਅਹਿਦ ਕਰਦੀ ਹੈ। ਇਸ ਮੌਕੇ ਸਵ: ਦਲਜੀਤ ਰੱਖੜਾ ਪ੍ਰੀਵਾਰ ਵੱਲੋਂ ਉਨ੍ਹਾਂ ਦੇ ਸਪੁੱਤਰ ਸਤਵੰਤ ਸਿੰਘ ਵੀ ਹਾਜ਼ਰ ਸਨ।

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

### ਮਾਮਲਾ ਸ਼ਾਮਲਾਟ ਜ਼ਮੀਨਾਂ ਦੱਬਣ ਦਾ

## ਹਾਈ ਕੋਰਟ ਸਰਕਾਰ ਦੀ ਦੋਗਲੀ ਪਹੁੰਚ ਤੋਂ ਮੁੜ ਖ਼ਫ਼ਾ

ਪੰਜਾਬ ਹਰਿਆਣਾ ਹਾਈ ਕੋਰਟ ਨੇ ਅੱਜ ਸ਼ਾਮਲਾਟ ਜ਼ਮੀਨਾਂ ਦੱਬਣ ਦੇ ਮਾਮਲੇ 'ਤੇ ਪੰਜਾਬ ਸਰਕਾਰ ਦੀ ਦੁਬਾਰਾ ਝਾੜਝੰਬ ਕੀਤੀ ਹੈ। ਸਰਕਾਰ ਨੇ ਇਸ ਔਖੀ ਸਥਿਤੀ 'ਚੋਂ ਨਿਕਲਣ ਦੀ ਕੋਸ਼ਿਸ਼ ਕਰਦਿਆਂ ਕਿਹਾ ਕਿ ਸ਼ਾਮਲਾਟ ਜ਼ਮੀਨਾਂ ਦੱਬਣ ਦੇ ਮਾਮਲਿਆਂ ਬਾਰੇ ਜਸਟਿਸ ਕੁਲਦੀਪ ਸਿੰਘ ਕਮਿਸ਼ਨ ਦੀ ਰਿਪੋਰਟ ਦੀ ਘੋਖ ਕਰਨ ਲਈ ਹੀ ਕਮੇਟੀ ਕਾਇਮ ਕੀਤੀ ਗਈ ਹੈ ਜਿਸ ਦਾ ਮੰਤਵ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਖੂੰਢਾ ਕਰਨਾ ਨਹੀਂ ਸਗੋਂ ਇਨ੍ਹਾਂ 'ਤੇ ਅਮਲ ਦੇ ਸੁਝਾਅ ਲੈਣਾ ਹੈ। ਇਸ ਕਹਿਣ 'ਤੇ ਹਾਈ ਕੋਰਟ ਨੇ ਸਰਕਾਰ ਦੀ ਇਸ ਦੋਗਲੀ ਪਹੁੰਚ ਦੀ ਆਲੋਚਨਾ ਕੀਤੀ।

ਜਸਟਿਸ ਜਸਬੀਰ ਸਿੰਘ ਅਤੇ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਦੇ ਬੈਂਚ ਨੇ ਇਸ ਕੇਸ 'ਤੇ ਸੁਣਵਾਈ ਮੁੜ ਸ਼ੁਰੂ ਹੋਣ 'ਤੇ ਇਹ ਗੱਲ ਦ੍ਰਿੜਾਈ ਕਿ ਪੰਜਾਬ ਸਰਕਾਰ ਨੇ ਇਕ ਪਾਸੇ ਜਸਟਿਸ ਕੁਲਦੀਪ ਸਿੰਘ ਕਮਿਸ਼ਨ ਦੀ ਕਾਇਮੀ ਖਿਲਾਫ਼ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੋਈ ਅਤੇ ਦੂਜੇ ਪਾਸੇ ਇਹ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਲਈ ਕਮੇਟੀ ਬਿਠਾਉਣ ਦਾ ਦਾਅਵਾ ਕਰ ਰਹੀ ਹੈ। ਜੇ ਸਰਕਾਰ ਸਿਫਾਰਸ਼ਾਂ ਲਾਗੂ ਕਰਨ ਲਈ ਵਾਕਈ ਸੁਹਿਰਦ ਹੈ ਤਾਂ ਇਹ ਵਿਸ਼ੇਸ਼ ਲੀਵ ਪਟੀਸ਼ਨ ਵਾਪਸ ਲੈਂਦੀ। ਬੈਂਚ ਨੇ ਆਖਿਆ ਕਿ ਸਰਕਾਰ ਦਾ ਸਟੈਂਡ ਸਪਸ਼ਟ ਨਹੀਂ ਅਤੇ ਇਸ ਮਾਮਲੇ 'ਤੇ ਅੰਤਮ ਹਲਫ਼ਨਾਮਾ ਦਾਖ਼ਲ ਕਰਨ ਲਈ ਕਿਹਾ ਹੈ।

ਪਿਛਲੀ ਪੇਸ਼ੀ ਮੌਕੇ ਬੈਂਚ ਨੇ ਰਾਜ ਸਰਕਾਰ ਦੇ ਵਕੀਲ ਨੂੰ ਇਕ ਹਲਫ਼ਨਾਮਾ ਦਾਖ਼ਲ ਕਰਕੇ ਇਹ ਸਪਸ਼ਟ ਕਰਨ ਲਈ ਆਖਿਆ ਸੀ ਕਿ ਕੀ ਹਾਈ ਕੋਰਟ ਵੱਲੋਂ ਕਾਇਮ ਕੀਤੇ ਗਏ ਟ੍ਰਿਬਿਊਨਲ ਦੇ ਜ਼ੇਰੇ-ਗੌਰ ਮੁੱਦੇ ਦੀ ਘੋਖ ਕਰਨ ਲਈ ਰਾਜ ਦੇ ਅਫਸਰਾਂ 'ਤੇ ਆਧਾਰਤ ਕਮੇਟੀ ਕਾਇਮ ਕੀਤੀ ਗਈ ਹੈ ਜਾਂ ਕੋਈ ਟ੍ਰਿਬਿਊਨਲ। ਸਰਕਾਰ ਨੂੰ ਇਹ ਵੀ ਸਪਸ਼ਟ ਕਰਨ ਲਈ ਕਿਹਾ ਗਿਆ ਸੀ ਕਿ ਉਹ ਸੁਪਰੀਮ ਕੋਰਟ ਦੇ ਸਾਬਕਾ ਜੱਜ ਦੀ ਅਗਵਾਈ ਵਾਲੇ ਟ੍ਰਿਬਿਊਨਲ ਦੇ ਗਠਨ ਖਿਲਾਫ਼ ਵਿਸ਼ੇਸ਼ ਲੀਵ ਪਟੀਸ਼ਨ 'ਤੇ ਜ਼ੋਰ ਕਿਉਂ ਦੇ ਰਹੀ ਹੈ।

ਇਸ ਦੌਰਾਨ, ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧ ਵਿਭਾਗ ਦੇ ਵਿੱਤ ਕਮਿਸ਼ਨਰ ਐਨ.ਐਸ. ਕੰਗ ਵੱਲੋਂ ਬੈਂਚ ਕੋਲ ਇਕ ਹਲਫ਼ਨਾਮਾ ਦਾਖ਼ਲ ਕੀਤਾ ਗਿਆ ਜਿਸ ਵਿੱਚ ਕਿਹਾ ਗਿਆ ਸੀ ਕਿ ਸੁਪਰੀਮ ਕੋਰਟ ਵੱਲੋਂ ਟ੍ਰਿਬਿਊਨਲ ਦੇ ਗਠਨ 'ਤੇ ਰੋਕ ਨਾ ਲਾਉਣ ਕਰਕੇ ਇਸ ਦੀਆਂ ਸਿਫਾਰਸ਼ਾਂ 'ਤੇ ਅਮਲ ਯਕੀਨੀ ਬਣਾਉਣ ਲਈ ਕਮੇਟੀ ਕਾਇਮ ਕੀਤੀ ਗਈ ਸੀ। ਮੁਹਾਲੀ ਦੇ ਡਿਪਟੀ ਕਮਿਸ਼ਨਰ ਨੂੰ ਜ਼ਿਲ੍ਹੇ ਦੇ ਅੱਠ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ 'ਤੇ ਕਬਜ਼ਿਆਂ ਬਾਰੇ ਜਾਣਕਾਰੀ ਭੇਜਣ ਲਈ ਕਿਹਾ ਗਿਆ ਸੀ। ਇਨ੍ਹਾਂ ਪਿੰਡਾਂ ਦੀਆਂ ਜ਼ਮੀਨਾਂ ਬਾਰੇ ਵਿਸ਼ੇਸ਼ ਟ੍ਰਿਬਿਊਨਲ ਦੀ ਅੰਤ੍ਰਿਮ ਰਿਪੋਰਟ ਵਿੱਚ ਘੋਖ ਕੀਤੀ ਗਈ ਸੀ। ਡੀ.ਸੀ. ਨੂੰ ਡੇਰਾਬਸੀ ਤਹਿਸੀਲ ਦੇ ਪਿੰਡ ਬਲਟਾਣਾ ਅਤੇ ਖਰੜ ਤਹਿਸੀਲ ਦੇ ਪਿੰਡ ਮਾਜਰੀ ਦੇ ਮਾਲ ਰਿਕਾਰਡ ਨਾਲ ਹੋਈ ਛੇੜਛਾੜ ਦੀ ਵੀ ਘੋਖ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ।

ਉਨ੍ਹਾਂ ਖਰੜ ਅਤੇ ਡੇਰਾਬਸੀ ਦੇ ਸਬ ਡਿਵੀਜ਼ਨ ਮੈਜਿਸਟਰੇਟਾਂ ਨੂੰ ਰਿਪੋਰਟ ਭੇਜਣ ਲਈ ਕਿਹਾ ਗਿਆ ਸੀ। ਹਲਫ਼ਨਾਮੇ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਟ੍ਰਿਬਿਊਨਲ ਦੀ ਦੂਜੀ ਰਿਪੋਰਟ ਵਿੱਚ ਚੰਡੀਗੜ੍ਹ ਦੀ ਪੈਰੀਫੇਰੀ 'ਤੇ 30 ਤੋਂ ਵੱਧ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ ਦੇ ਗੈਰਕਾਨੂੰਨੀ ਇੰਤਕਾਲ ਅਤੇ ਕਬਜ਼ਿਆਂ ਬਾਰੇ ਵੀ ਜ਼ਿਕਰ ਕੀਤਾ ਗਿਆ। ਇਨ੍ਹਾਂ ਜ਼ਮੀਨਾਂ ਦੇ ਵੱਡੇ ਹਿੱਸੇ ਦੀ ਤਜਾਰਤੀ ਮੰਤਵਾਂ ਲਈ ਵਰਤੋਂ ਕੀਤੀ ਜਾ ਰਹੀ ਹੈ। ਇਸ ਲਈ ਇਹ ਜ਼ਮੀਨਾਂ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਾਉਣ ਲਈ ਮਾਲ ਰਿਕਾਰਡ ਦੀ ਅਗਲੇਰੀ ਪੁਣਛਾਣ ਕਰਨ ਦੀ ਲੋੜ ਹੈ। ਮੁਹਾਲੀ ਜ਼ਿਲ੍ਹੇ ਦੇ ਹੋਰਨਾਂ ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ ਦਾ ਤਖ਼ਮੀਨਾ ਲਾਉਣ ਅਤੇ ਮਾਲਕੀ ਅਤੇ ਕਬਜ਼ੇ ਦੀ ਤਸਦੀਕ ਕਰਨ ਦੀ ਵੀ ਲੋੜ ਹੈ। ਲਿਹਾਜ਼ਾ ਵੱਖ-ਵੱਖ ਪੱਧਰਾਂ 'ਤੇ ਵਿਚਾਰਚਰਚਾ ਕਰਨ ਤੋਂ ਬਾਅਦ ਸਰਕਾਰ ਵੱਲੋਂ ਦਿਹਾਤੀ ਵਿਕਾਸ ਤੇ ਪੰਚਾਇਤ ਡਾਇਰੈਕਟਰ ਦੀ ਅਗਵਾਈ ਹੇਠ ਕਮੇਟੀ ਕਾਇਮ ਕਰਨ ਦਾ ਫੈਸਲਾ ਕੀਤਾ ਗਿਆ ਸੀ।

## ਇੰਟਰਨੈੱਟ 'ਤੇ ਵਿਧੂ ਜੈਨ ਦਾ ਵੀਡੀਓ ਨਸ਼ਰ

ਇਥੇ ਬੀਤੀ 30 ਸਤੰਬਰ ਨੂੰ ਅੱਗ ਨਾਲ ਸਾੜ ਕੇ ਮਾਰੇ ਗਏ ਨਾਬਾਲਗ ਵਿਧੂ ਜੈਨ ਦੇ ਕਾਤਲਾਂ ਦਾ ਪੁਲੀਸ ਭਾਵੇਂ ਅੱਜ ਤੱਕ ਪਤਾ ਨਹੀਂ ਲਗਾ ਸਕੀ, ਪਰ ਸੋਸ਼ਲ ਨੈਟਵਰਕਿੰਗ ਸਾਈਟ ਫੇਸਬੁੱਕ ਦੇ ਕਿਸੇ ਵਰਤੋਂਕਾਰ ਵੱਲੋਂ ਘਟਨਾ ਵਾਪਰਨ ਸਮੇਂ ਤੜਫ ਰਹੇ ਵਿਧੂ ਜੈਨ ਦੀ ਵੀਡੀਓ ਫੇਸਬੁੱਕ,ਵਟਸ-ਐਪ ਅਤੇ ਯੂ-ਟਿਊਬ 'ਤੇ ਪਾਉਣ ਨਾਲ ਇਹ ਮਾਮਲਾ ਅੱਜ ਮੁੜ ਸ਼ਹਿਰ ਅੰਦਰ ਗਰਮਾ ਗਿਆ ਹੈ।



ਗੌਰਤਲਬ ਹੈ ਕਿ ਵਿਧੂ ਜੈਨ ਕਾਂਡ ਮਗਰੋਂ ਲੋਕ ਰੋਹ ਕਾਰਨ ਸ਼ਹਿਰ ਅੰਦਰ ਕਈ ਦਿਨ ਤਣਾਅ ਵਾਲਾ ਮਾਹੌਲ ਬਣਿਆ ਰਿਹਾ ਸੀ। ਪੁਲੀਸ ਨੇ ਮਾਮਲੇ ਦੀ ਤਫ਼ਤੀਸ਼ ਲਈ ਇੱਕ ਭਾਈਚਾਰੇ ਦੇ ਕੁਝ ਨੌਜਵਾਨਾਂ ਨੂੰ ਹਿਰਾਸਤ ਵਿੱਚ ਵੀ ਲਿਆ ਸੀ ਜਿਨ੍ਹਾਂ ਦੀ ਰਿਹਾਈ ਲਈ ਸ਼ਹਿਰ ਅੰਦਰ ਰੋਸ ਮੁਜ਼ਾਹਰੇ ਵੀ ਹੋਏ ਸਨ ਜਿਸ ਮਗਰੋਂ ਪੁਲੀਸ ਨੇ ਪੁੱਛ-ਗਿੱਛ ਉਪਰੰਤ ਗ੍ਰਿਫਤਾਰ ਕੀਤੇ ਨੌਜਵਾਨਾਂ ਨੂੰ ਵਾਰਸਾਂ ਹਵਾਲੇ ਕਰ ਦਿੱਤਾ ਸੀ।

ਉਧਰ ਪਿਛਲੇ ਦਿਨਾਂ 'ਚ ਕਿਸੇ ਸ਼ਰਾਰਤੀ ਅਨਸਰ ਵੱਲੋਂ ਸ਼ਹਿਰ ਅੰਦਰ ਵਿਧੂ ਜੈਨ ਵੱਲੋਂ ਕਥਿਤ ਤੌਰ 'ਤੇ ਖੁਦ ਹੀ ਆਤਮ ਹੱਤਿਆ ਕਰਨ ਦੀ ਫੈਲਾਈ ਅਫ਼ਵਾਹ ਨੇ ਵਿਧੂ ਜੈਨ ਦੇ ਮਾਪਿਆਂ ਤੇ ਇਨਸਾਫ ਪਸੰਦ ਸ਼ਹਿਰੀਆਂ ਲਈ ਵੱਡੀ ਸਿਰਦਰਦੀ ਖੜ੍ਹੀ ਕਰ ਦਿੱਤੀ ਸੀ, ਜੋ ਇਸ ਮਾਮਲੇ ਨੂੰ ਲੈ ਕੇ ਇਨਸਾਫ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਹਨ। ਸੋਸ਼ਲ ਸਾਈਟ ਫੇਸਬੁੱਕ, ਵਟਸ ਐਪ ਅਤੇ ਯੂ. ਟਿਊਬ 'ਤੇ ਪਾਈ ਇਸ ਵੀਡੀਓ ਵਿੱਚ ਤੜਫ ਰਿਹਾ ਵਿਧੂ ਜੈਨ ਘਟਨਾ ਮੌਕੇ ਪੁੱਛ-ਗਿੱਛ ਕਰ ਰਹੇ ਲੋਕਾਂ ਨੂੰ ਆਪਣਾ ਨਾਂ, ਆਪਣੇ ਪਿਤਾ ਦਾ ਨਾਂ ਅਤੇ ਆਪਣਾ ਪਤਾ-ਟਿਕਾਣਾ ਦੱਸ ਰਿਹਾ ਹੈ ਅਤੇ ਪੁੱਛ-ਗਿੱਛ ਕਰ ਰਹੇ ਵਿਅਕਤੀ ਨੂੰ ਪੁੱਛਣ 'ਤੇ ਬੋਲ ਕੇ ਅਤੇ ਦੋ ਉਂਗਲਾਂ ਖੜ੍ਹੀਆਂ ਕਰਕੇ ਉਸ ਨੂੰ ਦੋ ਜਣਿਆਂ ਵੱਲੋਂ ਸਾੜੇ ਜਾਣ ਦਾ ਇਸ਼ਾਰਾ ਕਰਦਾ ਹੈ।

ਜ਼ਿਲ੍ਹਾ ਪੁਲੀਸ ਮੁਖੀ ਸ੍ਰੀ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਫੇਸਬੁੱਕ 'ਤੇ ਪਾਈ ਇਹ ਵੀਡੀਓ ਇਸ ਮਾਮਲੇ ਦੀ ਜਾਂਚ 'ਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਵਿਧੂ ਜੈਨ ਮਾਮਲੇ ਨਾਲ ਜੁੜੇ ਕੁਝ ਤੱਥਾਂ ਨੂੰ ਜਾਂਚ ਲਈ ਹੈਦਰਾਬਾਦ ਸਥਿਤ ਫੋਰੈਂਸਿਕ ਲੈਬਾਰਟਰੀ 'ਚ ਭੇਜਿਆ ਗਿਆ ਹੈ। ਲੈਬਾਰਟਰੀ ਦੀ ਰਿਪੋਰਟ ਆਉਣ ਉਪਰੰਤ ਮਾਮਲੇ ਦਾ ਖੁਲਾਸਾ ਹੋਵੇਗਾ। ਉਧਰ ਵਿਧੂ ਜੈਨ ਦੇ ਪਰਿਵਾਰ ਨੇ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ ਤੋਂ ਕਰਾਉਣ ਦੀ ਮੰਗ ਕੀਤੀ ਹੈ।

## ਰੇਤੇ ਦੀ ਨਿਕਾਸੀ ਨੇ ਦਰਿਆ ਦੇ ਬੰਨ੍ਹ ਖੋਰੇ



ਜੀ.ਟੀ. ਰੋਡ ਤੋਂ ਲੰਘਦਿਆਂ ਕਿਸੇ ਵੇਲੇ ਹੱਥਾਂ 'ਚ ਵੇਲਚੇ ਫੜ ਕੇ ਮਜ਼ਦੂਰ ਟਰੱਕਾਂ ਵਾਲਿਆਂ ਨੂੰ ਇਸ਼ਾਰੇ ਕਰਦੇ ਆਮ ਹੀ ਦੇਖੇ ਜਾ ਸਕਦੇ ਸਨ। ਇਥੋਂ ਕੰਮ ਬੰਦ ਹੋ ਕੇ, ਦੂਜੇ ਪਾਸੇ ਸ਼ੁਰੂ ਹੋ ਜਾਣ ਨਾਲ ਦਰਿਆ ਕੰਢੇ ਵਸੇ ਲੋਕਾਂ ਦੀਆਂ ਮੁਸ਼ਕਲਾਂ ਵੀ ਵਧ ਗਈਆਂ ਹਨ। ਇਥੋਂ ਲੰਘਦੇ ਟਰੱਕ ਅਤੇ ਹੋਰ ਵਾਹਨ ਧੁੱਸੀ ਬੰਨ੍ਹ ਨੂੰ ਵੱਡੇ ਪੱਧਰ 'ਤੇ ਨੁਕਸਾਨ ਪਹੁੰਚਾ ਰਹੇ ਹਨ, ਜਿਸ ਨਾਲ ਹੜ੍ਹ ਆਉਣ ਤੋਂ ਪਹਿਲਾਂ ਹੀ ਇਸ ਇਲਾਕੇ ਦੇ ਕਿਸਾਨਾਂ ਦੇ ਸਾਹ ਸੂਤੇ ਜਾਂਦੇ ਹਨ। ਪਿਛਲੇ ਕੁਝ ਸਾਲਾਂ ਦੌਰਾਨ ਛਾਉਲਾ ਬਜਾੜ, ਭੁੱਗੀਆਂ ਮਹਾਂ ਸਿੰਘ, ਕਾਸਾਬਾਦ, ਆਲੋਵਾਲ, ਸੰਗੋਵਾਲ, ਬੁਰਜ ਢਗਾਰਾ ਆਦਿ ਥਾਵਾਂ ਤੋਂ ਰੇਤੇ ਦੀ ਨਿਕਾਸੀ ਚਲਦੀ ਰਹੀ ਹੈ। ਇਨ੍ਹਾਂ ਥਾਵਾਂ 'ਤੇ ਹੀ ਹੜ੍ਹ ਆਉਣ ਦਾ ਖ਼ਤਰਾ ਵਧੇਰੇ ਹੈ।

ਇਸ ਸਬੰਧੀ ਪਿੰਡ ਭੁੱਗੀਆਂ ਮਹਾਂ ਸਿੰਘ ਦੇ ਸਰਪੰਚ ਚਤਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਇਲਾਕੇ 'ਚ ਰੇਤਾ ਕੱਢਣ ਦਾ ਕੰਮ ਆਮ ਹੈ। ਰੇਤੇ ਲਈ ਵਰਤੀਆਂ ਜਾ ਰਹੇ ਭਾਰੀ ਵਾਹਨ ਇਲਾਕੇ ਦੀਆਂ ਸਿਰਫ ਸੜਕਾਂ ਹੀ ਖ਼ਰਾਬ ਨਹੀਂ ਕਰਦੇ ਸਗੋਂ ਬੰਨ੍ਹਾਂ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ। ਸਰਪੰਚ ਨੇ ਦੱਸਿਆ ਕਿ ਕਿਸੇ ਵੇਲੇ ਰੇਤਾ ਟਰਾਲੀਆਂ 'ਚ ਹੀ ਮੇਨ ਰੋਡ ਦੇ ਲਾਗਿਓਂ ਨਿਕਲਦਾ ਸੀ ਜਿਸ ਕਰਕੇ ਜ਼ਿਆਦਾ ਮੁਸ਼ਕਲ ਨਹੀਂ ਸੀ,ਪਰ ਹੁਣ ਵੱਡੇ ਵਾਹਨ ਨਾ ਸਿਰਫ ਮਿੱਟੀ ਉਡਾਉਂਦੇ ਸਗੋਂ ਬੰਨ੍ਹ ਨੀਵੇਂ ਕਰ ਦਿੰਦੇ ਹਨ।

ਗੌਰਤਲਬ ਹੈ ਕਿ ਹਰ ਸਾਲ ਹੜ੍ਹ ਆਉਣ ਤੋਂ ਪਹਿਲਾਂ ਉੱਚ ਅਧਿਕਾਰੀ ਇਨ੍ਹਾਂ ਬੰਨ੍ਹਾਂ ਦਾ ਦੌਰਾ ਕਰਕੇ ਲੋੜ ਪੈਣ 'ਤੇ ਫੰਡ ਵੀ ਜਾਰੀ ਕਰਦੇ ਹਨ, ਪਰ ਇਹ ਫੰਡ ਖ਼ਰਾਬ ਹੋਏ ਬੰਨ੍ਹਾਂ ਦੀ ਮੁਰੰਮਤ ਦੇ ਹੀ ਲੇਖੇ ਲੱਗ ਜਾਂਦਾ ਹੈ। ਇਲਾਕੇ ਦੇ ਲੋਕਾਂ ਦਾ ਕਹਿਣਾ ਹੈ ਕਿ ਉਹ ਖੁਸ਼ਕਿਸਮਤ ਹਨ ਕਿ ਹੁਣ ਤਕ ਹੜ੍ਹਾਂ ਤੋਂ ਉਨ੍ਹਾਂ ਦਾ ਬਚਾਅ ਹੀ ਰਿਹਾ ਹੈ ਨਹੀਂ ਤਾਂ ਉਨ੍ਹਾਂ ਦਾ ਵੱਡਾ ਨੁਕਸਾਨ ਹੋ ਸਕਦਾ ਹੈ। ਜਮਹੂਰੀ ਕਿਸਾਨ ਸਭਾ ਦੇ ਸੂਬਾ ਕਮੇਟੀ ਮੈਂਬਰ ਕੁਲਦੀਪ ਸਿੰਘ ਫਿਲੌਰ ਨੇ ਸਰਕਾਰ ਤੋਂ ਇਸ ਸਮੱਸਿਆ ਦਾ ਪੱਕਾ ਹੱਲ ਕੱਢਣ ਦੀ ਮੰਗ ਕੀਤੀ ਹੈ।

## ਬਾਦਲ ਦਾ ਸੰਗਤ ਦਰਸ਼ਨ ਨੀਤੀਗਤ ਫੈਸਲਾ ਨਹੀਂ

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕੀਤੇ ਜਾਂਦੇ ਸੰਗਤ ਦਰਸ਼ਨ ਪ੍ਰੋਗਰਾਮ ਕਿਸੇ ਨੀਤੀਗਤ ਫੈਸਲੇ ਜਾਂ ਸਰਕਾਰੀ ਹੁਕਮਾਂ ਤਹਿਤ ਨਹੀਂ ਕੀਤੇ ਜਾ ਰਹੇ ਇਹ ਤਾਂ ਮਹਿਜ਼ ਸਰਸਰੀ ਵਰਤਾਰਾ ਹੀ ਹੈ। ਇਹ ਤੱਥ ਸੂਚਨਾ ਅਧਿਕਾਰ ਕਾਨੂੰਨ ਤਹਿਤ ਐਡਵੋਕੇਟ ਦਿਨੇਸ਼ ਚੱਢਾ ਵੱਲੋਂ ਹਾਸਲ ਕੀਤੀ ਜਾਣਕਾਰੀ ਦੌਰਾਨ ਸਾਹਮਣੇ ਆਏ ਹਨ। ਸ੍ਰੀ ਚੱਢਾ ਨੇ ਦੱਸਿਆ ਕਿ ਮੁੱਖ ਮੰਤਰੀ ਦਫ਼ਤਰ ਅਨੁਸਾਰ ਸੰਗਤ ਦਰਸ਼ਨ ਪ੍ਰੋਗਰਾਮ ਕਰਵਾਉਣ ਸਬੰਧੀ ਕੋਈ ਵੀ ਨੋਟੀਫਿਕੇਸ਼ਨ, ਦਫਤਰੀ ਹੁਕਮ, ਐਕਟ, ਦਿਸ਼ਾ-ਨਿਰਦੇਸ਼, ਨਿਯਮ ਜਾਂ ਹਦਾਇਤਾਂ ਨਹੀਂ ਹਨ। ਸੰਗਤ ਦਰਸ਼ਨ ਪ੍ਰੋਗਰਾਮਾਂ ਦੀ ਜ਼ਿਲ੍ਹਾ ਵਾਰ ਸੂਚੀ ਵੀ ਮੁੱਖ ਮੰਤਰੀ ਦਫ਼ਤਰ ਵਿੱਚ ਮੌਜੂਦ ਨਹੀਂ ਹੈ। ਉਨ੍ਹਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਰਾਜਪਾਲ ਪੰਜਾਬ ਤੋਂ ਇਸ ਗ਼ੈਰ ਸੰਵਿਧਾਨਕ ਵਰਤਾਰੇ ਨੂੰ ਰੋਕਣ ਦੀ ਮੰਗ ਕੀਤੀ ਹੈ।

## ਲਾਲ ਬੱਤੀ ਦੀ ਵਰਤੋਂ ਸਬੰਧੀ ਨਵੇਂ ਸਿਰੇ ਤੋਂ ਨੋਟੀਫਿਕੇਸ਼ਨ ਜਾਰੀ ਹੋਵੇਗਾ

ਪੰਜਾਬ ਸਰਕਾਰ ਲਾਲ ਬੱਤੀ ਦੀ ਵਰਤੋਂ ਸਬੰਧੀ ਨਵੇਂ ਸਿਰੇ ਤੋਂ ਨੋਟੀਫਿਕੇਸ਼ਨ ਜਾਰੀ ਕਰੇਗੀ। ਸੁਪਰੀਮ ਕੋਰਟ ਵੱਲੋਂ ਲਾਲ ਬੱਤੀ ਸਿਰਫ ਸੰਵਿਧਾਨਕ ਅਹੁਦਿਆਂ 'ਤੇ ਬੈਠੀਆਂ ਸ਼ਖ਼ਸੀਅਤਾਂ ਤੱਕ ਹੀ ਸੀਮਤ ਕਰਨ ਦੇ ਹੁਕਮਾਂ ਮਗਰੋਂ ਰਾਜ ਸਰਕਾਰ ਨੇ ਭਾਵੇਂ ਲਾਲ ਬੱਤੀ ਦਾ ਅਧਿਕਾਰ ਸੀਮਤ ਕਰਨ ਦਾ ਦਾਅਵਾ ਕੀਤਾ ਸੀ ਫਿਰ ਵੀ ਗ਼ੈਰਵਿਧਾਨਕ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਨੂੰ ਵੀ ਇਹ ਅਧਿਕਾਰ ਦੇ ਦਿੱਤੇ ਸਨ। ਜੇਕਰ ਸੁਪਰੀਮ ਕੋਰਟ ਦੇ ਤਾਜ਼ਾ ਹੁਕਮ ਲਾਗੂ ਹੁੰਦੇ ਹਨ ਤਾਂ ਵਿਧਾਇਕਾਂ, ਮੁੱਖ ਸੰਸਦੀ ਸਕੱਤਰਾਂ, ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਸਲਾਹਕਾਰਾਂ ਤੇ ਮੰਤਰੀਆਂ ਦੇ ਅਹੁਦਿਆਂ ਦਾ ਗ਼ੈਰਵਿਧਾਨਕ ਆਨੰਦ ਮਾਣ ਰਹੇ ਵਿਅਕਤੀਆਂ ਤੋਂ ਲਾਲ ਬੱਤੀ ਖੁੱਸ ਸਕਦੀ ਹੈ।

## ਲੁਧਿਆਣੇ ਵਿੱਚ ਤੇਜ਼ੀ ਨਾਲ ਪਸਰਦੀ ਜਾ ਰਹੀ ਹੈ ਵਿਦਿਅਕ ਮਾਡਲ ਸਨਅਤ

ਸਾਇੰਸ ਪ੍ਰਾਜੈਕਟ, ਡਰਾਇੰਗਾਂ , ਪ੍ਰੈਕਟੀਕਲ ਦੀਆਂ ਕਿਤਾਬਾਂ, ਵੱਖ-ਵੱਖ ਤਰ੍ਹਾਂ ਦੇ ਮਾਡਲ ਆਦਿ ਨੂੰ ਤਿਆਰ ਕਰਨ ਦਾ ਕੰਮ ਹੁਣ ਕਰੋੜਾਂ ਰੁਪਏ ਦੇ ਕਾਰੋਬਾਰ ਦੀ ਸ਼ਕਲ ਧਾਰਨ ਕਰ ਚੁਕਾ ਹੈ। ਜਿਹੜਾ ਕੰਮ ਬੱਚਿਆਂ ਦੀ ਜਾਣਕਾਰੀ ਤੇ ਕਲਪਨਾਸ਼ੀਲਤਾ ਵਿਚ ਵਾਧਾ ਕਰਨ ਲਈ ਕਰਵਾਇਆ ਜਾਣਾ ਚਾਹੀਦਾ ਹੈ, ਹੁਣ ਉਸ ਕੰਮ ਨੇ ਵਪਾਰ ਦਾ ਰੂਪ ਧਾਰਨ ਕਰ ਲਿਆ ਹੈ। ਵਿਦਿਅਕ ਅਦਾਰਿਆਂ ਵਿਚ ਅਧਿਆਪਕਾਂ ਵੱਲੋਂ ਬਚਿਆਂ ਨੂੰ ਦਿੱਤੇ ਜਾਂਦੇ ਵੱਖ-ਵੱਖ ਸਾਇੰਸ ਪ੍ਰਾਜੈਕਟਾਂ , ਡਰਾਇੰਗਾਂ , ਪ੍ਰੈਕਟੀਕਲ ਦੀਆਂ ਕਾਪੀਆਂ ਅਤੇ ਵੱਖ-ਵੱਖ ਤਰ੍ਹਾਂ ਦੇ ਮਾਡਲ ਤਿਆਰ ਕਰਨ ਵਰਗੇ ਕੰਮ ਹੁਣ ਵਿਦਿਆਰਥੀ ਆਪ ਤਿਆਰ ਨਹੀਂ ਕਰਦੇ। ਇਹ ਤਿਆਰ ਕਰਵਾਏ ਜਾਂਦੇ ਹਨ ਅਤੇ ਉਹ ਵੀ ਪੇਸ਼ੇਵਰਾਂ ਪਾਸੋਂ। ਇਹ ਕੰਮ ਵਿਦਿਆਰਥੀਆਂ ਨੂੰ ਦਿੱਤੇ ਜਾਂਦੇ ਪਰ ਇਨ੍ਹਾਂ ਨੂੰ ਉਹ ਆਪ ਨਹੀ ਬਣਾਉਂਦੇ।

ਕਰੀਬ ਕਰੀਬ ਹਰ ਸਕੂਲ ਦੇ ਸਾਹਮਣੇ ਜਾਂ ਆਲੇ-ਦੁਆਲੇ ਅਜਿਹੀਆਂ ਕਈ ਦੁਕਾਨਾਂ ਸਹਿਜੇ ਹੀ ਮਿਲ ਜਾਣਗੀਆਂ, ਜਿਨ੍ਹਾਂ ਦੇ ਬਾਹਰ ਵੱਡੇ-ਵੱਡੇ ਬੋਰਡ ਲੱਗੇ ਹੁੰਦੇ ਹਨ, ਕਿ "ਇਥੇ ਮਾਡਲ ਤਿਆਰ ਕੀਤੇ ਜਾਂਦੇ ਹਨ। ਹਰ ਸਾਲ ਸਾਇੰਸ ਦੇ ਵਿਦਿਆਰਥੀ ਨੂੰ ਕਲਾਸ ਦੇ ਹਿਸਾਬ ਨਾਲ 2 ਤੋਂ 5 ਮਾਡਲ ਤਿਆਰ ਕਰਨ ਲਈ ਕਿਹਾ ਜਾਂਦਾ ਹੈ, ਇਨ੍ਹਾਂ ਵਿਚ 50 ਫੀਸਦੀ ਤੋਂ ਜ਼ਿਆਦਾ ਮਾਡਲ ਇਸ ਕਾਰੋਬਾਰ ਵਿਚ ਜੁੜੇ ਲੋਕ ਹੀ ਬਣਾ ਕੇ ਦਿੰਦੇ ਹਨ। ਲੁਧਿਆਣਾ ਵਿਚ ਅਜਿਹੀਆਂ 200 ਤੋਂ ਵਧੇਰੇ ਦੁਕਾਨਾਂ ਖੁੱਲ੍ਹ ਚੁੱਕੀਆਂ ਹਨ ਅਤੇ ਹੋਰ ਖੁੱਲ੍ਹ ਰਹੀਆਂ ਹਨ।

ਸ਼ਹਿਰ ਦੇ ਇਕ ਨਾਮੀ ਕਾਲਜ ਦੇ ਬਾਹਰ ਸਥਿਤ ਇਕ ਦੁਕਾਨ ਮਾਲਕ ਨੇ ਗੱਲ ਕਰਦਿਆਂ ਦੱਸਿਆ ਕਿ ਉਹ ਪਿਛਲੇ 5 ਸਾਲਾਂ ਤੋਂ ਇਸ ਕਾਰੋਬਾਰ ਵਿਚ ਹਨ ਅਤੇ ਉਨ੍ਹਾਂ ਤੋਂ ਸਾਇੰਸ ਨਾਲ ਜੁੜੇ ਵਿਸ਼ਿਆਂ ਦੇ ਪ੍ਰਾਜੈਕਟ ਤਿਆਰ ਕਰਵਾਉਣ ਵਾਲੇ ਵਿਦਿਆਰਥੀਆਂ ਦੀ ਤਾਦਾਦ ਲਗਾਤਾਰ ਵਧਦੀ ਜਾ ਰਹੀ ਹੈ। ਇਸ ਦੁਕਾਨਦਾਰ ਅਨੁਸਾਰ ਕਈ ਵਾਰ ਵਿਦਿਆਰਥੀ ਵੱਲੋਂ ਘਰ ਵਿਚ ਹੀ ਪ੍ਰਾਜੈਕਟ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਪਰ ਉਸ ਵਿਚ ਸਫਾਈ ਨਹੀ ਆਉਂਦੀ। ਸਾਡੇ ਵੱਲੋਂ ਤਿਆਰ ਕੀਤੇ ਜਾਂਦੇ ਪ੍ਰਾਜੈਕਟ ਚੰਗੀ ਕੁਆਲਿਟੀ ਤੇ ਬਿਲਕੁਲ ਅਸਲੀ ਤਰ੍ਹਾਂ ਦੇ ਲੱਗਣ ਵਾਲੇ ਹੁੰਦੇ ਹਨ। ਇਨ੍ਹਾਂ ਮਾਡਲਾਂ ਦੀ ਕੀਮਤ 500 ਰੁਪਏ ਤੋਂ ਸ਼ੁਰੂ ਹੋ ਕੇ 5000 ਤਕ ਹੋ ਸਕਦੀ ਹੈ।

ਆਰ ਐਸ ਮਾਡਲ ਸਕੂਲ ਹੈਬੋਵਾਲ ਦੇ ਪ੍ਰਿੰਸੀਪਲ ਰਵੀ ਨੰਦਨ ਸ਼ਰਮਾ ਨੇ ਦੱਸਿਆ ਕਿ ਵਿਦਿਆਰਥੀ ਨੂੰ ਸਾਇੰਸ ਪ੍ਰਾਜੈਕਟ, ਡਰਾਇੰਗਾਂ , ਪ੍ਰੈਕਟੀਕਲ ਦੀਆਂ ਕਾਪੀਆਂ ਜਾਂ ਮਾਡਲ ਤਿਆਰ ਕਰਨ ਨੂੰ ਦੇਣ ਦਾ ਮੁੱਖ ਮਕਸਦ ਵਿਦਿਆਰਥੀ ਦਾ ਹਰ ਪੱਖੋਂ ਵਿਕਾਸ ਕਰਨਾ ਹੁੰਦਾ ਹੈ, ਉਨ੍ਹਾਂ ਕਿਹਾ ਕਿ ਜਿਹੜੇ ਬੱਚੇ ਬਾਹਰੋਂ ਮਾਡਲ ਤਿਆਰ ਕਰਵਾਉਂਦੇ ਹਨ , ਉਹ ਆਪਣੇ ਹੀ ਭਵਿੱਖ ਨਾਲ ਖਿਲਵਾੜ ਕਰ ਰਹੇ ਹੁੰਦੇ ਹਨ । ਦੂਜੇ ਪਾਸੇ ਇਕ ਹੋਰ ਸਕੂਲ ਦੇ ਕੁਝ ਵਿਦਿਆਰਥੀਆਂ ਨੇ ਕਿਹਾ ਕਿ ਉਨ੍ਹਾਂ ਦੇ ਅਧਿਆਪਕ ਹੀ ਉਨ੍ਹਾਂ ਨੂੰ ਦੱਸ ਪਾਉਂਦੇ ਹਨ ਕਿ ਪ੍ਰਾਜੈਕਟ ਕਿਸ ਦੁਕਾਨ ਤੋਂ ਤਿਆਰ ਕਰਵਾਏ ਜਾਣ। ਇਕ ਵਿਦਿਆਰਥੀ ਅਨੁਸਾਰ ਅਧਿਆਪਕਾਂ ਨੂੰ ਪਤਾ ਹੁੰਦਾ ਹੈ ਕਿ ਪ੍ਰਾਜੈਕਟ ਸਾਥੋਂ ਬਨਦਾ ਨਹੀਂ, ਇਸ ਲਈ ਉਹ ਸਾਨੂੰ ਨਾਲ ਹੀ ਦੁਕਾਨਾਂ ਦਾ ਕਾਰਡ ਵੀ ਦੇ ਦਿੰਦੇ ਹਨ। ਜੇ ਅਸੀਂ ਆਪ ਤਿਆਰ ਕਰੀਏ ਤਾਂ ਸਾਡੇ ਪ੍ਰਾਜੈਕਟਾਂ ਨੂੰ ਰੱਦ ਕਰ ਦਿੱਤਾ ਜਾਂਦਾ ਹੈ ਜਾਂ ਨੰਬਰ ਬਹੁਤ ਘੱਟ ਦਿੱਤੇ ਜਾਂਦੇ ਹਨ।

ਦੂਜੇ ਪਾਸੇ ਕਈ ਅਧਿਆਪਕਾਂ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਦੂਸਰੀ-ਤੀਸਰੀ ਜਮਾਤ ਦੇ ਵਿਦਿਆਰਥੀਆਂ ਨੂੰ ਵੀ ਸਿਲੇਬਸ ਵਿਚ ਅਜਿਹੇ ਮਾਡਲ ਬਣਾਉਣ ਲਈ ਆ ਰਹੇ ਹਨ ਜੋ ਕਿ ਛੋਟੇ ਬੱਚੇ ਖੁਦ ਤਿਆਰ ਹੀ ਨਹੀਂ ਕਰ ਸਕਦੇ। ਅਧਿਆਪਕਾਂ ਨੂੰ ਇਸ ਗੱਲ ਦਾ ਗਿਆਨ ਹੁੰਦਾ ਹੈ ਕਿ ਬੱਚੇ ਬਾਹਰੋਂ ਮਾਡਲ ਤਿਆਰ ਕਰਵਾ ਕੇ ਆਏ ਹਨ, ਪਰ "ਸਾਡੇ ਕੋਲ ਕੋਈ ਹੋਰ ਚਾਰਾ ਨਹੀਂ। ਸਿਲੇਬਸ ਬਣਾਉਣ ਵਾਲੀਆਂ ਕਮੇਟੀਆਂ ਤੇ ਇਸ ਨੂੰ ਲਾਗੂ ਕਰਨ ਵਾਲੇ ਵਿਦਿਅਕ ਅਦਾਰਿਆਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਉਹ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ 'ਤੇ ਬੇਲੋੜਾ ਬੋਝ ਕਿਉਂ ਪਾ ਰਹੇ ਹਨ।


ALBERTA CARPET CENTRE LTD.
FLOOR COVERING CARPET LINO TILES GRANITE SLATE AREA RUGS HARDWOOD & LAMINATE
4238 99 St. Edmonton
GLASS MOSAICS STARTING AT 4.99/SF (4260 SF IN STOCK)
CARPET REM UNDER 7' x 12' ONLY 00.50 ¢/SQ FT
CARPET REM OVER 7' x 12' ONLY 00.89 ¢/SQ FT
MILLION DOLLAR INVENTORY REDUCTION SALE
PATTERNED CARPET 1.99/ SQ FT ( 11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)
SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON
MAPLEHARDWOOD 4/4 x 5/8" 3.99 / SF (4,000 SF IN STOCK)
HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5" x 13.5" 1.29/SF (8870 IN STOCK) 2 COLORS TO CHOOSE
PORCELEIN TILE 13" x 13" 1.79/ SF (20,239 SF IN STOCK) 4 COLORS TO CHOOSE
SUPER BLOWOUT SALE!
CALL BALBIR SINGH JAGGI
780 435 9410
Fax: 780 435 2596


ROCKY'S PIZZA
Phone 780-423-2323
4227 - 23 Ave Edmonton, AB T6L 5Z8
Now Open - Take Out and Delivery
Hockey Game Day Specials
Open until 11:00 PM Weekdays & 12:00 AM Friday & Saturday
ROCKY'S PIZZA
PACKS A LOT OF PUNCH!!


Lunch & Dinner Buffet
ALL INDIA
RESTAURANT & SWEETS
780-463-7770 • 4249 – 23 Ave Edmonton, AB T6L 5Z8 • www.allindiarestaurant.ca

‘ਨਵੀਂ ਦੁਨੀਆ’ ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ
ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ

A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







## A-WIN: MAKING LIFE EASY

### Who We Are

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**







### What we Offer

Home / Auto Insurance
RV Insurance
Travel Insurance
Emergency Road Services
Auto Mobile Warranty Services
Commercial Insurance
D & O Coverage / E & O Insurance

- ਕਾਰ, ਮੋਟਰਸਾਈਕਲ ਇੰਸ਼ੌਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੌਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੌਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੌਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI
SASKATCHEWAN MUTUAL INSURANCE COMPANY

**Discounts up to 60%**

**Payment Options available**

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

**We Provide Services In English, Punjabi, Hindi & Urdu**

**Edmonton: 780-465-6900**
ਜਸਵੀਰ ਦਿਓਲ, ਨਵਤੇਜ ਬੈਂਸ, ਰਮਨ ਗਿੱਲ, ਰਾਜਬੀਰ ਸਿੰਘ, ਸਿਮਰਨ ਸਿੱਧੂ, ਮਨਿੰਦਰ ਕੌਰ

**Calgary: 403-775-2100**
ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

**ADVANCED Roofing Systems Ltd.**

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits, Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licenced & Insured
- Pine Shake Replacement
- Roof Top Snow removel
- FREE Estimates



Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

**Gurkeerat Holding Ltd.**



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

**G DRIVING SCHOOL LTD.**

Authorised teach Certification Course



Gurcharan Singh Garcha (M.Sc. M.Ed.)

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu



- Male & Female Instructors are available
- VEHICLE PROVIDE FOR ROAD TEST
- Free Pickup & Drop Off in Edmonton & Area

9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com

**PIZZA 99**

*Serving for over 16 years*





Call (780) 450-9900

ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ

ਪਰਮਜੀਤ ਸਿੰਘ ਬਾਠ

FREE DELIVERY Millwoods ONLY

*Buy any Pizza at regular price & get Second Pizza of equal or less value Free or Chicken wings Free and 3rd Pizza Half Price.*

www.pizza99.com

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE — 1543 Millwoods Road East, Edmonton AB.

**Sidhu Stucco Ltd.**

Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।

Stucco is a versatile, beautiful, durable and fire resistant cladding.



All kind of Stucco
Acrylic & Rain Screen

Harinder Dhaliwal
(780) 297-9165

**EconoLodge** BY CHOICE HOTELS

**Red Deer Econo Lodge Inn & Suites**

www.choicehotels.com

Reservations 1-877-424-6423



'ਨਵੀਂ ਦੁਨੀਆ' ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ



403-346-4188
Cell: 403-505-4188
Email: econolodgereddeer@shaw.ca



Varinder Sidhu
President

37433 Highway 2 South, East Side Gasoline Alley
Red Deer, Alberta T4E 1B3

**$299,900**

Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000



ਫਾਇਨਾਂਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ
FINANCING AVAILABLE
No Down Payment, No Problem
Call Rennie @ 780-966-1688
rennie1688@gmail.com


‘ਨਵੀਂ ਦੁਨੀਆ’ ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ
Nu Tech Plumbing
Services & Maintenance for
Residential & Commercial Projects
Licensed Insured Bonded
Email : nutechplumbing@gmail.com
Gurpreet Mann
Jagwant Wraich
780-267-8033
FAX
780-450-2464


‘ਨਵੀਂ ਦੁਨੀਆ’ ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ
WHITEROCK VENTURES INC.
5810 MERIDIAN STREET, EDMONTON, AB T6P 1R4
www.whiterockventures.ca
Email: sales@whiterockventures.ca
Sand & Gravel
Road Crush (3/4") - 20mm
Road Crush (1 1/2") - 40mm
Masonry Sand
Play Sand
Washed Sand
Fill Sand
Washed Rock
Pea Gravel (3/8") - 10mm
Washed Rock (3/4") - 20mm
Washed Rock (1 1/2") - 40mm
Washed Rock White (1 1/2") - 40mm
River Rock
Wood Products
Cedar Mulch
Black & Red Mulch
Small & Big Bark
Cedar Chips
Soil
Screened Top Soil
Garden Mix
Peat Moss
Rainbow Rock
Montana Rainbow Rock (1 1/2" to 2") - 40mm
Rainbow Rock (3/8") - 10mm
Rainbow Rock (3/4") - 20mm
Rainbow Rock (1 1/2" to 2") - 40mm
Rainbow Rock (2" to 4")
Decorative Rock
Red Shale (3/8") - 10mm
Red Shale (3/4") - 20mm
Red Shale (1 1/2" to 2") - 40mm
Pink Granite (1 1/2") - 40mm
Crystal White (3/4") - 20mm
Crystal White (1 1/2") - 40mm
Rip Rap
4" - 12" Natural Round
Field Stone - 2", 2' to 4", 4' to 6", 8' to 12", 12' to 24"
2" Natural Stone
Weed Barrier
Weed Barrier Ultra 4' x 250' - 5.39oz
Weed Barrier Ultra 6' x 250' - 5.39oz
Weed Barrier Ultra 8' x 250' - 5.39oz
Weed Barrier Ultra 12' x 250' - 5.39oz
Weed Barrier 3' x 300' - 3.49oz
Weed Barrier 4' x 300' - 3.49oz
TEL: 780.469.0819
FAX: 780.469.0829

# ਗ਼ਦਰ ਲਹਿਰ ਦੇ ਅਨਮੋਲ ਹੀਰੇ



ਬਾਬਾ ਸੋਹਣ ਸਿੰਘ ਭਕਨਾ
ਪਹਿਲੇ ਪ੍ਰਧਾਨ

ਬਾਬਾ ਕੇਸਰ ਸਿੰਘ ਠੱਠਗੜ੍ਹ
ਪਹਿਲਾ ਮੀਤ ਪ੍ਰਧਾਨ

ਲਾਲਾ ਹਰਦਿਆਲ
ਪਹਿਲੇ ਜਨਰਲ ਸਕੱਤਰ, ਗ਼ਦਰ ਸੰਪਾਦਕ ਦੇ ਪਹਿਲੇ ਸੰਪਾਦਕ

ਪੰਡਤ ਕਾਂਸ਼ੀ ਰਾਮ ਮੜੌਲੀ
ਪਹਿਲੇ ਖ਼ਜ਼ਾਨਚੀ

ਕਰਤਾਰ ਸਿੰਘ ਸਰਾਭਾ
ਪੰਜਾਬੀ ਦੀ ਗ਼ਦਰ ਅਖ਼ਬਾਰ ਲਿਖਣ ਤੇ ਛਾਪਣ ਵਾਲੇ

ਸੰਤੋਖ ਸਿੰਘ ਕਿਰਤੀ
ਗ਼ਦਰ ਅਖ਼ਬਾਰ ਦੇ ਸੰਪਾਦਕ ਅਤੇ 1914-21 ਤਕ ਪਾਰਟੀ ਦੇ ਜਨਰਲ ਸਕੱਤਰ

ਦਲੀਪ ਸਿੰਘ
ਪ੍ਰਧਾਨ –1914–15

ਮੌਲਵੀ ਬਰਕਲ ਉਲਾ
ਉਪ ਪ੍ਰਧਾਨ



ਸੰਤਾ ਸਿੰਘ
ਪ੍ਰਧਾਨ – 1919

ਹਰਨਾਮ ਸਿੰਘ ਟੁੰਡੀਲਾਟ
ਰਾਜਸੀ ਕਮਿਸ਼ਨ ਮੈਂਬਰ ਅਤੇ ਗ਼ਦਰ ਗੂੰਜਾਂ ਦੇ ਵਧੀਆ ਕਵੀ

ਬਾਬਾ ਜਵਾਲਾ ਸਿੰਘ ਠੱਠੀਆਂ
ਮੀਤ ਪ੍ਰਧਾਨ

ਗੁਰਦਿੱਤ ਸਿੰਘ ਕਾਮਾਗਾਟਾਮਾਰੂ
ਕਾਮਾਗਾਟਾਮਾਰੂ ਜਹਾਜ਼ ਕਿਰਾਏ 'ਤੇ ਲੈਣ ਵਾਲੇ

ਪੂਰਨ ਸਿੰਘ ਜੰਡਿਆਲਾ
ਸਕੱਤਰ – 1924 ਅਤੇ ਗ਼ਦਰ ਅਖ਼ਬਾਰ ਦੇ ਸੰਪਾਦਕ

ਰਾਜਾ ਮਹਿੰਦਰ ਪ੍ਰਤਾਪ
ਕਾਬਲ 'ਚ ਆਰਜ਼ੀ ਹਿੰਦ ਸਰਕਾਰ ਦੇ ਰਾਸ਼ਟਰਪਤੀ

ਮੈਡਮ ਕਾਮਾ
1907 'ਚ ਭਾਰਤ ਦਾ ਪਹਿਲਾ ਕੌਮੀ ਝੰਡਾ ਲਹਿਰਾਉਣ ਵਾਲੀ

ਅਮਰ ਸਿੰਘ ਸੰਧਵਾਂ
ਦੇਸ਼ ਭਗਤ ਯਾਦਗਾਰ ਹਾਲ ਦੀ ਨੀਂਹ ਰੱਖਣ ਵਾਲੇ



ਬੀਬੀ ਗੁਲਾਬ ਕੌਰ

ਗੁੱਜਰ ਸਿੰਘ

ਵਿਸ਼ਨੂੰ ਗਣੇਸ਼ ਪਿੰਗਲੇ

ਰਾਸ ਬਿਹਾਰੀ ਬੋਸ

ਰਹਿਮਤ ਅਲੀ ਵਜ਼ੀਦਕੇ

ਬੰਤਾ ਸਿੰਘ ਸੰਘਵਾਲ

ਹਰਜਾਪ ਸਿੰਘ ਮਾਹਿਲਪੁਰ

ਬੁੱਢਾ ਸਿੰਘ ਫੇਲੋਕੇ



ਹਸਨ ਰਹੀਮ

ਖਾਨ ਖੋਜੇ

ਭਾਈ ਰਤਨ ਸਿੰਘ

ਮਾਸਟਰ ਊਧਮ ਸਿੰਘ ਕਸੇਲ

ਪੰਡਤ ਸੋਹਣ ਲਾਲ ਪਾਠਕ

ਭਾਈ ਪਰਮਾਨੰਦ ਝਾਂਸੀ

ਬਾਬਾ ਗੁਰਮੁੱਖ ਸਿੰਘ ਲਲਤੋਂ

ਸ਼ੇਰ ਸਿੰਘ ਵੇਈਂ ਪੁਈਂ



ਸੰਤ ਬਾਬਾ ਵਸਾਖਾ ਸਿੰਘ

ਸਚਿੰਦਰ ਨਾਥ ਸਨਿਆਲ

ਸੱਜਣ ਸਿੰਘ ਨਾਰੰਗਵਾਲ

ਅਬਦੁਲਾ (ਟਪਰਾਲ)

ਅਮਰ ਸਿੰਘ ਨਿਹੰਗ

ਅਛਰ ਸਿੰਘ ਛੀਨਾ

ਭਾਗ ਸਿੰਘ ਕਨੇਡੀਅਨ

ਭਾਗ ਸਿੰਘ ਭਿੱਖੀਵਿੰਡ




ਯਾਦਾਂ 1997 : (ਬੈਠੇ) ਡਾ. ਹਰਮਿੰਦਰ ਕੌਰ ਜੋਗਾ, ਗੁਰਮੀਤ ਸਿੰਘ, ਅਮੋਲਕ ਸਿੰਘ, ਸੁਰਿੰਦਰ ਕੁਮਾਰੀ, ਗੁਰਮੀਤ ਸਿੰਘ ਢੱਡਾ, ਪ੍ਰਿਥੀਪਾਲ ਸਿੰਘ, (ਕੁਰਸੀਆਂ) ਅਮਰਜੀਤ ਸਿੰਘ ਢੁਡੀਕੇ, ਕੈਪਟਨ ਰਣਜੀਤ ਸਿੰਘ, ਭਗਤ ਸਿੰਘ, ਚੈਨ ਸਿੰਘ ਚੈਨ, ਗੰਧਰਵ ਸੇਨ ਕੋਛੜ, ਭਗਤ ਸਿੰਘ ਬਿਲਗਾ (ਪ੍ਰਧਾਨ), ਨੌਨਿਹਾਲ ਸਿੰਘ (ਜਨਰਲ ਸਕੱਤਰ), ਕਰਨੈਲ ਸਿੰਘ, ਜਗਜੀਤ ਸਿੰਘ ਲਾਇਲਪੁਰੀ, ਸਤਪਾਲ ਡਾਂਗ, ਵਿਮਲਾ ਡਾਂਗ, ਪ੍ਰੇਮ ਸਿੰਘ, ਦਲਬੀਰ ਕੌਰ, ਰਘਬੀਰ ਕੌਰ, (ਖੜੇ) ਰਾਜੇਸ਼ਵਰ ਸਿੰਘ, ਚੰਦ ਸਿੰਘ ਚੋਪੜਾ, ਮੰਗਤ ਰਾਮ ਪਾਸਲਾ, ਦਰਬਾਰਾ ਸਿੰਘ ਢਿੱਲੋਂ, ਕੁਲਵੰਤ ਸਿੰਘ ਸੰਧੂ, ਕੁਲਵੰਤ ਸਿੰਘ, ਅਜਮੇਰ ਸਿੰਘ, ਰਘਬੀਰ ਸਿੰਘ ਛੀਨਾ, ਗੁਰਬਖਸ਼ ਸਿੰਘ ਬਨੂੰਆਣਾ।

## ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੌਜੂਦਾ ਐਗਜ਼ੈਗਟਿਵ ਮੈਂਬਰ



ਕਾਮਰੇਡ ਦਰਬਾਰਾ ਸਿੰਘ ਢਿੱਲੋਂ
ਪ੍ਰਧਾਨ

ਕਾਮਰੇਡ ਅਜਮੇਰ ਸਿੰਘ ਸਮਰਾ
ਮੀਤ ਪ੍ਰਧਾਨ

ਇੰਜੀ. ਸੀਤਲ ਸਿੰਘ ਸੰਘਾ
ਖਜ਼ਾਨਚੀ

ਡਾ. ਰਘਬੀਰ ਕੌਰ
ਜਨਰਲ ਸਕੱਤਰ

ਪ੍ਰਗਟ ਸਿੰਘ ਜਾਮਾਰਾਏ
ਸਹਾਇਕ ਸਕੱਤਰ

ਪੇਸ਼ਕਸ਼ : – ਕੁਲ ਸੰਸਾਰ ਇਕ ਪਰਿਵਾਰ... ਨਵੀਂ ਦੁਨੀਆ

# ਇਨਕਲਾਬੀ ਇਤਿਹਾਸ ਦਾ ਪ੍ਰਤੀਬਿੰਬ : ਦੇਸ਼ ਭਗਤ ਯਾਦਗਾਰ ਹਾਲ, ਜਲੰਧਰ



ਡਾ. ਰਘਬੀਰ ਕੌਰ
+91-94172-25365
dbycjal@gmail.com



**ਇਤਿਹਾਸਕ ਪਿਛੋਕੜ**

ਦੇਸ਼ ਭਗਤ ਯਾਦਗਾਰ ਹਾਲ ਉਹਨਾਂ ਸੂਰਬੀਰ ਗ਼ਦਰੀ ਯੋਧਿਆਂ ਦੀ ਯਾਦ 'ਚ ਉਸਰਿਆ ਜਿਹਨਾਂ ਨੇ 1914-15 'ਚ ਅੰਗਰੇਜ਼ੀ ਸਾਮਰਾਜ ਦੇ ਖ਼ੂਨੀ ਪੰਜੇ 'ਚੋਂ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਲਈ ਆਪਣੀਆਂ ਕੁਰਬਾਨੀਆਂ ਦੇ ਦਿੱਤੀਆਂ ਸਨ। ਭਾਰਤ ਦੇ ਸੁਤੰਤਰਤਾ ਸੰਗਰਾਮ ਲਈ ਪਹਿਲ ਕਦਮੀ ਕਰਨ ਵਾਲੇ ਸੈਂਕੜੇ ਦੇਸ਼ ਭਗਤ ਫਾਂਸੀਆਂ 'ਤੇ ਚੜ੍ਹਾਏ ਗਏ, ਸੈਂਕੜਿਆਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਗਈਆਂ ਤੇ ਸੈਂਕੜਿਆਂ ਨੂੰ ਜਲਾਵਤਨੀ ਕਰਕੇ ਕਾਲੇ ਪਾਣੀ ਭੇਜ ਦਿੱਤਾ ਗਿਆ। ਗ਼ਦਰੀ ਸੂਰਬੀਰ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਭਵਿੱਖ 'ਚ ਲੋਕਾਂ ਦੇ ਮਨਾਂ 'ਚ ਸਦੀਵੀ ਜਿਊਂਦਾ ਰੱਖਣ ਲਈ ਦੇਸ਼ ਭਗਤਾਂ ਵਲੋਂ ਉਸਾਰੀ ਗਈ ਇਹ ਯਾਦਗਾਰ ਮਹਿਜ਼ ਇਕ ਇਮਾਰਤ ਨਹੀਂ ਸਗੋਂ ਭਾਰਤੀ ਕੌਮ ਲਈ ਇਕ ਚਾਨਣ ਮੁਨਾਰਾ ਹੈ। ਦਰਅਸਲ 13 ਅਪ੍ਰੈਲ 1919 ਦੀ ਖ਼ੂਨੀ ਵਿਸਾਖੀ ਪਿਛੋਂ ਦੇਸ਼ ਭਗਤ ਗ਼ਦਰੀ ਬਾਬੇ ਇਹ ਸੋਚਣ ਲਈ ਮਜਬੂਰ ਹੋ ਗਏ ਕਿ ਕੋਈ ਐਸੀ ਵਿਉਂਤ ਬਣਾਈ ਜਾਵੇ ਜੋ ਜੇਲ੍ਹਾਂ ਵਿਚ ਕੈਦਾਂ ਕੱਟ ਰਹੇ ਤੇ ਪੁਲਸ ਦਾ ਤਸ਼ੱਦਦ ਝੱਲ ਰਹੇ ਹਨ, ਉਨ੍ਹਾਂ ਦੇ ਪਰਿਵਾਰਾਂ ਦੀ ਮਾਲੀ ਸਹਾਇਤਾ ਕੀਤੀ ਜਾ ਸਕੇ। ਜੇ ਇਨ੍ਹਾਂ ਦੇਸ਼ ਭਗਤਾਂ ਤੇ ਕੌਮੀ ਸੇਵਕਾਂ ਦੇ ਪਰਿਵਾਰਾਂ ਦੀ ਸਾਰ ਨਾ ਲਈ ਗਈ ਤਾਂ ਅੱਗੋਂ ਲਈ ਕੌਮੀ ਲਹਿਰਾਂ ਚਲਣੀਆਂ ਅਸੰਭਵ ਹੋ ਜਾਣਗੀਆਂ। ਫਲਸਰੂਪ 27 ਦਸੰਬਰ 1919 ਨੂੰ ਸਿੱਖ ਲੀਗ ਦਾ ਗਠਨ ਹੋਇਆ। ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਹਰਚੰਦ ਸਿੰਘ ਲਾਇਲਪੁਰੀ, ਸਰਦੂਲ ਸਿੰਘ ਕਵੀਸ਼ਰ, ਗਿਆਨੀ ਹੀਰਾ ਸਿੰਘ ਦਰਦ ਤੇ ਉਹਨਾਂ ਦੇ ਸਾਥੀਆਂ ਨੇ ਲਾਹੌਰ ਤੋਂ 'ਅਕਾਲੀ' ਅਖ਼ਬਾਰ ਕੱਢਣ ਦਾ ਫੈਸਲਾ ਕੀਤਾ। 21 ਮਈ 1920 ਨੂੰ ਪਹਿਲਾ ਪਰਚਾ ਛਾਪ ਦਿੱਤਾ। ਇਸ ਨਾਲ ਦੇਸ਼ ਭਗਤਾਂ ਵਲੋਂ ਬ੍ਰਿਟਿਸ਼ ਸਾਮਰਾਜ ਵਿਰੁੱਧ ਪ੍ਰਚਾਰ ਕਰਨ ਦਾ ਠੋਸ ਅਧਾਰ ਤਿਆਰ ਹੋ ਗਿਆ। ਸੰਨ 1920 ਈ. ਵਿਚ 'ਸੈਂਟਰਲ ਸਿੱਖ ਲੀਗ' ਵਲੋਂ ਪੁਲੀਟੀਕਲ ਕੈਦੀ ਪ੍ਰਵਾਰ ਸਹਾਇਕ ਕਮੇਟੀ ਬਣਾਈ ਗਈ ਸੀ ਜੋ ਰਾਜਸੀ ਕੈਦੀਆਂ ਦੇ ਪਰਿਵਾਰਾਂ ਲਈ ਫੰਡ ਇਕੱਠਾ ਕਰਕੇ ਮਦਦ ਕਰਦੀ ਸੀ। ਇਸੇ ਕਮੇਟੀ ਨੇ ਪਾਸ ਕੀਤਾ ਕਿ ਬੱਬਰ ਅਕਾਲੀਆਂ ਨੂੰ ਹੁਣੇ-ਹੁਣੇ ਫਾਂਸੀ ਹੋਈ ਹੈ ਇਸ ਲਈ ਉਹਨਾਂ ਦੇ ਪਰਿਵਾਰਾਂ ਤੇ। ਸੰਤ ਬਾਬਾ ਵਸਾਖਾ ਸਿੰਘ ਅੰਡੇਮਾਨ ਜੇਲ੍ਹ ਤੋਂ ਰਿਹਾਅ ਕਰ ਦਿੱਤੇ ਗਏ। ਬਾਬਾ ਗੁਰਮੁੱਖ ਸਿੰਘ ਅਤੇ ਭਾਈ ਸੰਤੋਖ ਸਿੰਘ ਧਰਦਿਉ ਵੀ ਭਾਰਤ ਪਹੁੰਚ ਚੁੱਕੇ ਸਨ। ਬਾਬਾ ਈਸ਼ਰ ਸਿੰਘ ਮਰਹਾਣਾ ਸਮੇਤ ਹੋਰ ਕਈ ਦੇਸ਼ ਭਗਤਾਂ ਤੇ ਵੀ ਲੱਗੀਆਂ ਪਾਬੰਦੀਆਂ ਹਟਾ ਲਈਆਂ ਗਈਆਂ ਸਨ। ਬਾਬਾ ਵਸਾਖਾ ਸਿੰਘ ਦੇ ਸੱਦੇ 'ਤੇ ਇਨ੍ਹਾਂ ਸਾਰੇ ਦੇਸ਼ ਭਗਤਾਂ ਨੇ ਇਕੱਠੇ ਹੋ ਕੇ ਵਿਚਾਰ ਕੀਤੀ ਕਿ ਕਿਸ ਤਰ੍ਹਾਂ ਸ਼ਹੀਦ ਹੋ ਚੁੱਕੇ ਅਤੇ ਜੇਲ੍ਹਾਂ ਵਿਚ ਸਜ਼ਾਵਾਂ ਭੁਗਤ ਰਹੇ ਕੈਦੀਆਂ ਦੇ ਪਰਿਵਾਰਾਂ ਦੀ ਸਹਾਇਤਾ ਕੀਤੀ ਜਾਵੇ।

**ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ**

ਇਸ ਉਦੇਸ਼ ਨੂੰ ਮੁੱਖ ਰੱਖ ਕੇ 1923 ਵਿਚ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦਾ ਗਠਨ ਹੋਇਆ। ਇਸ ਕਮੇਟੀ ਦੇ ਪ੍ਰਧਾਨ ਬਾਬਾ ਵਸਾਖਾ ਸਿੰਘ ਨੂੰ ਥਾਪਿਆ ਗਿਆ। ਮਿਤੀ 26-8-1931 ਨੂੰ ਬਾਬਾ ਵਸਾਖਾ ਸਿੰਘ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿਚ ਜੇਲ੍ਹ 'ਚੋਂ ਰਿਹਾਅ ਹੋਏ ਪੁਰਾਣੇ ਦੇਸ਼ ਭਗਤਾਂ ਨੂੰ ਵੀ ਬੁਲਾਇਆ ਗਿਆ ਸੀ। ਮੀਟਿੰਗ ਵਿਚ ਪਾਸ ਹੋਇਆ ਕਿ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਅੱਜ ਤੋਂ ਆਜ਼ਾਦ ਹੈ, ਸਿੱਖ ਲੀਗ ਜਾਂ ਹੋਰ ਕਿਸੇ ਵੀ ਸੁਸਾਇਟੀ ਦੇ ਅਧੀਨ ਨਹੀਂ ਹੋਵੇਗੀ। ਫੇਰ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਵਲੋਂ ਇਕ ਆਨਾ ਫੰਡ ਦੀ ਅਪੀਲ ਕੀਤੀ ਗਈ। ਅਪੀਲ ਕਰਨ ਵਾਲਿਆਂ ਵਿਚ ਸਨ-ਨਿਧਾਨ ਸਿੰਘ ਚੁੱਘਾ ਮੀਤ ਪ੍ਰਧਾਨ, ਹਰਨਾਮ ਸਿੰਘ (ਟੁੰਡੀਲਾਟ) ਸਕੱਤਰ, ਜੁਆਲਾ ਸਿੰਘ (ਠੱਠੀਆਂ), ਸ਼ੇਰ ਸਿੰਘ (ਵੇਈਂ ਪੁਈਂ), ਈਸ਼ਰ ਸਿੰਘ (ਮਰਹਾਣਾ), ਭਗਵਾਨ ਸਿੰਘ (ਦੁਸਾਂਝ), ਅਰਜੁਨ ਸਿੰਘ 'ਗੜਗੱਜ', ਮੈਂਬਰ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ, ਅੰਮ੍ਰਿਤਸਰ । ਫੇਰ ਪਾਸ ਹੋਇਆ ਕਿ 1914-15 ਦੇ ਸ਼ਹੀਦਾਂ ਦੀ ਯਾਦਗਾਰ ਨੂੰ ਕਾਇਮ ਰੱਖਣ ਵਾਸਤੇ ਇਕ ਬੋਰਡ ਬਣਾਇਆ ਜਾਵੇ। ਇਹ ਬੋਰਡ ਆਮ ਲੋਕਾਂ ਦੀ ਜੋ ਮੁਲਕ ਦਾ ਦਿਲਾਂ ਅੰਦਰ ਪਿਆਰ ਰੱਖਦੇ ਹਨ, ਰਾਵਾਂ ਤੇ ਤਜਵੀਜਾਂ ਇਕੱਠੀਆਂ ਕਰਕੇ ਫੈਸਲਾ ਕਰੇ, ਪਈ ਕਿਸ ਤਰ੍ਹਾਂ ਨਾਲ, ਮੁਲਕ ਤੋਂ ਕੁਰਬਾਨ ਹੋ ਗਿਆ ਦੀ ਯਾਦ ਆਉਣ ਵਾਲੀਆਂ ਨਸਲਾਂ ਦੇ ਸਾਹਮਣੇ ਰਹਿ ਸਕਦੀ ਹੈ। ਇਸ ਪਵਿੱਤਰ ਕਾਰਜ ਦੀ ਪੂਰਤੀ ਵਾਸਤੇ ਹੇਠ ਲਿਖਿਆਂ ਸੇਵਕਾਂ ਦਾ ਬੋਰਡ ਬਣਾਇਆ ਗਿਆ:

(1) ਮਸ਼ਹੂਰ ਦੇਸ਼ ਭਗਤ ਬਾਬਾ ਵਸਾਖਾ ਸਿੰਘ ਜੀ ਪ੍ਰਧਾਨ
(2) ਕਾ. ਭਗਤ ਸਿੰਘ ਬਿਲਗਾ, ਸੈਕਟਰੀ
(3) ਕਾ. ਸੰਤਾ ਸਿੰਘ ਗੰਡੀਵਿੰਡ, ਮੈਂਬਰਾਨ ਬੋਰਡ
(4) ਕਾ. ਭਾਗ ਸਿੰਘ ਕੈਨੇਡੀਅਨ, ਮੈਂਬਰਾਨ ਬੋਰਡ
(5) ਕਾ. ਕਰਮ ਸਿੰਘ ਚੀਮਾ, ਮੈਂਬਰਾਨ ਬੋਰਡ
(6) ਬਾਬਾ ਕੇਸਰ ਸਿੰਘ, ਮੈਂਬਰਾਨ ਬੋਰਡ
(7) ਬਾਬਾ ਰੂੜ ਸਿੰਘ ਐਮ.ਐਲ.ਏ., ਮੈਂਬਰਾਨ ਬੋਰਡ
(8) ਭਗਵਾਨ ਸਿੰਘ ਦੁਸਾਂਝ, ਮੈਂਬਰਾਨ ਬੋਰਡ
(9) ਸੋਹਣ ਸਿੰਘ ਭਕਨਾ, ਮੈਂਬਰਾਨ ਬੋਰਡ

ਇਸ ਦੇ ਨਾਲ ਹੀ ਇਕ ਹੋਰ ਮਹਤੱਵਪੂਰਨ ਗੱਲ ਇਹ ਹੈ ਕਿ ਕਮੇਟੀ ਦੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਵਿਚ ਤਿੰਨ ਦੇਸ਼ ਭਗਤ ਬੀਬੀਆਂ: ਬੀਬੀ ਰਘਬੀਰ ਕੌਰ ਸੋਸ਼ਲਿਸਟ, ਬੀਬੀ ਬਲਵੰਤ ਕੌਰ ਜਥੇਦਾਰਨੀ ਅਤੇ ਬੀਬੀ ਫਾਤਿਮਾ ਦਾ ਕਾਫ਼ੀ ਉਤਸ਼ਾਹ ਵਾਲਾ ਯੋਗਦਾਨ ਰਿਹਾ ਹੈ।

**ਦੇਸ਼ ਭਗਤ ਯਾਦਗਾਰ ਕਮੇਟੀ**

15 ਫਰਵਰੀ 1955 ਨੂੰ ਦੇਸ਼ ਭਗਤ ਯਾਦਗਾਰ ਦੀ ਪਹਿਲੀ ਗਵਰਨਿੰਗ ਕੌਂਸਲ ਦੀ ਮੀਟਿੰਗ ਬਾਬਾ ਅਮਰ ਸਿੰਘ ਸੰਧਵਾਂ ਦੀ ਪ੍ਰਧਾਨਗੀ ਹੇਠ ਚੂਹੜਚੱਕ ਵਿਖੇ ਹੋਈ। ਇਸ ਵਿਚ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਅਤੇ ਜਿਹਨਾਂ ਮਕਸਦਾਂ ਵਾਸਤੇ ਸੁਸਾਇਟੀ ਬਣਾਈ ਗਈ।

ਯਾਦਗਾਰ ਦਾ ਕੰਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਅਧੀਨ ਤਿੰਨ ਪੱਧਰਾਂ 'ਤੇ ਕੰਟਰੋਲ ਹੁੰਦਾ ਹੈ ਤੇ ਇਸ ਦੀ ਸਰਬ-ਅਧਿਕਾਰੀ ਸੰਸਥਾ ਜਨਰਲ ਬਾਡੀ ਹੈ ਜੋ ਸਾਲ ਵਿਚ ਘਟੋ ਘੱਟ ਇਕ ਵਾਰ ਆਪਣੀ ਮੀਟਿੰਗ ਕਰਦੀ ਹੈ। ਇਸ ਦੀਆਂ ਮੀਟਿੰਗਾਂ ਦੇ ਵਿਚਲੇ ਸਮੇਂ ਵਿਚ ਜ਼ਰੂਰੀ ਫੈਸਲਿਆਂ ਵਾਸਤੇ ਗਵਰਨਿੰਗ ਕੌਂਸਲ ਹੈ ਜਿਸ ਦੀ ਤਿੰਨ ਮਹੀਨਿਆਂ ਵਿਚ ਇਕ ਮੀਟਿੰਗ ਹੋਣੀ ਜ਼ਰੂਰੀ ਹੈ। ਟਰੱਸਟੀਆਂ ਦਾ ਬੋਰਡ ਜਿਸ ਦੇ ਨਾਂ ਹੇਠ ਦਰਜ ਕੀਤੇ ਜਾਂਦੇ ਹਨ, ਨਿੱਤ ਦਿਹਾੜੀ ਦਾ ਕੰਮਕਾਰ ਚਲਾਉਂਦਾ ਹੈ:

| | |
|---|---|
| 1. ਬਾਬਾ ਸੋਹਨ ਸਿੰਘ ਭਕਨਾ | ਪ੍ਰਧਾਨ |
| 2. ਬਾਬਾ ਗੁਰਮੁੱਖ ਸਿੰਘ ਲਲਤੋਂ | ਸਕੱਤਰ |
| 3. ਬਾਬਾ ਅਮਰ ਸਿੰਘ ਸੰਧਵਾਂ | ਖਜ਼ਾਨਚੀ |
| 4. ਬਾਬਾ ਕਰਮ ਸਿੰਘ ਚੀਮਾ | ਮੈਂਬਰ |
| 5. ਮਾ. ਹਰੀ ਸਿੰਘ ਧੂਤ | ਮੈਂਬਰ |
| 6. ਸ. ਉਜਾਗਰ ਸਿੰਘ ਚੀਮਾ | ਮੈਂਬਰ |
| 7. ਡਾ. ਵਿਕਰਮ ਸਿੰਘ | ਮੈਂਬਰ |

ਜਿਸ ਥਾਂ 'ਤੇ ਹੁਣ ਯਾਦਗਾਰ ਸਥਿਤ ਹੈ, ਇਸ ਥਾਂ ਨੂੰ ਲੱਭਣ ਵਿਚ ਬਾਬਾ ਗੁਰਮੁੱਖ ਸਿੰਘ ਲਲਤੋਂ, ਡਾ. ਭਾਗ ਸਿੰਘ ਮਖ਼ਸੂਸਪੁਰੀ ਤੇ ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਦੀ ਭੂਮਿਕਾ ਹੈ। ਜਗ੍ਹਾਂ ਦੀ ਵਾਜ਼ਬ ਕੀਮਤ ਹੋਣ ਅਤੇ ਜੀ.ਟੀ.ਰੋਡ 'ਤੇ ਸਥਿਤ ਹੋਣ ਕਰਕੇ ਸਭ ਨੂੰ ਪਸੰਦ ਆ ਗਈ। ਸਾਢੇ ਤਿੰਨ ਏਕੜ ਜ਼ਮੀਨ ਵਿਚ ਅਠਾਰਾਂ ਕਮਰਿਆਂ ਦੀ ਕੋਠੀ ਤੇ ਮੁੱਲ ਪਚਵੰਜਾ ਹਜ਼ਾਰ ਰੁਪਏ। ਜ਼ਮੀਨ ਦੇ ਮਾਲਕ ਰਾਇ ਬਹਾਦਰ ਬਦਰੀ ਨਾਥ ਦੇ ਮਨ ਵਿਚ ਦੇਸ਼ ਭਗਤਾਂ ਪ੍ਰਤੀ ਸਤਿਕਾਰ ਦੀ ਭਾਵਨਾ ਹੋਣ ਕਾਰਨ ਉਹ ਘੱਟ ਰੇਟ 'ਤੇ ਵੇਚਣ ਲਈ ਸਹਿਮਤ ਹੋ ਗਏ ਸਨ। ਇਸ ਮੌਕੇ ਦੇਸ਼ ਭਗਤ ਬਾਬਾ ਅਮਰ ਸਿੰਘ ਸੰਧਵਾਂ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਖਜ਼ਾਨਚੀ ਨੇ ਆਪਣੀ ਕਿਰਤ ਕਮਾਈ ਦੇ ਨਿੱਜੀ ਖਜ਼ਾਨੇ ਵਿਚੋਂ 61000 ਰੁਪਏ ਦੇ ਕੇ ਇਸ ਖਜ਼ਾਨੇ ਨੂੰ ਹਮੇਸ਼ਾਂ ਲਈ ਭਰਪੂਰ ਕਰ ਦਿੱਤਾ। ਬਾਬਾ ਵਿਸਾਖਾ ਸਿੰਘ ਨੇ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਖਜ਼ਾਨੇ ਦੇ 23000 ਰੁਪਏ ਪਹਿਲਾ ਹੀ ਦੇਸ਼ ਭਗਤ ਯਾਦਗਾਰ ਕਮੇਟੀ ਕੋਲ ਜਮ੍ਹਾਂ ਕਰਵਾ ਦਿੱਤੇ ਸਨ। 16 ਦਸੰਬਰ 1955 ਨੂੰ 66,500 ਰੁਪਏ ਨਾਲ ਜ਼ਮੀਨ ਖਰੀਦ ਕੇ ਇਸ ਦੀ ਰਜਿਸਟਰੀ ਦੇਸ਼ ਭਗਤ ਯਾਦਗਾਰ ਕਮੇਟੀ ਦੇ ਨਾਂ ਕਰਵਾ ਦਿੱਤੀ ਗਈ ਸੀ। ਅਫ਼ਸੋਸ! ਯਾਦਗਾਰ ਨੂੰ ਉਸਰੀ ਵੇਖਣ ਦੇ ਚਾਹਵਾਨ ਬਾਬਾ ਵਿਸਾਖਾ ਸਿੰਘ ਦਦੇਹਰ 5 ਦਸੰਬਰ 1957 ਨੂੰ ਅਕਾਲ ਚਲਾਣਾ ਕਰ ਗਏ। 16 ਫਰਵਰੀ 1958 ਨੂੰ ਉਹਨਾਂ ਦੀ ਥਾਂ ਬਾਬਾ ਸੋਹਣ ਸਿੰਘ ਭਕਨਾ ਨੂੰ ਪ੍ਰਧਾਨ ਚੁਣ ਲਿਆ ਗਿਆ।

**ਸਾਲ 1957-58 ਕਮੇਟੀ ਦੇ ਅਹੁਦੇਦਾਰ**

1. ਸੰਤ ਬਾਬਾ ਵਸਾਖਾ ਸਿੰਘ (ਪ੍ਰੈਜ਼ੀਡੈਂਟ)
2. ਬਾਬਾ ਕਰਮ ਸਿੰਘ ਚੀਮਾ (ਵਾਈਸ ਪ੍ਰੈਜ਼ੀਡੈਂਟ)
3. ਬਾਬਾ ਗੁਰਮੁਖ ਸਿੰਘ (ਆਨਰੇਰੀ ਸੈਕਟਰੀ)
4. ਸ. ਅਮਰ ਸਿੰਘ (ਟਰੱਸਟੀ ਅਤੇ ਖਜ਼ਾਨਚੀ)

25 ਮਈ 1959 ਨੂੰ ਇਕ ਵਿਸ਼ੇਸ਼ ਮੀਟਿੰਗ ਕਰਕੇ ਦੇਸ਼ ਭਗਤ ਯਾਦਗਾਰ ਹਾਲ ਦਾ ਨੀਂਹ ਪੱਥਰ 17 ਨਵੰਬਰ 1959 ਨੂੰ ਰੱਖਣ ਦਾ ਫੈਸਲਾ ਲਿਆ ਗਿਆ। ਸਰਬ ਹਿੰਦ ਦੇਸ਼ ਭਗਤ ਯਾਦਗਾਰ ਦਾ ਨਕਸ਼ਾ ਦਿੱਲੀ ਦੇ ਇਕ ਪ੍ਰਸਿੱਧ ਆਰਕੀਟੈਕਟ ਤੋਂ ਬਣਵਾਇਆ ਗਿਆ। ਮਹਾਂਦਾਨੀ, ਤਿਆਗੀ ਤੇ ਕੁਰਬਾਨੀ ਦੇ ਪੁੰਜ ਬਾਬਾ ਅਮਰ ਸਿੰਘ ਸੰਧਵਾਂ ਦੇ ਹੱਥੋਂ 'ਸਰਬ ਹਿੰਦ ਦੇਸ਼ ਭਗਤ ਯਾਦਗਾਰ' ਦਾ ਨੀਂਹ ਪੱਥਰ ਰਖਵਾਇਆ ਗਿਆ। ਇਸ ਇਮਾਰਤ ਦੀ ਉਸਾਰੀ ਦੇ ਕੰਮ ਦੀ ਜ਼ੁੰਮੇਵਾਰੀ ਬਾਬਾ ਗੁਰਮੁਖ ਸਿੰਘ ਅਤੇ ਉਜਾਗਰ ਸਿੰਘ ਚੀਮਾ ਨੂੰ ਸੌਂਪੀ ਗਈ। ਬਦੇਸ਼ਾਂ 'ਚ ਉਗਰਾਹੀ ਕਰਨ ਲਈ ਬਾਬਾ ਗੁਰਮੁੱਖ ਸਿੰਘ ਲਲਤੋਂ, ਕਾ. ਬੂਝਾ ਸਿੰਘ, ਬਾਬੂ ਕਰਮ ਸਿੰਘ ਚੀਮਾ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਬਾਬਾ ਭਗਤ ਸਿੰਘ ਬਿਲਗਾ ਇੰਗਲੈਂਡ ਵਿਚ ਉਗਰਾਹੀ ਲਈ ਗਏ ਅਤੇ ਆਈ. ਡਬਲਿਊ. ਏ., ਗ੍ਰੇਟ ਬ੍ਰਿਟੇਨ ਦੇ ਸਹਿਯੋਗ ਸਦਕਾ ਕਾਫ਼ੀ ਮਾਇਆ ਇਕੱਤਰ ਹੋ ਗਈ ਜਿਸ ਨਾਲ ਇਹ ਹਾਲ ਮੁਕੰਮਲ ਹੋ ਗਿਆ। ਹੁਣ ਇਸ ਇਨਕਲਾਬੀ ਇਤਿਹਾਸ ਦੇ ਜ਼ਖ਼ੀਰੇ ਰੂਪੀ ਇਮਾਰਤ ਦੀ ਉਸਾਰੀ ਦਾ ਕੰਮ ਲਗਭਗ ਮੁਕੰਮਲ ਹੋ ਚੁੱਕਾ ਹੈ।

**ਗ਼ਦਰੀ ਬਾਬਿਆਂ ਦੀਆਂ ਕੁਰਬਾਨੀਆਂ ਦੀ ਮਹਿਕ ਵੰਡਦੀ ਇਮਾਰਤ**

ਦੇਸ਼ ਭਗਤ ਯਾਦਗਾਰ ਹਾਲ ਦੇ ਅੰਦਰ ਵੜਦਿਆਂ ਹੀ ਸਾਹਮਣੇ ਵੱਲ ਕਾਫ਼ੀ ਉਚਾਈ ਵਾਲੀ ਗੇਰੂ ਰੰਗੀ ਇਮਾਰਤ ਬਾਹਰੋਂ ਆਏ ਦਰਸ਼ਕਾਂ ਨੂੰ ਆਕਰਸ਼ਿਤ ਕਰਦੀ ਹੈ। ਇਸੇ ਦਫ਼ਤਰ ਵਿਚੋਂ ਗ਼ਦਰੀ ਵਿਰਸੇ ਨਾਲ ਸਾਂਝ ਪਵਾਉਂਦੀਆਂ ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਪ੍ਰਕਾਸ਼ਨਾਵਾਂ ਵੀ ਉਪਲੱਬਧ ਹਨ।

**ਬਾਬਾ ਸੋਹਣ ਸਿੰਘ ਭਕਨਾ ਦੇਸ਼ ਭਗਤ ਅਜਾਇਬ ਘਰ**

ਇਸ ਵਿਚ ਦੇਸ਼ ਦੀ ਅਜ਼ਾਦੀ ਲਈ ਜਾਨਾਂ ਵਾਰਨ ਵਾਲੇ ਦੇਸ਼ ਭਗਤ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਚੇਤੇ ਕਰਾਉਂਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ। ਸੰਨ 1913 'ਚ ਗ਼ਦਰ ਪਾਰਟੀ ਦੀ ਸਥਾਪਨਾ ਤੋਂ ਲੈ ਕੇ ਵੱਖ-ਵੱਖ ਚਲੇ ਮੁਕੱਦਮਿਆਂ ਵਿਚ ਫਾਂਸੀ ਲੱਗੇ ਸ਼ਹੀਦਾਂ, ਪੁਲਸ ਤਸੀਹਿਆਂ ਨਾਲ ਜੇਲ੍ਹਾਂ ਵਿਚ ਸ਼ਹੀਦ ਹੋਏ ਸੂਰਬੀਰਾਂ, ਅੰਡੇਮਾਨ ਤੇ ਕਾਲੇ ਪਾਣੀਆਂ ਦੀਆਂ ਕਾਲ ਕੋਠਰੀਆਂ ਅਤੇ ਪਿੰਜਰਿਆਂ 'ਚ ਉਮਰਾਂ ਕੱਟਣ ਵਾਲੇ ਸਿਰੜੀ ਯੋਧਿਆਂ ਅਤੇ ਭਾਰਤ ਦੀ ਆਜ਼ਾਦੀ ਲਈ ਚਲੀਆਂ ਵੱਖ-ਵੱਖ ਲਹਿਰਾਂ ਨਾਲ ਸਬੰਧਿਤ ਦੇਸ਼ ਭਗਤਾਂ ਅਤੇ ਇਤਿਹਾਸਕ ਘਟਨਾਵਾਂ ਨਾਲ ਸਬੰਧਿਤ 300 ਦੇ ਕਰੀਬ ਤਸਵੀਰਾਂ ਵੇਖੀਆਂ ਜਾ ਸਕਦੀਆਂ ਹਨ।

**ਭਾਈ ਸੰਤੋਖ ਸਿੰਘ ਕਿਰਤੀ ਲਾਇਬਰੇਰੀ**

ਮਿਊਜ਼ਿਅਮ ਦੇ ਉਪਰ ਵੱਲ ਪਹਿਲੀ ਮੰਜ਼ਿਲ 'ਤੇ ਭਾਈ ਸੰਤੋਖ ਸਿੰਘ ਕਿਰਤੀ ਲਾਇਬਰੇਰੀ ਹੈ। ਲਾਇਬਰੇਰੀ ਵਿਚ 22,000 ਤੋਂ ਵੱਧ ਪੁਸਤਕਾਂ ਮੌਜੂਦ ਹਨ। ਬਹੁਤ ਸਾਰੀਆਂ ਹਵਾਲਾ ਪੁਸਤਕਾਂ ਤੇ ਦੁਰਲੱਭ ਪੁਸਤਕਾਂ ਵਿਚੋਂ ਗ਼ਦਰੀ ਬਾਬਿਆਂ ਦੇ ਲਿਖਤੀ ਬਿਆਨ, ਸਵੈ-ਜੀਵਨੀਆਂ ਤੇ ਜੀਵਨੀਆਂ ਵੀ ਹਨ। 'ਗ਼ਦਰ ਅਖ਼ਬਾਰ', ਕਿਰਤੀ ਅਖ਼ਬਾਰ, ਦੇਸ਼ ਭਗਤ ਯਾਦਾਂ, ਪੀਪਲਜ਼ ਪਾਥ, ਦੇਸ਼ ਸੇਵਕ, ਅਕਾਲੀ ਤੇ ਪ੍ਰਦੇਸੀ, ਫੁਲਵਾੜੀ, ਨਿਊ ਏਜ, ਵਿਪਲਵ (ਉਰਦੂ, ਹਿੰਦੀ, ਪੰਜਾਬੀ), ਚਿੰਗਾਰੀ (ਉਰਦੂ) ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਪ੍ਰਕਾਸ਼ਿਤ ਕੀਤਾ ਜਾਂਦਾ 'ਵਿਰਸਾ' ਅਤੇ ਹੈਰੀਟੇਜ਼ ਆਦਿ ਉਪਲੱਬਧ ਹਨ। ਇਸ ਤੋਂ ਇਲਾਵਾ ਗ਼ਦਰ ਲਹਿਰ ਦੇ ਆਗੂਆਂ ਨਾਲ ਸਬੰਧਤ ਪੀ.ਐਚ.ਡੀ., ਐਮ.ਫਿਲ. ਦੇ ਖੋਜ ਅਧਾਰਿਤ ਖੋਜ ਨਿਬੰਧ, ਖੋਜ ਪ੍ਰਬੰਧ ਤੇ ਖੋਜ ਪੱਤਰ ਵੀ ਹਨ।

**ਭੋਰਾ :** ਇਥੇ ਇਕ ਕਮਰਾ ਨੁਮਾ ਭੋਰਾ ਬਣਿਆ ਹੋਇਆ ਹੈ। ਇਸ ਬਾਰੇ ਬਹੁਤਿਆਂ ਨੂੰ ਵਾਕਫੀਅਤ ਨਹੀਂ ਹੈ। ਇਸ ਭੋਰੇ ਨੂੰ ਗ਼ਦਰੀ ਬਾਬਿਆਂ ਨੇ ਗੁਪਤ ਮੀਟਿੰਗਾਂ ਕਰਨ ਲਈ ਵਰਤਿਆ। ਇਸ ਭੋਰੇ ਦੀ ਸਭ ਤੋਂ ਵੱਧ ਵਰਤੋਂ ਬਾਬਾ ਗੁਰਮੁਖ ਸਿੰਘ ਨੇ ਕੀਤੀ। ਜਿਸ ਮੰਜੇ 'ਤੇ ਬੈਠ ਕੇ ਉਹ ਪੜ੍ਹਦੇ, ਲਿਖਦੇ ਤੇ ਅਰਾਮ ਕਰਦੇ ਸਨ, ਉਹ ਮੰਜਾ ਅੱਜ ਵੀ ਉਸੇ ਭੋਰੇ ਵਿਚ ਪਿਆ ਬਾਬਿਆਂ ਦੀ ਯਾਦ ਦੁਆਉਂਦਾ ਹੈ।

**ਬਾਬਾ ਜਵਾਲਾ ਸਿੰਘ ਆਡੀਟੋਰੀਅਮ**

ਇਸ ਹਾਲ ਨੂੰ ਸਾਊਂਡ ਪਰੂਫ ਕਰਵਾਉਣ, ਸਟੇਜ ਸੈਟਿੰਗ ਤੇ ਪਰਦੇ ਆਦਿ ਲਗਵਾਉਣ ਦੀ ਜ਼ਿੰਮੇਵਾਰੀ ਕਾ. ਗੰਧਰਵ ਸੇਨ ਕੋਛੜ ਨੇ ਨਿਭਾਈ। ਹਾਲ ਵਿਚ 864 ਕੁਰਸੀਆਂ ਪੱਕੇ ਤੌਰ 'ਤੇ ਲੱਗੀਆਂ ਹੋਈਆਂ ਹਨ।

**ਬਾਬਾ ਗੁਰਮੁਖ ਸਿੰਘ ਹਾਲ**

ਇਸ ਹਾਲ ਦਾ ਨੀਂਹ ਪੱਥਰ ਬਾਬਾ ਬਚਨ ਸਿੰਘ ਮਹਿਤਪੁਰ ਨੇ ਰੱਖਿਆ। ਇਹ ਦਾ ਬਹੁਮੰਤਵੀ ਹਾਲ ਹੈ। ਮੇਲਾ ਗ਼ਦਰੀ ਬਾਬਿਆਂ ਦੇ ਦੌਰਾਨ ਇਸ ਹਾਲ ਵਿਚ ਲੰਗਰ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸਦੇ ਨਾਲ ਇਕ ਬਹੁਤ ਵੱਡੀ ਰਸੋਈ ਹੈ ਜਿਥੇ ਲੰਗਰ ਤਿਆਰ ਕੀਤਾ ਜਾਂਦਾ ਹੈ।

**ਰਿਹਾਇਸ਼ੀ ਕਮਰੇ :** ਇਸ ਹਾਲ ਦੀ ਪਹਿਲੀ ਮੰਜ਼ਿਲ 'ਤੇ ਰਿਹਾਇਸ਼ੀ ਕਮਰੇ ਹਨ। ਕਮਰਿਆਂ ਦੇ ਨਾਲ ਪਖਾਨਿਆਂ ਅਤੇ ਨਹਾਉਣ ਲਈ ਗੁਸਲਖਾਨਿਆਂ ਦਾ ਢੁੱਕਵਾਂ ਪ੍ਰਬੰਧ ਹੈ। ਇਹ ਕਮਰੇ ਕਮੇਟੀ ਵਲੋਂ ਆਯੋਜਿਤ ਸਮਾਗਮਾਂ ਦੌਰਾਨ ਬਾਹਰੋਂ ਆਏ ਬੁੱਧੀਜੀਵੀਆਂ ਅਤੇ ਕਲਾਕਾਰਾਂ ਦੇ ਠਹਿਰਨ ਲਈ ਵਰਤੇ ਜਾਂਦੇ ਹਨ।

**ਵਿਸ਼ਨੂੰ ਗਣੇਸ਼ ਪਿੰਗਲੇ ਹਾਲ :** ਇਸੇ ਇਮਾਰਤ ਦੀ ਦੂਜੀ ਮੰਜ਼ਿਲ 'ਤੇ ਹਾਲ ਹੈ। ਜਿਸ ਵਿਚ ਇਕ ਵੱਡੀ ਤੇ ਪੱਕੀ ਸਟੇਜ ਬਣੀ ਹੋਈ ਹੈ। ਮੇਲੇ ਦੌਰਾਨ ਇਥੇ ਝੰਡੇ ਦੇ ਗੀਤ ਦੀ ਤਿਆਰੀ ਲਈ ਕਲਾਕਾਰ ਠਹਿਰਦੇ ਅਤੇ ਅਭਿਆਸ ਕਰਦੇ ਹਨ।

**ਸ਼ਹੀਦ ਭਗਤ ਸਿੰਘ ਸਟੇਡੀਅਮ :** ਹਰ ਸਾਲ 'ਮੇਲਾ ਗ਼ਦਰੀ ਬਾਬਿਆਂ ਦਾ' ਦੇ ਸਿਖਰਲੇ ਦਿਨ ਪਹਿਲੀ ਨਵੰਬਰ ਨੂੰ ਦਿਨੇ ਸਭਿਆਚਾਰਕ ਪ੍ਰੋਗਰਾਮ ਅਤੇ ਸਾਰੀ ਰਾਤ ਨਾਟਕਾਂ ਦਾ ਆਯੋਜਿਨ ਇਥੇ ਹੀ ਕੀਤਾ ਜਾਂਦਾ ਹੈ। ਇਹ ਸਟੇਡੀਅਮ ਇਕ ਖੁੱਲ੍ਹਾ ਰੰਗਮੰਚ ਹੈ, ਜਿਥੇ ਇਕ ਬਹੁਤ ਵੱਡੀ ਪੱਕੀ ਸਟੇਜ ਬਣੀ ਹੋਈ ਹੈ।

**ਸੋਹਨ ਲਾਲ ਪਾਠਕ ਹਾਲ :** ਇਹ ਦਰਮਿਆਨੇ ਅਕਾਰ ਦਾ ਇਕ ਛੋਟਾ ਹਾਲ ਹੈ। ਆਮ ਤੌਰ 'ਤੇ ਮੇਲੇ ਦੌਰਾਨ ਸਟੇਜ ਦੇ ਨੇੜੇ ਹੋਣ ਕਾਰਨ ਕਲਾਕਾਰਾਂ ਵਲੋਂ ਇਸ ਨੂੰ ਗਰੀਨ ਰੂਮ ਦੇ ਤੌਰ 'ਤੇ ਵਰਤਿਆ ਜਾਂਦਾ ਹੈ।

**ਪ੍ਰੋ. ਬਰਕਤ ਉੱਲਾ ਹਾਲ :**

ਸੋਹਣ ਲਾਲ ਪਾਠਕ ਹਾਲ ਦੀ ਪਹਿਲੀ ਮੰਜ਼ਿਲ 'ਤੇ ਪ੍ਰੋ. ਬਰਕਤ ਉੱਲਾ ਹਾਲ ਹੈ। ਇਸ ਹਾਲ ਵਿਚ 150 ਕੁਰਸੀਆਂ ਟਿਕਾਉਣ ਦੀ ਸਮੱਰਥਾ ਹੈ। ਹੁਣ ਇਸ ਵਿਚ ਬੈਠਣ ਲਈ 100 ਕੁਰਸੀਆਂ ਲੱਗੀਆਂ ਹੋਈਆਂ ਹਨ। ਸਾਊਂਡ ਸਿਸਟਮ ਵੀ ਲੱਗਾ ਹੋਇਆ ਹੈ।

**ਬੀਬੀ ਗੁਲਾਬ ਕੌਰ ਹਾਲ**

ਇਸ ਹਾਲ ਦੀ ਵਰਤੋਂ ਵੀ ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ ਲਈ ਕੀਤੀ ਜਾਂਦੀ ਹੈ। ਇਸ ਹਾਲ ਦੇ ਪਿਛਲੇ ਪਾਸੇ ਦੋ ਮੰਜ਼ਲੀ ਇਮਾਰਤ ਹੈ ਜੋ ਕਿ ਕਿਰਾਏ 'ਤੇ ਦਿੱਤੀ ਹੋਈ ਹੈ।

**ਸ਼ਹੀਦ ਕਰਤਾਰ ਸਿੰਘ ਸਰਾਭਾ ਮੰਚ**

ਦੇਸ਼ ਭਗਤ ਯਾਦਗਾਰ ਹਾਲ ਦੇ ਮੁੱਖ ਦੁਆਰ ਤੋਂ ਅੰਦਰ ਦਾਖ਼ਲ ਹੁੰਦਿਆਂ ਹੀ ਸੱਜੇ ਪਾਸੇ ਘਾਹ ਵਾਲੀ ਪਾਰਕ ਹੈ ਅਤੇ ਵਿਚ ਬੈਠਣ ਨੂੰ ਪੌੜੀਆਂ, ਇਕ ਪੱਕੀ ਸਟੇਜ ਬਣੀ ਹੋਈ ਹੈ ਜੋ ਬੀਬੀ ਗੁਲਾਬ ਕੌਰ ਹਾਲ ਨਾਲ ਜਾ ਜੁੜਦੀ ਹੈ। ਇਹ ਪਾਰਕ ਮੇਲਾ ਗ਼ਦਰੀ ਬਾਬਿਆਂ ਦੇ ਦੌਰਾਨ ਹਰ ਸਾਲ ਪਹਿਲੀ ਨਵੰਬਰ ਨੂੰ ਖਾਸ ਖਿੱਚ ਦਾ ਕੇਂਦਰ ਹੁੰਦਾ ਹੈ। ਪਹਿਲੀ ਨਵੰਬਰ ਸਵੇਰੇ ਝੰਡੇ ਦੀ ਰਸਮ ਤੋਂ ਬਾਅਦ ਝੰਡੇ ਦੇ ਗੀਤ ਦਾ ਪ੍ਰਦਰਸ਼ਨ ਹੁੰਦਾ ਹੈ।

**ਮੇਲਾ ਗ਼ਦਰੀ ਬਾਬਿਆਂ ਦਾ**

ਅੱਜ ਤੋਂ ਬਾਈ ਸਾਲ ਪਹਿਲਾ ਕਮੇਟੀ ਨੇ ਗ਼ਦਰ ਪਾਰਟੀ ਦੇ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਇਕ ਮੇਲਾ ਮਨਾਉਣਾ ਸ਼ੁਰੂ ਕੀਤਾ ਸੀ। ਇਹ ਮੇਲਾ ਉਨ੍ਹਾਂ ਰਵਾਇਤੀ ਮੇਲਿਆਂ ਦੇ, ਜਿਥੇ ਸਭਿਆਚਾਰ ਦੇ ਨਾਂ ਉਤੇ ਅਸਭਿਅਕਤਾ ਫੈਲਾਈ ਜਾਂਦੀ ਹੈ, ਐਨ ਉਲਟ ਦੇਸ਼ ਭਗਤਾਂ, ਇਨਕਲਾਬੀ ਯੋਧਿਆਂ ਅਤੇ ਬਰਾਬਰਤਾ ਵਾਲੇ ਸਮਾਜ ਦੀ ਸਿਰਜਣਾ ਲਈ ਜਾਨਾਂ ਵਾਰਨ ਵਾਲੇ ਸੂਰਬੀਰਾਂ ਦੁਆਰਾ ਪਾਈਆਂ ਨਵੇਕਲੀਆਂ ਪੈੜਾਂ ਉਤੇ ਚੱਲਣ ਦਾ ਸੁਨੇਹਾ ਦੇਣ ਵਾਲਾ ਇਨਕਲਾਬੀ ਸਭਿਆਚਾਰਕ ਇਤਿਹਾਸਕ ਮੇਲਾ ਹੈ। ਇਹ ਮੇਲਾ ਸੰਨ 1992 ਵਿਚ ਪਹਿਲੀ ਨਵੰਬਰ ਨੂੰ ਦੋ ਰੋਜ਼ਾ ਮੇਲਾ ਮਨਾਇਆ ਜਾਣ ਤੋਂ ਆਰੰਭ ਹੋ ਕੇ ਹੁਣ ਲਗਭਗ ਪੰਜ ਰੋਜ਼ਾ ਤੱਕ ਫੈਲ ਗਿਆ ਹੈ। ਇਸ ਮੇਲੇ ਵਿਚ ਅਗਾਂਹਵਧੂ ਲੋਕ-ਪੱਖੀ ਗਾਇਕੀ ਦੇ ਮੁਕਾਬਲੇ, ਔਰਤਾਂ ਨਾਲ ਸਬੰਧਿਤ ਮਸਲਿਆਂ ਸਬੰਧੀ ਭਾਸ਼ਨ ਮੁਕਾਬਲੇ ਤੇ ਸੈਮੀਨਾਰ, ਗ਼ਦਰ ਲਹਿਰ ਦੇ ਕਿਸੇ ਇਕ ਪੱਖ ਬਾਰੇ ਕੁਇਜ਼ ਮੁਕਾਬਲੇ, ਪੇਂਟਿੰਗ ਮੁਕਾਬਲੇ ਤੇ ਕਵੀ ਦਰਬਾਰ, ਰਾਤਾਂ ਨੂੰ ਨਾਟਕ, ਕੋਰਿਓਗ੍ਰਾਫ਼ੀਆਂ ਅਤੇ ਪੀਪਲਜ਼ ਵਾਇਸ ਵਲੋਂ ਡਾਕੂਮੈਂਟਰੀ ਫ਼ਿਲਮਾਂ ਦਿਖਾਈਆਂ ਜਾਂਦੀਆਂ ਹਨ। ਪਹਿਲੀ ਨਵੰਬਰ ਨੂੰ ਸਵੇਰੇ ਝੰਡੇ ਨੂੰ ਸਲਾਮੀ ਦੇਣ ਉਪਰੰਤ ਝੰਡੇ ਦੇ ਗੀਤ ਦਾ ਪ੍ਰਦਰਸ਼ਨ, ਇਨਕਲਾਬੀ ਸਭਿਆਚਰਕ ਪ੍ਰੋਗਰਾਮ ਅਤੇ ਸਾਰੀ ਰਾਤ ਨਾਟਕ ਤੇ ਗੀਤ ਸੰਗੀਤ ਚਲਦਾ ਹੈ। ਅਵਸਰ ਤੇ ਗ਼ਦਰੀ ਸ਼ਹੀਦਾਂ ਦੇ ਪਿੰਡਾਂ/ਨਗਰਾਂ ਅਤੇ ਪਰਿਵਾਰਾਂ ਨੂੰ ਸਨਮਾਨਿਤ ਕਰਨ ਦੀ ਪਰੰਪਰਾ ਵੀ ਤੋਰੀ ਹੈ।

**ਝੰਡਾ ਲਹਿਰਾਉਣ ਰਸਮ**

ਪਹਿਲੀ ਨਵੰਬਰ ਮੇਲੇ ਦਾ ਸਿਖ਼ਰ ਹੁੰਦਾ ਹੈ। ਸਵੇਰੇ ਠੀਕ 10.00 ਵਜੇ ਕਮੇਟੀ ਦਾ ਕੋਈ ਇਕ ਮੈਂਬਰ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਦਾ ਹੈ ਅਤੇ ਆਪਣੇ ਇਨਕਲਾਬੀ ਇਤਿਹਾਸ ਬਾਰੇ ਵਿਚਾਰ ਸਾਂਝੇ ਕਰਦਾ ਹੈ। ਸਾਰਾ ਦਿਨ ਸਭਿਆਚਾਰਕ ਪ੍ਰੋਗਰਾਮ ਵਿਚ ਢਾਡੀ, ਕਵੀਸ਼ਰ, ਸਕਿੱਟ, ਕੋਰੀਓਗ੍ਰਾਫ਼ੀਆਂ ਆਦਿ ਦੀਆਂ ਕਲਾ ਵੰਨਗੀਆਂ ਦਰਸ਼ਕਾਂ ਅਤੇ ਸਰੋਤਿਆਂ ਨੂੰ ਕੀਲ ਲੈਂਦੀਆਂ ਹਨ। ਪਿਛਲੇ ਕੁਝ ਕੁ ਸਾਲਾਂ ਤੋਂ ਸ਼ਾਮ ਨੂੰ ਇਕ ਵਿਚਾਰ-ਚਰਚਾ ਦਾ ਸੈਸ਼ਨ ਹੋਇਆ ਜਿਸ ਵਿਚ ਬਹੁਤ ਹੀ ਗੰਭੀਰ ਤੇ ਮੁੱਲਵਾਨ ਚਰਚਾ ਹੁੰਦੀ ਹੈ। ਰਾਤ ਨੂੰ ਸਾਰੀ ਰਾਤ ਨਾਟਕ ਤੇ ਗੀਤ ਸੰਗੀਤ ਚੱਲਦਾ ਹੈ। ਹੁਣ ਇਹ ਮੇਲੇ ਗ਼ਦਰੀ ਬਾਬਿਆਂ ਦੇ ਨਾਂ 'ਤੇ ਪੰਜਾਬ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ 'ਚ ਵੀ ਲੱਗਣੇ ਸ਼ੁਰੂ ਹੋ ਗਏ ਹਨ। ਅਜਿਹੇ ਮੇਲੇ ਹੁਣ ਪੰਜਾਬ ਤੱਕ ਹੀ ਸੀਮਤ ਨਹੀਂ ਸਗੋਂ ਬਦੇਸ਼ਾਂ ਵਿਚ ਕਨੇਡਾ, ਅਮਰੀਕਾ, ਇੰਗਲੈਂਡ ਤੇ ਨਿਊਜ਼ੀਲੈਂਡ ਆਦਿ ਮੁਲਕਾਂ ਵਿਚ ਵੀ ਬੜੇ ਉਤਸ਼ਾਹ ਨਾਲ ਮਨਾਏ ਜਾ ਰਹੇ ਹਨ।

ਜਨਰਲ ਸਕੱਤਰ
ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

(ਪਹਿਲੇ ਸਫ਼ੇ ਤੋਂ ਅੱਗੇ)

# ...ਇਨਕਲਾਬੀ ਸਫ਼ਰ 'ਚ 'ਨਵੀਂ ਦੁਨੀਆ'

ਭਾਸ਼ਾ ਅਤੇ ਬੋਲੀ ਦੇ ਜਨਮ ਤੋਂ ਪਹਿਲਾਂ ਵੀ ਸਾਹਿਤ ਸੀ, ਉਦੋਂ ਸੰਕੇਤਾਂ ਰਾਹੀਂ ਹੀ ਮਨੁੱਖੀ ਮਨ ਅੰਦਰ ਹੁੰਦੀ ਹਲਚਲ ਦੀ ਸਾਰ ਇਕ ਦੂਏ ਨਾਲ ਸਾਂਝੀ ਹੋਇਆ ਕਰਦੀ ਸੀ। ਭਾਸ਼ਾ ਦੀ ਖੋਜ ਨੇ ਸੰਸਾਰ ਨੂੰ ਲਿਖਤੀ ਸਾਹਿਤ ਦਾ ਅਨਮੋਲ ਖਜ਼ਾਨਾ ਮੁਹੱਈਆ ਕਰਵਾਇਆ ਹੈ। ਸਾਹਿਤ ਦੀ ਹਰ ਸਮਾਜ ਵਿਚ ਇਕ ਬੱਝਵੀਂ ਭੂਮਿਕਾ ਹੁੰਦੀ ਹੈ। ਸਾਹਿਤ ਜੀਵਨ ਪ੍ਰਤੀ ਮਨੁੱਖੀ ਚਾਹਤ ਦਾ ਨਾਂਅ ਹੈ। ਜਿੱਥੇ ਕਦੇ ਮਨੁੱਖ ਨੂੰ ਸਿਆਸੀ ਆਰਥਕ ਅਤੇ ਸਮਾਜਕ ਪ੍ਰਸਥਿਤੀਆਂ ਨਿਰਾਸ਼ਾ ਦੀ ਦਲਦਲ ਵੱਲ ਧੱਕਦੀਆਂ ਹਨ ਉਥੋਂ ਹੀ ਸਾਹਿਤ ਦਾ ਕੰਮ ਸ਼ੁਰੂ ਹੋ ਜਾਂਦਾ ਹੈ। ਹਰ ਤਰ੍ਹਾਂ ਦੀ ਦਲਦਲ ਵਿਚੋਂ ਮਨੁੱਖ ਨੂੰ ਸਾਲਮ ਸਬੂਤਾ ਕੱਢ ਲੈ ਆਉਣ ਦੀ ਇਤਿਹਾਸਕ ਭੂਮਿਕਾ ਸਾਹਿਤ ਨੇ ਹੀ ਨਿਭਾਉਣੀ ਹੁੰਦੀ ਹੈ। ਸਾਡੀ ਇਸ ਧਾਰਨਾ ਦੀ ਪ੍ਰੋੜਤਾ ਸਮੁੱਚਾ ਗ਼ਦਰ ਸਾਹਿਤ ਕਰਦਾ ਹੈ।

ਬਿਨਾ ਸ਼ਕ ਮੁਲਕ ਦੀ ਅਜ਼ਾਦੀ ਦੀ ਤਹਿਰੀਕ ਵਿਚ ਗ਼ਦਰੀ ਸਾਹਿਤ ਨੇ ਇਕ ਨਵੀਂ ਜੋਸ਼ ਭਰਪੂਰ ਅਤੇ ਆਦਰਸ਼ਕ ਪਹੁੰਚ ਦਾ ਪਾਸਾਰ ਕੀਤਾ। ਸਮੁੱਚੇ ਰੂਪ ਵਿਚ ਗ਼ਦਰ ਲਹਿਰ ਨੇ ਇਕ ਨਹੀਂ ਦੋ ਨਹੀਂ ਸਗੋਂ ਤਿੰਨ ਪੀੜੀਆਂ ਨੂੰ ਪ੍ਰਭਾਵਤ ਕੀਤਾ ਹੈ। ਗ਼ਦਰ ਲਹਿਰ ਦਾ ਬਹੁਤਾ ਅਸਰ ਭਾਵੇਂ ਅਮਰੀਕਾ, ਕਨੇਡਾ ਅਤੇ ਪੰਜਾਬ ਵਿਚ ਪਿਆ ਪਰ ਇਹਨੇ ਜਿਵੇਂ ਦੁਨੀਆ ਭਰ ਵਿਚ ਭਾਰਤੀ ਜਵਾਨੀ ਨੂੰ ਨਵੇਂ ਹਲੂਣੇ ਦਿੱਤੇ ਉਹ ਮਾਣ ਕਰਨ ਯੋਗ ਇਤਿਹਾਸ ਹੈ।

1857 ਦੇ ਗ਼ਦਰ ਤੋਂ ਲਗਭਗ ਅੱਧੀ ਸਦੀ ਮਗਰੋ ਫਿਰ ਉੱਠੇ ਗ਼ਦਰ ਦੇ ਭਾਂਬੜ ਨੇ ਨਾ ਸਿਰਫ਼ ਕੌਮੀ ਜਜ਼ਬੇ ਨੂੰ ਪ੍ਰਮਾਣਤ ਕੀਤਾ ਸਗੋਂ ਇਸ ਨੂੰ ਪ੍ਰਭਾਸ਼ਤ ਵੀ ਕੀਤਾ। ਭਾਰਤੀਆਂ ਨੇ ਅੰਗਰੇਜ਼ ਹਕੂਮਤ ਵਿਰੁੱਧ ਲੜਾਈ ਇੱਕ ਅੰਦੋਲਨ ਦੇ ਰੂਪ ਵਿੱਚ ਵਿੱਢੀ। ਇਸ ਅੰਦੋਲਨ ਦਾ ਪਾਸਾਰ ਕਰਨ ਵਿਚ ਗ਼ਦਰ ਅਖਬਾਰ ਅਤੇ ਗਦਰ ਸਾਹਿਤ ਦੀ ਭੂਮਿਕਾ ਹੀ ਕੇਂਦਰੀ ਤੱਤ ਹੈ। ਸੂਰਬੀਰ ਅਤੇ ਅਣਖੀਲੇ ਗ਼ਦਰੀਆਂ ਨੇ ਗ਼ਦਰ ਪਾਰਟੀ ਦਾ ਗਠਨ ਕਰਕੇ, ਗ਼ਦਰ ਸਹਿਤ ਦੀ ਰਚਨਾ ਕਰਕੇ ਹਿੰਦੁਸਤਾਨ ਅੰਦਰ ਇੱਕ ਅਜਿਹੇ ਰਾਜਸੀ ਸੱਭਿਆਚਾਰ ਦੀ ਸਿਰਜਣਾ ਕੀਤੀ, ਜਿਸਦਾ ਜਿੰਨਾ ਜ਼ਿਆਦਾ ਅਸੀਂ ਅਧਿਐਨ ਕਰਦੇ ਜਾਂਦੇ ਹਾਂ ਓਨਾ ਹੀ ਗ਼ਦਰੀਆਂ ਦੀ ਸੂਝ-ਸਿਆਣਪ ਦੇ ਕਾਇਲ ਹੁੰਦੇ ਜਾਂਦੇ ਹਾਂ। ਗ਼ਦਰੀਆਂ ਨੇ ਆਪਣੀਆਂ ਲਿਖਤਾਂ ਵਿੱਚ ਹਿੰਦੁਸਤਾਨ ਦੇ ਲੋਕ ਜੀਵਨ ਦਾ ਕੋਈ ਵੀ ਪੱਖ ਅਣਛੋਹਿਆ ਨਹੀਂ ਛੱਡਿਆ। ਇੱਥੋਂ ਤਕ ਕਿ ਉਹਨਾਂ ਨੇ ਦੇਸ਼ ਦੀ ਕੁੱਲ ਅਸਲੀਅਤ ਨੂੰ ਅੰਤਰ ਰਾਸ਼ਟਰੀ ਪਰਿਪੇਖ ਵਿੱਚ ਸਮਝ ਕੇ ਹਿੰਦੁਸਤਾਨ ਦੀ ਤਕਦੀਰ ਘੜਨ ਖਾਤਰ ਐਸੀਆਂ ਪਿਰਤਾਂ ਪਾਈਆਂ, ਜਿਹੜੀਆਂ ਨਾ ਕੇਵਲ ਕਿਸੇ ਨਾ ਕਿਸੇ ਰੂਪ ਵਿੱਚ ਸੁਤੰਤਰਤਾ ਅੰਦੋਲਨ ਦੌਰਾਨ ਕਾਇਮ ਰਹੀਆਂ, ਸਗੋਂ ਦੇਸ਼ ਵਿੱਚੋਂ ਬਸਤੀਵਾਦੀਆਂ ਦਾ ਬੋਰੀ-ਬਿਸਤਰਾ ਗੋਲ ਹੋਣ ਮਗਰੋਂ, ਅਜੇ ਤਕ ਵੀ ਕਾਇਮ ਹਨ। ਦਰਅਸਲ ਗ਼ਦਰੀਆਂ ਨੇ ਜੋ ਚੇਤਨਾ ਦੀ ਮਸ਼ਾਲ ਜਗਾਈ ਉਹ ਹਰ ਯੁਗ ਵਿੱਚ ਰਾਹ ਰੁਸ਼ਨਾਉਣ ਵਾਲੀ ਹੈ। ਗ਼ਦਰੀਆਂ ਦੀ ਵਡਮੁੱਲੀ ਵਿਰਾਸਤ ਦਾ ਹਿੱਸਾ ਉਹਨਾਂ ਦੀ ਵਿਚਾਰਧਾਰ ਹੈ। ਗੌਰ ਨਾਲ ਦੇਖਿਆ ਜਾਵੇ ਤਾਂ ਸਾਫ਼ ਪਤਾ ਲਗ ਜਾਂਦਾ ਹੈ ਕਿ ਗ਼ਦਰੀਆਂ ਨੇ ਦੇਸ਼ ਦੀ ਆਜ਼ਾਦੀ ਦੀ ਲਹਿਰ ਨੂੰ ਸ਼ੁਰੂਆਤੀ ਦੌਰ ਵਿੱਚ ਹੀ ਬੌਧਿਕ ਗਹਿਰਾਈ ਦੇ ਦਿੱਤੀ ਸੀ। ਇਸ ਬੌਧਿਕ ਗਹਿਰਾਈ ਤੋਂ ਅੰਗਰੇਜ਼ ਹਕੂਮਤ ਭੈਭੀਤ ਹੋ ਗਈ ਸੀ। ਪ੍ਰਤੀਕਰਮ ਵਜੋਂ ਅੰਗਰੇਜ਼ਾਂ ਨੇ ਵਹਿਸ਼ੀ ਦਮਨ ਚੱਕਰ ਚਲਾ ਕੇ ਗ਼ਦਰ ਲਹਿਰ ਨੂੰ ਤਾਂ ਵਕਤੀ ਤੌਰ 'ਤੇ ਦਬਾ ਦਿੱਤਾ, ਪਰ ਉਹ ਗ਼ਦਰੀਆਂ ਦੁਆਰਾ ਛੱਡੀ ਵਿਚਾਰਧਾਰਕ ਵਿਰਾਸਤ ਦਾ ਕੁੱਝ ਨਾ ਵਿਗਾੜ ਸਕੇ।

ਇਸ ਵਿਚਾਰਧਾਰਕ ਵਿਰਾਸਤ ਦੇ ਚਲਦਿਆਂ ਹੀ ਅਸੀਂ ਇਹ ਸਮਝ ਸਕਣ ਦੇ ਕਾਬਲ ਹੋ ਸਕੇ ਹਾਂ ਕਿ ਅਜੋਕਾ ਕਾਰਪੋਰੇਟ ਮੀਡੀਆ ਆਮ ਲੋਕਾਂ ਨੂੰ ਬੁੱਧੂ ਬਣਾ ਰਿਹਾ ਹੈ। ਅੱਜ ਜਦੋਂ ਮਨੁਖ ਚੰਨ ਤੋਂ ਬਾਅਦ ਮੰਗਲ ਤੱਕ ਪਹੁੰਚਣ ਜਾ ਰਿਹਾ ਹੈ ਤਾਂ ਅਜੇ ਵੀ ਲੋਕ-ਵਿਰੋਧੀ ਮੀਡੀਆ ਸਾਨੂੰ ਸਾਡੇ ਸਿਤਾਰਿਆਂ ਅਤੇ ਹੱਥ ਰੇਖਾਵਾਂ ਆਦਿ ਵਿਚ ਫਸਾਈ ਰੱਖਦਾ ਹੈ। ਲੋਕਾਂ ਨੂੰ ਸਾਇੰਸ ਨਾਲ ਜੋੜਨ ਦੀ ਬਜਾਏ ਵਹਿਮਾਂ ਭਰਮਾਂ ਵੱਲ ਵੱਧ ਧੱਕਿਆ ਜਾ ਰਿਹਾ ਹੈ। ਕਿਸੇ ਵੀ ਸਮੱਸਿਆ ਦਾ ਸਮਾਧਾਨ ਵਿਗਿਆਨਕ ਤਰੀਕੇ ਨਾਲ ਕਰਵਾਉਣ ਦੀ ਬਜਾਏ ਚੈਨਲਾਂ ਵਾਲੇ ਜੋਤਿਸ਼ ਦਾ ਸਹਾਰਾ ਦਿਵਾਉਂਦੇ ਹਨ। ਮੀਡੀਆ ਇਸ ਵਕਤ ਲੋਕਾਂ ਨੂੰ ਬੁੱਧੂ ਬਣਾ ਰਿਹਾ ਹੈ। ਹੁਣ ਜਦੋਂ ਇਸ ਖੇਤਰ ਵਿਚ ਵੀ ਨਿੱਜੀ ਕੰਪਨੀਆਂ ਨੂੰ ਭਾਈਵਾਲੀ ਦੀ ਖੁੱਲ ਦੇ ਦਿੱਤੀ ਗਈ ਹੈ ਤਾਂ ਖ਼ਬਰ ਦਾ ਮਤਲਬ ਹੀ ਵਿਗੜਨਾ ਸ਼ੁਰੂ ਹੋ ਗਿਆ ਹੈ। ਖ਼ਬਰ ਚੈਨਲਾਂ ਅਤੇ ਅਖ਼ਬਾਰਾਂ ਦੇ ਹੋਰਨਾਂ ਅਖ਼ਬਾਰਾਂ/ਚੈਨਲਾਂ ਤੋਂ ਅੱਗੇ ਨਿਕਲਣ ਦੇ ਹੱਠ ਨੇ ਅਰਥਾਂ ਨੂੰ ਅਨਰਥਾਂ ਤੇ ਸਾਰਥਕਤਾ ਨੂੰ ਨਿਰਾਰਥਕਤਾ ਦੀ ਜੂਨੇ ਪਾਉਣ ਦੇ ਕੁਕਰਮ ਦਾ ਕੁਚੱਕਰ ਚਲਾ ਰੱਖਿਆ ਹੈ।

ਅਦਾਰਾ 'ਨਵੀ ਦੁਨੀਆ' ਗ਼ਦਰ ਲਹਿਰ ਦੀ ਪੱਤਰਕਾਰੀ ਅਤੇ ਸਾਹਿਤਕਾਰੀ ਦੀ ਰੌਸ਼ਨੀ ਵਿਚ ਇਸ ਵਰਤਾਰੇ ਨੂੰ ਸਮਝਦਿਆਂ ਯਤਨਸ਼ੀਲ ਹੈ ਕਿ ਮੀਡੀਆ ਕੁੱਝ ਫੀਸਦੀ ਲੋਕਾਂ ਦੀ ਗਲ ਛੱਡ ਕੇ ਆਮ ਲੋਕਾਂ ਦੀ ਗੱਲ ਕਰੇ ਤਾਂ ਜੋ ਭੀੜ ਪੈਣ 'ਤੇ ਉਹੀ ਆਮ ਲੋਕ ਉਸ ਦੀ ਅਵਾਜ ਬਣ ਸਕਣ। ਜਦੋਂ ਕਿਸੇ ਆਦਮੀ ਦਾ ਭਰੋਸਾ ਖਤਮ ਹੋ ਜਾਂਦਾ ਹੈ ਤਾਂ ਉਸ ਦਾ ਵਾਪਸ ਆਉਣਾ ਮੁਸ਼ਕਿਲ ਹੀ ਨਹੀਂ ਨਾ-ਮੁਨਕਿਨ ਵੀ ਹੋ ਜਾਂਦਾ ਹੈ। ਇਸ ਲਈ ਆਪਣੀ ਡਿਗਦੀ ਸ਼ਾਖ, ਖਤਮ ਹੁੰਦੀ ਜਾ ਰਹੀ ਭਰੋਸੇਯੋਗਤਾ, ਪੈਦਾ ਹੋ ਰਹੀ ਬੇਵਿਸ਼ਵਾਸ਼ੀ ਨੂੰ ਰੋਕਣ ਲਈ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ। ਆਪ ਹੀ ਆਪਣੇ ਲਈ ਇਕ ਸੀਮਾ ਤਹਿ ਕਰ ਲੈਣੀ ਚਾਹੀਦੀ ਹੈ। ਜੇਕਰ ਹੁਣ ਵੀ ਅਜਿਹਾ ਨਾ ਕੀਤਾ ਗਿਆ ਤਾਂ ਫਿਰ ਇਸ ਦੇ ਆਉਣ ਵਾਲੇ ਦਿਨਾਂ ਵਿਚ ਭਿਅਕਰ ਨਤੀਜੇ ਵੇਖਣੇ ਪੈ ਸਕਦੇ ਹਨ।

ਗ਼ਦਰ ਲਹਿਰ ਦੀ ਇਸ ਵਿਚਾਰਧਾਰਕ ਵਿਰਾਸਤ ਨੂੰ ਅੱਗੇ ਤੋਰਨ ਦਾ ਤਹੱਈਆ ਹੀ ਅਦਾਰਾ 'ਨਵੀਂ ਦੁਨੀਆ' ਨੇ ਆਪਣੇ ਪਹਿਲੇ ਅੰਕ ਤੋਂ ਹੀ ਕਰ ਲਿਆ ਸੀ। ਆਪਣੀ ਇਸ ਵਿਚਾਰਧਾਰਕ ਜ਼ਮੀਨ ਨੂੰ ਹੋਰ ਜਰਖੇਜ਼ ਕਰਨ ਦਾ ਹਰ ਉਪਰਾਲਾ ਆਪਣੇ ਪਾਠਕਾਂ, ਲੇਖਕਾਂ ਅਤੇ ਸਨੇਹੀਆਂ ਦੇ ਸਹਿਯੋਗ ਨਾਲ ਅਸੀਂ ਕਰਦੇ ਆ ਰਹੇ ਹਾਂ। ਲੋਕ-ਮੁਖੀ ਪਤੱਰਕਾਰਾਤਾ ਨੂੰ ਦਰਪੇਸ਼ ਚੁਣੌਤੀਆਂ ਨੂੰ ਅਦਾਰਾ 'ਨਵੀਂ ਦੁਨੀਆ' ਨੇ ਪੂਰੇ ਤਹੱਮਲ ਅਤੇ ਸੰਜੀਦਗੀ ਨਾਲ ਲਿਆ ਹੈ ਤੇ ਭਵਿੱਖ ਵਿਚ ਸਾਡੇ ਇਹ ਯਤਨ ਹੋਰ ਤੇਜ਼ ਹੋਣਗੇ। ਇਸੇ ਸਮਝ ਦੇ ਅਧੀਨ ਹੀ ਗ਼ਦਰ ਲਹਿਰ ਦੀ ਵਿਚਾਰਧਾਰਕ ਵਿਰਾਸਤ ਦੇ ਵੱਖ-ਵੱਖ ਪੱਖਾਂ ਨਾਲ ਸਬੰਧਤ ਲਿਖਤਾਂ ਉੱਪਰ ਅਧਾਰਤ 'ਨਵੀਂ ਦੁਨੀਆ' ਦਾ ਸੱਜਰਾ ਵਿਸ਼ੇਸ਼ ਅੰਕ ਪਾਠਕਾਂ ਦੇ ਦਰਾਂ 'ਤੇ ਦਸਤਕ ਦੇ ਰਿਹਾ ਹੈ। ਸਾਡੀ ਇਹ ਪੁਰਜ਼ੋਰ ਅਪੀਲ ਹੈ ਕਿ ਪਾਠਕ ਅਜੋਕੇ ਯੁੱਗ ਦੀਆਂ ਸਮੱਸਿਆਵਾਂ ਨਾਲ ਦੋ-ਚਾਰ ਹੋਣ ਲਈ ਉਸੇ ਤਰ੍ਹਾਂ ਆਪਣਾ ਨਜ਼ਰੀਆਂ ਵਿਕਸਤ ਕਰਨ, ਜਿਸ ਤਰ੍ਹਾਂ ਸਾਡੇ ਗ਼ਦਰੀ ਪੁਰਖਿਆਂ ਨੇ ਕੀਤਾ ਸੀ। ਮਾਨਵਤਾ ਦੇ ਚੰਗੇਰੇ ਭਵਿੱਖ ਲਈ ਇਹ ਨਜ਼ਰੀਆ ਯਕੀਕਨ ਹੀ ਬਹੁਤ ਸਹਾਈ ਅਤੇ ਸਾਰਥਕ ਸਾਬਤ ਹੋਵੇਗਾ।

# ਸੂਬਾਈ ਚੋਣ ਨਤੀਜਿਆਂ ਦਾ ਸਿਆਸੀ ਸੁਨੇਹਾ



ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com

ਪੰਜ ਰਾਜਾਂ 'ਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਅਣਕਿਆਸੇ ਨਹੀਂ ਹਨ। ਇਨ੍ਹਾਂ ਚੋਣਾਂ ਦੇ ਨਤੀਜਿਆਂ ਨੇ ਯੂ.ਪੀ.ਏ.-2 ਦੀ ਕਾਰਗੁਜ਼ਾਰੀ ਦਾ ਰਹਿੰਦਾ-ਖੂੰਹਦਾ ਭਾਂਡਾ ਵੀ ਚੌਰਾਹੇ ਵਿਚ ਭੰਨ ਦਿੱਤਾ ਹੈ। ਯੂ.ਪੀ.ਏ.-2 ਗਠਜੋੜ ਸਰਕਾਰ ਵਲੋਂ ਜਿਸ ਢੀਠਤਾਈ ਭਰੀ ਕਾਰਜਸ਼ੈਲੀ 'ਚ ਸਰਕਾਰ ਚਲਾਈ ਜਾ ਰਹੀ ਸੀ ਉਸ ਕਾਰਨ ਉਸ ਦੀ ਨਿਕਟ ਵਿਰੋਧੀ ਪਾਰਟੀ ਨੂੰ ਭਾਰੀ ਸਿਆਸੀ ਲਾਭ ਪਹੁੰਚਿਆ ਹੈ। ਭਾਜਪਾ ਨੂੰ ਇਸ ਗੱਲੋਂ ਕਾਂਗਰਸ ਦੀ ਰਿਣੀ ਹੋਣਾ ਚਾਹੀਦਾ ਹੈ, ਜਿਸ ਨੇ ਲੋਕ ਰੋਹ ਉਪਜਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਤੇ ਸਰਕਾਰ ਵਿਰੁੱਧ ਉਪਜਿਆ ਗੁੱਸਾ ਸਹਿਜੇ ਹੀ ਭਾਜਪਾ ਦੇ ਕੰਮ ਆ ਗਿਆ। ਭਾਜਪਾ ਨੂੰ ਲਾਭ ਪੁਚਾਉਣ ਲਈ ਕਾਂਗਰਸ ਨੇ ਅਚੇਤ-ਸੁਚੇਤ ਬਹੁਤ ਕੁਝ ਕੀਤਾ। ਜਿਸ ਦਿਨ ਰਾਜਸਥਾਨ ਵਿਚ ਚੋਣ ਹੋਣੀ ਸੀ, ਉਸ ਤੋਂ ਇਕ ਦਿਨ ਪਹਿਲਾਂ ਡੀਜ਼ਲ ਦੀ ਕੀਮਤ ਵਧਾ ਕੇ ਆਖ਼ਰ ਸਰਕਾਰ ਕੀ ਸਾਬਤ ਕਰਨਾ ਚਾਹੁੰਦੀ ਸੀ ? ਇਹੋ ਕਿ ਚੋਣਾਂ ਆਪਣੀ ਥਾਂ ਹਨ ਤੇ ਬਾਜ਼ਾਰ ਆਪਣੀ ਥਾਂ। ਇਹ ਠੀਕ ਹੈ ਕਿ ਤੇਲ ਦੀਆਂ ਕੀਮਤਾਂ ਲਗਭਗ ਸਰਕਾਰੀ ਕੰਟਰੋਲ ਤੋਂ ਮੁਕਤ ਹਨ। ਪਰ ਜੇਕਰ ਸਰਕਾਰ ਕਿਸੇ ਨਾਜ਼ੁਕ ਮੌਕੇ 'ਤੇ ਵੀ ਕੰਪਨੀਆਂ (ਤੇਲ) 'ਤੇ ਕੰਟਰੋਲ ਨਹੀਂ ਕਰਦੀ ਤਾਂ ਸਮਝਿਆ ਜਾ ਸਕਦਾ ਹੈ ਕਿ ਸਰਕਾਰ ਦੀ ਨੀਅਤ ਵਿਚ ਖੋਟ ਹੈ। ਇਸੇ ਤਰ੍ਹਾਂ ਹੀ ਪਿਆਜ਼ ਦੀਆਂ ਕੀਮਤਾਂ ਬਾਰੇ ਹੋਇਆ। ਕੀ ਕੇਂਦਰ ਤੇ ਕੀ ਸੂਬਾ ਸਰਕਾਰਾਂ, ਕਿਸੇ ਨੇ ਵੀ ਪਿਆਜ਼ ਦੀਆਂ ਕੀਮਤਾਂ ਕੰਟਰੋਲ ਕਰਨ ਲਈ ਕੁਝ ਨਹੀਂ ਕੀਤਾ। ਪੁੱਛਿਆ ਜਾ ਸਕਦਾ ਹੈ ਕਿ ਇਹ ਕਿਹੋ ਜਿਹਾ ਬਾਜ਼ਾਰ ਹੈ, ਜਿਸ ਵਿਚ ਅਫ਼ਗਾਨਿਸਤਾਨ ਦਾ ਸਾਰਾ ਪਿਆਜ਼ ਵੀ ਉਤਾਰ ਦਿੱਤਾ ਗਿਆ ਫਿਰ ਵੀ ਉਸ ਵਿਚ ਪੂਰਤੀ ਦੀ ਕਮੀ ਰਹੀ, ਦਰਅਸਲ ਪਿਆਜ਼ ਬਾਜ਼ਾਰ 'ਚ ਆਉਣ ਤੋਂ ਪਹਿਲਾਂ ਜ਼ਖ਼ੀਰੇਬਾਜ਼ਾਂ ਦੇ ਹੱਥ ਆਉਂਦਾ ਸੀ ਤੇ ਫਿਰ ਅਸਮਾਨ ਛੂੰਹਦੀ ਕੀਮਤ 'ਤੇ ਉਪਭੋਗਤਾ ਕੋਲ ਪਹੁੰਚਦਾ ਸੀ। ਸਰਕਾਰਾਂ (ਕੇਂਦਰੀ ਤੇ ਸੂਬਾਈ) ਕੇਵਲ ਲੋਕਾਂ ਨੂੰ ਦਿਲਾਸਾ ਹੀ ਦਿੰਦੀਆਂ ਸਨ। ਜ਼ਿੰਮੇਵਾਰ ਤੇ ਜੁਆਬਦੇਹ ਸਰਕਾਰਾਂ ਵਾਂਗ ਤੁਰੰਤ ਜ਼ਖ਼ੀਰੇਬਾਜ਼ਾਂ ਵਿਰੁੱਧ ਕਾਰਵਾਈ ਕਰਕੇ ਅਤੇ ਬਾਜ਼ਾਰ ਵਿਚ ਪਿਆਜ਼ ਦੀ ਢੁਕਵੀਂ ਪੂਰਤੀ ਬਹਾਲ ਕਰ ਕੇ ਲੋਕਾਂ ਨੂੰ ਰਾਹਤ ਪ੍ਰਦਾਨ ਕਰਨ ਤੋਂ ਕੰਨੀ ਕਤਰਾਉਂਦੀਆਂ ਸਨ। ਸੂਬਾਈ ਚੋਣਾਂ ਨੇ ਮਹਿੰਗਾਈ ਦੇ ਮੁੱਦੇ 'ਤੇ ਜਨਆਦੇਸ਼ ਪ੍ਰਤੀਬਿੰਬਤ ਕੀਤਾ ਹੈ, ਇਸ ਗੱਲ ਨੂੰ ਕਤਈ ਝੁਠਲਾਇਆ ਨਹੀਂ ਜਾ ਸਕਦਾ ਪਰ ਆਮ ਲੋਕਾਂ ਨੂੰ ਅਜੇ ਇਹ ਸਮਝਣ ਵਿਚ ਦੇਰ ਲੱਗ ਰਹੀ ਹੈ ਕਿ ਉਨ੍ਹਾਂ ਨੇ ਮਹਿੰਗਾਈ ਵਿਰੁੱਧ ਆਪਣਾ ਵਿਰੋਧ ਸੂਬਾਈ ਪੱਧਰ 'ਤੇ ਵੀ ਦਰਜ ਕਰਵਾਉਣਾ ਸੀ। ਜੇਕਰ ਆਮ ਲੋਕਾਂ ਵਿਚ ਅਜਿਹੀ ਚੇਤਨਾ ਪੈਦਾ ਹੋ ਗਈ ਹੁੰਦੀ ਅਰਥਾਤ ਉਹ ਵਧਦੀ ਮਹਿੰਗਾਈ ਵਿਚ ਕੇਂਦਰ ਤੇ ਰਾਜ ਦੋਵਾਂ ਸਰਕਾਰਾਂ ਦੀ ਭੂਮਿਕਾ ਨੂੰ ਸਮਝਣ ਦੇ ਸਮਰਥ ਹੁੰਦੇ ਤਾਂ ਨਿਸ਼ਚੇ ਹੀ ਕਾਂਗਰਸ ਅਤੇ ਭਾਜਪਾ ਦੋਵਾਂ ਨੇ ਹੀ ਬਰਾਬਰ-ਬਰਾਬਰ ਲੋਕ ਰੋਹ ਦੇ ਨਿਸ਼ਾਨੇ 'ਤੇ ਹੋਣਾ ਸੀ।

ਇਕ ਸਵਾਲ ਇਹ ਵੀ ਉਠਾਇਆ ਜਾ ਰਿਹਾ ਹੈ ਕਿ ਕੀ ਕਾਂਗਰਸ ਪਾਰਟੀ ਨੂੰ ਡਾ. ਮਨਮੋਹਨ ਸਿੰਘ ਦੀਆਂ ਨੀਤੀਆਂ ਦੀ ਕੀਮਤ ਆਪਣੀ ਲੱਕ ਤੋੜਵੀਂ ਹਾਰ ਦੇ ਰੂਪ ਵਿਚ ਨਹੀਂ ਤਾਰਨੀ ਪਈ ? ਇਸ ਸਵਾਲ ਦਾ ਜਵਾਬ ਬਿਨਾ ਝਿਜਕ ਹਾਂ ਵਿਚ ਦਿੱਤਾ ਜਾ ਸਕਦਾ ਹੈ। ਡਾ. ਮਨਮੋਹਨ ਸਿੰਘ ਦੀ ਸਮੁੱਚੀ ਕਾਰਜਸ਼ੈਲੀ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਉਸ ਦੀ ਪ੍ਰਤੀਬੱਧਤਾ ਕੇਵਲ ਆਪਣੇ ਆਰਥਕ-ਮਾਡਲ (ਨਵਉਦਾਰਵਾਦੀ) ਨਾਲ ਹੈ। ਉਸ ਲਈ ਇਸ ਮਾਡਲ ਦਾ ਲਾਗੂ ਹੋਣਾ ਅਤੇ ਲਾਗੂ ਰਹਿਣਾ ਹੀ ਮਹੱਤਵ ਰੱਖਦਾ ਹੈ। ਜੇਕਰ ਨਰਿੰਦਰ ਮੋਦੀ ਜਾਂ ਭਾਜਪਾ ਉਸ ਦੇ ਆਰਥਕ ਮਾਡਲ ਨੂੰ ਆਂਚ ਨਹੀਂ ਆਉਣ ਦੇਣਗੇ ਤਾਂ ਉਸ ਨੂੰ ਕਾਂਗਰਸ ਪਾਰਟੀ ਦੀ ਹਾਰ ਦਾ ਕੋਈ ਫ਼ਿਕਰ ਕਿਉਂ ਹੋਵੇਗਾ ? ਜ਼ਿਕਰਯੋਗ ਹੈ ਕਿ ਇਹ ਕੇਵਲ ਡਾ. ਮਨਮੋਹਨ ਸਿੰਘ ਹੀ ਹਨ ਜਿਨ੍ਹਾਂ ਚਾਰ ਸੂਬਿਆਂ ਦੀਆਂ ਚੋਣਾਂ ਵਿਚ ਕਾਂਗਰਸ ਦੀ ਕਰਾਰੀ ਹਾਰ ਉਪਰ ਕੋਈ ਅਫ਼ਸੋਸ ਪ੍ਰਗਟ ਨਹੀਂ ਕੀਤਾ। ਡਾ. ਮਨਮੋਹਨ ਸਿੰਘ ਦੀਆਂ ਆਰਥਕ ਨੀਤੀਆਂ ਨੇ ਦੇਸ਼ ਵਿਚ ਵਿਆਪਕ ਬੇਰੁਜ਼ਗਾਰੀ, ਕਾਰਪੋਰੇਟ ਕੁਰੱਪਸ਼ਨ, ਮਹਿੰਗਾਈ ਅਤੇ ਸਮਾਜਕ ਅਸੁਰੱਖਿਆ ਵਰਗੀਆਂ ਸਮੱਸਿਆਵਾਂ ਨੂੰ ਸਿਖਰ 'ਤੇ ਪਹੁੰਚਾ ਦਿੱਤਾ ਹੈ। ਸਬੱਬ ਨਾਲ ਉਹ ਕਾਂਗਰਸ ਵਿਚ ਹੈ ਤੇ ਉਸ ਦੀਆਂ ਲੋਕ ਵਿਰੋਧੀ ਆਰਥਕ ਨੀਤੀਆਂ ਦਾ ਸਿਆਸੀ ਖਾਮਿਆਜਾ ਕਾਂਗਰਸ ਨੂੰ ਭੁਗਤਣਾ ਪੈਰਿਹਾ ਹੈ। ਭਾਜਪਾ ਲਈ ਉਹ ਇਸ ਸਮੇਂ ਵਿਰੋਧੀ ਟੀਮ (ਪਾਰਟੀ) ਦੇ ਕਮਜ਼ੋਰ ਗੋਲ ਕੀਪਰ ਵਾਂਗ ਹੈ। ਉਸ ਦੇ ਹੁੰਦਿਆਂ ਭਾਜਪਾ ਖਿਡਾਰੀਆਂ ਨੂੰ ਗੋਲ 'ਤੇ ਗੋਲ ਦਾਗੀ ਜਾਣ ਵਿਚ ਕੋਈ ਦਿੱਕਤ ਪੇਸ਼ ਨਹੀਂ ਆ ਰਹੀ।

ਹਾਰ ਮਗਰੋਂ ਕਾਂਗਰਸ ਦੀਆਂ ਸਫ਼ਾਂ ਵਿਚ ਨਿਰਾਸ਼ਾ ਦਾ ਆਲਮ ਹੈ। ਸ੍ਰੀਮਤੀ ਸੋਨੀਆ ਗਾਂਧੀ ਨੇ ਨਤੀਜਿਆਂ ਪ੍ਰਤੀ ਆਪਣੀ ਮਾਨਸਿਕਤਾ ਦਾ ਜਾਂ ਮਨੋਦਸ਼ਾ ਦਾ ਪਹਿਲਾਂ ਪ੍ਰਗਟਾਵਾ 'ਨਿਰਾਸ਼ਾ' ਸ਼ਬਦ ਰਾਹੀਂ ਹੀ ਦਿੱਤਾ ਹੈ। ਪਾਰਟੀ ਇਸ ਸਮੇਂ ਆਤਮ ਮੰਥਨ ਦੇ ਅਮਲ ਵਿਚੋਂ ਗੁਜ਼ਰਨ ਦੀ ਗੱਲ ਕਹਿ ਰਹੀ ਹੈ। ਕਈ ਸਾਰੇ ਪ੍ਰਤੀਕਰਮ ਤੇ ਟਿੱਪਣੀਆਂ ਵੱਖ-ਵੱਖ ਪਾਸਿਆਂ ਤੋਂ ਵੀ ਆ ਰਹੀਆਂ ਹਨ। ਹਾਰ ਲਈ ਕੇਂਦਰੀ ਮੰਤਰੀ ਸ਼ਰਦ ਪਵਾਰ ਨੇ ਕਾਂਗਰਸ ਦੀ ਕਮਜ਼ੋਰ ਲੀਡਰਸ਼ਿਪ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਜਦਕਿ ਲੋਕ ਕਾਂਗਰਸ ਦੀ ਲੀਡਰਸ਼ਿਪ ਤੋਂ ਹੀ ਦੁਖੀ ਨਹੀਂ ਸਨ, ਸਗੋਂ ਭਾਜਪਾ ਸਮੇਤ ਸਮੁੱਚੀ ਹਾਕਮ ਸਿਆਸੀ ਜਮਾਤ ਤੋਂ ਦੁਖੀ ਹਨ, ਜਿਸ ਨੇ ਬੜੀ ਬੇਰਹਿਮੀ ਨਾਲ ਦੇਸ਼ ਅਤੇ ਦੇਸ਼ਵਾਸੀਆਂ ਨੂੰ ਆਦਮਖੋਰਾਂ ਵਰਗੇ ਮੁਨਾਫ਼ਾਖੋਰ ਕਾਰਪੋਰੇਟ ਭੇੜੀਆਂ ਅੱਗੇ ਸੁੱਟ ਦਿੱਤਾ ਹੈ। ਭਾਜਪਾ ਕੋਲ ਤਾਂ ਕਦੇ ਵੀ ਬਦਲਵੀਆਂ ਆਰਥਕ ਨੀਤੀਆਂ ਨਹੀਂ ਰਹੀਆਂ। ਆਪਣੇ ਸ਼ਾਸ਼ਨ ਕਾਲ ਵਿਚ ਇਸ ਨੇ ਨਵਉਦਾਰਵਾਦੀ ਆਰਥਕ ਏਜੰਡੇ ਨੂੰ ਹੀ ਵਧੇਰੇ ਜ਼ੋਰ ਨਾਲ ਲਾਗੂ ਕਰਨ ਲਈ ਉਦਾਰਵਾਦੀ ਆਰਥਕ ਏਜੰਡੇ ਨੂੰ ਹੀ ਵਧੇਰੇ ਜ਼ੋਰ ਨਾਲ ਲਾਗੂ ਕਰਨ ਲਈ ਯਤਨ ਕੀਤੇ ਹਨ। ਹਾਂ, ਕਾਂਗਰਸ ਆਤਮ ਮੰਥਨ ਸਮੇਂ ਆਪਣੇ ਅਤੀਤ 'ਤੇ ਜ਼ਰੂਰ ਨਜ਼ਰ ਮਾਰ ਸਕਦੀ ਹੈ। ਅਜਿਹਾ ਕਰਦਿਆਂ ਹੋਇਆਂ ਉਹ ਨਹਿਰੂ ਯੁੱਗ ਦੀਆਂ ਆਰਥਕ ਨੀਤੀਆਂ ਦੀ ਪੁਣਛਾਣ ਕਰ ਸਕਦੀ ਹੈ। ਉਹ ਸ੍ਰੀਮਤੀ ਇੰਦਰਾ ਗਾਂਧੀ ਦੁਆਰਾ ਬੈਂਕਾਂ ਦੇ ਕੌਮੀਕਰਨ ਦੇ ਫ਼ੈਸਲੇ ਤੋਂ ਅਤੇ ਰਜਵਾੜਿਆਂ ਦੇ ਭੱਤੇ ਬੰਦ ਕਰਨ ਦੇ ਕ੍ਰਾਂਤੀਕਾਰੀ ਕਦਮਾਂ ਤੋਂ ਸੇਧ ਲੈ ਸਕਦੀ ਹੈ। ਮੁੱਕਦੀ ਗੱਲ ਇਹ ਹੈ ਕਿ ਹੁਣ ਵਕਤ ਆ ਗਿਆ ਹੈ ਕਿ ਉਹ ਪੰਡਤ ਜਵਾਹਰ ਲਾਲ ਨਹਿਰੂ ਅਤੇ ਡਾ. ਮਨਮੋਹਨ ਸਿੰਘ ਦੋਵਾਂ ਦੀਆਂ ਆਰਥਕ ਨੀਤੀਆਂ ਵਿਚੋਂ ਕਿਸੇ ਇਕ ਦੀ ਚੋਣ ਕਰੇ। ਸੂਬਾਈ ਚੋਣਾਂ ਦੇ ਨਤੀਜਿਆਂ ਨੂੰ ਇਸ ਸੁਨੇਹੇ ਵਜੋਂ ਲੈਣਾ ਚਾਹੀਦਾ ਹੈ ਕਿ ਦੇਸ਼ ਦੀ ਜਨਤਾ ਨੂੰ ਅੰਨ੍ਹੇ ਨਿੱਜੀਕਰਨ ਦਾ ਰਾਹ ਰਾਸ ਨਹੀਂ ਆ ਰਿਹਾ। ਦੇਸ਼ ਦੀ ਜਨਤਾ ਨਹਿਰੂ ਯੁੱਗ ਵੇਲੇ ਦਾ ਜਨਤਕ ਖੇਤਰ ਮੁੜ ਤੋਂ ਬਹਾਲ ਹੋਇਆ ਦੇਖਣਾ ਚਾਹੁੰਦੀ ਹੈ, ਜਿਸ ਵਿਚ ਉਹਦੇ ਲਈ ਚੋਖੀਆਂ ਸਰਕਾਰੀ ਨੌਕਰੀਆਂ ਦੀ ਵਿਵਸਥਾ ਹੋਵੇ। ਡਾ. ਮਨਮੋਹਨ ਸਿੰਘ ਦੇ ਆਰਥਕ ਮਾਡਲ ਨੇ ਜਨਤਕ ਖੇਤਰ ਨੂੰ ਖਾਤਮੇ ਦੇ ਕੰਢੇ 'ਤੇ ਲੈ ਆਂਦਾ ਹੈ, ਜਿਸ ਕਾਰਨ ਬੇਰੁਜ਼ਗਾਰੀ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ। ਮੁਨਾਫ਼ਾਖੋਰੀ ਦੇ ਚੱਲਦਿਆਂ ਮਹਿੰਗਾਈ ਸਿਖ਼ਰਾਂ ਛੂਹ ਰਹੀ ਹੈ ਤੇ ਭ੍ਰਿਸ਼ਟਾਚਾਰ ਦੇ ਸਭ ਰਿਕਾਰਡ ਟੁੱਟ ਰਹੇ ਹਨ।

ਸੂਬਾਈ ਚੋਣ ਨਤੀਜਿਆਂ ਨੇ ਇਹ ਵੀ ਸੁਨੇਹਾ ਦਿੱਤਾ ਹੈ ਕਿ ਲੋਕਾਂ ਨੂੰ ਹੁਣ ਅਜਿਹੀਆਂ ਪਾਰਟੀਆਂ ਨੂੰ ਤਕੜਾ ਕਰਨਾ ਹੋਵੇਗਾ, ਜਿਹੜੀਆਂ ਸਥਾਪਤ ਆਰਥਕ ਨੀਤੀਆਂ ਅਤੇ ਸਿਆਸੀ ਕਦਰਾਂ-ਕੀਮਤਾਂ ਦਾ ਢੁਕਵਾਂ ਬਦਲ ਪੇਸ਼ ਕਰਦੀਆਂ ਹਨ। ਦਿੱਲੀ ਵਿਚ 'ਆਪ' ਦੀ ਸ਼ਾਨਦਾਰ ਕਾਰਗੁਜ਼ਾਰੀ ਦਾ ਪ੍ਰਤੀਕਾਤਮਿਕ ਅਰਥ ਇਹੋ ਹੀ ਨਿਕਲਦਾ ਹੈ।

ਸੰਪਾਦਕੀ ਬੋਰਡ ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸੁਰਿੰਦਰ ਮਾਵੀ (ਵਿਨੀਪੈਗ ਪ੍ਰਤੀਨਿਧੀ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧੀ)

2nd Floor 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
e-mail: info@nawidunia.com
http://www.facebook.com/NawiDunia

ਲੇਖਕਾਂ ਦੀਆਂ ਰਚਨਾਵਾਂ ਨਾਲ ਨਵੀਂ ਦੁਨੀਆ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਹਕੀਕਤਾਂ ਉਪਰ ਪਰਦਾ : ਨਰਿੰਦਰ ਮੋਦੀ ਤੇ ਰਾਹੁਲ ਗਾਂਧੀ ਦਾ ਗੁਣਗਾਨ



ਮੰਗਤ ਰਾਮ ਪਾਸਲਾ
+91-98141-82998
sangrami.lehar@gmail.com

ਸੰਵਿਧਾਨਕ ਵਿਵਸਥਾਵਾਂ ਅਨੁਸਾਰ ਲੋਕ ਸਭਾ ਚੋਣਾਂ ਅਜੇ ਮਈ 2014 ਵਿਚ ਹੋਣੀਆਂ ਹਨ, ਪ੍ਰੰਤੂ ਲੁਟੇਰੇ ਵਰਗਾਂ ਦੀਆਂ ਲਗਭਗ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਵਲੋਂ ਚੋਣ ਪ੍ਰਚਾਰ ਪੂਰੇ ਜ਼ੋਰ-ਸ਼ੋਰ ਨਾਲ ਸ਼ੁਰੂ ਹੈ। ਉਹਨਾਂ ਵਲੋਂ ਹਰ ਰਾਜਸੀ ਪੈਂਤੜਾ ਤੇ ਬਿਆਨਬਾਜ਼ੀ ਲੋਕ ਸਭਾ ਸੀਟਾਂ ਜਿੱਤਣ ਨੂੰ ਮੱਦੇਨਜ਼ਰ ਰੱਖਕੇ ਹੀ ਕੀਤੀ ਜਾ ਰਹੀ ਹੈ। ਭਾਜਪਾ ਤੇ ਕਾਂਗਰਸ ਵਲੋਂ ਤਾਂ ਇਸ ਸੰਬੰਧ 'ਚ ਵੱਡੀ ਮਾਤਰਾ ਵਿਚ ਧਨ ਜੁਟਾਉਣ ਵਾਸਤੇ ਵੀ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਜਾਪਦੇ ਹਨ। ਸਿਰਕੱਢ ਪੂੰਜੀਪਤੀਆਂ ਤੇ ਕਾਰਪੋਰੇਟ ਘਰਾਣਿਆਂ ਨੇ ਵੀ ਆਪਣੇ ਜਮਾਤੀ ਹਿੱਤਾਂ ਦੀ ਰਾਖੀ ਦੀ ਗਾਰੰਟੀ ਵਾਸਤੇ ਰਾਜਸੀ ਪ੍ਰਾਥਮਿਕਤਾਵਾਂ ਤੈਅ ਕਰ ਲਈਆਂ ਹਨ। ਕਾਰਪੋਰੇਟ ਘਰਾਣਿਆਂ ਦੇ ਕੰਟਰੋਲ ਹੇਠਲਾ ਇਲੈਕਟਰਨਿਕ ਤੇ ਪ੍ਰਿੰਟ ਮੀਡੀਆ ਯੋਜਨਾਬੱਧ ਢੰਗ ਨਾਲ ਆਉਂਦੀਆ ਲੋਕ ਸਭਾ ਚੋਣਾਂ ਨੂੰ ਦੋ ਰਾਜਸੀ ਨੇਤਾਵਾਂ ਨਰਿੰਦਰ ਮੋਦੀ (ਭਾਜਪਾ) ਅਤੇ ਰਾਹੁਲ ਗਾਂਧੀ (ਕਾਂਗਰਸ) ਦੇ ਵਿਚਕਾਰ ਲੜੀ ਜਾਣ ਵਾਲੀ ਚੁਣਾਵੀ ਜੰਗ ਦੇ ਤੌਰ 'ਤੇ ਕੇਂਦਰਤ ਕਰ ਰਿਹਾ ਹੈ। ਇਕ ਪਾਸੇ ਕੇਂਦਰੀ ਸਰਕਾਰ ਨੇ ਆਪਣੀਆਂ 10 ਸਾਲਾਂ ਦੇ ਰਾਜ ਦੀਆਂ ਪ੍ਰਾਪਤੀਆਂ ਦਾ ਗੁਣਗਾਨ ਕਰਨ ਵਾਸਤੇ ਵੱਡੇ ਪੈਮਾਨੇ ਉਪਰ ਧਨ (ਲਗਭਗ 500 ਕਰੋੜ ਰੁਪਏ) ਖਰਚਣ ਦੀ ਯੋਜਨਾ ਘੜੀ ਹੋਈ ਹੈ ਤੇ ਦੂਸਰੇ ਪਾਸੇ ਭਾਜਪਾ ਵਲੋਂ ਮੀਡੀਏ ਰਾਹੀਂ ਮੋਦੀ ਦਾ ਗੁਣਗਾਨ ਕਰਨ ਵਾਸਤੇ ਅਣ-ਗਿਣਤ ਧਨ ਖਰਚਿਆ ਜਾ ਰਿਹਾ ਹੈ। ਜੇਕਰ ਕਰੋੜਾਂ ਰੁਪਏ ਚੋਣ ਦੰਗਲ ਲੜੇ ਜਾਣ ਦੀਆਂ ਤਿਆਰੀਆਂ ਵਿਚ ਹੀ ਖਰਚੇ ਜਾ ਰਹੇ ਹੋਣ ਤਦ ਚੋਣਾਂ ਦੌਰਾਨ ਧਨ ਦੀ ਵਰਤੋਂ (ਕੁਵਰਤੋਂ) ਦੀ ਸੀਮਾ ਕਿੰਨੀ ਕੁ ਹੋਵੇਗੀ ? ਇਸ ਦਾ ਅੰਦਾਜ਼ਾ ਸੌਖਿਆਂ ਹੀ ਲਗਾਇਆ ਜਾ ਸਕਦਾ ਹੈ। ਇਨ੍ਹਾਂ ਸਰਮਾਏਦਾਰ-ਜਗੀਰਦਾਰ ਰਾਜਨੀਤਕ ਪਾਰਟੀਆਂ ਨੂੰ ਚੰਦੇ/ਦਾਨ ਦੇ ਰੂਪ ਵਿਚ ਦਿੱਤੀ ਜਾਣ ਵਾਲੀ ਮਾਇਆ ਦੇ ਇਵਜ਼ਾਨੇ ਵਜੋਂ ਕਾਰਪੋਰੇਟ ਘਰਾਣੇ ਚੋਣਾਂ ਤੋਂ ਬਾਅਦ ਬਣੀ ਕਿਸੇ ਵੀ ਸਰਕਾਰ ਤੋਂ, ਦਿੱਤੀ ਰਾਸ਼ੀ ਤੋਂ ਕਈ ਗੁਣਾਂ ਜ਼ਿਆਦਾ ਵਸੂਲੀ ਕਰ ਲੈਂਦੇ ਹਨ।

ਨਰਿੰਦਰ ਮੋਦੀ ਬਨਾਮ ਰਾਹੁਲ ਗਾਂਧੀ ਦੀ ਇਸ ਛਿੰਝ ਦੇ ਰਾਮਰੌਲੇ ਵਿਚ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ, ਸਾਮਰਾਜੀ ਲੁੱਟ, ਆਮ ਆਦਮੀ ਦੀ ਤਰਸਯੋਗ ਜ਼ਿੰਦਗੀ, ਮਹਿੰਗਾਈ, ਬੇਕਾਰੀ, ਅਨਪੜ੍ਹਤਾ, ਕੁਪੋਸ਼ਨ ਆਦਿ ਸਭ ਕੁੱਝ ਛੁਪਾਉਣ ਦਾ ਯਤਨ ਹੋ ਰਿਹਾ ਹੈ। ਸਮੁੱਚੇ ਪੈਦਾਵਾਰੀ ਸਾਧਨਾਂ ਉਪਰ ਕਬਜ਼ੇ ਅਤੇ ਪੂੰਜੀ ਦੇ ਜਮਾਂ ਕੀਤੇ ਅੰਬਾਰਾਂ ਦੇ ਨਾਲ ਲੁਟੇਰੇ ਵਰਗਾਂ ਵਲੋਂ ਕੰਟਰੋਲ ਕੀਤੇ ਜਾਂਦੇ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਏ ਦੀ ਲੋਕ ਹਿਤਾਂ ਨਾਲ ਖਿਲਵਾੜ ਕਰਨ ਵਾਸਤੇ ਕਿਸ ਹੱਦ ਤੱਕ ਦੁਰਵਰਤੋਂ ਕੀਤੀ ਜਾ ਸਕਦੀ ਹੈ, ਇਸਦਾ ਅੰਦਾਜ਼ਾ ਅੱਜਕਲ ਦੇ ਵੱਖ ਵੱਖ ਟੀ.ਵੀ. ਚੈਨਲਾਂ ਤੇ ਅਖਬਾਰੀ ਖਬਰਾਂ ਦੇਖ ਕੇ ਲਗਾਇਆ ਜਾ ਸਕਦਾ ਹੈ, ਜਿਥੇ ਰਾਤ ਦਿਨ ਮੋਦੀ ਤੇ ਰਾਹੁਲ ਵਲੋਂ ਇਕ ਦੂਜੇ ਵਿਰੁੱਧ ਚਲਾਏ ਜਾਂਦੇ ਘਟੀਆ ਕਿਸਮ ਦੇ ਸ਼ਾਬਦਿਕ ਬਾਣਾਂ ਦੀ ਚਰਚਾ ਹੁੰਦੀ ਹੈ ਅਤੇ ਜਾਂ ਫਿਰ ਦੋਹਾਂ 'ਚੋਂ ਕਿਸੇ ਇਕ ਦੀ ਆਰਤੀ ਉਤਾਰੀ ਜਾਂਦੀ ਹੈ। ਮੋਦੀ ਦੇ ਦਿੱਤੇ ਹਰ ਭਾਸ਼ਣ ਦਾ ਵਿਸਥਾਰ, ਮਸਾਲੇ ਲਗਾ ਕੇ ਉਸਦੇ ਜੀਵਨ ਦੀਆਂ ਸੱਚੀਆਂ ਝੂਠੀਆਂ ਕਹਾਣੀਆਂ, ਗੁਜਰਾਤ ਦੇ ਵਿਕਾਸ ਮਾਡਲ (ਜੋ ਮਨਮੋਹਨ ਸਿੰਘ ਦੇ ਵਿਕਾਸ ਮਾਡਲ ਦੀ ਕਾਰਬਨ ਕਾਪੀ ਹੈ) ਨੂੰ ਟੀ.ਵੀ. ਉਪਰ ਇਸ ਹੱਦ ਤੱਕ ਦਿਖਾਇਆ ਜਾ ਰਿਹਾ ਹੈ ਕਿ ਕਈ ਵਾਰ ਸਧਾਰਨ ਆਦਮੀ ਦਾ ਮਨ ਵੀ ਇਹ ਸਾਰਾ ਕੁੱਝ ਵਾਰ ਵਾਰ ਦੇਖ ਕੇ ਉਕਤਾ ਜਾਂਦਾ ਹੈ। ਭਾਜਪਾ ਦੀਆਂ ਅੰਦਰੂਨੀ ਸਰਗਰਮੀਆਂ, ਆਰ.ਐਸ.ਐਸ. ਆਗੂਆਂ ਦੀ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਪੱਦ ਲਈ ਪ੍ਰਭਾਵੀ ਉਮੀਦਵਾਰ ਐਲਾਨਣ ਲਈ ਕੀਤੀ ਮੁਸ਼ੱਕਤ ਅਤੇ ਰਾਹੁਲ ਨੂੰ ਨੌਜਵਾਨ ਵਰਗ ਦੇ 'ਪ੍ਰੇਰਣਾ ਸ੍ਰੋਤ' ਵਜੋਂ ਪੇਸ਼ ਕਰਨ ਦੀ ਕਵਾਇਦ ਆਦਿ ਨੂੰ ਪ੍ਰਚਾਰ ਸਾਧਨਾਂ ਵਿਚ ਇਸ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ ਜਿਵੇਂ ਸਾਡੇ ਮੀਡੀਏ ਕੋਲ ਲੋਕਾਂ ਨੂੰ ਦਿਖਾਉਣ ਵਾਸਤੇ ਹੋਰ ਕੁਝ ਬਚਿਆ ਹੀ ਨਹੀਂ ਹੈ ਤੇ ਨਾ ਹੀ ਦੇਸ਼ ਦੇ ਸਨਮੁੱਖ ਹੋਰ ਕੋਈ ਮਸਲਾ ਜਾ ਮੁਸ਼ਕਿਲਾਂ ਹਨ।

ਇਹ ਸਾਰਾ ਕੁਝ ਸੁੱਤੇ ਸਿੱਧ ਨਹੀਂ ਹੋ ਰਿਹਾ ਬਲਕਿ ਇਸ ਪਿੱਛੇ ਸਾਮਰਾਜੀ ਲੁਟੇਰਿਆਂ, ਭਾਰਤ ਦੇ ਕਾਰਪੋਰੇਟ ਘਰਾਣਿਆਂ ਤੇ ਭਰਿਸ਼ਟਾਚਾਰ ਰਾਹੀਂ ਧਨ ਇਕੱਠਾ ਕਰਨ ਵਾਲੇ ਭਾਰਤੀ ਸੱਤਾ ਉਪਰ ਕਾਬਜ਼ ਹੁਕਮਰਾਨ ਟੋਲੇ ਦੀ ਡੂੰਘੀ ਸਾਜਿਸ਼ ਹੈ। ਇਹ ਉਪਰੋਕਤ ਧਿਰਾਂ ਲੋਕ ਸਭਾ ਚੋਣਾਂ ਦੌਰਾਨ ਦੇਸ਼ ਦੇ ਕੀਮਤੀ ਕੁਦਰਤੀ ਖਜ਼ਾਨੇ ਜਿਵੇਂ ਲੋਹਾ, ਕੋਲਾ, ਤੇਲ ਤੇ ਹੋਰ ਅਨੇਕਾਂ ਖਣਿਜ ਪਦਾਰਥ, ਜਲ, ਜੰਗਲ, ਜ਼ਮੀਨ ਆਦਿ ਦੀ ਕੀਤੀ ਜਾ ਰਹੀ ਅੰਨ੍ਹੀ ਤੇ ਬੇਤਰਸ ਲੁੱਟ ਨੂੰ ਆਮ ਲੋਕਾਂ ਦੀਆਂ ਨਿਗਾਹਾਂ ਤੋਂ ਛੁਪਾਉਣਾ ਚਾਹੁੰਦੇ ਹਨ। ਸਾਮਰਾਜੀ ਧਾੜਵੀਆਂ ਦੁਆਰਾ ਭਾਰਤੀ ਸ਼ਾਸਕਾਂ ਨਾਲ ਮਿਲੀਭੁਗਤ ਰਾਹੀਂ ਭਾਰਤੀ ਘਰੇਲੂ ਮੰਡੀ ਉਪਰ ਕਬਜ਼ਾ ਕਰਨ ਅਤੇ ਦੇਸ਼ ਦੀ ਸਮੁੱਚੀ ਆਰਥਿਕਤਾ ਤੇ ਸੁਰੱਖਿਆ ਦੇ ਖੇਤਰ ਵਿਚ ਸਾਮਰਾਜੀ ਘੁਸਪੈਠ ਦੇ ਸੱਚ ਨੂੰ, ਭਾਰਤ ਦਾ ਹਾਕਮ ਧੜਾ ਅਤੇ ਉਸ ਦੁਆਰਾ ਚਲਾਇਆ ਜਾ ਰਿਹਾ ਸਮੁੱਚਾ ਮੀਡੀਆ ਮੋਦੀ ਤੇ ਰਾਹੁਲ ਦੀ ਕਾਵਾਂ ਰੌਲੀ ਪਾ ਕੇ, ਲੋਕਾਂ ਦੇ ਕੰਨਾਂ ਵਿਚ ਪੁੱਜਣ ਤੋਂ ਰੋਕਣ ਲਈ ਹਰ ਸਾਜਸ਼ ਘੜਨ ਤੱਕ ਜਾ ਸਕਦਾ ਹੈ।

1947 ਤੋਂ ਬਾਅਦ ਹੋਂਦ ਵਿਚ ਆਈਆਂ ਵੱਖ-ਵੱਖ ਕੇਂਦਰੀ ਸਰਕਾਰਾਂ ਦੁਆਰਾ ਅਪਣਾਈਆਂ ਆਰਥਿਕ ਤੇ ਰਾਜਨੀਤਕ ਨੀਤੀਆਂ ਸਦਕਾ ਦੇਸ਼ ਦੀ 77 ਫੀਸਦੀ ਅਬਾਦੀ ਅੱਜ 20 ਰੁਪਏ ਦਿਹਾੜੀ ਉਪਰ ਗੁਜ਼ਾਰਾ ਕਰਨ ਲਈ ਮਜਬੂਰ ਹੈ। ਗੁਰਬਤ ਵਿਚ ਫਸੇ ਇਹਨਾਂ ਲੋਕਾਂ ਦੀ ਮਜ਼ਬੂਰੀ ਦਾ ਲਾਹਾ ਲੈਣ ਲਈ ਕੇਂਦਰੀ ਸਰਕਾਰ ਵਲੋਂ ਮਨਰੇਗਾ ਤੇ ਖੁਰਾਕ ਸੁਰੱਖਿਆ ਕਾਨੂੰਨ ਅਤੇ ਪੰਜਾਬ ਸਰਕਾਰ ਦੀ ਆਟਾ ਦਾਲ ਯੋਜਨਾ ਕਿਰਤੀ ਲੋਕਾਂ ਨੂੰ ਸਵੈ-ਨਿਰਭਰ ਕਰਨ ਲਈ ਜਾਂ ਸਨਮਾਨਜਨਕ ਜ਼ਿੰਦਗੀ ਜੀਉਣ ਯੋਗ ਬਣਾਉਣ ਦਾ ਉਪਰਾਲਾ ਨਹੀਂ ਹੈ, ਸਗੋਂ ਉਨ੍ਹਾਂ ਨੂੰ ਮਜ਼ਬੂਰ, ਭਿਖਾਰੀ ਤੇ ਗੁਲਾਮ ਮਾਨਸਿਕਤਾ ਦਾ ਸ਼ਿਕਾਰ ਬਣਾ ਕੇ ਵੋਟਾਂ ਬਟੋਰਨ ਦਾ ਹਥਿਆਰ ਮਾਤਰ ਹੀ ਹੈ। ਨਾ ਭਾਜਪਾ ਤੇ ਨਾ ਹੀ ਕਾਂਗਰਸ ਲੋਕ ਸਭਾ ਚੋਣਾਂ ਵਿਚ ਜਨਤਾ ਸਾਹਮਣੇ ਇਹ ਏਜੰਡਾ ਬਣਨ ਦੇਣਾ ਚਾਹੁੰਦੀਆਂ ਹਨ ਕਿ ਉਨ੍ਹਾਂ ਦੀਆਂ ਲੋਕ ਮਾਰੂ ਨੀਤੀਆਂ ਸਦਕਾ ਕਿਸ ਤਰ੍ਹਾਂ 66 ਸਾਲ ਦੀ ਆਜ਼ਾਦੀ ਤੋਂ ਬਾਅਦ ਵੀ ਭਾਰਤ ਦੇ 52 ਪ੍ਰਤੀਸ਼ਤ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ ਤੇ ਦੁਨੀਆਂ ਅੰਦਰ 5 ਸਾਲ ਤੋਂ ਘੱਟ ਉਮਰ ਦੇ ਮਰਨ ਵਾਲੇ 7 ਬੱਚਿਆਂ ਵਿਚੋਂ 4 ਬੱਚੇ ਭਾਰਤ ਨਾਲ ਸੰਬੰਧਤ ਹਨ। ਅੱਜ ਦੀ ਲੱਕ ਤੋੜ ਮਹਿੰਗਾਈ ਤੇ ਬੇਕਾਰੀ ਦੇ ਕੀ ਕਾਰਨ ਹਨ ? ਖੇਤੀਬਾੜੀ ਦਾ ਧੰਦਾ ਸੰਕਟਗ੍ਰਸਤ ਕਿਸ ਦੀ ਕ੍ਰਿਪਾ ਕਾਰਨ ਹੈ ਜਿਸ ਕਰਕੇ ਕਿਸਾਨ ਕਰਜ਼ਿਆਂ ਦੇ ਭਾਰ ਹੇਠਾਂ ਦੱਬ ਕੇ ਖੁਦਕੁਸ਼ੀਆਂ ਦੇ ਰਾਹ ਤੁਰਿਆ ਹੋਇਆ ਹੈ ? ਦਹਾਕਿਆਂ ਬੱਧੀ ਮਿਹਨਤ ਮੁਸ਼ੱਕਤ ਕਰਕੇ ਬੰਜਰ ਜ਼ਮੀਨਾਂ ਵਾਹੀਯੋਗ ਬਣਾਉਣ ਵਾਲਾ ਮੁਜ਼ਾਰਾ ਤੇ ਕਿਸਾਨ ਝੂਠੇ ਬਹਾਨਿਆਂ ਤੇ ਪੁਲਸ ਬਲਾਂ ਦੀ ਸਹਾਇਤਾ ਨਾਲ ਜ਼ਮੀਨ ਤੋਂ ਉਜਾੜਿਆ ਕਿਉਂ ਜਾ ਰਿਹਾ ਹੈ ? ਕਬਾਇਲੀ ਲੋਕਾਂ ਦੀ ਜ਼ਿੰਦਗੀ ਦੇ ਇਕੋ ਇਕ ਸਾਧਨ, ਜ਼ਮੀਨ ਦੇ ਟੁਕੜੇ ਨੂੰ ਜਬਰੀ ਖੋਹ ਕੇ ਦੇਸੀ ਤੇ ਵਿਦੇਸ਼ੀ ਧਨਵਾਨਾਂ ਦੇ ਹਵਾਲੇ ਕਿਉਂ ਕੀਤਾ ਜਾ ਰਿਹਾ ਹੈ ਤਾਂ ਕਿ ਉਹ ਸਾਡੇ ਧਰਤੀ ਹੇਠਲੇ ਕੀਮਤੀ ਖਜ਼ਾਨੇ ਕੌਡੀਆਂ ਦੇ ਭਾਅ ਲੁੱਟ ਕੇ ਦੇਸ਼ ਨੂੰ ਕੰਗਾਲ ਕਰ ਸਕਣ ? ਗਰੀਬ ਲੋਕਾਂ ਦੇ ਬੱਚਿਆਂ ਨੂੰ ਵਿਦਿਆ ਤੇ ਸਿਹਤ ਸਹੂਲਤਾਂ ਦੇਣ ਤੋਂ ਸਰਕਾਰ ਨੇ ਪਾਸਾ ਕਿਉਂ ਵੱਟ ਲਿਆ ਹੈ ਤੇ ਉਹਨਾਂ ਸਾਰੀਆਂ ਸਮਾਜਕ ਸਹੂਲਤਾਂ ਜਿਵੇਂ ਵਿਦਿਆ, ਸਿਹਤ ਸਹੂਲਤਾਂ ਇਤਿਆਦਿ, ਜਿਨ੍ਹਾਂ ਨੂੰ ਮੁਫ਼ਤ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਸਰਕਾਰਾਂ ਦੀ ਬਣਦੀ ਹੈ, ਦਾ ਵਿਉਪਾਰੀਕਰਨ ਕਰਕੇ ਇਨ੍ਹਾਂ ਨੂੰ ਕਮਾਈ ਕਰਨ ਦੇ ਸਾਧਨ ਮਾਤਰ ਕਿਉਂ ਬਣਾ ਦਿੱਤਾ ਗਿਆ ਹੈ ? ਔਰਤਾਂ ਉਪਰ ਵੱਧ ਰਹੇ ਜ਼ੁਲਮਾਂ ਦੇ ਅਸਲ ਕਾਰਨਾਂ ਦਾ ਸੱਚ ਲਕੋਣ ਲਈ ਤਾਂ ਮੌਜੂਦਾ ਹਾਕਮ ਤੇ ਸੰਘ ਪਰਿਵਾਰ ਵਰਗੇ ਪਿਛਾਖੜੀ ਸੰਗਠਨ ਇਨ੍ਹਾਂ ਵਾਰਦਾਤਾਂ ਲਈ ਆਮ ਲੋਕਾਂ ਤੇ ਖਾਸਕਰ ਔਰਤਾਂ ਨੂੰ ਹੀ ਜਿੰਮੇਵਾਰ ਕਰਾਰ ਦੇਈ ਜਾ ਰਹੇ ਹਨ।





ਵੱਧ ਰਹੀ ਲੋਕ ਲਹਿਰਾਂ ਦੀ ਕਾਂਗ ਨੂੰ ਦਬਾਉਣ ਵਾਸਤੇ ਹਰ ਰੰਗ ਦੀਆਂ ਕੇਂਦਰੀ ਤੇ ਸੂਬਾਈ ਸਰਕਾਰਾਂ ਪੁਲਸ ਜਬਰ ਦੀਆਂ ਸਾਰੀਆਂ ਹੱਦਾਂ ਬੰਨੇ ਪਾਰ ਕਰ ਰਹੀਆਂ ਹਨ। ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਵੱਖ-ਵੱਖ ਸ਼ਕਲਾਂ ਵਿਚ ਲੋਕ ਬੇਚੈਨੀ ਦੇਖੀ ਜਾ ਸਕਦੀ ਹੈ। ਜੰਮੂ-ਕਸ਼ਮੀਰ, ਉਤਰ ਪੂਰਬੀ ਹਿੱਸਾ, ਕੇਂਦਰੀ ਭਾਰਤ ਭਾਵ ਹਰ ਜਗ੍ਹਾ ਜਨਸਧਾਰਨ ਸਰਕਾਰ ਤੋਂ ਖਫਾ ਹੈ ਤੇ ਸੜਕਾਂ ਉਪਰ ਨਿਕਲ ਰਿਹਾ ਹੈ। ਇਸ ਦਾ ਮੁਖ ਕਾਰਨ ਲੋਕਾਂ ਦੀ ਹਰ ਮੁਸ਼ਕਿਲ ਤੇ ਜਮਹੂਰੀ ਮੰਗ ਨੂੰ ਸਰਕਾਰ ਦੁਆਰਾ ਅਣਦੇਖਿਆ ਕਰਨ ਦੀ ਨੀਤੀ ਹੈ ਤੇ ਉਹ ਕਿਸੇ ਵੀ ਜਨਤਕ ਵਿਰੋਧ ਨੂੰ ਜਬਰ ਨਾਲ ਕੁਚਲਨਾ ਚਾਹੁੰਦੀ ਹੈ। ਇਸ ਸਥਿਤੀ ਦਾ ਲਾਭ ਉਠਾਕੇ ਦੇਸ਼ ਵਿਰੋਧੀ ਫਿਰਕੂ ਸ਼ਕਤੀਆਂ ਕਿਰਤੀ ਲੋਕਾਂ ਦੀ ਏਕਤਾ ਨੂੰ ਖੇਰੂੰ ਖੇਰੂੰ ਕਰਨ ਲਈ ਵਰਤਦੀਆਂ ਹਨ ਅਤੇ ਉਹ ਫੁਟ ਪਾਊ ਵੱਖਵਾਦੀ ਲਹਿਰਾਂ ਨੂੰ ਹਵਾ ਦੇਣ ਵਿਚ ਜੁਟੀਆਂ ਹੋਈਆਂ ਹਨ। ਭਰਿਸ਼ਟਾਚਾਰ ਇਕ ਆਮ ਸਮਾਜਕ ਵਰਤਾਰਾ ਬਣ ਗਿਆ ਹੈ ਜਿਥੇ ਕਾਰਪੋਰੇਟ ਘਰਾਣੇ, ਹਾਕਮ ਪਾਰਟੀਆਂ ਦੇ ਉੱਚ ਆਗੂ, ਅਫਸਰਸ਼ਾਹੀ ਤੇ ਹੋਰ ਸਮਾਜ ਵਿਰੋਧੀ ਤੱਤ ਲੋਕਾਂ ਦੀ ਗਾੜ੍ਹੇ ਖ਼ੂਨ ਪਸੀਨੇ ਦੀ ਕਮਾਈ ਦੋਨਾਂ ਹੀ ਹੱਥਾਂ ਨਾਲ ਲੁੱਟ ਕੇ ਮਾਲੋਮਾਲ ਹੋ ਰਹੇ ਹਨ।

ਮੌਜੂਦਾ ਕੇਂਦਰੀ ਸਰਕਾਰ ਤੇ ਕਾਰਪੋਰੇਟ ਘਰਾਣੇ ਇਸ ਸਾਰੀ ਹਕੀਕਤ ਨੂੰ ਲੋਕਾਂ ਦੀਆਂ ਅੱਖਾਂ ਤੋਂ ਬਚਾਉਣਾ ਚਾਹੁੰਦੇ ਹਨ। ਉਹਨਾਂ ਦੀ ਇਹ ਭਰਪੂਰ ਕੋਸ਼ਿਸ਼ ਹੈ ਕਿ ਆਉਣ ਵਾਲੇ ਚੋਣ ਯੁੱਧ ਵਿਚ ਲੋਕਾਂ ਨਾਲ ਸੰਬੰਧਤ ਸਵਾਲ ਅਤੇ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ, ਜਿਨ੍ਹਾਂ ਸਦਕਾ ਮੁੱਠੀ ਭਰ ਧਨਵਾਨ ਹੋਰ ਧਨਵਾਨ ਹੋ ਰਹੇ ਹਨ ਤੇ ਗਰੀਬ ਹੋਰ ਗਰੀਬ, ਲੋਕ ਕਚਿਹਰੀ ਵਿਚ ਬਹਿਸ ਦਾ ਮੁੱਦਾ ਹੀ ਨਾ ਬਣਨ। ਸਿਰਫ ਲੋਕਾਂ ਸਾਹਮਣੇ ਦੋ ਵਿਅਕਤੀ ਵਿਸ਼ੇਸ਼, ਨਰਿੰਦਰ ਮੋਦੀ ਤੇ ਰਾਹੁਲ ਗਾਂਧੀ ਦੇ ਨਾਮ ਇਸ ਤਰ੍ਹਾਂ ਉਭਾਰੇ ਜਾਣ ਕਿ ਲੋਕਾਂ ਦੀ ਸੋਚ ਸਿਰਫ ਦੋਨਾਂ ਵਿਚੋਂ ਇਕ ਦੀ ਚੋਣ ਕਰਨ ਦੀ ਸੌੜੀ ਵਲਗਣ ਤੱਕ ਸੀਮਤ ਹੋਣ ਲਈ ਮਜ਼ਬੂਰ ਹੋ ਜਾਵੇ। ਝੂਠ ਦੀ ਏਨੀ ਧੁੰਦ ਖਿਲਾਰ ਦਿੱਤੀ ਜਾਵੇ ਜਿਥੇ ਨਰਿੰਦਰ ਮੋਦੀ ਜਾਂ ਰਾਹੁਲ ਗਾਂਧੀ ਦੀ ਅਗਵਾਈ ਵਿਚ ਐਨ.ਡੀ.ਏ. ਜਾਂ ਯੂ.ਪੀ.ਏ. ਦੀ ਕੇਂਦਰੀ ਸਰਕਾਰ ਬਣਨ ਤੋਂ ਸਿਵਾਏ ਆਮ ਆਦਮੀ ਨੂੰ ਹੋਰ ਕੁੱਝ ਨਜ਼ਰ ਹੀ ਨਾ ਆਵੇ। ਜਦੋਂ ਕਿ ਉਹ ਭੁੱਖ, ਨੰਗ, ਕੰਗਾਲੀ, ਗਰੀਬੀ, ਮਹਿੰਗਾਈ ਤੇ ਬੇਕਾਰੀ ਤੋਂ ਅਵਾਜਾਰ ਹੈ। ਇਨ੍ਹਾਂ ਦੋਨਾਂ ਰੰਗਾਂ ਦੀਆਂ ਭਵਿੱਖੀ ਸਰਕਾਰਾਂ ਦੇ ਹੱਥ ਵਿਚ ਸਾਮਰਾਜੀ ਲੁਟੇਰਿਆਂ ਤੇ ਦੇਸ਼ ਦੇ ਕਾਰਪੋਰੇਟ ਘਰਾਣਿਆਂ ਦੇ ਹਿੱਤ ਕੇਵਲ ਪੂਰੀ ਤਰ੍ਹਾਂ ਸੁਰੱਖਿਅਤ ਹੀ ਨਹੀਂ ਰਹਿਣਗੇ ਸਗੋਂ ਉਨ੍ਹਾਂ ਦੇ ਮੁਨਾਫਿਆਂ ਵਿਚ ਹੋਰ ਤੇਜ਼ੀ ਆਵੇਗੀ ਤੇ ਜਨ ਸਮੂਹ ਹੋਰ ਜ਼ਿਆਦਾ ਤੰਗੀਆਂ ਤੁਰਛੀਆਂ ਦੀ ਜ਼ਿੰਦਗੀ ਵੱਲ ਨੂੰ ਧਕੇਲੇ ਜਾਣਗੇ। ਕਮਾਲ ਇਹ ਹੈ ਕਿ ਜਦੋਂ ਮੀਡੀਏ ਤੇ ਹੋਰ ਪ੍ਰਚਾਰ ਸਾਧਨਾਂ ਵਲੋਂ ਸੰਘ ਪਰਿਵਾਰ, ਕਾਰਪੋਰੇਟ ਘਰਾਣਿਆਂ ਤੇ ਲੁਟੇਰੇ ਵਰਗਾਂ ਦਾ ਨੁਮਾਇੰਦਾ ਨਰਿੰਦਰ ਮੋਦੀ ਅਗਲੇ ਪ੍ਰਧਾਨ ਮੰਤਰੀ ਦੇ ਉਮੀਦਵਾਰ ਵਜੋਂ ਉਭਾਰਿਆ ਜਾ ਰਿਹਾ ਹੈ, ਉਦੋਂ ਨਾ ਭਾਜਪਾ ਵਲੋਂ ਤੇ ਨਾ ਹੀ ਮੋਦੀ ਵਲੋਂ, ਨਿੱਜੀ ਰੂਪ ਵਿਚ, ਮੌਜੂਦਾ ਆਰਥਿਕ ਨੀਤੀਆਂ ਦੇ ਮੁਤਬਾਦਲ ਵਜੋਂ ਕੋਈ ਹੋਰ ਮੁਕਾਬਲੇ ਦੀਆਂ ਪਾਲਸੀਆਂ ਦਾ ਨਕਸ਼ਾ ਪੇਸ਼ ਕੀਤਾ ਜਾ ਰਿਹਾ ਹੈ, ਜੋ ਦੇਸ਼ ਦੇ ਲੋਕਾਂ ਨੂੰ ਮੌਜੂਦਾ ਤਰਸਯੋਗ ਸਥਿਤੀ ਵਿਚੋਂ ਬਾਹਰ ਕੱਢ ਸਕੇ।

ਦੇਸ਼ ਵਿਚ ਸਮਾਜਿਕ ਪਰਿਵਰਤਨ ਲਈ ਜੱਦੋ ਜਹਿਦ ਕਰ ਰਹੀਆਂ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਨੂੰ ਇਨ੍ਹਾਂ ਪ੍ਰਸਥਿਤੀਆਂ ਵਿਚ ਬੁਰੀ ਤਰ੍ਹਾਂ ਹਾਸ਼ੀਏ ਉਪਰ ਧੱਕਣ ਲਈ ਲੋਟੂ ਜਮਾਤਾਂ ਵਲੋਂ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ। ਜਦੋਂ ਸਵਾਰਥੀ ਹਿੱਤਾਂ ਵਲੋਂ ਪੈਸੇ ਤੇ ਗੁੰਡਾਗਰਦੀ ਦੀ ਹਨੇਰੀ ਵਗਾਈ ਜਾ ਰਹੀ ਹੋਵੇ, ਤਦ ਫਿਰ ਲੋਕਾਂ ਦੇ ਸੁਹਿਰਦ ਮਿੱਤਰਾਂ ਲਈ ਮੰਜ਼ਿਲ ਵੱਲ ਵਧਣਾ ਘੋਰ ਸੰਕਟ ਤੇ ਔਕੜਾਂ ਭਰਿਆ ਬਣ ਜਾਂਦਾ ਹੈ। ਇਹ ਦੱਸਣ ਦੀ ਤਾਂ ਲੋੜ ਹੀ ਨਹੀਂ ਹੈ ਕਿ ਜਿਥੇ ਕਾਂਗਰਸ, ਭਾਜਪਾ ਤੇ ਹੋਰ ਸਰਮਾਏਦਾਰ ਜਗੀਰਦਾਰ ਜਮਾਤਾਂ ਦੀਆਂ ਖੇਤਰੀ ਰਾਜਸੀ ਪਾਰਟੀਆਂ ਦੀਆਂ ਸਾਮਰਾਜ ਪੱਖੀ ਨਵਉਦਾਰਵਾਦੀ ਆਰਥਿਕ ਨੀਤੀਆਂ 'ਤੇ ਅਮਲਾਂ ਵਿਚ ਰੱਤੀ ਭਰ ਵੀ ਅੰਤਰ ਨਹੀਂ ਹੈ, ਉੱਥੇ ਸੰਘ ਪਰਿਵਾਰ ਦਾ ਥੋਪਿਆ ਆਗੂ ਨਰਿੰਦਰ ਮੋਦੀ ਤੇ ਉਸਦੀ ਪਾਰਟੀ ਭਾਜਪਾ, ਜੋ ਅੱਤ ਦੀ ਫਿਰਕੂ, ਪਿਛਾਖੜੀ ਤੇ ਸਾਮਰਾਜ ਭਗਤ ਤੱਤਾਂ ਦਾ ਟੋਲਾ ਹੈ, ਦੇ ਹੱਥਾਂ ਵਿਚ ਦੇਸ਼ ਦੀ ਰਾਜਸੱਤਾ ਦੀ ਵਾਗਡੋਰ ਜਾਣ ਦਾ ਅਰਥ ਪਿਛਾਖੜੀ ਸ਼ਕਤੀਆਂ ਦਾ ਖਤਰਨਾਕ ਹੱਦ ਤੱਕ ਵਾਧਾ, ਫਿਰਕੂ ਆਧਾਰ ਉਪਰ ਸਮਾਜ ਦਾ ਧਰੁਵੀਕਰਨ ਤੇ ਅੰਨ੍ਹੇ ਕੌਮਵਾਦ ਦਾ ਪਸਾਰਾ ਹੈ ਜੋ ਕੇਵਲ ਕਿਰਤੀ ਲੋਕਾਂ ਦੀ ਏਕਤਾ ਲਈ ਹੀ ਵੱਡਾ ਖਤਰਾ ਨਹੀਂ ਹੈ, ਸਗੋਂ ਦੇਸ਼ ਦੀ ਏਕਤਾ ਤੇ ਅਖੰਡਤਾ, ਧਰਮ ਨਿਰਪੱਖ ਸਮਾਜਕ ਤਾਣੇ ਬਾਣੇ ਤੇ ਅਗਾਂਹਵਧੂ ਕਦਰਾਂ ਕੀਮਤਾਂ ਲਈ ਵੀ ਡਾਢਾ ਨੁਕਸਾਨਦੇਹ ਹੈ। ਨਰਿੰਦਰ ਮੋਦੀ ਮਾਰਕਾ ਰਾਜਨੀਤੀ ਇਕੱਲੀ ਫਿਰਕੂ ਜਾਂ ਧਾਰਮਕ ਘੱਟ ਗਿਣਤੀਆਂ ਦੀ ਹੀ ਵਿਰੋਧੀ ਨਹੀਂ ਹੈ, ਸਗੋਂ ਇਹ ਸਮੁੱਚੇ ਭਾਰਤੀ ਲੋਕਾਂ ਲਈ, ਜਿਸ ਵਿਚ ਵੱਖ ਵੱਖ ਧਾਰਮਕ ਘੱਟ ਗਿਣਤੀਆਂ ਦੇ ਨਾਲ ਨਾਲ ਬਹੁਗਿਣਤੀ ਹਿੰਦੂ ਮਿਹਨਤਕਸ਼ ਲੋਕਾਂ ਦੀ ਹੈ, ਖਤਰੇ ਦੀ ਘੰਟੀ ਹੈ ਤੇ ਮੁੜ ਸਾਮਰਾਜੀ ਗੁਲਾਮੀ ਦੇ ਸੰਗਲਾਂ ਵਿਚ ਭਾਰਤ ਨੂੰ ਨੂੜਨ ਦੀ ਡੂੰਘੀ ਚਾਲ ਹੈ।

ਇਕ ਹੋਰ ਮਹੱਤਵਪੂਰਨ ਵਿਸ਼ਾ ਹੈ ਜਿਸ ਬਾਰੇ ਸਾਨੂੰ ਹੁਣ ਤੋਂ ਹੀ ਸੁਚੇਤ ਹੋਣਾ ਪਵੇਗਾ। ਪਿਛਲੇ ਕੁਝ ਸਮੇਂ ਤੋਂ ਕਈ ਭ੍ਰਿਸ਼ਟਾਚਾਰੀ ਰਾਜਨੀਤਕ ਆਗੂਆਂ ਅਤੇ ਅਫਸਰਾਂ ਵਿਰੁੱਧ ਦੇਸ਼ ਦੀਆਂ ਅਦਾਲਤਾਂ ਵਲੋਂ ਮਹੱਤਵਪੂਰਨ ਫੈਸਲੇ ਦਿੱਤੇ ਗਏ ਹਨ ਤੇ ਕਈ ਭਰਿਸ਼ਟਾਚਾਰੀ ਤੱਤਾਂ ਨੂੰ ਜੇਲ੍ਹਾਂ ਦੀਆਂ ਸਲਾਖਾਂ ਪਿੱਛੇ ਬੰਦ ਕੀਤਾ ਗਿਆ ਹੈ। ਇਸੇ ਤਰ੍ਹਾਂ ਅਦਾਲਤਾਂ ਵਲੋਂ ਰਾਜਨੀਤੀ ਵਿਚ ਅਪਰਾਧੀ ਤੱਤਾਂ ਦੀ ਸ਼ਮੂਲੀਅਤ ਬਾਰੇ ਵੀ ਕੁਝ ਕੁ ਸਖਤ ਹਾਂ-ਪੱਖੀ ਫੈਸਲੇ ਕੀਤੇ ਗਏ ਹਨ, ਜਿਸਦਾ ਦੇਸ਼ ਦੇ ਆਮ ਲੋਕਾਂ ਨੇ ਭਾਰੀ ਸਵਾਗਤ ਕੀਤਾ ਹੈ। ਉਂਝ ਸਾਡਾ ਸਮੁੱਚਾ ਸਮਜਿਕ, ਆਰਥਿਕ ਤੇ ਰਾਜਨੀਤਕ ਢਾਂਚਾ ਹੀ ਅਨਿਆਂ ਅਤੇ ਗੈਰ-ਬਰਾਬਰੀ ਉਪਰ ਅਧਾਰਤ ਹੈ ਜਿਸ ਵਿਚ ਸ਼ਾਇਦ ਹੀ ਕੋਈ ਵਿਰਲਾ ਵਾਂਝਾ ਹਾਕਮ ਰਾਜਨੀਤੀਵਾਨ ਤੇ ਅਫਸਰਸ਼ਾਹ ਬਚਿਆ ਹੋਇਆ ਹੋਵੇ, ਜਿਸਨੇ ਭਰਿਸ਼ਟਾਚਾਰ ਦੀ ਚਲਦੀ ਗੰਗਾ ਵਿਚ ਡੁਬਕੀ ਨਾ ਲਾਈ ਹੋਵੇ! ਇਸ ਪੂੰਜੀਵਾਦੀ ਲੁਟੇਰੇ ਢਾਂਚੇ ਨੂੰ (Lock, Stock and Barrel) ਮੁੱਢੋਂ ਸੁੱਢੋਂ ਤਬਦੀਲ ਕੀਤੇ ਬਿਨਾਂ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਸੁੱਟ ਦਾ ਖਾਤਮਾ ਨਹੀਂ ਹੋ ਸਕਦਾ ਤੇ ਸਮੁੱਚੇ ਕਿਰਤੀ ਲੋਕਾਂ ਨੂੰ ਸਰਵਪੱਖੀ ਉਨਤੀ ਕਰਨ ਲਈ ਬਰਾਬਰ ਦੇ ਯੋਗ ਮੌਕੇ ਪ੍ਰਾਪਤ ਨਹੀਂ ਹੋ ਸਕਦੇ। ਪ੍ਰੰਤੂ ਇਸ ਅੰਤਮ ਨਿਸ਼ਾਨੇ ਤਕ ਪੁੱਜਣ ਲਈ ਮੌਜੂਦਾ ਲੁਟੇਰੇ ਜਮਾਤੀ ਰਾਜ ਬਾਰੇ ਕੋਈ ਭਰਮ ਪਾਲੇ ਬਿਨਾਂ ਸੰਘਰਸ਼ਾਂ ਰਾਹੀਂ ਜਿੱਤਾਂ ਪ੍ਰਾਪਤ ਕਰਨ ਅਤੇ ਮੌਜੂਦਾ ਢਾਂਚੇ ਦੇ ਅੰਦਰ ਵੀ ਕਿਸੇ ਖੇਤਰ ਵਿਚ ਲੋਕ ਪੱਖੀ ਕਦਮ ਪੁੱਟੇ ਜਾਣ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ ਤੇ ਇਨ੍ਹਾਂ ਦਾ ਇਸਤੇਮਾਲ ਲੋਕ ਲਹਿਰਾਂ ਤੇ ਲੋਕ ਚੇਤਨਾ ਨੂੰ ਉਚਿਆਉਣ ਲਈ ਕੀਤਾ ਜਾਣਾ ਚਾਹੀਦਾ ਹੈ। ਦੇਸ਼ ਦੀਆਂ ਹਾਕਮ ਰਾਜਸੀ ਪਾਰਟੀਆਂ ਤੇ ਮੌਜੂਦਾ ਪੂੰਜੀਵਾਦੀ ਢਾਂਚੇ ਨੂੰ ਕਾਇਮ ਰੱਖਣ ਦੀਆਂ ਮੁੱਦਈ ਧਿਰਾਂ ਕਿਸੇ ਵੀ ਇਕੜ ਦੁਕੜ ਲੋਕ ਹਿਤਾਂ ਵਿਚ ਪੁੱਟੇ ਕਦਮ ਜਾਂ ਅਦਾਲਤੀ ਫੈਸਲਿਆਂ ਨੂੰ ਮੌਜੂਦਾ ਸੰਵਿਧਾਨ ਤੇ ਸਮੁੱਚੇ ਪ੍ਰਬੰਧ ਦੇ ਲੋਕ ਹਿਤੂ ਹੋਣ ਦਾ ਢੰਡੋਰਾ ਪਿਟਣਗੀਆਂ ਤੇ ਇਸ ਕੰਮ ਲਈ ਆਪਣੀ ਪਿੱਠ ਥਾਪੜਨਗੀਆਂ। ਜਦਕਿ ਹਕੀਕਤ ਇਹ ਹੈ ਕਿ ਦੇਸ਼ ਦੀ ਮੌਜੂਦਾ ਦੁਰਦਸ਼ਾ ਲਈ ਅਜੋਕਾ ਪੂੰਜੀਵਾਦੀ ਢਾਂਚਾ ਤੇ ਇਸਦੀਆਂ ਵਿਧਾਨਕ, ਕਾਰਜਕਾਰੀ ਤੇ ਅਦਾਲਤੀ ਸੰਸਥਾਵਾਂ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ। ਇਸ ਲਈ ਆਉਂਦੀਆਂ ਲੋਕ ਸਭਾ ਚੋਣਾਂ ਅੰਦਰ ਦੇਸ਼ ਦੇ ਮੌਜੂਦਾ ਰਾਜਨੀਤਕ ਤੇ ਅਰਥਿਕ ਢਾਂਚੇ ਦੇ ਅਸਲੀ ਜਨ ਵਿਰੋਧੀ ਜਮਾਤੀ ਕਿਰਦਾਰ ਤੇ ਲੋਟੂ ਵਰਗਾਂ ਦੇ ਹਿੱਤਾਂ ਦੀ ਰਾਖੀ ਲਈ ਖਲੋਂਦਾ ਭਾਰਤੀ ਸੰਵਿਧਾਨ ਤੇ ਕਾਨੂੰਨਾਂ ਦਾ ਅਸਲੀ ਚਿਹਰਾ ਵੀ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਨੂੰ ਲੋਕਾਂ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ। ਲੁਟੇਰੇ ਵਰਗਾਂ ਦੀ ਕਿਸੇ ਵੀ ਪਾਰਟੀ ਨੂੰ ਦੇਸ਼ ਦੀਆਂ ਅਦਾਲਤਾਂ ਵਲੋਂ ਭਰਿਸ਼ਟਾਚਾਰੀ ਤੇ ਰਾਜਨੀਤੀ ਵਿਚ ਅਪਰਾਧੀ ਤੱਤਾਂ ਦੇ ਵਿਰੋਧ ਵਿਚ ਦਿੱਤੇ ਫੈਸਲਿਆਂ ਦੇ ਪਰਦੇ ਹੇਠਾਂ ਮੌਜੂਦਾ ਰਾਜ ਪ੍ਰਬੰਧ ਦੇ ਲੋਕ ਵਿਰੋਧੀ ਚਰਿੱਤਰ ਨੂੰ ਛੁਪਾਉਣ ਦੀ ਕਿਸੇ ਵੀ ਸਾਜਿਸ਼ ਨੂੰ ਬੇਨਕਾਬ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੀਦੀ। ਆਉਣ ਵਾਲੇ ਦਿਨਾਂ ਅੰਦਰ, ਜਦੋਂ ਸਰਮਾਏਦਾਰ-ਜਗੀਰਦਾਰ ਰਾਜਸੀ ਪਾਰਟੀਆਂ ਨੇ ਲੋਕ ਸਭਾ ਚੋਣਾਂ ਜਿੱਤਣ ਵਾਸਤੇ ਆਮ ਲੋਕਾਂ ਨਾਲ ਤਰ੍ਹਾਂ ਤਰ੍ਹਾਂ ਦੇ ਝੂਠੇ ਵਾਅਦੇ ਕਰਕੇ ਉਨ੍ਹਾਂ ਨੂੰ ਆਪਣੇ ਵੱਲ ਭਰਮਾਉਣ ਦਾ ਯਤਨ ਕਰਨਾ ਹੈ ਅਤੇ ਨਰਿੰਦਰ ਮੋਦੀ ਤੇ ਰਾਹੁਲ ਗਾਂਧੀ ਵਿਚਕਾਰ ਸੱਤਾ ਦੀ ਲੜਾਈ ਨੂੰ ਕੇਂਦਰਤ ਕਰਨ ਦੀ ਕੋਸ਼ਿਸ਼ ਕਰਨੀ ਹੈ, ਤਦ ਦੇਸ਼ ਦੀਆਂ ਸਮੂਹ ਖੱਬੀਆਂ, ਜਮਹੂਰੀ ਤੇ ਧਰਮ ਨਿਰਪੱਖ ਸ਼ਕਤੀਆਂ ਨੂੰ ਭਾਰਤੀ ਲੋਕਾਂ ਨੂੰ ਦਰਪੇਸ਼ ਅਸਲ ਮੁੱਦੇ ਤੇ ਮੁਸ਼ਕਲਾਂ ਵੱਲ ਸਾਰੇ ਸਮਾਜ ਦਾ ਧਿਆਨ ਖਿੱਚਣਾ ਹੋਵੇਗਾ। ਲੋਕ ਸਭਾ ਚੋਣਾਂ ਦੌਰਾਨ ਤੇ ਚੋਣਾਂ ਤੋਂ ਪਹਿਲਾਂ ਇਸ ਪੱਖੋਂ ਪੂਰੀ ਤਰ੍ਹਾਂ ਸੁਚੇਤ ਰਿਹਾ ਜਾਣਾ ਚਾਹੀਦਾ ਹੈ ਕਿ ਲੁਟੇਰੇ ਹਾਕਮ ਆਮ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਲਾਂਭੇ ਕਰਕੇ ਗੈਰ-ਜਮਾਤੀ, ਗੈਰ ਯਥਾਰਥਕ ਅਤੇ ਧੋਖੇ ਭਰੇ ਬਿੰਦੂਆਂ ਉਤੇ ਕੇਂਦਰਤ ਨਾ ਕਰ ਜਾਣ। ਇਸ ਕੰਮ ਲਈ ਦੇਸ਼ ਦੇ ਇਲੈਕਟਰਾਨਿਕ ਤੇ ਪ੍ਰਿੰਟ ਮੀਡੀਏ ਨੇ ਅਗਾਂਹਵਧੂ ਸ਼ਕਤੀਆਂ ਦਾ ਸਾਥ ਨਹੀਂ ਦੇਣਾ। ਇਸ ਕੰਮ ਲਈ ਤਾਂ ਉਨ੍ਹਾਂ ਨੂੰ ਆਪ ਆਪਣੇ ਸਾਧਨ ਤੇ ਯੋਜਨਾਵਾਂ ਜੁਟਾਉਣੀਆਂ ਹੋਣਗੀਆਂ। ਜਨਤਕ ਲਾਮਬੰਦੀ ਤੇ ਸੰਘਰਸ਼ ਦੇ ਨਾਲ ਨਾਲ ਰਾਜਸੀ, ਵਿਚਾਰਧਾਰਕ ਤੇ ਸਿਧਾਂਤਕ ਖੇਤਰ ਵਿਚ ਵੀ ਜਨਸਧਾਰਨ ਦੀ ਚੇਤਨਤਾ ਨੂੰ ਉਚਿਆਉਣ ਦਾ ਕਾਰਜ ਪਹਿਲ ਦੇ ਆਧਾਰ ਉਪਰ ਇਨ੍ਹਾਂ ਸ਼ਕਤੀਆਂ ਨੂੰ ਹੀ ਸਿਰੇ ਚਾੜ੍ਹਨਾ ਹੋਵੇਗਾ। ਇਸ ਢੰਗ ਨਾਲ ਹੀ ਅਸੀਂ ਸਾਮਰਾਜੀ ਤੇ ਕਾਰਪੋਰੇਟ ਘਰਾਣਿਆਂ ਦੀਆਂ ਯੋਜਨਾਵਾਂ ਅਧੀਨ ਭਾਰਤ ਦੀ ਸਿਆਸਤ ਨੂੰ ਆਪਣੇ ਦੋ ਚਹੇਤਿਆਂ, ਰਾਹੁਲ ਗਾਂਧੀ ਤੇ ਨਰਿੰਦਰ ਮੋਦੀ ਦੀ ਅਗਵਾਈ ਵਾਲੇ ਰਾਜਸੀ ਗਠਜੋੜਾਂ ਵਿਚਕਾਰ ਕੇਂਦਰਤ ਕਰਨ ਅਤੇ ਦੇਸ਼ ਨੂੰ ਦੋ ਰਾਜਨੀਤਕ ਪਾਰਟੀ ਸਿਸਟਮ ਵਿਚ ਢਾਲਣ ਦੀ ਖਤਰਨਾਕ ਖੇਡ ਨੂੰ ਹਾਰ ਦੇ ਸਕਦੇ ਹਾਂ।

ਸਕੱਤਰ ਸੀ.ਪੀ.ਐਮ. ਪੰਜਾਬ

# ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ

ਜੀ. ਟੀ . ਰੋਡ, ਜਲੰਧਰ-144001
ਫੋਨ ਅਤੇ ਫੈਕਸ : 0181-2458224, 4618224
Email: dbycjal@gmail.com
Website: www.ghadarmemorial.com

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ 2013 ਦਾ ਸਾਰਾ ਵਰ੍ਹਾ ਗ਼ਦਰ ਪਾਰਟੀ ਦੇ ਨਿਸ਼ਾਨਿਆਂ ਤੇ ਵਿਚਾਰਧਾਰਾ ਨੂੰ ਪ੍ਰਚਾਰਨ, ਇਸਦੇ ਮਹਾਨ ਸਿਰਲੱਥ ਆਗੂਆਂ ਵਲੋਂ ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਪਾਏ ਯੋਗਦਾਨ ਨੂੰ ਮੁੜ ਯਾਦ ਕਰਨ ਅਤੇ ਗ਼ਦਰ ਪਾਰਟੀ ਦੇ ਬਰਾਬਰਤਾ, ਧਰਮ ਨਿਰਪੱਖਤਾ ਅਤੇ ਸਾਂਝੀਵਾਲਤਾ ਦੇ ਸਿਧਾਂਤ ਉੱਪਰ ਅਧਾਰਤ ਪਰਉਪਕਾਰੀ ਸਮਾਜਕ ਵਿਵਸਥਾ ਨੂੰ ਕਾਇਮ ਕਰਨ ਦੇ ਮਹਾਨ ਆਦਰਸ਼ਾਂ ਨੂੰ ਦੇਸ਼ ਦੀਆਂ ਅਜੋਕੀਆਂ ਤਰਸਯੋਗ ਹਾਲਤਾਂ ਦੇ ਮੱਦੇਨਜ਼ਰ ਜਨ ਸਮੂਹਾਂ ਤੱਕ ਲੈ ਕੇ ਜਾਣ ਦਾ ਫੈਸਲਾ ਕੀਤਾ ਹੈ। ਇਸ ਸੰਬੰਧ ਵਿਚ ਗ਼ਦਰ ਪਾਰਟੀ ਨਾਲ ਸਬੰਧਤ ਅਨੇਕਾਂ ਸੈਮੀਨਾਰ, ਵਿਚਾਰ ਗੋਸ਼ਟੀਆਂ, ਸਭਿਆਚਾਰਕ ਪ੍ਰੋਗਰਾਮ ਆਯੋਜਿਤ ਕਰਨ ਦੇ ਨਾਲ-ਨਾਲ ਗ਼ਦਰ ਪਾਰਟੀ ਦੇ ਇਤਿਹਾਸ ਨੂੰ ਬਿਆਨਦੀਆਂ ਪੁਸਤਕਾਂ ਛਾਪਣ ਦਾ ਫੈਸਲਾ ਵੀ ਕੀਤਾ ਹੈ, ਜਿਸ ਨੂੰ ਅਮਲੀ ਜਾਮਾ ਪਹਿਨਾਉਣ ਵਾਸਤੇ ਸਾਰੀ ਕਮੇਟੀ ਯਤਨਸ਼ੀਲ ਹੈ। ਗ਼ਦਰ ਜਨਮ ਸ਼ਤਾਬਦੀ ਨਾਲ ਸੰਬੰਧਤ ਬਹੁਤ ਸਾਰੇ ਪ੍ਰੋਗਰਾਮ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਵਿਹੜੇ ਵਿਚ ਆਯੋਜਿਤ ਕਰਨ ਦੇ ਨਾਲ-ਨਾਲ ਪੰਜਾਬ ਦੇ ਵੱਖ-ਵੱਖ ਸ਼ਹਿਰਾਂ, ਪਿੰਡਾਂ, ਕਸਬਿਆਂ ਤੇ ਵਿਦਿਅਕ ਅਦਾਰਿਆਂ ਵਿਚ ਵੀ ਸਥਾਨਕ ਕਮੇਟੀਆਂ ਵੱਲੋਂ ਆਯੋਜਿਤ ਕਰਨ ਦੀ ਵਿਸਤਰਤ ਯੋਜਨਾ ਬਣਾਈ ਜਾ ਰਹੀ ਹੈ। ਗ਼ਦਰੀ ਸੂਰਬੀਰਾਂ ਦੇ ਪਿੰਡਾਂ ਅੰਦਰ ਲੋਕ ਪੱਖੀ ਵਿਸ਼ੇਸ਼ ਪ੍ਰੋਗਰਾਮ ਵਿਉਂਤੇ ਜਾ ਰਹੇ ਹਨ। ਬਹੁਤ ਸਾਰੀਆਂ ਅਗਾਂਹਵਧੂ ਰਾਜਨੀਤਕ ਪਾਰਟੀਆਂ, ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ, ਮੁਲਾਜ਼ਮਾਂ ਤੇ ਲਿਖਾਰੀ ਜਥੇਬੰਦੀਆਂ ਨੇ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਰਾਹੀਂ ਗ਼ਦਰ ਸ਼ਤਾਬਦੀ ਨੂੰ ਢੁਕਵੇਂ ਤੇ ਵਿਸਤਰਤ ਤਰੀਕੇ ਨਾਲ ਮਨਾਉਣ ਲਈ ਫੈਸਲੇ ਲਏ ਹਨ ਜਿਸ ਵਿਚ ਸ਼ਤਾਬਦੀ ਸਮਾਰੋਹ (ਅਕਤੂਬਰ-ਨਵੰਬਰ 2013) ਦੌਰਾਨ ਸਮੁੱਚੇ ਪੰਜਾਬ ਅੰਦਰ ਦੀਪਮਾਲਾ ਕਰਨ, ਗ਼ਦਰ ਪਾਰਟੀ ਦੇ ਝੰਡੇ ਲਹਿਰਾਉਣ ਅਤੇ ਕਾਫ਼ਲੇ ਤੋਰਨ ਆਦਿ ਦੀ ਯੋਜਨਾਬੰਦੀ ਕੀਤੀ ਗਈ ਹੈ। ਪੰਜਾਬ ਦੇ ਦੂਸਰੇ ਅਨੇਕਾਂ ਪ੍ਰਾਂਤਾਂ ਵਿਚ ਗ਼ਦਰ ਸ਼ਤਾਬਦੀ ਨੂੰ ਸਮਰਪਿਤ ਅਨੇਕਾਂ ਸਮਾਰੋਹਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸ ਤਰ੍ਹਾਂ ਤੁਹਾਡੀ ਜਥੇਬੰਦੀ ਗ਼ਦਰ ਪਾਰਟੀ ਦੀ ਸ਼ਤਾਬਦੀ ਦੇ ਦੌਰਾਨ ਗ਼ਦਰ ਪਾਰਟੀ ਦੀ ਵਿਚਾਰਧਾਰਾ ਨੂੰ ਵਿਦੇਸ਼ ਵਸਦੇ ਭਾਰਤੀਆ ਕੋਲ ਲੈ ਕੇ ਜਾਣ ਦਾ ਯਤਨ ਕਰ ਰਹੀ ਹੈ, ਉਸੇ ਤਰ੍ਹਾਂ ਕੈਨੇਡਾ, ਬਰਤਾਨੀਆ ਆਦਿ ਹੋਰ ਵੀ ਅਨੇਕਾਂ ਦੇਸ਼ਾਂ ਅੰਦਰ ਇਸ ਸਬੰਧ ਵਿਚ ਅਨੇਕਾਂ ਸਮਾਰੋਹ ਕੀਤੇ ਜਾ ਰਹੇ ਹਨ। 'ਨਵੀਂ ਦੁਨੀਆ' ਵਲੋਂ ਗ਼ਦਰ ਪਾਰਟੀ ਦੀ ਜਨਮ ਸ਼ਤਾਬਦੀ ਦੇ ਸਬੰਧ ਵਿਚ ਕੀਤੇ ਜਾ ਕੀਤੇ ਜਾ ਰਹੇ ਇਸ ਉਪਰਾਲੇ ਦੀ ਸ਼ਲਾਘਾ ਕਰਦੀ ਹਾਂ ਅਤੇ ਕਮੇਟੀ ਵੱਲੋਂ ਆਪ ਜੀ ਨੂੰ ਨਿੱਘੀਆਂ ਵਧਾਈਆਂ ਭੇਜਦੀ ਹਾਂ।

ਡਾ. ਰਘਬੀਰ ਕੌਰ,
ਜਨਰਲ ਸਕੱਤਰ, ਦੇਸ਼ ਭਗਤ ਯਾਦਗਾਰ ਕਮੇਟੀ,
ਜਲੰਧਰ (ਪੰਜਾਬ)

# ਸੰਗਰਾਮੀ ਲਹਿਰ

Multi Language Monthly
SANGRAMI LEHAR
संग्रामी लहर
E-mail : sangrami_lehar@yahoo.co.in, sangrami.lehar@gmail.com

ਸਾਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਈ ਹੈ ਕਿ 'ਨਵੀਂ ਦੁਨੀਆ' ਆਪਣਾ 'ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ' ਕੱਢਣ ਜਾ ਰਿਹਾ ਹੈ। ਗ਼ਦਰ ਲਹਿਰ ਸਾਡੇ ਦੇਸ਼ ਦਾ ਮਾਣਮੱਤਾ ਇਤਿਹਾਸ ਹੈ। ਸੰਸਾਰ ਦਾ ਸਮੁੱਚਾ ਇਤਿਹਾਸ ਸਾਨੂੰ ਇਹ ਦੱਸਦਾ ਹੈ ਕਿ ਜਿਹੜੀਆਂ ਕੌਮਾਂ ਆਪਣੀਆਂ ਲਹਿਰਾਂ ਦੇ ਇਤਿਹਾਸ ਨੂੰ ਜਾਨਣ 'ਚ ਅਣਗਹਿਲੀ ਕਰਦੀਆਂ ਹਨ, ਉਹ ਜਮਾਤੀ ਤੌਰ 'ਤੇ ਚੇਤਨ ਨਹੀਂ ਹੁੰਦੀਆਂ। ਉਹ ਇਤਿਹਾਸ ਦੇ ਮਾਣਮੱਤੇ ਦੌਰ ਨੂੰ ਹੀ ਭੁੱਲ ਜਾਂਦੀਆਂ ਹਨ ਅਤੇ ਫਿਰ ਸਮਾਜਕ ਤਬਦੀਲੀ ਵਿਚ ਆਪਣੀ ਬਣਦੀ ਇਤਿਹਾਸਕ ਭੂਮਿਕਾ ਨਿਭਾਉਣ 'ਚ ਅਸਮਰਥ ਹੋ ਜਾਂਦੀਆਂ ਹਨ। ਇਸ ਲਈ ਅਗਾਂਹਵਧੂ ਲਹਿਰਾਂ ਦੇ ਇਤਿਹਾਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਲਿਖਤੀ ਰੂਪ ਵਿਚ ਸਾਂਭ ਕੇ ਰੱਖਣਾ ਸਾਡਾ ਮਹੱਤਵਪੂਰਨ ਫ਼ਰਜ਼ ਬਣਦਾ ਹੈ। ਮਹਾਨ ਲੈਨਿਨ ਨੇ ਇਸ ਪੱਖ ਤੋਂ ਚਿਤਾਵਨੀ ਦਿੰਦੇ ਹੋਏ ਤੇ ਚੇਤਨ ਕਰਦਿਆਂ ਲਿਖਿਆ ਹੈ : "A Worker who takes an anythingarian attitude towards the history of his own movement cannot be considered class conscious." *(V.I. Lenin, Collected works, Vol. 20, Page 279)*

ਅਦਾਰਾ 'ਸੰਗਰਾਮੀ ਲਹਿਰ' ਇਸ ਕਾਰਜ ਲਈ 'ਨਵੀਂ ਦੁਨੀਆ' ਨੂੰ ਮੁਬਾਰਕਬਾਦ ਦਿੰਦਾ ਹੈ ਅਤੇ ਆਪਣੀਆਂ ਸੁਰਖ ਸ਼ੁਭ ਕਾਮਨਾਵਾਂ ਭੇਜਦਾ ਹੈ।

ਅਦਾਰਾ 'ਸੰਗਰਾਮੀ ਲਹਿਰ'
352/1 ਗੜ੍ਹਾ, ਜਲੰਧਰ ਸ਼ਹਿਰ,
ਪੰਜਾਬ (ਭਾਰਤ)- 144022
ਫ਼ੋਨ : 0181-2483033 ਫ਼ੈਕਸ : 0181-2483028

## ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ਼ ਐਡਮਿੰਟਨ

ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ (ਪੀ.ਪੀ.ਐਫ.ਈ.) ਦਾ ਮਕਸਦ ਅਗਾਂਹਵਧੂ ਵਿਚਾਰਧਾਰਾ ਅਤੇ ਸਾਰਥਕ ਅਗਵਾਈ ਰਾਹੀਂ ਸਮਾਜ ਵਿਚ ਚੇਤਨਤਾ ਅਤੇ ਗੌਲਣਯੋਗ ਮੁੱਦਿਆਂ ਨੂੰ ਤਾਜ਼ਗੀ ਦੇਣਾ ਹੈ। ਇਸ ਕਿਰਦਾਰ ਰਾਹੀਂ ਕਨੇਡਾ ਦੀ ਜੰਮਪਲ ਪੀੜ੍ਹੀ ਵਿਚ ਰਾਜਸੀ, ਸਮਾਜਕ, ਆਰਥਕ ਅਤੇ ਸੰਵੇਦਨਸ਼ੀਲ ਵਿਚਾਰਾਂ ਨੂੰ ਇਕ ਮੰਚ 'ਤੇ ਇਕੱਠਾ ਕਰਕੇ ਨਿਰਪੱਖ ਲਹਿਰ ਦੀ ਉਸਾਰੀ ਕਰਨਾ ਹੈ। ਸਾਲ 2013 ਵਿਚ ਸੰਸਥਾ ਵੱਲੋਂ ਅੰਤਰ ਰਾਸ਼ਟਰੀ ਔਰਤ ਦਿਵਸ, ਗਦਰ ਪਾਰਟੀ ਦੇ ਇਤਹਾਸ ਦੀ ਪੜਚੋਲ ਅਤੇ ਹਿੰਦੁਸਤਾਨ ਨੂੰ ਅਜ਼ਾਦ ਕਰਵਾਉਣ ਲਈ ਗਦਰੀਆਂ ਦੀਆਂ ਕੁਰਬਾਨੀਆਂ ਨਾਲ ਸਬੰਧਤ ਤਿੰਨ ਸੈਮੀਨਾਰ, ਸ਼ਹੀਦ ਭਗਤ ਸਿੰਘ ਸਪੋਰਟਸ ਟੂਰਨਾਮੈਂਟ, ਨਾਟਕ 'ਨਿਸ਼ਾਨੇ ਏ ਗ਼ਦਰ', ਅੰਤਰਰਾਸ਼ਟਰੀ ਕਵੀ ਦਰਬਾਰ ਅਤੇ ਜਨਤਕ ਸੰਮੇਲਨ ਗ਼ਦਰੀ ਬਾਬਿਆਂ ਨੂੰ ਸਰਧਾਂਜਲੀ ਦੇ ਤੌਰ 'ਤੇ ਕਰਵਾਇਆ ਗਿਆ। ਇਥੋਂ ਦੀ ਜੰਮਪਲ ਪੀੜ੍ਹੀ ਨੂੰ ਗ਼ਦਰ ਪਾਰਟੀ ਦੇ ਇਤਿਹਾਸ ਨਾਲ ਜਾਣੂ ਕਰਵਾਉਣ ਲਈ ਅੰਗਰੇਜ਼ੀ ਵਿਚ ਕਿਤਾਬ 'ਇੰਡੀਆ ਦਾ ਸਾਮਰਾਜ ਖਿਲਾਫ ਸੰਘਰਸ਼' ਵੀ ਪ੍ਰਕਾਸ਼ਿਤ ਕੀਤੀ ਗਈ ਹੈ। ਇਹ ਸੰਸਥਾ ਚਾਰ ਜਥੇਬੰਦੀਆਂ (ਪੰਜਾਬੀ ਆਰਟ ਐਸੋਸੀਏਸ਼ਨ, ਮੇਪਲ ਲੀਫ ਰਾਈਟਰਜ਼ ਫਾਊਂਡੇਸ਼ਨ, ਸੈਕੂਲਰ ਪੀਪਲਜ਼ ਐਸੋਸੀਏਸ਼ਨ ਅਤੇ ਪੰਜਾਬੀ ਕਲਚਰਲ ਐਸੋਸੀਏਸ਼ਨ) ਦਾ ਸਾਂਝਾ ਪਲੇਟਫਾਰਮ ਹੈ। ਪੀ.ਪੀ.ਐਫ਼.ਈ. ਕਨੇਡਾ ਦੀ ਪੰਜਾਬੀ ਪੱਤਰਕਾਰਤਾ ਵਿਚ ਨਵੀਆਂ ਪੈੜਾਂ ਪਾਉਣ ਵਾਲੀ 'ਨਵੀਂ ਦੁਨੀਆ' ਅਖ਼ਬਾਰ ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਕੱਢਣ 'ਤੇ ਸ਼ੁਭ ਇਛਾਵਾਂ ਭੇਜਦੀ ਹੈ।

| ਪ੍ਰਧਾਨ | ਮੀਤ ਪ੍ਰਧਾਨ | ਸਕੱਤਰ |
|---|---|---|
| ਦਲਬੀਰ ਸਾਂਗਿਆਣ | ਪਰਮਿੰਦਰ (ਸੋਨੀ) ਗਿੱਲ | ਕਿਰਤਮੀਤ ਕੁਹਾੜ |
| 780-995-5475 | 780-497-8801 | 780-200-5328 |

Email : ppfe@live.ca

## ਹੁਣ

ਪੰਜਾਬੀ ਦੀ ਸਾਹਿਤਕ ਪੱਤਰਕਾਰੀ ਵਿਚ ਨਿਵੇਕਲੀਆਂ ਪੈੜਾਂ ਪਾਉਣ ਵਾਲੇ ਚੌਮਾਸਕ ਰਸਾਲੇ 'ਹੁਣ' ਵਲੋਂ 'ਨਵੀਂ ਦੁਨੀਆ' ਦੇ ਗ਼ਦਰ ਵਿਸ਼ੇਸ਼ ਅੰਕ ਲਈ ਇਨਕਲਾਬੀ ਸ਼ੁਭ ਕਾਮਨਾਵਾਂ।

ਪ੍ਰਬੰਧਕੀ ਸੰਪਾਦਕ : ਰਵਿੰਦਰ ਸਹਿਰਾਅ
hunpanjabi@gmail.com, www.hunpanjabi.net

## 'Maple Leaf Writers' Foundation & Punjabi Media Association of Alberta

Dear Editor,

Celebrating the Centennial of the Ghadr movement, India's epic struggle for freedom has been a subject of interest to many scholars and laymen all over the world. In fact in the global history of fight against imperialism during the first half of 20th century, there is more to the story of the freedom struggle than what is commonly known. Among the efforts made by the Indian migrants in foreign lands, the most prominent was the Ghadr movement. It was the first organised movement for liberation of India and it constitutes an important landmark in the history of that struggle. Later on, inspired by the Russian revolution, cadres of Ghadr Party went on to organize workers and peasants to win freedom and build socialism.

Today the Ghadar movement is a reminder that the struggle against pockets of racism has to continue and the dreams of equality, social justice and fraternity were yet to be realised. It is also a reminder for struggle against forces which promote communal and sectarian divides. I feel pride that efforts are being made to publish a comprehensive issue of NAWI DUNIA, introducing the struggle waged by the Ghadrites. They dared to storm the bastions of imperialism in their day and their memory should inspire us to carry forward that struggle to victory over imperialism in our time.

**P. R. Kalia**
Editor ASIAN TIMES
[President: Maple Leaf Writers' Foundation &
Punjabi Media Association of Alberta]

## ਇੰਡੋ ਕਨੇਡੀਅਨ ਵਰਕਰਜ਼ ਐਸੋਸੀਏਸ਼ਨ

ਗ਼ਦਰ ਲਹਿਰ ਦੀ ਸਥਾਪਨਾ ਦਾ 100ਵਾਂ ਵਰ੍ਹਾ ਸਮੁੱਚੇ ਸੰਸਾਰ ਵਿਚ ਵਸਦੇ ਭਾਰਤੀਆਂ ਵਲੋਂ ਬੜੇ ਜੋਸ਼ ਨਾਲ ਮਨਾਇਆ ਗਿਆ। 100 ਸਾਲ ਪਹਿਲਾਂ ਉਤਰੀ ਅਮਰੀਕਾ ਵਿਚ ਵਸਦੇ ਭਾਰਤੀਆਂ ਨੇ ਬਰਾਬਰਤਾ, ਸਮਾਜਕ ਨਿਆਂ ਅਤੇ ਬਰਤਾਨਵੀ ਸਾਮਰਾਜ ਤੋਂ ਭਾਰਤ ਦੀ ਸੰਪੂਰਨ ਆਜ਼ਾਦੀ ਦੀ ਪ੍ਰਾਪਤੀ ਲਈ ਚਾਲੇ ਪਾਏ ਅਤੇ ਆਪਣੇ ਇਸ ਮਹਾਨ ਅਕੀਦੇ ਦੀ ਪ੍ਰਾਪਤੀ ਲਈਮਹਾਨ ਕੁਰਬਾਨੀਆਂ ਦਾ ਸ਼ਾਨਾਮੱਤਾ ਇਤਿਹਾਸ ਸਿਰਜਿਆ। ਮੌਜੂਦਾ ਦੌਰ ਵਿਚ ਮਨੁੱਖੀ ਆਜ਼ਾਦੀ ਆਰਥਕ ਸਮਾਜਕ ਬਰਾਬਰਤਾ ਅਤੇ ਚੰਗੇਰੇ ਲੋਕ ਪੱਖੀ ਸਮਾਜ ਦੀ ਸਿਰਜਣਾ ਲਈ ਸਰਗਰਮ ਧਿਰਾਂ ਲਈ ਗ਼ਦਰ ਲਹਿਰ ਦੀ ਇਹ ਮਹਾਨ ਇਨਕਲਾਬੀ ਵਿਰਾਸਤ ਬੇਹੱਦ ਪ੍ਰੇਰਣਾ ਸਰੋਤ ਹੈ। ਇੰਡੋ ਕਨੇਡੀਅਨ ਵਰਕਰਜ਼ ਐਸੋਸੀਏਸ਼ਨ (ਓਨਟਾਰੀਓ) 'ਨਵੀਂ ਦੁਨੀਆ' ਅਖ਼ਬਾਰ ਵਲੋਂ ਗ਼ਦਰ ਲਹਿਰ ਦੀ ਇਸ ਮਹਾਨ ਵਿਰਾਸਤ ਨੂੰ ਸਮਰਪਤ ਇਹ ਖਾਸ ਅੰਕ ਕੱਢਣ 'ਤੇ ਮੁਬਾਰਕਵਾਦ ਪੇਸ਼ ਕਰਦੀ ਹੈ ਅਤੇ ਅਦਾਰਾ 'ਨਵੀਂ ਦੁਨੀਆ' ਵਲੋਂ ਕੀਤੇ ਜਾ ਰਹੇ ਇਨ੍ਹਾਂ ਸਭ ਯਤਨਾਂ ਦੀ ਪੁਰਜ਼ੋਰ ਹਮਾਇਤ ਕਰਦੀ ਹੈ।

**ਸੁਰਜੀਤ ਸਹੋਤਾ**
ਸਕੱਤਰ, ਇੰਡੋ ਕਨੇਡੀਅਨ ਵਰਕਰਜ਼ ਐਸੋਸੀਏਸ਼ਨ, ਓਨਟਾਰੀਓ
Email : surjitsahota@gmail.com
**ਹਰਿੰਦਰ ਹੁੰਦਲ**
+1-647-818-6880, hpshundal@gmail.com

## ਗ਼ਦਰ ਸ਼ਤਾਬਦੀ ਕਮੇਟੀ ਟਰਾਂਟੋ

ਪਰਜਾਤੰਤਰ ਦੇ ਸੁਪਨੇ ਲੈ ਕੇ ਕੱਲ ਜੋ ਫਾਂਸੀ ਲੱਗੇ ਲੋਕ
ਅੱਜ ਉਹਨਾਂ ਦੇ ਸੁਪਨੇ ਫਾਂਸੀ ਲਾਉਂਦਾ ਪਰਜਾਤੰਤਰ ਵੇਖ॥

ਇਸ ਸ਼ਤਾਬਦੀ ਵਰ੍ਹੇ ਨਾਰਥ ਅਮਰੀਕਾ ਦੇ ਸਾਰੇ ਪ੍ਰਮੁੱਖ ਸ਼ਹਿਰਾਂ 'ਚ ਹਿੰਦੋਸਤਾਨੀਆਂ ਵਲੋਂ ਉਸੇ ਅਸਲੀ ਗ਼ਦਰੀ ਭਾਵਨਾ ਨਾਲ ਵੱਖ ਵੱਖ ਸਮਾਗਮ ਅਤੇ ਯਤਨ ਕੀਤੇ ਗਏ। ਟਰਾਂਟੋ ਅਤੇ ਆਸਪਾਸ ਦੇ ਸ਼ਹਿਰਾਂ ਦੇ ਮਨੁੱਖੀ ਹੱਕ ਸੱਚ ਦੀ ਕਾਇਮੀ ਨੂੰ ਪਰਨਾਏ ਕਾਰਕੁੰਨਾਂ ਅਤੇ ਸੰਸਥਾਵਾਂ ਨੇ ਮਿਲ ਕੇ 'ਗ਼ਦਰ ਸ਼ਤਾਬਦੀ ਕਮੇਟੀ ਟਰਾਂਟੋ' ਰੂਪੀ ਸਾਂਝੇ ਪਲੇਟਫਾਰਮ ਤੋਂ ਲਗਾਤਾਰ 18 ਮਹੀਨੇ ਵੱਖੋ ਵੱਖ ਜਨਤਕ ਸਮਾਗਮਾਂ ਰਾਹੀਂ ਇਸ ਸੂਹੀ ਲੋਅ ਨੂੰ ਵੰਡਣ ਦਾ ਕਾਰਜ ਕੀਤਾ।

ਗ਼ਦਰ ਸ਼ਤਾਬਦੀ ਕਮੇਟੀ ਟਰਾਂਟੋ ਵਲੋਂ ਇਸ ਮੌਕੇ ਜਾਰੀ ਕੀਤਾ ਇਤਹਾਸਕ ਸ਼ਤਾਬਦੀ ਕੈਲੰਡਰ, 'ਗ਼ਦਰੀ ਬਾਬੇ ਕੌਣ ਸਨ ?' ਅਨੁਵਾਨ ਹੇਠ ਪਰਕਾਸ਼ਿਤ ਪੰਜਾਬੀ ਅੰਗ੍ਰੇਜ਼ੀ ਪੁਸਤਕ ਲੜੀ, 'ਹਿੰਦ ਵਾਸੀਓ ਰੱਖਣਾ ਯਾਦ ਸਾਨੂੰ' ਨਾਮੀਂ ਦਸਤਾਵੇਜ਼ੀ ਫਿਲਮ, ਇਤਹਾਸਕ ਗ਼ਦਰ ਮਾਰਚ, ਸਿਆਸੀ 'ਤੇ ਸਾਹਿਤਕ ਸੈਮੀਨਾਰ, ਗ਼ਦਰੀ ਨਾਟਕ ਮੇਲਾ ਅਤੇ ਗ਼ਦਰ ਪਾਰਟੀ ਦੇ ਵਿਰਾਸਤੀ ਕੇਂਦਰ 'ਦੇਸ਼ ਭਗਤ ਯਾਦਗਾਰ ਹਾਲ ਜਲੰਧਰ' ਲਈ ਜੁਟਾਈ ਛੇ ਲੱਖ ਤੋਂ ਵੱਧ ਦੀ ਰਾਸ਼ੀ ਅਪਣੀ ਮਿਸਾਲ ਆਪ ਹਨ। ਇਸੇ ਲੜੀ 'ਚ ਕਨੇਡਾ ਦੇ ਸ਼ਹਿਰ ਐਡਮਿੰਟਨ ਤੋਂ ਪ੍ਰਕਾਸ਼ਤ ਹੁੰਦੇ ਅਖਬਾਰ 'ਨਵੀਂ ਦੁਨੀਆਂ' ਵਲੋਂ ਗ਼ਦਰੀ ਯੋਧਿਆਂ ਦੀ ਕੁਰਬਾਨੀ ਅਤੇ ਸੰਘਰਸ਼ ਨੂੰ ਸਮਰਪਤ ਵਿਸ਼ੇਸ਼ ਅੰਕ ਮਹੱਤਵਪੂਰਨ ਅਤੇ ਸ਼ਲਾਘਾਯੋਗ ਹੈ।

ਗ਼ਦਰ ਸ਼ਤਾਬਦੀ ਕਮੇਟੀ ਟਰਾਂਟੋ ਦੀ ਸਮੁੱਚੀ ਟੀਮ ਇਸ ਮੌਕੇ ਅਦਾਰਾ 'ਨਵੀਂ ਦੁਨੀਆ' ਵਲੋਂ ਕੀਤੇ ਜਾ ਰਹੇ ਸਮੁੱਚੇ ਯਤਨਾਂ ਦੀ ਪੁਰਜ਼ੋਰ ਹਮਾਇਤ ਅਤੇ ਸ਼ਲਾਘਾ ਕਰਦਿਆਂ ਗ਼ਦਰੀ ਯੋਧਿਆਂ ਦੀ ਕੁਰਬਾਨੀ ਅਤੇ ਸੰਘਰਸ਼ ਨੂੰ ਸਮਰਪਿਤ ਵਿਸ਼ੇਸ਼ ਅੰਕ ਲਈ ਅਪਣੀਆਂ ਦਿਲੀ ਸ਼ੁੱਭਕਾਮਨਾਵਾਂ ਭੇਜਦੀ ਹੈ।

ਉਂਕਾਰਪ੍ਰੀਤ
ਸਕੱਤਰ, ਗ਼ਦਰ ਸ਼ਤਾਬਦੀ ਕਮੇਟੀ ਟਰਾਂਟੋ (ਕਨੇਡਾ)
Email : onkarpreet@hotmail.com
+1-647-449+3766

## ਪੰਜਾਬੀ ਆਰਟ ਐਸੋਸੀਏਸ਼ਨ ਆਫ਼ ਐਡਮਿੰਟਨ

ਪੰਜਾਬੀ ਆਰਟ ਐਸੋਸੀਏਸ਼ਨ ਆਫ਼ ਐਡਮਿੰਟਨ ਵਲੋਂ ਅਗਾਂਹਵਧੂ ਤੇ ਉਸਾਰੂ ਨਾਟਕਾਂ ਦਾ ਮੰਚਨ ਲਗਾਤਾਰ ਕੀਤਾ ਜਾ ਰਿਹਾ ਹੈ। ਗ਼ਦਰੀ ਬਾਬਿਆਂ ਦੇ ਪੂਰਨਿਆਂ 'ਤੇ ਚਲ ਕੇ ਪੀ.ਪੀ.ਐਫ਼.ਈ. ਦੇ ਸਹਿਯੋਗ ਨਾਲ ਨਿਰਦੇਸ਼ਕ ਤੇ ਲੇਖਕ ਦਵਿੰਦਰ ਦਮਨ ਦਾ ਲਿਖਿਆ ਤੇ ਨਿਰਦੇਸ਼ਤ ਕੀਤਾ ਨਾਟਕ 'ਨਿਸ਼ਾਨ-ਏ-ਗ਼ਦਰ' ਦਾ ਮੰਚਨ ਕੀਤਾ ਗਿਆ। ਐਸੋਸੀਏਸ਼ਨ ਅੱਗੇ ਤੋਂ ਵੀ ਗ਼ਦਰ ਪਾਰਟੀ ਦੀ ਵਿਚਾਰਧਾਰਾ ਨੂੰ ਕਨੇਡਾ, ਅਮਰੀਕਾ ਵਿਚ ਰਹਿੰਦੇ ਭਾਰਤੀਆਂ ਤਕ ਨਾਟਕ ਦੇ ਰੂਪ ਵਿਚ ਪਹੁੰਚਾਉਣ ਦੀ ਕੋਸ਼ਿਸ਼ ਕਰਦੀ ਰਹੇਗੀ। 'ਨਵੀਂ ਦੁਨੀਆ' ਅਖ਼ਬਾਰ ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਕੱਢਣ 'ਤੇ ਸ਼ੁਭ ਇਛਾਵਾਂ।

| ਜੋਗਿੰਦਰ ਰੰਧਾਵਾ | ਬਖ਼ਸ਼ ਸੰਘਾ |
|---|---|
| 780-914-6251 | 780-660-7520 |

Email : punjabiartsassociation@gmail.com

## ਅਰਪਨ ਲਿਖਾਰੀ ਸਭਾ, ਕੈਲਗਰੀ

ਅਰਪਨ ਲਿਖਾਰੀ ਸਭਾ, ਕੈਲਗਰੀ ਵਲੋਂ ਅਦਾਰਾ 'ਨਵੀਂ ਦੁਨੀਆ' ਨੂੰ ਗ਼ਦਰ ਪਾਰਟੀ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨ ਲਈ ਵਧਾਈ ਦਿੰਦੀ ਹੈ। ਸਮਾਂ ਬੀਤਿਆ ਹੈ ਬਦਲਿਆ ਨਹੀਂ। ਆਮ ਆਦਮੀ ਦੀਆਂ ਮੁਸ਼ਕਲਾਂ ਵਧੀਆ ਹਨ। ਜ਼ਿੰਦਗੀ ਨੂੰ ਦਰਪੇਸ਼ ਚੁਣੌਤੀਆਂ ਗੰਭੀਰ ਹੋਈਆਂ ਹਨ ਅਤੇ ਸਥਿਤੀਆਂ ਵਧੇਰੇ ਦਮ ਘੋਟੂ ਬਣ ਗਈਆਂ ਹਨ। ਅਜਿਹੇ ਸਮਿਆਂ ਵਿਚ ਗ਼ਦਰੀ ਬਾਬਿਆਂ ਦੀ ਸੋਚ ਦੀ ਮਿਸ਼ਾਲ ਨੂੰ ਜਗਦੀ ਰੱਖਣ ਦੇ ਯਤਨ ਕਰਨ ਲਈ ਬਹੁਤ-ਬਹੁਤ ਵਧਾਈ।

| ਸਤਨਾਮ ਢਾਅ | ਇਕਬਾਲ ਖ਼ਾਨ |
|---|---|
| 403-285-6091 | 403-921-8736 |

## SHAHEED BHAGAT SINGH CHARITABLE TRUST (Regd.)

ਗ਼ਦਰ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਅੰਕ ਲਈ ਅਦਾਰਾ 'ਨਵੀਂ ਦੁਨੀਆ' ਨੂੰ ਹਾਰਦਿਕ ਵਧਾਈ। ਮਨੁੱਖੀ ਹੱਕਾਂ ਲਈ ਜੂਝਦੇ ਲੋਕਾਂ ਦੀ ਆਵਾਜ਼, ਹਫਤਾਵਾਰੀ ਰੇਡੀਓ ਸ਼ੋਅ 'ਸੋਚ ਦਾ ਸਫ਼ਰ' ਸੁਣੋ ਹਰ ਸੋਮਵਾਰ ਸ਼ਾਮ 5 ਤੋਂ 6 ਵਜੇ 104.6 'ਤੇ ਨਿਊਜ਼ੀਲੈਂਡ ਵਿਚ ਜਾਂ ਆਨਲਾਈਨ planetaudio.org.nz/sochdasafar

| ਪ੍ਰਧਾਨ | ਜਨਰਲ ਸਕੱਤਰ |
|---|---|
| ਮੁਖਤਿਆਰ ਸਿੰਘ | ਅਨੂ ਕਲੋਟੀ |

## ਪੰਜਾਬੀ ਕਲਚਰਲ ਐਸੋਸ਼ੀਏਸਨ ਆਫ ਅਲਬਰਟਾ

ਪੰਜਾਬੀ ਕਲਚਰਲ ਐਸੋਸੀਏਸ਼ਨ ਆਫ ਅਲਬਰਟਾ ਦਾ ਮਕਸਦ ਪੁਰਾਣੀ ਅਤੇ ਨਵੀਂ ਪੀੜ੍ਹੀ ਨੂੰ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਬੋਲੀ ਨਾਲ ਜੋੜਣਾ ਹੈ। ਐਡਮਿੰਟਨ ਵਿਚ ਪੰਜਾਬੀ ਭਾਈਚਾਰੇ ਦੀ ਇਹ ਸਭ ਤੋਂ ਪੁਰਾਣੀ ਸੰਸਥਾ ਹੈ ਜਿਹੜੀ ਗਰਮੀਆਂ 'ਚ ਪੰਜਾਬੀ ਸਕੂਲ, ਮੇਲਾ ਮਾਵਾਂ ਧੀਆਂ ਦਾ, ਸਪੋਰਟਸ ਅਤੇ ਸੱਭਿਆਚਾਰ ਦੀਆਂ ਵੰਨਗੀਆਂ ਰਾਹੀਂ ਸੇਵਾ ਕਰਦੀ ਆ ਰਹੀ ਹੈ। ਇਹ ਸੰਸਥਾ ਦਾ ਆਪਣਾ ਆਹਲਾ ਕਿਸਮ ਦਾ ਵੱਡਾ ਹਾਲ ਅਤੇ ਲਾਇਬਰੇਰੀ ਹੈ। ਅਸੀਂ ਇਸ ਅਦਾਰੇ ਵਲੋਂ ਗਦਰ ਪਾਰਟੀ ਦੇ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਸਰਧਾਂਜਲੀ ਭੇਟ ਕਰਦੇ ਹਾਂ। 'ਨਵੀਂ ਦੁਨੀਆ' ਅਖ਼ਬਾਰ ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਕੱਢਣ 'ਤੇ ਸ਼ੁਭ ਇਛਾਵਾਂ।

ਪ੍ਰਧਾਨ ਗੁਰਚਰਨ ਬਰਾੜ
780-265-3752
pcaalberta@hotmail.com

## ਸੈਕੂਲਰ ਪੀਪਲਜ਼ ਆਫ਼ ਐਡਮਿੰਟਨ

ਗ਼ਦਰ ਲਹਿਰ ਆਪਣੇ ਆਪ ਵਿਚ ਮਹਾਨ ਇਤਿਹਾਸਕ ਲਹਿਰ ਹੈ। ਜੇਕਰ ਗ਼ਦਰੀ ਵਿਅਕਤੀ ਕੁਰਬਾਨੀਆਂ ਨਾ ਦਿੰਦੇ ਤਾਂ ਅੱਜ ਆਜ਼ਾਦ ਫਿਜ਼ਾ ਵਿਚ ਸਾਹ ਲੈਣਾ ਮੁਮਕਿਨ ਨਹੀਂ ਸੀ ਹੋਣਾ। ਸੈਕੂਲਰ ਪੀਪਲਜ਼ ਐਸੋਸੀਏਸ਼ਨ ਆਫ਼ ਐਡਮਿੰਟਨ ਉਹਨਾਂ ਮਹਾਨ ਸਹੀਦਾਂ ਨੂੰ ਲੱਖ-ਲੱਖ ਪ੍ਰਣਾਮ ਕਰਦੀ ਹੈ ਅਤੇ ਗ਼ਦਰੀਆਂ ਦੇ ਸੁਨੇਹੇ ਨੂੰ ਲੋਕਾਂ ਵਿਚ ਲੈ ਕੇ ਜਾਣ ਲਈ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ। ਸੈਕੂਲਰ ਪੀਪਲਜ਼ ਐਸੋਸੀਏਸ਼ਨ ਆਫ਼ ਐਡਮਿੰਟਨ ਅਦਾਰਾ 'ਨਵੀ ਦੁਨੀਆ' ਨੂੰ ਗਦਰ ਸ਼ਤਾਬਦੀ ਵਿਸ਼ੇਸ਼ ਅੰਕ ਕੱਢਣ ਸ਼ੁਭ ਇਛਾਵਾਂ ਦਿੰਦਾ ਹੈ।

ਵਲੋਂ :
ਸੈਕੂਲਰ ਪੀਪਲਜ਼ ਐਸੋਸੀਏਸ਼ਨ
ਆਫ ਐਡਿਮੰਟਨ

# .ਗ਼ਦਰ ਲਹਿਰ ਦੀ ਵਿਰਾਸਤ ਅਤੇ ਨੌਜਵਾਨ


ਕਿਰਤਮੀਤ
+1-780-200-5328
kirtmeetsingh@gmail.com




ਅੱਜ ਸੰਸਾਰੀਕਰਨ ਦੇ ਦੌਰ ਵਿਚ .ਗ਼ਦਰ ਲਹਿਰ ਦੀ ਵਿਰਾਸਤ ਨੂੰ ਸਾਂਭਣਾ ਸਮੇਂ ਦੀ ਮੁੱਖ ਲੋੜ ਹੈ। ਜੀਵਨ ਦੀਆਂ ਬੁਨਿਆਦੀ ਜ਼ਰੂਰਤਾਂ ਅਤੇ ਹੋਰ ਸੁੱਖ ਸਹੂਲਤਾਂ ਵਾਸਤੇ ਵਿਸ਼ਾਲ ਪੱਧਰ ’ਤੇ ਜਥੇਬੰਦਕ ਲੜਾਈ ਲੜਨ ਦੀ ਜ਼ਰੂਰਤ ਹੈ। ਇਸ ਲਈ ਅੱਜ ਜ਼ਰੂਰਤ ਬਣ ਗਈ ਹੈ ਕਿ .ਗ਼ਦਰ ਲਹਿਰ ਦੀ ਵਿਚਾਰਕ ਰੌਸ਼ਨੀ ਤੋਂ ਅਗਵਾਈ ਲਈ ਜਾਵੇ। ਅੱਜ ਇਹ ਖਦਸ਼ਾ ਪੈਦਾ ਹੋ ਰਿਹਾ ਹੈ ਕਿ ਸੰਸਾਰੀਕਰਨ ਨੇ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦੇਣਾ। ਸੰਸਾਰੀਕਰਨ ਨੇ ਸਮੂਹ ਦੀ ਹੋਂਦ ਨੂੰ ਤੋੜ ਕੇ ਨਿੱਜ ਨੂੰ ਅਹਿਮ ਬਣਾਉਣ ਦਾ ਸਿਲਸਿਲਾ ਬੜੀ ਤੇਜ਼ੀ ਨਾਲ ਅਰੰਭਿਆ ਹੋਇਆ ਹੈ। ਇਸੇ ਕਰ ਕੇ ਇਹ ਸਵਾਲ ਤੇ ਉਲਝਣਾਂ ਸੰਸਾਰ ਨੂੰ ਪਿੰਡ ਬਣਾ ਕੇ ਸਰਮਾਏਦਾਰੀ ਨੌਜਵਾਨ ਪੀੜ੍ਹੀ ਦੇ ਸਨਮੁੱਖ ਕਰ ਰਹੀ ਹੈ। ਨੌਜਵਾਨ ਇਨ੍ਹਾਂ ਸਮੱਸਿਆਵਾਂ ਦੇ ਜਥੇਬੰਦਕ ਹੱਲ ਲੱਭਣ ਦੀ ਥਾਂ ਹਾਲੇ ਇਸ ਤੋਂ ਪਾਸਾ ਵੱਟ ਕੇ ਚੁੱਪ ਧਾਰੀ ਬੈਠੇ ਹਨ।

ਸੰਸਾਰ ਦੀ ਸਭ ਤੋਂ ਛੋਟੀ ਤੇ ਜ਼ਰੂਰੀ ਇਕਾਈ ‘ਪਰਿਵਾਰ’ ਨੂੰ ਤੋੜਨ ਤੋਂ ਲੈ ਕੇ ਜਥੇਬੰਦਕ ਢਾਂਚੇ ਨੂੰ ਖੇਰੂੰ-ਖੇਰੂੰ ਕਰਨ ਤਕ ਸਰਮਾਏਦਾਰੀ ਆਪਣਾ ਪੂਰਾ ਜ਼ੋਰ ਲਗਾ ਰਹੀ ਹੈ। ਕਈ ਵਾਰ ਅਸਫ਼ਲ ਹੋਣ ਦੇ ਬਾਵਜੂਦ ਸਰਮਾਏਦਾਰੀ ਜਵਾਨੀ ਨੂੰ ਆਪਣੇ ਵੱਲ ਲਗਾਤਾਰ ਖਿੱਚ ਰਹੀ ਹੈ। ਜਵਾਨੀ ਸੰਸਾਰ ਪਿੰਡ ਦੀ ਚਮਕ-ਦਮਕ ਵੱਲ ਅਕਰਸ਼ਿਤ ਹੈ। ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਵਿਸ਼ਣੂ ਗਣੇਸ਼ ਪਿੰਗਲੇ, ਮਦਨ ਲਾਲ ਢੀਂਗਰਾ, ਸੁਖਦੇਵ, ਰਾਜਗੁਰੂ ਆਦਿ ਵਰਗੇ ਅਨੇਕਾਂ ਇਨਕਲਾਬੀ ਨੌਜਵਾਨਾਂ ਦੀ ਵਿਚਾਰਧਾਰਾ ਨੂੰ ਅਪਨਾਉਣ ਤੋਂ ਗੁਰੇਜ਼ ਕਰ ਰਹੀ ਹੈ। ਜਥੇਬੰਦਕ ਲੜਾਈ ਤੋਂ ਫ਼ਿਲਹਾਲ ਅਵੇਸਲੀ ਹੈ। ਨੌਜਵਾਨਾਂ ਦੇ ਮਨਾਂ ਵਿੱਚ ਇਹ ਸਵਾਲ ਉਭਰ ਰਿਹਾ ਹੈ ਕਿ ਜਿਹੜੀਆਂ ਸਹੂਲਤਾਂ ਸਮਾਜਵਾਦੀ ਢਾਚੇ ਵੇਲੇ ਮੌਜੂਦ ਸਨ, ਉਹ ਹੁਣ ਤੇਜ਼ੀ ਨਾਲ ਖਤਮ ਹੋਣ ’ਤੇ ਕਿਉਂ ਹੋ ਰਹੀਆਂ ਹਨ? ਵਿਆਪਕ ਪੱਧਰ ’ਤੇ ਬੇਰੁਜਗਾਰੀ ਦਾ ਸਵਾਲ ਅੱਜ ਸੰਸਾਰ ਦੇ ਹਰ ਦੇਸ਼ ਦੇ ਨੌਜਵਾਨ ਸਾਹਮਣੇ ਖੜ੍ਹਾ ਹੈ।

ਪੈਸਾ ਕਮਾਉਣ ਤੇ ਸੁੱਖ ਸਹੂਲਤਾਂ ਲੈਣ ਲਈ ਤਰਲੋਮੱਛੀ ਹੋ ਰਹੀ ਤੇ ਇਸੇ ਵਿਚ ਮਸ਼ਰੂਫ਼ ਜਵਾਨੀ ਨੂੰ ਜਦੋਂ ਆਪਣੀ ‘ਹੋਂਦ’ ਉਤੇ ਹੀ ਸ਼ੱਕ ਹੋ ਰਿਹਾ ਹੈ ਤਾਂ ਜਵਾਨੀ ਨੂੰ ਅੱਜ ਹੀ ਇਹ ਸਮਝਣ ਦੀ ਲੋੜ ਹੈ ਕਿ .ਗ਼ਦਰ ਲਹਿਰ, ਲੋਕ-ਮੁਕਤੀ ਅੰਦੋਲਨਾਂ, ਜਥੇਬੰਦਕ ਲਹਿਰਾਂ ਦਾ ਬਹੁਤ ਵੱਡਾ ਮਹੱਤਵ ਹੈ ਤੇ ਇਨ੍ਹਾਂ ਦੀ ਵਿਰਾਸਤ ਨੂੰ ਸਾਂਭਣਾ ਚਾਹੀਦਾ ਹੈ। .ਗ਼ਦਰ ਲਹਿਰ ਉਨ੍ਹਾਂ ਸੂਰਬੀਰ ਨੌਜਵਾਨਾਂ ਵਲੋਂ ਸ਼ੁਰੂ ਕੀਤੀ ਗਈ ਸੀ ਜੋ ਕੇਵਲ ਅੱਜ ਵਾਂਗ ਵਿਦੇਸ਼ਾਂ (ਖਾਸ ਤੌਰ ’ਤੇ ਕਨੇਡਾ, ਅਮਰੀਕਾ) ਵਿਚ ਆਪਣੀ ਰੋਜ਼ੀ ਰੋਟੀ ਕਮਾਉਣ ਲਈ ਆਏ ਸਨ। ਇਥੇ ਉਨ੍ਹਾਂ ਨਾਲ ਹੋਏ ਨਸਲੀ ਵਿਤਕਰੇ, ਰੁਜ਼ਗਾਰ ਪ੍ਰਾਪਤੀ ਵਿਤਕਰੇ ਆਦਿ ਨੇ ਉਸ ਸਮੇਂ ਦੀ ਜਵਾਨੀ, ਜਿਸ ਵਿਚ ਕਰਤਾਰ ਸਿੰਘ ਸਰਾਭਾ, ਸੰਤੋਖ ਸਿੰਘ ਕਿਰਤੀ, ਵਿਸ਼ਣੂ ਗਣੇਸ਼ ਪਿੰਗਲੇ, ਪੰਡਿਤ ਕਾਸ਼ੀ ਰਾਮ ਮੜੌਲੀ, ਰਹਿਤਮ ਅਲੀ, ਗੁਲਾਬ ਕੌਰ ਆਦਿ ਅਨੇਕਾਂ ਨੌਜਵਾਨ ਸ਼ਾਮਲ ਸਨ, ਨੂੰ ਇਸ ਸਭ ਦੇ ਖ਼ਿਲਾਫ਼ ਖੜੇ ਹੋਣ ਤੇ ਜਥੇਬੰਦਕ ਲੜਾਈ ਵਿੱਢਣ ਲਈ ਮਜਬੂਰ ਕਰ ਦਿੱਤਾ। ਸਭ ਧਰਮਾਂ, ਮਜ਼੍ਹਬਾਂ, ਖਿੱਤਿਆਂ ਦੇ ਵਖਰੇਵੇਂ ਤੋਂ ਉਪਰ ਉਠ ਕੇ ਅਤੇ ਪੈਸੇ ਦਾ ਮੋਹ ਤੇ ਹੋਰ ਸੁਖ ਸਹੂਲਤਾਂ ਤਿਆਗ ਕੇ ਉਨ੍ਹਾਂ ਇਨ੍ਹਾਂ ਵਿਤਕਰਿਆਂ ਨੂੰ ਖ਼ਤਮ ਕਰਨ ਲਈ ਸੰਘਰਸ਼ ਦਾ ਬਿਗਲ ਵਜਾਇਆ। ਫਾਂਸੀਆਂ, ਜੇਲ੍ਹਾਂ, ਸਰੀਰਕ ਤਸੀਹਿਆਂ ਆਦਿ ਦੀ ਪ੍ਰਵਾਹ ਨਾ ਕਰਦੇ ਹੋਏ ਜਥੇਬੰਦੀ ਨੂੰ ਪਹਿਲ ਦਿੱਤੀ ਤੇ ਬਰਤਾਨਵੀ ਸਾਮਰਾਜ ਨੂੰ ਸਖਤ ਟੱਕਰ ਦਿੱਤੀ।

.ਗ਼ਦਰੀਆਂ ਦੀ ਜਦੋ-ਜ਼ਹਿਦ ਨਾਲ ਅਜ਼ਾਦੀ ਤਾਂ ਪ੍ਰਾਪਤ ਹੋ ਗਈ ਪ੍ਰੰਤੂ ਰਾਜ ਭਾਗ ਹਿੰਦੁਸਤਾਨ ਦੀ ਸਰਮਾਏਦਾਰੀ ਦੇ ਹੱਥ ਆ ਗਿਆ। ਅੱਜ ਫੇਰ ਸਰਮਾਏਦਾਰੀ/ਸਾਮਰਾਜੀ ਸਬੰਧਾਂ ਦੀਆ ਚੁਣੌਤੀਆਂ ਨੌਜਵਾਨਾਂ ਦੇ ਸਾਹਮਣੇ ਖੜੀਆਂ ਹਨ। ਅੱਜ 8-8 ਘੰਟੇ ਦਿਹਾੜੀ, ਜਿਸ ਨੂੰ (1886 ਸ਼ਿਕਾਗੋ) ਬੜੀ ਲੰਮੀ ਤੇ ਲਹੂ ਵੀਟਵੀਂ ਲੜਾਈ ਤੋਂ ਬਾਅਦ ਮਜ਼ਦੂਰਾਂ ਨੇ ਹਾਸਲ ਕੀਤਾ ਸੀ, ਕਰ ਕੇ ਵੀ ਪੂਰੀ ਦੁਨੀਆ ਦੇ ਮਜ਼ਦੂਰ (ਸਮਾਜਵਾਦੀ ਦੇਸ਼ਾ ਨੂੰ ਛੱਡ ਕੇ) ਦਾ ਗੁਜਾਰਾ ਮੁਸ਼ਕਲਾਂ ਹੋ ਰਿਹਾ ਹੈ। ਘਰ ਚਲਾਉਣ ਲਈ ਮਜਦੂਰ ਨੂੰ 12-12 ਘੰਟੇ ਜਾਂ 16-16 ਘੰਟੇ ਕੰਮ ਕਰਨਾ ਪੈ ਰਿਹਾ ਹੈ।

ਪੂਰੀ ਦੁਨੀਆ ਵਿਚ ਸੰਸਾਰ ਨੂੰ ਇੱਕ ਪਿੰਡ ਬਣਾਉਣ ਦੇ ਨਾਮ ’ਤੇ ਜਿਸ ਤਰ੍ਹਾਂ ਮਜ਼ਦੂਰ ਜਮਾਤ ਦੀ ਲੁੱਟ ਕੀਤੀ ਜਾ ਰਹੀ ਹੈ, ਉਸ ਲੁੱਟ ਨੂੰ ਨੌਜਵਾਨਾਂ, ਕਿਸਾਨਾਂ, ਮਜ਼ਦੂਰਾਂ ਅਤੇ ਹਰ ਖੇਤਰ ਦੇ ਲੁਟੀਂਦੇ ਲੋਕਾਂ ਦੀ ਵਿਸ਼ਾਲ ਲਾਮਬੰਦੀ ਨਾਲ ਹੀ ਰੋਕਿਆ ਜਾ ਸਕਦਾ ਹੈ। ਇਸ ਲਾਮਬੰਦੀ ਵਾਸਤੇ ਸਭ ਤੋਂ ਪਹਿਲੀ ਲੋੜ ਹੀ .ਗ਼ਦਰ ਲਹਿਰ ਦੀ ਵਿਚਾਰਧਾਰਾ ਨੂੰ ਅੱਗੇ ਤੋਰਨ ਦੀ ਹੈ। ਇਹ ਸੰਸਾਰੀਕਰਨ ਦੀਆਂ ਅਲਾਮਤਾਂ ਹੀ ਹਨ ਕਿ ਬੇਰੁਜ਼ਗਾਰੀ, ਭੁੱਖਮਰੀ, ਭ੍ਰਿਸ਼ਟਾਚਾਰ, ਸਮਾਜਕ, ਧਾਰਮਕ ਅਤੇ ਆਰਥਕ ਨਾ-ਬਰਾਬਰੀ ਵਿਚ ਨਿਰੰਤਰ ਵਾਧਾ ਹੋ ਰਿਹਾ ਹੈ। ਸਿਹਤ ਸਹੂਲਤਾਂ, ਸਿੱਖਿਆ ਪ੍ਰਾਪਤੀ, ਰੁਜਗਾਰ ਪ੍ਰਾਪਤੀ ਦੇ ਮੌਕੇ ਤੇਜ਼ੀ ਨਾਲ ਸੁੰਗੜ ਰਹੇ ਹਨ।

ਮੰਦੀ ਦੇ ਦੌਰ ਵਿਚ ਸਰਮਾਏਦਾਰੀ (ਸਰਕਾਰਾਂ) ਮਜ਼ਦੂਰ ਦਾ ਘਰ ਤਾਂ ਨਹੀਂ ਬਚਾਉਂਦੀ, ਪਰ ਆਪਣੀਆਂ ਫ਼ੈਕਟਰੀਆਂ, ਬੈਂਕਾਂ ਅਤੇ ਹੋਰ ਮਲਟੀਨੈਸ਼ਨਲ ਕੰਪਨੀਆਂ ਨੂੰ ਬਚਾਉਣ ਲਈ ਪੂਰੀ ਵਾਹ ਲਗਾ ਦਿੰਦੀ ਹੈ। ਜੋ ਸਰਮਾਏਦਾਰੀ ਮਜ਼ਦੂਰ ਦਾ ਘਰ ਨਹੀਂ ਬਚਾਉਂਦੀ ਤਾਂ ਉਸ ਵਲੋਂ ਤੇਜ਼ੀ ਨਾਲ ਖੋਹੀਆਂ ਜਾ ਰਹੀਆਂ ਸਹੂਲਤਾਂ ਦੀ ਚਾਲ ਨੂੰ ਸਮਝਣ ਦੀ ਜ਼ਰੂਰਤ ਹੈ। ਜਵਾਨੀ ਨੂੰ ਲਾਮਬੰਦ ਕਰਨ ਲਈ .ਗ਼ਦਰ ਲਹਿਰ ਦੀ ਵਿਚਾਰਕ ਅਗਵਾਈ ਦੀ ਅੱਜ ਸਖ਼ਤ ਜ਼ਰੂਰਤ ਹੈ। ਇਸ ਲਈ ਸਰਮਾਏਦਾਰੀ ਨੂੰ ਵਿਸ਼ਾਲ ਜਥੇਬੰਦਕ ਟੱਕਰ ਦੇਣ ਲਈ ਜਵਾਨੀ ਨੂੰ ਤਿਆਰ ਕਰਨਾ ਹੋਵੇਗਾ। ਇਤਿਹਾਸ ਗਵਾਹ ਹੈ ਕਿ ਜਦ ਵੀ ਜਵਾਨੀ ਨੂੰ ਹੱਕ-ਸੱਚ ਦੀ ਪ੍ਰਾਪਤੀ ਦਾ ਸਪੱਸ਼ਟ ਰਾਹ ਦਿਖਾਈ ਦਿੱਤਾ ਹੈ ਤਾਂ ਉਸ ਨੇ .ਗ਼ਦਰ ਲਹਿਰ ਵਰਗੀਆਂ ਲਹਿਰਾਂ ਉਸਾਰੀਆਂ ਹਨ ਅਤੇ ਕਰਤਰ ਸਿੰਘ ਸਰਾਭਾ, ਭਗਤ ਸਿੰਘ, ਊਧਮ ਸਿੰਘ, ਮਦਨ ਲਾਲ ਢੀਂਗਰਾ,ਵਿਸ਼ਣੂ ਗਣੇਸ਼ ਪਿੰਗਲੇ, ਗੁਲਾਬ ਕੌਰ ਬਣ ਕੇ ਜੰਗ ਦੇ ਮੈਦਾਨ ਵਿਚ ਨਿਤਰੇ ਹਨ।


‘ਨਵੀਂ ਦੁਨੀਆ’ ਨੂੰ .ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ

K.P. ACCOUNTING & TAX SERVICES

135 Millbourne Road East Lee Ridge Plaza, Edmonton, AB T6K1P6

SAVE YOUR TAX FOR FAST REFUND USE E-FILES

- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ



Ph : 780 469 2677 Fax : 780 469 2026

SOHAIL QUADRI, MLA
EDMONTON – MILL WOODS

‘ਨਵੀਂ ਦੁਨੀਆ’ ਨੂੰ .ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ

*As the MLA for Edmonton – Mill Woods, I am always available to assist you, if you have any questions, concerns, notarizations requests or any other matter. I can be reached at my Constituency office at 780-414-1000. You can also subscribe to my social media pages http://quadri.mypcmla.ca or face book https://www.facebook.com/sohailquadriMLA*

**Sohail Quadri, MLA**
Edmonton-Mill Woods Constituency Office
# 101, 9807 - 34 Ave Edmonton, AB, T6E 5X9
Ph: 780-414-1000 edmonton.millwoods@assembly.ab.ca



# ਗ਼ਦਰ ਲਹਿਰ ਦੀ ਵਿਚਾਰਧਾਰਕ ਪ੍ਰਸੰਗਿਤਾ



ਡਾ. ਕਰਮਜੀਤ ਸਿੰਘ
+91-98763-23862
kjskurukshetra@yahoo.com


1857 ਈ. ਦੀ ਪਹਿਲੀ ਸੁਤੰਤਰਤਾ ਦੀ ਲੜਾਈ ਨੂੰ ਅੰਗ੍ਰੇਜ਼ਾਂ ਨੇ ਬਗ਼ਾਵਤ ਜਾਂ ਵਿਦਰੋਹ (Mutiny) ਦਾ ਨਾਂ ਦਿੱਤਾ ਜਿਸਦਾ ਅਰਥ ਗ਼ਦਰ ਵੀ ਹੈ। ਸਾਮਰਾਜ ਆਪਣੀ ਦ੍ਰਿਸ਼ਟੀ ਤੋਂ ਅਜਿਹਾ ਹੀ ਨਾਮ ਦੇ ਸਕਦਾ ਸੀ ਜਿਸਦੇ ਅਰਥ ਨਾਂਹਵਾਚੀ ਸਨ। ਪਰੰਤੂ ਗ਼ਦਰੀ ਯੋਧਿਆਂ ਨੇ ਬਗਾਵਤ ਦੇ ਅਰਥਾਂ ਨੂੰ ਇਨਕਲਾਬ ਦੇ ਅਰਥਾਂ ਵਿਚ ਤਬਦੀਲ ਕਰ ਦਿੱਤਾ। ਮਿਊਟਨੀ ਤੋਂ ਰੈਵੋਲਿਊਸ਼ਨ ਤਕ ਦੇ ਹਾਂ ਵਾਚੀ ਅਰਥ ਗ਼ਦਰੀ ਯੋਧਿਆਂ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਜੋ ਉਨ੍ਹਾਂ ਨੇ ਆਪਣੀਆਂ ਲਿਖਤਾਂ ਅਤੇ ਅਥਾਹ ਕੁਰਬਾਨੀਆਂ ਨਾਲ ਪ੍ਰਾਪਤ ਕੀਤੀ। ਵਿਦਵਾਨਾਂ ਨੇ ਗ਼ਦਰ ਨੂੰ ਇਨਕਲਾਬ ਦੇ ਅਰਥਾਂ ਵਿਚ ਗ੍ਰਹਿਣ ਤਾਂ ਕੀਤਾ ਹੈ ਪਰੰਤੂ ਇਸਦੇ ਮਹੱਤਵ ਨੂੰ ਰੇਖਾਂਕਿਤ ਨਹੀਂ ਕੀਤਾ। ਗ਼ਦਰ ਲਹਿਰ, ਗ਼ਦਰ ਨਾਲ ਸੰਬੰਧਿਤ ਪਰਚਾ ਅਤੇ ਸੰਸਾਰ ਪੱਧਰ ਤੇ ਇਨਕਲਾਬੀ ਤਬਦੀਲੀਆਂ ਨੂੰ ਵੀ ਗ਼ਦਰੀ ਤਬਦੀਲੀਆਂ ਪ੍ਰਵਾਨ ਕੀਤਾ ਗਿਆ। ਗ਼ਦਰ ਲਹਿਰ ਨੇ ਜਿਨ੍ਹਾਂ ਉਦੇਸ਼ਾਂ ਨੂੰ ਸਾਹਮਣੇ ਰੱਖਿਆ ਉਹ ਬੜੇ ਵਿਆਪਕ ਅਤੇ ਮਾਨਵਵਾਦੀ ਸਨ। ਇਨ੍ਹਾਂ ਵਿਚ ਸਭ ਤੋਂ ਪਹਿਲੇ ਥਾਂ ਤੇ ਸੀ ਭਾਰਤ ਦੀ ਪੂਰਨ ਆਜ਼ਾਦੀ, ਹਥਿਆਰਬੰਦ ਹੋ ਕੇ ਪ੍ਰਾਪਤ ਕੀਤੀ ਹੋਈ ਆਜ਼ਾਦੀ। ਗ਼ਦਰ ਲਹਿਰ ਦੀ ਇਹ ਸਮਝ ਸੀ ਕਿ ਅੰਗ੍ਰੇਜ਼ ਸਰਕਾਰ ਹਿੰਦੁਸਤਾਨ ਨੂੰ ਲੁੱਟ ਰਹੀ ਹੈ ਜਿਸਦਾ ਆਧਾਰ ਸਥਿਤੀਆਂ ਦਾ ਵਿਸ਼ਲੇਸ਼ਣ ਸੀ। ਗ਼ਦਰ ਲਹਿਰ ਭਾਰਤ ਤੋਂ ਬਾਹਰ ਫੌਜੀਆਂ, ਪੁਲਸੀਆਂ ਅਤੇ ਮਜ਼ਦੂਰਾਂ ਨੂੰ ਗ਼ਦਰ ਲਹਿਰ ਵਿਚ ਸ਼ਾਮਲ ਕਰਨ ਲਈ ਉਤਸਕ ਸੀ ਜਿਸ ਲਈ ਗ਼ਦਰੀਆਂ ਨੇ ਅਣਥੱਕ ਯਤਨ ਵੀ ਕੀਤੇ। ਗ਼ਦਰ ਲਹਿਰ ਦੀ ਸੰਸਾਰ ਦੀਆਂ ਬਸਤੀਆਂ ਦੇ ਲੋਕਾਂ ਨਾਲ ਹਮਦਰਦੀ ਸੀ ਪਰੰਤੂ ਸਾਮਰਾਜੀ ਸ਼ਕਤੀਆਂ ਨਾਲ਼ ਉਨ੍ਹਾਂ ਦਾ ਤਿੱਖਾ ਵਿਰੋਧ ਸੀ। ਉਹ ਇਨ੍ਹਾਂ ਸਾਮਰਾਜੀ ਸ਼ਕਤੀਆਂ ਦੇ ਜ਼ੁਲਮਾਂ ਨੂੰ ਆਪਣੀਆਂ ਲਿਖਤਾਂ ਰਾਹੀਂ ਉਜਾਗਰ ਕਰਕੇ ਗ਼ੁਲਾਮ ਲੋਕਾਂ ਨੂੰ ਆਪਣੇ ਨਾਲ ਜੋੜਦੇ। ਰੂਸ, ਮੈਕਸੀਕੋ, ਚੀਨ ਦੀ ਜੰਤਾ ਨਾਲ਼ ਏਕਤਾ ਕੀਤੀ ਜਾਂਦੀ ਅਤੇ ਸੱਤਾਧਾਰੀਆਂ ਦਾ ਵਿਰੋਧ ਕੀਤਾ ਜਾਂਦਾ। ਇਸ ਤਰ੍ਹਾਂ ਗ਼ਦਰ ਲਹਿਰ ਆਜ਼ਾਦੀ ਦੀ ਅੰਤਰਾਸ਼ਟਰੀ ਲਹਿਰ ਸੀ ਜੋ ਜ਼ਾਲਮਾਂ ਦੇ ਖਿਲਾਫ ਸੀ ਅਤੇ ਮਜ਼ਲੂਮਾਂ ਦੇ ਹੱਕ ਵਿਚ। ਗ਼ਦਰੀਆਂ ਨੇ ਆਪਣੀ ਰਾਜਨੀਤੀ ਵਿਚ ਆਜ਼ਾਦੀ ਬਰਾਬਰੀ ਅਤੇ ਹੱਕਾਂ ਦੀ ਪੈਰਵੀ ਨੂੰ ਥਾਂ ਦਿੱਤੀ। ਇਨ੍ਹਾਂ ਉੱਪਰ ਜ਼ੋਰ ਦੇਣ ਨਾਲ਼ ਗਿਆਨ, ਖ਼ੁਸ਼ੀ ਅਤੇ ਅਰੋਗਤਾ ਆਦਿ ਮਸਲਿਆਂ ਨੂੰ ਵੀ ਹੱਲ ਕੀਤਾ ਜਾ ਸਕਦੀ ਸੀ। ਗ਼ਦਰੀ ਜੜ੍ਹਾਂ ਤਕ ਜਾਂਦੇ ਸਨ ਪੱਤਿਆਂ ਆਦਿ ਨੂੰ ਗਿਣਨ ਉਪਰ ਉਹ ਵਿਸ਼ਵਾਸ ਨਹੀਂ ਸਨ ਕਰਦੇ। ਇਸੇ ਲਈ ਉਹ ਗ਼ੁਲਾਮੀ ਖ਼ਿਲਾਫ਼ ਲੜਾਈ ਨੂੰ ਪਹਿਲ ਦੇ ਕੇ ਛੋਟੀਆਂ ਮੋਟੀਆਂ ਸਮਾਜ ਸੁਧਾਰ ਦੀਆਂ ਕੋਸ਼ਿਸ਼ਾਂ ਨੂੰ ਬਹੁਤਾ ਮਹੱਤਵ ਨਹੀਂ ਸੀ ਦਿੰਦੇ। ਉਨ੍ਹਾਂ ਅਨੁਸਾਰ, "ਗ਼ੁਲਾਮੀ ਸਭ ਤੋਂ ਬੁਰਾ ਦਸਤੂਰ ਹੈ ਅਤੇ ਆਜ਼ਾਦੀ ਸਭ ਤੋਂ ਚੰਗਾ ਰਿਵਾਜ ਹੈ। ਦੂਸਰੇ ਦਸਤੂਰ ਵੀ ਬੁਰੇ ਹਨ, ਉਨ੍ਹਾਂ ਦੇ ਵਿਰੁੱਧ ਮਾਮੂਲੀ ਕੋਸ਼ਿਸ਼ ਕਰਨੀ ਹਰ ਇਕ ਆਦਮੀ ਦਾ ਫ਼ਰਜ਼ ਹੈ। ਪਰ ਉਨ੍ਹਾਂ ਨੂੰ ਜੀਵਨ ਦਾ ਸਭ ਤੋਂ ਉੱਚਾ ਆਦਰਸ਼ ਬਣਾਉਣਾ ਆਪਣੀ ਜ਼ਿੰਦਗੀ ਨੂੰ ਬਰਬਾਦ ਕਰਨਾ ਹੈ। (ਗ਼ਦਰ ਲਹਿਰ ਦੀ ਵਾਰਤਕ, ਪੰਨਾ-662) ਗ਼ਦਰੀਆਂ ਦੀ ਸਮਝ ਸਾਫ਼ ਸੀ ਕਿ ਪਹਿਲ ਕਿਸ ਕਾਰਜ ਨੂੰ ਦੇਣੀ ਚਾਹੀਦੀ ਹੈ ਅਤੇ ਕਿੰਨ੍ਹਾਂ ਕੰਮਾਂ ਨੂੰ ਦੂਜੇ ਥਾਂ ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਚੋਰ ਤੇ ਉਸਦੀ ਮਾਂ ਦੋਨਾਂ ਨੂੰ ਇਕੋ ਵੇਲੇ ਮਾਰਨ ਦਾ ਸੰਦੇਸ਼ ਦਿੱਤਾ। ਨਸ਼ਿਆਂ ਵਿਰੁੱਧ ਪ੍ਰਚਾਰ ਕਰਨਾ ਪਰ ਨਸ਼ਿਆਂ ਨੂੰ ਫੈਲਾਉਣ ਵਾਲੇ ਅੰਗ੍ਰਜ਼ੀ ਸਾਮਰਾਜ ਖਿਲਾਫ਼ ਇਕ ਸ਼ਬਦ ਨਾ ਕਹਿਣਾ ਉਨ੍ਹਾਂ ਨੂੰ ਸਵੀਕਾਰ ਨਹੀਂ ਸੀ।

ਗ਼ਦਰੀ ਯੋਧੇ ਧਰਮਾਂ, ਜਾਤਾਂ, ਫ਼ਿਰਕਿਆਂ ਤੋਂ ਉੱਪਰ ਸਨ। ਜੇ ਅਸੀਂ ਉਨ੍ਹਾਂ ਦੇ ਮੂਲ ਵਿਚਾਰਾਂ ਨੂੰ ਸਮਝ ਲਈਏ ਤਾਂ ਉਨ੍ਹਾਂ ਨੂੰ ਕਿਸੇ ਇਕ ਧਰਮ ਵਿਸ਼ੇਸ਼ ਨਾਲ਼ ਜੋੜਨ ਦੀ ਜ਼ਰੂਰਤ ਨਹੀਂ ਰਹਿੰਦੀ। ਉਹ ਲਿਖਦੇ ਹਨ, "ਭਾਰਤ ਮਾਤਾ ਦੇ ਪਿਆਰੇ ਬੱਚੇ ਜਗਤ ਦੇ ਉਧਾਰਕ ਸਭ ਮੱਤਾਂ ਅਤੇ ਸਮਾਜਾਂ ਵਿਚੋਂ ਲਏ ਗਏ ਹਨ। ਸਾਰਿਆਂ ਦਰਖ਼ਤਾਂ ਦੇ ਫੁੱਲ ਚੁਣ ਕੇ ਇਹ ਗ਼ੁਲਦਸਤਾ ਬਣਾਇਆ ਗਿਆ ਹੈ। ਇਹ ਸਾਰੇ ਧਰਮ ਵਿਦਿਆ, ਸੁੱਖ ਅਤੇ ਆਜ਼ਾਦੀ ਦੀ ਤਲਾਸ਼ ਵਿਚ ਲੱਗੇ ਹੋਏ ਹਨ।" ਗ਼ਦਰੀਆਂ ਲਈ ਰਾਜਨੀਤੀ, ਵਿਦਿਆ, ਧਰਮ ਮਤ ਜਾਂ ਸੰਪ੍ਰਦਾਇ ਨਹੀਂ ਸੁੱਖ ਅਤੇ ਏਕਤਾ ਹਰ ਮਨੁੱਖ ਮਾਤਰ ਵਾਸਤੇ ਸਮਾਨ ਹੋਣੇ ਚਾਹੀਦੇ ਹਨ। ਸਮੁੱਚੀ ਲੁਕਾਈ ਦੀ ਖ਼ੁਸ਼ਹਾਲੀ ਉਨ੍ਹਾਂ ਦਾ ਆਦਰਸ਼ ਸੀ। "ਇਸ ਵਿਚ ਮੱਤ ਮਤਾਂਤਰ ਦਾ ਝਗੜਾ ਨਹੀਂ ਹੈ, ਅਜ਼ਾਦੀ ਸੁੱਖ, ਧਰਮ, ਵਿਦਿਆ ਵਾਸਤੇ ਇਸ ਤਰ੍ਹਾਂ ਹੈ, ਜਿਸ ਤਰ੍ਹਾਂ ਛੋਟੇ ਪੌਦੇ ਨੂੰ ਰੌਸ਼ਨੀ, ਜਾਂ ਆਦਮੀ ਵਾਸਤੇ ਹਵਾ, ਆਜ਼ਾਦੀ ਦੀ ਸਭ ਤੋਂ ਵੱਡੀ ਲੋੜ ਹੈ। ਇਸ ਲੋੜ ਦੇ ਸਾਹਮਣੇ ਹੋਰ ਸਾਰੀਆਂ ਲੋੜਾਂ ਤੁੱਛ ਹਨ।" ਗ਼ਦਰੀਆਂ ਨੂੰ ਰੰਜ ਹੈ ਕਿ ਭਾਰਤੀ ਆਪਣੇ ਇਤਿਹਾਸ ਨਾਲ ਨਹੀਂ ਜੁੜੇ ਹੋਏ ਅਤੇ ਨਾਂ ਹੀ ਇਸ ਤੋਂ ਕੋਈ ਸੇਧ ਹੀ ਲੈਂਦੇ ਹਨ। ਉਹ ਭਾਰਤੀਦਰਸ਼ਨ ਦੇ ਲੋਕ ਪੱਖੀ ਰੁਝਾਨਾਂ ਨੂੰ ਖ਼ੂਬ ਸਰਾਹੁੰਦੇ ਹਨ। ਉਹ ਬੇਵਕੂਫ਼ ਦੋਸਤਾਂ ਨਾਲ਼ੋਂ ਸਿਆਣੇ ਦੁਸ਼ਮਣ ਤੋਂ ਬਹੁਤ ਕੁਝ ਸਿੱਖਦੇ ਹਨ। ਅਜਿਹਾ ਹੀ ਨਹੀਂ ਕਿ ਗ਼ਦਰੀ ਹਰ ਵੇਲੇ ਹਥਿਆਰਾਂ ਦੀ ਗੱਲ ਹੀ ਕਰਦੇ ਸਨ ਸਗੋਂ ਉਨ੍ਹਾਂ ਦਾ ਜੋਸ਼, ਖ਼ਾਸ ਵਿਚਾਰਾਂ ਦੀ ਸੇਧ ਵਿੱਚ ਅੱਗੇ ਵਧਣਾ ਚਾਹੁੰਦਾ ਸੀ। ਗ਼ੁਲਾਮੀ ਨੂੰ ਦੂਰ ਕਰਨ ਲਈ ਗ਼ਦਰੀ 'ਆਦਮੀ' ਪੈਦਾ ਕਰਨ ਦੇ ਹੱਕ ਵਿਚ ਸਨ ਜੋ ਹਰ ਤਰ੍ਹਾਂ ਦੇ ਦਕਿਆਨੂਸੀ ਵਿਚਾਰਾਂ ਤੋਂ ਸੁਤੰਤਰ ਹੋਵੇ ਅਤੇ ਹਰ ਤਰ੍ਹਾਂ ਦੀ ਗ਼ੁਲਾਮੀ ਦੇ ਖ਼ਿਲਾਫ਼ ਹੋਵੇ। ਅਜੀਬ ਲੱਗ ਸਕਦਾ ਹੈ ਪਰ ਗ਼ਦਰੀ, ਭਾਰਤੀਆਂ ਦੀ ਅਤਿ ਦੀ ਸ਼ਾਂਤੀ ਨੂੰ ਵੀ ਭੰਗ ਕਰਨਾ ਚਾਹੁੰਦੇ ਸਨ ਜੋ ਅਫ਼ੀਮ ਦੇ ਨਸ਼ੇ ਤੋਂ ਘੱਟ ਨਹੀਂ। "ਮਿਜਾਜ਼ ਵਿਚ ਜ਼ਰਾ ਗਰਮੀ ਅਤੇ ਅਸ਼ਾਂਤੀ ਦੀ ਜ਼ਰੂਰਤ ਹੈ। ਸ਼ਾਂਤੀ ਦੀ ਦਵਾ ਦੀ ਜਾਦੇ ਖ਼ੁਰਾਕ ਦਿਲ ਅਤੇ ਦਿਮਾਗ ਤੇ ਅਫ਼ੀਮ ਦਾ ਅਸਰ ਰੱਖਦੀ ਹੈ।" ਉਹ ਬੁਰੇ ਦਸਤੂਰ ਦੀ ਤਹਿ ਵਿਚ ਝੂਠੇ ਆਦਰਸ਼ ਦੀ ਪਛਾਣ ਰੱਖਦੇ ਸਨ ਅਤੇ ਉਨ੍ਹਾਂ ਅਨੁਸਾਰ ਝੂਠੇ ਆਦਰਸ਼ਾਂ ਦੇ ਆਧਾਰ ਤੇ ਉੱਨਤੀ ਨਹੀਂ ਕੀਤੀ ਜਾ ਸਕਦੀ।ੜ ਉਹ ਇਹ ਸਮਝਦੇ ਸਨ ਕਿ ਕੌਮੀ ਪ੍ਰੇਮ ਲਈ ਨਿੱਜੀ ਪ੍ਰੇਮ ਦਾ ਤਿਆਗ ਵੀ ਕਰਨਾ ਪੈਂਦਾ ਹੈ। ਦੇਸ਼ ਕਾਲ ਅਨੁਸਾਰ ਕੰਮ ਕਰਨਾ ਉਨ੍ਹਾਂ ਦੀ ਸਮਝਦਾਰੀ ਦਾ ਹਿੱਸਾ ਸੀ। ਗ਼ਦਰੀ ਇਸ ਤੱਥ ਨੂੰ ਜਾਣਦੇ ਹੋਏ ਵੀ ਆਪਣੇ ਆਪ ਨੂੰ ਕੁਰਬਾਨ ਕਰਨ ਲਈ ਤਿਆਰ ਸਨ ਕਿ ਪਿਛਲੀਆਂ ਕੁਰਬਾਨੀਆਂ ਨੂੰ ਲੋਕ ਭੁਲਾ ਦਿੰਦੇ ਹਨ। ਉਹ ਡੇਢ ਸੌ ਕਰੋੜ ਲੋਕਾਂ ਲਈ ਕੁਰਬਾਨੀਆਂ ਕਰ ਰਹੇ ਸਨ। ਦੁਨੀਆਂ ਦੀਆਂ ਮਿਸਾਲਾਂ ਤੋਂ ਉਹ ਭਲੀ ਭਾਂਤੀ ਜਾਣੂ ਸਨ ਕਿ ਆਜ਼ਾਦੀ ਹਮੇਸ਼ਾ ਕੁਰਬਾਨੀਆਂ ਨਾਲ਼ ਆਉਂਦੀ ਹੈ, ਸੁਲਾਹ ਸਫ਼ਾਈਆਂ ਨਾਲ਼ ਨਹੀਂ। ਸਰਕਾਰੀ ਜ਼ੁਲਮ ਦੀ ਇੰਤਹਾ ਇਨਕਲਾਬੀ ਵਿਰੋਧਾਂ ਨੂੰ ਜਨਮ ਦਿੰਦੀ ਹੈ। 'ਜਿੱਥੇ ਆਪਣੀ ਜ਼ਿੰਦਗੀ ਬੇਖਟਕ ਨਹੀਂ ਉਥੇ ਆਜ਼ਾਦੀ ਵੀ ਬਗੈਰ ਖਟਕੇ ਦੇ ਨਹੀਂ।' ਗ਼ਦਰੀ ਆਪਣੇ ਸਮੇਂ ਦਿੱਤੇ ਜਾਂਦੇ ਇਨਾਮਾਂ, ਖਿਤਾਬਾਂ ਪ੍ਰਤਿ ਕਿੰਨੇ ਸੁਚੇਤ ਸਨ ਇਹ ਉਨ੍ਹਾਂ ਦੀ ਹੇਠ ਲਿਖੀ ਸੋਚ ਤੋਂ ਸਾਫ਼ ਹੋ ਜਾਂਦਾ ਹੈ। "ਅੰਗਰੇਜ਼ਾਂ ਦੀਆਂ ਚਾਲਾਂ ਹਿੰਦੁਸਤਾਨ ਦੇ ਮਜ਼ਹਬਾਂ ਵਿਚ ਦਖ਼ਲ ਦੇ ਰਹੀਆਂ ਹਨ। ਭਾਈ ਜੀ, ਭਾਈ ਸਾਹਿਬ, ਖ਼ਾਨ ਬਹਾਦਰ, ਖਾਨ ਸਾਹਿਬ, ਰਾਇ ਸਾਹਿਬ, ਰਾਇ ਬਹਾਦਰ, ਸਰਦਾਰ ਸਾਹਿਬ ਅਤੇ ਸਰਦਾਰ ਬਹਾਦਰ ਆਦਿ ਸਾਰੇ ਲਫ਼ਜ਼ ਸਾਡੇ ਹਨ। ਇਨ੍ਹਾਂ ਲਫ਼ਜ਼ਾਂ ਨੂੰ ਮੁਦੱਤ ਤੋਂ ਵਰਤਦੇ ਆਏ ਹਾਂ ਲੇਕਿਨ ਬੜੀ ਹੈਰਾਨੀ ਦੀ ਗੱਲ ਹੈ ਕਿ ਅੱਜ ਅੰਗਰੇਜ਼ ਉਹੀ ਲਫ਼ਜ਼ ਕਹਿ ਕੇ ਸਾਡੇ ਹੀ ਦੇਸੀ ਆਦਮੀਆਂ ਨੂੰ ਰਾਏ ਖਾਨ ਅਤੇ ਸਰਦਾਰ ਬਹਾਦਰ ਬਣਾ ਰੱਖਿਆ ਹੈ।" ਭਾਈ ਵੀਰ ਸਿੰਘ ਲਈ 'ਭਾਈ ਸਾਹਿਬ ਭਾਈ' ਦਾ ਖ਼ਿਤਾਬ ਅੰਗਰੇਜ਼ਾਂ ਦਾ ਹੀ ਦਿੱਤਾ ਹੋਇਆ ਸੀ। ਅੱਜ ਦੀਆਂ ਸਰਕਾਰਾਂ ਵੀ ਉਹੋ ਕੁਝ ਕਰ ਰਹੀਆਂ ਹਨ ਤੇ ਅਜੋਕੇ ਲੇਖਕ ਦੌੜਾਂ ਲਾ ਰਹੇ ਹਨ। ਅਸੀਂ ਗ਼ਦਰੀਆਂ ਦੀ ਵਿਚਾਰਧਾਰਾਂ ਨੂੰ ਕਿੰਨਾ ਕੁ ਅਪਣਾਇਆ ਹੈ?



ਅੰਗਰੇਜ਼ ਭਾਰਤ ਨੂੰ ਸਭਿਅਕ ਬਣਾਉਣ ਦਾ ਭਾਰ ਚੁੱਕੀ ਫਿਰਦੇ ਸਨ। ਗ਼ਦਰੀ ਹੋਕਾ ਦੇ ਰਹੇ ਸਨ ਕਿ "ਗ਼ਦਰ ਕਰਕੇ ਅੰਗਰੇਜ਼ਾਂ ਦੇ ਸਿਰ ਤੋਂ ਜ਼ਿੰਮੇਵਾਰੀ ਦਾ ਭਾਰ ਉਤਾਰ ਦਿਉ।' ਇਸਾਈ ਧਰਮ ਪਰਿਵਰਤਨ ਕਰਕੇ ਬਹੁਤੇ ਮਾਨਵੀ ਬਣਦੇ ਸਨ ਪਰੰਤੂ ਗ਼ਦਰੀ ਉਨ੍ਹਾਂ ਦੀ ਅਸਲੀਅਤ ਵੀ ਜਾਣਦੇ ਸਨ 'ਈਸਾਈਆਂ ਨਾਲ ਵਾਸਤਾ ਪੈਣ ਤੇ ਸਾਬਤ ਹੋ ਗਿਆ ਹੈ ਕਿ ਉਹ ਵੀ ਗੈਰ ਇਸਾਈ ਤੋਂ ਉਤਨੀ ਹੀ ਨਫ਼ਰਤ ਕਰਦੇ ਹਨ, ਜਿਤਨੀ ਕਿ ਇਕ ਹਿੰਦੂ ਅਛੂਤ ਜਾਤੀਆਂ ਤੋਂ।' ਗ਼ਦਰੀਆਂ ਦੀ ਰਾਜਨੀਤਕ ਅਤੇ ਸਮਾਜਿਕ ਵਿਚਾਰਧਾਰਾ ਵਿਚ ਕਿਸੇ ਤਰ੍ਹਾਂ ਦਾ ਕੋਈ ਧੁੰਧਲਕਾ ਨਹੀਂ ਸੀ। ਅੰਗਰੇਜ਼ੀ ਰਾਜਨੀਤੀ ਨੇ ਮਾਤਹਿਤ ਕੌਮ ਦੇ ਸਾਰੇ ਕਾਰੋਬਾਰਾਂ ਨੂੰ ਆਪਣੇ ਹੱਥਾਂ ਵਿਚ ਲੈ ਲਿਆ ਸੀ। ਸਮਾਜਿਕ ਅਗਵਾਈ ਕਰਕੇ ਉਨ੍ਹਾਂ ਨੇ ਲੋਕਾਂ ਵਿਚ ਰੋਅਬ ਦਾਅਬ ਬਣਾਇਆ ਸੀ। ਉਹ ਅਜਿਹੇ ਪਲੇਟਫ਼ਾਰਮ ਬਣਾ ਰਹੇ ਸਨ ਜਿੱਥੇ ਅੰਗਰੇਜ਼ ਤੇ ਹਿੰਦੁਸਤਾਨੀ ਨਾ-ਬਰਾਬਰੀ ਦੇ ਅਸੂਲ ਤੇ ਇਕੱਠੇ ਹੋ ਸਕਣ। ਅੰਗਰੇਜ਼ਾਂ ਨੇ ਹਾਰੇ ਲੋਕਾਂ ਦੀ ਅਜਿਹੀ ਜਮਾਤ ਤਿਆਰ ਕਰ ਲਈ ਸੀ ਜੋ ਉਨ੍ਹਾਂ ਨੂੰ ਸਲਾਮਾਂ ਕਰਦੀ ਮਿਲਦੀ ਸੀ। ਗ਼ਦਰੀ ਇਸ ਸਭ ਕੁਝ ਬਾਰੇ ਸੁਚੇਤ ਸਨ। ਭਾਰਤੀ ਸੰਦਰਭ ਵਿਚ ਜਾਤੀ ਗ਼ੁਲਾਮੀ ਨੂੰ ਵੀ ਗ਼ਦਰੀ ਭਾਰਤੀਆਂ ਦੇ ਅਵੇਚਨ ਦਾ ਹਿੱਸਾ੪ ਮੰਨਦੇ ਸਨ। ਉਹ ਉਦਾਹਰਣ ਦਿੰਦੇ ਹਨ, "ਬ੍ਰਾਹਮਣ ਪਾਸ ਕੋਈ ਹਥਿਆਰ ਨਹੀਂ ਹੁੰਦੇ। ਉਹ ਜਿਸਮਾਨੀ ਤੌਰ ਤੇ ਕਮਜ਼ੋਰ ਤੇ ਇਕ ਪੜ੍ਹਿਆ ਲਿਖਿਆ ਆਦਮੀ ਹੁੰਦਾ ਹੈ। ਜਿਹਨਾਂ ਹੱਥੋਂ ਤੇ ਫ਼ਸਾਦ ਵਿਚ ਅਛੂਤ ਨਜ਼ਾਰਾ ਦੇਖਦੇ ਹਾਂ ਕਿ ਸੈਂਕੜੇ ਅਛੂਤ ਚੰਗੀ ਜਿਸਮਾਨੀ ਤਾਕਤ ਰੱਖਦੇ ਹੋਏ ਬਾਜ਼ਾਰ ਵਿਚ ਇਕ ਬ੍ਰਾਹਮਣ ਨੂੰ ਝੁਕ ਝੁਕ ਕੇ ਪ੍ਰਣਾਮ ਕਰਦੇ ਹਨ। ਜਦੋਂ ਕਿ ਕੋਈ ਕਾਨੂੰਨ ਉਨ੍ਹਾਂ ਨੂੰ ਐਸਾ ਕਰਨ ਵਾਸਤੇ ਮਜਬੂਰ ਨਹੀਂ ਕਰਦਾ।"

ਇਸ ਸਭ ਕੁਝ ਦੇ ਬਾਵਜੂਦ ਗ਼ਦਰੀ ਇਹ ਵਿਸ਼ਵਾਸ ਰੱਖਦੇ ਸਨ ਕਿ 'ਰਾਜਸੀ ਫਤਹਿ ਕੌਮ ਨੂੰ ਕੈਦ ਕਰ ਸਕਦੀ ਹੈ ਪਰ ਉਸਨੂੰ ਨਿਵਾ ਨਹੀਂ ਸਕਦੀ।' ਇਸ ਲਈ ਗ਼ਦਰੀ ਚਾਹੁੰਦੇ ਸਨ ਕਿ, "ਇਖ਼ਲਾਕ ਦੇ ਛੋਟੇ ਜਿਹੇ ਚੰਗਿਆੜੇ ਨੂੰ ਕਿਸੇ ਤਰ੍ਹਾਂ ਕਾਇਮ ਰੱਖਿਆ ਜਾਵੇ ਜੋ ਕੌਮ ਦੇ ਦਿਲ ਵਿਚ ਮੌਜੂਦ ਹੈ ਤੇ ਕਿਸ ਤਰ੍ਹਾਂ ਉਸਨੂੰ ਕੌਮ ਦੀ ਸ਼ਕਤੀ ਅਨੁਸਾਰ ਵਧਾਇਆ ਜਾਵੇ।' ਜੇਤੂ ਅੰਗਰੇਜ਼ ਹੋਰ ਕੀ ਕਰ ਸਕਦੇ ਸਨ ਉਸਦੀ ਨਿਸ਼ਾਨਦੇਹੀ ਵੀ ਗ਼ਦਰੀ ਚੰਗੀ ਤਰ੍ਹਾਂ ਕਰ ਰਹੇ ਸਨ। ਉਹ ਸਮਝਦੇ ਸਨ ਕਿ ਅੰਗਰੇਜ਼ ਭਾਰਤੀਆਂ ਨੂੰ ਸਿਖਾਉਣਗੇ ਕਿ ਉਹ ਘਟੀਆ ਕੌਮ ਹੈ, ਇਸ ਝੂਠ ਨੂੰ ਕਾਨੂੰਨ ਅਤੇ ਹਕੂਮਤ ਦੇ ਤਰੀਕਿਆਂ ਰਾਹੀਂ ਲੋਕਾਂ ਦੇ ਦਿਲਾਂ ਤਕ ਪੁਚਾਉਂਦੇ ਹਨ।'


BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
❖ Breaks
❖ Muffler
❖ Suspension
❖ Lube & Oil
❖ Tires
❖ Batteries
Umesh Amin
email: unamin@gmail.com

WE CARE YOUR CAR BETTER
Phone:780 463 2886

ਪਰ ਭਾਰਤੀਆਂ ਨੂੰ ਇਸ ਪ੍ਰਤੀ ਸੁਚੇਤ ਰਹਿਣ ਦੀ ਲੋੜ ਹੈ। ਸਵੈਮਾਣ ਤੇ ਸ਼ਾਨ ਦੇ ਜਜ਼ਬੇ ਨੂੰ ਬਚਾ ਕੇ ਰੱਖ ਸਕਣ ਵਾਲੀ ਕੌਮ 'ਆਪਣੇ ਪੈਦਾਇਸ਼ੀ ਹੱਕ ਆਜ਼ਾਦੀ ਨੂੰ ਹਾਸਿਲ ਕਰ ਲਵੇਗੀ। ਤਾਕਤ ਕਿਵੇਂ ਹਾਸਲ ਕੀਤੀ ਜਾਂਦੀ ਹੈ ? ਗ਼ਦਰੀਆਂ ਕੋਲ ਇਸ ਦਾ ਸਪੱਸ਼ਟ ਉੱਤਰ ਹੈ, ਕਿ ਫੌਜੀ ਤਾਕਤ ਅਤੇ ਚਤੁਰਾਈ ਨਾਲ਼। ਅਜਿਹੀ ਹਕੂਮਤ ਨੂੰ ਹਥਿਆਰਾਂ ਦੀ ਮਦਦ ਨਾਲ ਕਾਇਮ ਰੱਖਿਆ ਜਾਂਦਾ ਹੈ, ਪਰੰਤੂ ਸਮਾਜਿਕ ਜਿੱਤ ਇਕ ਦਮ ਪ੍ਰਾਪਤ ਨਹੀਂ ਹੁੰਦੀ। 'ਕਵਾਇਦਦਾਨ ਫੌਜਾਂ ਤੇ ਬੜੀਆਂ ਤੋਪਾਂ ਇਸਨੂੰ ਹਾਸਲ ਨਹੀਂ ਕਰ ਸਕਦੀਆਂ' ਗ਼ਦਰੀ ਸਰਕਾਰੀ ਨੀਤੀ ਨੂੰ ਤਿੱਖੀ ਨਜ਼ਰ ਨਾਲ਼ ਦੇਖਦੇ ਸਨ। ਉਨ੍ਹਾਂ ਅਨੁਸਾਰ ਜਿਸ ਕਾਰਵਾਈ ਦੀ ਉਹ ਵਿਰੋਧਤਾ ਲਈ ਕਰਦੀ ਉਹ ਸ਼ੱਕੀ ਹੈ। ਗ਼ਦਰੀ ਬਾਹਰੀ ਮਦਦ ਨਾਲ ਪ੍ਰਾਪਤ ਕੀਤੀ ਆਜ਼ਾਦੀ ਨੂੰ ਚਿਰਸਥਾਈ ਨਹੀਂ ਸਨ ਮੰਨਦੇ। ਹਰ ਦੇਸ਼ ਦੇ ਲੋਕਾਂ ਨੂੰ ਆਪਣੀ ਆਜ਼ਾਦੀ ਆਪ ਪ੍ਰਾਪਤ ਕਰਨੀ ਚਾਹੀਦੀ ਹੈ।"ਕੋਈ ਕੌਮ ਕਿਸੇ ਦੇ ਭਰੋਸੇ ਤੇ ਤਰੱਕੀ ਨਹੀਂ ਕਰ ਸਕਦੀ, ਕਿਸੇ ਦੀ ਮਦਦ ਨਾਲ ਗ਼ੁਲਾਮ ਕੌਮ ਆਜ਼ਾਦ ਨਹੀਂ ਹੋ ਸਕਦੀ, ਬਸ ਹਰ ਇਕ ਕੌਮ ਨੂੰ ਆਪਣੀ ਆਜ਼ਾਦੀ ਹਾਸਲ ਕਰਨ ਵਾਸਤੇ ਖ਼ੁਦ ਮਿਹਨਤ ਕਰਨੀ ਚਾਹੀਦੀ ਹੈ। ਖ਼ੁਦ ਹਿੰਮਤ ਕਰਨੀ ਚਾਹੀਦੀ ਹੈ। ਗ਼ਦਰੀ ਆਜ਼ਾਦੀ ਤਾਂ ਚਾਹੁੰਦੇ ਸਨ ਪਰ ਅਰਾਜਕਤਾ ਤੋਂ ਉਹ ਬਚ ਕੇ ਚਲਦੇ ਸਨ। ਇਸੇ ਲਈ ਉਹ ਇਨਕਲਾਬੀ ਹਨ। ਆਜ਼ਾਦੀ ਦਾ ਅਰਥ 'ਮਨਆਈ ਖੁਲ੍ਹ' ਨੂੰ ਉਨ੍ਹਾਂ ਨੇ ਰੱਦ ਕੀਤਾ ਇਕ ਥਾਂ ਉਹ ਲਿਖਦੇ ਹਨ, "ਕਈ ਆਦਮੀ ਆਜ਼ਾਦੀ ਦਾ ਮਤਲਬ ਇਹ ਸਮਝਦੇ ਹਨ ਕਿ ਹਰ ਇਕ ਇਨਸਾਨ ਨੂੰ ਹਰ ਇਕ ਕੰਮ ਵਿਚ ਮਨਆਈ ਕਰਨ ਦੀ ਖੁਲ੍ਹ ਹੋਣੀ ਚਾਹੀਦੀ ਹੈ, ਇਹ ਖ਼ਿਆਲ ਸਰਾਸਰ ਬੇਬੁਨਿਆਦ ਹੈ।" ਇਨ੍ਹਾਂ ਉਪਰੋਕਤ ਵਿਚਾਰਧਾਰਕ ਆਧਾਰਾਂ ਤੇ ਗ਼ਦਰੀਆਂ ਵੱਲੋਂ ਵਿਭਿੰਨ ਮੁੱਦਿਆਂ ਉੱਪਰ ਕੀਤੀ ਵਿਚਾਰ ਨੂੰ ਸਮਝਿਆ ਜਾ ਸਕਦਾ ਹੈ।

ਗ਼ਦਰੀ ਵਿਚਾਰਵਾਨ ਰਾਜਨੀਤਕ ਆਰਥਿਕਤਾ ਬਾਰੇ ਵੀ ਆਪਣੇ ਵਿਚਾਰ ਸਪੱਸ਼ਟ ਰੂਪ ਵਿਚ ਲੋਕਾਂ ਸਾਹਮਣੇ ਰੱਖ ਰਹੇ ਸਨ। ਆਰਥਿਕਤਾ 'ਖ਼ਾਤਰ ਇਕ ਮੁਲਕ ਦੀਆਂ ਕਿਰਤੀਆਂ ਤੇ ਸਰਮਾਏਦਾਰਾਂ ਦੇ ਦਰਮਿਆਨ ਲੜਾਈ ਹੈ, ਇਸੇ ਖ਼ਾਤਰ ਇਕ ਮੁਲਕ ਦਿਆਂ ਦੁਕਾਨਦਾਰਾਂ ਦੀ ਆਪਸ ਵਿਚ ਲੜਾਈ ਹੈ।' ਅਸੀਂ ਅੱਜ ਸੰਸਾਰ ਨੂੰ ਇਕ 'ਗਲੋਬਲ ਪਿੰਡ' ਬਣਦਾ ਕਹਿ ਰਹੇ ਹਾਂ, ਜਿਵੇਂ ਸਰਮਾਏਦਾਰ ਤੇ ਬਹੁ-ਕੌਮੀ ਕਾਰਪੋਰੇਸ਼ਨਾਂ ਕਹਿ ਰਹੀਆਂ ਹਨ ਪਰ ਗ਼ਦਰੀ ਵਿਚਾਰਵਾਨ ਇਹ ਗੱਲ 1913 ਈ. ਦੇ ਆਸ-ਪਾਸ ਕਹਿ ਰਹੇ ਸਨ। "ਅੱਜ ਕਲ੍ਹ ਰੇਲਾਂ, ਤਾਰਾਂ, ਹਵਾਈ ਜ਼ਹਾਜ਼ਾਂ ਨੇ ਦੁਨੀਆਂ ਨੂੰ ਇਕੱਠਾ ਕਰਕੇ ਇਕ ਬੜੇ ਸ਼ਹਿਰ ਵਾਂਗ ਬਣਾ ਦਿੱਤਾ ਹੈ।" (ਗ਼ਦਰ ਲਹਿਰ ਦੀ ਵਾਰਤਕ ਪੰਨਾ-673) ਗ਼ਦਰੀਆਂ ਵਲੋਂ ਅਸਲੀ ਆਰਥਿਕ ਆਜ਼ਾਦੀ ਦੇ ਮਾਇਨੇ ਬਿਨਾਂ ਕਿਸੇ ਦੇ ਅਧੀਨ ਹੋਏ ਜ਼ਿੰਦਗੀ ਦੀਆਂ ਲੋੜਾਂ ਕਮਾਉਣ ਦੇ ਯੋਗ ਹੋਣਾ ਹੀ ਸਹੀ ਆਜ਼ਾਦੀ ਹੈ। ਭਾਵ ਅੰਗ੍ਰੇਜ਼ਾਂ ਦੀ ਗ਼ੁਲਾਮੀ ਤੋਂ ਪਾਰ ਹੀ ਅਜਿਹਾ ਸੁਪਨਾ ਸਾਕਾਰ ਹੋਣ ਦੀ ਸੰਭਾਵਨਾ ਸੀ। ਆਪਣੇ ਸਮੇਂ ਬਸਤੀਵਾਦੀ ਨਿਜ਼ਾਮ ਨੂੰ ਧਿਆਨ ਵਿਚ ਰੱਖ ਕੇ ਹੀ ਗ਼ਦਰੀਆਂ ਦੀ ਇਹ ਸੋਚ ਬਣੀ ਸੀ ਕਿ "ਦੁਨੀਆਂ ਵਿਚ ਸਰਮਾਏ ਵਾਲੇ ਆਰਥਿਕ ਤੌਰ ਤੇ ਆਜ਼ਾਦ ਬਹੁਤ ਥੋੜ੍ਹੇ ਆਦਮੀ ਹਨ। ਜੋ ਆਰਥਿਕ ਤੌਰ ਤੇ ਆਜ਼ਾਦ ਹਜਾਰਾਂ ਦੀ ਗਿਣਤੀ ਵਿਚ ਹਨ ਤਾਂ ਆਰਥਿਕ ਗ਼ੁਲਾਮ ਕਰੋੜਾਂ ਦੀ ਗਿਣਤੀ ਵਿਚ ਹਨ। ਸਾਰੀ ਦੁਨੀਆਂ ਦੇ ਕਿਰਤੀ ਕਿਸਾਨ ਆਰਥਿਕ ਗ਼ੁਲਾਮ ਮਿੱਥੇ ਜਾਂਦੇ ਹਨ।" ਗ਼ਦਰੀਆਂ ਦੀ ਸੋਚ ਉੱਪਰ ਮਾਰਕਸਵਾਦੀ ਪ੍ਰਭਾਵ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ ਜਦੋਂ ਉਹ ਕਹਿੰਦੇ ਹਨ ਕਿ ਦੁਨੀਆਂ ਵਿਚ ਅੱਸੀ ਡਾਲਰ ਵੀਹਾਂ ਆਦਮੀਆਂ ਵਿਚ ਵੰਡੇ ਹੋਏ ਹਨ ਅਤੇ ਬਾਕੀ ਵੀਹ ਡਾਲਰ ਅੱਸੀਆਂ ਵਿਅਕਤੀਆਂ ਵਿਚ ਤਕਸੀਮ ਹੋਏ ਹਨ। ਦਿਨ ਬ ਦਨ ਅਮੀਰ ਹੋਰ ਅਮੀਰ ਹੋ ਰਿਹਾ ਹੈ ਤੇ ਗਰੀਬ ਹੋਰ ਗ਼ਰੀਬ। ਅਮਰੀਕਾ ਆਦਿ ਰਾਜਨੀਤਕ ਆਜ਼ਾਦੀ ਵਾਲੇ ਦੇਸ਼ਾਂ ਵਿਚ ਵੀ ਲੋਕਾਂ ਦੀ ਬਹੁ ਗਿਣਤੀ ਆਰਥਿਕ ਪੱਖੋਂ ਗ਼ੁਲਾਮ ਹੀ ਹੈ। ਆਰਥਿਕ ਆਜ਼ਾਦੀ ਆਮ ਜਨਤਾ ਲਈ ਸਭ ਤੋਂ ਪ੍ਰਮੁੱਖ ਹੈ ਇਸਨੂੰ ਗ਼ਦਰੀ ਵਿਚਾਰਧਾਰਾ ਚੰਗੀ ਤਰ੍ਹਾਂ ਸਮਝਦੇ ਸਨ। ਉਹ ਮੰਨਦੇ ਹਨ ਕਿ "ਆਰਥਿਕ ਆਜ਼ਾਦੀ ਤੋਂ ਬਿਨਾਂ ਆਮ ਜਨਤਾ ਸੁਖੀ ਨਹੀਂ ਹੋ ਸਕਦੀ ਸਾਰੀ ਦੁਨੀਆਂ ਦੇ ਆਰਥਿਕ ਗ਼ੁਲਾਮ ਆਜ਼ਾਦੀ ਲਈ ਜੰਗ ਕਰ ਰਹੇ ਹਨ। ਹਿੰਦੁਸਤਾਨੀਆਂ ਦੀ ਆਜ਼ਾਦੀ ਦੀ ਜੰਗ ਦੁਨੀਆਂ ਦੇ ਇਸ ਮਹਾਂਜੰਗ ਦਾ ਇਕ ਹਿੱਸਾ ਹੈ।"

ਗ਼ਦਰੀ ਭਾਰਤ ਦੀ ਜਾਗੀਰਦਾਰੀ ਬਣਤਰ ਨੂੰ ਸਮਝਦੇ ਸਨ ਇਸ ਲਈ ਉਹ ਉਸ ਵਿਰੁੱਧ ਵੀ ਵਿਚਾਰਧਾਰਕ ਲੜਾਈ ਲੜ ਰਹੇ ਸਨ ਤੇ ਨਾਲ ਹੀ ਲੋਕਰਾਜ ਦੀ ਸਥਾਪਨਾ ਲਈ ਯਤਨਸ਼ੀਲ ਸਨ। ਉਹ ਭਵਿੱਖ ਵਿਚ ਰਿਆਸਤਾਂ ਦੇ ਰੋਲ ਨੂੰ ਵੀ ਦੇਖ ਰਹੇ ਸਨ। ਇਕ ਥਾਂ ਉਹ ਲਿਖਦੇ ਹਨ ਕਿ 680 ਭਾਰਤੀ ਰਾਜਿਆਂ ਨੇ ਡੈਮੋਕਰੇਸੀ ਵਿਚ ਆਪਣਾ ਘਟੀਆਂ ਰੋਲ ਨਿਭਾਉਂਦਿਆ ਆਮ ਆਦਮੀ ਨੂੰ ਰਾਸ਼ਟਰਪਤੀ ਨਹੀਂ ਬਣਨ ਦੇਣਾ ਇਸ ਲਈ ਉਨ੍ਹਾਂ ਨੂੰ ਲਾਂਭੇ ਕਰ ਦੇਣਾ ਚਾਹੀਦਾ ਹੈ। ਗ਼ਦਰੀਆਂ ਸਾਹਮਣੇ ਰਾਸ਼ਟਰਪਤੀ ਪ੍ਰਣਾਲੀ ਦੀ ਕਲਪਨਾ ਹੀ ਸੀ। ਉਹ ਇਸ ਨੂੰ ਪੰਚਾਇਤੀਰਾਜ ਨਾਲ ਜੋੜਦੇ ਸਨ ਜਿਸ ਦੀਆਂ ਜੜ੍ਹਾਂ ਕਬੀਲਿਆਂ ਦੇ ਸਭਿਆਚਾਰ ਵਿਚ ਦੇਖੀਆਂ ਜਾ ਸਕਦੀਆਂ ਹਨ। ਉਨ੍ਹਾਂ ਦੀ ਸਮਝ ਸੀ ਕਿ, "ਹਿੰਦੁਸਤਾਨ ਦੇ ਲੋਕਾਂ ਵਾਸਤੇ ਪਰਜਾ ਰਾਜ ਕੋਈ ਨਵੀਂ ਬਾਤ ਨਹੀਂ ਹੈ, ਸਗੋਂ ਪੰਚਾਇਤੀ ਰਾਜ ਹਿੰਦੁਸਤਾਨ ਵਿਚ ਬਹੁਤੇ ਦੇਰ ਤੋਂ ਫਲ ਫੁੱਲ ਚੁੱਕਾ ਹੈ। ਜਿਸਦੇ ਨਿਸ਼ਾਨ ਅੱਜ ਤਕ ਵੀ ਸਾਂਸੀਆਂ, ਭੀਲਾਂ ਅਤੇ ਕੀਕਨਾਂ ਵਿਚ ਪਾਏ ਜਾਂਦੇ ਹਨ, ਜੋ ਆਪਣੇ ਆਪਣੇ ਫੈਸਲੇ ਆਪਣੇ ਘਰ ਦੇ ਕੋਰਟਾਂ ਵਿਚ ਕਰ ਲੈਂਦੇ ਹਨ।" ਉਹ ਮੰਨਦੇ ਸਨ ਕਿ ਰਾਜੇ ਦੇ ਰਾਜ ਨਾਲੋਂ ਪਰਜਾ ਰਾਜ (ਲੋਕ ਰਾਜ) ਵਿਚ ਵਧੇਰੇ ਕਾਮਯਾਬੀ ਹੈ ਕਿਉਂਕਿ ਇਸ ਨਾਲ਼ ਲੋਕਾਂ ਨੂੰ



ਹੱਕ ਪ੍ਰਾਪਤ ਹੁੰਦੇ ਹਨ। ਗ਼ਦਰੀ ਫਰਾਂਸ ਦੀ ਕਰਾਂਤੀ ਅਤੇ ਰੂਸੀ ਕਰਾਂਤੀ ਦੇ ਤਜਰਬਿਆਂ ਨੂੰ ਆਤਮਸਾਤ ਕਰਕੇ ਅਗਾਂਹ ਤੁਰਨ ਲਈ ਆਪਣੇ ਆਪ ਨੂੰ ਤਿਆਰ ਕਰ ਰਹੇ ਸਨ। ਇਹੀ ਅਸਲ ਸਮਝਦਾਰੀ ਦਾ ਤਕਾਜ਼ਾ ਵੀ ਸੀ। ਇਉਂ ਲੱਗਦਾ ਹੈ ਕਿ ਫਰਾਂਸ ਦੀ ਕਰਾਂਤੀ ਦਾ ਵਿਸ਼ਲੇਸ਼ਣ ਕਰਨ ਸਮੇਂ ਗ਼ਦਰੀ ਵਿਦਵਾਨਾਂ ਨੇ ਕਾਰਲ ਮਾਰਕਜ ਦੀ ਫਰਾਂਸ ਦੀ ਕਰਾਂਤੀ ਬਾਰੇ ਸਮਝ ਨੂੰ ਧਿਆਨ ਵਿਚ ਰਖਿਆ ਹੈ ਤਾਂ ਹੀ ਉਹ ਜਮਾਤੀ ਦ੍ਰਿਸ਼ਟੀ ਤੋਂ ਬੜੀ ਬਰੀਕੀ ਵਿਚ ਜਾ ਕੇ ਇਸ ਤੋਂ ਸਾਰਥਕ ਸਿੱਟੇ ਕੱਢਦੇ ਹਨ। ਇਥੇ ਜਾਗੀਰਦਾਰੀ ਦੀ ਹਾਰ ਤੇ ਸਰਮਾਏਦਾਰੀ ਦੀ ਜਿੱਤ ਹੁੰਦੀ ਹੈ। ਥੋੜ੍ਹੀ ਦੇਰ ਲਈ ਕਿਰਤੀ ਸੱਤਾ ਤੇ ਕਾਬਿਜ਼ ਰਹਿੰਦੇ ਹਨ। ਕਿਰਤੀਆਂ ਦੇ ਹਾਰ ਦੇ ਕਾਰਣਾਂ ਨੂੰ ਵੀ ਵਿਸਤਾਰ ਵਿਚ ਵਿਚਾਰਿਆ ਗਿਆ ਹੈ। ਇਸ ਦੌਰਾਨ ਇਨਕਲਾਬੀਆਂ ਵਲੋਂ ਚਰਚ ਨਾਲ਼ ਹੋਈ ਵਿਰੋਧਤਾ ਦਾ ਵੀ ਮੁਲਾਂਕਣ ਕੀਤਾ ਗਿਆ। ਇਨਕਲਾਬੀਆਂ ਨੇ ਤਰਕ ਨਾਲ਼ ਚਰਚ ਦੀ ਪੋਲ ਖੋਲ੍ਹੀ, ਜੋ ਸੱਤਾ ਨਾਲ਼ ਮਿਲਿਆ ਹੋਇਆ ਸੀ। ਬਾਅਦ ਵਿਚ ਨਵੀਂ ਸਰਕਾਰ ਨੇ ਕਿਰਤੀਆਂ ਦੇ ਹੜਤਾਲ ਕਰਨ ਉੱਪਰ ਹੀ ਪਾਬੰਦੀ ਲਾ ਦਿੱਤੀ। ਕਿਸਾਨਾਂ ਨੂੰ ਮੁਫ਼ਤ ਜ਼ਮੀਨ ਨਹੀਂ ਮਿਲੀ ਤੇ ਕਾਰਖਾਨੇ ਕਿਰਤੀਆਂ ਨੂੰ ਨਹੀਂ ਸੌਂਪੇ ਗਏ। ਜ਼ਮੀਨਾਂ ਲੈ ਕੇ ਕਿਸਾਨ ਸ਼ਾਂਤ ਹੋ ਗਏ। ਅਖੀਰ ਰਾਜਾ ਮੁੜ ਸਥਾਪਿਤ ਹੋਇਆ ਜਿਸਨੇ ਇਹ ਪ੍ਰਣ ਕੀਤਾ ਕਿ ਉਹ ਸਰਮਾਏਦਾਰਾਂ ਨੂੰ ਰਾਜਿਆਂ ਅਤੇ ਕਿਰਤੀਆਂ ਦੋਹਾਂ ਤੋਂ ਬਚਾਏਗਾ। ਗ਼ਦਰੀ ਸਮਝਦੇ ਸਨ ਕਿ ਰੂਸ ਵਿਚ ਅਗਵਾਈ ਕਿਉਂਕਿ ਕਿਰਤੀਆਂ ਕੋਲ ਸੀ ਇਸ ਲਈ ਉਨ੍ਹਾਂ ਦੇ ਸਰਮਾਏਦਾਰੀ ਵਲ ਮੁੜਨ ਦਾ ਕੋਈ ਕਾਰਣ ਨਹੀਂ ਹੈ। ਫਰਾਂਸ ਦੀ ਕਰਾਂਤੀ ਦੇ ਸਬਕ ਵੀ ਰੂਸੀਆਂ ਸਾਹਮਣੇ ਸਨ। 'ਇਸੇ ਕਰਕੇ ਸੋਵੀਅਤ ਦੇ ਕਿਰਤੀ, ਸੋਸ਼ਲਿਜ਼ਮ ਦੀ ਰਾਖੀ ਲਈ ਜ਼ਿਆਦਾ ਜੋਸ਼ ਨਾਲ ਲੜ ਸਕਦੇ ਹਨ।' ਗ਼ਦਰੀ ਰੂਸ ਦੇ ਸਿਧਾਂਤਾ ਅਤੇ ਵਿਹਾਰ ਨੂੰ ਬੜੀ ਉਤਸੁਕਤਾ ਅਤੇ ਆਸ਼ਾਵਾਦੀ ਦ੍ਰਿਸ਼ਟੀ ਤੋਂ ਦੇਖਦੇ ਸਨ। ਉਹ ਲਿਖਦੇ ਹਨ, "ਰੂਸ ਵਾਸੀਆਂ ਨੇ ਮਾਨੁਖ ਦੀ ਜਾਤੀ ਦੇ ਆਧਾਰ ਹਿੱਤ (ਉਧਾਰ ਹਿੱਤ) ਨਵੇਂ ਖ਼ਿਆਲਾਤ ਨਵੇਂ ਤਰੀਕੇ ਨਵੇਂ ਅਸੂਲ, ਨਵੀਆਂ ਮੁਰਾਦਾਂ ਅਤੇ ਨਵੇਂ ਮਨਸੂਬੇ ਪੈਦਾ ਕਰ ਦਿੱਤੇ ਹਨ, ਉਨੀਵੀਂ ਸਦੀ ਵਿਚ ਮੁਲਕ ਰੂਸ ਵਿਚ ਅੰਧੇਰੇ ਜਗਤ ਵਿਚ ਰੌਸ਼ਨ ਚਿਰਾਗ਼ ਦੀ ਤਰ੍ਹਾਂ ਚਮਕਦਾ ਹੈ।" ਗਦਰੀ ਲਿਖਤਾਂ ਵਿਚ ਉਨ੍ਹਾਂ ਦੇਸ਼ ਭਗਤਾਂ ਦੇ ਜੀਵਨ ਸਮਾਚਾਰ ਵਿਸ਼ੇਸ਼ ਤੌਰ ਤੇ ਮਿਲਦੇ ਹਨ ਜਿਨ੍ਹਾਂ ਤੋਂ ਗ਼ਦਰ ਲਹਿਰ ਵਿਚ ਉਤਸ਼ਾਹ ਮਿਲੇ। ਮਿਸਟਰ ਵਲਡ ਮਰ ਥੌਜ਼ੂਫ਼, ਸੂਫ਼ੀ ਪੀਰੂ ਸਕੀਆ, ਜ਼ਨੀਦਾ ਵਸੀਲੋਨਾ ਆਦਿ ਨਾਲ ਜੁੜੇ ਪ੍ਰੇਰਕ ਪ੍ਰਸੰਗਾਂ ਨੂੰ ਪ੍ਰਚਾਰਿਆ ਪ੍ਰਸਾਰਿਆ ਗਿਆ। ਜ਼ਨੀਦਾ ਵਸੀਲੋਨਾ ਉਸ ਸਰਕਾਰ ਦੇ ਨੁਮਾਇੰਦੇ ਰੂਸੀ ਜਰਨੈਲ ਦਾ ਕਤਲ ਕਰਦੀ ਹੈ ਜੋ ਗਰੀਬ ਬੱਚਿਆਂ ਨੂੰ ਉਨ੍ਹਾਂ ਦੀ ਮਾਂ ਬੋਲੀ ਤੋਂ ਵੀ ਵਾਂਝਿਆਂ ਕਰਦੀ ਹੈ। ਉਹ ਆਪ ਫਾਂਸੀ ਚੜ੍ਹਦੀ ਹੈ। ਉਸਦੇ ਅੰਤਿਮ ਸ਼ਬਦ ਭਾਵੁਕ ਕਰਨ ਵਾਲੇ ਹਨ ਕਿ, "ਮੇਰੇ ਪਾਸ ਇਸ ਵੇਲੇ ਸਿਰਫ਼ ਇਕ ਜਾਨ ਹੀ ਹੈ, ਬਸ ਉਹੀ ਇਕ ਜਾਨ ਆਪਣੇ ਦੇਸ਼ ਹਿੱਤ ਕੁਰਬਾਨ ਕਰਦੀ ਹਾਂ।"

ਗਦਰੀਆਂ ਦੇ ਧਰਮ ਬਾਰੇ ਵਿਚਾਰਾਂ ਦਾ ਅਧਿਐਨ ਆਪਣੇ ਆਪ ਵਿਚ ਦਿਲਚਸਪ ਹੈ। ਉਹ ਸਭ ਤੋਂ ਪਹਿਲਾਂ ਧਰਮ ਅਤੇ ਮਜ਼ਹਬ ਵਿਚ ਅੰਤਰ ਕਰਨ ਉੱਪਰ ਜ਼ੋਰ ਦਿੰਦੇ ਹਨ। ਉਨ੍ਹਾਂ ਅਨੁਸਾਰ ਧਰਮ ਸਦਾਚਾਰਕ ਉੱਨਤੀ ਦਾ ਕਾਰਣ ਬਣ ਸਕਦਾ ਹੈ ਪਰ ਇਸ ਨਾਲ ਗਿਆਨ ਦਾ ਹੋਣਾ ਵੀ ਜ਼ਰੂਰੀ ਹੈ। ਗਿਆਨ ਦਾ ਮਜ਼ਹਬ ਨਾਲ ਕੋਈ ਵਾਸਤਾ ਨਹੀਂ। ਕਿੰਨੇ ਵੀ ਮਜ਼ਹਬ ਵਿਚ ਗਿਆਨੀ ਹੋਣ ਜੇ ਉਹ ਇੰਜਨੀਅਰਿੰਗ ਅਤੇ ਰਾਜਨੀਤੀ ਨਹੀਂ ਜਾਣਦੇ ਭਾਵ ਗਿਆਨੀ ਨਹੀਂ ਤਾਂ ਸਭ ਕੁਝ ਵਿਅਰਥ ਹੈ। ਸਾਰੇ ਮਹਾਤਮਾ ਧਰਮ ਤੇ ਸਦਾਚਾਰ ਵਿਚ ਬਰਾਬਰ ਹਨ। ਪਰੰਤੂ ਮਤ ਜਾਂ ਮਜ਼ਹਬ ਇਕ ਨਹੀਂ ਹੋ ਸਕਦੇ। ਹਿੰਦੁਸਤਾਨ ਵਿਚ ਧਰਮ ਅਤੇ ਮਜ਼ਹਬ ਵਿਚ ਹਮੇਸ਼ਾ ਅੰਤਰ ਮੰਨਿਆ ਗਿਆ ਹੈ। ਧਰਮ ਸਦਾਚਾਰਕ ਹੈ ਪਰ ਮਜ਼ਹਬ ਮੰਤਰਾਂ ਆਦਿ ਉੱਪਰ ਆਧਾਰਿਤ ਹੈ। ਗ਼ਦਰੀਆਂ ਦਾ ਆਪਣੇ ਵੇਲੇ ਦੇ ਅਨੇਕ ਮੱਤਾਂ ਨਾਲ ਵਿਰੋਧ ਰਿਹਾ ਹੈ, ਦੇਸ਼ ਪ੍ਰੇਮ ਲਈ ਵੇਦਾਂਤ ਦਾ ਸਹਾਰਾ ਲਿਆ ਗਿਆ। ਗਾਇਤ੍ਰੀ ਜਾਪ ਨੂੰ ਆਧਾਰ ਬਣਾਇਆ ਗਿਆ, ਕੋਈ ਪੱਛਮੀ ਵਿਦਿਆ ਨਾਲ ਭਰਪੂਰ ਹੈ, ਕੋਈ ਰਸਮੋ ਰਿਵਾਜ ਨੂੰ ਹੀ ਦੇਸ਼ ਪ੍ਰੇਮ ਮੰਨਦਾ ਹੈ। ਕੋਈ ਗਣੇਸ਼ ਜਾਂ ਕਾਲੀ ਦਾ ਭਗਤ ਬਣਦਾ ਹੈ। ਅਜਿਹੇ ਮੱਤਾਂ ਵਾਲੇ ਪੂਰੇ ਦੇਸ਼ ਵਿਚ ਫੈਲੇ ਹੋਏ ਸਨ ਪਰੰਤੂ ਗ਼ਦਰੀ ਇਨ੍ਹਾਂ ਨਾਲ ਸਹਿਮਤ ਵਿਖਾਈ ਨਹੀਂ ਦਿੰਦੇ। ਉਨ੍ਹਾਂ ਲਈ ਇਹ, "ਸਭ ਦੇਸ਼ ਭਗਤ ਬਣੇ ਫਿਰਦੇ ਹਨ। ਪਰ ਆਦਮੀ ਪਹਿਲੇ ਬਹੁਤ ਘੱਟ ਬਣਦੇ ਹਨ। ਝੂਠ ਨਾਲ ਧਰਮ ਸਿੱਧ ਕਰਨਾ, ਇਹ ਜਾਂਚ ਇਨ੍ਹਾਂ ਅਕਲਮੰਦ ਹਿੰਦੀਆਂ ਨੂੰ ਸੁੱਝੀ ਹੈ। ਸਿੱਧਾ ਰਸਤਾ ਬੜਾ ਟੇਢਾ ਮਾਲੂਮ ਹੁੰਦਾ ਹੈ ਅਤੇ ਚਾਲਬਾਜ਼ੀ ਇਨ੍ਹਾਂ ਨੂੰ ਮੁਕਤੀ ਦੇਣ ਵਾਸਤੇ ਅਤਿਅੰਤ ਜ਼ਰੂਰੀ ਮਾਲੂਮ ਹੁੰਦੀ ਹੈ।"

ਮਜ਼ਹਬ ਜਾਂ ਮੱਤ ਦੀ ਇਕ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਉਹ ਆਪਣੇ ਮਤ ਨੂੰ ਅੰਤਿਮ ਅਤੇ ਮੁਕਤੀ ਦਾ ਦਸੇਰਾ ਮੰਨਦਾ ਹੈ ਪਰ ਗ਼ਦਰੀ ਯਥਾਰਥਵਾਦੀ ਹਨ। ਉਨ੍ਹਾਂ ਅਨੁਸਾਰ ਹਰ ਮਜ਼ਹਬ ਤੇ ਫਿਰਕੇ ਵਿਚ ਚੰਗੇ ਵਿਅਕਤੀ ਵੀ ਹੋ ਸਕਦੇ ਹਨ ਅਤੇ ਮੰਦੇ ਵੀ। ਕਿਸੇ ਮੱਤ ਨੇ ਪ੍ਰੇਮ ਸੱਚਾਈ ਦਾ ਠੇਕਾ ਨਹੀਂ ਲੈ ਲਿਆ। "ਇਸੇ ਤਰ੍ਹਾਂ ਸੱਚੇ ਆਦਮੀ ਅਸੀਂ ਸਭ ਜਗਾਹ ਡਿੱਠੇ ਹਨ ਅਤੇ ਬੁਰੇ ਝੂਠੇ ਵੀ ਸਾਰੇ ਮਜ਼ਹਬਾਂ ਵਿਚ ਦੇਖੇ ਗਏ ਹਨ। ਇਮਾਨਦਾਰੀ ਵੀ ਸਾਰੇ ਸਮਾਜਾਂ ਵਿਚ ਮਿਲੀ ਅਤੇ ਬੇਈਮਾਨੀ ਵੀ। ਉਪਕਾਰ ਕਰਨ ਵਾਲੇ ਆਦਮੀ ਵੀ ਸਾਰੇ ਪੰਥਾਂ ਵਿਚ ਮੌਜੂਦ ਹਨ। ਪਰ ਦੂਸਰੇ ਨੂੰ ਦੇਖ ਕੇ ਸੜਨ ਵਾਲੇ ਖ਼ੁਦਗਰਜ਼ ਕਮੀਨੇ ਲੀਡਰ (ਖੜਪੈਂਚ) ਵੀ ਸਾਰਿਆਂ ਮਤਾਂ ਵਿਚ ਰਹਿੰਦੇ ਹਨ। ਪ੍ਰੇਮੀ ਤੇ ਦਾਤਾ ਜਾਦਾ ਬੋਲਣ ਵਾਲੇ ਜੱਥੇਦਾਰ ਵੀ ਸਾਰੇ ਪੰਥਾਂ ਵਿਚ ਦਿਸਦੇ ਹਨ।" ਇਨ੍ਹਾਂ ਕਥਨਾਂ ਵਿਚ ਗ਼ਦਰੀਆਂ ਦਾ ਅੰਤਰਰਾਸ਼ਟਰੀ ਅਨੁਭਵ ਬੋਲ ਰਿਹਾ ਹੈ ਜੋ ਖ਼ੂਹ ਦੇ ਡੱਡੂਆਂ ਨੂੰ ਕਦੇ ਵੀ ਰਾਸ ਨਹੀਂ ਆ ਸਕਦਾ। ਗ਼ਦਰੀ ਲੰਬੀ ਸੋਚ ਵਿਚਾਰ ਬਾਅਦ ਇਸ ਨਤੀਜੇ ਤੇ ਪਹੁੰਚਦੇ ਹਨ ਕਿ 'ਮਤ ਵਰਗੀ ਬੋਢੀ ਖੋਖਲੀ ਅਤੇ ਬਦਲਣ ਵਾਲੀ ਦਜ਼ਰ ( ?) ਦੀ ਪਰ ਸਮਾਜਿਕ ਸੁੱਖ ਅਤੇ ਏਕਾ ਵੀ ਕਦੀ ਕਾਇਮ ਨਹੀਂ ਹੋ ਸਕਦਾ।" ਇਸੇ ਲਈ ਕਿਸੇ ਵੀ ਤਰ੍ਹਾਂ ਦੇ ਮਜ਼ਹਬੀ ਕਾਰਜਾਂ ਨੂੰ ਗ਼ਦਰੀ ਪ੍ਰਵਾਨ ਨਹੀਂ ਕਰਦੇ। ਮਜ਼ਹਬ ਨੂੰ ਜਾਂ ਮਤ ਨੂੰ ਨਿੱਜੀ ਮਾਮਲਾ ਮੰਨ ਕੇ ਗ਼ਦਰੀਆਂ ਨੇ ਤੱਤ ਇਹ ਕੱਢਿਆ ਕਿ, "ਮਤ ਜਾਂ ਮਜ਼ਹਬ ਨੂੰ ਕਦੇ ਵੀ ਜ਼ਰੂਰੀ ਜਾਂ ਵੱਡੀ ਚੀਜ਼ ਖ਼ਿਆਲ ਨਹੀਂ ਕਰਨਾ ਚਾਹੀਦਾ। ਮੱਤ ਦੇ ਵਾਸਤੇ ਸਭਾ ਜਾਂ ਸਮਾਜ ਬਣਾਉਣੀ ਬੜੀ ਭਾਰੀ ਬੇਵਕੂਫ਼ੀ ਹੈ।"

ਗ਼ਦਰੀਆਂ ਨੇ ਧਰਮ-ਪਰਿਵਰਤਨ ਉੱਪਰ ਵੀ ਆਪਣੇ ਵਿਚਾਰ ਦਿੱਤੇ ਹਨ। ਅਜਿਹੇ ਪਰਿਵਰਤਨ ਨੂੰ ਗ਼ਦਰੀ ਵਿਚਾਰਵਾਨ ਕਰੜੇ ਸ਼ਬਦਾਂ ਵਿਚ ਨਿੰਦਦੇ ਹਨ। 'ਅਗਰ ਇਕ ਆਦਮੀ ਆਪਣੇ ਮਜ਼ਹਬ ਵਿਚੋਂ ਨਿਕਲ ਕੇ ਦੂਜੇ ਮਤ ਵਿਚ ਦਾਖਲ ਹੋ ਜਾਵੇ, ਤਾਂ ਕੀ ਉਹ ਵੱਜਡਾ ਰਿਸ਼ੀ ਮੁਨੀ, ਡਾਕਟਰ ਬਣਾ ਸਕਦਾ ਹੈ ? ਕੀ ਕਾਲ, ਪਲੇਗ, ਮਲੇਰੀਆ, ਗਰੀਬੀ ਨੂੰ ਦੂਰ ਕਰ ਸਕਦਾ ਹੈ ? ਮਗਰ ਮਤ ਦੇ ਅੰਨ੍ਹੇ ਆਦਮੀ ਨੂੰ ਸਭ ਉਲਟਾ ਹੀ ਨਜ਼ਰ ਆਉਂਦਾ ਹੈ।" ਗਊ ਹੱਤਿਆ ਦੇ ਵਿਰੋਧ ਵਿਚ ਕੀਤੇ ਯਤਨਾਂ ਨੂੰ ਵੀ ਗ਼ਦਰੀ ਬਹੁਤਾ ਮਹੱਤਵ ਨਹੀਂ ਦਿੰਦੇ ਕਿਉਂਕਿ ਉਨ੍ਹਾਂ ਅਨੁਸਾਰ, "ਹਿੰਦੂਆਂ ਵਿਚ ਤਾਂ ਗਊ ਹੱਤਿਆ ਕਦੇ ਹੁੰਦੀ ਹੀ ਨਹੀਂ। ਦੂਜੀਆਂ ਕੌਮਾਂ ਤੇ ਇਹਨਾਂ ਦਾ ਕੋਈ ਜੋਰ ਨਹੀਂ ਚਲ ਸਕਦਾ।" ਪਹਿਲ ਮਨੁੱਖੀ ਹੱਕਾਂ ਅਤੇ ਆਜ਼ਾਦੀ ਨੂੰ ਮਿਲਣੀ ਚਾਹੀਦੀ ਹੈ। ਹਿੰਦੂਆਂ ਦੀ ਲੜਾਈ ਅੰਗਰੇਜ਼ਾਂ ਖਿਲਾਫ ਸੇਧਿਤ ਨਾ ਹੋ ਕੇ ਮੁਸਲਮਾਨਾਂ ਵਲ ਸੇਧਿਤ ਹੈ। ਆਪਣਿਆਂ ਵਲ "ਜੋ ਅੰਗਰੇਜ਼ ਹਿੰਦੁਸਤਾਨ ਵਿਚ ਗਊ ਦਾ ਮਾਸ 9 ਕਰੋੜ, 72 ਲੱਖ ਰੁਪਏ (ਇਕ ਸਦੀ ਪਹਿਲਾਂ ਦਾ ਅੰਕੜਾ) ਸਾਲ ਦਾ ਵਿਦੇਸ਼ਾਂ ਵਿਚ ਵੱਡ ਕੇ ਲੈ ਜਾਂਦੇ ਹਨ। ਉਸਦੇ ਵਿਰੁੱਧ ਕੋਈ ਚੂੰ ਤਕ ਨਹੀਂ ਕਰਦਾ, ਹਰ ਰੋਜ਼ ਗਊ ਅਤੇ ਸੂਰ ਦੇ ਝਗੜੇ ਪਿੱਛੇ ਹਜ਼ਾਰਾਂ ਹਿੰਦੂ ਮੁਸਲਮਾਨ ਕੱਟ ਕੱਟ ਕੇ ਮਰ ਰਹੇ ਹਨ।"

ਗ਼ਦਰੀ, ਕੌਮੀ ਸ਼ਹੀਦ ਸਮੁੱਚੀ ਭਾਰਤੀ ਕੌਮ ਦਾ ਸਰਮਾਇਆ ਹਨ ਕਿਉਂਕਿ ਕੌਮੀ ਸ਼ਹੀਦਾਂ ਨੇ ਸਾਰੀ ਹਿੰਦੁਸਤਾਨੀ ਕੌਮ ਦੀ ਖ਼ਾਤਰ ਕੁਰਬਾਨੀ ਕੀਤੀ ਹੈ। ਆਪਣੇ ਜਾਤੀ ਫ਼ਾਇਦੇ ਜਾਂ ਆਪਣੇ ਮਜ਼ਹਬੀ ਫਾਇਦੇ ਜਾਂ ਇਲਾਕੇ ਦੇ ਫ਼ਾਇਦੇ ਲਈ ਇਹ ਕੁਰਬਾਨੀ ਨਹੀਂ ਕੀਤੀ ਹੈ। ਅੰਗਰੇਜ਼ਾਂ ਦੁਆਰਾ ਕੀਤੀਆਂ ਗਈਆਂ ਕਾਨਫਰੰਸਾਂ ਵਿੱਚ ਜਿਵੇਂ ਫਿਰਕਿਆਂ ਦੇ ਆਧਾਰ ਤੇ ਹਿੱਸਾ ਲੈਣ ਵਾਲਿਆਂ ਦੀ ਚੋਣ ਕੀਤੀ ਜਾਂਦੀ ਰਹੀ ਹੈ, ਉਸਨੂੰ

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

ਵੀ ਗ਼ਦਰੀ ਵਿਅੰਗ ਨਾਲ ਦੇਖਦੇ ਹਨ ਕਿਉਂਕਿ ਉਹ ਜਾਣਦੇ ਸਨ ਕਿ ਇਸ ਤਰ੍ਹਾਂ ਸੰਪ੍ਰਦਾਇਕਤਾ ਹੋਰ ਵਧੇਗੀ, ਝਗੜੇ ਵਧਣਗੇ। "ਇਹ ਸਾਰੇ ਹੀ ਝੋਲੀ ਚੁੱਕ ਫਿਰਕਿਆਂ ਤੇ ਇਲਾਕਿਆਂ ਦੇ ਫ਼ਰਕਾਂ ਨਾਲ ਇਸ ਤਰ੍ਹਾਂ ਛਾਂਟੇ ਹਨ ਕਿ ਉਮੀਦ ਇਹ ਹੈ ਕਿ ਫਿਰਕੇਬਾਜ਼ੀਆਂ ਵਿਚ ਸਿੰਙ ਫਸਾ ਕੇ ਦੁਨੀਆਂ ਤੋਂ ਹਿੰਦ ਨੂੰ ਟਿੱਚਰਾਂ ਕਰਾਉਣ ਜਾਣਗੇ, ਅਤੇ ਇਸ ਤਰ੍ਹਾਂ ਅੰਗਰੇਜ਼ ਦਾ ਬੁੱਥਾ ਸਾੜਨਗੇ।" ਗ਼ਦਰੀਆਂ ਦੀ ਸਮਝ ਸਾਫ਼ ਸੀ ਕਿ ਹਕੂਮਤ ਗੁਲਾਮਾਂ ਦੇ ਮਜ਼ਹਬ ਨੂੰ ਆਪਣੇ ਮਤਲਬ ਲਈ ਵਰਤਦੀ ਹੈ। ਮਹਾਂਯੁੱਧ ਵਿਚ ਅੰਗਰੇਜ਼ਾਂ ਨੇ ਸਾਰੇ ਹਿੰਦੋਸਤਾਨੀ ਮਜ਼ਹਬਾਂ ਦੇ ਪੁਜਾਰੀਆਂ ਪਾਸੋ 'ਗੁੱਝੇ ਜ਼ੋਰ' ਨਾਲ ਅਰਦਾਸਾਂ ਕਰਵਾ ਲਈਆਂ ਸਨ। ਗ਼ਦਰੀਆਂ ਦੇ ਧਾਰਮਿਕ ਅਸੂਲ ਇਸ ਤਰ੍ਹਾਂ ਦੇ ਸਨ "ਅਗਰ ਇਕ ਅਮੀਰ ਇਕ ਲੱਖ ਰੁਪਿਆ ਦਾਨ ਕਰਦਾ ਹੈ ਅਤੇ ਇਕ ਗ਼ਰੀਬ ਵਿਦਵਾਨ ਇਕ ਪੁਰਸ਼ ਨੂੰ ਇਹ (ਆਜ਼ਾਦੀ ਦਾ) ਅਸੂਲ ਸਮਝਾ ਦਿੰਦਾ ਹੈ ਤਾਂ ਗ਼ਰੀਬ ਬੜਾ ਦਾਨੀ ਹੈ। ਇਨ੍ਹਾਂ ਧਾਰਮਿਕ ਤੱਤਾਂ ਦੀ ਇਹ ਮਹਾਨ ਉਪਮਾ ਹੈ।"

ਗ਼ਦਰੀ ਜਦੋਂ ਆਤਮਾ ਨੂੰ ਜਗਾਉਣ ਦੀ ਗੱਲ ਕਰਦੇ ਹਨ ਤਾਂ ਉਹ ਇਕ ਅਜਿਹੀ ਸ਼ਕਤੀ ਨੂੰ ਆਤਮਾ ਕਹਿੰਦੇ ਹਨ ਜੋ ਧਰਮ ਅਤੇ ਅਧਰਮ ਵਿਚ ਅੰਤਰ ਕਰਦੀ ਹੈ। ਭਾਰਤੀ ਦਰਸ਼ਨ ਦੀ ਆਤਮਾ ਦੀ ਥਾਂ ਉਹ ਸਪਿਰਟ ਦੀ ਗੱਲ ਕਰਦੇ ਹਨ ਜਾਂ ਫਿਰ ਅਜਿਹੀ ਸ਼ਕਤੀ ਦੀ ਜੋ ਸੱਚ ਝੂਠ ਵਿਚ ਅੰਤਰ ਕਰਦੀ ਹੈ। ਇਸ ਸ਼ਕਤੀ ਨੂੰ ਰਾਜ, ਹਾਕਮ, ਸਿਪਾਹੀ ਅਤੇ ਜਾਸੂਸ ਦਾ ਡਰ 'ਮਾਰਦਾ' ਹੈ। ਸਰਕਾਰ ਦਾ ਡਰ ਇਸਨੂੰ ਕੁਚਲਦਾ ਹੈ। ਇਸ ਲਈ ਗ਼ਦਰੀ ਇਸ ਡਰ ਨੂੰ ਦੂਰ ਕਰਨਾ ਚਾਹੁੰਦੇ ਸਨ ਤਾਂ ਕਿ ਨਿਡਰ ਹੋ ਕੇ ਲੜਿਆ ਜਾ ਸਕੇ। ਅਜਿਹੀ ਸ਼ਕਤੀ ਬਗੈਰ ਬੁੱਧੀ ਨਿਸਫਲ ਸੋਚਾਂ ਸੋਚਦੀ ਹੈ। ਸੋਚ ਤੇ ਆਤਮਿਕ ਤਾਕਤ ਅਗਾਂਹ ਲੈ ਕੇ ਜਾ ਸਕਦੀ ਹੈ। ਆਜ਼ਾਦੀ ਦੀ ਲੜਾਈ ਸਮੇਂ ਸਿੱਖ ਰਾਜਿਆਂ ਦੀ ਸਿਫ਼ਤ ਆਮ ਹੀ ਕੀਤੀ ਜਾਂਦੀ ਸੀ। ਸਿੱਖ ਰਣਜੀਤ ਸਿੰਘ ਦੇ ਰਾਜ ਨੂੰ ਵੀ ਸਿੱਖ ਰਾਜ ਕਹਿ ਕੇ ਆਪਣੇ ਮਨ ਨੂੰ ਢਾਰਸ ਦਿੰਦੇ ਸਨ ਅਤੇ ਗੁਆਚੇ ਸਿੱਖ ਰਾਜ ਦੀ ਉਦਾਸੀ ਹੰਢਾਉਂਦੇ ਸਨ। ਗ਼ਦਰੀ ਵਿਚਾਰਧਾਰਾ ਰਾਜਿਆਂ ਦਾ, ਜਾਗੀਰਦਾਰਾਂ ਦਾ ਡਟਵਾਂ ਵਿਰੋਧ ਕਰਦੀ ਸੀ। ਗ਼ਦਰੀ ਸਿੱਖਾਂ ਨੂੰ ਸੰਬੋਧਿਤ ਹੁੰਦੇ ਸਨ ਤਾਂ ਹੇਠ ਲਿਖੀਆਂ ਵਿਚਾਰਾਂ ਕਰਦੇ ਸਨ। "ਸਿੱਖ ਇਹ ਨਹੀਂ ਸਮਝਦੇ ਕਿ 'ਸਿੱਖ ਰਾਜੇ' ਇਕ ਬੇਮਾਇਨੀ ਸ਼ਬਦ ਹੈ। ਸਿੱਖ ਧਰਮ ਵਿਚ ਰਾਜਾ ਅਤੇ ਬ੍ਰਾਹਮਣ ਦੋਵੇਂ ਹੀ ਨਾਮੁਮਕਿਨ ਹੈ। ਮੁਲਕੀ ਅਤੇ ਮਜ਼ਹਬੀ ਗੁਰੂਡਮ ਦੋਹਾਂ ਦੇ ਵਿਰੁੱਧ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਬਰਦਸਤ ਤਹਿਰੀਕ ਜਾਰੀ ਕੀਤੀ, ਮਜ਼ਹਬੀ ਖ਼ਿਆਲ ਦੇ ਲਿਹਾਜ਼ ਨਾਲ ਥੋੜ੍ਹੀ ਬਹੁਤ ਕਾਮਯਾਬੀ ਹੋਈ ਮਗਰ ਗੁਰੂਡਮ ਨਾ ਨਿਕਲੀ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਨੇ ਦਰਸ਼ਨ ਆ ਦਿੱਤੇ।" ਰਿਆਸਤ, ਪੰਥ ਅਤੇ ਸੰਪ੍ਰਦਾਇ ਵਿਚ ਗ਼ਦਰੀਆਂ ਅਨੁਸਾਰ 'ਗ਼ੁਲਾਮੀ ਦੇ ਅਸੂਲ ਸਿਰਮੱਥੇ ਨਾਲ ਮੰਨੇ ਜਾਂਦੇ ਹਨ।' ਅਤੇ ਗ਼ਦਰੀ ਗੁਲਾਮੀ ਨੂੰ ਨਫ਼ਰਤ ਕਰਦੇ ਸਨ। ਗ਼ਦਰੀ 'ਗੁਰੂ ਬਿਨਾਂ ਗਤੀ ਨਹੀਂ' ਦੇ ਵਿਚਾਰ ਨੂੰ ਖਤਰਨਾਕ ਮੰਨਦੇ ਸਨ ਕਿਉਂਕਿ ਗੁਰੂ ਇਹੀ ਕਹਿੰਦਾ ਹੈ ਕਿ ਉਸਦੇ ਵਚਨ ਉੱਪਰ ਬਿਨਾਂ ਸੋਚੇ ਸਮਝੇ ਅਮਲ ਕੀਤਾ ਜਾਵੇ। ਗ਼ਦਰੀ ਲਹਿਰ ਵਿਚ ਭਾਸ਼ਾ ਦੇ ਮਸਲੇ ਉੱਪਰ ਵੀ ਵਿਚਾਰ ਕੀਤਾ ਗਿਆ। ਗਦਰੀਆਂ ਦੀ ਸਮੁੱਚੀ ਸਮਝ ਇਹ ਸੀ ਕਿ ਲੋਕਾਂ ਤਕ ਪਹੁੰਚ ਲਈ ਉਨ੍ਹਾਂ ਦੀ ਭਾਸ਼ਾ ਨੂੰ ਹੀ ਅਪਨਾਉਣਾ ਪਵੇਗਾ। ਇਸੇ ਲਈ ਉਨ੍ਹਾਂ ਵਲੋਂ ਗ਼ਦਰ ਅਖ਼ਬਾਰ ਗੁਰਮੁਖੀ, ਉਰਦੂ ਆਦਿ ਭਾਸ਼ਾਵਾਂ ਵਿਚ ਵੀ ਕੱਢਿਆ ਜਾਂਦਾ ਸੀ। ਜਦੋਂ ਪਰਚੇ ਨੇ ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਉਪਰ ਜ਼ੋਰ ਦਿੱਤਾ ਤਾਂ ਕੈਨੇਡਾ ਅਮਰੀਕਾ ਵਿਚ ਗੁਰਦੁਆਰਿਆਂ ਦੇ ਆਗੂਆਂ ਨੇ ਗ਼ਦਰ ਪਰਚਾ ਪੜ੍ਹਨ ਦਾ ਹੁਕਮ ਕੀਤਾ। 'ਪੰਜਾਬੀ ਹਿੰਦੂਆਂ ਤੇ ਮੁਸਲਮਾਨਾਂ ਨੇ ਵੀ 'ਗ਼ਦਰ' ਪੜ੍ਹਨ ਲਈ ਪੰਜਾਬੀ ਸਿੱਖੀ। ਗ਼ਦਰੀ ਚੰਗੀਂ ਤਰ੍ਹਾਂ ਸਮਝਦੇ ਸਨ ਕਿ ਭਾਸ਼ਾ ਉਸੇ ਦੀ ਹੋਵੇਗੀ ਜਿਸਦਾ ਰਾਜ। ਪਰ ਹਿੰਦੂ ਅਤੇ ਮੁਸਲਮਾਨਾਂ ਦੀ ਹਿੰਦੀ ਅਤੇ ਉਰਦੂ ਦੇ ਸਵਾਲ ਤੇ ਲੜਾਈ ਕੁਥਾਵੀਂ ਸੀ ਕਿਉਂਕਿ ਉਹ ਆਪਣੀ ਸਾਂਝੀ ਦੁਸ਼ਮਣ ਅੰਗਰੇਜ਼ੀ ਉੱਪਰ ਉਂਗਲੀ ਨਹੀਂ ਸਨ ਉਠਾਉਂਦੇ। ਗ਼ਦਰੀ ਹਰ ਜੁਬਾਨ ਵਿਚ ਆਜ਼ਾਦੀ ਅਤੇ ਬਰਾਬਰੀ ਦਾ ਪ੍ਰਚਾਰ ਪ੍ਰਸਾਰ ਕਰਨ ਨੂੰ ਤਰਜੀਹ ਦਿੰਦੇ ਸਨ। ਉਨ੍ਹਾਂ ਦਾ ਨਾਅਰ ਸੀ ਕਿ 'ਅਗਰ ਹਿੰਦੀ ਉਰਦੂ ਨਾਲ ਪ੍ਰੇਮ ਕਰਨਾ ਚਾਹੁੰਦੇ ਹੋ ਤਾਂ ਗ਼ਦਰੀ ਪਾਰਟੀ ਨਾਲ ਮਿਲ ਜਾਉ।'

ਗ਼ਦਰੀ ਸੰਪ੍ਰਦਾਇਕ ਵਖੇਵਿਆਂ ਦੇ ਨਾਲ ਨਾਲ ਹਰ ਤਰ੍ਹਾਂ ਦੇ ਉਨ੍ਹਾਂ ਕਾਰਜਾਂ ਨਾਲ ਸਹਿਮਤ ਨਹੀਂ ਸਨ ਜੋ ਆਜ਼ਾਦੀ ਦੇ ਰਾਹ ਵਿਚ ਰੋੜੇ ਅਟਕਾਉਂਦੇ ਸਨ। ਉਨ੍ਹਾਂ ਦਾ ਹਿੰਦੁਸਤਾਨ ਦੇ ਬੱਤੀ ਕਰੋੜ ਲੋਕਾਂ ਲਈ ਇਹ ਹੋਕਾ ਹੈ ਕਿ, "ਸਾਰੀਆਂ, ਨਿੱਕੀਆਂ ਮੋਟੀਆਂ ਸਭਾ ਸੋਸਾਇਟੀਆਂ, ਸਮਾਜਾਂ ਅੰਜਮਨਾਂ, ਲੀਗਾਂ ਸਭਾਵਾਂ, ਝਗੜੇ ਬਖੇੜੇ, ਸ਼ਾਸਤਰ, ਗ੍ਰੰਥ, ਸ਼ਾਸਤਾਰਥ ਧਰਮ, ਧਰਮਉਪਦੇਸ਼ਕ, ਪੰਡਿਤ, ਮੌਲਵੀ, ਗ੍ਰੰਥੀ ਬੈਰਾਗੀ, ਸੰਨਿਆਸੀ ਨੂੰ ਛੱਡ ਕੇ ਇਨਕਲਾਬੀ ਕਾਰਜਾਂ ਨਾਲ ਜੁੜੋ। ਉਨ੍ਹਾਂ ਦੇ ਇਸ ਹੋਕੇ ਵਿਚ ਉਨੀਵੀਂ ਸਦੀ ਦੇ ਆਰੰਭ ਦੀ ਪੰਜਾਬ ਦੀ ਤਸਵੀਰ ਵੀ ਸਾਹਮਣੇ ਹੈ ਜਿਸ ਵਿਚ ਆਪਾਧਾਪੀ, ਲਹਿਰਾਂ ਦੀ ਖਹਿਬਾਜ਼ੀ ਸਭ ਕੁਝ ਸ਼ਾਮਲ ਹੈ। ਨਾਲ ਹੀ ਗ਼ਦਰੀ ਕਿਸੇ ਇਕ ਫ਼ਿਰਕੇ ਨੂੰ ਸੰਬੋਧਿਤ ਨਹੀਂ ਸਨ। ਉਹ ਹਿੰਦੂ, ਮੁਸਲਿਮ ਅਤੇ ਸਿੱਖਾਂ ਦੁਆਰਾ ਚਲਾਈਆਂ ਲਹਿਰਾਂ ਨੂੰ ਸੰਬੋਧਿਤ ਸਨ। ਇਹ ਗੱਲ ਹਮੇਸ਼ਾ ਯਾਦ ਰੱਖਣ ਵਾਲੀ ਹੈ।

ਗ਼ਦਰੀਆਂ ਵਲੋਂ ਨਵਾਂ ਜ਼ਮਾਨਾ ਨਾਮ ਦੇ ਕਿਤਾਬਚੇ ਵਿਚ ਰਾਜਨੀਤਕ ਅਤੇ ਸੁਧਾਰਕ ਲਹਿਰਾ ਦਾ ਵਿਸ਼ਲੇਸ਼ਣ ਹੈ। ਖਾਸ ਤੌਰ ਤੇ ਉਨ੍ਹਾਂ ਦਾ ਅੰਗਰੇਜ਼ ਭਗਤ ਅਤੇ ਅੰਗਰੇਜ਼ ਨੂੰ ਫਾਇਦਾ ਪੁਚਾਉਣ ਵਾਲੇ ਰੂਪ ਦਾ ਬੜੀ ਬਾਰੀਕ ਦ੍ਰਿਸ਼ਟੀ ਨਾਲ ਅਧਿਐਨ ਕਰਕੇ ਨਤੀਜੇ ਕੱਢੇ ਗਏ ਹਨ। ਇਹ ਹਨ ਕਾਂਗਰਸ, ਹਿੰਦੂ ਕਾਲਜ, ਮਜ਼ਹਬੀ ਜੱਥੇ, ਟੈਂਪਰੈਂਸ (ਨਸ਼ੇ ਨਾਸ਼ਿਕੀ ਸੁਸਾਇਟੀ), ਹਿੰਦੂ ਸਭਾ, ਗਊ ਰੱਖਿਆ, ਵਿਦਿਆ, ਰੀਤ ਰਸਮ ਸੁਧਾਰ ਆਦਿ। ਇਹ ਸੁਸਾਇਟੀਆਂ ਏਕਾ ਕਰਨ ਦਾ ਉਦੇਸ਼ ਦਸਦੀਆਂ ਹਨ ਪਰ ਅਸਲ ਵਿਚ ਇਹ ਲੋਕਾਂ ਨੂੰ ਪਾੜਦੀਆਂ ਸਨ। ਫਿਰ ਗ਼ਦਰੀਆਂ ਅਨੁਸਾਰ 'ਅਗਰ ਭਜਨ ਗਾਉਣ ਨਾਲ ਜਾਂ ਤਿਉਹਾਰ ਮਨਾਉਣ ਨਾਲ ਹੀ ਹਿੰਦੁਸਤਾਨ ਦੀ ਮੁਰਦਾ ਲੋਥ ਵਿਚ ਜਾਨ ਆ ਸਕਦੀ ਹੈ, ਤਾਂ ਅੱਜ ਨੂੰ ਕਦੋਂ ਦਾ ਉੱਠ ਖੜਾ ਹੁੰਦਾ ਕਿਉਂਕਿ ਆਜਿਹਾ ਤਾਂ ਸਦੀਆਂ ਤੋਂ ਹੁੰਦਾ ਆਇਆ ਹੈ। ਕਾਂਗਰਸ, ਹਿੰਦੂ ਸਭਾਵਾਂ ਅਤੇ ਖਾਲਸਾ ਕਾਲਜਾਂ ਆਦਿ ਦੇ ਜਦੋਂ ਪਹਿਲੇ ਪ੍ਰਧਾਨ ਪ੍ਰਿੰਸੀਪਲ ਅੰਗਰੇਜ਼ ਬਣਦੇ ਹਨ ਤਾਂ ਗ਼ਦਰੀਆਂ ਦੀ ਸੋਚ ਸਹੀ ਸਾਬਤ ਹੁੰਦੀ ਹੈ ਕਿ ਉਹ ਸੱਤਾ ਦੇ ਹੱਕ ਵਿਚ ਭੁਗਤਣਗੇ। ਗ਼ਦਰੀਆਂ ਦਾ ਤਰਕ ਹੈ ਕਿ 'ਅਗਰ ਸਾਰੇ ਆਦਮੀ ਆਜਿਹੀਆਂ ਸਭਾਵਾਂ ਵਿਚ ਫਸ ਜਾਣਗੇ ਤਾਂ ਆਜ਼ਾਦੀ, ਬਰਾਬਰੀ ਅਤੇ ਹੱਕਾਂ ਦੀ ਰਾਖੀ ਦੇ ਪਵਿੱਤਰ ਉਪਦੇਸ਼ ਨੂੰ ਭੁੱਲ ਜਾਣਗੇ।' ਦੂਜੇ ਪਾਸੇ ਗ਼ਦਰੀ ਅਸੂਲਾਂ। ਵਿਚਾਰਾਂ ਦੇ ਆਧਾਰ ਤੇ ਏਕਾ ਕਰਨ ਦੇ ਹੱਕ ਵਿਚ ਸਨ। ਅਜਿਹਾ ਏਕਾ ਸਭਾ-ਸੁਸਾਇਟੀਆਂ ਦੇ ਏਕੇ ਤੋਂ ਕਿਤੇ ਵਧੇਰੇ ਪਾਇਦਾਰ ਹੋਵੇਗਾ। ਕਾਂਗਰਸੀ ਸਰਕਾਰੀ ਕੌਂਸਲਾਂ ਦੇ ਮੈਂਬਰ ਸਨ, ਖਿਤਾਬਾਂ ਵਾਲੀ ਕਮੇਟੀ ਦੇ ਪਰੈਜ਼ੀਡੈਂਟ ਸਨ। ਇਹ ਲੋਕ ਅੰਗਰੇਜ਼ਾਂ ਦੇ ਖਿਲਾਫ਼ ਨਹੀਂ ਸਨ ਜਾ ਸਕਦੇ। ਇਸੇ ਲਈ ਗ਼ਦਰੀ ਇਸ ਨਤੀਜੇ ਤੇ ਪਹੁੰਚੇ ਕਿ, "ਕਾਂਗਰਸ ਦੇ ਆਦਮੀ ਖੁਸ਼ਾਮਦੀ ਅਤੇ ਡਰਪੋਕ ਹਨ। ਇਨ੍ਹਾਂ ਵਿਚ ਕੂੜਾ ਕਰਕਟ ਕੁੱਟ-ਕੁੱਟ ਕੇ ਭਰਿਆ ਪਿਆ ਹੈ। ਅਜਿਹੇ ਲੋਕ ਮੁਲਕੀ ਭਲਾਈ ਤਕ ਨਹੀਂ ਪਹੁੰਚ ਸਕਦੇ।"

ਮਿਸਜ਼ ਐਨੀ ਬੇਸੇਂਟ (ਬਸੰਤ) ਵਲੋਂ ਲੋਕਾਂ ਨੂੰ ਹਿੰਦੂ ਧਰਮ ਬਾਰੇ ਲੈਕਚਰ ਦੇਣ ਅਤੇ ਹਿੰਦੂ ਕਾਲਜ ਖੋਲ੍ਹੇ ਜਾਣ ਉੱਪਰ ਗ਼ਦਰੀ ਕਟਾਕਸ਼ ਕਰਦੇ ਹਨ। "ਖੂਬ! ਅੱਜ ਹਿੰਦੂ ਧਰਮ ਦੇ ਸਿਖਾਉਣ ਵਾਸਤੇ ਮੇਮ ਸਾਹਿਬ ਸੱਤ ਹਜ਼ਾਰ ਮੀਲ ਤੋਂ ਤੁਰ ਕੇ ਆਈ ਹੈ........ਮਿਸਜ਼ ਬਸੰਤ ਹੁਣ ਤਾਂ ਸਾਫ ਕਹਿੰਦੀ ਹੈ ਕਿ ਉਹ ਮੁਲਕ ਦੀ ਤਰੱਕੀ ਨੂੰ ਰੋਕਣਾ ਚਾਹੁੰਦੀ ਹੈ। ਹੁਣ ਤਾਂ ਧਰਮ ਦਾ ਬੁਰਕਾ ਉਤਾਰ ਦਿੱਤਾ ਹੈ...... " ਆਪਣੇ ਵਿਸ਼ਵ ਪੱਧਰ ਤੇ ਗ਼ਦਰੀ ਅਨੁਭਵ ਕਾਰਣ, ਤਰਕ ਕਾਰਣ, ਲੋਕ-ਰਾਜ ਦੇ ਅਨੁਭਵ ਕਾਰਣ ਅਤੇ ਸੋਵੀਅਤ ਦੇ ਵਿਚਾਰਾਂ ਕਾਰਣ ਗ਼ਦਰੀ ਜੋ ਕਹਿ ਰਹੇ ਸਨ ਉਹ ਬਿਲਕੁਲ ਸਹੀ ਸੀ ਪਰੰਤੂ ਸੰਪ੍ਰਦਾਇਕ ਹਿੱਤ ਇਨ੍ਹਾਂ ਵਿਚਾਰਾਂ ਨੂੰ ਕਦੇ ਵੀ ਪਚਾ ਨਹੀਂ ਸਨ ਸਕਦੇ, ਇਸੇ ਲਈ ਇਹ ਵਿਚਾਰ ਹੇਠਾਂ ਲੋਕਾਂ ਤਕ ਨਹੀਂ ਪਹੁੰਚ ਸਕੇ। ਅੱਜ ਦੇ ਚਿੰਤਕ ਵੀ ਗ਼ਦਰੀਆਂ ਦੇ ਇਨ੍ਹਾਂ ਵਿਚਾਰਾਂ ਤੋਂ ਜਾਣੂ ਨਹੀਂ ਜਿਨ੍ਹਾਂ ਦੇ ਆਧਾਰ ਤੇ ਹੀ ਗ਼ਦਰ ਲਹਿਰ ਦਾ ਸਹੀ ਮੁਲਾਂਕਣ ਕੀਤਾ ਜਾ ਸਕਦਾ ਹੈ।

ਵਿਦਿਅਕ ਸੰਸਥਾਵਾਂ ਬਾਰੇ ਗ਼ਦਰੀ ਵਿਚਾਰਵਾਨਾਂ ਬੜਾ ਤਿੱਖਾ ਵਿਰੋਧੀ ਕੀਤਾ ਹੈ ਕਿਉਂਕਿ ਉਨ੍ਹਾਂ ਅਨੁਸਾਰ ਅੰਗਰੇਜ਼ ਭਗਤੀ ਸਿਖਾਉਣੀ ਇਨ੍ਹਾਂ ਦਾ ਮੁਖ ਕਾਰਜ ਸੀ। ਦੋ ਵੱਖ-ਵੱਖ ਦ੍ਰਿਸ਼ਟੀਕੋਣ ਨਾਲ ਨਾਲ ਨਹੀਂ ਚਲ ਸਕਦੇ। ਅੰਗਰੇਜ਼ਾਂ ਨੇ ਉਨ੍ਹਾਂ ਸੰਸਥਾਵਾਂ ਨੂੰ ਹੀ ਜਾਰੀ ਰਹਿਣ ਦਿੱਤਾ ਜੋ ਉਨ੍ਹਾਂ ਦੇ ਅਨੁਸਾਰੀ ਸਨ। ਦੇਸ਼ ਭਗਤਾਂ ਵਲੋਂ ਕਲਕੱਤੇ ਵਿਚ ਕਾਇਮ ਕੀਤੇ ਕਾਲਜ ਨੂੰ ਬੰਦ ਹੋਣਾ ਪਿਆ। ਗ਼ਦਰੀ ਵਿਚਾਰਵਾਨ ਇਹ ਮੰਨਦੇ ਸਨ ਕਿ ਸੱਚੀ ਸਿੱਖਿਆ ਆਜ਼ਾਦੀ ਤੋਂ ਬਾਅਦ ਹੀ ਸੰਭਵ ਹੋ ਸਕਦੀ ਸੀ। ਫਿਰ ਇਨ੍ਹਾਂ ਸੰਸਥਾਵਾਂ ਵਿਚ 'ਸ਼ਖ਼ਸੀ ਆਜ਼ਾਦੀ' ਦੀ ਸਿੱਖਿਆ ਨਹੀਂ ਦਿੱਤੀ ਜਾਂਦੀ। ਉਨ੍ਹਾਂ ਦੀ ਸੋਚ ਸੀ ਕਿ, 'ਸਾਰੇ ਸਕੂਲ, ਕਾਲਜ, ਵਿਦਿਆਲੇ ਗ਼ੁਲਾਮੀ ਦਾ ਘਰ ਬਣ ਜਾਣਗੇ, ਉਨ੍ਹਾਂ ਦੇ ਚਲਾਉਣ ਵਾਲੇ ਭਾਵੇਂ ਕਿਤਨੇ ਵੀ ਨੇਕ ਅਤੇ ਪਰਜਾ ਭਗਤ ਹੋਣ। ਪਰ ਜਿਸਦਾ ਰਾਜ, ਉਸਦਾ ਕਾਜ।' ਇਨ੍ਹਾਂ ਸੰਸਥਾਵਾਂ ਵਿਚ ਪੜ੍ਹੇ ਲੋਕ ਫਿਰ ਸਰਕਾਰੀ ਨੌਕਰੀਆਂ ਵਿਚ ਹੀ ਪਹੁੰਚਦੇ ਸਨ। ਗ਼ਦਰੀ ਹਰ ਤਰ੍ਹਾਂ ਦੇ ਕਾਲਜਾਂ ਬਾਰੇ ਆਪਣੀ ਰਾਇ ਦਿੰਦੇ ਹਨ। ਉਨ੍ਹਾਂ ਦਾ ਵਿਚਾਰ ਸੀ ਕਿ, "ਸਾਡੇ ਮੁਲਕ ਵਿਚ ਵੀ ਅਲੀਗੜ੍ਹ ਕਾਲਜ, ਡੀ.ਏ.ਵੀ. ਕਾਲਜ ਖਾਲਸਾ ਕਾਲਜ, ਗੁਰੂ ਕੁੱਲ ਆਦਿ ਪਰਜਾ ਦੇ ਪੈਸੇ ਨਾਲ ਬਣਾਏ ਹੋਏ ਹਨ, ਪਰ ਸਾਰਿਆਂ ਨੂੰ ਸਰਕਾਰੀ ਕਾਇਦਿਆਂ ਵਿੱਚ ਚੱਲਣਾ ਪੈਂਦਾ ਹੈ, ਕਿਸੇ ਵੀ ਢੰਗ ਨਾਲ ਬਚ ਨਹੀਂ ਸਕਦੇ।" ਸਮੁੱਚੇ ਤੌਰ ਤੇ ਗ਼ਦਰੀਆਂ ਦੀ ਸਮਝ ਸੀ ਕਿ ਅੰਗਰੇਜ਼ ਜਿਹੜੀ ਵਿਦਿਆ ਲੋਕਾਂ ਨੂੰ ਦਿੰਦੇ ਹਨ ਉਹ 'ਚੰਗੇ ਵਫ਼ਾਦਾਰ ਗ਼ੁਲਾਮ' ਪੈਦਾ ਕਰਨ ਲਈ ਹੀ ਦਿੱਤੀ ਜਾਂਦੀ ਹੈ।

ਗ਼ਦਰੀ ਸੁਚੇਤ ਜਾਂ ਅਚੇਤ ਇਹ ਸਮਝ ਰੱਖਦੇ ਸਨ ਕਿ ਪੁਰਾਤਨ ਸਾਹਿਤ ਵੇਦ- ਪੁਰਾਣ-ਸ਼ਾਸਤਰ ਰਾਮਾਇਣ-ਮਹਾਭਾਰਤ ਲੋਕਮਨਾਂ ਨੂੰ ਜਕੜੀ ਰੱਖ ਕੇ ਗ਼ੁਲਾਮ ਕਦਰਾਂ ਕੀਮਤਾਂ ਸਿਖਾਉਂਦੇ ਸਨ। ਵਿਸ਼ੇਸ਼ ਤੌਰ ਤੇ ਉਨ੍ਹਾਂ ਦੇ ਸ਼ਖਸੀ ਆਜ਼ਾਦੀ, ਬੱਚਿਆਂ ਔਰਤਾਂ ਦੀ ਆਜ਼ਾਦੀ ਨਾਲ ਇਸਨੂੰ ਜੋੜਿਆ। ਪੱਛਮੀ ਜੀਵਨ ਵਿਚ ਵਿਅਕਤੀਗਤ ਸੁਤੰਤਰਤਾ ਦੇ ਵਿਚਾਰਾਂ ਤੋਂ ਇਹ ਪ੍ਰਭਾਵਿਤ ਸਨ। ਉਹ ਇਸ ਸੁਤੰਤਰਤਾ ਦੇ ਹਾਂ-ਪੱਖਾਂ ਦੀ ਪੈਰਵੀ ਕਰਦੇ ਹਨ। ਉਹ ਭਾਰਤੀ ਇਤਿਹਾਸ ਨੂੰ ਰਾਜਿਆਂ ਮਹਾਰਾਜਿਆਂ ਦਾ ਇਤਿਹਾਸ ਕਹਿੰਦੇ ਹਨ ਅਤੇ ਉਨ੍ਹਾਂ ਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਆਮ ਲੋਕਾਂ ਦੀ ਹੋਂਦ ਨੂੰ ਸਵੀਕਾਰ ਹੀ ਨਹੀਂ ਕੀਤਾ ਗਿਆ। ਇਸੇ ਦ੍ਰਿਸ਼ਟੀ ਤੋਂ ਉਹ ਰਾਮਾਇਣ ਦਾ ਮਨੋਰਥ ਨਿਸਚਿਤ ਕਰਦੇ ਹਨ ਜਿਸ ਅਨੁਸਾਰ, "ਰਮਾਇਣ ਦਾ ਅਸਲੀ ਮਨੋਰਥ ਇਹੀ ਹੈ ਕਿ ਪਰਜਾ ਰਾਜੇ ਦੀ ਗ਼ੁਲਾਮ ਰਹੇ, ਬੇਟੇ ਪਿਤਾ ਦੇ ਗ਼ੁਲਾਮ ਰਹਿਣ ਅਤੇ ਇਸਤਰੀ ਪਤੀ ਦੀ ਗੁਲਾਮ ਰਹੇ।" ਇਨ੍ਹਾਂ ਵਿਚਾਰਾਂ ਨੂੰ ਲਾਲਾ ਹਰਦਿਆਲ ਨੇ ਬਹੁਤ ਵਿਸਤਾਰ ਵਿਚ ਸਪੱਸ਼ਟ ਕੀਤਾ ਹੈ। ਮਨੁੱਖ ਨੂੰ ਗ਼ਦਰੀ ਉਸਦੀਆਂ ਸਾਰੀਆਂ ਸ਼ਕਤੀਆਂ ਦੇ ਵਿਕਾਸ ਦੇ ਰੂਪ ਵਿਚ ਵੇਖਣਾ ਚਾਹੁਦੇਂ ਹਨ ਤਾਂ ਕਿ ਉਹ ਸਮਾਜ ਦੀ ਸੇਵਾ ਕਰ ਸਕੇ। ਉਹ ਰਾਮਾਇਣ, ਰਾਮ ਦੀ ਪੂਜਾ ਨੂੰ ਗ਼ੁਲਾਮੀ ਮੰਨਦੇ ਹਨ। "ਜਿਸ ਕੌਮ ਦੀ ਧੌਣ ਹਮੇਸ਼ਾ ਰਾਜਾ ਰਾਣੀ ਅੱਗੇ ਝੁਕੀ ਰਹਿੰਦੀ ਹੈ ਅਤੇ ਦੋਵੇਂ ਹੱਥ ਰਾਜ ਪੂਜਾ ਵਿਚ ਬੱਧੇ ਰਹਿੰਦੇ ਹਨ, ਉਸ ਵਿਚ ਆਜ਼ਾਦ ਮਜ਼ਾਹ (ਧਰਮੀ) ਅਤੇ ਦਲੇਰ ਆਦਮੀ ਪੈਦਾ ਨਹੀਂ ਹੋ ਸਕਦੇ।" ਇਸੇ ਕਾਰਣ ਰਾਮ ਵਲੋਂ ਪਿਤਾ ਦੇ ਹੁਕਮ ਦਾ ਪਾਲਣ, ਸੀਤਾ ਦਾ ਤਿਆਗ ਆਦਿ ਘਟਨਾਵਾਂ ਨੂੰ ਗ਼ੁਲਾਮ ਜ਼ਹਿਨੀਅਤ ਦਾ ਪ੍ਰਗਟਾਵਾ ਮੰਨਿਆ ਗਿਆ ਹੈ। ਗ਼ਦਰੀ ਛੱਤਰੀ ਰਾਜਿਆਂ ਅਤੇ ਬ੍ਰਾਹਮਣ ਦੋਨਾਂ ਨੂੰ ਕੌਮ ਦੇ ਦੁਸ਼ਮਣ ਮੰਨਦੇ ਹਨ। ਰਾਮ ਨੂੰ ਰਾਜਾ ਮੰਨ ਕੇ ਗ਼ਦਰੀ ਸੁਆਲ ਕਰਦੇ ਹਨ ਕਿ, ਜੋ ਪੁਰਸ਼ ਆਪਣੀ ਕਮਾਈ ਨਾਲ ਧੰਨ ਨਹੀਂ ਕਮਾਉਂਦਾ ਅਤੇ ਦੂਜਿਆਂ ਦੇ ਪੈਸੇ ਤੇ ਐਸ਼ ਲੁੱਟਦਾ ਹੈ, ਉਹ ਕਿਵੇਂ ਧਰਮਾਤਮਾ ਹੋ ਸਕਦਾ ਹੈ ? ਗ਼ਦਰੀਆਂ ਨੇ ਰਾਜ-ਰਿਸ਼ੀ ਸ਼ਬਦ ਉੱਪਰ ਵੀ ਵਿਅੰਗ ਕੀਤਾ ਹੈ। ਸਵਾਲ ਹੈ, ਕੀ ਰਾਜਾ ਕਦੇ ਰਿਸ਼ੀ ਹੋ ਸਕਦਾ ਹੈ ?

ਭਾਰਤ ਵਿਚ ਔਰਤ ਦੀ ਭੈੜੀ ਸਥਿਤੀ ਉੱਪਰ ਤਾਂ ਲਗਾਤਾਰ ਚਰਚਾ ਹੁੰਦੀ ਰਹੀ ਹੈ ਪਰੰਤੂ ਬੱਚੇ ਵੀ ਮਾਂ-ਬਾਪ ਦੇ ਗ਼ੁਲਾਮ ਹਨ ਇਹ ਵਿਚਾਰ ਪਹਿਲੀ ਵਾਰ ਤੇ ਆਖਰੀ ਵਾਰ ਗ਼ਦਰੀ ਵਿਚਾਰਕਾਂ ਨੇ ਹੀ ਉਠਾਇਆ ਹੈ। ਗ਼ਦਰ ਲਹਿਰ ਬਾਰੇ ਵਿਚਾਰ ਕਰਨ ਵਾਲੇ ਵਿਦਵਾਨਾਂ ਦਾ ਵੀ ਇਸ ਪਾਸੇ ਧਿਆਨ ਨਹੀਂ ਗਿਆ। ਅੰਗਰੇਜ਼ ਰਾਜ ਵਿਚ ਲੋਕ ਗ਼ੁਲਾਮਾਂ ਦੇ ਵੀ ਗ਼ੁਲਾਮ ਹਨ ਇਹ ਗੱਲ ਗ਼ਦਰੀ ਹੀ ਸਮਝ ਸਕਦੇ ਸਨ। "ਹਿੰਦੁਸਤਾਨ ਵਿਚ ਬੱਚੇ, ਮਾਤਾ-ਪਿਤਾ ਤੇ ਇਸਤਰੀਆਂ ਪਤੀਆਂ ਦੀਆਂ, ਛੋਟੇ ਹਾਕਮ ਵੱਡੇ ਹਾਕਮਾਂ ਦੇ ਤੇ ਨੌਕਰ ਮਾਲਕਾਂ ਦੇ ਗ਼ੁਲਾਮ ਹਨ, ਅਰਥਾਤ ਸਾਰੇ ਦੇ ਸਾਰੇ ਹਿੰਦੁਸਤਾਨ ਦੀ ਵਿਦੇਸ਼ੀ ਗੌਰਮਿੰਟ ਅਤੇ ਰੱਦੀ ਤਰੀਕੇ ਦੇ ਰਾਜ ਹੋਣ ਦੇ ਦੁੱਖ ਉਠਾ ਰਹੇ ਹਨ।" ਔਰਤ ਦੇ ਦੂਸਰੇ ਵਿਆਹ ਦੀ ਮਨਾਹੀ ਅਤੇ ਸਤੀ ਹੋਣ ਨੂੰ ਗ਼ਦਰੀ ਆਪਣੇ ਦ੍ਰਿਸ਼ਟੀਕੋਣ ਤੋਂ ਦੇਖਦੇ ਹਨ। "ਇਸਤਰੀ ਜਾਇਦਾਦ ਵਾਂਗ ਪਤੀ ਮਰਨੇ ਦੇ ਪਿੱਛੋਂ ਦੂਜੇ ਮਾਲਕ ਨੂੰ ਨਹੀਂ ਦਿੱਤੀ ਜਾ ਸਕਦੀ। ਮਰਨੇ ਦੇ ਪਿੱਛੋਂ ਵੀ ਮਰਦ ਦਾ ਹੱਕ ਮਲਕੀਅਤ ਬਰਕਰਾਰ ਰਹਿੰਦਾ ਹੈ।" ਗ਼ਦਰੀ ਪਤੀ ਪੂਜਾ ਨੂੰ ਮੂਰਤੀ ਪੂਜਾ ਤੋਂ ਵੀ ਖ਼ਤਰਨਾਕ ਮੰਨਦੇ ਹਨ। ਬੱਚਿਆਂ ਦੀ ਗ਼ੁਲਾਮੀ ਨੂੰ ਉੱਨਤੀ ਦੀ ਵਿਨਾਸ਼ਕ ਮੰਨਿਆ ਗਿਆ ਹੈ। ਅਠਾਰਾਂ ਸਾਲ ਤਕ ਹੀ ਆਗਿਆਕਾਰੀ ਹੋਣ ਦੇ ਅਰਥ ਮੰਨੇ ਗਏ ਹਨ, 'ਮਗਰ 18 ਬਰਸ ਤੋਂ ਪਿੱਛੋਂ ਜਾਂ ਕੁਝ ਪਹਿਲੇ ਹੀ ਹਰ ਇਕ ਨੌਜਵਾਨ ਅਤੇ ਹਰ ਇਕ ਇਸਤਰੀ ਨੂੰ ਆਜ਼ਾਦ ਰਹਿ ਕੇ ਆਪਣੀ ਜ਼ਿੰਦਗੀ ਗੁਜ਼ਾਰਨੀ ਚਹੀਦੀ ਹੈ। ਅੱਜ ਅਸੀਂ ਸੌ ਸਾਲ ਬਾਅਦ ਵੀ ਗ਼ਦਰੀ ਸੋਚਵਾਨਾਂ ਦੇ ਬਰਾਬਰ ਨਹੀਂ ਹੋ ਸਕੇ। ਗ਼ਦਰੀ ਪੀੜ੍ਹੀ ਦਰ ਪੀੜ੍ਹੀ ਆਗਿਆਕਾਰੀ ਹੋਣ ਨੂੰ ਕਿਵੇਂ ਲੈਂਦੇ ਸਨ, ਇਨ੍ਹਾਂ ਸ਼ਬਦਾਂ ਤੋਂ ਵੇਖਿਆ ਜਾ ਸਕਦਾ ਹੈ। "ਜਦੋਂ ਆਗਿਆਕਾਰੀ ਨੂੰ ਸਭ ਤੋਂ ਵੱਡਾ ਫ਼ਰਜ਼ ਸਮਝਿਆ ਜਾਵੇ ਤਾਂ ਪਿਤਾ ਅਤੇ ਪੜਪੋਤੇ ਅਤੇ ਪੜੋਤੇ ਊਠਾਂ ਦਾ ਕਾਫ਼ਲਾ ਬਣ ਜਾਂਦਾ ਹੈ ਜਿਨ੍ਹਾਂ ਸਾਰਿਆਂ ਦੇ ਨੱਕ ਵਿਚ ਇਕੋ ਹੀ ਨਕੇਲ ਹੈ, ਫਿਰ ਖਿਆਲ ਸਾਰੇ ਹੀ ਦੱਬ ਜਾਂਦੇ ਹਨ।" ਗ਼ਦਰੀਆਂ ਨੂੰ 'ਬੇਅਸੂਲ ਕਬੀਲਾ ਮਾਲਕ ਅਤੇ ਥੋਥੇ ਨੌਜਵਾਨ ਦੀ ਕੋਈ ਲੋੜ' ਨਹੀਂ ਸੀ। ਗ਼ਦਰੀ ਲਹਿਰ ਦੀਆਂ ਦਸਤਾਵੇਜ਼ਾਂ ਦਾ ਅਧਿਐਨ ਸੱਚਮੁੱਚ ਹੀ ਅੱਖਾਂ ਖੋਲ੍ਹ ਦੇਣ ਵਾਲਾ ਹੈ। ਇਨ੍ਹਾਂ ਦਸਤਾਵੇਜ਼ਾਂ ਦੇ ਅਧਿਐਨ ਤੋਂ ਬਗ਼ੈਰ ਨਾਂ ਤਾਂ ਅਸੀਂ ਆਪ ਹੀ ਸੁਜਾਖੇ ਹੋ ਸਕਾਂਗੇ ਅਤੇ ਨਾ ਹੀ ਫ਼ਾਲਤੂ ਕਿਸਮ ਦੇ ਉਠਾਏ ਜਾਂਦੇ ਸਵਾਲਾਂ ਦੇ ਜਵਾਬ ਹੀ ਸਹੀ ਤਰੀਕੇ ਨਾਲ ਦੇ ਸਕਦੇ ਹਾਂ। ਅਸੀਂ ਚਹਾਂਗੇ ਕਿ ਸਹੀ ਸੋਚ ਨਾਲ ਜੁੜੇ ਹਰ ਵਿਅਕਤੀ ਨੂੰ ਗ਼ਦਰੀ ਵਿਚਾਰਵਾਨਾਂ ਦੀਆਂ ਲਿਖਤਾਂ ਦਾ ਅਧਿਐਨ ਕਰਨਾ ਚਾਹੀਦਾ ਹੈ, ਜੋ ਹੁਣ ਆਮ ਉਪਲੱਬਧ ਹੋ ਗਈਆਂ ਹਨ।

*'ਚਿਰਾਗ' ਵਿਚੋਂ ਧੰਨਵਾਦ ਸਹਿਤ*

GILL HOME INSPECTION LTD.
COMMERCIAL & RESIDENTIAL
Registered Home Inspector **Kulvir Gill**
ਗਰੇਟਰ ਟਰਾਂਟੋ ਵਿੱਚ ਘਰਾਂ ਦੀ
ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
Ontario Association of Certified Home Inspectors
OAHI
GHI
Cell: 416 839 3436 ▲ Ph: 905 479 5807

# ਗਦਰ ਲਹਿਰ ਦੀ ਕਵਿਤਾ




ਹਰਭਜਨ ਸਿੰਘ ਹੁੰਦਲ
+91-1822-273188


ਮੈਂ "ਕਵਿਤਾ ਗਦਰ ਲਹਿਰ ਦੀ" ਪੁਸਤਕ ਪੜ੍ਹੀ ਹੈ। ਅਜੋਕੇ ਪ੍ਰਸੰਗ ਵਿਚ ਇਸ ਕਵਿਤਾ ਦੀ ਮਹੱਤਤਾ ਹੈ। ਇਹ ਗੱਲ ਇੱਕ ਕਵੀ ਵਜੋਂ ਮੈਨੂੰ ਪੁਸਤਕ ਪੜ੍ਹਨ ਤੋਂ ਬਾਅਦ ਕੁਝ ਬਹੁਤ ਹੀ ਸਪਸ਼ਟ ਹੋਈ ਹੈ। ਇਹ ਕਵਿਤਾ ਕਈ ਮੁੱਦੇ ਛੇੜਦੀ ਹੈ। ਜੋ ਬਦਲੇ ਹੋਏ ਪ੍ਰਸੰਗਾਂ ਵਿਚ ਫਿਰ ਉਭਰਦੇ ਪ੍ਰਤੀਤ ਹੁੰਦੇ ਹਨ, ਭਾਵੇਂ ਕਿ ਇਹ ਮੁੱਦੇ ਆਮ ਲੇਖਕਾਂ, ਸਾਧਾਰਨ ਪਾਠਕ ਤੇ ਕਈ ਵਾਰ ਚਿੰਤਕਾਂ ਨੂੰ ਵੀ ਉਭਰਵੇਂ ਰੂਪ ਵਿਚ ਵਿਖਾਈ ਨਹੀਂ ਦਿੰਦੇ। ਵਿਸ਼ਵੀਕਰਨ ਉਦਾਰੀ ਕਰਨ ਤੇ ਸੰਸਾਰ ਵਪਾਰ ਸੰਗਠਨ ਦੇ ਖਤਰਨਾਕ ਜਾਲ ਹਾਲੀ ਸਾਡੀ ਚਿੰਤਾ ਤੇ ਚਿੰਤਨ ਦਾ ਵਿਸ਼ਾ ਨਹੀਂ ਬਣੇ। ਲੰਮੀ ਭੂਮਿਕਾ ਵਿਚ ਇਹ ਮੁੱਦੇ ਉਠਾਏ ਗਏ ਹਨ ਤੇ ਇਸੇ ਗੱਲ ਕਾਰਨ ਇਹ ਪੁਸਤਕ ਪੜ੍ਹਨ ਦੇ ਕਾਬਿਲ ਪ੍ਰਤੀਤ ਹੁੰਦੀ ਹੈ। ਸਾਡੇ ਸਾਹਿਤ ਦੇ ਇਤਿਹਾਸਕਾਰਾਂ ਨੇ ਗਦਰ ਲਹਿਰ ਦੀ ਕਵਿਤਾ ਤੇ ਵਾਰਤਕ ਨੂੰ ਬਣਦਾ ਥਾਂ ਨਹੀਂ ਦਿੱਤਾ। ਉਹਨਾਂ ਨੇ ਇਸ ਕਵਿਤਾ ਦੀ ਦੇਸ਼-ਭਗਤਕ ਸੁਰ, ਕੁਰਬਾਨੀ ਤੇ ਜੂਝ ਮਰਨ ਦੀ ਭਾਵਨਾ ਨੂੰ ਪ੍ਰਚੰਡ ਕਰਨ ਵਾਲੀ ਰਚਨਾ ਦੇ ਇਤਿਹਾਸਕ ਮਹੱਤਵ ਨੂੰ ਪੂਰੀ ਤਰਾਂ ਪਛਾਣਿਆ ਨਹੀਂ ਹੈ। ਇਸ ਕਾਰਨ ਇਸ ਕਵਿਤਾ ਦਾ ਆਲੋਚਨਾਤਮਿਕ ਖੇਤਰ ਵਿਚ ਦੁਬਾਰਾ ਜ਼ਿਕਰ ਛੇੜਨ ਤੇ ਇਸ ਨੂੰ ਫੋਕਸ ਵਿਚ ਲਿਆਂਉਣਾ ਚੰਗਾ ਉਦਮ ਹੈ।

ਇਹ ਕਵਿਤਾ ਜਨ-ਸਧਾਰਨ ਦਾ ਗੌਰਵਮਈ ਸਾਹਿਤਕ ਵਿਰਸਾ ਹੈ। ਇਸ ਵਿਰਸੇ ਦੀ ਪਛਾਣ ਕਰਾਉਣੀ ਉਤਸਾਹੀ ਪ੍ਰਬੰਧਕਾਂ ਦਾ ਕਰਤਵ ਹੈ। ਇਸ ਕਵਿਤਾ ਨੂੰ ਲੋਕਾਂ ਤੀਕ ਜਾਣ ਤੋਂ ਰੋਕਣ ਲਈ ਬਦੇਸ਼ੀ ਅੰਗ੍ਰੇਜ਼ੀ ਸਰਕਾਰ ਨੇ ਕਈ ਬਾਨਣੂ ਬੰਨੇ। ਫਿਰ ਵੀ ਇਹ ਗੁਪਤ ਰੂਪ ਵਿਚ ਸਫਰ ਕਰਦੀ ਪੰਜਾਬੀਆਂ ਤੀਕ ਪਹੁੰਚੀ ਤੇ ਆਪਣਾ ਸੰਦੇਸ਼ ਦਿੱਤਾ। ਲਹਿਰ ਦੇ ਅਸਫਲ ਹੋਣ ਤੋਂ ਬਾਅਦ ਵੀ ਇਹ ਕਵਿਤਾ ਹੋਲੀ-ਹੋਲੀ, ਗੁਪਤ ਤੇ ਪ੍ਰਗਟ ਰੂਪ ਵਿਚ ਸਾਡੇ ਆਜ਼ਾਦੀ ਸੰਗਰਾਮ ਲਈ ਪ੍ਰੇਰਨਾ ਦਿੰਦੀ ਰਹੀ।

ਇਸ ਕਵਿਤਾ ਨੇ ਪੰਜਾਬੀ ਦੇ ਦੇਸ਼-ਭਗਤਕ ਕਵੀਆਂ ਦੀਆਂ ਕਈ ਪੀੜ੍ਹੀਆਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਤ ਕੀਤਾ ਹੈ। ਆਖਿਰ ਇਸ ਦਾ ਕਾਰਨ ਕੀ ਸੀ ? ਸ਼ਾਇਦ ਇਸ ਦਾ ਵੱਡਾ ਕਾਰਨ ਇਸ ਕਵਿਤਾ ਦੇ ਸੈਕੂਲਰ ਤੇ ਦੇਸ਼-ਭਗਤਕ ਹੋਣ ਦਾ ਸੀ। ਪਰ ਉਸ ਤੋਂ ਵੀ ਵੱਡਾ ਤੇ ਜ਼ਰੂਰੀ ਲਛਣ, ਇਸ ਕਵਿਤਾ ਦਾ ਸਾਦਾ ਹੋਣਾ ਵੀ ਸੀ। ਇਹ ਕਵਿਤਾ ਸਾਧਾਰਨ ਪੇਂਡੂ ਕਾਵਿ-ਮੁਹਾਵਰੇ ਵਿਚ ਗੱਲ ਕਰਦੀ ਹੈ। ਇਸ ਦੇ ਛੰਦ ਪੰਜਾਬੀ ਦੇ ਆਪਣੇ ਛੰਦ ਹਨ। ਕਰੋੜਾ ਸ਼ਲੋਕ, ਬੈਂਤ ਆਦਿ। ਕੀ ਇਸ ਕਾਵਿ-ਵਿਰਾਸਤ ਦੀ ਪ੍ਰਸੰਗਤਾ ਪੰਜਾਬੀ ਕਵੀਆਂ ਲਈ ਖਤਮ ਹੋ ਗਈ ਹੈ ? ਕੀ ਸਾਨੂੰ ਇਸ ਨਾਲ ਘਿਰਣਾ ਤਾਂ ਨਹੀਂ ਹੋ ਗਈ। ਕੀ ਜਟਲਤਾ ਕਵਿਤਾ ਦੀ ਇੱਕ-ਇੱਕ ਵਿਸ਼ੇਸ਼ਤਾਈ ਰਹਿ ਗਈ ਹੈ। ਕਵਿਤਾ ਲਿਖਦੇ ਹੋਏ, ਅਚੇਤ ਜਾਂ ਸੁਚੇਤ ਹਮੇਸ਼ਾ ਹੀ ਪੰਜਾਬੀ ਦੇ ਸਾਧਾਰਨ ਪਾਠਕ ਨੂੰ ਅੱਖੋਂ ਓਹਲੇ ਕਰਨ ਦੀ ਰੁਚੀ ਸਾਡੇ ਆਧੁਨਿਕ ਸਹਜ ਸਵਾਦ ਦਾ-ਇੱਕ ਅੰਗ ਬਣ ਚੁੱਕੀ ਹੈ। ਪਰ ਮੈਂ ਅਨੁਭਵ ਕੀਤਾ ਹੈ ਕਿ ਵੀਹਵੀਂ ਸਦੀ ਦੇ ਪ੍ਰਵਾਨ ਹੋਏ ਪ੍ਰਸਿੱਧ ਕੌਮਾਂਤਰੀ ਕਵੀ ਪਾਬਲੋ ਨੇਰੂਦਾ, ਨਾਜ਼ਿਮ ਹਿਕਮਤ ਤੇ ਬਰਤੋਲਤ ਬ੍ਰੈਖਤ ਸਾਦਾ ਕਵੀ ਸਨ। ਸਾਦਗੀ ਉਹਨਾਂ ਨੇ ਸੁਚੇਤ ਹੋ ਕੇ ਅਪਣਾਈ ਤੇ ਸਿੱਖੀ ਸੀ ਤਾਂਕਿ ਉਹਨਾਂ ਦੀ ਗੱਲ ਪਾਠਕਾਂ ਤੀਕ ਸਹਿਜੇ ਹੀ ਪਹੁੰਚ ਸਕੇ। ਗੋਰਕੀ ਨੇ ਲੈਨਿਨ ਦਾ ਰੇਖਾ-ਚਿੱਤਰ ਲਿਖਦਿਆਂ ਕਿਹਾ ਸੀ, 'He is as simple as the truth' ਸਾਦਗੀ ਵਿਚਲੀ ਕਾਵਿ ਸ਼ਕਤੀ ਦਾ ਅਸੀਂ ਬਹੁਤ ਵਾਰ ਅਨੁਮਾਨ ਨਹੀਂ ਲਾ ਸਕਦੇ ਹੁੰਦੇ। ਸੋ ਅੱਜ ਵੀ ਗਦਰ-ਲਹਿਰ ਦੀ ਕਵਿਤਾ ਸਾਨੂੰ ਪਾਠਕਾਂ ਨਾਲ ਜੁੜਨ ਦੀ ਪ੍ਰੇਰਨਾ ਤੇ ਨਵੀਆਂ ਕਾਵਿ-ਜੁਗਤਾਂ ਦੱਸ ਸਕਦੀ ਹੈ। ਮੈਂ ਬਦਲੇ ਹੋਏ ਹਾਲਾਤ ਵਿਚ ਕਵਿਤਾ ਦੀ ਸ਼ੈਲੀ ਤੇ ਉਸ ਦੇ ਕਾਵਿ-ਮੁਹਾਵਰੇ ਦੇ ਬਦਲ ਜਾਣ ਤੋਂ ਇਨਕਾਰੀ ਨਹੀਂ, ਪਰ ਅੱਜ ਵੀ ਇਸ ਕਵਿਤਾ ਦਾ ਲੋਕਾਂ ਦੇ ਮੂੰਹ ਉਤੇ ਚੜ੍ਹੇ ਹੋਣਾ ਹੈਰਾਨੀ ਪੈਦਾ ਕਰਦਾ ਹੈ। ਹਰ ਨਵੀਂ ਪੀੜ੍ਹੀ ਨੇ ਆਪਣੀ ਪੀੜ੍ਹੀ ਦੀਆਂ ਲੋੜਾਂ ਤੇ ਤਕਾਜ਼ਿਆਂ ਅਨੁਸਾਰ ਵਿਰਾਸਤ ਦਾ ਆਲੋਚਨਾਤਮਿਕ ਲੇਖਾ-ਜੋਖਾ ਕਰਨਾ ਹੁੰਦਾ ਹੈ ਤੇ ਨਰੋਏ ਅਤੇ ਸਾਰਥਕ ਅੰਸ਼ਾਂ ਨੂੰ ਗ੍ਰਹਿਣ ਕਰਨਾ ਹੈ। ਮੈਨੂੰ ਨਹੀਂ ਪਤਾ ਕਿ ਕਿਵੇਂ ਮੇਰੀ ਇੱਕ ਕਵਿਤਾ 'ਵਿਰਸਾ' ਵਿਚ ਗਦਰ-ਕਾਵਿ ਦਾ ਮਹੱਤਵ ਆਪਣੇ ਆਪ ਹੀ ਆ ਸ਼ਾਮਿਲ ਹੋਇਆ ਸੀ।

*ਗਦਰ ਦੀਆਂ ਗੂੰਜਾਂ ਨੇ*
*ਮੇਰੇ ਕੋਲ*
*ਆਜ਼ਾਦੀ ਦੇ ਆਦਰਸ਼ ਲਈ*
*ਫਾਂਸੀ ਦੇ ਰੱਸੇ ਨੂੰ ਚੁੰਮਦੀਆਂ*
*ਕਵਿਤਾਵਾਂ।*
*ਜਾਂ*
*ਉਹ ਦਿਨ ਸਦਾ ਸਲਾਮਤ ਰਹਿੰਦੇ*
*ਅਣਖ ਜਿਨ੍ਹਾਂ ਦੇ ਹੈ ਪੱਲੇ*
*ਸੰਗੀਨਾਂ ਨੂੰ ਕਰਨ ਮਖੌਲਾਂ*
*ਕਾਤਲ ਬੂਹੇ ਖੰਘੇ ਦਿਨ।*

ਗ਼ਦਰ ਲਹਿਰ ਦੀ ਕਵਿਤਾ ਤੇ ਸਾਹਿਤ ਦਾ ਜ਼ਿਕਰ ਦੁਬਾਰਾ ਛੇੜ ਕਿ ਪ੍ਰਬੰਧਕਾਂ ਇੱਕ ਵਾਰ ਫਿਰ ਆਪਣੀ ਵਿਰਾਸਤ ਨਾਲ ਜੁੜਨ ਤੇ ਇਸ ਤੋਂ ਪ੍ਰੇਰਨਾ ਲੈਣ ਦਾ ਅਵਸਰ ਦਿੱਤਾ ਹੈ। ਇੱਕ ਕਵੀ ਵਜੋਂ ਮੈਨੂੰ ਇਹ ਕਵਿਤਾ ਅਕਸਰ ਹੀ ਪ੍ਰੇਰਤ ਕਰਦੀ ਰਹਿੰਦੀ ਰਹੀ ਹੈ। ਸ਼ਾਇਦ ਮੇਰੀ ਕਵਿਤਾ ਵਿਚਲੀ ਸਾਦਗੀ, ਸਰਲਤਾ ਤੇ ਸੰਚਾਰ ਵਿਚ ਇਸ ਗਦਰ ਕਾਵਿ ਦਾ ਵੀ ਕੁਝ ਹੱਥ ਹੋਵੇ। ਮੈਨੂੰ ਇਸ ਕਾਵਿ-ਵਿਰਸੇ ਤੇ ਹਮੇਸ਼ਾਂ ਮਾਣ ਰਿਹਾ ਹੈ। ਏਸੇ ਲਈ ਇਹ ਉਦੇਸ਼ ਮੈਨੂੰ ਵੇਲੇ ਦੀ ਲੋੜ ਜਾਪਿਆ ਹੈ। ਇਸ ਕਾਵਿ ਨੂੰ ਅਣਡਿੱਠ ਕਰਨ ਵਾਲੇ ਕਥਿਤ ਵਿਦਵਾਨਾਂ ਨੂੰ ਕੀ ਪਤਾ ਹੈ ਕਿ ਇਹ ਕਵਿਤਾ ਲੋਕਾਂ ਨੂੰ ਆਜ਼ਾਦੀ ਲਈ ਜੂਝਣ ਦੀ ਪ੍ਰੇਰਨਾ ਕਿੰਨੇ ਤੀਬਰ ਤਰੀਕੇ ਨਾਲ ਦਿੰਦੀ ਹੈ। ਇਹ ਫਾਂਸੀ ਦੇ ਰੱਸੇ ਹੱਸ-ਹੱਸ ਕੇ ਚੁੰਮਣ ਵਾਲੇ ਸੂਰਮਿਆਂ ਦੀ ਸਿਰਜਣਾ ਹੈ, ਆਪਣੀਆਂ ਜ਼ਿੰਦਗੀਆਂ ਜੇਲ੍ਹਾਂ ਵਿਚ ਗਾਲ ਦੇਣ ਵਾਲੇ ਸਿਰਲੱਥਾਂ ਦੀ ਕਾਵਿ-ਰਚਨਾ ਹੈ, ਰਚਨਾ ਜੋ ਅੱਜ ਵੀ ਬਦਲੇ ਹੋਏ ਹਾਲਾਤ ਵਿਚ ਪ੍ਰਾਪਤ ਆਜ਼ਾਦੀ ਦੀ ਰਾਖੀ ਕਰਨ ਦੀ ਪ੍ਰੇਰਨਾ ਦਿੰਦੀ ਹੈ। ਐਸੀ ਕਵਿਤਾ ਸਦਾ ਜੀਵੰਤ ਰਹਿੰਦੀ ਹੈ। ਇਹ ਸਾਡੇ ਸ਼ਾਨਾਂ ਮੱਤੇ ਵਿਰਸੇ ਦੀ ਪ੍ਰਮਾਣਿਤ ਦਸਤਾਵੇਜ਼ ਹੈ।

## ਗ਼ਦਰ ਦੀ ਗੂੰਜ ਕਵਿਤਾ

### ਸੋਚ ਵਿਚਾਰ

ਖੋਲ੍ਹੋ ਅੱਖੀਆਂ ਜਰਾ ਹੁਸ਼ੇਆਰ ਹੋਜੋ, ਮੁਸਲਮਾਨ ਹਿੰਦੂ ਹਿੰਦੋਸਤਾਨ ਵਾਲੇ।
ਝੂਠੇ ਝਗੜੇਆਂ ਨੇ ਸਾਡਾ ਨਾਸ ਕੀਤਾ, ਗੋਰੋ ਲੁੱਟਦੇ ਪੁਤ ਸ਼ੈਤਾਨ ਵਾਲੇ।
ਕਈ ਮਸਜਦੀਂ ਬੈਠ ਗੁਜਰਾਨ ਕਰਦੇ, ਕੰਮ ਜਾਨਦੇ ਨਾ ਮੁਸਲਮਾਨ ਵਾਲੇ।
ਕਈ ਮੌਨਧਾਰੀ ਬਨੇ ਸਾਧ ਫਿਰਦੇ, ਜੈਸੇ ਜਾਨਵਰ ਹੈਂ ਬੀਆਵਾਨ ਵਾਲੇ।
ਕਈ ਸਿੰਘ ਸੂਰੇ ਅੱਖਾਂ ਮੀਟ ਬੈਠੇ, ਨਹੀਂ ਜਾਣਦੇ ਕੰਮ ਇੰਨਸਾਨ ਵਾਲੇ।
ਕਈ ਸੰਤ ਮਹਾਤਮਾਂ ਬਨੇ ਫਿਰਦੇ, ਗਲਾਂ ਥੋੜ੍ਹੀਆਂ ਤੋਂ ਘਬਰਾਨ ਵਾਲੇ।
ਉਲਟੇ ਝਗੜਦੇ ਕੁਲ ਜਹਾਨ ਨਾਲੋਂ, ਆਪੇ ਕੈਹਨ ਹਾਂ ਅਸੀਂ ਦੀਵਾਨ ਵਾਲੇ।
ਬਗਲਾ ਡੁਬੇਆ ਹੰਸ ਕੀ ਰੀਸ ਕਰਕੇ, ਨਹੀਂ ਜਾਨਦਾ ਢੰਗ ਤਰ ਜਾਨ ਵਾਲੇ।
ਗਿਆ ਉਲਟ ਜਮਾਨੇ ਦਾ ਰੰਗ ਯਾਰੋ, ਰਹੇ ਵਕਤ ਨਾ ਦੇਰ ਲਗਾਨ ਵਾਲੇ।
ਬੇਈਮਾਨਾਂ ਦੇ ਪੁੱਤ ਸ਼ੈਤਾਨ ਜੇੜ੍ਹੇ, ਭੇਦ ਗੋਰੇਆਂ ਕੋਲ ਬਤਾਨ ਵਾਲੇ।
ਚੁਗਲ ਖ਼ੋਰ ਨੂੰ ਲੁੱਟ ਕੰਗਾਲ ਕਰਨਾ, ਘਰ ਫੂਕ ਦੇਣੇ ਬੇਈਮਾਨ ਵਾਲੇ।
ਹਥ ਕੰਗਨੇ ਮੌਤ ਦੇ ਬੰਨ੍ਹ ਲੈਣੇ, ਜੰਜ ਗੋਰੇਆਂ ਦੇ ਘਰੀਂ ਜਾਨ ਵਾਲੇ।
ਐਸੇ ਆਦਮੀ ਕਰਨ ਗ੍ਰਿਫਤਾਰ ਕਾਨੂੰ, ਜੇੜੇ ਮੌਤ ਕੋਲੋਂ ਡਰ ਜਾਨ ਵਾਲੇ।
ਹਿੰਦੋਸਤਾਨ ਅੰਧੇਰ ਗੁਬਾਰ ਦਿੱਸੇ, ਕਰੋ ਤਿਆਰੀਆਂ, ਸ਼ਮ੍ਹਾ ਜਗਾਨ ਵਾਲੇ।
ਰਹੀ ਬੁਜ਼ਦਿਲਾਂ ਦੀ ਨਹੀਂ ਲੋੜ ਕੋਈ, ਆਓ ਹਥ ਦਾ ਹੁਨਰ ਦਖਲਾਨ ਵਾਲੇ।
ਭੱਜ ਜਾਣਗੇ ਐਸ ਮੈਦਾਨ ਵਿਚੋਂ, ਵਾਂਗ ਔਰਤਾਂ ਦੇ ਡਰ ਜਾਨ ਵਾਲੇ।
ਭਾਈ ਮੇਰੇਓ ਜਰਾ ਖਿਆਲ ਕਰਨਾ, ਰਖੋ ਹੌਸਲਾ ਜੰਗ ਮਚਾਨ ਵਾਲੇ।
ਕਲਮ ਸਿਆਹੀ ਦਾ ਖਾਤਮਾ ਨਹੀਂ ਹੁੰਦਾ, ਨਹੀਂ ਮੁਕਦੇ ਹਰਫ ਜ਼ਬਾਨ ਵਾਲੇ।
ਬਨੋ ਮਰਦ ਗਾਜ਼ੀ ਮੁਸਲਮਾਨ ਸਾਰੇ, ਆਓ ਸਿੰਘ ਸ਼ਹੀਦੀਆਂ ਪਾਨ ਵਾਲੇ।
ਜਾਰਜ ਬਾਦਸ਼ਾਹ ਦਾ ਕਰੋ ਗਰਕ ਬੇੜਾ, ਪਰੈਜੀਡੰਟ ਦੇ ਝੰਡੇ ਝੁਲਾਨ ਵਾਲੇ।
ਪੈਹਲਾਂ ਮਾਰ ਲੈਣਾ ਦੇਸੀ ਕੁਤੇਆਂ ਨੂੰ, ਜੇੜੇ ਗੋਰੇਆਂ ਦੀ ਘਰੀ ਜਾਨ ਵਾਲੇ।
ਗ਼ਦਰ ਪਾਰਟੀ ਨੂੰ ਨਹੀਂ ਲੋੜ ਕੋਈ, ਜੋੜੇ ਆਪਨਾ ਆਪ ਛਪਾਨ ਵਾਲੇ।
ਪਿੰਡਾਂ ਵਾਲਿਓ ਮਾਮਲੇ ਬੰਦ ਕਰ ਲੋ, ਕਰੋ ਤਿਆਰੀਆਂ ਲੁੱਟ ਮਚਾਨ ਵਾਲੇ।
ਜਾਂਦੇ ਬੈਠ ਕੇ ਸੋਚਨਾ ਨਹੀਂ ਚੰਗਾ, ਆਓ ਤੋਪ ਬੰਦੂਕ ਚਲਾਨ ਵਾਲੇ।
ਧੋਖੇ ਵਿਚ ਨਾ ਕਿਸੇ ਦੇ ਮੂਲ ਔਣਾ, ਕਈ ਆਉਣਗੇ ਦਗਾ ਕਮਾਨ ਵਾਲੇ।
ਆਪੋ ਆਪਨੇ ਫਰਜ਼ ਅਦਾ ਕਰੀਏ, ਸਿੰਘੋ ਹਿੰਦੂਓ ਤੇ ਮੁਸਲਮਾਨ ਵਾਲੇ।
ਮਿਲ ਜਾਨ 'ਫਕੀਰ' ਦੇ ਨਾਲ ਬੰਦੇ, ਦੀਨ ਮਜ਼ਹਬ ਦਾ ਭਰਮ ਮਟਾਨ ਵਾਲੇ।

(ਫਕੀਰ, 21-ਮਾਰਚ, 1915)

### ਬੈਂਤ : ਹਿੰਦ ਲੁੱਟ ਫਰੰਗੀਆਂ ਚੌੜ ਕੀਤਾ

ਹਿੰਦ ਲੁੱਟ ਫਰੰਗੀਆਂ ਚੌੜ ਕੀਤਾ, ਦੁਨੀਆਂ ਦੇਖ ਕੇ ਹੋਈ ਹੈਰਾਨ ਲੋਕੋ।
ਪੈਸਾ ਸੂਤ ਸਾਰਾ ਹਿੰਦ ਦੇਸ਼ ਵਾਲਾ, ਇੰਗਲੈਂਡ ਦੇ ਵਿਚ ਲੈ ਜਾਣ ਲੋਕੋ।
ਲੁੱਟੀ ਲਈ ਜਾਂਦੇ ਦਿਨੇ ਰਾਤ ਡਾਕੂ, ਭੁੱਖੇ ਮਰਨ ਗਰੀਬ ਕਰਸਾਨ ਲੋਕੋ।
ਤਲਬਾਂ ਚੰਗੀਆਂ ਦੇਵੰਦੇ ਗੋਰਿਆਂ ਨੂੰ, ਖਾਣ ਪੀਣ ਤੇ ਐਸ਼ ਉਡਾਨ ਲੋਕੋ।
ਛੋਲੇ ਚੱਬ ਕੇ ਕਰਨ ਗੁਜ਼ਰਾਨ ਸਾਰੇ, ਫੌਜੀ ਸਿੰਘ ਹਿੰਦੂ ਮੁਸਲਮਾਨ ਲੋਕੋ।
ਗੋਰੇ ਲੜਨ ਵੇਲੇ ਰੈਂਹਦੇ ਆਪ ਪਿੱਛੇ, ਦੂਰੋਂ ਖੜ੍ਹੇ ਹੀ ਹੁਕਮ ਚਲਾਨ ਲੋਕੋ।
ਇਕ ਦੂਸਰੇ ਵਿਚ ਏਹ ਫੁਟ ਪਾ ਕੇ, ਆਪ ਵਜਦੇ ਨੇ ਸਾਹਿਬਾਨ ਲੋਕੋ।
ਲੜਨ ਮਰਨ ਨੂੰ ਅਸੀਂ ਹੁਨ ਅਗੇ ਕੀਤੇ, ਜਾ ਕੇ ਮਿਸਰ ਅਫਰੀਕਾ ਈਰਾਨ ਲੋਕੋ।
ਤਾਕਤ ਹੋਈ ਇੰਗਲੈਂਡ ਦੀ ਬਹੁਤ ਥੋੜੀ, ਬਲ ਹਿੰਦ ਦੇ ਧੂੜ ਧੁਮਾਨ ਲੋਕੋ।
ਕਦੋਂ ਗ਼ਦਰ ਵਾਲਾ ਵਕਤ ਆਵੇ ਛੇਤੀ, ਸੁਣੇ ਬੇਨਤੀ ਰੱਬ ਰੈਹਮਾਨ ਲੋਕੋ।
ਕਦੋਂ ਅਲੀ ਅਲੀ ਕਰਕੇ ਲੜਨ ਗਾਜ਼ੀ, ਕਰਨ ਪਾਜੀਆਂ ਦੀ ਤੰਗ ਜਾਨ ਲੋਕੋ।
ਕਿਯੋਂ ਨਾ ਖਿੱਚ ਤਲਵਾਰ ਰਾਜਪੂਤ ਲੜਦੇ, ਜੇਹੜੀ ਮੁਢੋਂ ਸੀ ਏਨ੍ਹਾਂ ਦੀ ਬਾਣ ਲੋਕੋ।
ਕਦੋਂ ਖਾਲਸਾ ਧੂ ਕੇ ਤੇਗ ਨੰਗੀ, ਲੌਹਣ ਗੋਰਿਆਂ ਦੇ ਆ ਕੇ ਘਾਣ ਲੋਕੋ।
ਔਣ ਸੂਰਮੇ ਹੌਂਸਲੇ ਨਾਲ ਚੜ੍ਹ ਕੇ, ਲੇਖਾ ਗੋਰਿਆਂ ਨਾਲ ਮੁਕਾਨ ਲੋਕੋ।
ਦਗੇਬਾਜ਼ ਜੋ ਕੌਮ ਇੰਗਰੇਜ਼ ਦੀ ਹੈ, ਏਹਨਾਂ ਬਕਰੇ ਵਾਂਗ ਝਟਕਾਨ ਲੋਕੋ।
ਜਾਲਮ ਫਿਰਨ ਤਰੈਹਕਦੇ ਵਾਂਗ ਹਰਨਾਂ, ਮਾਝਾ ਮਾਲਵਾ ਜਦੋਂ ਮਿਲ ਜਾਨ ਲੋਕੋ।
ਸਾਡੇ ਬੀਰ ਸਾਵਰਕਰ ਜੇਹੇ ਦਰਦੀ, ਘੱਲੇ ਤਿਲਕ ਜੈਸੇ ਅੰਡੇਮਾਨ ਲੋਕੋ।
ਅਜੀਤ ਸਿੰਘ ਜੈਸੇ ਸੂਰ ਬੀਰ ਬਾਂਕੇ, ਵਧਨ ਦੇਣ ਨਾ ਜੇਹੜੇ ਲਗਾਨ ਲੋਕੋ।
ਪਏ ਘੁੰਮਦੇ ਫਿਰਨ ਪਰਦੇਸ ਅੰਦਰ, ਖਾਤਰ ਦੇਸ਼ ਦੀ ਕਸ਼ਟ ਉਠਾਨ ਲੋਕੋ।
ਛੇਤੀ ਕਰੋ ਤਿਆਰੀਆਂ ਗ਼ਦਰ ਦੀਆਂ, ਦੁਸ਼ਟ ਰਾਜ ਦਾ ਮਿਟੇ ਨਸ਼ਾਨ ਲੋਕੋ।

(ਲੇਖਕ ਦੇਸ ਪ੍ਰੇਮੀ, ਜਨਵਰੀ-1914)

### ਗ਼ਦਰ ਪਾਰਟੀ ਦੀਆਂ ਕਾਂਗਰਸ ਨਾਲ ਦੋ ਗੱਲਾਂ

("ਆਜ਼ਾਦ" ਦੀਆਂ ਵਿਚਾਰਾਂ)

ਮੈਂ ਦੱਸਿਆ ਸਾਰਿਆਂ ਹਿੰਦੀਆਂ ਨੂੰ, ਸਿੱਧਾ ਰਾਹ ਆਜ਼ਾਦੀ ਵਲ ਜਾਏ ਕਿਹੜਾ।
ਕਾਂਗਰਸ ਬੜੀ ਚਾਤਰ ਮੋੜੀ ਗਲ ਵਲ ਕੇ, 'ਮੇਰੇ ਪੇਚ ਚੋਂ ਭਲਾ ਬਚ ਜਾਏ ਕਿਹੜਾ।
ਲੋੜ ਪਈ ਕੀ ਜ਼ਹਿਰ ਉਸ ਦੇਵਣੇ ਦੀ, ਗੁੜ ਦਿੱਤਿਆਂ ਭਲਾ ਮਰ ਜਾਏ ਜਿਹੜਾ।
ਬਾਈਕਾਟ ਅਰ ਸ਼ਾਂਤੀ ਦੀ ਤੋਪ ਅੱਗੇ, ਕਿਲ੍ਹਾ ਨਹੀਂ ਕੋਈ ਢੱਠ ਨਾ ਜਾਏ ਜਿਹੜਾ।
ਤੇਰੀ ਲੋੜ੍ਹੇ ਦੀ ਏਸ ਦਲੀਲ ਅੱਗੇ, ਸਭਨਾ ਬੁਜ਼ਦਿਲਾਂ ਸੀਸ ਨਿਵਾ ਦਿੱਤਾ।
ਖਤਰਾ ਜਾਨ ਦਾ ਨਾ ਪੈਸਾ ਖਰਚਨਾ ਨਾ, ਕਾਵਾਂ ਰੌਲੀ ਦੀ ਜੰਗ ਮਚਾ ਦਿੱਤਾ।
ਅਜਿਹੇ ਜੰਗ ਚਿ ਕੌਣ ਨਾ ਹੋਏ ਸ਼ਾਮਲ, ਹਮਾ ਤੁਮਾ ਨੇ ਬੜ੍ਹਕ ਸੁਨਾ ਦਿੱਤਾ।
ਪਾਣੀ ਫਿਰ ਗਿਆ ਸਾਰੀਆਂ ਨੀਤੀਆਂ ਤੇ, ਇਰਵਨ ਕੱਢ ਜਦ ਠੁਠ ਵਿਖਾ ਦਿਤਾ।
ਤੇਰੀ ਆਸ ਤੇ ਵਿਲ੍ਹਕਦੇ ਰਹੇ ਹਿੰਦੀ, ਹੁਣ ਮੈਂ ਆਪਣਾ ਨਾਦ ਵਜਾ ਦਿਆਂਗੀ।
ਚਾਲਾਂ ਤੇਰੀਆਂ ਹੋਗੀਆਂ ਫੇਲ ਸਭੇ, ਹੁਣ ਫਿਰ ਦੇਸ਼ ਹਲੂਣ ਜਗਾ ਦਿਆਂਗੀ।
ਸਾਰੀ ਕੱਢ ਕੇ ਬੁਜ਼ਦਿਲੀ ਹਿੰਦੀਆਂ ਦੀ, ਸੱਚੇ ਰਾਹ ਆਜ਼ਾਦੀ ਦੇ ਪਾ ਦਿਆਂਗੀ।
ਪਹੁੰਚ 'ਗ਼ਦਰ ਦੀ ਗੂੰਜ' ਵਿਚ ਦੇਸ਼ ਸਾਰੇ, ਡਗਾ ਯੁੱਧ ਦੇ ਢੋਲ ਤੇ ਲਾ ਦਿਆਂਗੀ।
ਜੇ ਤੂੰ ਵਰਜਦੀ ਨਾ ਮੈਨੂੰ ਟੋਕਦੀ ਨਾ, ਹੁਣ ਨੂੰ ਦੇਸ਼ ਆਜ਼ਾਦ ਸੀ ਹੋਇਆ ਹੋਣਾ।
ਵਗਦਾ ਖ਼ੂਨ ਪਰ ਕਦੇ ਦਾ ਦਾਗ ਗੰਦਾ, ਸੀਗਾ ਏਸ ਗ਼ੁਲਾਮੀ ਦਾ ਧੋਇਆ ਹੋਣਾ।
ਸਾਨੂੰ ਰਖਿਆ ਸ਼ਾਂਤ ਦਲਾਸਿਆਂ ਨੇ, ਨਹੀਂ ਕੁਛ ਹੋਰ ਦਾ ਹੋਰ ਸੀ ਹੋਇਆ ਹੋਣਾ।
ਸੀਨੇ ਅਸਾਂ ਭਰਾਵਾਂ ਦੇ ਕਾਤਲਾਂ ਦੇ, ਨਾਲ ਗੁਮਰ ਸੀ ਛੁਰਾ ਖਭੋਇਆ ਹੋਣਾ।

### ਬਿਨਾਂ ਗ਼ਦਰ ਨਾ ਮੁਲਕ ਅਜ਼ਾਦ ਹੁੰਦੇ

ਹਿੰਦੋਸਤਾਨ ਦੇ ਗ਼ਦਰੀਓ ਉਠੋ ਜਲਦੀ,
ਸੋਹਣਾ ਵਕਤ ਹੈ ਜੰਗ ਮਚਾਵਣੇ ਦਾ।
ਸਮਾਂ ਬੀਤਿਆ ਹੱਥ ਮੁੜ ਨਹੀਂ ਔਂਦਾ,
ਵੇਲਾ ਏਹੀ ਸ਼ਹੀਦੀਆਂ ਪਾਵਣੇ ਦਾ।
ਕਾਲਾ ਦਾਗ ਜੋ ਮੱਥੇ ਤੇ ਲਗਾ ਸਾਡੇ,
ਮੌਕਾ ਆਗਿਆ ਏਸ ਨੂੰ ਲ੍ਹਾਵਣੇ ਦਾ।
ਕਰ ਹੌਂਸਲਾ ਵਿਚ ਮਦਾਨ ਆਵੋ,
ਵਕਤ ਗੀਤ ਅਜ਼ਾਦੀ ਦੇ ਗਾਵਣੇ ਦਾ।
ਬੱਚੇ ਸੱਪਾਂ ਦੇ ਮਿੱਤ ਨਾ ਕਦੀ ਹੁੰਦੇ,
ਦੁਧ ਪਾ ਕੇ ਕਾਸ ਨੂੰ ਪਾਲਦੇ ਹੋ।
ਡੰਗ ਮਾਰਨੋ ਮੂਲ ਨਾ ਹਟੇ ਜ਼ਾਲਮ,
ਜਕੜੇ ਵਿਚ ਗੁਲਾਮੀ ਦੇ ਜਾਲਦੇ ਹੋ।
ਅਜੇ ਸੰਭਲੋ ਹੋਸ਼ ਦੇ ਵਿਚ ਆਵੋ,
ਦੱਸੋ ਜ਼ਾਲਮਾਂ ਤੋਂ ਕੀ ਹੁਣ ਭਾਲਦੇ ਹੋ।
ਉਮਰ ਜੇਹਲ ਤੋਂ ਫਾਂਸੀ ਲਟਕਾਏ ਕਿਰਤੀ,
ਅਮੋਲਕ ਜਨਮ ਹੀਰਾ ਏਮੇ ਗਾਲਦੇ ਹੋ।
ਜੇਕਰ ਉਹ ਇਨਸਾਨ ਤੇ ਅਸੀਂ ਭੀ ਹਾਂ,
ਧੱਕੇ ਕਾਸਨੂੰ ਉਨ੍ਹਾਂ ਤੋਂ ਅਸੀਂ ਖਾਈਏ।
ਸੀਗੇ ਸ਼ੇਰ ਭਰ ਗਧੇ ਦੀ ਛੱਟ ਪਾਈ,
ਅੰਧ ਘੋਰ ਗੁਲਾਮੀ ਦਾ ਜਸ ਗਾਈਏ।
ਸਾਡੇ ਵਿਚ ਦੀਮਾਗੜੇ ਅਕਲ ਹੁੰਦੀ,
ਕਦੀ ਜ਼ਾਲਮਾਂ ਦੇ ਹੱਥ ਆਮਦੇ ਨਾ।
ਅਕਲ ਆਪਣੀ ਨੂੰ ਜਿੰਦਾ ਲਾ ਪੱਕਾ,
ਕੁੰਜੀ ਹੱਥ ਫਰੰਗ ਫੜਾਮਦੇ ਨਾ।
ਹੋਸ਼ ਆਪਣੀ ਨੂੰ ਜੇ ਕਰ ਕੈਮ ਰੱਖਦੇ,
ਸਾਰੇ ਜੱਗ ਵਿਚ ਠੋਕਰਾਂ ਖਾਮਦੇ ਨਾ।
ਡੈਮ ਫੂਲ ਕੁਲੀ ਡਰਟੀ ਕੈਹਣ ਗੋਰੇ,
ਮੋਹਰੇ ਇਨਾਂ ਦੇ ਦੂੰਬ ਹਲਾਮਦੇ ਨਾ।
ਜੇ ਕਰ ਹੁਣ ਭੀ ਸੁਰਤ ਸੰਭਾਲ ਲਈਏ,
ਹਿੰਦ ਰੱਖ ਲਈਏ ਇਨ੍ਹਾਂ ਜ਼ਾਲਮਾ ਤੋਂ।
ਧੋਖੇ ਨਾਲ ਇਹ ਜੜ੍ਹਾਂ ਨੂੰ ਪੁੱਟਦੇ ਨੇ,
ਬਚਣਾ ਹਿੰਦੀਓ ਦਗੇ ਦੇ ਆਲਮਾ ਤੋਂ।
ਹਿੰਦੋਸਤਾਨ ਦੇ ਖ਼ੂਨ ਦੇ ਅਸੀਂ ਕਤਰੇ,
ਭਾਰਤ ਮਾਤਾ ਨੂੰ ਅਸੀਂ ਅਜ਼ਾਦ ਕਰਨਾ।
ਭਮੇਂ ਲੱਖ ਮੁਸੀਬਤਾਂ ਪੈਣ ਸਿਰ ਤੇ,
ਹੋ ਕੇ ਬੀਰ ਜੋਧੇ ਹੈ ਅਬਾਦ ਕਰਨਾ।
ਪਾਣੀ ਪਾਵਣਾ ਸੁੱਕਿਆਂ ਬੂਟਿਆਂ ਨੂੰ,
ਰੱਤ ਬਹਾ ਕੇ ਫਲ ਸੁਵਾਦ ਕਰਨਾ।
ਪਿਛਲੇ ਰਸਮ ਰਵਾਜ ਭੁਲਾਏ ਜੇਹੜੇ,
ਉਨ੍ਹਾਂ ਸਾਰਿਆਂ ਨੂੰ ਯਾਦ ਆਦ ਕਰਨਾ।
ਬਿਨਾਂ ਗਦਰ ਨਾ ਮੁਲਕ ਅਜ਼ਾਦ ਹੁੰਦੇ,
ਸਾਰੀ ਦੁਨੀਆਂ ਦੀ ਹਿਸਟਰੀ ਫੋਲ ਦੇਖੋ।
ਸਮਾਂ ਨੰਘਦਾ ਜਾਮਦਾ "ਜਾਚਕਾ" ਓਏ,
ਜਾਗੋ ਹਿੰਦ ਵਾਸੀ ਅੱਖਾਂ ਖੋਲ ਦੇਖੋ।

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ!!

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

**ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।**

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497



# ਗ਼ਦਰੀ ਬਾਬੇ ਕੌਣ ਸਨ?

*ਸਾਲ 2013 ਨੂੰ ਗ਼ਦਰ ਲਹਿਰ ਦੇ ਸ਼ਤਾਬਦੀ ਵਰ੍ਹੇ ਵਜੋਂ ਸਾਰੀ ਦੁਨੀਆ 'ਚ ਮਨਾਇਆ ਗਿਆ ਹੈ। 100 ਸਾਲਾਂ ਦੇ ਇਸ ਗੌਰਵਸ਼ਾਲੀ ਇਤਿਹਾਸ ਵਿਚੋਂ ਗੁਜ਼ਰਦਿਆਂ ਇਹ ਅਹਿਸਾਸ ਬੜੀ ਸ਼ਿੱਦਤ ਨਾਲ ਹੋ ਜਾਂਦਾ ਹੈ ਕਿ ਗ਼ਦਰ ਲਹਿਰ ਭਾਰਤ ਦੀ ਕੌਮੀ ਮੁਕਤੀ ਲਹਿਰ ਦਾ ਸਭ ਤੋਂ ਵਧੇਰੇ ਬੱਝਵਾਂ ਅਤੇ ਜਥੇਬੰਦਕ ਕਾਰਜ ਸੀ। ਬਾਕੀ ਇਸ ਮਹਾਨ ਵਿਰਾਸਤ ਨੇ ਵਰਤਮਾਨ ਅਤੇ ਭਵਿੱਖ ਦੀਆਂ ਗੁੰਝਲਾਂ ਨੂੰ ਖੋਲ੍ਹਣ ਦੇ ਵੀ ਰਾਹ ਰੁਸ਼ਨਾਏ ਹੋਏ ਹਨ ਪਰ ਇਨ੍ਹੀਂ ਦਿਨੀਂ ਹੀ ਇਸ ਲਹਿਰ ਦੇ ਹੀਰਿਆਂ ਭਾਵ ਗ਼ਦਰੀ ਬਾਬਿਆਂ ਬਾਰੇ ਇਹ ਚਰਚਾ ਛਿੜੀ ਹੋਈ ਹੈ ਕਿ ਅਸਲ ਵਿਚ ਗ਼ਦਰੀ ਬਾਰੇ ਸਨ ਕੌਣ? ਇਸ ਸਵਾਲ ਦਾ ਜੁਆਬ ਗ਼ਦਰ ਲਹਿਰ ਦੇ ਰਾਜਸੀ ਅਤੇ ਸਾਹਿਤਕ ਦਸਤਾਵੇਜ਼ਾਂ ਵਿਚ ਬੜਾ ਸਪੱਸ਼ਟ ਮਿਲਦਾ ਹੈ। ਪਿਛਲੇ ਦਿਨੀਂ ਸਿੱਖ ਵਿਦਵਾਨ ਅਜਮੇਰ ਸਿੰਘ ਦੀ 'ਗ਼ਦਰੀ ਬਾਬੇ ਕੌਣ ਸਨ? - ਅਨਮਤੀਆਂ ਦੇ ਕੂੜ ਦਾਅਵਿਆਂ ਦਾ ਖੰਡਨ' ਨਾਂਅ ਦੀ ਆਈ ਪੁਸਤਕ ਵਿਚ ਇਹ ਸਾਬਤ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਗ਼ਦਰੀ ਬਾਬੇ ਸਿੱਖ ਸਨ। ਇਸ ਬਹਿਸ ਵਿਚ ਅਤੇ ਇਤਿਹਾਸਕ ਤੱਕਾਂ ਤੇ ਤਰਕਪੂਰਨ ਢੰਗ ਨਾਲ 'ਨਵੀਂ ਦੁਨੀਆ' ਦੇ ਪਾਠਕਾਂ ਦੇ ਰੂਬਰੂ ਹਨ ਪੰਜਾਬੀ ਦੇ ਪ੍ਰਸਿੱਧ ਆਲੋਚਕ ਡਾ. ਸਰਬਜੀਤ ਸਿੰਘ।* *- ਸੰਪਾਦਕ*

ਡਾ. ਸਰਬਜੀਤ ਸਿੰਘ
+91-98155-74144



2013 ਨੂੰ ਗ਼ਦਰ ਲਹਿਰ ਦੇ ਸ਼ਤਾਬਦੀ ਵਰ੍ਹੇ ਵਜੋਂ ਪੰਜਾਬ ਦੇ ਨਾਲ -ਨਾਲ ਕਨੇਡਾ, ਅਮਰੀਕਾ ਵਿਚ ਵਿਸ਼ੇਸ ਤੌਰ 'ਤੇ ਅਤੇ ਹੋਰਨਾਂ ਮੁਲਕਾਂ ਵਿਚ ਜਸ਼ਨ ਅਤੇ ਚਿੰਤਨ ਦੇ ਰੂਪ ਵਿਚ ਮਨਾਇਆ ਜਾ ਰਿਹਾ ਹੈ। ਸੈਮੀਨਾਰ, ਕਾਨਫਰੰਸਾਂ, ਨਾਟਕ-ਮੰਚਣ, ਰਸਾਲਿਆਂ ਦਾ ਸੰਪਾਦਨ, ਪੁਸਤਕਾਂ ਦਾ ਪ੍ਰਕਾਸ਼ਨ, ਸੀ.ਡੀਜ਼ ਆਦਿ ਕਿੰਨੇ ਹੀ ਰੂਪ ਗ਼ਦਰ ਲਹਿਰ ਦੀ ਮਹੱਤਤਾ ਨੂੰ ਦਰਸਾਉਣ ਵਾਲੇ ਵਿਭਿੰਨ ਰੂਪ ਹਨ। ਪਰੰਤੂ ਇਨ੍ਹਾਂ ਵਿਚ ਇੱਕ ਗੱਲ ਬਹੁਤ ਤਿੱਖੇ ਰੂਪ ਵਿਚ ਰੜਕਦੀ ਹੈ ਕਿ ਗ਼ਦਰ ਲਹਿਰ ਰਾਹੀਂ ਜੋ ਭਾਰਤੀ ਆਜ਼ਾਦੀ ਦੇ ਇਤਿਹਾਸ ਦੀ ਪੁਨਰ-ਚਿੰਤਨ ਦੀ ਜ਼ਰੂਰਤ ਹੈ ਅਤੇ ਗ਼ਦਰ ਲਹਿਰ ਸਮੇਂ ਰਚੇ ਗਏ ਸਾਹਿਤ ਦੇ ਮੁੱਲ ਤੇ ਮੁਲਾਂਕਣ ਦੀ ਜ਼ਰੂਰਤ ਹੈ, ਉਹ ਇਸ ਵਿਚੋਂ ਗ਼ੈਰ-ਹਾਜ਼ਰ ਹੈ। ਭਾਰਤ ਦੀ ਆਜ਼ਾਦੀ ਦੇ ਬਾਰੇ ਲਿਖੇ ਗਏ ਬੁਰਜ਼ਵਾ ਇਤਿਹਾਸਕਾਰਾਂ ਦੇ ਇਤਿਹਾਸ ਨੂੰ ਵੀ ਛੱਡ ਦੇਈਏ, ਹੁਣ ਤੱਕ ਪ੍ਰਗਤੀਵਾਦੀ ਚਿੰਤਕਾਂ ਦੁਆਰਾ ਲਿਖੇ ਗਏ ਇਤਿਹਾਸਾਂ ਵਿਚ ਵੀ ਇਸ ਲਹਿਰ ਦਾ ਜੋ ਮੌਲਿਕ ਸਰੂਪ ਹੈ, ਉਹ ਉਭਰਵੇਂ ਰੂਪ ਵਿਚ ਕਿਧਰੇ ਦਿਖਾਈ ਨਹੀਂ ਦਿੰਦਾ। ਬਹੁਤਾ ਤੋਂ ਬਹੁਤਾ ਇਸ ਨੂੰ ਰਾਸ਼ਟਰਵਾਦੀ ਲਹਿਰ ਕਹਿ ਕੇ ਸਾਰ ਲਿਆ ਜਾਂਦਾ ਹੈ, ਪਰੰਤੂ ਗ਼ਦਰ ਲਹਿਰ ਦੇ ਰਾਸ਼ਟਰਵਾਦ ਦੇ ਸੰਕਲਪ ਅਤੇ ਦ੍ਰਿਸ਼ਟੀ ਦਾ ਨਿਖੇੜਾ ਵੀ ਨਹੀਂ ਕੀਤਾ ਗਿਆ ਕਿ ਇਹ ਬੁਰਜ਼ਵਾ ਰਾਸ਼ਟਰਵਾਦ ਨਾਲੋਂ ਕਿਵੇਂ ਵੱਖਰੇ ਸਰੂਪ ਵਾਲਾ ਅਤੇ ਵਿਚਾਰਧਾਰਕ ਅੰਦਾਜ਼ ਵਾਲਾ ਹੈ? ਕੁਝ ਚਿੰਤਕ ਇਸ ਨੂੰ ਖਾੜਕੂ ਰਾਸ਼ਟਰਵਾਦ ਕਹਿ ਕੇ ਨਿਖੇੜਦੇ ਹਨ, ਪਰੰਤੂ ਖਾੜਕੂ ਰਾਸ਼ਟਰਵਾਦ ਦੇ ਰੂਪ ਵਿਚ ਵੀ ਵਿਸ਼ਲੇਸ਼ਣ ਨਹੀਂ ਕੀਤਾ ਗਿਆ ਕਿ ਇਹ ਬੰਗਾਲੀ ਕ੍ਰਾਂਤੀਕਾਰੀਆਂ ਦੇ ਖਾੜਕੂ ਰਾਸ਼ਟਰਵਾਦ ਨਾਲੋਂ ਕਿਵੇਂ ਭਿੰਨ ਹੈ? ਇਨ੍ਹਾਂ ਸਭ ਨਾਲੋਂ ਵੱਡਾ ਸੰਕਟ ਇਹ ਹੈ ਕਿ ਗ਼ਦਰ ਲਹਿਰ ਨੂੰ ਇਕ ਨਿਰੰਤਰਤਾ ਵਿਚ ਨਾ ਦੇਖਣਾ, ਜੋ ਚਿੰਤਕ ਗ਼ਦਰ ਲਹਿਰ ਨੂੰ 1913-14 ਦੇ ਬਿੰਦੂ ਉਤੇ ਖੜੋ ਕੇ ਹੀ ਦੇਖਦੇ ਹਨ, ਉਨ੍ਹਾਂ ਦੀ ਸਭ ਤੋਂ ਵੱਡੀ ਸੀਮਾ ਹੀ ਇਹ ਹੈ ਕਿ ਇਸ ਨੂੰ ਉਹ ਇਕ ਇਤਿਹਾਸਕ ਘਟਨਾ ਦੇ ਰੂਪ ਵਿਚ ਹੀ ਦੇਖ ਰਹੇ ਹਨ। ਇਸ ਘਟਨਾ ਦੇ ਆਧਾਰ 'ਤੇ ਉਸ ਦੇ ਅਸਫ਼ਲ ਹੋ ਜਾਣ ਦੇ ਕਾਰਨਾਂ ਦੀ ਤਲਾਸ਼ ਵਿਚ ਹੀ ਆਪਣੀ ਸਾਰੀ ਸ਼ਕਤੀ ਜ਼ਾਇਆ ਕਰ ਦਿੰਦੇ ਹਨ। ਦੂਸਰਾ ਇਹ ਵੀ ਹੈ ਕਿ 1913-14 ਦੇ ਬਿੰਦੂ 'ਤੇ ਖੜੋ ਕੇ ਗ਼ਦਰ ਲਹਿਰ ਨੂੰ ਇਕ ਗਤੀਰਹਿਤ ਵਰਤਾਰਾ ਬਣਾ ਦਿੰਦੇ ਹਨ। ਇਹ ਵਰਤਾਰਾ ਬਣਾਉਣ ਪਿੱਛੇ ਉਨ੍ਹਾਂ ਦੇ ਜਾਂ ਤਾਂ ਜਮਾਤੀ ਹਿੱਤ ਹਨ ਜਾਂ ਇਸ ਤੋਂ ਵੀ ਅਗਾਂਹ ਫ਼ਿਰਕਾਪ੍ਰਸਤ ਹਿੱਤ ਹਨ ਕਿਉਂਕਿ ਜਦੋਂ ਉਹ ਗ਼ਦਰ ਲਹਿਰ ਨੂੰ ਇਕ ਨਿਰੰਤਰਤਾ ਵਿਚ ਦੇਖਣਗੇ ਤਾਂ ਉਨ੍ਹਾਂ ਦੇ ਜਮਾਤੀ ਅਤੇ ਫ਼ਿਰਕਾਪ੍ਰਸਤ ਹਿੱਤ ਖੇਰੂੰ-ਖੇਰੂੰ ਹੋ ਜਾਣਗੇ। ਉਹ ਇਸ ਲਈ ਕਿ ਗ਼ਦਰ ਲਹਿਰ ਜੋ ਅਰੰਭਲੇ ਪੜਾਅ ਉਪਰ ਰਾਸ਼ਟਰਵਾਦ ਦੇ ਵਿਚਾਰਧਾਰਕ ਸੂਤਰ ਉਪਰ ਦ੍ਰਿੜਤਾ ਨਾਲ ਪਹਿਰਾ ਦਿੰਦੀ ਹੈ ਉਹ ਆਪਣੇ ਅਗਲੇ ਪੜਾਅ ਵਿਚ ਕੌਮਾਂਤਰੀਵਾਦ ਦੇ ਸੰਕਲਪ ਨੂੰ ਪ੍ਰਣਾਉਂਦੀ ਹੈ। ਇਹੋ ਕਾਰਨ ਹੈ ਕਿ 1913-14 ਦਾ ਗ਼ਦਰ ਲਹਿਰ ਦਾ ਆਗ਼ਾਜ਼ ਬਿੰਦੂ ਆਪਣੇ ਅਗਲੇ ਵਿਕਾਸ ਵਿਚ ਉਨ੍ਹਾਂ ਤੱਤਾਂ, ਪਹਿਲੂਆਂ ਅਤੇ ਪਾਸਾਰਾਂ ਨੂੰ ਵਡੇਰੇ ਪ੍ਰਸੰਗ ਵਿਚ ਰਾਸ਼ਟਰਵਾਦ ਤੋਂ ਕੌਮਾਂਤਰੀਵਾਦ ਤੱਕ ਵਿਸਤਾਰ ਦਿੰਦਾ ਹੈ। ਇਹ ਤਰਕ ਉਨ੍ਹਾਂ ਗ਼ਦਰੀ ਬਾਬਿਆਂ ਦਾ ਜੀਵੰਤ ਪ੍ਰਮਾਣ ਹੈ ਜੋ ਕਾਲੇਪਾਣੀਆਂ ਤੇ ਹੋਰ ਜੇਲ੍ਹਾਂ ਦੀਆਂ ਸਖ਼ਤ ਸਜ਼ਾਵਾਂ ਭੁਗਤਣ ਤੋਂ ਬਾਅਦ ਦੇਸ਼ ਦੀ ਆਜ਼ਾਦੀ ਅਤੇ ਆਜ਼ਾਦੀ ਉਪਰੰਤ ਬੁਰਜ਼ਵਾ ਪ੍ਰਬੰਧ ਨਾਲ ਗਹਿਗੱਚ ਸੰਘਰਸ਼ ਦੀ ਪ੍ਰਕਿਰਿਆ ਵਿਚ ਰਹਿੰਦੇ ਹਨ। 1913-14 ਦੇ ਬਿੰਦੂ 'ਤੇ ਖੜੋਣ ਵਾਲਿਆਂ ਦੀ ਸੀਮਾ ਇਹ ਹੈ ਕਿ ਉਹ ਗ਼ਦਰ ਲਹਿਰ ਨੂੰ ਇਕ ਘਟਨਾ ਸਵੀਕਾਰ ਕਰਦੇ ਹਨ ਪਰੰਤੂ ਪ੍ਰਾਪਤੀ ਇਹ ਸਮਝਦੇ ਹਨ ਕਿ ਗ਼ਦਰ ਲਹਿਰ ਨੂੰ ਉਹ ਕੁਝ 'ਸਿੱਧ' ਕਰਨ ਦਾ ਯਤਨ ਕਰਦੇ ਹਨ ਜੋ ਬੁਨਿਆਦੀ ਤੌਰ 'ਤੇ ਇਹ ਲਹਿਰ ਹੈ ਹੀ ਨਹੀਂ। ਇਥੇ ਇਕ ਨੁਕਤਾ ਬਹੁਤ ਮਹੱਤਵਪੂਰਨ ਹੈ ਕਿ ਪਿਛਲੇ ਸਮੇਂ ਵਿਚ ਗ਼ਦਰ ਲਹਿਰ ਬਾਰੇ ਕੁਝ ਤੱਥ ਨਵੇਂ ਸਾਹਮਣੇ ਆਏ ਹਨ, ਜਿਨ੍ਹਾਂ ਵਿਚ ਗ਼ਦਰੀ ਬਾਬਿਆਂ ਦੀਆਂ ਲਿਖਤਾਂ, ਡਾਇਰੀਆਂ, ਬਿਆਨ, ਸਾਜਿਸ਼ ਕੇਸਾਂ ਦੀਆਂ ਕਾਰਵਾਈਆਂ ਆਦਿਕ ਨਾਲ ਗ਼ਦਰ ਲਹਿਰ ਦੀ ਵਿਚਾਰਧਾਰਕ ਸੰਘਣਤਾ ਅਤੇ ਗ਼ਦਰ ਲਹਿਰ ਦੇ ਵਿਸ਼ਾਲ ਪਾਸਾਰੇ ਬਾਰੇ ਅਹਿਮ ਜਾਣਕਾਰੀ ਮਿਲਦੀ ਹੈ। ਮਿਸਾਲ ਦੇ ਤੌਰ 'ਤੇ ਸਿੰਘਾਪੁਰ ਦੀ ਬਗ਼ਾਵਤ, ਅਫ਼ਰੀਕਾ ਵਿਚ ਗ਼ਦਰ ਲਹਿਰ ਦੇ ਤੱਥ, ਕਾਬਲ ਦਾ ਸੈਂਟਰ ਆਦਿਕ ਉਹ ਪਹਿਲੂ ਹਨ, ਜੋ ਗ਼ਦਰ ਲਹਿਰ ਦੇ ਪੁਨਰ ਮੁਲਾਂਕਣ ਦੀ ਮੰਗ ਕਰਦੇ ਹਨ। ਗ਼ਦਰ ਲਹਿਰ ਦਾ ਪੁਨਰ ਮੁਲਾਂਕਣ ਕਰਦਿਆਂ ਇਕ ਨਿਖੇੜਾ ਹੋਰ ਵੀ ਕਰਨ ਦੀ ਜ਼ਰੂਰਤ ਹੈ ਕਿ ਅਮਰੀਕਾ, ਕਨੇਡਾ ਅਤੇ ਪੂਰਬੀ ਏਸ਼ੀਆ ਦੇ ਮੁਲਕਾਂ ਤੋਂ ਆਏ ਗ਼ਦਰੀਆਂ ਤੋਂ ਬਿਨਾਂ ਭਾਰਤ ਅੰਦਰ ਗ਼ਦਰ ਵਿਚ ਹਿੱਸਾ ਲੈਣ ਵਾਲਾ ਇਕ ਸਮੂਹ ਬਰਤਾਨਵੀ ਬਸਤੀਵਾਦ ਦੇ ਵਿਰੁੱਧ ਧਾਰਮਕ ਦ੍ਰਿਸ਼ਟੀ ਤੋਂ ਸ਼ਾਮਲ ਹੁੰਦਾ ਹੈ। ਇਹ ਲੋਕ ਦਿੱਲੀ ਵਿਚ ਬਰਤਾਨਵੀ ਸਾਮਰਾਜ ਵੱਲੋਂ ਗੁਰਦੁਆਰਾ ਰਕਾਬਗੰਜ ਦੀ ਕੰਧ ਢਾਹੇ ਜਾਣ ਕਰਕੇ ਆਕਰੋਸ਼ ਵਿਚ ਸਨ। ਇਹ ਸਮੂਹ ਗ਼ਦਰ ਤੋਂ ਪਹਿਲਾਂ ਹੀ ਆਪਣੇ ਦੀਵਾਨ ਲਗਾ ਕੇ ਵਿਰੋਧ ਦੇ ਮਤੇ ਸਰਕਾਰ ਨੂੰ ਭੇਜ ਰਿਹਾ ਸੀ। ਇਹ ਸਮੂਹ ਭਾਈ ਸਾਹਿਬ ਭਾਈ ਰਣਧੀਰ ਸਿੰਘ ਨਾਰੰਗਵਾਲ ਦੀ ਅਗਵਾਈ ਹੇਠ ਕਿਰਿਆਸ਼ੀਲ ਸੀ।

ਗ਼ਦਰ ਲਹਿਰ ਦੀ ਮੌਲਿਕ ਅਤੇ ਇਤਿਹਾਸਕ ਪਛਾਣ ਕਰਨ ਲਈ ਇਸ ਮਹੱਤਵਪੂਰਨ ਤੱਥ ਤੋਂ ਉੱਕਾ ਹੀ ਅੱਖ ਨਹੀਂ ਫੇਰੀ ਜਾ ਸਕਦੀ ਕਿ ਇਹ ਆਪਣੇ ਉਦੈ ਸਮੇਂ ਕਮਿਊਨਿਸਟ ਲਹਿਰ ਨਹੀਂ ਹੈ। ਜੇ ਕੋਈ ਇਸ ਨੂੰ ਆਪਣੇ ਉਦੈ ਸਮੇਂ ਕਮਿਊਨਿਸਟ ਲਹਿਰ ਸਿੱਧ ਕਰਨ ਦੀ ਜ਼ਿੱਦ ਕਰੇਗਾ, ਉਹ ਇਸ ਲਹਿਰ ਦੀ ਮੌਲਿਕਤਾ ਅਤੇ ਸਰੂਪ ਨੂੰ ਗੰਧਲਾ ਕਰ ਦੇਵੇਗਾ। ਦੂਸਰਾ, ਜੇਕਰ ਕੋਈ ਇਸ ਲਹਿਰ ਨੂੰ ਸਿੱਖ ਬਹੁਗਿਣਤੀ ਕਰਕੇ ਸਿੱਖ ਲਹਿਰ ਜਾਂ ਸਿੱਖੀ ਦੀ ਲਹਿਰ ਕਹੇਗਾ, ਉਹ ਗ਼ਦਰ ਲਹਿਰ ਦੀ ਇਤਿਹਾਸਕ ਮਹੱਤਤਾ ਨੂੰ ਹੀ ਖਾਰਜ ਨਹੀਂ ਕਰੇਗਾ, ਸਗੋਂ ਗ਼ਦਰ ਲਹਿਰ ਨੂੰ ਐਨਾ ਸੰਕੁਚਿਤ ਅਤੇ ਸੰਗੋੜ ਦੇਵੇਗਾ ਕਿ ਇਹ ਆਪਣੇ ਮੂਲ ਅਰਥਾਂ ਅਤੇ ਮੂਲ ਉਦੇਸ਼ਾਂ ਤੋਂ ਹੀ ਭਟਕ ਜਾਵੇਗੀ ਕਿਉਂਕਿ ਗ਼ਦਰ ਲਹਿਰ ਕਿਸੇ ਧਾਰਮਕ ਪੁਨਰ-ਸੁਰਜੀਤੀ ਦੀ ਲਹਿਰ ਉੱਕਾ ਹੀ ਨਹੀਂ ਹੈ। ਇਸ ਕਰਕੇ ਇਸ ਤੱਥ ਤੋਂ ਸਪੱਸ਼ਟ ਹੋਣ ਦੀ ਜ਼ਰੂਰਤ ਹੈ ਕਿ ਆਰੰਭ ਵੇਲੇ ਗ਼ਦਰ ਲਹਿਰ ਕੋਲ ਨਾ ਤਾਂ ਕਮਿਊਨਿਸਟ ਫ਼ਲਸਫ਼ੇ ਦਾ ਸਮਾਜਵਾਦ ਦਾ ਉਦੇਸ਼ ਹੈ ਅਤੇ ਨਾ ਹੀ ਖ਼ਾਲਸਾ ਰਾਜ ਦੀ ਖੋ ਚੁੱਕੀ ਸੌਵਰਨਿਟੀ ਦੀ ਪੁਨਰ-ਸਥਾਪਨਾ ਦਾ ਸੁਪਨਾ ਹੈ। ਇਹ ਲਹਿਰ ਆਪਣੇ ਉਦੈ ਸਮੇਂ ਧਰਮ ਨਿਰਪੱਖ ਰਾਸ਼ਟਰਵਾਦੀ ਲਹਿਰ ਹੈ। ਇਹ ਕਿਆਸ ਕੀਤਾ ਜਾ ਸਕਦਾ ਹੈ ਕਿ ਜੇਕਰ ਗ਼ਦਰ ਪਾਰਟੀ ਦੇ ਮੁੱਢਲੇ ਰਾਸ਼ਟਰਵਾਦੀ ਅਸੂਲਾਂ ਅਨੁਸਾਰ ਦੇਸ਼ ਆਜ਼ਾਦ ਹੁੰਦਾ ਤਾਂ ਧਰਮ ਦੇ ਆਧਾਰ ਉਤੇ ਪਾਕਿਸਤਾਨ ਦੀ ਅੱਜ ਬਿਲਕੁਲ ਹੋਂਦ ਨਾ ਹੁੰਦੀ। ਗ਼ਦਰ ਲਹਿਰ ਦੇ ਇਤਿਹਾਸਕ ਤੱਥ ਹੀ ਇਸ ਗੱਲ ਦੀ ਦੱਸ ਪਾਉਂਦੇ ਹਨ ਕਿ ਗ਼ਦਰ ਲਹਿਰ ਅਮਰੀਕਾ-ਕੈਨੇਡਾ ਦੇ ਨਸਲਵਾਦੀ ਵਰਤਾਰੇ ਕਾਰਨ ਭਾਰਤੀ ਲੋਕਾਂ ਦੇ ਬੇਇੱਜ਼ਤ ਅਤੇ ਅਪਮਾਨਤ ਹੋਣ ਵਿਚੋਂ ਉਦੈ ਹੁੰਦੀ ਹੈ:-

ਦੇਸ ਪੈਣ ਧੱਕੇ, ਬਾਹਰ ਮਿਲੇ ਢੋਈ ਨਾ,
ਸਾਡਾ ਪ੍ਰਦੇਸੀਆਂ ਦਾ ਦੇਸ ਕੋਈ ਨਾ।

ਇਉਂ ਇਹ ਉਹ ਲੋਕ ਹਨ, ਜਿੰਨਾਂ ਦੇ ਕੈਨੇਡਾ ਵਿਚ ਬਰਤਾਨਵੀ ਰਿਆਇਆ ਹੋਣ ਦੇ ਭਰਮ ਟੁੱਟਦੇ ਹਨ ਅਤੇ ਅਮਰੀਕਾ ਵਿਚ 1907 ਵਿਚ ਵਾਸ਼ਿੰਗਟਨ ਸਟੇਟ ਦੇ ਬਲਿੰਘਮ ਸ਼ਹਿਰ ਵਿਚ ਪੰਜ ਸੌ ਗੋਰਿਆਂ ਦੇ ਨਸਲਵਾਦੀ ਹਮਲੇ ਕਾਰਨ ਆਪਣੀ ਗੁਲਾਮੀ ਦਾ ਅਹਿਸਾਸ ਜਾਗਦਾ ਹੈ। ਇਉਂ ਅਮਰੀਕਾ-ਕੈਨੇਡਾ ਦੀਆਂ ਜ਼ਮੀਨੀ ਹਕੀਕਤਾਂ ਭਾਰਤੀ ਪਰਵਾਸੀਆਂ ਨੂੰ ਇਕ ਪਲੇਟਫ਼ਾਰਮ ਤੇ ਇਕੱਠਾ ਹੋਣ ਦੀਆਂ ਜ਼ਾਮਨ ਬਣਦੀਆਂ ਹਨ। ਇਥੇ ਇਹ ਨੁਕਤਾ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਕੈਨੇਡਾ ਪਰੰਤੂ ਵਿਸ਼ੇਸ਼ ਰੂਪ ਵਿਚ ਅਮਰੀਕਾ ਦੀ ਆਜ਼ਾਦੀ ਭਾਰਤੀ ਪਰਵਾਸੀਆਂ ਨੂੰ ਚੁੰਬਕ ਵਾਂਗ ਆਪਣੇ ਵੱਲ ਖਿੱਚਦੀ ਹੈ। ਇਹੋ ਜਿਹੀ ਆਜ਼ਾਦੀ ਦਾ ਸੁਪਨਾ ਪਾਲ ਕੇ ਇਹ ਗ਼ਦਰੀਏ ਬਰਤਾਨਵੀ ਬਸਤੀਵਾਦ ਨੂੰ ਨੇਸਤੋ-ਨਾਬੂਦ ਕਰਕੇ ਭਾਰਤ ਅੰਦਰ 'ਪੰਚਾਇਤੀ ਰਾਜ' ਸਿਰਜਣਾ ਚਾਹੁੰਦੇ ਹਨ। ਇਸ ਕਰਕੇ ਹੀ ਗ਼ਦਰ ਦੀ ਭਾਰਤੀ ਇਤਿਹਾਸ ਵਿਚ ਮਹੱਤਤਾ ਹੈ ਕਿ ਉਸ ਨੇ ਪਹਿਲੀ ਬਾਰ ਬਰਤਾਨਵੀ ਬਸਤੀਵਾਦ ਦੀ ਥਾਵੇਂ ਆਧੁਨਿਕ ਸਰੂਪ ਵਾਲੇ 'ਰਾਸ਼ਟਰੀ ਰਾਜ' ਦਾ ਸੁਪਨਾ ਲਿਆ ਜਦ ਕਿ ਭਾਰਤ ਅੰਦਰ ਉਸ ਵੇਲੇ ਤੱਕ ਸੰਘਰਸ਼ ਕਰ ਰਹੀ ਪਾਰਟੀ ਇੰਡੀਅਨ ਨੈਸ਼ਨਲ ਕਾਂਗਰਸ ਕੋਲ ਕੋਈ 'ਰਾਸ਼ਟਰੀ ਰਾਜ' ਦਾ ਸੁਪਨਾ ਨਹੀਂ ਸੀ, ਜਿਸ ਵਿਚ ਪੂਰਨ ਰਾਜਸੀ ਤੇ ਆਰਥਕ ਆਜ਼ਾਦੀ ਦਾ ਮਸਲਾ ਹੋਵੇ। ਧਰਮ ਦੇ ਆਧਾਰ 'ਤੇ ਲਏ ਜਾਣ ਵਾਲੇ ਰਾਮ ਰਾਜ ਜਾਂ ਖ਼ਾਲਸਾ ਰਾਜ ਦੇ ਸੁਪਨੇ ਅਸਲੋਂ ਹੀ ਨਿਸੱਤੇ ਹੋ ਗਏ ਸਨ, ਕਿਉਂਕਿ 1857 ਦੇ ਗ਼ਦਰ ਤੋਂ ਬਾਅਦ ਬਰਤਾਨਵੀ ਬਸਤੀਵਾਦ ਨੇ ਧਰਮ, ਇਲਾਕਾ ਅਤੇ ਭਾਸ਼ਾ ਦੀ ਜੋ ਸ਼ਤਰੰਜੀ ਚਾਲ ਖੇਡੀ ਉਸ ਨਾਲ ਭਾਰਤ ਅੰਦਰ ਧਰਮ ਬਚਾਉਣ ਲਈ ਧਾਰਮਕ ਸੁਧਾਰਾਂ ਦੀਆਂ ਲਹਿਰਾਂ 'ਆਤਮ ਸੁਰੱਖਿਆ' ਵਿਚ ਗੁੰਮ ਗੁਆਚਣ ਲੱਗ ਪਈਆਂ ਸਨ। ਇਸ ਸ਼ਤਰੰਜੀ ਚਾਲ ਵਿਚ ਧਰਮਾਂ ਦੇ ਅੰਦਰਲਾ ਆਰਥਕ ਰੂਪ ਵਿਚ ਸ਼ਕਤੀਸ਼ਾਲੀ ਵਰਗ ਬਰਤਾਨਵੀ ਸਾਮਰਾਜ ਦੀ ਪਿੱਠ 'ਤੇ ਪਹਿਰੇਦਾਰ ਬਣਕੇ ਖੜ੍ਹਾ ਹੋ ਜਾਂਦਾ ਹੈ। ਇਸ ਕਰਕੇ ਗ਼ਦਰ ਲਹਿਰ ਆਧੁਨਿਕ ਵਿਚਾਰਾਂ ਵਾਲੀ ਨਵੀਨ ਰਾਸ਼ਟਰਵਾਦੀ ਲਹਿਰ ਬਣਦੀ ਹੈ ਨਾ ਕਿ ਧਾਰਮਕ ਅਵਸ਼ੇਸ਼ਾਂ ਵਾਲੀ ਅਤੇ ਕਮਿਊਨਿਸਟ ਉਦੇਸ਼ਾਂ ਵਾਲੀ।

ਗ਼ਦਰ ਲਹਿਰ ਸਬੰਧੀ ਹੋਈ ਖੋਜ ਅਤੇ ਇਤਿਹਾਸਕ ਸਿਧਾਂਤਕਾਰੀ ਬਾਰੇ ਕਾਫ਼ੀ ਮੱਤਭੇਦ ਹਨ। ਪਰੰਤੂ ਕਿਸੇ ਵਿਚ ਇਕ ਮਹੱਤਵਪੂਰਨ ਅੰਤਰ-ਦ੍ਰਿਸ਼ਟੀ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਅੰਤਰ-ਦ੍ਰਿਸ਼ਟੀ ਨਾਲ ਸਿਰਫ਼ ਗ਼ਦਰੀਆਂ ਦੇ ਸੁਭਾਅ ਦੀ ਹੀ ਪ੍ਰਮਾਣਕ ਨਿਸ਼ਾਨਦੇਹੀ ਨਹੀਂ ਹੁੰਦੀ ਸਗੋਂ ਇਸ ਨਾਲ ਪੰਜਾਬੀ ਭਾਸ਼ਾ ਅਤੇ ਪੰਜਾਬੀ ਸੱਭਿਆਚਾਰ ਦੀਆਂ ਵੀ ਕਈ ਗੁੰਝਲਾਂ ਸੁਲਝਣੀਆਂ ਹਨ। ਇਹ ਅੰਤਰ-ਦ੍ਰਿਸ਼ਟੀ ਹੈ ਮਾਨਵ-ਵਿਗਿਆਨਕ ਪੱਖ ਤੋਂ ਪੰਜਾਬੀਆਂ ਦੀ ਮੂਲ ਨਸਲ ਦੀ ਪਛਾਣ, ਕਿਉਂਕਿ ਮਨੁੱਖੀ ਨਸਲਾਂ ਦੇ ਗੁਣ ਸਦੀਆਂ ਤੋਂ ਹੋਰ ਨਸਲਾਂ ਦੇ ਮਿਲਾਪ ਬਾਅਦ ਵੀ ਜੀਵੰਤ ਰਹਿੰਦੇ ਹਨ ਜਿਹੜੇ ਕਿਸੇ ਭਾਈਚਾਰੇ ਦੇ ਵਿਸ਼ੇਸ਼ ਸੁਭਾਅ ਨੂੰ ਸਿਰਜਦੇ ਹੋਏ ਵੱਖਰੇ ਗੁਣ ਅਤੇ ਵਿਸ਼ੇਸ਼ਤਾਵਾਂ ਬਣ ਜਾਂਦੇ ਹਨ। ਇਹ ਗੁਣ ਅੱਗੋਂ ਭਾਈਚਾਰਿਆਂ ਦੀਆਂ ਸਿਰਜੀਆਂ ਸਮਾਜਕ, ਰਾਜਨੀਤਕ, ਸੱਭਿਆਚਾਰਕ, ਨੈਤਿਕ, ਧਾਰਮਕ ਰਵਾਇਤਾਂ ਵਿਚ ਪ੍ਰਵਾਹਤ ਹੋ ਜਾਂਦੇ ਹਨ ਜਿਨ੍ਹਾਂ ਕਰਕੇ ਭਾਈਚਾਰਿਆਂ ਦੀ ਸੱਭਿਆਚਾਰਕ ਪਛਾਣ ਨਿਰਮਤ ਹੁੰਦੀ ਹੈ। ਇਹ ਪਛਾਣ ਐਨੀ ਮੌਲਿਕ ਅਤੇ ਸ਼ਕਤੀਸ਼ਾਲੀ ਬਣ ਜਾਂਦੀ ਹੈ ਕਿ ਦੂਸਰੇ ਭਾਈਚਾਰਿਆਂ ਨਾਲੋਂ ਭਾਈਚਾਰੇ ਅਸਲੋਂ ਹੀ ਵੱਖਰੇ, ਬੇਜੋੜ ਅਤੇ ਵਿਰੋਧੀ ਪ੍ਰਤੀਤ ਹੋਣ ਲੱਗ ਜਾਂਦੇ ਹਨ। ਪਰੰਤੂ ਅਸੀਂ ਕਿਸੇ ਵਰਤਾਰੇ ਦਾ ਅਧਿਐਨ ਕਰਨ ਸਮੇਂ ਇਹ ਮੂਲ ਨਸਲੀ ਗੁਣਾਂ ਨੂੰ ਅੱਖੋਂ-ਪਰੋਖੇ ਕਰ ਦਿੰਦੇ ਹਾਂ ਅਤੇ ਇਸ ਭੁਲੇਖੇ ਦਾ ਸ਼ਿਕਾਰ ਹੋ ਜਾਂਦੇ ਹਾਂ ਕਿ ਵਰਤਾਰੇ ਪਿੱਛੇ ਕਿਸੇ ਭਾਈਚਾਰੇ ਦੀਆਂ ਰਵਾਇਤਾਂ ਜਾਂ ਉਸ ਦੀ ਮੂਲ ਭਾਵਨਾ ਪਈ ਹੈ, ਜਿਹੜੀ ਸਮਾਜਕ, ਧਾਰਮਕ, ਰਾਜਸੀ ਜਾਂ ਸੱਭਿਆਚਾਰਕ ਹੋ ਸਕਦੀ ਹੈ। ਇਸ ਭੁਲੇਖੇ ਅਤੇ ਭੁੱਲ ਨਾਲ ਅਸੀਂ ਵਰਤਾਰਿਆਂ ਦਾ ਵਿਸ਼ਲੇਸ਼ਣ ਕਰਦੇ ਹੋਏ ਗ਼ਲਤ ਵਿਚਾਰਧਾਰਕ

ਪੁਜੀਸ਼ਨ ਗ੍ਰਹਿਣ ਕਰ ਲੈਂਦੇ ਹਾਂ। ਗ਼ਦਰ ਲਹਿਰ ਦੇ ਅਧਿਐਨ ਵੇਲੇ ਵੀ ਅਸੀਂ ਇਸ ਕਰਕੇ ਗ਼ਦਰੀਆਂ ਦੇ ਸੁਭਾਅ ਅਤੇ ਵਿਸ਼ੇਸ਼ ਲੱਛਣਾਂ ਨੂੰ ਕਿਸੇ ਧਾਰਮਕ ਜਾਂ ਸੱਭਿਆਚਾਰਕ ਰਵਾਇਤ ਨਾਲ ਨੱਥੀ ਕਰ ਦਿੰਦੇ ਹਾਂ ਅਤੇ ਗ਼ਦਰੀਆਂ ਦੀ ਸਿਰਲੱਥ ਕੁਰਬਾਨੀ, ਦ੍ਰਿੜਤਾ ਅਤੇ ਬਹਾਦਰੀ ਨੂੰ ਉਨ੍ਹਾਂ ਦੇ ਨਸਲੀ ਗੁਣਾਂ ਦੀ ਬਜਾਏ ਜਾਂ ਤਾਂ ਸਿੱਖ ਧਰਮ 'ਚੋਂ ਤਲਾਸ਼ਣ ਲੱਗ ਜਾਂਦੇ ਹਾਂ ਜਾਂ ਪੰਜਾਬੀ ਸੱਭਿਆਚਾਰ ਦੇ ਸਰਬ ਸਾਂਝੇ ਵਿਰਸੇ ਵਿਚੋਂ। ਪੰਜਾਬੀ ਭਾਈਚਾਰੇ ਦੀ ਆਜ਼ਾਦ ਤਬੀਅਤ, ਨਾਬਰੀ ਵਾਲੀ ਬਿਰਤੀ ਅਤੇ ਜੰਗਜੂ ਭਾਵਨਾ ਦੀਆਂ ਜੜ੍ਹਾਂ ਉਨ੍ਹਾਂ ਦੀ ਸੇਥੀਅਨ ਨਸਲ ਵਿਚ ਪਈਆਂ ਹਨ। ਸ. ਜਗਜੀਤ ਸਿੰਘ ਨੇ ਗ਼ਦਰੀਆਂ ਦੇ ਇਸ ਸੁਭਾਅ ਨੂੰ ਤਲਾਸ਼ਦਿਆਂ ਆਪਣੀ ਪੁਸਤਕ 'ਗ਼ਦਰ ਪਾਰਟੀ ਲਹਿਰ' ਵਿਚ ਵਿਸ਼ੇਸ਼ ਤੌਰ 'ਤੇ ਇਸ ਮਸਲੇ ਨੂੰ ਅਧਿਐਨ ਹੇਠ ਲਿਆਂਦਾ ਸੀ। ਇਸ ਉਪਰੰਤ ਗ਼ਦਰੀਆਂ ਬਾਰੇ ਕੀਤੀ ਗਈ ਬਹੁਤੀ ਚਰਚਾ ਵਿਚ ਪੰਜਾਬੀਆਂ ਦੀ ਸੇਥੀਅਨ ਨਸਲ ਦਾ ਮਸਲਾ ਦਰਕਿਨਾਰ ਹੀ ਰਿਹਾ। ਪਰੰਤੂ ਪੰਜਾਬੀਆਂ ਦੇ ਇਸ ਮੂਲ ਸੁਭਾਅ ਦੀ ਇਤਿਹਾਸਕ ਨਿਸ਼ਾਨਦੇਹੀ ਅਤੇ ਡੂੰਘੀ ਪੜ੍ਹਤ ਸਤਨਾਮ ਚਾਨਾ ਨੇ ਆਪਣੀ ਪੁਸਤਕ 'ਸਿੱਖ ਫ਼ਲਸਫ਼ੇ ਦਾ ਰਾਜਨੀਤਕ ਏਜੰਡਾ ਅਤੇ ਪੰਜਾਬ ਕਮਿਊਨ' ਵਿਚ ਤਿਆਰ ਕੀਤੀ। ਨਸਲ-ਦ੍ਰਿਸ਼ਟੀ ਤੋਂ ਜਿਸ ਤਰ੍ਹਾਂ ਸਿੱਖ ਸਿਧਾਂਤਾਂ ਅਤੇ ਸਰਬੱਤ ਦੇ ਭਲੇ ਦੀ ਤਲਾਸ਼ ਕੀਤੀ ਗਈ ਹੈ, ਉਹ ਆਪਣੇ-ਆਪ ਵਿਚ ਹੀ ਮਹੱਤਵਪੂਰਨ ਹੈ। ਇਸ ਦੇ ਨਾਲ ਹੀ ਡਾ. ਨਿਰਮਲ ਸਿੰਘ ਮਾਨ ਨੇ ਆਪਣੀ ਪੁਸਤਕ 'ਦੇਸ਼ ਭਗਤ ਗ਼ਦਰੀ ਪਾਖਰ ਸਿੰਘ ਚੂਹੜਚੱਕ' ਵਿਚ ਪੰਜਾਬੀਆਂ ਦੇ ਇਹੋ ਜਿਹੇ ਸੁਭਾਅ ਅਤੇ ਬਿਰਤੀ ਦੀ ਤਲਾਸ਼ ਕੀਤੀ ਹੈ। ਇਉਂ ਇਹ ਪੁਸਤਕ ਅਤੇ ਉਪਰੋਕਤ ਹਵਾਲਾ ਪੁਸਤਕਾਂ ਤੋਂ ਬਾਅਦ ਇਹ ਸਿੱਧ ਹੋ ਜਾਂਦਾ ਹੈ ਕਿ ਗ਼ਦਰੀ ਬਾਬੇ ਜਿਸ ਦਲੇਰੀ ਨਾਲ ਗ਼ਦਰ ਵਿਚ ਹਿੱਸਾ ਲੈਂਦੇ ਹਨ, ਉਹ ਇਨ੍ਹਾਂ ਦੇ ਨਸਲੀ ਗੁਣਾਂ ਸਦਕਾ ਹੈ। ਦੂਸਰਾ ਇਸ ਨਾਲ ਪੰਜਾਬ ਦੇ ਉਸ ਸੰਕਲਪ ਦੀ ਵੀ ਭਰਮ ਨਵਿਰਤੀ ਹੋ ਜਾਂਦੀ ਹੈ ਜਿਸ ਨੂੰ ਪ੍ਰੋ. ਪੂਰਨ ਸਿੰਘ ਸਥਾਪਤ ਕਰਦਾ ਹੈ। ਇਉਂ ਪੰਜਾਬੀਆਂ ਦੇ ਨਾਬਰੀ ਦੇ ਸੁਭਾਅ ਨੇ ਆਪਣੇ ਯੁੱਗ ਦੀਆਂ ਸਥਾਪਤ ਮਰਿਯਾਦਾਵਾਂ, ਮਾਨਤਾਵਾਂ ਅਤੇ ਸਥਾਪਨਾਵਾਂ ਨਾਲ ਖਹਿ ਕੇ ਸੰਘਰਸ਼ ਕਰਕੇ ਆਪਣੀਆਂ ਰਵਾਇਤਾਂ ਸਿਰਜੀਆਂ ਹਨ। ਇਨ੍ਹਾਂ ਰਵਾਇਤਾਂ ਦਾ ਮੂਲ ਪੰਜਾਬੀਆਂ ਦੇ ਸੁਭਾਅ ਨਾਲ ਦਵੰਦਾਤਮਕ ਰਿਸ਼ਤੇ ਦੀ ਲੰਮੀ ਤੇ ਜੀਵੰਤ ਪ੍ਰਕਿਰਿਆ ਨਾਲ ਜੁੜਿਆ ਹੋਇਆ ਹੈ।

ਗ਼ਦਰ ਲਹਿਰ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਦੇ ਦੋ ਪ੍ਰਮੁੱਖ ਮੱਤ ਸਾਹਮਣੇ ਆਏ ਹਨ। ਇਕ ਮੱਤ ਤਾਂ ਰਾਸ਼ਟਰਵਾਦ ਨਾਲ ਸਬੰਧਤ ਹੈ, ਜਿਸ ਵਿਚ ਸੋਹਣ ਸਿੰਘ ਜੋਸ਼, ਗੁਰਚਰਨ ਸਿੰਘ ਸਹਿੰਸਰਾ, ਜਗਜੀਤ ਸਿੰਘ, ਹਰੀਸ਼ ਕੇ.ਪੁਰੀ, ਰਾਮ ਸਿੰਘ ਮਜੀਠਾ ਅਤੇ ਖੁਦ ਗ਼ਦਰੀ ਬਾਬੇ ਸ਼ਾਮਲ ਹਨ। ਦੂਸਰਾ ਮੱਤ ਇਹ ਹੈ ਕਿ ਗ਼ਦਰ ਲਹਿਰ ਸਿੱਖ ਲਹਿਰ ਸੀ। ਇਨ੍ਹਾਂ ਵਿਚ ਹਰਜੋਤ ਉਬਰਾਏ, ਪਰਮਬੀਰ ਸਿੰਘ ਗਿੱਲ, ਅਜਮੇਰ ਸਿੰਘ ਅਤੇ ਰਾਜਵਿੰਦਰ ਸਿੰਘ ਰਾਹੀ ਹਨ। ਇਨ੍ਹਾਂ ਵਿਚੋਂ ਹੀ ਕੁਝ ਸਿੱਖ ਚਿੰਤਕ ਡਾ. ਪਿਰਥੀਪਾਲ ਸਿੰਘ ਕਪੂਰ ਵਰਗੇ ਇਸ ਦੀਆਂ ਜੜ੍ਹਾਂ ਤਾਂ ਸਿੱਖੀ 'ਚੋਂ ਤਲਾਸ਼ਦੇ ਹਨ ਪਰੰਤੂ 'ਆਜ਼ਾਦੀ ਦੀ ਲਹਿਰ ਨੂੰ ਮੰਨਦੇ ਧਰਮ ਨਿਰਪੱਖ ਚਿਹਰੇ' ਵਾਲੀ ਹਨ। ਦੂਸਰੇ ਮੱਤ ਵਾਲੇ ਸੋਚਵਾਨਾਂ ਦੀ ਸਮੱਸਿਆ ਹੀ ਇਹੋ ਹੈ ਕਿ ਇਹ ਗ਼ਦਰ ਲਹਿਰ ਨੂੰ 1913-14 ਦੇ ਆਗਾਜ਼ ਬਿੰਦੂ ਉਪਰ ਹੀ ਟਿਕਾ ਕੇ ਦੇਖਦੇ ਹਨ। ਇਉਂ ਉਨ੍ਹਾਂ ਲਈ ਗ਼ਦਰ ਲਹਿਰ ਇਕ ਲਹਿਰ ਨਹੀਂ ਅਤੇ ਗ਼ਦਰ ਪਾਰਟੀ ਇਕ ਪਾਰਟੀ ਨਹੀਂ ਸਗੋਂ ਇਕ ਘਟਨਾ ਹੈ। ਇਸ ਤੋਂ ਪਾਰ ਨਾ ਜਾਣ ਵਿਚ ਹੀ ਉਨ੍ਹਾਂ ਦੀ ਸਮੱਸਿਆ ਹੈ ਕਿਉਂਕਿ ਉਨ੍ਹਾਂ ਲਈ ਗ਼ਦਰ ਪਾਰਟੀ ਦਾ ਗ਼ਦਰ 1913-14 ਵਿਚ ਹੀ ਖ਼ਤਮ ਹੋ ਜਾਂਦਾ ਹੈ, ਜਦੋਂ ਕਿ ਹਕੀਕਤ ਇਹ ਹੈ ਕਿ ਬਾਬਾ ਸੋਹਣ ਸਿੰਘ ਭਕਨਾ, ਭਾਈ ਸੰਤੋਖ ਸਿੰਘ, ਭਾਈ ਰਤਨ ਸਿੰਘ, ਬਾਬਾ ਗੁਰਮੁਖ ਸਿੰਘ ਲਲਤੋਂ ਵਰਗੇ ਕਿੰਨੇ ਗ਼ਦਰੀ ਹਨ ਜੋ ਆਪਣੇ ਅੰਤਮ ਸਮੇਂ ਤੱਕ ਸੰਘਰਸ਼ ਵਿਚ ਗਹਿਗੱਚ ਰਹਿੰਦੇ ਹਨ। ਇਨ੍ਹਾਂ ਦੀ ਇਸ ਸਮੱਸਿਆ ਦੀ ਧੁਰੀ ਇਥੇ ਇਸ ਲਈ ਟਿਕੀ ਹੋਈ ਹੈ ਕਿ ਗ਼ਦਰ ਪਾਰਟੀ/ਲਹਿਰ ਦਾ ਵਿਕਾਸ ਇਨ੍ਹਾਂ ਨੂੰ ਗ਼ਦਰ ਲਹਿਰ ਨੂੰ ਸਿੱਖ ਲਹਿਰ ਕਹਿਣ ਦੀ ਇਜਾਜ਼ਤ ਨਹੀਂ ਦਿੰਦਾ। ਇਸੇ ਕਰਕੇ ਇਨ੍ਹਾਂ ਲਈ ਬਾਬਾ ਭਗਤ ਸਿੰਘ ਬਿਲਗਾ ਵਰਗਾ ਗ਼ਦਰੀ ਵੀ ਗ਼ਦਰੀ ਨਹੀਂ ਰਹਿੰਦਾ ਜਿਹੜਾ ਅਰਜਨਟੀਨਾ ਵਿਚ ਗ਼ਦਰ ਪਾਰਟੀ ਦਾ ਆਗੂ ਹੀ ਨਹੀਂ ਰੂਹੇ-ਰਵਾਂ ਵੀ ਹੈ। ਗ਼ਦਰ ਲਹਿਰ ਨੂੰ ਸਿੱਖ ਲਹਿਰ ਕਹਿਣ ਵਾਲੇ ਵਿਸ਼ਲੇਸ਼ਣਕਾਰ ਇਤਿਹਾਸ ਪ੍ਰਤੀ ਹੀ ਖੰਡਿਤ ਰਵੱਈਏ ਵਾਲੇ ਹਨ। ਇਸ ਲਈ ਇਨ੍ਹਾਂ ਨਾਲ ਸੰਵਾਦ ਦੀ ਤਾਂ ਸੰਭਾਵਨਾ ਹੀ ਨਹੀਂ ਬਣਦੀ। ਪਰੰਤੂ ਫਿਰ ਵੀ ਇਨ੍ਹਾਂ ਦੁਆਰਾ ਸਥਾਪਤ ਕੀਤੀਆਂ ਧਾਰਨਾਵਾਂ ਦੀ ਪੁਣ-ਛਾਣ ਜ਼ਰੂਰ ਕੀਤੀ ਜਾ ਸਕਦੀ ਹੈ ਕਿ ਇਹ ਕਿਸ ਆਧਾਰ ਉਤੇ ਗ਼ਦਰ ਲਹਿਰ ਨੂੰ ਸਿੱਖ ਲਹਿਰ ਬਣਾਉਣ ਦੀ ਜ਼ਿੱਦ ਕਰ ਰਹੇ ਹਨ।

ਸਿੱਖ ਲਹਿਰ ਕਹਿਣ ਵਾਲੇ ਦੋਸਤਾਂ ਦੇ ਇੱਕਾ-ਦੁੱਕਾ ਨਿਬੰਧ ਹਨ ਪਰ ਅਜਮੇਰ ਸਿੰਘ ਨੇ ਹੀ ਇਸ ਮਸਲੇ ਉਤੇ ਪੁਸਤਕ ਲਿਖੀ ਹੈ "ਗ਼ਦਰੀ ਬਾਬੇ ਕੌਣ ਸਨ? ਅਨਮਤੀਆਂ ਦੇ ਕੂੜ ਦਾਅਵਿਆਂ ਦਾ ਖੰਡਨ।" ਪੁਸਤਕ ਦਾ ਨਾਮਕਰਨ ਹੀ ਦੱਸ ਦਿੰਦਾ ਹੈ ਕਿ ਲੇਖਕ ਦਾ ਵਧੇਰੇ ਜ਼ੋਰ ਅਨਮਤੀਆਂ (ਰਾਸ਼ਟਰਵਾਦੀ, ਖੱਬੇਪੱਖੀ, ਮਾਰਕਸਵਾਦੀ, ਕਾਮਰੇਡਾਂ) ਦੀਆਂ ਸਥਾਪਨਾਵਾਂ ਦਾ ਖੰਡਨ ਕਰਨਾ ਹੈ। ਖੰਡਨ ਦੀ ਬਿਰਤੀ ਇਕ ਵਾਢਿਓਂ ਰੱਦ ਕਰਨ ਦੀ ਹੁੰਦੀ ਹੈ। ਇਸ ਵਿਚ ਸੰਵਾਦੀ ਤੱਤ ਨਹੀਂ ਹੁੰਦਾ। ਪਰੰਤੂ ਬੌਧਿਕ ਸਦਾਚਾਰ ਅਤੇ ਚਿੰਤਨ ਦਾ ਧਰਮ ਸੰਵਾਦ ਵਾਲਾ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਵੀ ਏਹੋ ਸੁਝਾਉਂਦੇ ਹਨ...

ਜਬਿ ਲਗਿ ਦੁਨਿਆ ਰਹੀਐ ਨਾਨਕੁ
ਕਿਛੁ ਸੁਣੀਏ ਕਿਛੁ ਕਹੀਐ।

ਲੇਖਕ ਆਪਣੀ ਭੂਮਿਕਾ ਵਿਚ ਵੀ ਇਸ ਤੱਥ ਅਤੇ ਤੱਤ ਨੂੰ ਸਵੀਕਾਰ ਕਰਦਾ ਲਿਖਦਾ ਹੈ, "ਕਿਤਾਬ ਦਾ ਜ਼ਾਹਰਾ ਪ੍ਰਸੰਗ ਭਲੇ ਹੀ ਖੱਬੇਪੱਖੀਆਂ ਨਾਲ ਵਾਦ ਵਿਵਾਦ ਹੈ, ਪਰ ਹਕੀਕਤ ਵਿਚ ਇਹ ਕਿਤਾਬ ਕਿਸੇ ਵੀ ਕਿਸਮ ਦੇ 'ਵਾਦ' ਤੋਂ ਬੇਲਾਗ ਸਧਾਰਨ ਪਾਠਕਾਂ ਨੂੰ ਧਿਆਨ ਵਿਚ ਰੱਖਕੇ ਤਿਆਰ ਕੀਤੀ ਗਈ ਹੈ। ਇਸ ਕਰਕੇ ਵਿਦਵਾਨਾਂ ਕੋਲੋਂ ਖਿਮਾ ਦੇ ਜਾਚਕ ਹਾਂ।" ਲੇਖਕ ਦਾ ਸਪੱਸ਼ਟੀਕਰਨ ਸ਼ੁਰੂ ਵਿਚ ਹੀ ਘਚੋਲੇ ਗ੍ਰੱਸਿਆ ਬਣ ਜਾਂਦਾ ਹੈ ਜਦੋਂ ਉਹ ਖੱਬੇਪੱਖੀਆਂ ਨਾਲ ਵਾਦ-ਵਿਵਾਦ ਕਹਿ ਕੇ ਪੁਸਤਕ ਨੂੰ 'ਬੇਲਾਗਵਾਦ' ਬਣਾ ਦਿੰਦਾ ਹੈ। ਸੁਆਲ ਖੜ੍ਹਾ ਹੋ ਜਾਂਦਾ ਹੈ ਕਿ ਜਦੋਂ ਇਹ ਵਾਦ ਮੁਕਤ ਹੈ ਤਾਂ ਕਿਤਾਬ ਨੂੰ ਤਿਆਰ ਕਰਨ ਦੀ ਕੀ ਲੋੜ ਹੈ? ਪਰ ਅਜਿਹਾ ਨਹੀਂ ਹੈ ਕਿਉਂਕਿ ਉਹ ਕਿਤਾਬ ਨੂੰ ਗ਼ਦਰ ਲਹਿਰ 'ਤੇ ਕੇਂਦਰਤ ਕਰਕੇ ਇਹ ਸਿੱਧ ਕਰਨ 'ਤੇ ਪੂਰਾ ਜ਼ੋਰ ਲਾ ਦਿੰਦਾ ਹੈ ਕਿ ਇਹ ਸਿੱਖ ਲਹਿਰ ਸੀ, ਇਹੋ ਇਸ ਦਾ ਵਾਦ ਹੈ। ਇਸ ਕਰਕੇ ਹੀ ਉਹ ਪੁਸਤਕ ਸਧਾਰਨ ਪਾਠਕ ਲਈ ਤਿਆਰ ਕਰਦਾ ਹੈ ਤੇ ਵਿਦਵਾਨਾਂ ਤੋਂ ਖਿਮਾ ਦਾ ਜਾਚਕ ਹੈ, ਪਰ ਉਸ ਦੀ ਸਧਾਰਨ ਪਾਠਕ ਵਾਲੀ ਕੋਟੀ ਵੀ ਹਾਸੋਹੀਣੀ ਹੈ ਕਿਉਂਕਿ ਪਾਠਕਾਂ ਦੀਆਂ ਅਜਿਹੀਆਂ ਕਿਸਮਾਂ ਨਹੀਂ ਹੁੰਦੀਆਂ, ਉਨ੍ਹਾਂ ਦੀਆਂ ਕਿਸਮਾਂ ਵਿਸ਼ਾ-ਖੇਤਰਾਂ ਦੀਆਂ ਹੁੰਦੀਆਂ ਹਨ।

ਲੇਖਕ ਦਾ ਨਜ਼ਰੀਆ ਕੀ ਹੈ? ਇਸ ਪ੍ਰਤੀ ਲੇਖਕ ਦੀ ਹੀ ਸਿਧਾਂਤਕ ਉਕਤੀ ਅੰਕਿਤ ਕਰਦੇ ਹਾਂ। ਲੇਖਕ ਪ੍ਰਸਿੱਧ ਇਤਿਹਾਸਕ ਈ.ਐਚ.ਕਾਰ ਦੇ ਪ੍ਰਸੰਗ ਵਿਚ ਗੱਲ ਕਰਦਾ ਹੈ, "ਇਤਿਹਾਸ ਪੜ੍ਹਨ ਵੇਲੇ ਤੱਥਾਂ ਦਾ ਅਧਿਐਨ ਕਰਨ ਤੋਂ ਪਹਿਲਾਂ ਇਤਿਹਾਸਕਾਰ ਦਾ ਅਧਿਐਨ ਕਰੋ। ਜਦੋਂ ਅਸੀਂ ਇਤਿਹਾਸ ਦੀ ਕੋਈ ਲਿਖਤ ਪੜ੍ਹਦੇ ਹਾਂ ਤਾਂ ਸਾਨੂੰ ਇਹ ਦੇਖਣ ਤੋਂ ਪਹਿਲਾਂ ਕਿ ਇਸ ਵਿਚ ਦਰਜ ਤੱਥ ਕਿਹੜੇ ਹਨ, ਇਹ ਦੇਖਣਾ ਚਾਹੀਦਾ ਹੈ ਕਿ ਇਸ ਦਾ ਲੇਖਕ ਕੌਣ ਹੈ। ਭਾਵ ਤੱਥਾਂ ਤੋਂ ਪਹਿਲਾਂ ਇਤਿਹਾਸਕਾਰ ਦੀ ਜ਼ਾਤ (ਜਾਤ ਨਹੀਂ) ਵੱਲ ਦੇਖੋ, ਉਹ ਕੌਣ ਹੈ, ਉਸ ਦੇ ਸਿਧਾਂਤਕ ਅਕੀਦੇ ਤੇ ਮਾਨਸਿਕ ਝੁਕਾਅ ਕਿਹੋ ਜਿਹੇ ਹਨ ਅਤੇ ਉਸ ਨੇ ਆਪਣੀ ਰਚਨਾ ਇਤਿਹਾਸ ਦੇ ਕਿਸ ਦੌਰ ਅੰਦਰ ਲਿਖੀ। ਫਿਰ ਹੀ ਤੁਸੀਂ ਉਸ ਦੁਆਰਾ ਲਿਖੇ ਇਤਿਹਾਸ ਦੀ ਰਮਜ਼ ਪਛਾਣ ਸਕੋਗੇ।"[1] ਇਸ ਦ੍ਰਿਸ਼ਟੀਕੋਣ ਤੋਂ ਲੇਖਕ ਦਾ ਅਧਿਐਨ ਇਹ ਦੱਸਦਾ ਹੈ ਕਿ ਉਸ ਨੇ ਪਿਛਲੇ ਸਮੇਂ ਵਿਚ ਸਿੱਖ ਰਾਜਨੀਤੀ ਬਾਰੇ (ਸਿੱਖੀ ਸਿਧਾਂਤਾਂ ਬਾਰੇ ਨਹੀਂ) ਤਿੰਨ ਪੁਸਤਕਾਂ ਲਿਖੀਆਂ ਜਿਹੜੀਆਂ ਧਰਮ ਨੂੰ ਕੇਂਦਰ ਵਿਚ ਟਿਕਾ ਕੇ ਕੌਮ ਦੀ ਪਰਿਭਾਸ਼ਾ ਕਰਦੀਆਂ ਹਨ ਅਤੇ ਸਮੁੱਚੇ ਪੰਜਾਬ ਨੂੰ 'ਸਿੱਖ ਪੰਜਾਬ' ਵਜੋਂ ਦੇਖਣ-ਦਿਖਾਉਣ ਉਪਰ ਜ਼ੋਰ ਦਿੰਦੀਆਂ ਹਨ ਅਤੇ ਇਸੇ ਦ੍ਰਿਸ਼ਟੀ ਵਿਚੋਂ ਹੀ ਗ਼ਦਰੀ ਬਾਬੇ ਕੌਣ ਸਨ? ਪੁਸਤਕ ਆਪਣਾ ਸਰੂਪ ਧਾਰਦੀ ਹੈ। ਲੇਖਕ ਦੇ ਕੌਮ ਦੇ ਮਸਲੇ ਉਪਰ ਹੀ ਮੱਤਭੇਦ ਹਨ ਕਿਉਂਕਿ ਕੌਮਾਂ ਦੇ ਸੰਕਲਪ ਧਰਮ ਕੇਂਦਰਤ ਨਹੀਂ ਹੁੰਦੇ। ਦੁਨੀਆ ਦਾ ਸਮਾਜ-ਸ਼ਾਸਤਰੀ ਚਿੰਤਨ ਅਤੇ ਰਾਜਨੀਤਕ ਸ਼ਾਸਤਰ ਇਹ ਕਿਧਰੇ ਵੀ ਦੱਸ ਨਹੀਂ ਪਾਉਂਦਾ ਕਿ ਕੌਮਾਂ ਦਾ ਮਸਲਾ ਧਰਮ ਕੇਂਦਰਤ ਹੁੰਦਾ ਹੈ। ਕੌਮਾਂ ਜਾਂ ਕੌਮੀਅਤ ਦਾ ਮਸਲਾ ਭਾਸ਼ਾ ਕੇਂਦਰਤ ਹੁੰਦਾ ਹੈ ਕਿਉਂਕਿ ਇਹ ਆਧੁਨਿਕ ਚਿੰਤਨ ਦੀ ਦੇਣ ਹੈ। ਇਸ ਪਿੱਛੇ ਯੂਰਪ ਦਾ ਲੰਮਾ-ਚੌੜਾ ਚਿੰਤਨ ਵੀ ਪਿਆ ਹੈ। ਲੇਖਕ ਆਪਣੀ ਇਹ ਪਛਾਣ ਕਰਵਾ ਕੇ ਹੀ ਗ਼ਦਰ ਲਹਿਰ ਵਿਚ ਉੱਤਰਦਾ ਹੈ। ਪਰੰਤੂ ਲੇਖਕ ਦੇ ਵਿਸ਼ਲੇਸ਼ਣ ਵਿਚ ਸੰਕਟ ਇਹ ਵਾਪਰ ਜਾਂਦਾ ਹੈ ਕਿ ਉਹ ਗ਼ਦਰ ਲਹਿਰ ਵਿਚੋਂ ਕੁਝ ਵੇਰਵੇ ਚੁਣ ਲੈਂਦਾ ਹੈ। ਉਨ੍ਹਾਂ ਵੇਰਵਿਆਂ ਦੇ ਪ੍ਰਸੰਗ ਨੂੰ ਖ਼ਤਮ ਕਰਕੇ ਉਨ੍ਹਾਂ ਨੂੰ ਆਪਣੀ ਵਿਚਾਰਧਾਰਕ ਦ੍ਰਿਸ਼ਟੀ ਲਈ ਵਰਤਣ ਲੱਗ ਪੈਂਦਾ ਹੈ ਜਿਸ ਨਾਲ ਉਸ ਦੇ ਵਿਸ਼ਲੇਸ਼ਣ ਵਿਚ ਆਪਾ ਵਿਰੋਧ ਹੀ ਨਹੀਂ ਪੈਦਾ ਹੁੰਦਾ, ਸਗੋਂ ਉਹ ਅਜਿਹੀ ਪੁਜੀਸ਼ਨ ਮੱਲ ਲੈਂਦਾ ਹੈ ਜਿਹੜੀ ਪਾਠਕ ਨੂੰ ਇਹੋ ਹੀ ਨਹੀਂ ਪਤਾ ਲੱਗਣ ਦਿੰਦੀ ਕਿ ਉਹ ਕਰੇ ਤਾਂ ਕੀ ਕਰੇ?

ਲੇਖਕ ਗ਼ਦਰ ਲਹਿਰ ਨੂੰ ਸਮਝਣ ਲਈ ਜੋ ਦ੍ਰਿਸ਼ਟੀ ਦੇ ਰਿਹਾ ਉਸ 'ਚੋਂ ਗੁਜ਼ਰਨਾ ਜ਼ਰੂਰੀ ਹੈ, "ਇਤਿਹਾਸ ਸ਼ਾਸਤਰੀ ਇਹ ਗੱਲ ਮੰਨ ਕੇ ਚੱਲਦੇ ਹਨ ਕਿ 'ਤੱਥ' ਤੇ 'ਸੱਚ' ਇਕੋ ਗੱਲ ਨਹੀਂ। ਤੱਥ ਆਪਣੀ ਵਿਆਖਿਆ ਆਪ ਨਹੀਂ ਕਰਦੇ। ਏਸੇ ਕਰਕੇ ਕਿਹਾ ਜਾਂਦਾ ਹੈ ਕਿ ਤੱਥਾਂ ਤੋਂ ਸੱਚ ਲੱਭੋ। (Seek Truth from facts) ਤੱਥਾਂ ਤੋਂ ਸੱਚ ਲੱਭਣ ਦਾ ਖਰਾ ਵਿਗਿਆਨਕ ਤਰੀਕਾ ਇਹ ਹੈ ਕਿ ਵਸਤੂ ਜਾਂ ਵਰਤਾਰੇ ਦਾ ਸਿਰਫ਼ ਬਾਹਰੀ ਰੂਪ ( ਨਾ ਵੇਖੋ, ਇਸ ਦਾ ਅੰਤਰੀਵ ਤੱਤ (Essence) ਪਛਾਣੋ। ਗ਼ਦਰ ਲਹਿਰ ਦੀ ਗੱਲ ਕਰੀਏ ਤਾਂ ਇਕ ਪਾਸੇ ਇਸ ਦੀਆਂ ਲਿਖਤਾਂ/ਦਸਤਾਵੇਜ਼ ਹਨ, ਦੂਜੇ ਪਾਸੇ ਇਸ ਦਾ ਠੋਸ ਅਮਲ ਹੈ। ਇਸ ਦੇ ਇੰਨਾਂ ਦੋਵਾਂ ਪੱਖਾਂ ਨੂੰ ਮੇਲ ਕੇ ਹੀ ਇਸ ਬਾਰੇ ਠੀਕ ਨਿਰਣਾ ਕੀਤਾ ਜਾ ਸਕਦਾ ਹੈ।"[2] ਇਸੇ ਦ੍ਰਿਸ਼ਟੀ ਤੋਂ ਹੀ ਲੇਖਕ ਆਪਣੀ ਸਿਧਾਂਤਕ ਧਾਰਨਾ ਉਪਰ ਜ਼ੋਰ ਦਿੰਦਾ ਹੈ, "ਕਿਸੇ ਵਸਤੂ ਜਾਂ ਵਰਤਾਰੇ ਦਾ ਭਾਰੂ ਖ਼ਾਸਾ ਸਮਝਣ ਵਾਸਤੇ ਇਸ ਦੇ ਦੋ ਅੰਗਾਂ, ਇਸ ਦਾ ਕੇਂਦਰੀ ਭਾਗ (core) ਜਿਸ ਨੂੰ ਇਸ ਦੀ 'ਗਿਰੀ' ਜਾਂ 'ਧੁਰਾ' ਕਿਹਾ ਜਾ ਸਕਦਾ ਏ, ਅਤੇ ਇਸ ਦੀ ਬਾਹਰੀ ਕੰਨੀ (Periphery) ਵਿਚ ਨਿਖੇੜਾ ਕਰਨਾ ਬਹੁਤ ਅਹਿਮ ਹੁੰਦਾ ਹੈ। ਕਿਸੇ ਵਸਤੂ ਦਾ ਭਾਰੂ ਲੱਛਣ ਇਸ ਦੀ ਬਾਹਰਲੀ ਕੰਨੀ ਤੋਂ ਨਹੀਂ, ਇਸ ਦੇ 'ਧੁਰੇ' ਤੋਂ ਨਿਰਧਾਰਤ ਹੁੰਦਾ ਹੈ। ਬਾਦਾਮ ਦਾ ਤੱਤ ਖੋਲ ਤੋਂ ਨਹੀਂ, ਇਸ ਦੀ ਅੰਦਰਲੀ 'ਗਿਰੀ' ਤੋਂ ਪਛਾਣਿਆ ਜਾਂਦਾ ਏ। ਕਿਸੇ ਲਹਿਰ ਦਾ ਵਿਸ਼ਲੇਸ਼ਣ ਕਰਨ ਵੇਲੇ ਜੇਕਰ ਇਸ ਨੇਮ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਇਸ ਦਾ ਠੀਕ ਖ਼ਾਸਾ ਨਹੀਂ ਬੁਝਿਆ ਜਾ ਸਕਦਾ।"[3]

ਲੇਖਕ ਦੀਆਂ ਉਪਰੋਕਤ ਅੰਤਰ-ਦ੍ਰਿਸ਼ਟੀਆਂ ਮਾਰਕਸਵਾਦੀ ਫ਼ਲਸਫ਼ੇ 'ਚੋਂ ਕਸ਼ੀਦੀਆਂ ਗਈਆਂ ਹਨ ਪਰੰਤੂ ਇਹ ਵੀ ਖੰਡਿਤ ਹਨ ਕਿਉਂਕਿ ਮਾਰਕਸਵਾਦ ਦਵੰਦਾਤਮਕਤਾ ਦੀ ਮੂਲ ਦਾਰਸ਼ਨਿਕ ਯੁਕਤੀ 'ਤੇ ਖੜ੍ਹਾ ਹੈ। ਸਿਧਾਂਤਕ ਤੌਰ 'ਤੇ ਉਹ ਦਿੱਖ (appearance) ਨਾਲੋਂ ਗਿਰੀ/ਧੁਰਾ (Core) ਉਪਰ ਜ਼ੋਰ ਦੇ ਰਿਹਾ ਹੈ। ਉਹ ਗ਼ਦਰੀਆਂ ਦੀਆਂ ਲਿਖਤਾਂ ਅਤੇ ਦਸਤਾਵੇਜ਼ਾਂ ਨਾਲ ਉਨ੍ਹਾਂ ਦੇ ਅਮਲ ਨੂੰ ਮਿਲਾ ਕੇ ਦੇਖਣ ਨੂੰ ਖਰਾ ਅਤੇ ਵਿਗਿਆਨਕ ਨਜ਼ਰੀਆ ਕਹਿ ਰਿਹਾ ਹੈ। ਪਰੰਤੂ ਉਸ ਦੇ ਵਿਸ਼ਲੇਸ਼ਣ 'ਚ ਦੁਖਾਂਤ ਇਹ ਵਾਪਰ ਜਾਂਦਾ ਹੈ ਕਿ ਉਹ ਸਾਰ ਨਾਲੋਂ ਦਿੱਖ ਉਪਰ ਅਤੇ ਗਿਰੀ ਦੀ ਬਜਾਏ ਖੋਲ ਉਪਰ ਕੇਂਦਰਤ ਹੋ ਜਾਂਦਾ ਹੈ। ਇਸ ਨਾਲ ਉਸ ਦਾ ਵਿਸ਼ਲੇਸ਼ਣ ਮਨਇੱਛਤ ਧਾਰਨਾਵਾਂ ਅਤੇ ਸਿੱਟੇ ਕੱਢਣ ਲੱਗ ਪੈਂਦਾ ਹੈ। ਇਹ ਬੌਧਿਕ ਕੰਗਾਲੀ ਨਹੀਂ ਬੌਧਿਕ ਅਨਾਚਾਰ ਹੈ। ਉਹ ਸਿਧਾਂਤਕ ਦ੍ਰਿਸ਼ਟੀਆਂ ਕੋਈ ਹੋਰ ਸੁਝਾਉਂਦਾ ਹੈ ਪਰੰਤੂ ਵਿਹਾਰਕ ਵਿਸ਼ਲੇਸ਼ਣ ਵੇਲੇ ਉਹ ਇਸ ਉਪਰ ਕਾਟਾ ਫੇਰ ਦਿੰਦਾ ਹੈ ਕਿਉਂਕਿ ਸਿਧਾਂਤ ਅਤੇ ਵਿਹਾਰ ਦਾ ਮਸਲਾ ਗ਼ਦਰ ਲਹਿਰ ਨੂੰ ਸਿੱਖ ਲਹਿਰ ਸਿੱਧ ਕਰਨ ਵਿਚ ਹੀ ਸਭ ਨਾਲੋਂ ਵੱਡੀ ਰੁਕਾਵਟ ਹੈ। ਇਸੇ ਕਰਕੇ ਉਹ ਤੁਰੰਤ ਆਪਣੀ ਪੁਜੀਸ਼ਨ ਬਦਲਕੇ ਸਧਾਰਨ ਪਾਠਕ ਨੂੰ ਦਿਸ਼ਾ-ਨਿਰਦੇਸ਼ਨ ਕਰਨ ਲੱਗ ਪੈਂਦਾ ਹੈ, "ਗ਼ਦਰ ਲਹਿਰ ਦਾ ਸਿਧਾਂਤਕ ਦ੍ਰਿਸ਼ਟੀ ਤੋਂ ਮੁਲੰਕਣ ਕਰਨ ਲੱਗਿਆ ਉਪਰੋਕਤ ਤੱਥਾਂ (ਗ਼ਦਰੀ ਰੈਸ਼ਨੇਲ ਵਿਚਾਰਧਾਰਾ ਦੀ ਥਾਵੇਂ ਆਪਣੇ ਸੰਸਕਾਰਾਂ ਅਤੇ ਜਜ਼ਬਿਆਂ ਦੇ ਆਸਰੇ ਲੜੇ, ਜੋ ਗ਼ਦਰ ਲਹਿਰ ਦੇ ਬੁੱਧੀਮਾਨ ਆਗੂ ਸਨ, ਉਹ ਹਿੰਦੂ ਰਾਸ਼ਟਰਵਾਦੀ ਸਨ।) ਨੂੰ ਧਿਆਨ ਵਿਚ ਰੱਖਣਾ ਬੇਹੱਦ ਜ਼ਰੂਰੀ ਹੈ। ਪਾਰਟੀ ਦੇ ਉਦੇਸ਼ਾਂ, ਨੀਤੀਆਂ ਤੇ ਕਾਰਜਾਂ ਸਬੰਧੀ ਪਾਰਟੀ ਲਿਖਤਾਂ ਉਤੇ ਅੰਨ੍ਹੇਵਾਹ ਨਿਰਭਰ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਲਿਖਤਾਂ ਪ੍ਰਤੀ ਘੋਖਵੀਂ ਤੇ ਸੋਘਵੀਂ ਪਹੁੰਚ ਆਪਣਾਉਣੀ ਜ਼ਰੂਰੀ ਹੈ। ਇਹ ਪਛਾਣ ਕਰਨੀ ਜ਼ਰੂਰੀ ਹੈ ਕਿ ਕਿਹੜੀ ਲਿਖਤ, ਕਿਸ ਵਿਅਕਤੀ ਨੇ, ਕਿਸ ਮੌਕੇ 'ਤੇ ਲਿਖੀ। ਜਿਵੇਂ ਕਿ ਉਪਰ ਜ਼ਿਕਰ ਕੀਤਾ ਜਾ ਚੁੱਕਾ ਹੈ, ਵਿਚਾਰਧਾਰਾ ਪੱਖੋਂ ਗ਼ਦਰ ਪਾਰਟੀ ਇਕ ਜਿਨਸੀ (Homogeneous) ਨਹੀਂ ਸੀ। ਇਸ ਨੂੰ ਬੌਧਿਕ ਅਗਵਾਈ ਦੇਣ ਵਾਲੇ ਹਿੰਦੂ ਤੱਤ ਮੂਲ ਰੂਪ ਵਿਚ ਹਿੰਦੂ ਰਾਸ਼ਟਰਵਾਦ ਦੀ ਵਿਚਾਰਧਾਰਾ ਦੇ ਧਾਰਨੀ ਸਨ।"[4] ਇਹ ਹੈ ਮੂਲ ਮੁੱਦਾ ਜਿਸ ਨੂੰ ਲੇਖਕ ਸਥਾਪਤ ਕਰਨਾ ਚਾਹੁੰਦਾ ਹੈ। ਗ਼ਦਰ ਲਹਿਰ ਨੂੰ ਦਿੱਖ ਦੇ ਆਧਾਰ 'ਤੇ ਵੰਡ ਕੇ ਸਿੱਖਾਂ ਦੀ ਬਹੁਗਿਣਤੀ ਕਰਕੇ ਇਸ ਨੂੰ ਸਿੱਖ ਲਹਿਰ ਬਣਾਉਣ ਦੀ ਬਚਕਾਨਾ ਜ਼ਿੱਦ ਕਰਦਾ ਹੈ। ਉਸ ਦੀ ਲਿਖਤ ਅਤੇ ਸ਼ੈਲੀ ਵਿਚੋਂ ਫਿਰਕਾਪ੍ਰਸਤੀ ਦੀ ਬਦਬੂ ਆਉਂਦੀ ਹੈ। ਹੋਰ ਤਾਂ ਹੋਰ ਡਾ. ਹਰੀਸ਼ ਕੇ.ਪੁਰੀ ਦੇ ਗ਼ਦਰ ਲਹਿਰ ਬਾਰੇ ਵਿਸ਼ਲੇਸ਼ਣ ਸਬੰਧੀ ਉਹ ਇਸ ਕਰਕੇ ਉਲਾਰ ਹੈ ਕਿਉਂਕਿ ਡਾ. ਪੁਰੀ ਹਿੰਦੂ ਹੈ।

ਲੇਖਕ ਗ਼ਦਰੀਆਂ ਦੇ ਉਦੇਸ਼ਾਂ, ਕਾਰਜਾਂ, ਨੀਤੀਆਂ ਅਤੇ ਲਿਖਤਾਂ ਪ੍ਰਤੀ 'ਘੋਖਵੀਂ ਅਤੇ ਸੋਘਵੀਂ' ਪਹੁੰਚ ਉਤੇ ਜ਼ੋਰ ਕਿਉਂ ਦਿੰਦਾ ਹੈ ਕਿਉਂਕਿ ਇਨ੍ਹਾਂ ਦੇ ਆਧਾਰ 'ਤੇ ਲਹਿਰ ਤਾਂ ਧਰਮ ਨਿਰਪੱਖ ਅਤੇ ਰਾਸ਼ਟਰਵਾਦੀ ਬਣਦੀ ਹੈ। ਗ਼ਦਰ ਲਹਿਰ ਦਾ ਕੌਮੀ ਮੁਕਤੀ ਦਾ ਪ੍ਰੋਗਰਾਮ ਸਾਰੀਆਂ ਕੌਮੀਅਤਾਂ ਦੀ ਸਾਂਝੀ ਏਕਤਾ ਦਾ ਅਟੁੱਟ ਹਿੱਸਾ ਸੀ। ਬਾਬਾ ਸੋਹਨ ਸਿੰਘ ਭਕਨਾ ਤਾਂ ਭਾਰਤੀਆਂ ਦੀ ਇਕ ਸਾਂਝੀ ਭਾਸ਼ਾ ਦੇ ਮੁੱਦੇ ਪ੍ਰਤੀ ਵੀ ਚਿੰਤਤ ਸੀ। ਲੇਖਕ ਗ਼ਦਰ ਲਹਿਰ ਨੂੰ ਫਿਰਕਿਆਂ ਵਿਚ ਵੰਡ ਦਿੰਦਾ ਹੈ ਅਤੇ ਬੁਨਿਆਦੀ ਤੱਥਾਂ ਨੂੰ ਤੋੜ-ਮਰੋੜ ਦਿੰਦਾ ਹੈ। ਹਿੰਦੂਆਂ ਨੂੰ ਹਿੰਦੂ ਰਾਸ਼ਟਰਵਾਦੀ ਮਿਥ ਕੇ ਤੁਰਦਾ ਹੈ ਜਿਹੜੇ ਭੋਲੇ ਭਾਲੇ ਸਿੱਖਾਂ ਨੂੰ ਆਪਣੇ ਹਿੱਤਾਂ ਦੀ ਖ਼ਾਤਰ ਕੁਰਬਾਨ ਹੋਣ ਲਈ ਤਿਆਰ ਕਰਦੇ ਹਨ ਅਤੇ ਸਿੱਖ ਆਪਣੇ ਸੰਸਕਾਰਾਂ ਅਤੇ ਧਾਰਮਕ ਰਵਾਇਤਾਂ ਸਦਕਾ ਬਰਤਾਨਵੀ ਬਸਤੀਵਾਦ ਵਿਰੁੱਧ ਜਜ਼ਬੇ ਗੁੱਧੀ ਲੜਾਈ ਲੜਦੇ ਹਨ। ਗ਼ਦਰ ਲਹਿਰ ਨਾਲ ਇਹ ਬੌਧਿਕ ਧ੍ਰੋਹ ਹੈ ਕਿ ਉਸ ਨੂੰ ਵਿਚਾਰ ਨਾਲੋਂ ਤੋੜ ਕੇ ਜਜ਼ਬੇ ਮੁਖ ਬਣਾ ਦੇਣਾ। ਹੈਰਾਨਕੁਨ ਤੱਥ ਇਹ ਹੈ ਕਿ ਲਾਲਾ ਹਰਦਿਆਲ ਨੂੰ ਕੁਝ ਮਹੀਨਿਆਂ ਬਾਅਦ ਰਾਜਸੀ ਕਾਰਨਾਂ ਕਰਕੇ ਅਮਰੀਕਾ ਛੱਡਣਾ ਪੈਂਦਾ ਹੈ। ਲਾਲਾ ਹਰਦਿਆਲ ਤੋਂ ਬਾਅਦ ਗ਼ਦਰ ਲਹਿਰ ਦਾ ਜਨਰਲ ਸਕੱਤਰ ਭਾਈ ਸੰਤੋਖ ਸਿੰਘ ਬਣਦਾ ਹੈ ਜੋ ਸਿੱਖ ਹੈ ਅਤੇ ਜਿਸ ਦੀ ਲਗਨ ਅਤੇ ਪ੍ਰਤੀਬੱਧਤਾ ਨਾਲ ਗ਼ਦਰ ਪਾਰਟੀ ਸ਼ਕਤੀਸ਼ਾਲੀ ਬਣਦੀ ਹੈ ਪਰੰਤੂ ਫਿਰ ਵੀ ਗ਼ਦਰ ਪਾਰਟੀ ਦੇ ਉਦੇਸ਼ਾਂ, ਕਾਰਜਾਂ ਅਤੇ ਨੀਤੀਆਂ ਵਿਚ ਕਿਧਰੇ ਤਬਦੀਲੀ ਨਹੀਂ ਵਾਪਰਦੀ। ਇਸ ਤੋਂ ਵੀ ਅਗਾਂਹ ਤੱਥ ਇਹੋ ਦੱਸ ਪਾਉਂਦੇ ਹਨ ਕਿ 22 ਨਵੰਬਰ 1917 ਤੋਂ 1 ਮਈ 1918 ਤੱਕ ਚੱਲੇ ਗ਼ਦਰ ਲਹਿਰ ਦੇ ਇਤਿਹਾਸਕ ਕੇਸ ਇੰਡੋ ਜਰਮਨ ਸਾਜ਼ਿਸ਼ ਕੇਸ ਬਾਅਦ ਭਾਈ ਸੰਤੋਖ ਸਿੰਘ ਅਮਰੀਕਾ ਵਿਚ ਕੈਦ ਭੁਗਤਣ ਬਾਅਦ ਰੂਸ ਵਿਚ ਪੜ੍ਹਨ ਉਪਰੰਤ ਦੇਸ਼ ਵਿਚ ਲਹਿਰ ਨੂੰ ਕਿਸਾਨਾਂ ਮਜ਼ਦੂਰਾਂ ਦੀ ਲਹਿਰ ਬਣਾਉਣ ਲਈ ਆਉਂਦੇ ਹਨ। ਕਿਰਤੀ ਪਰਚੇ ਦਾ ਸੰਪਾਦਨ ਕਰਦੇ ਹਨ। ਲੇਖਕ ਇਨ੍ਹਾਂ ਤੱਥਾਂ ਨੂੰ ਇਸ ਕਰਕੇ ਨਹੀਂ ਛੇੜਦਾ ਕਿਉਂਕਿ ਇਹ ਤੱਥ ਉਸ ਦੇ ਧਾਰਮਕ ਏਜੰਡੇ ਦੇ ਬਖੀਏ ਉਧੇੜਨ ਵਾਲੇ ਹਨ। ਇਉਂ ਜੇ ਗ਼ਦਰ ਪਾਰਟੀ ਦੇ 1913-14 ਤੋਂ ਲੈ ਕੇ ਅਗਾਂਹ ਤੱਤ ਉਸ ਦੇ ਕੌਮਾਂਤਰੀਵਾਦ ਤੱਕ ਫੈਲਰਨ ਅਤੇ ਵਿਕਸਤ ਹੋਣ ਤੱਕ ਕਦੇ ਵੀ ਧਰਮ ਦਾ ਮੁੱਦਾ ਕੇਂਦਰੀ ਅਤੇ ਫ਼ੈਸਲਾਕੁਨ ਤੱਤ ਨਹੀਂ ਰਿਹਾ। ਇਸ ਕਰਕੇ ਜਿਹੜਾ ਮੁੱਦਾ ਲਹਿਰ ਦਾ ਏਜੰਡਾ ਹੀ ਨਹੀਂ ਰਿਹਾ ਉਲਟਾ ਲਹਿਰ ਉਸ ਦੀ ਵਿਰੋਧੀ ਰਹੇ, ਉਸ ਅਨੁਸਾਰ ਲਹਿਰ ਦਾ ਵਿਸ਼ਲੇਸ਼ਣ ਕਰਨਾ ਕਿਸੇ ਗੁਪਤ ਏਜੰਡਾ (Hidden Agenda) ਦੀ ਸਾਜ਼ਿਸ਼ ਹੋ ਸਕਦੀ ਹੈ।

ਗ਼ਦਰ ਲਹਿਰ ਦੀ ਸ਼ਕਤੀ ਦੋ ਇਤਿਹਾਸਕ ਤੱਥਾਂ ਵਿਚ ਸੀ ਜਿਸ ਕਰਕੇ ਇਹ ਭਾਰਤ ਦੀ ਪਹਿਲੀ ਅਤੇ ਮੌਲਿਕ ਰਾਸ਼ਟਰਵਾਦੀ ਲਹਿਰ ਬਣਦੀ ਹੈ। ਇਹ ਵੱਖਰੀ ਗੱਲ ਹੈ ਕਿ ਬੁਰਜ਼ਵਾ ਇਤਿਹਾਸਕਾਰਾਂ ਨੇ ਇਸ ਲਹਿਰ ਦੀ ਵਿਚਾਰਧਾਰਾ ਅਤੇ ਮਕਸਦਾਂ ਨੂੰ ਇਤਿਹਾਸ ਵਿਚ ਪਲਰਨ ਨਹੀਂ ਦਿੱਤਾ। ਗ਼ਦਰ ਲਹਿਰ ਦਾ ਪਹਿਲਾ ਇਤਿਹਾਸਕ ਤੱਥ ਸਮੁੱਚੇ ਭਾਰਤ ਦੀ ਏਕਤਾ ਅਤੇ ਕੌਮੀਅਤਾਂ ਦੀ ਸਾਂਝ ਸੀ। ਇਸ ਸਾਂਝ ਬਾਰੇ ਗ਼ਦਰੀ ਬਾਬੇ ਐਨੇ ਸਪੱਸ਼ਟ ਅਤੇ ਸੁਚੇਤ ਸਨ ਕਿ ਉਨ੍ਹਾਂ ਨੇ ਲਗਾਤਾਰ ਇਸ ਏਕਤਾ ਉਪਰ ਪਹਿਰਾ ਦਿੱਤਾ। 16 ਨਵੰਬਰ 1915 ਨੂੰ ਜਦੋਂ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਲਾਈ ਗਈ ਤਾਂ ਉਸ ਨੇ ਫਾਂਸੀ ਨੂੰ ਚੁੰਮਦਿਆਂ ਇਹ ਗਾਇਆ ਸੀ:

*ਯਹੀ ਪਾਓਗੇ ਮਹਿਸਰ ਮੇਂ ਜ਼ੁਬਾਂ ਮੇਰੀ, ਬਿਆਂ ਮੇਰਾ।*
*ਮੈਂ ਬੰਦਾ ਹਿੰਦ ਵਾਲੋਂ ਕਾ ਹੂੰ, ਹੈ ਹਿੰਦੋਸਤਾਂ ਮੇਰਾ।*
*ਮੈਂ ਹਿੰਦੀ, ਠੇਠ ਹਿੰਦੀ, ਖ਼ੂਨ ਹਿੰਦੀ, ਜਾਤ ਹਿੰਦੀ ਹੂੰ।*
*ਯਹੀ ਮਜ਼ਹਬ, ਯਹੀ ਫਿਰਕਾ, ਯਹੀ ਹੈ ਖਾਨਦਾਨ ਮੇਰਾ।*
*ਮੈਂ ਇਸ ਉਜੜੇ ਹੂਏ ਭਾਰਤ ਕੇ ਖੰਡਰ ਕਾ ਏਕ ਜ਼ਰ੍ਹਾ ਹੂੰ।*
*ਯਹੀ ਬਸ ਏਕ ਪਤਾ ਮੇਰਾ, ਯਹੀ ਨਾਮੋ ਨਿਸ਼ਾਂ ਮੇਰਾ।*

ਕੀ ਅਜਿਹੇ ਤੱਥਾਂ ਤੋਂ ਬਾਅਦ ਵੀ ਕੋਈ ਗੁੰਜਾਇਸ਼ ਰਹਿ ਜਾਂਦੀ ਹੈ ਕਿ ਗ਼ਦਰੀ ਬਾਬੇ ਪੰਜਾਬ ਬਾਰੇ ਨਹੀਂ ਸਮੁੱਚੇ ਭਾਰਤ ਬਾਰੇ ਇਕ ਭਾਰਤੀ ਵਜੋਂ ਸੋਚ ਰਹੇ ਸਨ। ਉਨ੍ਹਾਂ ਦੀ ਇਹ ਸੋਚ ਸਬੱਬੀ ਨਹੀਂ ਬਣੀ ਸੀ ਨਾ ਹੀ ਲੇਖਕ ਅਨੁਸਾਰ ਇਹ ਗ਼ਦਰੀਆਂ ਦੇ ਸਿੱਖ ਹੋਣ ਕਰਕੇ 'ਦਿੱਬ ਦ੍ਰਿਸ਼ਟੀ' ਸੀ। ਗ਼ਦਰੀਏ ਇਸ ਤੱਥ ਤੋਂ ਜਾਣੂ ਸਨ ਕਿ ਪੰਜਾਬ ਦੇ ਬਰਤਾਨਵੀ ਬਸਤੀਵਾਦ ਦੇ ਮਿਲਾਵੇ ਤੋਂ ਬਾਅਦ ਈਸਟ ਇੰਡੀਆ ਕੰਪਨੀ ਦਾ ਅੰਤ ਕਰਕੇ ਸਮੁੱਚੇ ਹਿੰਦੁਸਤਾਨ ਉਪਰ ਸਾਮਰਾਜ ਨੇ ਆਪਣਾ ਕਬਜ਼ਾ ਕਰ ਲਿਆ ਹੈ। ਭਾਰਤ ਵਰਗੇ ਉਪ ਮਹਾਂਦੀਪ ਅੰਦਰ ਸਾਮੰਤਸ਼ਾਹੀ ਦਾ ਖ਼ਾਤਮਾ ਕਰਕੇ ਪੂਰੇ ਹਿੰਦੁਸਤਾਨ ਨੂੰ ਇਕ ਇਕਾਈ ਬਣਾ ਦਿੱਤਾ ਜਿਸ ਵਿਚ ਰਿਆਸਤਾਂ ਤਾਂ ਸਨ, ਪਰ ਉਹ ਬਰਤਾਨਵੀ ਬਸਤੀਵਾਦ ਦੇ ਹੁਕਮ ਤੋਂ ਬਾਹਰ ਨਹੀਂ ਸਨ ਸਗੋਂ ਉਸ ਦੇ ਤਹਿਤ ਹੀ ਸਨ। ਇਸ ਕਰਕੇ ਹਿੰਦੁਸਤਾਨ ਦੇ ਕਿਸੇ ਇਕ ਇਲਾਕੇ ਵਿਚ ਗੜਬੜ ਜਾਂ ਵਿਦਰੋਹ ਦੇ ਸਫ਼ਲ ਹੋਣ ਦਾ ਸੁਆਲ ਹੀ ਨਹੀਂ ਪੈਦਾ ਹੁੰਦਾ ਸੀ। ਹੁਣ ਤਾਂ ਸਮੁੱਚੇ ਭਾਰਤ ਅੰਦਰ ਲੜਾਈ ਰਾਸ਼ਟਰਵਾਦੀ ਏਕਤਾ ਰਾਹੀਂ ਹੀ ਸੰਭਵ ਸੀ, ਜਿਸ ਨੂੰ ਗ਼ਦਰੀਏ ਵਿਚਾਰਧਾਰਕ ਤੌਰ 'ਤੇ ਜਾਣਦੇ

ਸਨ। ਇਸ ਕਰਕੇ ਸਾਰੀਆਂ ਕੌਮੀਅਤਾਂ ਦੀ ਏਕਤਾ ਗ਼ਦਰ ਲਹਿਰ ਦਾ ਉਹ ਅਨਮੋਲ ਅਤੇ ਮੌਲਿਕ ਸਰੂਪ ਹੈ ਜਿਸ ਨੇ ਭਾਰਤੀ ਇਤਿਹਾਸ ਵਿਚ ਇਕ ਨਵੇਂ ਅਧਿਆਇ ਦਾ ਆਰੰਭ ਕੀਤਾ। ਇਸ ਤੋਂ ਪਹਿਲਾਂ ਭਾਰਤੀ ਰਾਜਨੀਤਕ ਇਤਿਹਾਸ ਵਿਚ ਰਾਸ਼ਟਰਵਾਦ ਦਾ ਅਜਿਹਾ ਰੂਪ ਕਿਧਰੇ ਵੀ ਦਿਖਾਈ ਨਹੀਂ ਦਿੰਦਾ। ਇਸ ਕਰਕੇ ਹੀ ਗ਼ਦਰ ਅਖ਼ਬਾਰ ਉਰਦੂ ਵਿਚ ਭਾਵੇਂ ਸ਼ੁਰੂ ਕੀਤਾ ਸੀ ਫਿਰ ਪੰਜਾਬੀ, ਪਸ਼ਤੋ, ਹਿੰਦੀ, ਗੁਜਰਾਤੀ ਤੇ ਅੰਗਰੇਜ਼ੀ ਵਿਚ ਵੀ ਛਪਿਆ ਹੈ। ਕੀ ਗ਼ਦਰ ਅਖ਼ਬਾਰ ਦਾ ਪੰਜਾਬੀ ਤੋਂ ਬਿਨਾਂ ਛਪਣਾ ਕੋਈ ਸਬੱਬੀ ਵਰਤਾਰਾ ਹੈ? ਇਹ ਅਜਿਹਾ ਨਹੀਂ ਹੈ ਕਿਉਂਕਿ ਗ਼ਦਰੀਆਂ ਸਾਹਮਣੇ ਸਮੁੱਚੇ ਭਾਰਤ ਦਾ ਨਕਸ਼ਾ ਸੀ। ਸਮੁੱਚੇ ਭਾਰਤ ਵਿਚ ਪੰਜਾਬੀਆਂ ਤੋਂ ਬਿਨਾਂ ਹੋਰ ਕੌਮੀਅਤਾਂ ਵੀ ਵਸਦੀਆਂ ਸਨ, ਜਿੰਨਾਂ ਨੂੰ ਗ਼ਦਰੀ ਸੰਬੋਧਤ ਹੋਣਾ ਚਾਹੁੰਦੇ ਸਨ ਅਤੇ ਇਸ ਯਤਨ ਰਾਹੀਂ ਆਪਣੀ ਸਮਰੱਥਾ ਅਨੁਸਾਰ ਕਿਰਿਆਸ਼ੀਲ ਵੀ ਹੋਏ। ਇਨ੍ਹਾਂ ਯਤਨਾਂ ਦੇ ਸਦਕਾ ਅਤੇ ਸਮੁੱਚੀਆਂ ਕੌਮੀਅਤਾਂ ਦੇ ਸਦਕਾ ਹੀ ਉਸ ਸਮੇਂ ਅਮਰੀਕਾ ਵਿਚ ਗਏ ਹੋਰਨਾਂ ਕੌਮੀਅਤਾਂ ਦੇ ਲੋਕ ਇਸ ਵਿਚ ਸ਼ਾਮਲ ਹੋਏ। ਵਿਸ਼ਨੂੰ ਗਣੇਸ਼ ਪਿੰਗਲੇ ਪਹਿਲੇ ਲਾਹੌਰ ਸਾਜਿਸ਼ ਕੇਸ ਵਿਚ ਕਰਤਾਰ ਸਿੰਘ ਸਰਾਭਾ ਹੁਰਾਂ ਨਾਲ ਫਾਂਸੀ ਚੜ੍ਹਨ ਵਾਲਾ ਮਰਹੱਟਾ ਸੀ। ਇਉਂ ਗ਼ਦਰ ਲਹਿਰ ਦਾ ਇਹ ਤੱਥ ਕਿਸੇ ਵੀ ਤਰ੍ਹਾਂ ਦੇ ਭਰਮ ਤੋਂ ਮੁਕਤ ਕਰਾ ਦਿੰਦਾ ਹੈ।

ਗ਼ਦਰ ਲਹਿਰ ਦਾ ਦੂਸਰਾ ਇਤਿਹਾਸਕ ਤੱਥ ਧਰਮ-ਨਿਰਪੱਖਤਾ ਦਾ ਤੱਥ ਹੈ। ਗ਼ਦਰ ਲਹਿਰ ਦਾ ਇਹ ਤੱਥ ਐਨਾ ਸੁਚੇਤ ਤੱਥ ਹੈ ਕਿ ਗ਼ਦਰ ਲਹਿਰ ਨੇ ਇਸ ਨੂੰ ਆਪਣੀ ਵਿਸ਼ੇਸ਼ ਰਣਨੀਤੀ ਵਜੋਂ ਆਪਣਾਇਆ। ਉਸ ਸਮੇਂ ਗ਼ਦਰ ਲਹਿਰ ਵਿਚ ਇਹ ਦੂਸਰਾ ਆਧੁਨਿਕ ਲੱਛਣ ਸੀ ਜੋ ਸਮੁੱਚੇ ਭਾਰਤੀਆਂ ਨੂੰ ਉਨ੍ਹਾਂ ਦੀ ਸੌੜੀ ਧਰਮ ਦੀ ਵਲਗਣ ਵਿਚੋਂ ਨਿਕਲਣ ਲਈ ਵੰਗਾਰ ਰਿਹਾ ਸੀ। ਫ਼ਿਰਕਾਪ੍ਰਸਤੀ ਅਤੇ ਇਲਾਕਾਵਾਦ ਤੋਂ ਉਪਰ ਉੱਠਣਾ ਉਨ੍ਹਾਂ ਨੂੰ ਅਮਰੀਕਾ ਦੇ ਆਜ਼ਾਦ ਸਮਾਜ ਤੋਂ ਪ੍ਰਾਪਤ ਹੋਇਆ ਸੂਝ ਦਾ ਮਾਡਲ ਸੀ ਜਿਸ ਕਰਕੇ ਉਹ ਭਾਰਤੀਆਂ ਦੀ ਤੀਹ ਕਰੋੜ ਦੀ ਵਸੋਂ ਨੂੰ ਆਪਣੀ ਮੰਨਦੇ ਸਨ। ਉਨ੍ਹਾਂ ਨੇ ਕਿਧਰੇ ਵੀ ਪੰਜਾਬੀ ਜਾਂ ਸਿੱਖ ਹੋਣ ਦੀ ਗੱਲ ਨਹੀਂ ਕੀਤੀ ਸਗੋਂ ਹਮੇਸ਼ਾ ਆਪਣੇ ਆਪ ਨੂੰ ਕੌਮੀ ਕਹਿੰਦੇ ਰਹੇ ਅਤੇ ਕੌਮੀ ਹੋਣ ਦਾ ਸੱਚਾ ਸੁਥਰਾ ਵਿਹਾਰ ਕਰਦੇ ਰਹੇ। ਗ਼ਦਰੀਏ ਐਨੇ ਸਪੱਸ਼ਟ ਸਨ ਕਿ ਉਹ ਜਾਣਦੇ ਸਨ ਕਿ ਸ਼ਕਤੀਸ਼ਾਲੀ ਬਰਤਾਨਵੀ ਸਾਮਰਾਜ ਨਾਲ ਧਾਰਮਕ ਜਜ਼ਬੇ ਨਾਲ ਨਹੀਂ ਲੜਿਆ ਜਾ ਸਕਦਾ ਸਗੋਂ ਆਧੁਨਿਕ ਵਿਚਾਰ ਸ਼ਕਤੀ ਨਾਲ ਲੜਿਆ ਜਾ ਸਕਦਾ ਹੈ। ਇਹ ਵਿਚਾਰ ਸ਼ਕਤੀ ਧਰਮ ਨਿਰਪੱਖਤਾ ਤੋਂ ਬਿਨਾਂ ਸੰਭਵ ਹੀ ਨਹੀਂ ਸੀ। ਇਸੇ ਕਰਕੇ ਉਨ੍ਹਾਂ ਨੇ ਗ਼ਦਰ ਦੇ ਮੰਚ ਤੋਂ ਧਰਮ ਬਾਰੇ ਚਰਚਾ ਕਰਨੀ ਸਖ਼ਤੀ ਨਾਲ ਬੰਦ ਕੀਤੀ ਸੀ। ਗ਼ਦਰ ਲਹਿਰ ਦੀ ਸਮੁੱਚੀ ਵਾਰਤਕ ਵਿਚ ਸਿਰਫ਼ ਦੋ ਲੇਖ ਧਰਮ ਸੰਬੰਧੀ ਮਿਲਦੇ ਹਨ, ਉਹ ਲੇਖ ਵੀ ਗ਼ਦਰ ਲਹਿਰ ਦੀ ਵਿਚਾਰਧਾਰਾ ਦਾ ਸੰਚਾਰ ਕਰਨ ਵਾਲੇ ਹਨ। ਗ਼ਦਰ ਲਹਿਰ ਦੀ ਸਮੁੱਚੀ ਕਵਿਤਾ ਵਿਚ ਧਰਮ-ਨਿਰਲੇਪਤਾ ਦਾ ਸੰਦੇਸ਼ ਹੈ। ਪਰੰਤੂ ਲੇਖਕ ਇਨ੍ਹਾਂ ਇਤਿਹਾਸਕ ਤੱਥਾਂ 'ਤੇ ਵਿਸ਼ਵਾਸ ਨਹੀਂ ਕਰਦਾ ਸਗੋਂ ਆਪਣੇ ਕੋਲੋਂ ਅਜਿਹੇ ਤਰਕਾਂ ਦੀ ਸਿਰਜਣਾ ਕਰ ਲੈਂਦਾ ਹੈ ਜਿਹੜੇ ਅੰਤਰਮੁਖੀ ਅਤੇ ਮਨਇੱਛਤ ਤਾਂ ਹਨ ਹੀ ਪਰੰਤੂ ਉਹ ਗ਼ਦਰ ਲਹਿਰ ਵਿਰੋਧੀ ਵੀ ਹਨ। ਉਹ ਗ਼ਦਰ ਲਹਿਰ ਦਾ ਅੰਤਰ ਇਸ ਧਾਰਨਾ ਤਹਿਤ ਕਰਦਾ ਹੈ, "ਗ਼ਦਰ ਲਹਿਰ ਉਤੇ ਟੀਕਾ ਟਿੱਪਣੀ ਕਰਨ ਵਾਲੇ ਵਿਦਵਾਨਾਂ ਦੀ ਸੀਮਾ ਇਹ ਹੈ ਕਿ ਉਹ ਗ਼ਦਰੀਆਂ ਦੀਆਂ ਸਰਗਮੀਆਂ ਨੂੰ ਹਥਿਆਰਬੰਦ ਬਗਾਵਤ ਬਾਰੇ ਆਮ ਤੇ ਮੁਰਦਾ ਵਿਚਾਰਾਂ, ਜੋ ਉਨ੍ਹਾਂ ਨੇ ਕਿਤਾਬਾਂ ਵਿਚੋਂ ਪੜ੍ਹੇ ਹੁੰਦੇ ਨੇ, ਦੀ ਰੌਸ਼ਨੀ ਵਿਚ ਰੱਖਕੇ ਅੰਗਦੇ/ਪੜਚੋਲਦੇ ਹਨ। ਜਦੋਂ ਕਿ ਗ਼ਦਰੀਆਂ ਨੇ ਅਜਿਹੇ ਸਰਬ ਵਿਆਪੀ ਸਿਧਾਂਤ ਨਹੀਂ ਪੜ੍ਹੇ ਸਨ ਅਤੇ ਉਨ੍ਹਾਂ ਨੂੰ ਰੌਸ਼ਨੀ ਕਿਸੇ ਹੋਰ ਮੰਡਲ ਤੋਂ ਪ੍ਰਾਪਤ ਹੋ ਰਹੀ ਸੀ। ਉਹ ਤਰਕਸ਼ੀਲ ਗਿਆਨ ਦੀ ਬਜਾਇ ਆਪਣੀ ਅੰਤਰ-ਪ੍ਰੇਰਨਾ (intution) ਦੇ ਬਲਬੂਤੇ ਲੜੇ, ਜਿਹੜੇ ਲੇਖਕ ਨੂੰ ਗ਼ਦਰੀ ਬਾਬਿਆਂ ਦੀ ਇਸ ਅੰਤਰਮੁਖੀ ਵਿਸ਼ੇਸ਼ਤਾ ਦੀ ਸਮਝ ਨਹੀਂ, ਉਹ ਉਨ੍ਹਾਂ ਦੇ ਬਾਹਰੀ ਅਮਲਾਂ ਨੂੰ ਠੀਕ ਅਰਥਾਂ ਵਿਚ ਨਹੀਂ ਸਮਝ ਸਕਦਾ, ਉਹ ਗ਼ਦਰੀਆਂ ਦਾ ਪ੍ਰਸ਼ੰਸਕ ਹੋਵੇ ਜਾਂ ਨਿੰਦਕ।"[5] ਉਸ ਦੇ ਇਸ ਕਥਨ ਨਾਲ ਮਾਮਲਾ ਹੀ ਖ਼ਤਮ ਹੋ ਜਾਂਦਾ ਹੈ ਕਿ ਤੁਸੀਂ ਜੇ ਗ਼ਦਰ ਲਹਿਰ ਨੂੰ ਸਮਝਣਾ ਹੈ ਤਾਂ ਤਰਕਸ਼ੀਲ ਗਿਆਨ ਦੀ ਬਜਾਇ ਅੰਤਰ ਪ੍ਰੇਰਨਾ ਰਾਹੀਂ ਸਮਝੋ। ਸਮਾਜਕ ਅਤੇ ਰਾਜਸੀ ਮਸਲੇ ਅੰਤਰਮੁਖਤਾ ਨਾਲ ਨਹੀਂ ਬਾਹਰਮੁਖਤਾ ਨਾਲ ਹੀ ਸਮਝੇ ਜਾ ਸਕਦੇ ਹਨ। ਦੂਸਰਾ ਗ਼ਦਰੀਆਂ ਨੂੰ ਇਹ ਕਹਿਣਾ ਕਿ ਉਹ ਆਪਣੀ ਅੰਤਰ ਪ੍ਰੇਰਨਾ ਦੇ ਬਲਬੂਤੇ ਲੜੇ, ਇਹ ਸਰਾਸਰ ਜ਼ਿਆਦਤੀ ਹੈ। ਅਰੰਭਲੇ ਸਮੇਂ ਦੇ ਗ਼ਦਰ ਦੇ ਪਰਚੇ ਪੜ੍ਹਕੇ ਇਹ ਸਿੱਧ ਹੋ ਜਾਂਦਾ ਹੈ ਕਿ ਗ਼ਦਰ ਲਹਿਰ ਦੇ ਕਾਰਜਕਰਤਾ ਕਿੰਨੇ ਸੂਝਵਾਨ ਸਨ ਜਿਹੜੇ ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ ਅੰਕੜਿਆਂ ਤਹਿਤ ਪੇਸ਼ ਕਰਦੇ ਸਨ। ਗ਼ਦਰੀ ਬਾਬਿਆਂ ਦੀ ਇਹ ਹੇਠੀ ਕਰਨਾ ਹੈ ਕਿ ਉਹ ਅੰਤਰ ਪ੍ਰੇਰਨਾ ਦੇ ਬਲਬੂਤੇ ਲੜ ਗਏ, ਜਿਹੜੇ ਉਸ ਸਮੇਂ ਦੇ ਵਿਕਸਤ ਵਿਚਾਰ ਰਾਸ਼ਟਰਵਾਦ ਅਤੇ ਧਰਮ ਨਿਰਪੱਖਤਾ ਨੂੰ ਪ੍ਰਣਾਏ ਹੋਏ ਸਨ। ਗ਼ਦਰ ਲਹਿਰ ਨੂੰ ਤਰਕਸ਼ੀਲ ਗਿਆਨ ਤੋਂ ਕੋਰੇ ਕਹਿਣਾ ਗ਼ਦਰੀ ਬਾਬਿਆਂ ਦੀ ਸਮੁੱਚੀ ਕੁਰਬਾਨੀ ਨੂੰ ਦਾਗ਼ਦਾਰ ਕਰਨਾ ਹੈ। ਗ਼ਦਰ ਲਹਿਰ ਦੇ ਆਰ-ਪਾਰ ਝਾਕਿਆਂ ਇਕ ਵੀ ਤੱਥ ਨਹੀਂ ਮਿਲਦਾ, ਜਿੱਥੇ ਉਨ੍ਹਾਂ ਨੇ ਇਹ ਸੰਕੇਤ ਕੀਤਾ ਹੋਵੇ ਕਿ ਉਹ ਆਪਣੀ ਦਿੱਬ ਦ੍ਰਿਸ਼ਟੀ ਜਾਂ ਕਿਸੇ ਅਗੰਮੀ ਸ਼ਕਤੀ ਦੀ ਪ੍ਰੇਰਨਾ ਨਾਲ ਲੜੇ ਹੋਣ। ਅਜਿਹਾ ਕਰਦਿਆਂ ਲੇਖਕ ਸਮੁੱਚੀ ਗ਼ਦਰ ਲਹਿਰ ਨੂੰ ਉਸ ਦੀ ਇਤਿਹਾਸਕਤਾ ਅਤੇ ਵਿਚਾਰਧਾਰਕ ਦ੍ਰਿਸ਼ਟੀ ਤੋਂ ਵਿਯੋਗ ਕੇ ਉਸ ਨੂੰ ਕਿਸੇ ਉਚੇ ਨਛੱਤਰੀ ਵਸਦੀ ਸ਼ਕਤੀ ਦੇ ਹੱਥਾਂ ਵਿਚ ਅਮੂਰਤ ਸ਼ੈਅ ਬਣਾ ਦਿੰਦਾ ਹੈ। ਹਾਲਾਂਕਿ ਇਤਿਹਾਸ ਵਿਚ ਮੰਨ ਕੇ (Assume) ਨਹੀਂ ਚੱਲਿਆ ਜਾਂਦਾ ਪਰੰਤੂ ਜੇ ਲੇਖਕ ਦੀ ਇਸ ਇੱਛਾਮੂਲਕ ਧਾਰਨਾ ਨੂੰ ਇਕ ਪਲ ਲਈ ਮੰਨ ਵੀ ਲਈਏ ਤਾਂ ਗ਼ਦਰ ਲਹਿਰ ਦਾ ਭਾਈ ਮਹਾਰਾਜ ਸਿੰਘ ਅਤੇ ਨਾਮਧਾਰੀ ਲਹਿਰ ਨਾਲ ਅੰਤਰ ਨਿਖੇੜ ਕਰਨਾ ਮੁਸ਼ਕਲ ਹੈ। ਗ਼ਦਰ ਲਹਿਰ ਦੀ ਜੇ ਇਤਿਹਾਸਕ ਮਹੱਤਤਾ ਹੈ ਤਾਂ ਉਹ ਇਥੇ ਹੀ ਨਿਸ਼ਚਿਤ ਹੈ ਕਿ ਇਹ ਰਾਸ਼ਟਰਵਾਦੀ ਧਰਮ ਨਿਰਪੱਖ ਲਹਿਰ ਸੀ ਜਿਸ ਕੋਲ ਇਕ ਕੌਮੀ ਰਾਜ ਦਾ ਸੁਪਨਾ ਸੀ। ਗ਼ਦਰੀਆਂ ਦਾ ਇਹ ਕਹਿਣਾ :–

ਨਵਾਂ ਰੂਪ ਰਚਣਾ ਹਿੰਦ ਦੇ ਸਮਾਜ ਦਾ
ਤੁਖ਼ਮ ਉਡਾਉਣਾ ਜ਼ਾਲਮਾਂ ਦੇ ਰਾਜ ਦਾ।

ਇਹ ਮਹਿਜ਼ ਕਵਿਤਾ ਦੀਆਂ ਸਤਰਾਂ ਨਹੀਂ, ਉਸ ਕੌਮੀ ਰਾਜ ਦਾ ਸੁਪਨਾ ਹੈ ਜਿਹੜਾ ਹਿੰਦ ਦਾ ਨਵਾਂ ਰੂਪ ਰਚਣ ਦੀ ਇੱਛਾ ਨਾਲ ਵਰੋਸਾਇਆ ਹੈ। ਇਹ ਨਵਾਂ ਰੂਪ ਧਰਮ ਨਿਰਪੱਖ 'ਪੰਚਾਇਤ ਰਾਜ' ਦਾ ਹੈ ਨਾ ਕਿ ਫਿਊਡਲ ਸੌਵਰਨਿਟੀ ਦਾ।

ਸੁਆਲ ਇਹ ਉੱਠਦਾ ਹੈ ਕਿ ਲੇਖਕ ਸਧਾਰਨ ਪਾਠਕ ਲਈ ਲਿਖੀ ਜਾ ਰਹੀ ਪੁਸਤਕ ਵਿਚ ਹਿੰਦੂ ਸਿੱਖ ਦੀ ਵੰਡ ਕਿਉਂ ਖੜ੍ਹੀ ਕਰਦਾ ਹੈ? ਇਸ ਦਾ ਵਿਸਤ੍ਰਿਤ ਜਵਾਬ ਉਸ ਦੀਆਂ ਪਹਿਲੀਆਂ ਤਿੰਨ ਪੁਸਤਕਾਂ ਵਿਚ ਸ਼ਾਮਲ ਹੈ। ਇਨ੍ਹਾਂ ਤਿੰਨਾਂ ਪੁਸਤਕਾਂ ਬਾਰੇ ਲੰਮਾ ਚੌੜਾ ਸੰਵਾਦ ਅਮੋਲਕ ਸਿੰਘ ਅਤੇ ਗੁਰਦਿਆਲ ਬੱਲ ਦੁਆਰਾ ਸੰਪਾਦਤ ਪੁਸਤਕ 'ਸਿੱਖ ਕੌਮ: ਹਸਤੀ ਤੇ ਹੋਣੀ' ਵਿਚ ਸ਼ਾਮਲ ਹੈ। ਉਸ ਸਾਰੇ ਸੰਵਾਦ ਵਿਚੋਂ ਲੇਖਕ ਗ਼ੈਰ-ਹਾਜ਼ਰ ਰਹਿੰਦਾ ਹੈ। ਕਿਧਰੇ ਵੀ ਉਸ ਨੇ ਆਪਣੇ ਕੀਤੇ ਸਿੱਖ ਵਿਸ਼ਲੇਸ਼ਣ ਦਾ ਨਾ ਜਵਾਬ ਦਿੱਤਾ ਅਤੇ ਨਾ ਸਪੱਸ਼ਟੀਕਰਨ ਦਿੱਤਾ। ਉਸ 520 ਸਫ਼ਿਆਂ ਦੀ ਪੁਸਤਕ ਵਿਚ ਲੇਖਕ ਨੂੰ ਥਾਂ-ਪੁਰ-ਥਾਂ ਅਨੇਕ




ਸੁਆਲ ਕੀਤੇ ਗਏ ਪਰ ਉਸ ਨੇ ਕਿਧਰੇ ਵੀ ਸੰਵਾਦ ਨਹੀਂ ਰਚਾਇਆ। ਇਹ ਆਪਣੇ ਆਪ ਵਿਚ ਹੀ ਬਹੁਤ ਵੱਡਾ ਸੁਆਲ ਹੈ ਕਿ ਲੇਖਕ ਦੀ ਲਿਖਤ ਬਾਰੇ ਸੁਆਲ ਉੱਠਣ ਤੇ ਉਹ ਮੋਨ ਧਾਰ ਲਵੇ। ਇਥੋਂ ਲੇਖਕ ਦੀ ਸ਼ਖ਼ਸੀਅਤ ਬਾਰੇ ਅਨੇਕਾਂ ਸੰਦੇਹ ਉਤਪੰਨ ਹੋ ਜਾਂਦੇ ਹਨ। ਉਸ ਸੰਵਾਦ ਵਿਚ ਸ਼ਾਮਲ ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਨੇ ਲੇਖਕ ਨੂੰ ਸੁਆਲ ਕੀਤਾ ਸੀ। ਉਹ ਸੁਆਲ ਉਸ ਦੀ ਇਹ ਪੁਸਤਕ 'ਗ਼ਦਰੀ ਬਾਬੇ ਕੌਣ ਸਨ?' ਸੰਬੰਧੀ ਵੀ ਸਾਰਥਕ ਹੈ। "ਜੇ ਅਜਮੇਰ ਸਿੰਘ ਸਿੱਖਾਂ ਵਾਸਤੇ ਲਿਖ ਰਿਹਾ ਹੈ ਤਾਂ ਇਹ ਤਾਂ ਦੱਸਣਾ ਹੀ ਪਵੇਗਾ ਕਿ ਕਿਹੜੇ ਸਿੱਖਾਂ ਵਾਸਤੇ ਕੀ ਲਿਖ ਰਿਹਾ ਹੈ? ਜਿਹੜੀ ਨਫ਼ਰਤ ਲੇਖਕ ਬੀਜ ਰਿਹਾ ਹੈ, ਇਸ ਨੂੰ ਪਾਲਣਾ ਕਿਹਨੇ ਹੈ, ਵੱਢਣਾ ਕਿਸ ਨੇ ਹੈ ਅਤੇ ਵੇਚਣਾ ਕਿਸ ਨੂੰ ਹੈ? ਲੇਖਕ ਦੀਆਂ ਪੁਸਤਕਾਂ ਜਿਹੋ ਜਿਹੇ ਸਵਾਲ ਪੈਦਾ ਕਰਦੀਆਂ ਹਨ, ਉਨ੍ਹਾਂ ਦੇ ਉਤਰ ਪੁਸਤਕਾਂ ਵਿਚੋਂ ਨਹੀਂ ਮਿਲਦੇ। ਬਸ ਇਕ ਹੀ ਨਿਰਦੇਸ਼ ਮਿਲਦਾ ਹੈ ਕਿ ਮਰੋ ਜਾਂ ਮਾਰ ਦਿਉ? ਇਸ ਯੁੱਗ ਵਿਚ ਤਾਂ ਕੀ, ਕਿਸੇ ਵੀ ਸਮੇਂ ਇਹੋ ਜਿਹੀ ਉਲਾਰ ਸੋਚ ਦਾ ਸਿੱਖ ਧਰਮ ਨੇ ਸਮਰਥਨ ਨਹੀਂ ਕੀਤਾ।"[6] ਇਉਂ ਲੇਖਕ ਦੀ ਉਲਾਰ ਸੋਚ ਗ਼ਦਰ ਲਹਿਰ ਬਾਰੇ ਹੀ ਨਹੀਂ ਸਗੋਂ ਜੋ ਸਿੱਖੀ ਸੰਬੰਧੀ ਤਿੰਨ ਪੁਸਤਕਾਂ ਲਿਖੀਆਂ ਹਨ, ਉਨ੍ਹਾਂ ਵਿਚ ਵੀ ਉਹ ਉਲਾਰ, ਤੱਥ ਰਹਿਤ ਅਤੇ ਪ੍ਰਸੰਗ ਵਿਹੂਣੇ ਪ੍ਰਵਚਨ ਵਿਚ ਵਿਅਸਤ ਹੈ। ਸਿੱਖ ਸਿਧਾਂਤਾਂ ਸਬੰਧੀ ਕੱਟੜ-ਸੂਝ ਵਾਲੇ ਨਹੀਂ ਸਗੋਂ ਵਿਵੇਕੀ ਸੂਝ ਰੱਖਣ ਵਾਲੇ ਹਲਕਿਆਂ ਨੇ ਉਸ ਨੂੰ ਰੱਦ ਕੀਤਾ ਹੈ। ਗ਼ਦਰ ਲਹਿਰ ਬਾਰੇ ਕੀਤਾ ਗਿਆ ਵਿਸ਼ਲੇਸ਼ਣ ਵੀ ਦੋਸ਼ ਮੁਕਤ ਨਹੀਂ ਹੈ।

ਲੇਖਕ ਆਪਣੀ ਪੁਸਤਕ ਵਿਚ ਗ਼ਦਰੀ ਬਾਬਿਆਂ ਦੇ ਧਾਰਮਕ ਵਿਸ਼ਵਾਸਾਂ ਦੀ ਲੰਮੀ ਚੌੜੀ ਵਿਆਖਿਆ ਕਰਦਾ ਹੈ। ਬਾਬਾ ਸੋਹਣ ਸਿੰਘ ਭਕਨਾ ਦੀ ਸਵੈ-ਜੀਵਨੀ 'ਮੇਰੀ ਰਾਮ ਕਹਾਣੀ' ਨੂੰ ਜਿਵੇਂ ਪ੍ਰਸੰਗ ਵਿਹੂਣਾ ਵਰਤਿਆ ਹੈ, ਉਹ ਬੌਧਿਕ ਅਨਾਚਾਰ ਹੈ। ਲੇਖਕ ਬਾਬਾ ਭਕਨੇ ਦੇ ਹਵਾਲੇ ਨਾਲ ਕਹਿੰਦਾ ਹੈ, "ਅੰਮ੍ਰਿਤਸਰ ਸਟੇਸ਼ਨ ਪੁਰ ਅਮਰੀਕਾ ਨੂੰ ਜਾਣ ਵਾਲੇ ਅਸੀਂ ਪੰਜ ਸਿੰਘ ਵੱਖਰੇ ਵੱਖਰੇ ਪਿੰਡਾਂ ਤੋਂ ਆ ਕੇ ਇਕੱਠੇ ਹੋਏ' ਤਾਂ ਇਸ ਤੋਂ ਪਤਾ ਚੱਲਦਾ ਹੈ ਕਿ ਉਨ੍ਹਾਂ ਅੰਦਰ ਆਪਣੀ ਸਿੱਖ ਪਛਾਣ ਦਾ ਅਹਿਸਾਸ ਕਿੰਨਾ ਕੁਦਰਤੀ ਤੇ ਡੂੰਘਾ ਸੀ। ਇਹ ਸੱਚਾਈ ਸਾਰੇ ਬਾਬਿਆਂ ਦੀਆਂ ਲਿਖਤਾਂ 'ਚੋਂ ਪ੍ਰਗਟ ਹੁੰਦੀ ਹੈ।"[7] ਬਾਬਾ ਭਕਨਾ ਦੀ ਸਹਿਜ ਭਾ ਕਹੀ ਗੱਲ ਕੁਦਰਤੀ ਅਤੇ ਡੂੰਘੇ ਅਹਿਸਾਸ ਵਾਲੀ ਹੋ ਗਈ ਪਰੰਤੂ ਜਿੰਨਾਂ ਉਦੇਸ਼ਾਂ ਦੀ ਖ਼ਾਤਰ ਆਪਣੀਆਂ ਜ਼ਿੰਦਗੀਆਂ ਕਾਲੇ ਪਾਣੀਆਂ ਵਿਚ ਰੋਲ ਦਿੱਤੀਆਂ, ਉਨ੍ਹਾਂ ਪ੍ਰਤੀ ਦ੍ਰਿਸ਼ਟੀ 'ਘੋਖਵੀਂ ਅਤੇ ਸੋਚਵੀਂ' ਹੋਵੇ। ਕਿਉਂ? ਕਿਉਂ ਹੋਵੇ? ਇਸ ਲਈ ਕਿਉਂਕਿ ਉਨ੍ਹਾਂ ਉਦੇਸ਼ਾਂ ਕਰਕੇ ਗ਼ਦਰੀ ਬਾਬੇ ਸਿੱਖ ਨਹੀਂ ਬਣਦੇ। ਇਥੇ ਮਹੱਤਵਪੂਰਨ ਮਸਲਾ ਸਿੱਖ ਅਕੀਦੇ ਅਤੇ ਸਿੱਖ ਦ੍ਰਿਸ਼ਟੀ ਦਾ ਹੈ। ਸਿੱਖ ਅਕੀਦਾ ਅਧਿਆਤਮਕ ਖੇਤਰ ਨਾਲ ਸਬੰਧਿਤ ਹੈ ਅਤੇ ਸਿੱਖ ਦ੍ਰਿਸ਼ਟੀ ਜੀਵਨ ਵਿਹਾਰ ਨਾਲ ਸਬੰਧਿਤ ਹੈ। ਕੁਝ ਗ਼ਦਰੀ (ਸਾਰੇ ਨਹੀਂ) ਨਿਰਸੰਦੇਹ ਸਿੱਖ ਅਕੀਦੇ ਵਾਲੇ ਸਨ ਪਰੰਤੂ ਸਿੱਖ ਅਕੀਦੇ ਕਰਕੇ ਉਨ੍ਹਾਂ ਨੂੰ ਇਸ ਮਸਲੇ ਨਾਲ ਸਬੰਧਿਤ ਕਰ ਦੇਣਾ ਕਿ ਉਨ੍ਹਾਂ ਗ਼ਦਰ ਲਹਿਰ ਅੰਦਰ ਸਿੱਖੀ ਦੀ ਲੜਾਈ ਲੜੀ ਹੋਵੇ ਅਜਿਹਾ ਕੋਈ ਵੀ ਪ੍ਰਮਾਣ ਨਹੀਂ ਮਿਲਦਾ। ਜੇਲ੍ਹਾਂ ਅੰਦਰ ਵੀ ਇਹ ਸਿੱਖ ਅਕੀਦਾ ਉਨ੍ਹਾਂ ਦਾ ਨਿੱਜੀ ਮਸਲਾ ਰਹਿੰਦਾ ਹੈ। ਇਸ ਸੰਬੰਧੀ ਬਾਬਾ ਭਕਨਾ ਦਾ ਆਪਣਾ ਬਿਆਨ ਪੜ੍ਹੋ, "ਉਸ ਸਮੇਂ ਤੱਕ ਸਰਕਾਰ ਨੇ ਕੈਦੀਆਂ ਦੇ ਧਾਰਮਕ ਹੱਕਾਂ ਦੀ ਰਾਖੀ ਦੀ ਜ਼ਿੰਮੇਵਾਰੀ ਲੈ ਲਈ ਸੀ ਅਤੇ ਸਿੱਖਾਂ ਨੂੰ ਪਗੜੀਆਂ ਤੇ ਕੱਛੇ ਮਿਲ ਗਏ ਸਨ, ਪਰ ਬੰਬਈ ਸੂਬੇ ਵਿਚ ਸਿੱਖਾਂ ਦੀ ਧਾਰਮਕ ਰਹਿਤ ਬਾਰੇ ਜੇਲ੍ਹ ਅਧਿਕਾਰੀਆਂ ਨੂੰ ਕੋਈ ਇਲਮ ਨਹੀਂ ਸੀ। ਉਹ ਸਿੱਖਾਂ ਨੂੰ ਵੀ ਟੋਪੀਆਂ ਹੀ ਦਿੰਦੇ ਸਨ ਜਦੋਂ ਅਸੀਂ ਜੇਲ੍ਹ ਵਿਚ ਪਹੁੰਚੇ ਤਾਂ ਸਾਡੀਆਂ ਪੱਗਾਂ ਤੇ ਕੱਛੇ ਜ਼ਬਰਦਸਤੀ ਉਤਰਵਾ ਦਿੱਤੇ। ਮੈਂ ਜੇਲ੍ਹ ਸੁਪਰਡੈਂਟ ਕੋਲ ਸ਼ਿਕਾਇਤ ਕੀਤੀ। ਉਸ ਨੇ ਜਵਾਬ ਦਿੱਤਾ ਕਿ ਸਾਨੂੰ ਸਰਕਾਰ ਵੱਲੋਂ ਅਜਿਹਾ ਕੋਈ ਹੁਕਮ ਨਹੀਂ ਹੈ ਕਿ ਤੁਹਾਨੂੰ ਟੋਪੀਆਂ ਤੇ ਜੇਲ੍ਹ ਦੇ ਹੋਰ ਕੱਪੜੇ ਪਹਿਨਣ ਤੋਂ ਛੋਟ ਹੈ। ਮੈਂ ਉਸ ਨੂੰ ਕਿਹਾ ਕਿ ਇਸ ਦਾ ਨਤੀਜਾ ਭੁੱਖ ਹੜਤਾਲ 'ਚ ਨਿਕਲੇਗਾ। ਉਸ ਨੇ ਕਿਹਾ ਕਿ ਮੈਂ ਆਈ.ਜੀ. ਨੂੰ ਪੁੱਛ ਲੈਂਦਾ ਹਾਂ। ਬਾਅਦ 'ਚ ਉਸ ਨੇ ਕਿਹਾ ਕਿ ਆਈ. ਜੀ. ਕਹਿੰਦੇ ਹਨ ਕਿ ਤੁਹਾਨੂੰ ਟੋਪੀਆਂ ਦਿੱਤੀਆਂ ਜਾਣ। ਸੋ ਮੈਂ ਆਪਣੇ ਧਾਰਮਕ ਹੱਕ ਲਈ ਹੜਤਾਲ ਕਰ ਦਿੱਤੀ। ਮੇਰੇ ਤੋਂ ਬਾਅਦ ਵੀ ਜਿਹੜੇ ਲੋਕ ਆਏ, ਉਨ੍ਹਾਂ ਨਾਲ ਵੀ ਇਹੀ ਸਲੂਕ ਕੀਤਾ ਗਿਆ ਅਤੇ ਉਹ ਵੀ ਭੁੱਖ ਹੜਤਾਲ ਵਿਚ ਸ਼ਾਮਲ ਹੁੰਦੇ ਗਏ। ਅਸੀਂ ਕੁੱਲ ਮਿਲਾ ਕੇ 15 ਆਦਮੀ ਹੋ ਗਏ, ਜਿਹਨਾਂ ਵਿਚ ਪਰਮਾਨੰਦ ਝਾਂਸੀ ਅਤੇ ਹਿਰਦੇ ਰਾਮ ਵੀ ਸ਼ਾਮਲ ਸੀ। ਅਸੀਂ ਉਨ੍ਹਾਂ ਨੂੰ ਬਥੇਰਾ ਕਿਹਾ ਕਿ ਇਹ ਸਾਡਾ ਮਜ਼ਬੀ ਮਾਮਲਾ ਹੈ, ਤੁਸੀਂ ਤਕਲੀਫ਼ ਨਾ ਕਰੋ, ਪਰ ਦੇਸ਼ ਭਗਤਾਂ ਨੇ ਪਿੱਛੇ ਰਹਿਣਾ ਗਵਾਰਾ ਨਾ ਕੀਤਾ।"[8] ਇਥੇ ਏਨਾ ਯਾਦ ਰਹਿਣਾ ਚਾਹੀਦਾ ਹੈ ਕਿ 1922 ਵਿਚ ਜਦ ਸੁੰਦਰ ਸਿੰਘ ਮਜੀਠੀਆ ਪੰਜਾਬ ਦੇ ਰੈਵਿਨਿਊ ਮੰਤਰੀ ਬਣੇ ਤੇ ਉਹ ਜੇਲ੍ਹਾਂ ਦੇ ਇੰਚਾਰਜ ਵੀ ਸਨ। ਉਨ੍ਹਾਂ ਨੇ ਸਿੱਖਾਂ ਨੂੰ ਜੇਲ੍ਹਾਂ ਵਿਚ ਟੋਪੀਆਂ ਦੀ ਥਾਵੇਂ ਪੱਗਾਂ ਦੇਣ ਦਾ ਹੁਕਮ ਦੇ ਕੇ ਇਸ ਮਸਲੇ ਦਾ ਹੱਲ ਕੀਤਾ ਸੀ। ਗ਼ਦਰੀ ਬਾਬਿਆਂ ਨੇ ਇਸ ਹੱਕ ਅਧੀਨ ਹੀ ਦਸਤਾਰਾਂ ਅਤੇ ਕਛਹਿਰਿਆਂ ਦੀ ਲੜਾਈ ਲੜੀ ਸੀ ਪਰੰਤੂ ਇਸ ਲੜਾਈ ਨਾਲ ਗ਼ਦਰ ਲਹਿਰ ਸਿੱਖ ਲਹਿਰ ਨਹੀਂ ਬਣ ਜਾਂਦੀ ਜਿਵੇਂ ਕਿ ਬਾਬਾ ਭਕਨਾ, ਭਾਈ ਪਰਮਾਨੰਦ ਝਾਂਸੀ ਅਤੇ ਹਿਰਦੇ ਰਾਮ ਨੂੰ ਸਪੱਸ਼ਟ ਕਹਿੰਦੇ ਹਨ ਕਿ ਇਹ ਸਾਡਾ ਮਜ਼ਬੀ ਮਾਮਲਾ ਹੈ। ਇਉਂ ਮਜ਼ਬੀ ਮਾਮਲਾ ਜੇਲ੍ਹਾਂ ਅੰਦਰ ਵੀ ਗ਼ਦਰ ਲਹਿਰ ਦੇ ਵਿਧਾਨ ਅਨੁਸਾਰ ਨਿੱਜੀ ਮਸਲਾ ਹੀ ਰਹਿੰਦਾ ਹੈ। ਭਾਈ ਪਰਮਾਨੰਦ ਝਾਂਸੀ ਅਤੇ ਹਿਰਦੇ ਰਾਮ ਜਿਸ ਭਾਵਨਾ ਨਾਲ ਭੁੱਖ ਹੜਤਾਲ ਵਿਚ ਸ਼ਾਮਲ ਹੁੰਦੇ ਹਨ, ਉਨ੍ਹਾਂ ਦਾ ਮਕਸਦ ਸਪੱਸ਼ਟ ਦਿਖਾਈ ਦਿੰਦਾ ਹੈ ਜਦੋਂ ਕਿ ਲੇਖਕ ਅਨੁਸਾਰ ਇਹ ਦੋਵੇਂ ਹਿੰਦੂ ਹਨ। ਇਸ ਤੱਥ ਨੂੰ ਹੀ ਬਾਬਾ ਸੋਹਨ ਸਿੰਘ ਭਕਨਾ ਆਪਣੀ ਸਵੈ ਜੀਵਨੀ 'ਜੀਵਨ ਸੰਗਰਾਮ' ਵਿਚ ਸਪੱਸ਼ਟ ਕਰਦਿਆਂ ਕਹਿੰਦੇ ਹਨ 'ਉਹ ਧਾਰਮਕ ਸਵਾਲ ਨੂੰ ਵੀ ਏਕਤਾ ਦੇ ਪੱਖ ਤੋਂ ਵੇਖਦੇ ਸਨ ਫ਼ਿਰਕਾਪ੍ਰਸਤੀ ਦੀ ਨਿਗਾਹ ਨਾਲ ਨਹੀਂ।' ਸੋ, ਉਪਰੋਕਤ ਚਰਚਾ ਤੋਂ ਕਿਸੇ ਕਿਸਮ ਦਾ ਭੁਲੇਖਾ ਨਹੀਂ ਰਹਿੰਦਾ ਕਿ ਗ਼ਦਰੀ ਬਾਬਿਆਂ ਦੇ ਸਿੱਖ ਅਕੀਦੇ ਗ਼ਦਰ ਲਹਿਰ ਵਿਚ ਨਾ ਤਾਂ ਰੁਕਾਵਟ ਬਣਦੇ ਹਨ ਅਤੇ ਨਾ ਹੀ ਗ਼ਦਰੀ ਬਾਬੇ ਇਨ੍ਹਾਂ ਸਿੱਖ ਅਕੀਦਿਆਂ ਨੂੰ ਗ਼ਦਰ ਲਹਿਰ ਦੀ ਵਿਚਾਰਧਾਰਕ ਦ੍ਰਿਸ਼ਟੀ ਬਣਨ ਦਿੰਦੇ ਹਨ।

ਲੇਖਕ ਦਾ ਬਾਰ-ਬਾਰ ਜ਼ੋਰ ਬਾਬਾ ਸੋਹਨ ਸਿੰਘ ਭਕਨਾ ਨੂੰ ਇਹ ਸਿੱਧ ਕਰਨ ਦਾ ਹੈ ਕਿ ਉਸ ਦਾ ਸਿੱਖ ਧਰਮ ਵਿਚ ਅਟੁੱਟ ਵਿਸ਼ਵਾਸ ਸੀ ਅਤੇ ਇਸੇ ਕਰਕੇ ਗ਼ਦਰ ਲਹਿਰ ਨੂੰ ਸਿੱਖੀ ਵਿਸ਼ਵਾਸ ਤੋਂ ਮੁਕਤ ਕਰਕੇ ਨਹੀਂ ਪੜ੍ਹਿਆ ਜਾ ਸਕਦਾ। ਪਰੰਤੂ ਤੱਥ ਬਾਰ-ਬਾਰ ਲੇਖਕ ਦੀਆਂ ਇਨ੍ਹਾਂ ਧਾਰਨਾਵਾਂ ਦਾ ਨਿਖੇਧ ਕਰਦੇ ਹਨ। ਡਾ. ਸ਼ਿਵ ਕੁਮਾਰ ਗੁਪਤਾ ਆਪਣੀ ਪੁਸਤਕ 'ਬਾਬਾ ਸੋਹਨ ਸਿੰਘ ਭਕਨਾ: ਜੀਵਨ ਤੇ ਵਿਚਾਰਧਾਰਾ' ਵਿਚ ਲਿਖਦੇ ਹਨ, "ਜਦ ਬਾਬਾ ਜੀ ਦੀ ਪਤਨੀ ਸਵਰਗਵਾਸ ਹੋਏ, ਉਨ੍ਹਾਂ ਨੇ ਆਪਣੇ ਅਕੀਦੇ ਅਨੁਸਾਰ ਉਨ੍ਹਾਂ ਦੀ ਦੇਹ ਠਿਕਾਣੇ ਲਾਈ। ਬਾਬਾ ਜੀ ਦਾ ਅਕੀਦਾ ਸੀ ਕਿ "ਮ੍ਰਿਤਕ ਸਰੀਰ ਨੂੰ ਪਰਲੋਕ ਵਿਚ ਕੁਝ ਵੀ ਨਹੀਂ ਪਹੁੰਚ ਸਕਦਾ।" ਇਸ ਲਈ ਉਨ੍ਹਾਂ ਨੇ ਆਪਣੀ ਪਤਨੀ ਦਾ "ਅੰਗੀਠਾ ਪਾਣੀ ਵਿਚ ਪਰਵਾਹ ਦਿੱਤਾ ਅਤੇ ਕੋਈ ਪਾਠ, ਭੋਗ, ਕਿਰਿਆ-ਕਰਮ ਕੁਝ ਨਹੀਂ ਕੀਤਾ।" ਬਾਬਾ ਜੀ ਨੇ ਆਪਣੇ ਸ਼ਰਧਾਲੂਆਂ ਨੂੰ ਕਿਹਾ, "ਕਿ ਮੇਰੇ ਫੁੱਲ ਵੀ ਕਿਧਰੇ ਤੀਰਥਾਂ ਸ਼ੀਰਥਾਂ ਤੇ ਲੈ ਕੇ ਨਾ ਤੁਰੇ ਰਹਿਣਾ, ਜਿੱਥੇ ਮੈਨੂੰ ਸਾੜੋ, ਉਥੇ ਹੀ ਦੱਬ ਦੇਣਾ।" ਇਹੋ ਖ਼ਾਹਿਸ਼ ਉਨ੍ਹਾਂ ਦੀ ਵਸੀਅਤ ਵਿਚ ਸੀ। ਉਨ੍ਹਾਂ ਦੇ ਸ਼ਰਧਾਲੂਆਂ ਨੇ ਵੀ ਇਵੇਂ ਕੀਤੀ। ਉਨ੍ਹਾਂ ਦਾ ਸੰਸਕਾਰ ਗ਼ਦਰ ਪਾਰਟੀ ਦੀ ਯਾਦਗਾਰ ਅੱਗੇ ਹੋਇਆ। ਉਥੇ ਹੀ ਫੁੱਲ ਦੱਬ ਦਿਤੇ।"[9] ਇਹ ਪ੍ਰਸ਼ਨ ਕੀਤਾ ਜਾ ਸਕਦਾ ਹੈ ਕਿ ਜਿਸ ਸ਼ਖ਼ਸੀਅਤ ਦੀ ਦ੍ਰਿਸ਼ਟੀ ਸਿੱਖੀ ਦੇ ਅਟੁੱਟ ਵਿਸ਼ਵਾਸ ਨਾਲ ਬੱਝੀ ਹੋਵੇ ਕੀ ਉਹ ਆਪਣੀ ਅੰਤਮ ਕਿਰਿਆ ਅਜਿਹੇ ਨਾਸਤਿਕ ਵਿਹਾਰ ਨਾਲ ਕਰਦਾ ਹੈ। ਇਹ ਤੱਥ ਸਪੱਸ਼ਟ ਕਰਦਾ ਹੈ ਕਿ ਗ਼ਦਰੀ ਬਾਬੇ ਧਰਮ ਨੂੰ ਬਿਲਕੁਲ ਨਿੱਜ ਦਾ ਮਸਲਾ ਹੀ ਸਵੀਕਾਰ ਕਰਦੇ ਸਨ। ਲੇਖਕ ਜਿਸ ਤੱਥ 'ਸਿੰਘ ਹੋਣ ਦਾ ਅਹਿਸਾਸ ਕੁਦਰਤੀ ਅਤੇ ਡੂੰਘਾ' ਦੱਸਦਾ ਹੈ, ਉਸ ਤੱਥ ਦੀ ਉਪਰੋਕਤ ਤੱਥਾਂ ਸਾਹਮਣੇ ਕੀ ਅਹਿਮੀਅਤ ਰਹਿ ਜਾਂਦੀ ਹੈ?

ਬਾਬਾ ਭਕਨਾ ਦੀ ਦ੍ਰਿਸ਼ਟੀ ਕੀ ਹੈ? ਬਾਬਾ ਭਕਨਾ ਦੀ ਧਰਮ ਬਾਰੇ ਦ੍ਰਿਸ਼ਟੀ ਕੀ ਹੈ? ਇਨ੍ਹਾਂ ਪਹਿਲੂਆਂ ਬਾਰੇ ਵਿਸਤ੍ਰਿਤ ਜਾਣਕਾਰੀ 'ਮੇਰੀ ਰਾਮ ਕਹਾਣੀ' 'ਚ ਤਾਂ ਹੈ ਹੀ ਪਰੰਤੂ ਬਾਬਾ ਭਕਨਾ ਦੁਆਰਾ ਰਚਿਤ ਪੈਂਫਲਿਟ 'ਦੁੱਖ, ਗਰੀਬੀ ਅਤੇ ਜੀਵਨ ਕਰਤੱਬ ਵਿਸ਼ੇਸ਼ ਤੌਰ 'ਤੇ ਪੜ੍ਹਨ

ਵਾਲੇ ਹਨ। ਬਾਬਾ ਭਕਨਾ ਲਈ ਧਰਮ ਕੀ ਹੈ? ਇਸ ਬਾਰੇ ਚਰਚਾ ਕਰਨ ਦੀ ਜ਼ਰੂਰਤ ਤਾਂ ਹੈ ਕਿਉਂਕਿ ਲੇਖਕ ਬਾਬਾ ਭਕਨਾ ਦੀਆਂ ਟੂਕਾਂ ਨੂੰ ਪ੍ਰਸੰਗ ਵਿਹੂਣੀਆਂ ਵਰਤ ਕੇ ਜ਼ਿੱਦ ਕਰਦਾ ਹੈ ਕਿ ਬਾਬਾ ਭਕਨਾ (ਬਾਕੀ ਗ਼ਦਰੀ ਵੀ) ਸ਼ੁੱਧ ਰੂਪ ਵਿਚ ਸਜਿਆ-ਧਜਿਆ ਧਾਰਮਕ ਮਰਜੀਵੜਾ ਸੀ। ਬਾਬਾ ਭਕਨਾ ਆਪਣੀ ਸਵੈ-ਜੀਵਨੀ 'ਮੇਰੀ ਰਾਮ ਕਹਾਣੀ' 'ਚ ਕਹਿੰਦੇ ਹਨ (ਜਿਸ ਨੂੰ ਤੋੜ-ਮਰੋੜ ਕੇ ਰਾਜਵਿੰਦਰ ਸਿੰਘ ਰਾਹੀ ਨੇ ਇਸੇ ਪੁਸਤਕ ਦੀ ਸੰਪਾਦਕੀ ਵਿਚ ਵਰਤਿਆ ਹੈ।[10]) "ਪਾਠਕਾਂ ਨੂੰ ਇਹ ਗੱਲ ਦੱਸ ਦੇਣੀ ਵੀ ਮੇਰੀ ਜਾਚੇ ਜ਼ਰੂਰੀ ਹੈ ਕਿ ਮੈਨੂੰ ਕਿਸੇ ਖ਼ਾਸ ਫਿਰਕੇ ਜਾਂ ਮਜ਼੍ਹਬ ਦਾ ਕੋਈ ਖ਼ਾਸ ਲਿਹਾਜ਼ ਨਹੀਂ। ਮੈਂ ਖਾਲਸ ਹਿੰਦੁਸਤਾਨੀ ਤੇ ਹਿੰਦੀ ਕੌਮ ਦਾ ਸੇਵਕ ਹਾਂ ਅਤੇ ਸਾਰੀਆਂ ਮਜ਼੍ਹਬੀ ਧੜੇਬੰਦੀਆਂ ਤੋਂ ਨਿਰਲੇਪ ਹਾਂ। ਮੇਰੇ ਇਸ ਕਥਨ ਦਾ ਇਹ ਭਾਵ ਨਹੀਂ ਹੈ ਕਿ ਮੈਨੂੰ ਧਰਮ ਨਾਲ ਕੋਈ ਪਿਆਰ ਨਹੀਂ ਹੈ। ਮੈਂ ਸੱਚੇ ਧਰਮ ਨੂੰ ਮੰਨਦਾ ਹਾਂ। ਜੋ ਦੁਨੀਆ ਦੇ ਹਰ ਇਕ ਮਨੁੱਖ (ਇਸਤਰੀ) ਮਰਦ ਲਈ ਜ਼ਰੂਰੀ ਹੈ। ਮੈਂ ਧਰਮ ਦੇ ਅਰਥ ਸਦਾਚਾਰ ਵਿਚ ਲੈਂਦਾ ਹਾਂ ਜੋ ਮਨੁੱਖ ਨੂੰ ਆਜ਼ਾਦੀ ਤੇ ਬਰਬਾਦੀ ਸਿਖਾਉਂਦਾ ਹੈ। ਧਰਮੀ ਜਾਂ ਸਦਾਚਾਰੀ ਮਨੁੱਖ ਦੀ ਇਹੋ ਪਛਾਣ ਹੈ ਕਿ ਉਹ ਸਾਰੀ ਮਨੁੱਖ ਜਾਤੀ ਨੂੰ ਆਜ਼ਾਦ ਤੇ ਸਮਾਨ ਦੇਖਣਾ ਚਾਹੁੰਦਾ ਹੈ ਅਤੇ ਸਾਰੀ ਖ਼ਲਕਤ ਨਾਲ ਸੱਚਾ ਪਰੇਮ ਕਰਦਾ ਏ। .... ਸੱਚਾ ਧਰਮੀ ਤੇ ਨੀਤੀਵੇਤਾ ਸਦਾ ਫਿਰਕੇਬੰਦੀਆਂ ਤੋਂ ਉਚਾ ਹੁੰਦਾ ਏ, ਉਹ ਸਾਰੀ ਮਨੁੱਖ ਜਾਤੀ ਨੂੰ ਇਕੋ ਭਾਈਚਾਰੇ ਦੀ ਲੜੀ ਵਿਚ ਪਰੋਣਾ ਚਾਹੁੰਦਾ ਹੈ। ਜਿਸ ਤੋਂ ਸੰਸਾਰ ਵਿਚ ਆਨੰਦ ਤੇ ਸ਼ਾਂਤੀ ਦਾ ਰਾਜ ਹੋਵੇ। ਜਿਹੜੇ ਬੋਲੀ ਧਰਮੀ ਜਾਂ ਨੀਤੀਗਯ ਅਖਵਾ ਕੇ ਵੀ ਫ਼ਿਰਕੇਬੰਦੀਆਂ ਤੇ ਧੜੇਬੰਦੀਆਂ ਦੇ ਹਾਮੀ ਹਨ ਅਸਲ ਵਿਚ ਨਾ ਉਹ ਸੱਚੇ ਧਰਮੀ ਹਨ ਤੇ ਨਾ ਹੀ ਰਾਜਨੀਤੀਵੇਤਾ, ਅਜਿਹੇ ਲੋਕਾਂ ਨੂੰ ਧਰਮੀ ਜਾਂ ਨੀਤਵੇਤਾ ਕਹਿਣਾ ਹੀ ਗ਼ਲਤ ਹੈ। ਅਸਲ ਵਿਚ ਇਹ ਲੋਕ ਗ਼ੁਲਾਮੀ ਦੇ ਹਾਮੀ ਹੁੰਦੇ ਹਨ। ਜੋ ਆਪਣੇ ਪਸ਼ੂ ਬਲ ਨਾਲ ਹੋਰਨਾਂ ਨੂੰ ਗ਼ੁਲਾਮ ਬਣਾਉਣਾ ਚਾਹੁੰਦੇ ਹਨ, ਇਨ੍ਹਾਂ ਲੋਕਾਂ ਦੀ ਕਿਰਪਾ ਨਾਲ ਹੀ ਮਨੁੱਖ ਜਾਤੀ ਦਾ ਬਹੁਤ ਵੱਡਾ ਹਿੱਸਾ ਗ਼ੁਲਾਮੀ ਤੇ ਕੁੰਭੀ ਨਰਕ ਵਿਚ ਸੜ ਰਿਹਾ ਹੈ।"[11]

ਬਾਬਾ ਭਕਨਾ ਦਾ ਥੀਸਿਜ਼ ਧਰਮ ਬਾਰੇ ਇਹ ਹੈ ਕਿ ਉਹ ਧਰਮ ਨੂੰ ਸਦਾਚਾਰ ਨਾਲ ਸਬੰਧਿਤ ਕਰਦਾ ਹੈ ਅਤੇ ਕਿਧਰੇ ਵੀ ਇਹ ਨਹੀਂ ਕਹਿੰਦਾ ਕਿ ਇਹ ਸਿੱਖ ਧਰਮ ਸਿਖਾਉਂਦਾ ਹੈ। ਪਰੰਤੂ ਇਹ ਤਾਂ ਸਿੱਖ ਧਰਮ ਅਤੇ ਸਿਧਾਂਤ ਦੀ ਵਡਿਆਈ ਹੈ ਕਿ ਉਸ ਵਿਚ 'ਸਰਬੱਤ ਦੇ ਭਲੇ' ਦਾ ਸੰਕਲਪ ਹੈ। ਪਰੰਤੂ ਲੇਖਕ ਸਰਬੱਤ ਦੇ ਭਲੇ ਦੇ ਸੰਕਲਪ ਨੂੰ ਘਟਾ ਕੇ 'ਸਿੱਖਾਂ ਦੇ ਭਲੇ' ਤੱਕ ਘਟਾ (Reduce) ਦਿੰਦਾ ਹੈ ਜਿਹੜਾ ਕਿ ਗੁਰਮਤਿ ਸਿੱਧਾਂਤਾਂ ਦਾ ਹੀ ਵਿਰੋਧੀ ਹੈ। ਬਾਬਾ ਭਕਨਾ ਦਾ ਧਰਮ ਦਾ ਸੰਕਲਪ ਕਿਸੇ ਵਿਸ਼ੇਸ਼ ਜਾਤੀ ਸਮੂਹ ਦੇ ਧਰਮ ਦਾ ਸੰਕਲਪ ਨਹੀਂ ਹੈ, ਸਗੋਂ ਉਸ ਲਈ ਧਰਮ ਸਦਾਚਾਰਕ ਗੁਣਾਂ ਵਾਲਾ ਸਦਵਿਹਾਰੀ ਦ੍ਰਿਸ਼ਟੀਕੋਣ ਹੈ। ਇਸ ਦ੍ਰਿਸ਼ਟੀਕੋਣ ਦੀ ਖਿੱਚ-ਧੂਹ ਕਰਕੇ ਇਸ ਨੂੰ ਸ਼ੁੱਧ ਰੂਪ ਵਿਚ ਗੁਰਬਾਣੀ ਜਾਂ ਸਿੱਖ ਸਿਧਾਂਤ ਨਾਲ ਨੱਥੀ ਕਰਨਾ ਸਰਾਸਰ ਬਾਬਾ ਭਕਨਾ ਨਾਲ ਜ਼ਿਆਦਤੀ ਹੈ। ਧਰਮ ਦੇ ਉਦੈ ਹੋਣ ਤੋਂ ਪਹਿਲਾਂ ਮਨੁੱਖ ਲਈ ਹਰ ਸਰਗਰਮੀ ਹੀ ਧਾਰਮਕ ਸੀ ਪਰੰਤੂ ਧਾਰਮਕ ਵਿਸ਼ਵਾਸ ਦਾ ਮਸਲਾ ਤਾਂ ਬਹੁਤ ਬਾਅਦ ਦੀ ਗੱਲ ਹੈ। ਉਘੇ ਵਿਗਿਆਨੀ ਚਾਰਲਸ ਡਾਰਬਨ ਦਾ ਮੱਤ ਹੈ ਕਿ ਜਦੋਂ ਸਾਧਨਾਂ 'ਤੇ ਕਾਬਜ਼, ਨਿਗੂਣੀ ਜਿਹੀ ਘੱਟ ਗਿਣਤੀ ਦੇ ਹਿੱਤਾਂ ਦੀ ਰਾਖੀ ਲਈ ਕਾਨੂੰਨ ਅਤੇ ਰਾਜਨੀਤੀ ਹੋਂਦ ਵਿਚ ਆਏ ਤਾਂ ਧਰਮ ਹੋਂਦ ਵਿਚ ਆਇਆ। ਅਥਵਾ ਧਰਮ ਆਪਣੀ ਖ਼ਸਲਤ ਤੋਂ ਹੀ ਕਾਨੂੰਨ ਅਤੇ ਰਾਜਨੀਤੀ ਦਾ ਪ੍ਰਤੀਕਰਮ ਹੈ। ਪਰੰਤੂ ਕੁਝ ਹੋਰ ਵਿਦਵਾਨ ਇਸ ਨੂੰ ਉਨ੍ਹਾਂ ਸਮਿਆਂ ਤੱਕ ਪਿੱਛੇ ਲਿਜਾਂਦੇ ਹਨ, ਜਦੋਂ ਮਾਨਵ ਸਿਰਫ਼ ਕੁਦਰਤ ਨਾਲ ਜੂਝ ਰਿਹਾ ਸੀ ਅਤੇ ਧਰਮ ਨੇ ਉਸ ਦੀ ਅਗਵਾਈ ਕੀਤੀ। ਸਭਿਆਤਾਵਾਂ ਦੇ ਪ੍ਰਸਿੱਧ ਖੋਜੀ ਆਰਨਲਡ ਟੋਇੰਬੀ ਦਾ ਨਿਰਣਾ ਹੈ ਕਿ ਆਦਿ ਕਾਲ ਵਿਚ ਮਾਨਵ ਦੇ ਸਮਾਜਕ ਜੀਵਨ ਦੀਆਂ ਸਾਰੀਆਂ ਸਰਗਰਮੀਆਂ ਸਮਾਜਕ, ਆਰਥਕ ਅਤੇ ਸਭਿਆਚਾਰਕ, ਜੰਗੀ ਅਤੇ ਰਾਜਨੀਤਕ ਆਦਿ ਸਭ ਕਾਰਵਾਈਆਂ ਧਾਰਮਕ ਕਾਰਵਾਈਆਂ ਹੀ ਹੁੰਦੀਆਂ ਸਨ ਪਰ ਧਾਰਮਕ ਵਿਸ਼ਵਾਸਾਂ ਵਰਗੀ ਕਿਸੇ ਚੀਜ਼ ਦੀ ਹੋਂਦ ਨਹੀਂ ਸੀ, ਸਿਰਫ਼ ਸਰਗਰਮੀਆਂ ਹੀ ਧਰਮ ਸਨ। ਇਨਸਾਨ ਜੇਕਰ ਅਨਾਜ ਨਾ ਉਗਾਉਣ ਨੂੰ ਧਾਰਮਕ ਕਾਰਵਾਈ ਵਜੋਂ ਨਾ ਲੈਂਦਾ ਤਾਂ ਅਨਾਜ ਪੈਦਾ ਕਰਨ ਦੀ ਕ੍ਰਾਂਤੀ ਕਦੇ ਨਾ ਆਉਂਦੀ। ਨਤੀਜੇ ਵਜੋਂ ਸਭਿਆਚਾਰ ਕਦੇ ਵੀ ਸਭਿਅਤਾ ਦਾ ਰੂਪ ਧਾਰਨ ਨਾ ਕਰਦਾ।"[12] ਬਾਬਾ ਭਕਨਾ ਲਈ ਧਰਮ ਦੇ ਅਰਥ ਅਜਿਹੀ ਸਦਾਚਾਰਕ ਸਰਗਰਮੀ ਦੇ ਹਨ। ਇਸੇ ਕਰਕੇ ਉਹ ਕਿਧਰੇ ਵੀ ਕਿਸੇ ਵੀ ਵਿਸ਼ੇਸ਼ ਦਿੱਖ ਵਾਲੇ ਧਰਮ ਦਾ ਨਾ ਜ਼ਿਕਰ ਕਰਦਾ ਹੈ ਅਤੇ ਨਾ ਹੀ ਉਸ ਦੀ ਵਿਆਖਿਆ ਵਿਚ ਪੈਂਦਾ ਹੈ। ਇਸ ਕਰਕੇ ਬਾਬਾ ਭਕਨਾ ਦੇ ਲਫ਼ਜ਼ਾਂ ਨੂੰ ਆਪਣੀ ਜੱਦ ਵਿਚ ਕਰਨ ਤੋਂ ਪਹਿਲਾਂ ਉਸ ਦੇ ਸਮੁੱਚੇ ਭਾਵ ਅਰਥ, ਦ੍ਰਿਸ਼ਟੀ, ਜੀਵਨ ਵਿਹਾਰ, ਜੀਵਨ ਸੰਘਰਸ਼ ਦਾ ਸੱਬਰਕੱਤਾ ਗਿਆਨ ਬਹੁਤ ਜ਼ਰੂਰੀ ਹੈ। ਪ੍ਰਸੰਗ ਵਿਹੂਣੇ ਕਥਨਾਂ ਅਤੇ ਟੂਕਾਂ ਦੀ ਮਨ ਭਾਵੀ ਵਿਆਖਿਆ ਨਾ ਤਾਂ ਬਾਬਾ ਭਕਨਾ ਨੂੰ ਹੀ ਅਤੇ ਨਾ ਹੀ ਗ਼ਦਰੀਆਂ ਨੂੰ ਉਨ੍ਹਾਂ ਦੇ ਵਿਚਾਰਧਾਰਕ ਸੰਕਲਪ ਧਰਮ ਨਿਰਪੱਖਤਾ ਤੋਂ ਤੋੜ ਸਕਦੀ ਹੈ। ਬਾਬਾ ਭਕਨਾ ਜੋ ਜ਼ਿੰਦਗੀ ਭਰ ਕ੍ਰਾਂਤੀਕਾਰੀ ਰਿਹਾ ਜੇਕਰ ਉਹ ਧਰਮ ਨਿਰਪੱਖ ਵਿਚਾਰਧਾਰਾ ਦਾ ਨਾ ਹੁੰਦਾ ਤਾਂ ਉਹ ਆਪਣੀ ਮ੍ਰਿਤੂ (20 ਦਸੰਬਰ 1968) ਤੋਂ ਪਹਿਲਾਂ 27 ਨਵੰਬਰ, 1968 ਨੂੰ ਅਜਿਹਾ ਬਿਆਨ ਕਦੇ ਨਾ ਦਿੰਦਾ ਉਹ ਬਿਆਨ ਬਹੁਤ ਧਿਆਨ ਦੀ ਮੰਗ ਕਰਦਾ ਹੈ, "ਮੈਂ ਦੇਸ਼, ਕੌਮ ਤੇ ਮਨੁੱਖ ਜਾਤੀ ਦਾ ਧੰਨਵਾਦੀ ਹਾਂ। ਮੇਰਾ ਸਾਰਾ ਜੀਵਨ ਉਹਨਾਂ ਦੀ ਸੇਵਾ ਵਿਚ ਲੰਘਿਆ ਹੈ। ਆਰੰਭ ਵਿਚ ਮੈਂ ਕੌਮੀ ਜਜ਼ਬੇ ਤੋਂ ਸਰਸ਼ਾਰ ਹੋ ਕੇ ਦੇਸ਼ ਦੀ ਆਜ਼ਾਦੀ ਲਈ ਜੁਟਿਆ ਸਾਂ। ਇਸ ਦੇ ਲਈ ਮੈਨੂੰ ਨਾਮਧਾਰੀ ਤਹਿਰੀਕ ਤੇ ਕਾਂਗਰਸ ਤੋਂ ਬੜੀ ਪ੍ਰੇਰਨਾ ਮਿਲੀ ਸੀ। ਉਮਰ ਕੈਦ ਹੋਣ ਉਤੇ ਮੈਂ ਜੇਲ੍ਹ ਦੇ ਅੰਦਰ ਹੀ ਰੂਸੀ ਇਨਕਲਾਬ ਬਾਰੇ ਜਾਣਕਾਰੀ ਹਾਸਲ ਕੀਤੀ। ਸੋਵੀਅਤ ਇਨਕਲਾਬ ਨੇ ਮੇਰੇ ਉਤੇ ਡੂੰਘਾ ਪ੍ਰਭਾਵ ਪਾਇਆ ਤੇ ਮੇਰੇ ਖ਼ਿਆਲਾਂ ਵਿਚ ਅਹਿਮ ਤਬਦੀਲੀ ਲਿਆਂਦੀ। ਰੂਸੀ ਇਨਕਲਾਬ ਦੇ ਪ੍ਰਭਾਵ ਹੇਠਾਂ ਮੈਂ ਪੂਰਨ ਤੌਰ 'ਤੇ ਕੌਮਾਂਤਰੀ ਵਿਚਾਰਧਾਰਾ ਆਪਣਾ ਲਈ। ਇਸ ਦੇ ਲਈ ਮੈਂ ਉਨ੍ਹਾਂ ਸਾਥੀਆਂ ਦਾ ਬਹੁਤ ਮਸ਼ਕੂਰ ਹਾਂ ਜਿਨ੍ਹਾਂ ਨੇ ਸਟੱਡੀ ਸਰਕਲਾਂ ਤੇ ਬਹਿਸ ਮੁਬਾਹਿਸਿਆਂ ਰਾਹੀਂ ਮੈਨੂੰ ਮਾਰਕਸਵਾਦ ਤੋਂ ਜਾਣੂ ਕਰਵਾਇਆ ਤੇ ਇਸ ਨਾਲ ਲੈਸ ਕਰਨ ਦੀ ਕੋਸ਼ਿਸ਼ ਕੀਤੀ। ਮੈਨੂੰ ਗਾਂਧੀਵਾਦ ਨਾਲ ਸਖ਼ਤ ਵਿਰੋਧ ਹੈ ਕਿਉਂਕਿ ਇਹ ਦੇਸ਼ ਦੇ ਮਸਲਿਆਂ ਨੂੰ ਹੱਲ ਨਹੀਂ ਕਰ ਸਕਿਆ ਹੈ। ਇਸ ਸਾਰੇ ਕੰਮ ਵਿਚ ਮੈਨੂੰ ਕਮਿਊਨਿਸਟ ਪਾਰਟੀ ਤੋਂ ਬੜੀ ਮੱਦਦ ਮਿਲੀ ਤੇ ਮੈਂ ਹਮੇਸ਼ਾ ਇਸ ਨੂੰ ਇੱਜ਼ਤ ਦੀ ਨਿਗਾਹ ਨਾਲ ਦੇਖਿਆ ਹੈ। ਮੈਨੂੰ ਦੁੱਖ ਹੈ ਕਿ ਅੱਜ ਕੌਮਾਂਤਰੀ ਕਮਿਊਨਿਸਟ ਲਹਿਰ ਵਿਚ ਇਖ਼ਤਲਾਫ਼ਾਤ ਹਨ। ਮੇਰੀ ਖ਼ਾਹਸ਼ ਹੈ ਕਿ ਇਹ ਵਿਰੋਧ ਖ਼ਤਮ ਹੋਣ ਤਾਂ ਜੋ ਸਰਮਾਏਦਾਰੀ ਦਾ ਖ਼ਾਤਮਾ ਬੜਾ ਨੇੜੇ ਹੋ ਸਕੇ। ਕਮਿਊਨਿਸਟ ਤਹਿਰੀਕ ਦੇ ਅੰਦਰੂਨੀ ਵਿਰੋਧਾਂ ਨੇ ਸਰਮਾਏਦਾਰੀ ਦੀ ਉਮਰ ਨੂੰ ਕੁਝ ਚਿਰ ਹੋਰ ਵਧਾ ਦਿੱਤਾ ਹੈ।"[13] ਜੇਕਰ ਲੇਖਕ ਇਸ ਬਿਆਨ ਨੂੰ ਧਿਆਨ ਨਾਲ ਪੜ੍ਹੇ ਤਾਂ ਉਹ ਬਾਬਾ ਭਕਨਾ ਨੂੰ ਨਾਮਧਾਰੀ ਲਹਿਰ ਤੋਂ ਪ੍ਰਭਾਵਤ ਅਤੇ ਪ੍ਰੇਰਿਤ ਹੋਇਆ ਕਹੇ ਤਾਂ ਵੀ ਗੱਲ ਸਮਝ ਆ ਸਕਦੀ ਹੈ। ਉਪਰੋਕਤ ਬਿਆਨ ਦੇ ਤੱਥਾਂ ਤੋਂ ਬਾਬਾ ਭਕਨਾ ਦੀ ਸ਼ਖ਼ਸ਼ੀਅਤ ਅਤੇ ਵਿਚਾਰਧਾਰਾ ਦਾ ਜੋ ਪਤਾ ਲਗਦਾ ਹੈ ਉਸ ਵਿਚ ਕਿਧਰੇ ਵੀ ਸਿੱਖ ਹੋਣ ਦੀ ਰੈਲ ਦਿਖਾਈ ਨਹੀਂ ਦਿੰਦੀ।




ਤੱਥਾਂ ਨੂੰ ਪ੍ਰਸੰਗ ਨਾਲੋਂ ਤੋੜਨ ਕਰਕੇ ਹੀ ਬਾਬਾ ਭਕਨਾ ਦੀ ਤਲਖ਼ੀ ਜੋ ਭਾਈ ਪਰਮਾਨੰਦ ਲਾਹੌਰ ਵੱਲ ਹੈ, ਉਸ ਦੇ ਵੀ ਲੇਖਕ ਨੇ ਅਨਰਥ ਕਰ ਦਿੱਤੇ ਹਨ। ਬਾਬਾ ਭਕਨਾ ਭਾਈ ਪਰਮਾਨੰਦ ਲਾਹੌਰ ਦੀ ਪੁਸਤਕ 'ਕੌਮੀ ਸੰਘਟਨ' ਦੇ ਆਧਾਰ 'ਤੇ ਟਿੱਪਣੀ ਕਰਦੇ ਹਨ। ਉਂਜ ਭਾਈ ਪਰਮਾਨੰਦ ਗ਼ਦਰੀ ਨਹੀਂ ਸੀ, ਲਾਲਾ ਹਰਦਿਆਲ ਦੇ ਨੇੜੇ ਸੀ ਤੇ ਗ਼ਦਰੀਆਂ ਦਾ ਹਮਦਰਦ ਸੀ। ਉਸ ਦੀ ਸਵੈ-ਜੀਵਨੀ 'ਆਪ ਬੀਤੀ' 'ਚੋਂ ਕਰਤਾਰ ਸਿੰਘ ਸਰਾਭੇ ਬਾਰੇ ਕਈ ਦਿਲਚਸਪ ਟਿੱਪਣੀਆਂ ਜ਼ਰੂਰ ਮਿਲਦੀਆਂ ਹਨ। ਭਾਈ ਪਰਮਾਨੰਦ ਦੀ ਜੋ ਟਿੱਪਣੀ ਸੀ ਉਸ ਉੱਪਰ ਤਲਖ਼ ਹੋ ਕੇ ਗ਼ਦਰ ਲਹਿਰ 'ਚ ਸ਼ਾਮਲ ਹਿੰਦੂ, ਸਿੱਖਾਂ, ਮੁਸਲਮਾਨਾਂ ਉੱਪਰ ਭਾਈ ਪਰਮਾਨੰਦ ਨੂੰ ਜੋ ਜਵਾਬ ਦਿੰਦੇ ਹਨ, ਉਹ ਕਿਸੇ ਵੀ ਤਰ੍ਹਾਂ ਨਾ ਤਾਂ ਧਰਮ ਨੂੰ ਉਚਿਆਉਣ ਲਈ ਹੈ ਅਤੇ ਨਾ ਹੀ ਕਿਸੇ ਧਰਮ ਨੂੰ ਨੀਵਾਂ ਦਿਖਾਉਣ ਲਈ ਹੈ। ਉਹ ਤਲਖ਼ੀ ਭਾਈ ਪਰਮਾਨੰਦ ਦੇ ਫ਼ਿਰਕਾਪ੍ਰਸਤ ਵਿਚਾਰਾਂ ਨੂੰ ਰੱਦ ਕਰਨ ਵਾਲੀ ਹੈ। ਉਸ ਟਿੱਪਣੀ ਵਿਚ ਹੀ ਬਾਬਾ ਭਕਨਾ ਤੱਤ ਸਾਰ ਰੂਪ ਵਿਚ ਆਪਣੀ ਦ੍ਰਿਸ਼ਟੀ ਪੇਸ਼ ਕਰਦੇ ਹਨ, "ਅਫ਼ਸੋਸ ਹੈ ਐਹੋ ਜਿਹੇ ਆਦਮੀਆਂ ਦੇ ਅੰਤਸ਼ਕਰਨ ਪੁਰ ਜੋ ਗ਼ਦਾਰਾਂ ਦੇ ਮਸਲੇ ਨੂੰ ਲੈ ਕੇ ਆਪਣਾ ਉੱਲੂ ਸਿੱਧਾ ਕਰਨ ਲਈ ਦੇਸ਼ ਭਗਤਾਂ ਵਿਚ ਫੁੱਟ ਦਾ ਵਿਹੁਲਾ ਬੀਜ ਬੀਜਦੇ ਨੇ। ਅਸੀਂ ਕਹਿੰਦੇ ਹਾਂ: ਗ਼ੱਦਾਰ ਨਾ ਹਿੰਦੂ ਹੈ ਨਾ ਮੁਸਲਮਾਨ, ਉਹ ਨਾ ਸਿੱਖ ਹੈ ਤੇ ਨਾ ਈਸਾਈ ਨਾ ਮਨੁੱਖ। ਉਹ ਗ਼ੱਦਾਰ ਹੈ, ਜੋ ਕੁੱਤੇ ਨਾਲੋਂ ਵੀ ਭੈੜਾ ਤੇ ਮਨੁੱਖਪੁਣੇ ਤੋਂ ਹਜ਼ਾਰਾਂ ਕੋਹਾਂ ਦੂਰ ਹੈ। ਐਹੋ ਜਿਹੇ ਲੋਕਾਂ ਨੂੰ ਨੁੰਮਣੇ ਬਣਾ ਕੇ ਕਿਸੇ ਕੌਮ ਨੂੰ ਬਦਨਾਮ ਕਰਨਾ ਜਾਂ ਕਿਸੇ ਕੌਮ ਦੀ ਸਲਾਹੁਤਾ ਕਰਨੀ ਇਹ ਦੋਵੇਂ ਹੀ ਇਨਸਾਨੀਅਤ ਤੋਂ ਸੱਖਣੇ ਜਤਨ ਹਨ।"[14] ਇਸ ਟਿੱਪਣੀ ਵਿਚ ਵੀ ਬਾਬਾ ਭਕਨਾ ਕਿਹੜੀ ਸਿੱਖੀ ਦੇ ਸਿਧਾਂਤਾ ਉਪਰ ਖੜ੍ਹਾ ਧਰਮ ਯੁੱਧ ਕਰ ਰਿਹਾ ਹੈ। ਲੇਖਕ ਜਿੱਥੇ ਵੀ ਸਿੱਖ, ਕੌਮ, ਗੁਰੂ ਸਾਹਿਬਾਨ ਜਾਂ ਸਿੱਖ ਧਰਮ ਨਾਲ ਸਬੰਧਤ ਸ਼ਬਦ ਆ ਜਾਂਦਾ ਹੈ, ਉਸ ਸ਼ਬਦ ਦੇ ਪ੍ਰਸੰਗ ਨੂੰ ਵਿਛੁੰਨ ਕੇ ਉਸ ਨੂੰ ਸਿੱਖ ਹੋਣ ਦੇ ਸੰਕਲਪ ਨਾਲ ਨਰੜ ਦਿੰਦਾ ਹੈ। ਜੇ ਅਜਿਹਾ ਪ੍ਰਸੰਗ ਵਿਹੂਣਾ ਗ਼ਦਰ ਲਹਿਰ ਦਾ ਵਿਸ਼ਲੇਸ਼ਣ ਕਰਨਾ ਹੈ ਤਾਂ ਗ਼ਦਰ ਲਹਿਰ 'ਚੋਂ ਇਕ ਨਹੀਂ ਅਨੇਕਾਂ ਵੇਰਵੇ ਅਜਿਹੇ ਮਿਲਦੇ ਹਨ ਜਿਹੜੇ ਕਮਿਊਨਿਸਟ ਵਿਚਾਰਧਾਰਾ ਦੇ ਬਹੁਤ ਨੇੜੇ ਹਨ। ਉਨ੍ਹਾਂ ਨੂੰ ਪ੍ਰਸੰਗ ਤੋਂ ਤੋੜ ਕੇ ਗ਼ਦਰ ਲਹਿਰ ਨੂੰ 1913-14 ਤੋਂ ਹੀ ਕਮਿਊਨਿਸਟ ਲਹਿਰ ਵਜੋਂ ਸਥਾਪਤ ਕੀਤਾ ਜਾ ਸਕਦਾ ਹੈ। ਪਰੰਤੂ ਇਹ ਗ਼ਦਰ ਲਹਿਰ ਨਾਲ ਇਤਿਹਾਸਕ ਨਿਆਂ ਨਹੀਂ ਹੈ। ਮਿਸਾਲ ਵਜੋਂ ਇਕ ਹਵਾਲੇ ਵਿਚੋਂ ਗੁਜ਼ਰਦੇ ਹਾਂ। ਕੈਨੇਡਾ ਵਿਚ ਸੇਠ ਹੁਸੈਨ ਰਹੀਮ (ਛਗਨ ਖਰਾਜ ਵਰਮਾ) ਹੁਰਾਂ ਦੀ ਬਣਾਈ ਯੂਨਾਈਟਿਡ ਲੀਗ ਦੇ ਸਬੰਧ ਵਿਚ ਸੋਹਨ ਸਿੰਘ ਪੂਨੀ ਚਰਚਾ ਕਰਦੇ ਹਨ, "ਖ਼ਾਲਸਾ ਦੀਵਾਨ ਸੁਸਾਇਟੀ ਅਤੇ 'ਯੂਨਾਈਟਿਡ ਲੀਗ' ਦੇ ਬਹੁਤ ਸਾਰੇ ਜਲਸੇ ਇਕੱਠੇ ਹੁੰਦੇ ਸਨ। ਇਨ੍ਹਾਂ ਜਲਸਿਆਂ ਵਿਚ ਜਿਥੇ ਗੋਰੇ ਸੋਸ਼ਲਿਸਟ ਵੀ ਆ ਕੇ ਬੋਲਦੇ ਸਨ। ਇਨ੍ਹਾਂ ਜਲਸਿਆਂ ਵਿਚ ਲਾਲ ਝੰਡਾ ਝੁਲਾਇਆ ਜਾਂਦਾ ਸੀ।"[15] ਲਾਲ ਝੰਡਾ ਰਾਜਨੀਤਕ ਤੌਰ 'ਤੇ ਕਮਿਊਨਿਸਟ ਪਾਰਟੀ ਦਾ ਝੰਡਾ ਹੈ। ਬਿਨਾਂ ਸ਼ੱਕ ਯੂਨਾਈਟਿਡ ਲੀਗ ਦੀਆਂ ਇਕੱਤਰਤਾਵਾਂ ਵਿਚ ਕੈਨੇਡੀਅਨ ਸੋਸ਼ਲਿਸਟਾਂ ਦਾ ਯੋਗਦਾਨ ਸੀ। ਇਨ੍ਹਾਂ ਸੋਸ਼ਲਿਸਟਾਂ ਦੇ ਕਰਕੇ ਹੀ ਕਾਮਾਗਾਟਾ ਮਾਰੂ ਜਹਾਜ਼ ਦਾ ਕੇਸ ਲੜਨ ਵਾਲਾ ਗੋਰਾ ਵਕੀਲ 'ਐਡਵਰਡ ਬਰਡ' ਸੀ ਜਿਸ ਨੇ ਨਸਲਵਾਦੀਆਂ ਦੀਆਂ ਧਮਕੀਆਂ ਦੇ ਵਿਰੁੱਧ ਜਾ ਕੇ ਕੇਸ ਲੜਿਆ ਸੀ। ਇਹ ਗੋਰਾ ਬਾਅਦ ਵਿਚ ਕਮਿਊਨਿਸਟ ਪਾਰਟੀ ਦਾ ਸਰਕਰਦਾ ਮੈਂਬਰ ਬਣਿਆ। ਜੇ ਅਜਿਹੇ ਹਵਾਲਿਆਂ ਨੂੰ ਲੈ ਕੇ ਕੋਈ ਕਮਿਊਨਿਸਟ ਇਹ ਜ਼ਿੱਦ ਕਰੇ ਕਿ ਯੂਨਾਈਟਿਡ ਲੀਗ ਕਮਿਊਨਿਸਟ ਲਹਿਰ ਦਾ ਆਗ਼ਾਜ਼ ਸੀ, ਇਹ ਇਤਿਹਾਸਕ ਅਨਿਆਂ ਹੈ। ਅਜਿਹੇ ਤੱਥ ਅਤੇ ਤੱਤ ਕਿਸੇ ਲਹਿਰ ਦਾ ਅੰਤਮ ਨਿਰਣਾ ਕਰਨ ਵਾਲੇ ਫ਼ੈਸਲਾਕੁਨ ਤੱਥ ਅਤੇ ਤੱਤ ਨਹੀਂ ਹੁੰਦੇ। ਇਤਿਹਾਸ ਇਤਿਹਾਸਕਾਰ ਕੋਲੋਂ ਮੰਗ ਕਰਦਾ ਹੈ ਕਿ ਤੱਥਾਂ ਅਤੇ ਤੱਤਾਂ ਨੂੰ ਠੀਕ ਪ੍ਰਸੰਗ ਵਿਚ ਰੱਖ ਕੇ ਉਨ੍ਹਾਂ ਦੀ ਵਿਆਖਿਆ ਕਰੇ। ਇਹੋ ਬੌਧਿਕ ਇਮਾਨਦਾਰੀ ਹੈ।

ਜੇਕਰ ਬਾਹਰਮੁਖੀ ਰੂਪ ਵਿਚ 'ਧਰਮ' ਨੂੰ ਗ਼ਦਰ ਲਹਿਰ ਦੇ ਵਿਚੋਂ ਤਲਾਸ਼ਣਾ ਹੈ ਤਾਂ ਨਿਰਸੰਦੇਹ ਕੁਝ ਅਜਿਹੇ ਗ਼ਦਰੀ ਹਨ ਜਿਨ੍ਹਾਂ ਦੀ ਦ੍ਰਿਸ਼ਟੀ ਸਿੱਖ ਦ੍ਰਿਸ਼ਟੀ ਹੈ। ਪ੍ਰੰਤੂ ਇਹ ਸਿੱਖ ਵੀ ਗ਼ਦਰ ਲਹਿਰ ਦੀ ਕਾਰਵਾਈ ਦੌਰਾਨ ਕਿਧਰੇ ਵੀ ਗ਼ਦਰ ਲਹਿਰ ਨੂੰ ਆਪਣੇ ਅਧੀਨ ਕਰਦੇ ਦਿਖਾਈ ਨਹੀਂ ਦਿੰਦੇ ਸਗੋਂ ਗ਼ਦਰ ਲਹਿਰ ਦੇ ਕਾਰਜ ਵਿਚ ਸਰਗਰਮ ਹੁੰਦੇ ਹਨ। ਇਨ੍ਹਾਂ ਸਿੱਖਾਂ ਵਿਚ ਸਭ ਨਾਲੋਂ ਮਹੱਤਵਪੂਰਨ ਅਤੇ ਗੌਲਣਯੋਗ ਸਿੱਖ ਭਾਈ ਸਾਹਿਬ ਭਾਈ ਰਣਧੀਰ ਸਿੰਘ ਨਾਰੰਗਵਾਲ ਤੇ ਉਨ੍ਹਾਂ ਦਾ ਜੱਥਾ ਹੈ। ਭਾਈ ਰਣਧੀਰ ਸਿੰਘ ਸਿੱਖੀ ਦੇ ਰੰਗ ਵਿਚ ਰੰਗੇ ਇਕੱਲੇ 'ਬਿਬੇਕੀ ਸਿੱਖ' ਹਨ ਜੋ ਆਪਣੀ ਸਿੱਖੀ ਨੂੰ ਜੇਲ੍ਹ ਦੌਰਾਨ ਵੀ ਕਾਇਮ ਰੱਖਦੇ ਹਨ। ਜੇਲ੍ਹ ਦੌਰਾਨ ਕਿੰਨੀਆਂ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਜਿਨ੍ਹਾਂ ਨੂੰ ਉਹ ਸਿਰੜ ਨਾਲ ਝੱਲਦੇ ਹਨ ਪਰੰਤੂ ਉਹ ਕਿਸੇ ਕਿਸਮ ਦਾ ਸਮਝੌਤਾ ਨਹੀਂ ਕਰਦੇ। ਜੇਲ੍ਹ ਦੌਰਾਨ ਉਹ ਹਰ ਦੁੱਖ ਸੁੱਖ ਨੂੰ ਸਮ ਕਰ ਜਾਨਣ ਵਾਲੇ, ਪ੍ਰਮਾਤਮਾ ਦੀ ਰਜ਼ਾ ਵਿਚ ਰਹਿਣ ਵਾਲੇ ਸਿੱਖ ਹਨ। ਉਹ ਸਰਬ ਲੋਹੀਏ ਸਿੱਖ ਹਨ ਜੋ ਆਪਣਾ ਪ੍ਰਸ਼ਾਦਾ ਵੀ ਆਪ ਸਜਾਉਂਦੇ ਹਨ। ਉਹ ਆਪਣੀ ਕੁਰਬਾਨੀ ਦੇਣ ਲਈ ਤਿਆਰ ਹੋ ਜਾਂਦੇ ਹਨ ਪਰੰਤੂ ਆਪਣੇ ਸਿੱਖ ਸਿਧਾਂਤਾ ਨੂੰ ਸਿਦਕ ਨਾਲ ਨਿਭਾਉਂਦੇ ਹਨ। ਉਨ੍ਹਾਂ ਦੀ ਜੇਲ੍ਹ ਅਨੁਭਵਾਂ ਨਾਲ ਸਬੰਧਿਤ ਪੁਸਤਕ 'ਜੇਲ੍ਹ ਚਿੱਠੀਆਂ' 'ਚੋਂ ਸਮੁੱਚਾ ਬਿਰਤਾਂਤ ਇਹੋ ਦੱਸ ਪਾਉਂਦਾ ਹੈ ਕਿ ਭਾਈ ਰਣਧੀਰ ਸਿੰਘ ਸਿੱਖ ਦ੍ਰਿਸ਼ਟੀ ਵਾਲੀ ਸ਼ਖ਼ਸੀਅਤ ਹੈ। ਭਾਈ ਰਣਧੀਰ ਸਿੰਘ 4 ਅਕਤੂਬਰ 1930 ਨੂੰ ਲਾਹੌਰ ਸੈਂਟਰਲ ਜੇਲ੍ਹ ਤੋਂ ਰਿਹਾਅ ਹੋਣ ਤੋਂ ਲੈ ਕੇ 16 ਅਪੈਲ 1961 ਤੱਕ ਆਪਣਾ ਸਮੁੱਚਾ ਜੀਵਨ ਸਿੱਖ ਦ੍ਰਿਸ਼ਟੀ ਅਨੁਸਾਰ ਹੀ ਬਤੀਤ ਕਰਦੇ ਹਨ। ਉਹ ਸਿੱਖ ਧਰਮ ਦੀ ਬਹੁਤ ਸਨਮਾਨਤ ਸ਼ਖ਼ਸੀਅਤ ਹਨ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਅਤੇ ਉਨ੍ਹਾਂ ਦਾ ਜੱਥਾ ਗ਼ਦਰ ਵਿਚ ਹਿੱਸਾ ਕਿਉਂ ਲੈਂਦਾ ਹੈ? ਇਸ ਤੱਥ ਦੀ ਜਾਣਕਾਰੀ ਬਹੁਤ ਜ਼ਰੂਰੀ ਹੈ। ਭਾਈ ਰਣਧੀਰ ਸਿੰਘ ਗ਼ਦਰ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਜੋ ਅੰਗਰੇਜ਼ਾਂ ਨੇ ਦਿੱਲੀ ਵਿਖੇ ਗੁਰਦੁਆਰਾ ਰਕਾਬਗੰਜ ਦੀ ਕੰਧ ਢਾਹੀ ਸੀ, ਉਸ ਤੋਂ ਬਹੁਤ ਆਹਤ ਸਨ। ਹੋਰ ਸਿੱਖ ਸੰਗਤ ਅੰਦਰ ਵੀ ਇਸ ਦਾ ਬਹੁਤ ਆਕਰੋਸ਼ ਸੀ। ਭਾਈ ਸਾਹਿਬ ਭਾਈ ਰਣਧੀਰ ਸਿੰਘ ਪਿੰਡਾਂ ਵਿਚ ਕੀਰਤਨ ਕਰਦੇ ਅਤੇ ਬਾਅਦ ਵਿਚ ਗੁਰਦੁਆਰਾ ਰਕਾਬਗੰਜ ਦੀ ਢਾਹੀ ਹੋਈ ਦੀਵਾਰ ਵਿਰੁੱਧ ਮਤਾ ਪਾਸ ਕਰਵਾ ਕੇ ਸਰਕਾਰ ਨੂੰ ਭੇਜਦੇ ਸਨ। ਇਉਂ ਭਾਈ ਰਣਧੀਰ ਸਿੰਘ ਅਤੇ ਉਨ੍ਹਾਂ ਦਾ ਜੱਥਾ ਇਸ ਧਾਰਮਕ ਆਕਰੋਸ਼ ਨਾਲ ਭਰੇ ਹੋਏ ਸਨ। ਇਸ ਤੱਥ ਸਬੰਧੀ ਭਾਈ ਰਣਧੀਰ ਸਿੰਘ ਹੁਰਾਂ ਦੇ ਕਰੀਬੀ ਅਤੇ ਸ਼ਰਧਾਲੂ ਸਿੱਖ ਜੋ ਆਪ ਵੀ ਜੱਥੇ ਵਿਚ ਸ਼ਾਮਲ ਸਨ ਅਤੇ ਜੇਲ੍ਹ ਕੱਟ ਕੇ ਆਏ ਸਨ, ਉਹ ਸਨ ਬਾਬਾ ਹਰਭਜਨ ਸਿੰਘ ਚਮਿੰਡਾ। ਉਹ ਆਪਣੀ ਪੁਸਤਕ "ਲਹੂ ਭਿੰਨੀਆਂ ਯਾਦਾਂ" ਅਤੇ ਸਵੈ-ਜੀਵਨੀ ਵਿਚ ਇਸ ਤੱਥ ਨੂੰ ਅੰਕਿਤ ਕਰਦੇ ਹਨ। "17-2-1995 ਨੂੰ ਭੋਗ ਤੋਂ ਬਾਅਦ ਗੁਪਤ ਮੀਟਿੰਗ ਹੋਈ, ਜਿਸ ਵਿਚ ਫ਼ਿਰੋਜ਼ਪੁਰ ਜਾਣ ਦਾ ਗੁਰਮਤਾ ਪੇਸ਼ ਹੋਇਆ ਤਾਂ ਭਾਈ ਸੁਜਨ ਸਿੰਘ ਨੇ ਮੁਖ਼ਾਲਫ਼ਤ ਕੀਤੀ ਤੇ ਕਿਹਾ ਕਿ ਖ਼ਾਲਸੇ ਨੂੰ ਰਾਜ ਕਾਜ ਨਾਲ ਕੀ ਤੇ ਜੱਥਾ ਫ਼ਿਰੋਜ਼ਪੁਰ ਨਾ ਜਾਵੇ। ਪਰ ਭਾਈ ਸਾਹਿਬ ਨੇ ਕਿਹਾ ਕਿ ਅਸੀਂ ਉਥੇ ਰਾਜ ਸਾਂਭਣ ਲਈ ਨਹੀਂ ਸਗੋਂ ਜ਼ੁਲਮੀ ਰਾਜ ਨੂੰ ਉਲਟਾਉਣ ਤੇ ਗੋਰੇਸ਼ਾਹੀ ਨੂੰ ਖ਼ਤਮ ਕਰਨ ਲਈ ਜਾਣਾ ਹੈ ਜਿਸ ਨੇ ਕਿ ਸਾਡੇ ਗੁਰਧਾਮ ਰਕਾਬਗੰਜ ਦੀ ਕੰਧ ਢਾਹੀ ਹੈ। ਫਿਰ ਕੀ ਸੀ। ਕਿਸੇ ਨੇ ਵੀ ਵਿਰੋਧ ਨਾ ਕੀਤਾ ਤੇ ਫ਼ਿਰੋਜ਼ਪੁਰ ਜਾਣ ਦਾ ਮਤਾ ਪਾਸ ਹੋ ਗਿਆ ਤੇ ਸਭ ਸੱਜਣਾਂ ਨੂੰ 19 ਤਰੀਕ ਨੂੰ ਨਾਰੰਗਵਾਲ ਜਾਣ ਦੀ ਹਿਦਾਇਤ ਹੋ ਗਈ।"[16] ਇਸ ਤੱਥ ਤੋਂ ਨਾ ਇਤਿਹਾਸ ਇਨਕਾਰੀ ਹੈ ਅਤੇ ਨਾ ਹੀ ਗ਼ਦਰ ਲਹਿਰ। ਪਰੰਤੂ ਇਸ ਤੱਥ ਵਿਚ ਸਮਝਣ ਵਾਲੀ ਮਹੱਤਵਪੂਰਨ ਗੱਲ 'ਗੁਰਧਾਮ ਦੀ ਕੰਧ ਢਾਹੁਣਾ' ਹੈ ਜਿਸ ਉਤੇ ਸਾਰਾ ਜੱਥਾ ਇਕ ਮੱਤ ਹੋ ਗਿਆ। ਇਸ ਜੱਥੇ ਤੋਂ ਬਿਨਾਂ ਗ਼ਦਰ ਲਹਿਰ ਵਿਚ ਕਿਧਰੇ ਵੀ ਵੇਰਵਾ ਨਹੀਂ ਮਿਲਦਾ ਜਿਹੜਾ ਗ਼ਦਰ ਲਹਿਰ ਨੂੰ ਧਰਮ ਦੀ ਲਹਿਰ ਬਣਾਉਂਦਾ ਹੋਵੇ। ਇਹ ਵੇਰਵਾ ਵੀ ਭਾਈ ਸਾਹਿਬ ਦਾ ਆਪਣਾ ਅਤੇ ਉਨ੍ਹਾਂ ਦੇ ਜੱਥੇ ਦਾ ਹੈ। ਗ਼ਦਰ ਲਹਿਰ ਵਿਚ ਇਹ ਵੇਰਵਾ ਨਹੀਂ ਹੈ ਕਿ ਇਸ ਕਰਕੇ ਗ਼ਦਰ ਕਰਨਾ ਹੈ ਕਿ ਰਕਾਬਗੰਜ ਦੀ ਕੰਧ ਢਾਹੀ ਗਈ ਹੈ। ਡਾ. ਹਰੀਸ਼ ਕੇ ਪੁਰੀ ਨੇ ਵੀ ਭਾਈ ਰਣਧੀਰ ਸਿੰਘ ਵੱਲ ਸੰਕੇਤ ਕਰਕੇ ਦੱਸਿਆ ਹੈ, "ਰਣਧੀਰ ਸਿੰਘ ਨਾਰੰਗਵਾਲ ਜਿਸ ਨੇ ਗੁਰਦਵਾਰਾ ਰਕਾਬਗੰਜ ਦੇ ਮਸਲੇ ਉਤੇ ਅੰਦੋਲਨ ਦੀ ਅਗਵਾਈ ਕੀਤੀ ਸੀ, ਗ਼ਦਰ ਦੇ ਵਿਚਾਰ ਗ੍ਰਹਿਣ ਕਰਨ ਵਾਲਾ ਪੰਜਾਬ ਦੇ ਪੰਜਾਬੀਆਂ ਵਿਚੋਂ ਇਕ-ਇਕ ਮਹੱਤਵਪੂਰਨ ਵਿਅਕਤੀ ਸੀ।"[17]

ਗ਼ਦਰ ਲਹਿਰ ਸਿਧਾਂਤਕ ਅਤੇ ਵਿਹਾਰਕ ਤੌਰ 'ਤੇ ਭਾਰਤ ਤੋਂ ਬਾਹਰ ਵੀ ਜਥੇਬੰਦ ਹੋਈ ਸੀ। ਪੰਜਾਬ ਅੰਦਰੋਂ ਜਿਹੜੇ ਲੋਕ ਸਰਗਰਮ ਹੋਏ ਜਿੰਨਾਂ ਵਿਚ ਢੁੱਡੀਕੇ ਸੈਂਟਰ, ਸੰਘਵਾਲ ਸੈਂਟਰ, ਸੁਰ ਸਿੰਘ ਵਾਲਾ ਅਤੇ ਕੁਝ ਹੋਰ ਪ੍ਰਮੁੱਖ ਥਾਵਾਂ ਸ਼ਾਮਲ ਹਨ। ਉਹ ਗ਼ਦਰ ਲਹਿਰ ਦੇ ਸਿਧਾਂਤਾਂ ਵਿਚ ਕਿੰਨੇ ਪ੍ਰਪੱਕ ਸਨ, ਉਨ੍ਹਾਂ ਦੇ ਕਿੰਨੇ ਕੁ ਗਿਆਤਾ ਸਨ, ਉਨ੍ਹਾਂ ਦਾ ਸੁਤੰਤਰ ਅਧਿਐਨ ਜ਼ਰੂਰ ਦਿਲਚਸਪ ਹੋਵੇਗਾ। ਪਰੰਤੂ ਅਮਰੀਕਾ-ਕੈਨੇਡਾ ਤੇ ਹੋਰਨਾਂ ਥਾਵਾਂ ਉਤੇ ਸਰਗਰਮ ਗ਼ਦਰੀਏ ਗ਼ਦਰ ਪਾਰਟੀ ਦੇ ਸਿਧਾਂਤ, ਉਦੇਸ਼ਾਂ, ਨੀਤੀਆਂ ਅਤੇ ਕਾਰਜਵਿਧੀ ਤੋਂ ਕਾਫ਼ੀ ਸੁਚੇਤ ਸਨ। ਇਸ ਕਰਕੇ ਗ਼ਦਰ ਲਹਿਰ ਬਾਰੇ ਪ੍ਰਤੱਖ ਪ੍ਰਮਾਣ ਉਨ੍ਹਾਂ ਗ਼ਦਰੀਆਂ ਵਿਚੋਂ ਵਧੇਰੇ ਸਪੱਸ਼ਟ ਦਿਖਾਈ ਦਿੰਦੇ ਹਨ।

ਇਨ੍ਹਾਂ ਪ੍ਰਮਾਣਾਂ ਵਿਚੋਂ ਧਰਮ-ਨਿਰਪੱਖ ਮਸਲੇ ਬਾਰੇ ਉਹ ਬਹੁਤ ਸੁਚੇਤ ਸਨ। ਬਾਬਾ ਸੋਹਨ ਸਿੰਘ ਭਕਨਾ 'ਮੇਰੀ ਰਾਮ ਕਹਾਣੀ' ਵਿਚ ਭਾਈ ਨਿਧਾਨ ਸਿੰਘ ਚੁੱਘਾ ਬਾਰੇ ਇਕ ਘਟਨਾ ਦਰਜ ਕਰਦੇ ਹਨ। "ਦੇਸ਼ ਭਗਤੀ ਦਾ ਚਾਓ ਸਿਰਫ਼ ਗੱਭਰੂਆਂ ਤੱਕ ਹੀ ਬਸ ਨਹੀਂ ਸੀ, ਸਗੋਂ ਬੁੱਢੇ ਗੱਭਰੂਆਂ ਨਾਲੋਂ ਵੀ ਵੱਧ ਚਾਓ ਨਾਲ ਕਰਦੇ ਰਹੇ ਸਨ। ਇਥੇ ਮੈਂ ਇਕ ਬੁੱਢੇ ਦੀ ਨਜ਼ੀਰ ਪੇਸ਼ ਕਰਦਾ ਹਾਂ। ਜਿਨ੍ਹਾਂ ਦਾ ਨਾਂ ਨਿਧਾਨ ਸਿੰਘ (ਚੁੱਘਾ) ਸੀ। ਉਨ੍ਹਾਂ ਨੂੰ ਸਟਾਕਟਨ ਗੁ. ਕਮੇਟੀ ਨੇ ਆਪਣਾ ਪ੍ਰਧਾਨ ਚੁਣਿਆ। ਇਹ ਅਹੁਦਾ ਧਾਰਮਕ ਖਿਆਲ ਨਾਲ ਸਿੱਖਾਂ ਵਿਚ ਬੜੇ ਉੱਚ ਪਾਏ ਦਾ ਗਿਣਿਆ ਜਾਂਦਾ ਹੈ। ਪਰ ਉਸ ਬੁੱਢੇ ਦੇਸ਼ ਭਗਤ ਨੂੰ ਇਥੋਂ ਤੱਕ ਦੇਸ਼ ਪਰੇਮ ਦਾ ਨਸ਼ਾ ਸੀ ਕਿ ਉਸ ਨੇ ਇਹ ਕਹਿ ਕੇ ਪ੍ਰਧਾਨ ਬਣਨ ਤੋਂ ਸਿਰ ਫੇਰ ਦਿੱਤਾ ਕਿ "ਭਾਈ ਮੈਂ ਤਾਂ ਦੇਸ਼ ਦੀ ਆਜ਼ਾਦੀ ਲਈ ਕੰਮ ਕਰਨਾ ਹੈ। ਇਸ ਲਈ ਮੈਂ ਨਹੀਂ ਚਾਹੁੰਦਾ ਕਿ ਮੇਰੇ ਕਰਕੇ ਗੁ. ਕਮੇਟੀ ਨੂੰ ਕੋਈ ਧੱਕਾ ਲੱਗੇ।"[18] ਭਾਈ ਨਿਧਾਨ ਸਿੰਘ ਚੁੱਘਾ ਨੂੰ ਲੇਖਕ ਬਹੁਤ ਸ਼ਰਧਾਵਾਨ ਸਿੱਖ ਦੇ ਰੂਪ ਵਿਚ ਪੇਸ਼ ਕਰਦਾ ਹੈ। ਪਰੰਤੂ ਇਹ ਤੱਥ ਕੁਝ ਹੋਰ ਦਰਸਾ ਰਿਹਾ ਹੈ ਕਿ ਉਹ ਦੇਸ਼ ਦੀ ਆਜ਼ਾਦੀ ਨੂੰ ਪਹਿਲ ਦਿੰਦਾ ਹੈ ਅਤੇ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਨੂੰ ਅਸਵੀਕਾਰ ਕਰਦਾ ਹੈ। ਜੇਕਰ ਭਾਈ ਨਿਧਾਨ ਸਿੰਘ ਗ਼ਦਰ ਨੂੰ ਧਰਮ ਯੁੱਧ ਮੰਨ ਰਿਹਾ ਹੋਵੇ ਤਾਂ ਉਹ ਦੇਸ਼ ਦੀ ਆਜ਼ਾਦੀ ਅਤੇ ਗੁਰਦੁਆਰੇ ਦੇ ਕੰਮ ਨੂੰ ਇਕੋ ਜਿਹਾ ਸਮਝੇ। ਉਸ ਦਾ ਇਹ ਨਾ ਸਵੀਕਾਰਨਾ ਹੀ ਉਸ ਦੇ ਵਿਚਾਰਾਂ ਅਤੇ ਦ੍ਰਿਸ਼ਟੀ ਦਾ ਨਿਖੇੜਾ ਕਰਦਾ ਹੈ।

ਲੇਖਕ ਆਪਣੀ ਪੁਸਤਕ ਵਿਚ ਇਕ ਹੋਰ ਪਹਿਲੂ ਉਪਰ ਬੇਇੰਤਹਾ ਜ਼ੋਰ ਦਿੰਦਾ ਹੈ ਕਿ ਗ਼ਦਰੀ ਬਾਬੇ ਜਿਸ ਸਪਿਰਟ ਨਾਲ ਲੜੇ, ਉਹ ਸਪਿਰਟ ਸਿੱਖੀ ਸਪਿਰਟ ਸੀ। ਪਰੰਤੂ ਇਸ ਤਰ੍ਹਾਂ ਦੀ ਸਪਿਰਟ ਪੰਜਾਬੀਆਂ ਦੇ ਸੀਥੀਅਨ ਨਸਲ ਦਾ ਵਿਸ਼ੇਸ਼ ਗੁਣ ਹੈ। ਦੂਸਰਾ ਉਸ ਦਾ ਜ਼ੋਰ ਇਸ ਗੱਲ 'ਤੇ ਹੈ ਕਿ ਗ਼ਦਰੀਆਂ ਦੀ ਸੰਥਿਆ ਸਿੱਖੀ ਵਿਚੋਂ ਤਲਾਸ਼ ਕਰਨੀ ਚਾਹੀਦੀ ਹੈ। ਪਰੰਤੂ ਗ਼ਦਰੀ ਬਾਬੇ ਇਸ ਸੰਥਿਆ ਦੀ ਦੱਸ ਹੋਰ ਥਾਂ 'ਤੇ ਪਾਉਂਦੇ ਹਨ। ਬਾਬਾ ਭਕਨਾ 'ਮੇਰੀ ਰਾਮ ਕਹਾਣੀ' ਵਿਚ ਦੱਸਦਾ ਹੈ, "ਮੇਰੀ ਜਾਚੇ ਤਾਂ ਖ਼ੁਦ ਲਾਲਾ ਹਰਦਿਆਲ ਵੀ ਕੰਮ ਕਰਨ ਦੇ ਢੰਗਾਂ ਤੋਂ ਅਨਜਾਣ ਸੀ ਅਤੇ ਫੇਰ 'ਗ਼ਦਰ ਮਾਸਟਰ' ਦੇ ਜਿਸ ਹਿੱਸੇ ਨੇ ਵਧੇਰੇ ਪੰਜਾਬੀਆਂ ਨੂੰ ਉਭਾਰਿਆ ਉਹ ਕਵਿਤਾ ਦਾ ਹਿੱਸਾ ਸੀ। ਜੋ ਮਗਰੋਂ 'ਗ਼ਦਰ ਦੀ ਗੂੰਜ' ਨਾਮੀ-ਇਕ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ ਸੀ। ਹੁਣ ਇਸ ਕਵਿਤਾ ਵਿਚ ਜੋ ਠੇਠ ਪੰਜਾਬੀ ਵਿਚ ਹੁੰਦੀ ਸੀ, ਲਾਲਾ ਹਰਦਿਆਲ ਦੀ ਰਸਨਾ ਤੇ ਲੇਖਣੀ ਦਾ ਕੋਈ ਅੰਸ਼ ਨਹੀਂ ਸੀ। ਇਹ ਕਵਿਤਾ ਬਾਹਰੋਂ ਦੇਸ਼ ਭਗਤ ਬਣਾ ਕੇ ਘੱਲਦੇ ਸਨ ਜਾਂ ਭਾਈ ਹਰਨਾਮ ਸਿੰਘ ਲਾਟ ਜੋ ਆਸ਼ਰਮ ਵਿਚ ਕੰਮ ਕਰਨ ਵਾਲਾ ਇਕ ਪੁਰਾਣਾ ਦੇਸ਼ ਭਗਤ ਸੀ, ਤਿਆਰ ਕਰਦਾ ਸੀ। ਇਸ ਲਈ ਅਸੀਂ ਗ਼ਦਰ ਲਹਿਰ ਦਾ ਉਸਤਾਦ (ਪ੍ਰਿੰਸੀਪਲ) ਲਾਲਾ ਹਰਦਿਆਲ ਜਾਂ ਕਿਸੇ ਇਕ ਬੰਦੇ ਨੂੰ ਨਹੀਂ ਮੰਨ ਸਕਦੇ। ਇਹ ਲਹਿਰ ਦੇਸ਼ ਭਗਤਾਂ ਦੀ ਇਕ ਸਮੁੱਚੀ ਤਾਕਤ ਦਾ ਸਿੱਟਾ ਸੀ ਜਿਸ ਦੀ ਨੀਂਹ 'ਆਜ਼ਾਦੀ ਤੇ ਬਰਾਬਰੀ' ਉਤੇ ਸੀ।"[19] ਇਥੇ ਇਕ ਗੱਲ ਦਾ ਸਪੱਸ਼ਟੀਕਰਨ ਬਹੁਤ ਜ਼ਰੂਰੀ ਹੈ ਜਿਸ ਨੂੰ ਸਿੱਖ ਵਿਸ਼ਲੇਸ਼ਣਕਾਰ ਵਿਗਾੜ ਕੇ ਪੇਸ਼ ਕਰਦੇ ਹਨ। ਉਹ ਹੈ ਕਿ ਬਾਬਾ ਭਕਨਾ ਜੋ ਲਾਲਾ ਹਰਦਿਆਲ ਦਾ ਦਿਲੋਂ ਸਤਿਕਾਰ ਕਰਦਾ ਹੈ, ਬਾਰੇ ਇਹ ਟਿੱਪਣੀ ਤਾਂ ਕਰਦਾ ਹੈ ਕਿ ਜਦੋਂ ਗ਼ਦਰ ਦਾ ਲਾਹੌਰ ਸਾਜਿਸ਼ ਕੇਸ ਚੱਲਦਾ ਹੈ ਤਾਂ ਬਰਤਾਨਵੀ ਸਾਮਰਾਜ ਗ਼ਦਰੀਆਂ ਨੂੰ ਲਾਲਾ ਹਰਦਿਆਲ ਵੱਲੋਂ ਭੜਕਾਏ ਹੋਇਆ ਮੰਨਦਾ ਵੀ ਹੈ ਅਤੇ ਲਾਹੌਰ ਸਾਜਿਸ਼ ਕੇਸ ਦੀ ਕਾਰਵਾਈ ਵਿਚ ਉਸ ਦਾ ਬਾਰ-ਬਾਰ ਜ਼ਿਕਰ ਵੀ ਕਰਦਾ ਹੈ। ਦੂਸਰਾ, ਗ਼ਦਰੀਆਂ ਤੋਂ ਪਹਿਲਾਂ ਇਕੱਲਾ ਲਾਲਾ ਹਰਦਿਆਲ ਹੈ ਜੋ ਇਕੱਲਾ ਵਿਦਰੋਹੀ ਸਰਗਰਮੀ ਕਰਦਾ ਹੈ ਜਿਸ ਦਾ ਦਿੱਲੀ 'ਚ ਹਾਰਡਿੰਗ ਬੰਬ ਕੇਸ ਦੇ ਸ਼ਹੀਦ ਅਮੀਰ ਚੰਦ ਨਾਲ ਸਬੰਧ ਅਤੇ ਸਰਗਰਮੀ ਹੈ ਅਤੇ ਲਾਹੌਰ ਵਿਚਲੀ ਸਰਗਰਮੀ ਤੋਂ ਵੀ ਸਰਕਾਰ ਚੰਗੀ ਤਰ੍ਹਾਂ ਵਾਕਿਫ਼ ਹੈ। ਇਸ ਕਰਕੇ ਸਰਕਾਰ ਲਾਲਾ ਹਰਦਿਆਲ ਨੂੰ ਹੀ ਮੁੱਖ ਦੋਸ਼ੀ ਮੰਨਦੀ ਹੈ ਪਰੰਤੂ ਬਾਬਾ ਭਕਨਾ ਦੀ ਇਸ ਟਿੱਪਣੀ ਵਿਚ ਗ਼ਦਰ ਲਹਿਰ ਦੀ ਕਵਿਤਾ ਦਾ ਵੇਰਵਾ ਬਹੁਤ ਮਹੱਤਵਪੂਰਨ ਇਸ ਕਰਕੇ ਵੀ ਹੈ ਕਿ ਗ਼ਦਰ ਵਿਰੁੱਧ ਚੱਲੇ ਸਾਰੇ ਕੇਸਾਂ ਵਿਚ ਇਸ ਕਵਿਤਾ ਨੂੰ ਬਹੁਤ ਵੱਡੇ ਪ੍ਰਮਾਣ ਵੀ ਬਣਾਇਆ ਗਿਆ ਹੈ। ਇਸ ਕਵਿਤਾ ਦੇ ਕਾਵਿ ਸ਼ਾਸਤਰ ਦਾ ਮਸਲਾ ਤਾਂ ਵਿਸਤ੍ਰਿਤ ਚਰਚਾ ਦੀ ਮੰਗ ਕਰਦਾ ਹੈ ਪਰੰਤੂ ਏਥੇ ਇਸ ਕਵਿਤਾ ਦੀ ਸ਼ਕਤੀ ਦਾ ਮਸਲਾ ਹੈ। ਨਿਰਸੰਦੇਹ ਗ਼ਦਰ ਲਹਿਰ ਦੀ ਚੜ੍ਹਤ ਵਿਚ ਇਸ ਕਵਿਤਾ ਦਾ ਯੋਗਦਾਨ ਬਹੁਤ ਵੱਡਾ ਹੈ। ਹਰ ਇਕੱਠ ਵਿਚ ਇਸ ਕਵਿਤਾ ਦਾ ਗਾਇਨ ਹੁੰਦਾ ਸੀ ਤੇ ਲੋਕ ਇਸ ਕਵਿਤਾ ਦੀ ਸ਼ਕਤੀ ਨਾਲ ਜੋਸ਼ੀਲੇ ਹੁੰਦੇ ਸਨ। ਗ਼ਦਰ ਲਹਿਰ ਦੀ ਕਵਿਤਾ ਅਨੇਕਾਂ ਗ਼ਦਰੀਆਂ ਨੂੰ ਮੂੰਹ ਜ਼ਬਾਨੀ ਯਾਦ ਸੀ। ਇਸ ਕਵਿਤਾ ਦੀ ਸ਼ਕਤੀ ਦੇ ਤਾਂ ਅਨੇਕਾਂ ਪ੍ਰਮਾਣ ਗ਼ਦਰ ਲਹਿਰ ਵਿਚੋਂ ਮਿਲਦੇ ਹਨ ਪਰੰਤੂ ਉਹ ਹਵਾਲਾ ਜਦੋਂ ਸ਼ਹੀਦ ਕਰਤਾਰ ਸਿੰਘ ਸਰਾਭਾ, ਭਾਈ ਹਰਨਾਮ ਸਿੰਘ ਟੁੰਡੀਲਾਟ ਅਤੇ ਭਾਈ ਜਗਤ ਸਿੰਘ ਸੁਰ ਸਿੰਘ ਗ਼ਦਰ ਦੇ ਫੇਲ੍ਹ ਹੋ ਜਾਣ 'ਤੇ ਅਫ਼ਗਾਨਿਸਤਾਨ ਵੱਲ ਜਾਣ ਲੱਗੇ ਤਾਂ ਅਟਕ ਦਰਿਆ ਦੇ ਕੰਢੇ 'ਤੇ 'ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜਕੇ' ਕਵਿਤਾ ਹੀ ਸੀ ਜਿਸ ਨੇ ਗ਼ਦਰੀਆਂ ਨੂੰ ਦੇਸ਼ ਛੱਡਣ ਦੀ ਬਜਾਏ ਮੁੜ ਦੇਸ਼ ਵਿਚ ਗ਼ਦਰ ਕਰਨ ਲਈ ਮੋੜ ਲਿਆਂਦਾ ਸੀ।[20] ਇਉਂ ਗ਼ਦਰ ਲਹਿਰ ਦੀ ਕਵਿਤਾ ਦੀ ਸ਼ਕਤੀ ਅਤੇ ਪ੍ਰੇਰਨਾ ਨੂੰ ਬਾਬਾ ਭਕਨਾ ਗ਼ਦਰ ਲਹਿਰ ਦਾ ਗੁਰੂ ਸਵੀਕਾਰ ਕਰਦਾ ਹੈ ਪਰੰਤੂ ਸਿੱਖ ਵਿਸ਼ਲੇਸ਼ਣਕਾਰ ਕਹਿੰਦਾ ਹੈ ਕਿ ਅਜਿਹੀ ਕਵਿਤਾ ਉਤੇ ਗ਼ਦਰੀਆਂ ਨੇ ਆਪ ਕਿੰਨਾ ਕੁ ਅਮਲ ਕੀਤਾ ਹੈ।[21]

ਇਥੇ ਜਿਹੜਾ ਬੁਨਿਆਦੀ ਪ੍ਰਸ਼ਨ ਹੈ ਉਹ ਹੈ ਕਵਿਤਾ ਦੇ ਵਿਚ ਜਾਂ ਵਾਰਤਕ ਦੇ ਵਿਚ ਸਿੱਖ ਧਰਮ, ਸਿੱਖ ਸਿਧਾਂਤ ਅਤੇ ਸਿੱਖ ਇਤਿਹਾਸ ਵਿਚੋਂ ਬਿੰਬਾਂ ਪ੍ਰਤੀਕਾਂ, ਚਿਹਨਾਂ ਦਾ ਲੈਣਾ। ਇਹ ਮਸਲਾ ਅਹਿਮ ਹੈ ਪਰੰਤੂ ਸਿੱਖ ਵਿਸ਼ਲੇਸ਼ਣਕਾਰ ਇਸ ਨੂੰ ਇਤਿਹਾਸਕ ਪਰਿਪੇਖ ਵਿਚ ਗ੍ਰਹਿਣ ਹੀ ਨਹੀਂ ਕਰਦਾ। ਇਹੋ ਭੁੱਲ ਪਰਮਬੀਰ ਸਿੰਘ ਗਿੱਲ ਆਪਣੇ ਲੇਖ Pious Rebels: The Ghadar Prose and Practice[22] ਵਿਚ ਕਰਦਾ ਹੈ। ਕਿਸੇ ਵੀ ਭਾਸ਼ਾ ਵਿਚ ਰਚੇ ਗਏ ਸਾਹਿਤ ਨੇ ਆਪਣੇ ਪ੍ਰਤੀਕ ਅਤੇ ਚਿਹਨਾਵਲੀ ਆਪਣੇ ਸਭਿਆਚਾਰ ਵਿਚੋਂ ਲੈਣੇ ਹੁੰਦੇ ਹਨ। ਇਹ ਕਿਸੇ ਵਿਸ਼ੇਸ਼ ਜਾਤੀ ਜਾਂ ਵਿਸ਼ੇਸ਼ ਧਰਮ ਦੀ ਰਵਾਇਤ ਵਿਚੋਂ ਵੀ ਹੋ ਸਕਦੇ ਹਨ ਪਰੰਤੂ ਇਹ ਜ਼ਰੂਰੀ ਨਹੀਂ ਹੁੰਦਾ ਕਿ ਇਸ ਨਾਲ ਸਾਹਿਤ ਦੇ ਅਰਥਾਂ ਨੂੰ ਸੰਗੋੜ ਦੇਈਏ। ਮਿਸਾਲ ਦੇ ਤੌਰ 'ਤੇ ਗੁਰੂ ਗੋਬਿੰਦ ਸਿੰਘ 'ਚੰਡੀ ਦੀ ਵਾਰ' ਦੀ ਸਿਰਜਣਾ ਕਰਦੇ ਹਨ। ਦੁਰਗਾ ਦੇਵੀ ਦਾ ਪ੍ਰਤੀਕ ਲੈ ਕੇ ਉਹ ਦਾਨਵਾਂ ਨਾਲ ਯੁੱਧ ਦਾ ਚਿਤਰਣ ਕਰਦੇ ਹਨ। ਦੁਰਗਾ ਦੇਵੀ ਹਿੰਦੂ ਧਰਮ ਦੀ ਦੇਵੀ ਹੈ। ਹੁਣ ਇਥੇ ਇਸ ਦਾ ਇਹ ਅਰਥ ਕੱਢ ਲਿਆ ਜਾਵੇ ਕਿ ਗੁਰੂ ਸਾਹਿਬ ਹਿੰਦੂ ਧਰਮ ਦੀ ਉਸਤਤਿ ਕਰਦੇ ਹਨ ਜਾਂ ਗੁਰੂ ਸਾਹਿਬ ਦੀ ਰਚਨਾ ਨੂੰ ਹਿੰਦੂ ਸਾਹਿਤ ਕਹਿ ਦਿੱਤਾ ਜਾਵੇ ਤਾਂ ਇਹ ਸਰਾਸਰ ਗ਼ਲਤ ਹੈ। ਬਿਲਕੁਲ ਇਸੇ ਤਰ੍ਹਾਂ ਗ਼ਦਰ ਲਹਿਰ ਦੇ ਸਾਹਿਤ ਵਿਚ ਵਰਤੀਆਂ ਗਈਆਂ ਰਵਾਇਤਾਂ, ਚਿਹਨ, ਬਿੰਬ, ਪ੍ਰਤੀਕ ਆਦਿ ਦੇ ਇਤਿਹਾਸਕ ਪਰਿਪੇਖ ਨੂੰ ਜਾਨਣਾ ਜ਼ਰੂਰੀ ਹੈ। ਇਹ ਸਿੱਖ ਰਵਾਇਤਾਂ ਦੀ ਵਡਿਆਈ ਹੈ ਕਿ ਉਸ ਦੇ ਸਰਬੱਤ ਦੇ ਭਲੇ ਅਤੇ ਮਨੁੱਖੀ ਬਰਾਬਰੀ ਲਈ ਅਨਿਆਂ ਦੇ ਵਿਰੁੱਧ ਜੰਗ ਲੜੀ, ਉਹ ਜੰਗ ਪੰਜਾਬੀ ਮਨੁੱਖ ਦੀ ਅੱਜ ਵੀ ਪ੍ਰੇਰਨਾ ਬਣਦੀ ਹੈ। ਪਰੰਤੂ ਜੇ ਇਹ ਅੱਜ ਪ੍ਰੇਰਨਾ ਬਣ ਕੇ ਅਨਿਆਂ ਦੇ ਖ਼ਿਲਾਫ਼ ਮਨੁੱਖ ਨੂੰ ਸ਼ਕਤੀ ਦਿੰਦੀ ਹੈ ਤਾਂ ਅੱਜ ਦੀ ਲੜੀ ਗਈ ਲੜਾਈ ਧਰਮ ਦੀ ਲੜਾਈ ਨਹੀਂ ਬਣ ਜਾਵੇਗੀ। ਨਕਸਲੀ ਦੌਰ ਦੀ ਕਵਿਤਾ ਵਿਚ ਸਿੱਖ ਰਵਾਇਤਾਂ, ਸਿੱਖ ਗੁਰੂ ਸਾਹਿਬਾਨ ਅਤੇ ਹੋਰ ਕੁਰਬਾਨੀ ਕਰਨ ਵਾਲੀਆਂ ਸਿੱਖ ਸ਼ਖ਼ਸ਼ੀਅਤਾਂ ਬਾਬਾ ਦੀਪ ਸਿੰਘ ਵਰਗੀਆਂ ਬਾਰ-ਬਾਰ ਪ੍ਰੇਰਕ ਬਣਦੀਆਂ ਹਨ ਪਰੰਤੂ ਇਨ੍ਹਾਂ ਦੇ ਆਧਾਰ 'ਤੇ ਨਕਸਲੀ ਕਵਿਤਾ ਨੂੰ ਸਿੱਖ ਕਵਿਤਾ ਬਣਾ ਦੇਣਾ ਕਿੰਨਾ ਕੁ ਜਾਇਜ਼ ਹੈ ? ਇਸ ਬਾਰੇ ਕਿਸੇ ਇਕ ਬੰਦੇ ਨੇ ਫ਼ੈਸਲਾ ਨਹੀਂ ਕਰਨਾ, ਇਤਿਹਾਸ ਨੇ ਫ਼ੈਸਲਾ ਕਰਨਾ ਹੈ, ਉਸ ਦੀ ਵਿਚਾਰਧਾਰਕ ਦ੍ਰਿਸ਼ਟੀ ਨੇ ਫ਼ੈਸਲਾ ਕਰਨਾ ਹੈ। ਇਸ ਤਰ੍ਹਾਂ ਹੀ ਗ਼ਦਰ ਲਹਿਰ ਬਾਰੇ ਅਤੇ ਗ਼ਦਰ ਲਹਿਰ ਦੁਆਰਾ ਰਚੇ ਗਏ ਸਾਹਿਤ ਦਾ ਫ਼ੈਸਲਾ ਉਸ ਦੀ ਵਿਚਾਰਧਾਰਾ, ਉਸ ਦੇ ਸਿਧਾਂਤ, ਉਸ ਦੇ ਅਮਲ, ਉਸ ਦੇ ਉਦੇਸ਼ਾਂ ਅਤੇ ਰਣਨੀਤੀਆਂ ਦੇ ਆਧਾਰ 'ਤੇ ਹੋਣਾ ਹੈ।

ਲੇਖਕ ਸਭ ਨਾਲੋਂ ਵੱਡਾ ਦਾਅਵਾ ਕਰਦਾ ਹੈ, "ਇਹ ਝੂਠ ਹੈ, ਨਿਰਾ ਝੂਠ! ਗੱਲ ਏਦੂੰ ਉਲਟ ਹੈ। ਇਕ ਅੱਧੇ ਨੂੰ ਛੱਡ ਕੇ, 1914-15 ਦੇ ਪੂਰ ਵਾਲਾ ਕੋਈ ਵੀ ਗ਼ਦਰੀ ਬਾਬਾ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਨਹੀਂ ਹੋਇਆ ਸੀ।"[23] ਇਸ ਤੋਂ ਅੱਗੇ ਬਾਬਾ ਭਕਨਾ ਦੀਆਂ ਟਿੱਪਣੀਆਂ ਨੂੰ ਤੋੜ ਮਰੋੜ ਕੇ ਪ੍ਰਸੰਗ ਵਿਹੂਣਾ ਬਣਾ ਕੇ ਕਹਿੰਦਾ ਹੈ, "ਕਿਸੇ ਖੱਬੇ ਪੱਖੀ ਅੰਦਰ ਦਮ ਹੈ ਤਾਂ ਸਾਨਿਆਲ ਦੇ ਗ਼ਦਰੀ ਬਾਬਿਆਂ ਬਾਰੇ ਸਮੁੱਚੇ ਵਿਚਾਰਾਂ ਤੇ ਪ੍ਰਭਾਵਾਂ ਬਾਰੇ ਅਤੇ ਬਾਬਾ ਭਕਨਾ ਦੇ ਉਪਰੋਕਤ ਖਿਆਲਾਂ ਬਾਰੇ ਗੰਭੀਰ ਲਹਿਜੇ ਵਿਚ ਟਿੱਪਣੀ ਕਰੇ। ਇਸ ਨਾਲ ਬਹਿਸ ਅੱਗੇ ਤੁਰ ਸਕਦੀ ਹੈ।"[24] ਲੇਖਕ ਨਾਲ ਸੰਵਾਦ ਤਾਂ ਹੋ ਸਕਦਾ ਹੈ ਜਦੋਂ ਉਹ ਪ੍ਰਸੰਗ ਵਿਹੂਣੀਆਂ ਟਿੱਪਣੀਆਂ ਨਾ ਕਰੇ। ਬਾਬਾ ਭਕਨਾ ਬਾਰੇ ਉਸ ਦੀਆਂ ਟਿੱਪਣੀਆਂ 'ਦੇਵਲੀ ਕੈਂਪ ਤੇ ਉਸ ਦੇ ਲਾਭ' ਅਧਿਆਇ 'ਚੋਂ ਹਨ। ਬਾਬਾ ਭਕਨਾ ਦੇ ਵਿਚਾਰਾਂ ਨੂੰ ਜਿਵੇਂ ਉਸ ਨੇ ਜ਼ਿਬਾਹ ਕੀਤਾ ਹੈ, ਇਸ ਦੀ ਮਿਸਾਲ ਪਹਿਲੋਂ ਕਦੀ ਦੇਖਣ ਵਿਚ ਨਹੀਂ ਆਈ। ਸ਼ਚਿੰਦਰਨਾਥ ਸਾਨਿਆਲ ਦੀ 'ਬੰਦੀ ਜੀਵਨ' ਦਾ ਪਹਿਲਾ ਹਿੱਸਾ ਜਿਹੜਾ ਗ਼ਦਰੀਆਂ ਨਾਲ ਸਬੰਧਿਤ ਹੈ, ਉਸ ਨੂੰ ਪੜ੍ਹਨ 'ਤੇ ਇਕ ਵੀ ਤੱਥ ਅਜਿਹਾ ਨਹੀਂ ਜਿਹੜਾ ਗ਼ਦਰ ਲਹਿਰ ਨੂੰ ਸਿੱਖ ਲਹਿਰ ਸਿੱਧ ਕਰੇ। ਉਹ ਸਾਰੇ ਪੱਗੜੀਧਾਰੀ ਲੋਕਾਂ ਲਈ ਹੀ ਸਿੱਖ ਸ਼ਬਦ ਵਰਤਦਾ ਹੈ। ਸਾਨਿਆਲ ਦੀ ਪੁਸਤਕ ਨੂੰ ਜਿਵੇਂ ਲੇਖਕ ਆਧਾਰ ਬਣਾ ਕੇ ਵਰਤਦਾ ਹੈ, ਉਸ ਨੂੰ ਸੱਚ ਸਵੀਕਾਰ ਕਰ ਲੈਂਦਾ ਹੈ। ਬੰਗਾਲ ਦੀ ਗੁਪਤ ਕ੍ਰਾਂਤੀਕਾਰੀ ਲਹਿਰ ਜੋ ਅਨਾਰਕੀ ਰਾਹੀਂ ਬਰਤਾਨਵੀ ਬਸਤੀਵਾਦ ਨੂੰ ਉਲਟਾਉਣ ਨੂੰ ਫਿਰਦੀ ਸੀ ਅਤੇ ਲਗਾਤਾਰ ਇਸ ਤਾਕ ਵਿਚ ਸੀ। ਵਿਸ਼ਨੂੰ ਗਣੇਸ਼ ਪਿੰਗਲੇ ਰਾਹੀਂ ਸਾਨਿਆਲ ਤੇ ਫਿਰ ਰਾਸ ਬਿਹਾਰੀ ਬੋਸ ਦਾ ਸੰਪਰਕ ਹੁੰਦਾ ਹੈ, ਉਹ ਸਮਾਂ ਬਹੁਤ ਨਾਜ਼ੁਕ ਅਤੇ ਅੰਤਲੇ ਦਿਨਾਂ ਦਾ ਹੈ। ਸ਼ਚਿੰਦਰਨਾਥ ਸਾਨਿਆਲ ਨੂੰ ਗ਼ਦਰ ਲਹਿਰ ਦੀ ਨਾ ਤਾਂ ਪਿੱਠਭੂਮੀ ਦਾ ਪਤਾ ਹੈ, ਨਾ ਹੀ ਉਸ ਦੀ ਜਥੇਬੰਦੀ ਦਾ, ਨਾ ਰਣਨੀਤੀ ਦਾ ਅਤੇ ਨਾ ਹੀ ਉਸ ਦੀ ਕਾਰਜਵਿਧੀ ਦਾ। ਸਾਨਿਆਲ ਅਤੇ ਰਾਸ ਬਿਹਾਰੀ ਬੋਸ ਗ਼ਦਰ ਲਹਿਰ ਦੇ ਉਦੇਸ਼ ਅਤੇ ਵਿਧੀ ਵਿਧਾਨ ਤੋਂ ਉੱਕਾ ਹੀ ਕੋਰੇ ਹਨ। ਸਾਨਿਆਲ ਦੀ ਇਹ ਟਿੱਪਣੀ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ, "ਪਰ ਕਾਮਾਗਾਟਾ ਮਾਰੂ ਦੇ ਯਾਤਰੂਆਂ ਦੇ ਭਾਰਤ ਦੀ ਧਰਤੀ 'ਤੇ ਪੈਰ ਰੱਖਦੇ ਹੀ ਇਕ ਦੁਰਘਟਨਾ ਹੋ ਗਈ। ਪਰ ਇਹ ਦੇ ਨਾਲ ਸਾਡੀ ਆਸ ਹੋਰ ਪੱਕੀ ਹੋਣ ਲੱਗ ਪਈ। ਦੇਖਦੇ ਦੇਖਦਿਆਂ ਕੈਲੀਫ਼ੋਰਨੀਆ ਅਤੇ ਕੈਨੇਡਾ ਤੋਂ ਸਿੱਖਾਂ ਦੇ ਦਲ ਦੇਸ਼ ਵਿਚ ਆਉਣ ਲੱਗੇ। ਇਹ ਲੋਕ ਭਾਰਤ ਆਉਂਦੇ ਹੋਏ ਰਾਹ ਵਿਚ ਥਾਂ ਥਾਂ 'ਤੇ ਉਤਰ ਕੇ ਪੁਲੀਸ ਅਤੇ ਫੌਜ ਵਿਚ ਭਰਤੀ ਹੋ ਰਹੇ ਸਨ। ਪੁਲੀਸ ਤੇ ਫ਼ੌਜ ਦੀ ਭਰਤੀ ਨੇ ਸਿੱਖਾਂ ਵਿਚ ਕਰਾਂਤੀ ਦੀ ਜਵਾਲਾ ਭੜਕਾ ਦਿੱਤੀ ਸੀ। ਇਹ ਲੋਕ ਬਹੁਤ ਚਿਰਾਂ ਤੋਂ ਭਾਰਤ ਤੋਂ ਬਾਹਰ ਪਰਦੇਸ਼ ਵਿਚ ਸਨ। ਇਸੇ ਕਾਰਨ ਉਹ ਨਹੀਂ ਜਾਣਦੇ ਸਨ ਕਿ ਗੁਪਤ ਰੂਪ ਵਿਚ ਕਰਾਂਤੀ ਦੀ ਯੋਜਨਾ ਕਿਵੇਂ ਬਣਾਈਦੀ ਏ।"[25] ਇਸ ਟਿੱਪਣੀ ਵਿਚੋਂ ਪਤਾ ਲੱਗ ਜਾਂਦਾ ਹੈ ਕਿ ਸਾਨਿਆਲ ਨੂੰ ਗ਼ਦਰ ਲਹਿਰ ਬਾਰੇ ਉੱਕਾ ਹੀ ਕੁਝ ਨਹੀਂ ਪਤਾ। ਉਹ ਬਦੇਸ਼ਾਂ ਵਿਚੋਂ ਆ ਰਹੇ ਸਿੱਖਾਂ ਨੂੰ ਫੌਜ ਅਤੇ ਪੁਲੀਸ ਵਿਚ ਭਰਤੀ ਹੋਣਾ ਦੱਸ ਰਿਹਾ ਹੈ ਅਤੇ ਪੁਲੀਸ ਅਤੇ ਫ਼ੌਜ ਨੂੰ ਕਰਾਂਤੀ ਦੀ ਜਵਾਲਾ ਭੜਕਾਉਣ ਦਾ ਕਾਰਨ ਦੱਸ ਰਿਹਾ ਹੈ, ਜਿਸ ਸਾਨਿਆਲ ਨੂੰ ਲਹਿਰ ਦੇ ਬੁਨਿਆਦੀ ਉਦੇਸ਼ਾਂ ਅਤੇ ਨੀਤੀਆਂ ਦੀ ਸੂਝ ਨਹੀਂ ਹੈ, ਉਸ ਨੂੰ ਲੇਖਕ ਇਸ ਦਾਅਵੇ ਤਹਿਤ ਕਹਿ ਰਿਹਾ ਕਿ ਕੋਈ



ਕਾਮਾਗਾਟਾਮਾਰੂ ਜਹਾਜ਼ ਦੇ ਯਾਤਰੀ

ਇਨ੍ਹਾਂ ਬਾਰੇ ਗੰਭੀਰ ਲਹਿਜੇ ਵਿਚ ਟਿੱਪਣੀ ਕਰੇ, ਜਿਸ ਸ਼ਖ਼ਸ਼ ਨੂੰ ਗ਼ਦਰ ਲਹਿਰ ਦੀ ਹਕੀਕਤ ਦਾ ਪਤਾ ਨਹੀਂ ਅਤੇ ਦੇਸ਼ ਪਰਤ ਰਹੇ ਲੋਕਾਂ ਨੂੰ ਆਪਣੇ ਦਲ ਵਿਚ ਮਿਲਾਉਣ ਦੀ ਤਾਕ ਲਾਈ ਬੈਠਾ ਹੈ, ਉਸ ਬਾਰੇ ਕੀ ਟਿੱਪਣੀ ਹੋ ਸਕਦੀ ਹੈ। ਹਕੀਕਤ ਇਹ ਹੈ ਕਿ ਗ਼ਦਰੀ ਬੰਗਾਲੀ ਕ੍ਰਾਂਤੀਕਾਰੀਆਂ ਕੋਲੋਂ ਬੰਬ ਬਾਰੂਦ ਦੀ ਝਾਕ ਰੱਖਦੇ ਹਨ, ਬਹੁਤੇ ਗ਼ਦਰੀ ਜੇਲ੍ਹਾਂ ਵਿਚ ਜਾ ਚੁੱਕੇ ਸਨ, ਪਹਿਲੀ ਵਿਸ਼ਵ ਜੰਗ ਦੇ ਲੱਗ ਜਾਣ ਕਰਕੇ ਗ਼ਦਰੀ ਵਿਦਰੋਹ ਕਰਨ ਦੀ ਕਾਹਲ ਵਿਚ ਹਨ। ਇਸ ਕਾਹਲ ਅਤੇ ਤੱਤ ਭੜੱਤੀ ਵਿਚ ਹੀ ਸਾਨਿਆਲ ਪੰਜਾਬ ਆਉਂਦਾ ਹੈ। ਰਾਸ ਬਿਹਾਰੀ ਬੋਸ ਤਾਂ ਉਸ ਨਾਲੋਂ ਵੀ ਘੱਟ ਸਮਾਂ ਬਤੀਤ ਕਰਦਾ ਹੈ। ਇਹ ਤੱਤ ਭੜੱਤੀ ਵਿਚ ਹੀ ਸਾਰੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਇਸ ਕਰਕੇ ਸਾਨਿਆਲ ਕੋਲ ਗ਼ਦਰੀਆਂ ਨਾਲ ਮੇਲ ਜੋਲ ਦੇ ਅਨੁਭਵ ਤਾਂ ਹਨ ਪਰੰਤੂ ਉਹ ਗ਼ਦਰ ਦੀ ਸਮੁੱਚੀ ਜਥੇਬੰਦਕ ਬਣਤਰ ਅਤੇ ਉਦੇਸ਼ਾਂ ਪ੍ਰਤੀ ਕੁਝ ਵੀ ਨਹੀਂ ਜਾਣਦਾ। ਉਸ ਦੀਆਂ ਟਿੱਪਣੀਆਂ ਇਤਿਹਾਸਕ ਤੱਥਾਂ ਅਤੇ ਤੱਤਾਂ ਤੋਂ ਬਿਲਕੁਲ ਮੁਕਤ ਹਨ। ਸਾਨਿਆਲ ਆਪ ਈਸ਼ਵਰ ਦੀ ਗੁਪਤ ਪ੍ਰੇਰਨਾ ਨਾਲ ਕ੍ਰਾਂਤੀ ਦੀ ਅੱਗ ਨਿਰਧਾਰਤ ਮਾਰਗ ਉਪਰ ਤੁਰਦੀ ਮਹਿਸੂਸ ਕਰਦਾ ਹੈ, ਗ਼ਦਰ ਲਹਿਰ ਉਸ ਸਮੇਂ ਤੱਕ ਧਰਮ ਨਿਰਪੱਖਤਾ ਦੀ ਆਧੁਨਿਕ ਦ੍ਰਿਸ਼ਟੀ ਨੂੰ ਅਪਨਾ ਚੁੱਕੀ ਸੀ।

ਇਸ ਤੋਂ ਬਿਨਾਂ ਲੇਖਕ ਦਾ ਇਹ ਦਾਅਵਾ ਅਸਲੋਂ ਹੀ ਨਿਰਮੂਲ, ਝੂਠਾ ਅਤੇ ਤੱਥ ਰਹਿਤ ਹੈ ਕਿ ਗ਼ਦਰੀਏ ਕਮਿਊਨਿਸਟ ਨਹੀਂ ਬਣੇ। ਭਾਈ ਸੰਤੋਖ ਸਿੰਘ ਜੋ ਗ਼ਦਰ ਪਾਰਟੀ ਦਾ ਜਨਰਲ ਸਕੱਤਰ ਸੀ ਉਹ ਆਪ ਰੂਸ ਤੋਂ ਪੜ੍ਹਕੇ ਆਉਂਦਾ ਹੈ ਅਤੇ ਪੰਜਾਬ ਵਿਚ ਕਿਰਤੀ ਪਰਚੇ ਦਾ ਸੰਪਾਦਨ ਕਰਦਾ ਹੈ ਅਤੇ ਭਾਈ ਰਤਨ ਸਿੰਘ ਰਾਇਪੁਰ ਡੱਬਾ ਵਿਦੇਸ਼ਾਂ ਵਿਚੋਂ ਪੰਜਾਬੀਆਂ ਨੂੰ ਰੂਸ ਵਿਚ ਪੜ੍ਹਨ ਲਈ ਭੇਜਦਾ ਹੈ। ਸੱਤਰ ਤੋਂ ਵੱਧ ਪੰਜਾਬੀ ਰੂਸ ਵਿਚੋਂ ਪੜ੍ਹ ਕੇ ਆਉਂਦੇ ਹਨ। "ਗ਼ਦਰ ਪਾਰਟੀ ਦੇ ਦੂਸਰੇ ਦੌਰ ਵਿਚ ਭਾਰਤ ਵਿਚ ਆ ਕੇ 'ਕਿਰਤੀ' ਅਖ਼ਬਾਰ ਦੀ ਨੀਂਹ ਰੱਖਣ ਵਾਲੇ ਲੀਡਰ, ਰੂਸੀ ਇਨਕਲਾਬ ਦੀਆਂ ਪ੍ਰਾਪਤੀਆਂ ਨੂੰ ਅੱਖੀਂ ਵੇਖ ਕੇ ਬਹੁਤ ਪ੍ਰਭਾਵਤ ਹੋਏ। ਭਾਈ ਸੰਤੋਖ ਸਿੰਘ ਤੇ ਰਤਨ ਸਿੰਘ ਦੀ 1922-23 ਦੀ ਰੂਸ ਫੇਰੀ ਦੌਰਾਨ ਓਥੇ ਹੋ ਰਹੀ ਸਮਾਜੀ ਤਬਦੀਲੀ ਨੇ ਉਨ੍ਹਾਂ ਦੀ ਮਾਨਸਿਕਤਾ ਉਤੇ ਡੂੰਘੀ ਛਾਪ ਲਾਈ।"[26] ਹੁਣ ਸੁਆਲ ਇਹ ਹੈ ਕਿ ਅਜਮੇਰ ਸਿੰਘ ਤਾਂ ਗ਼ਦਰ ਲਹਿਰ ਨੂੰ ਦੇਖਦਾ ਹੀ 1913-14 ਤੱਕ ਹੈ। ਇਸ ਤੋਂ ਅਗਾਂਹ ਦੇ ਵਿਕਾਸ ਨੂੰ ਉਹ ਛੇੜਨ ਲਈ ਤਿਆਰ ਨਹੀਂ। ਕਮਿਊਨਿਸਟ ਪਾਰਟੀ ਤਾਂ ਬਹੁਤ ਬਾਅਦ ਦੀਆਂ ਗੱਲਾਂ ਹਨ, 1927 ਵਿਚ ਬਣਨ ਵਾਲੀ 'ਕਿਰਤੀ ਕਿਸਾਨ ਪਾਰਟੀ' ਪਹਿਲੀ ਪਾਰਟੀ ਹੈ ਜਿਹੜੀ ਸਮਾਜਵਾਦੀ ਵਿਚਾਰਾਂ ਵਾਲੀ ਬਣਦੀ ਹੈ। ਉਂਜ ਜੇ ਗ਼ਦਰੀਆਂ ਦੇ ਕਮਿਊਨਿਸਟ ਬਣ ਜਾਣ ਦੀ ਗਿਣਤੀ ਕਰਨੀ ਹੋਵੇ ਤਾਂ ਇਕਬਾਲ ਹੁੰਦਲ, ਬਾਬਾ ਕਰਮ ਸਿੰਘ ਚੀਮਾ, ਬਾਬਾ ਦਲੀਪ ਸਿੰਘ ਫਾਹਲਾ, ਤੇਜਾ ਸਿੰਘ ਸੁਤੰਤਰ, ਬਾਬਾ ਬੂਝਾ ਸਿੰਘ, ਅੱਛਰ ਸਿੰਘ ਛੀਨਾ, ਸ਼ੇਰ ਸਿੰਘ ਵੇਈ ਪੂੲੀ, ਬਾਬਾ ਪਿਰਥੀ ਸਿੰਘ, ਬਾਬਾ ਗੁਰਮੁਖ ਸਿੰਘ ਲਲਤੋਂ ਅਤੇ ਇਸ ਤੋਂ ਅੱਗੇ ਵੀ ਸੂਚੀ ਬਹੁਤ ਲੰਮੀ ਹੈ ਜਿਹੜੇ ਗ਼ਦਰ ਲਹਿਰ ਦੇ ਰਸਤਿਓਂ ਕਮਿਊਨਿਸਟ ਬਣੇ ਹਨ। ਜਗਜੀਤ ਸਿੰਘ ਸਰ ਜੌਹਨ ਕਮਿੰਗ ਦੇ ਹਵਾਲੇ ਨਾਲ ਲਿਖਦਾ ਹੈ, "ਰੂਸ ਵਿਚ ਬਾਲਸ਼ਵਿਕ ਇਨਕਲਾਬ ਹੋਣ ਪਿੱਛੋਂ ਗ਼ਦਰ ਪਾਰਟੀ ਨੇ ਆਪਣਾ ਜੋੜ ਕੌਮਾਂਤਰੀ ਕਮਿਊਨਿਸਟ ਲਹਿਰ ਨਾਲ ਜੋੜ ਲਿਆ ਅਤੇ ਜਿਉਂ-ਜਿਉਂ ਗ਼ਦਰੀ ਇਨਕਲਾਬੀ ਗ਼ਦਰ ਪਾਰਟੀ ਲਹਿਰ ਸਬੰਧੀ ਹੋਈਆਂ ਲੰਮੀਆਂ ਸਜ਼ਾਵਾਂ ਭੁਗਤਣ ਪਿੱਛੋਂ ਰਿਹਾਅ ਹੁੰਦੇ ਗਏ, ਉਹ ਇਸ ਲਹਿਰ ਵਿਚ ਸ਼ਾਮਲ ਹੁੰਦੇ ਗਏ।" ਜਗਜੀਤ ਸਿੰਘ ਅੱਗੇ ਲਿਖਦੇ ਹਨ, "ਸ੍ਰੀ ਗੁਰਮੁਖ ਸਿੰਘ ਅਤੇ ਸ੍ਰੀ ਪਿਰਥੀ ਸਿੰਘ ਅਜੇ ਤੱਕ ਕਮਿਊਨਿਸਟ ਪਾਰਟੀ ਦੇ ਸਰਗਰਮ ਵਰਕਰ ਹਨ ਅਤੇ ਜਦ ਪੰਜਾਬ ਵਿਚਲੀ ਕਮਿਊਨਿਸਟ ਲਹਿਰ ਦਾ ਇਤਿਹਾਸ ਲਿਖਿਆ ਜਾਵੇਗਾ ਤਾਂ ਇਨ੍ਹਾਂ ਵਿਚ ਇਸ ਦੀ ਵਿਸ਼ੇਸ਼ ਥਾਂ ਹੋਵੇਗੀ।" ਇਸ ਤੋਂ ਅਗਾਂਹ ਜਗਜੀਤ ਸਿੰਘ 1939 ਦੀ ਇਕ ਪੰਜਾਬ ਪੁਲੀਸ ਰਿਪੋਰਟ ਦਾ ਹਵਾਲਾ ਦਿੰਦੇ ਲਿਖਦੇ ਹਨ, "(ਕਿਸਾਨ) ਕਮੇਟੀ ਉਤੇ ਪਿੱਛੇ ਵੀ ਅਤੇ ਹੁਣ ਵੀ ਸਜ਼ਾ ਯਾਫ਼ਤਾ ਤਰਾਸਵਾਦੀਆਂ ਅਤੇ ਗ਼ਦਰ ਪਾਰਟੀ ਦਾ ਗਲਬਾ ਰਿਹਾ ਹੈ, ਜਿਹੜੇ ਸਭ ਰੂਸ ਤੋਂ ਪ੍ਰੇਰਨਾ ਲੈਂਦੇ ਹਨ।"[27] ਇਨ੍ਹਾਂ ਤੱਥਾਂ ਤੋਂ ਬਾਅਦ ਅਜਮੇਰ ਸਿੰਘ ਦੇ ਦਾਅਵੇ ਦਾ ਕੀ ਅਰਥ ਰਹਿ ਜਾਂਦਾ ਹੈ ਜਿਸ 'ਚ ਉਹ ਕਹਿੰਦਾ ਹੈ ਕਿ ਇਕ ਅੰਧ ਬੰਦਾ ਹੀ ਕਮਿਊਨਿਸਟ ਬਣਿਆ ਸੀ। ਉਸ ਦਾ ਸਾਰਾ ਵਿਸ਼ਲੇਸ਼ਣ ਹੀ ਨਿਰਮੂਲ, ਤੱਥ ਵਿਹੂਣਾ ਅਤੇ ਮਨਘੜਤ ਗੱਲਾਂ ਉਪਰ ਖੜ੍ਹਾ ਹੈ।

ਸਿੱਖ ਵਿਸ਼ਲੇਸ਼ਣਕਾਰ ਦੀ ਪੁਸਤਕ ਦਾ ਸਭ ਨਾਲੋਂ ਵੱਡਾ ਦੁਖਾਂਤਕ ਪਾਸਾਰ ਇਹ ਹੈ, "7-8 ਹਜ਼ਾਰ ਮਰਜੀਵੜਿਆਂ ਵਿਚੋਂ ਹਿੰਦੂ ਅਤੇ ਮੁਸਲਮਾਨ ਰਲਕੇ 50 ਤੋਂ ਵੱਧ ਨਹੀਂ ਸਨ। ਬਾਕੀ ਸਾਰੇ ਕਿਸਾਨ ਸਨ।"28 ਇਹ ਤੱਥ ਐਡਾ ਨਿਰਮੂਲ ਅਤੇ ਭੁਲਾਂਦਰਾਪਾਊ ਹੈ ਕਿ ਲੇਖਕ ਜਾਂ ਤਾਂ ਤੱਥਾਂ ਤੋਂ ਬਿਲਕੁਲ ਹੀ ਅਗਿਆਨੀ ਅਤੇ ਅਣਜਾਣ ਹੈ ਜਾਂ ਤੱਥਾਂ ਨੂੰ ਛੁਪਾ ਰਿਹਾ ਹੈ। ਇਤਿਹਾਸਕ ਤੱਥ ਇਉਂ ਛੁਪਦੇ ਨਹੀਂ ਹਨ ਕਿਉਂਕਿ ਇਹ ਚੋਰੀ ਦਾ ਗੁੜ ਥੋੜਾ ਹੁੰਦਾ ਹੈ ਜਿਸ ਨੂੰ ਬੁੱਕਲ ਵਿਚ ਭੰਨ ਕੇ ਖਾ ਲਿਆ ਜਾਵੇ। ਲੇਖਕ ਸਿੰਘਾਪੁਰ ਦੇ ਵਿਦਰੋਹ ਦਾ ਜ਼ਿਕਰ ਤੱਕ ਨਹੀਂ ਕਰਦਾ। ਗ਼ਦਰ ਲਹਿਰ ਦਾ ਇਹ ਇਕੋ-ਇਕ ਵਿਦਰੋਹ ਹੈ ਜੋ ਸਿਰੇ ਚੜ੍ਹਦਾ ਹੈ ਤੇ 10-12 ਦਿਨ ਗ਼ਦਰੀਆਂ ਦਾ ਸਿੰਘਾਪੁਰ ਉੱਤੇ ਕਬਜ਼ਾ ਰਹਿੰਦਾ ਹੈ। ਉਨ੍ਹਾਂ ਨੇ ਸੜਕਾਂ ਤੇ ਫਿਰਦੇ ਯੂਰਪੀਨਾਂ ਨੂੰ ਮਾਰ ਮੁਕਾਇਆ ਸੀ, ਜਰਮਨ ਜੰਗੀ ਕੈਦੀਆਂ ਨੂੰ ਮੁਕਤ ਕਰ ਦਿੱਤਾ ਸੀ, ਕਿਸੇ ਔਰਤ ਨੂੰ ਨੁਕਸਾਨ ਨਹੀਂ ਪਹੁੰਚਾਇਆ ਸੀ। ਅੰਗਰੇਜ਼ਾਂ ਨੂੰ ਇਹ ਬਗ਼ਾਵਤ ਠੱਲਣ ਲਈ ਜਪਾਨ ਅਤੇ ਰੂਸ 'ਚੋਂ ਫ਼ੌਜਾਂ ਮੰਗਵਾਉਣੀਆਂ ਪਈਆਂ ਸਨ। ਇਹ ਵਿਦਰੋਹ 15 ਫ਼ਰਵਰੀ 1915 ਨੂੰ ਵਾਪਰਿਆ ਸੀ। ਇਹ 400 ਪੰਜਾਬੀ ਮੁਸਲਮਾਨਾਂ ਦੀ ਪੰਜਵੀਂ ਲਾਈਟ ਇਨਫ਼ੈਂਟਰੀ ਰੈਜਮੈਂਟ ਸੀ। ਇਹ ਉਹ ਵਿਦਰੋਹੀ ਸਨ, ਜਿੰਨਾਂ ਨੂੰ ਬਰਤਾਨਵੀ ਸਰਕਾਰ ਨੇ 15000 ਲੋਕਾਂ ਦੀ ਹਾਜ਼ਰੀ ਵਿਚ ਚਿੱਟੇ ਦਿਨ ਗੋਲੀਆਂ ਨਾਲ ਉਡਾਇਆ ਸੀ। ਇਸ ਰੈਜਮੈਂਟ ਵਿਚ 200 ਨੂੰ ਕੋਰਟ ਮਾਰਸ਼ਲ ਕੀਤਾ, 47 ਨੂੰ ਕਤਲ ਕੀਤਾ, 64 ਨੂੰ ਉਮਰ ਕੈਦ ਕੀਤੀ ਤੇ 73 ਨੂੰ 7 ਤੋਂ 20 ਸਾਲ ਦੀ ਸਜ਼ਾ ਦਿੱਤੀ।[28] ਕੀ ਇਹ ਪੰਜਾਬੀ ਮੁਸਲਮਾਨਾਂ ਦੀ ਸ਼ਹੀਦੀ ਬਰਤਾਨਵੀ ਸਰਕਾਰ ਲਈ ਲੜਦੇ ਹੋਈ ਹੈ? ਕੀ ਇਹ ਗ਼ਦਰੀ ਨਹੀਂ ਸਨ? ਇਹ ਪੰਜਾਬੀ ਮੁਸਲਮਾਨ ਜੀਂਦ ਅਤੇ ਰੋਹਤਕ ਜ਼ਿਲ੍ਹੇ ਦੇ ਸਨ ਤੇ ਇਨ੍ਹਾਂ ਵਿਚ ਕੁਝ ਲੁਧਿਆਣਾ ਅਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਸਨ। ਲੇਖਕ ਕਿਸ ਤੱਥ ਦੇ ਆਧਾਰ ਤੇ ਗ਼ੈਰ ਸਿੱਖ ਨੂੰ 50 ਤੋਂ ਵੱਧ ਨਹੀਂ ਕਹਿੰਦਾ। ਬਰਕਤੁੱਲਾ ਵਰਗਾ ਸੂਝਵਾਨ ਲੀਡਰ, ਹਾਫਿਜ਼ ਅਬਦੁੱਲਾ ਜੋ ਮਨੀਲਾ ਦੀ ਗ਼ਦਰ ਪਾਰਟੀ ਦਾ ਪ੍ਰਧਾਨ ਸੀ ਅਤੇ ਰਹਿਮਤ ਅਲੀ ਵਜੀਦਕੇ ਦੀਆਂ ਕੁਰਬਾਨੀਆਂ ਕਿਸੇ ਗਿਣਤੀ-ਮਿਣਤੀ ਦੀਆਂ ਮੁਥਾਜ ਨਹੀਂ। ਲੇਖਕ ਦਾ ਇਹ ਤੱਥ ਕਿ ਬਾਕੀ ਸਭ ਸਿੱਖ ਕਿਸਾਨ ਸਨ। ਉਹ ਕਹਿਣਾ ਕੀ ਚਾਹੁੰਦਾ ਹੈ ਕਿ ਇਹ 'ਜੱਟ ਸਿੱਖਾਂ' ਦੀ ਲਹਿਰ ਸੀ। ਅਜਿਹਾ ਬਿਲਕੁਲ ਹੀ ਨਹੀਂ ਹੈ। ਮੰਗੂ ਰਾਮ ਮੁਗੋਵਾਲੀਆ ਵਰਗੇ ਦਲਿਤ ਨੂੰ ਕਿੱਥੇ ਰੱਖੋਗੇ ਜਿਹੜਾ ਮੈਵਰਿਕ ਜਹਾਜ਼ ਤੋਂ ਹਥਿਆਰ ਲੈਂਦਾ-ਲੈਂਦਾ ਕਈ ਸਾਲ ਪਰਾਏ ਮੁਲਕਾਂ ਵਿਚ ਭਟਕਦਾ ਰਿਹਾ। ਸੋ, ਲੇਖਕ ਦਾ ਸਪੱਸ਼ਟ ਏਜੰਡਾ ਫ਼ਿਰਕਾਪ੍ਰਸਤ ਵਿਚਾਰਾਂ ਨਾਲ ਜੁੜਿਆ ਹੋਇਆ ਹੈ ਜਿਹੜਾ ਸ਼ਹੀਦਾਂ ਦੀ ਸਿਰਲੱਥ ਕੁਰਬਾਨੀ ਉਤੇ ਪੰਜਾਬੀ ਕੌਮ ਨੂੰ ਤਾਰ-ਤਾਰ ਕਰ ਦੇਣੀ ਚਾਹੁੰਦਾ ਹੈ।

ਲੇਖਕ ਆਪਣੀ ਪੁਸਤਕ ਦੀ ਵਿਧੀ ਆਪਣੇ ਬਣਾਏ ਸੁਆਲਾਂ ਦੇ ਆਪ ਹੀ ਜਵਾਬ ਦੇਣ ਵਾਲੀ 'ਚ ਗ਼ਦਰ ਲਹਿਰ ਦਾ ਨਿਸ਼ਕਰਸ਼ ਕੱਢਦਿਆਂ ਕਹਿੰਦਾ ਹੈ, "ਪਰ ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਪੰਜਾਬ ਅੰਦਰ ਫ਼ੌਜੀ ਬਗਾਵਤ ਨਾਲ ਅੰਗਰੇਜ਼ ਹਕੂਮਤ ਦਾ ਸਿੰਘਾਸਣ ਡਾਵਾਂ ਡੋਲ ਹੋ ਜਾਣ ਦੀ ਸੂਰਤ ਵਿਚ ਸਿੱਖ ਜਨਤਾ ਅੰਦਰ ਲਾਜ਼ਮੀ ਤਕੜਾ ਉਭਾਰ ਪੈਦਾ ਹੋ ਜਾਣਾ ਸੀ, ਕਿਉਂਕਿ ਉਸ ਵੇਲੇ ਸਿੱਖਾਂ ਅੰਦਰ ਭਾਰਤੀ ਰਾਸ਼ਟਰਵਾਦ ਦੀਆਂ ਅਜੇ ਜੜ੍ਹਾਂ ਨਹੀਂ ਲੱਗੀਆਂ ਸਨ ਅਤੇ ਉਨ੍ਹਾਂ ਨੂੰ ਭਾਰਤ ਦੀ ਆਜ਼ਾਦੀ ਨਾਲੋਂ ਪੰਜਾਬ ਦੀ ਆਜ਼ਾਦੀ ਦੇ ਵਿਚਾਰ ਨੇ ਵਧੇਰੇ ਟੁੰਬਣਾ ਸੀ। ਦੋਵੇਂ ਹੀ ਗੱਲਾਂ ਸੰਭਵ ਸਨ। ਇਤਿਹਾਸ ਦਾ ਇਕ ਹੋਰ ਵੱਡਾ ਖ਼ੂਨ-ਖ਼ਰਾਬਾ ਵੀ ਹੋ ਸਕਦਾ ਸੀ ਅਤੇ ਪੰਜਾਬ ਅੰਦਰ ਸਿੱਖ ਰਾਜ ਦੀ ਮੁੜ ਸਥਾਪਨਾ ਵੀ ਹੋ ਸਕਦੀ ਸੀ। ਸ਼ਚਿੰਦਰ ਨਾਥ ਸਾਨਿਆਲ ਦੀ ਗਵਾਹੀ ਅਤੇ ਗ਼ਦਰੀਆਂ ਦੇ ਮੁਕੱਦਮੇ ਸੁਣਨ ਵਾਲੇ ਜੱਜਾਂ ਵੱਲੋਂ ਪ੍ਰਗਟਾਏ ਵਿਚਾਰਾਂ ਨੂੰ ਦੇਖਦੇ ਹੋਏ, ਇਹ ਸੋਚਣਾ ਉੱਕਾ ਹੀ ਗ਼ਲਤ ਨਹੀਂ ਕਿ ਗ਼ਦਰੀ ਇਨਕਲਾਬੀਆਂ ਅੰਦਰ ਵੀ ਖ਼ਾਲਸਾ ਰਾਜ ਦੀ ਮੁੜ ਸਥਾਪਨਾ ਦਾ ਜਜ਼ਬਾ ਅੰਗੜਾਈ ਲੈ ਸਕਦਾ ਸੀ। ਇਸ ਨਾਲ ਸਿੱਖਾਂ ਦਾ ਤਾਂ ਭਲਾ ਹੋਣਾ ਹੀ ਸੀ, ਭਾਰਤ ਦੇ ਦੂਸਰੇ ਮਜ਼ਲੂਮ ਵਰਗਾਂ ਲਈ ਵੀ ਇਹ ਸ਼ੁਭ ਸ਼ਗਨ ਹੋਣਾ ਸੀ।"[29] ਇਹ ਹੈ ਉਹ ਤੱਤ ਸਾਰ, ਜਿਸ ਲਈ ਲੇਖਕ ਲੰਮਾ ਚੌੜਾ ਵਲ਼ ਮਾਰ ਕੇ ਆਉਂਦਾ ਹੈ। ਪਰੰਤੂ ਇਹ ਸਾਰਾ ਕੁਝ ਆਪਾ ਵਿਰੋਧੀ ਹੀ ਨਹੀਂ ਸਗੋਂ ਇਤਿਹਾਸਕ ਤੱਥਾਂ ਦੀ ਭੰਨ ਤੋੜ ਹੈ। ਸੁਆਲ ਇਹ ਪੈਦਾ ਹੁੰਦਾ ਹੈ ਕਿ ਜਿਹੜੀ ਲੜਾਈ ਕੌਮੀ/ਰਾਸ਼ਟਰੀ ਸਰੋਕਾਰਾਂ ਨਾਲ ਤੁਰਦੀ ਹੈ ਉਸ ਨੂੰ ਇਹ ਕਹਿਣਾ ਕਿ ਸਿੱਖ ਰਾਜ ਦੀ ਮੁੜ ਸਥਾਪਨਾ ਹੋ ਸਕਦੀ ਸੀ। ਇਹ ਉਸ ਦਾ ਮਨ ਇੱਛਤ ਸੁਪਨਾ ਹੈ। ਦੂਸਰਾ, ਉਸ ਦਾ ਇਹ ਕਹਿਣਾ ਕਿ ਉਦੋਂ ਸਿੱਖਾਂ ਅੰਦਰ ਭਾਰਤੀ ਰਾਸ਼ਟਰਵਾਦ ਦੀਆਂ ਜੜ੍ਹਾਂ ਨਹੀਂ ਲੱਗੀਆਂ ਸਨ। ਕੀ ਲੇਖਕ ਸਿੱਖਾਂ ਨੂੰ ਪਛੜਿਆ ਹੀ ਰੱਖਣਾ ਚਾਹੁੰਦਾ ਹੈ? ਕੀ ਰਾਸ਼ਟਰਵਾਦ ਅਜਿਹੀ ਕੋਈ ਬਿਮਾਰੀ ਹੈ ਜਿਸ ਨਾਲ ਸਿੱਖਾਂ ਦਾ ਭਾਰੀ ਨੁਕਸਾਨ ਹੋ ਜਾਵੇਗਾ? ਇਹ ਕਿਉਂ ਜ਼ਰੂਰੀ ਹੈ ਕਿ ਹਰ ਸਿੱਖ ਦਾ ਭਲਾ ਲੇਖਕ ਵਾਲੀ ਸਿੱਖੀ ਵਿਚ ਹੈ ਨਾ ਕਿ ਗੁਰਬਾਣੀ ਦੇ ਸਿਧਾਂਤ 'ਸਰਬੱਤ ਦੇ ਭਲੇ' ਵਿਚ ਨਹੀਂ ਹੈ? ਲੇਖਕ ਕਿਉਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਸੁਪਨਾ ਲੈ ਰਿਹਾ ਹੈ? ਇਹ ਉਹ ਇੱਛਾਵਾਂ ਹਨ ਜੋ ਨਾ ਤਾਂ ਗ਼ਦਰ ਵੇਲੇ ਪੂਰੀਆਂ ਹੋਣੀਆਂ ਸਨ ਅਤੇ ਨਾ ਹੀ ਅੱਜ ਦੇ ਸਮੇਂ ਪੂਰੀਆਂ ਹੋ ਸਕਦੀਆਂ ਹਨ। ਇਉਂ ਲੇਖਕ ਦਾ ਸਾਰਾ ਵਿਸ਼ਲੇਸ਼ਣ ਅਤੇ ਇੱਛਾਵਾਂ ਦੱਸਦੀਆਂ ਹਨ ਕਿ ਗ਼ਦਰ ਲਹਿਰ ਨੂੰ ਸਿੱਖ ਲਹਿਰ ਬਣਾਉਣ ਪਿੱਛੇ ਉਸ ਦਾ ਗੁਪਤ ਏਜੰਡਾ ਕੀ ਹੈ?

ਉਪਰੋਕਤ ਪੁਣ-ਛਾਣ ਲੇਖਕ ਦੀਆਂ ਕੁਝ ਧਾਰਨਾਵਾਂ ਅਤੇ ਤੱਥਾਂ ਦੀ ਹੈ, ਜਿੰਨਾਂ ਤੋਂ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ ਕਿ ਲੇਖਕ ਤੱਥਾਂ ਅਤੇ ਇਤਿਹਾਸ ਨਾਲ ਕਿਵੇਂ ਖਿਲਵਾੜ ਕਰਦਾ ਹੈ। ਇਤਿਹਾਸ ਅਜਿਹੇ ਬੌਧਿਕ ਅਨਾਚਾਰ ਦੀ ਇਜ਼ਾਜਤ ਨਹੀਂ ਦਿੰਦਾ। ਉਪਰੋਕਤ ਪੁਣ-ਛਾਣ ਸੰਬੰਧੀ ਜੇਕਰ ਲੇਖਕ ਸੰਵਾਦ ਵਿਚ ਉਤਰੇ ਤਾਂ ਉਸ ਦੀਆਂ ਹੋਰ ਅਜਿਹੀਆਂ ਗੱਲਾਂ ਦੀ ਵੀ ਚਰਚਾ ਕੀਤੀ ਜਾ ਸਕਦੀ ਹੈ ਜਿਹੜੀਆਂ ਗੱਲਾਂ ਨਿਰਮੂਲ, ਮਨਘੜਤ ਅਤੇ ਇਤਿਹਾਸ ਪ੍ਰਤੀ ਬਦਦਿਆਨਤਦਾਰ ਹਨ।

## ਲੇਖ ਦੇ ਹਵਾਲੇ


1. ਅਜਮੇਰ ਸਿੰਘ, ਗ਼ਦਰੀ ਬਾਬੇ ਕੌਣ ਸਨ? ਪੰਨਾ-87
2. ਉਹੀ, ਪੰਨਾ-193
3. ਉਹੀ, ਪੰਨਾ-183
4. ਉਹੀ, ਪੰਨਾ- 57
5. ਉਹੀ, ਪੰਨਾ- 182-183
6. ਅਮੋਲਕ ਸਿੰਘ, ਗੁਰਦਿਆਲ ਬੱਲ, ਸਿੱਖ ਕੌਮ: ਹਸਤੀ ਤੇ ਹੋਣੀ, ਪੰਨਾ-335
7. ਅਜਮੇਰ ਸਿੰਘ, ਗ਼ਦਰੀ ਬਾਬੇ ਕੌਣ ਸਨ? ਪੰਨਾ-117
8. ਗ਼ਦਰ ਲਹਿਰ ਦੀ ਕਹਾਣੀ: ਗ਼ਦਰੀ ਬਾਬਿਆਂ ਦੀ ਜ਼ੁਬਾਨੀ, ਪੰਨਾ-45-46
9. ਡਾ. ਸ਼ਿਵ ਕੁਮਾਰ ਗੁਪਤਾ, ਬਾਬਾ ਸੋਹਨ ਸਿੰਘ ਭਕਨਾ: ਜੀਵਨ ਤੇ ਵਿਚਾਰਧਾਰਾ, ਪੰਨਾ-134
10. ਸੋਹਨ ਸਿੰਘ ਭਕਨਾ, ਮੇਰੀ ਰਾਮ ਕਹਾਣੀ, ਪੰਨਾ-16
11. ਉਹੀ, ਪੰਨਾ-24
12. ਸਤਨਾਮ ਚਾਨਾ, ਸਿੱਖ ਫ਼ਲਸਫ਼ੇ ਦਾ ਰਾਜਨੀਤਕ ਏਜੰਡਾ ਤੇ ਪੰਜਾਬ ਕਮਿਊਨ, ਪੰਨਾ-28
13. ਸੋਹਨ ਸਿੰਘ ਜੋਸ਼, ਇਕ ਇਨਕਲਾਬ ਇਕ ਜੀਵਨੀ, ਪੰਨਾ-75-76
14. ਸੋਹਨ ਸਿੰਘ ਭਕਨਾ, ਮੇਰੀ ਰਾਮ ਕਹਾਣੀ, ਪੰਨਾ-143
15. ਸੋਹਨ ਸਿੰਘ ਪੂਨੀ, ਕੈਨੇਡਾ ਦੇ ਗ਼ਦਰੀ ਯੋਧੇ, ਪੰਨਾ-62
16. ਮਲਵਿੰਦਰਜੀਤ ਸਿੰਘ ਵੜੈਚ (ਸੰਪਾਦਕ), ਹਰਭਜਨ ਸਿੰਘ ਚਮਿੰਡਾ ਦੀ ਲਹੂ ਭਿੰਨੀਆਂ ਯਾਦਾਂ ਅਤੇ ਸਵੈ-ਜੀਵਨੀ, ਪੰਨਾ-99
17. ਹਰੀਸ਼ ਕੇ ਪੁਰੀ, ਗ਼ਦਰ ਲਹਿਰ: ਵਿਚਾਰਧਾਰਾ, ਜਥੇਬੰਦੀ, ਰਣਨੀਤੀ ਪੰਨਾ-144
18. ਸੋਹਨ ਸਿੰਘ ਭਕਨਾ, ਮੇਰੀ ਰਾਮ ਕਹਾਣੀ, ਪੰਨਾ-113
19. ਉਹੀ, ਪੰਨਾ-136
20. ਹੋਰ ਵਿਆਖਿਆ ਲਈ ਦੇਖੋ, ਭਗਤ ਸਿੰਘ ਬਿਲਗਾ, ਗ਼ਦਰ ਲਹਿਰ ਦੇ ਅਣਫੋਲੇ ਵਰਕੇ, ਪੰਨਾ 72
21. ਅਜਮੇਰ ਸਿੰਘ, ਗ਼ਦਰੀ ਬਾਬੇ ਕੌਣ ਸਨ? ਪੰਨਾ-194
22. Parambir Singh Gill, Pious Rebels: The Ghadar Prose and Practice, The Ghadar Movement (Edit by J.S. Grewal and others) P-275-300
23. ਅਜਮੇਰ ਸਿੰਘ, ਗ਼ਦਰੀ ਬਾਬੇ ਕੌਣ ਸਨ? ਪੰਨਾ-162-163-164
24. ਉਹੀ, ਪੰਨਾ-164
25. ਸ਼ਚਿੰਦਰ ਨਾਥ ਸਾਨਿਆਲ, ਬੰਦੀ ਜੀਵਨ, ਪੰਨਾ-9
26. ਭਗਵਾਨ ਸਿੰਘ ਜੋਸ਼, ਪੰਜਾਬ ਵਿਚ ਕਮਿਊਨਿਸਟ ਲਹਿਰ, ਪੰਨਾ-47
27. ਜਗਜੀਤ ਸਿੰਘ, ਗ਼ਦਰ ਪਾਰਟੀ ਲਹਿਰ, ਪੰਨਾ 416 ਤੋਂ 418
28. ਅਜਮੇਰ ਸਿੰਘ, ਗ਼ਦਰੀ ਬਾਬੇ ਕੌਣ ਸਨ? ਪੰਨਾ-11
29. Prithvi Raj Kalra, The Singapore Mutiny of 1915, The Ghadar Movement (Edit by J.S. Grewal and others) P-321-333
30. ਅਜਮੇਰ ਸਿੰਘ, ਗ਼ਦਰੀ ਬਾਬੇ ਕੌਣ ਸਨ? ਪੰਨਾ-236


ਗ਼ਦਰ ਪਾਰਟੀ ਦੀ ਸ਼ਤਾਬਦੀ ਦੇ ਨਾਂਅ — ਕਵਿਤਾ — - ਮੰਗਤ ਰਾਮ ਪਾਸਲਾ

## ਯਾਦ

ਫਿਰ ਯਾਦ ਆਏ 'ਬਾਬੇ'
ਜ਼ੁਲਮਾਂ ਸੰਗ ਭਿੜਦਿਆਂ ਫਿਜ਼ਾ 'ਚ ਘੁਲ ਗਏ ਸਨ ਕਦੇ।
ਭਾਵੇਂ ਸੰਗਲਾਂ ਨੇ ਸੂਤ ਲਏ ਸਨ ਉਨ੍ਹਾਂ ਦੇ ਸਰੀਰ।
ਬੰਦ ਪਿੰਜਰਿਆਂ ਨੇ
ਛੇ ਫੁੱਟੇ ਬਦਨ ਕਰ ਦਿੱਤੇ ਸਨ ਪੰਜ ਫੁੱਟੇ।
ਪਰ ਇਸ ਨਾਲ ਉਨ੍ਹਾਂ ਦਾ 'ਕੱਦ' ਨਹੀਂ ਸੀ ਘਟਿਆ.....।
ਸੌ ਸਾਲਾਂ ਬਾਅਦ
ਯਾਦ ਆਏ ਕੁਝ ਇਸ ਤਰ੍ਹਾਂ
ਜਿਵੇਂ ਪ੍ਰੇਤ ਤੋਂ ਡਰਦਿਆਂ
ਮਾਂ ਯਾਦ ਆਉਂਦੀ ਏ,
ਬੱਚੇ ਨੂੰ।
ਜਾਂ ਮਹਿਬੂਬਾ ਦੀ ਯਾਦ
ਗੁਲਾਬ ਦੀ ਪੰਖੜੀ ਕਿਤਾਬਾਂ 'ਚ ਦੇਖਕੇ।
ਉਦਾਸ ਮਨ ਖਿੜ ਉਠਿਆ,
ਤਪਦੀ ਧਰਤ 'ਤੇ
ਜਿਉਂ ਕਣੀ ਠੰਢ ਪਾਉਂਦੀ ਏ।
ਤਪਸ਼ ਤੋਂ ਨਿਜ਼ਾਤ ਦਿਲਾਉਂਦੀ ਏ।
ਕੁਝ ਨਵਾਂ ਕਰਨ ਨੂੰ ਚਿੱਤ ਕਰਦਾ,
ਤੁਸਾਂ ਨੂੰ ਯਾਦ ਕਰਕੇ।
ਯਾਦ ਉਨ੍ਹਾਂ ਨੂੰ ਵੀ ਆਏ ਹੋ ਤੁਸੀਂ!
ਜਿਹੜੇ ਤੁਹਾਡੀ ਅਰਥੀ ਪਿਛੇ
ਉਮੜੇ ਜਨਾਜ਼ੇ 'ਚੋਂ
ਮਲਕੜੇ ਜਿਹੇ ਖਿਸਕ ਗਏ ਸਨ।
ਬਲਦੇ ਸਿਵੇ ਦੇ ਜਲੌਅ ਨੂੰ
ਸ਼ਾਇਦ ਸਹਾਰ ਨਹੀਂ ਸਨ ਸਕਦੇ ਉਹ।
ਹੁਣ ਤਾਂ ਉਨ੍ਹਾਂ ਨੇ
ਅੰਡੇਮਾਨ ਦੀਆਂ ਇੱਟਾਂ ਵੀ ਖਾ ਲਈਆਂ ਨੇ।
ਤੁਹਾਡੀ ਪਿੱਠ ਉਪਰ
ਪਈਆਂ ਬੈਂਤਾਂ ਵਿਚ,
ਤਰੰਗਾਂ ਟੰਗ ਕੇ ਆਜ਼ਾਦੀ ਜਸ਼ਨ ਮਨਾਇਆ ਉਨ੍ਹਾਂ ਨੇ
ਜਲ੍ਹਿਆਂ ਵਾਲੇ ਬਾਗ਼ ਦੀਆਂ ਕੰਧਾਂ 'ਤੇ
ਗੋਲੀਆਂ ਦੇ ਨਿਸ਼ਾਨ ਦੇਖ ਕੇ
ਬੜਾ ਹੱਸੇ ਨੇ ਲਾਸ਼ਾਂ ਦੇ ਇਹ ਕਦਰਦਾਨ।
ਵੇਲਾ ਵਿਹਾ ਚੁੱਕਾ ਸਮਝਦੇ ਨੇ
ਬਾਗ਼ ਦੇ ਇਤਿਹਾਸ ਨੂੰ।
'ਸ਼ਹੀਦੀ ਖੂਹ' ਕੋਲ ਕੈਫੇ ਚੰਗਾ ਲੱਗਦਾ ਹੈ
ਇਨ੍ਹਾਂ ਨੂੰ।
ਸਰਾਭੇ ਦੇ ਯਾਰ ਨੂੰ
ਇਨ੍ਹਾਂ 'ਔਤਰਿਆਂ'
ਘਰੋਂ ਬੇਦਖ਼ਲ ਕਰਨ ਦੀ ਹਮਾਕਤ ਕੀਤੀ ਹੈ।
ਯਾਦ ਉਨ੍ਹਾਂ ਵੀ ਕੀਤਾ ਹੈ ਤੁਸਾਂ ਨੂੰ,
ਜੋ ਮਰਨ ਤੋਂ ਪਹਿਲਾਂ ਕੰਡ ਦੇ ਕੇ ਭੱਜ ਗਏ ਮੈਦਾਨ 'ਚੋਂ
ਅਸੀਂ ਜੋ ਤੁਸਾਂ ਨਾਲ ਵਾਅਦਾ ਕਰਕੇ ਤੁਰੇ ਹਾਂ,
ਤੁਹਾਡੀਆਂ ਯਾਦਾਂ ਦੇ ਨਿਸ਼ਾਨ ਇਕੱਠੇ ਕਰਕੇ
ਲੋਕਾਂ ਦੇ ਮੱਥਿਆਂ ਉਪਰ ਚਪਕਾ ਰਹੇ ਹਾਂ।
ਤਾਂ ਜੋ ਪਹਿਚਾਣੇ ਜਾਣ ਨਵਿਆਂ ਰਾਹਾਂ 'ਤੇ ਤੁਰਦਿਆਂ।
ਮੁਆਫ ਕਰਨਾ,
ਤੁਸਾਂ ਕੋਲੋਂ ਜੋ ਰਹਿ ਗਿਆ ਕਰਨਾ,
ਉਸ ਨੂੰ ਕਰਨ ਦਾ ਹੀਲਾ ਜੁਟਾ ਰਹੇ ਹਾਂ।
ਸੋਚ ਰਹੇ ਹਾਂ,
ਤੁਰ ਰਹੇ ਹਾਂ,
ਡਿੱਗ ਰਹੇ ਹਾਂ
ਡਿਗਕੇ ਉਠ ਰਹੇ ਹਾਂ।
ਇਹ ਤੁਸਾਂ ਹੀ ਦੱਸਿਆ ਸੀ।
ਤੁਹਾਡੇ ਪੈਗ਼ਾਮ ਨੂੰ ਅੱਗੇ ਖੜਨ ਦਾ,
ਹਲਕਾ ਜਿਹਾ ਯਤਨ ਹੈ।
ਤੇ ਮੰਜ਼ਿਲ ਵੱਲ ਅੱਗੇ ਵਧਣ ਦਾ ਨਿਮਾਣਾ ਜਿਹਾ ਕਦਮ।
ਕਮਾਨ ਵਾਂਗਰ ਮੁੜੇ ਜਿਸਮ ਨੂੰ,
ਅਮਲਾਂ ਦੀ ਛੋਅ ਦੇ ਕੇ
ਸਿਧਿਆ ਕਰਨ ਦਾ ਉਪਰਾਲਾ ਹੀ ਤਾਂ ਹੈ ਸਾਡਾ।
ਪੂਰੀ ਸਦੀ ਬਾਅਦ,
ਫਿਰ ਯਾਦ ਆਏ ਹੋ ਤੁਸੀਂ।

*ਗ਼ਦਰ ਲਹਿਰ ਦੀ ਲਗਾਤਾਰਤਾ ਵਿਚ ਬਾਬਾ ਭਗਤ ਸਿੰਘ ਬਿਲਗਾ ਜੀ ਦੀ ਬੜੀ ਅਹਿਮ ਭੂਮਿਕਾ ਰਹੀ ਹੈ। ਆਪਣੇ ਆਖ਼ਰੀ ਸਾਲ ਤਕ ਬਾਬਾ ਬਿਲਗਾ ਜੀ ਗ਼ਦਰ ਲਹਿਰ ਦੀ ਪ੍ਰੇਰਨਾ ਨਾਲ ਉਪਜੇ ਜਨ ਸੰਘਰਸ਼ਾਂ ਦੀ ਅਗਵਾਈ ਕਰਦੇ ਰਹੇ ਹਨ। ਅੱਜ ਬਾਬਾ ਬਿਲਗਾ ਜੀ ਸਾਡੇ ਵਿਚਕਾਰ ਨਹੀਂ ਪਰ ਉਨ੍ਹਾਂ ਦੇ ਬੋਲ ਸਾਡੇ ਕੋਲ ਹਨ। ਕੇ ਸਾਈਨ ਇੰਟਰਪ੍ਰਾਈਜਜ਼ ਦੇ ਜੋਗਿੰਦਰ ਕਲਸੀ ਨੇ ਬਾਬਾ ਭਗਤ ਸਿੰਘ ਬਿਲਗਾ ਅਤੇ ਉਨ੍ਹਾਂ ਦੇ ਬੋਲਾਂ ਨੂੰ ਰਿਕਾਰਡ ਕੀਤਾ ਸੀ। 20ਵੀਂ ਸਦੀ ਦੇ ਆਖ਼ਰੀ ਵਰ੍ਹਿਆਂ ਵਿਚ ਹੋਈ ਇਸ ਮੁਲਾਕਾਤ ਵਿਚ ਬਾਬਾ ਬਿਲਗਾ ਗ਼ਦਰ ਪਾਰਟੀ ਦੇ ਬਣਨ ਅਤੇ ਉਸ ਵਲੋਂ ਭਾਰਤ ਦੀ ਆਜ਼ਾਦੀ ਲਈ ਪਾਏ ਯੋਗਦਾਨ ਬਾਰੇ ਮਹੱਤਵਪੂਰਨ ਜਾਣਕਾਰੀ ਦੇ ਰਹੇ ਹਨ। ਗ਼ਦਰ ਲਹਿਰ, ਗ਼ਦਰੀ ਬਾਬਿਆਂ ਅਤੇ ਉਨ੍ਹਾਂ ਵੇਲਿਆਂ ਦੀ ਬਿਲਕੁਲ ਸਹੀ ਅਤੇ ਸਪੱਸ਼ਟ ਤਸਵੀਰ ਪੇਸ਼ ਕਰਨ ਵਾਲੇ ਇਨ੍ਹਾਂ ਬੋਲਾਂ ਨੂੰ 'ਨਵੀਂ ਦੁਨੀਆ' ਵਲੋਂ ਅੱਖਰਾਂ ਰਾਹੀਂ ਪਹਿਲੀ ਵਾਰ ਪੰਜਾਬੀ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ। ਜੇਕਰ ਤੁਸੀਂ ਬਾਬਾ ਬਿਲਗਾ ਨੂੰ ਇਹ 'ਗੱਲਾਂ' ਕਰਦਿਆਂ ਸੁਣਨਾ ਵੀ ਚਾਹੁੰਦੇ ਹੋ ਤਾਂ http://sukhwanthundal.wordpress.com/2011/12/31/ 'ਤੇ ਕਲਿਕ ਕਰੋ।*

*- ਸੰਪਾਦਕ*



# ਭਗਤ ਸਿੰਘ ਬਿਲਗਾ ਦੀਆਂ ਖੁੱਲ੍ਹੀਆਂ ਗੱਲਾਂ



ਮੁਲਾਕਾਤੀ
ਜੋਗਿੰਦਰ ਕਲਸੀ
+1- 416-445-5497
kalcine@hotmail.com

ਟੇਪ ਤੋਂ ਉਤਾਰਾ : ਕਮਲ ਦੁਸਾਂਝ

ਜਦ ਤੋਂ ਅੰਗਰੇਜ਼ ਹਿੰਦੁਸਤਾਨ ਵਿਚ ਦਾਖ਼ਲ ਹੋਏ, ਉਦੋਂ ਤੋਂ ਹੀ ਤਰ੍ਹਾਂ ਤਰ੍ਹਾਂ ਦੀਆਂ ਬਗ਼ਾਵਤਾਂ, ਵਿਦਰੋਹ ਇਨ੍ਹਾਂ ਖ਼ਿਲਾਫ਼ ਹੁੰਦੇ ਰਹੇ। ਹਿੰਦੁਸਤਾਨੀਆਂ ਨੇ ਇਨ੍ਹਾਂ ਨੂੰ ਸਹਿਜੇ ਹੀ ਸਵੀਕਾਰਿਆ ਨਹੀਂ। ਅੰਗਰੇਜ਼ਾਂ ਖ਼ਿਲਾਫ਼ ਕਿਤੇ ਬੰਗਾਲੀਆਂ, ਕਿਤੇ ਨੀਲ ਦੇ ਕਿਸਾਨਾਂ ਨੇ, ਕਿਤੇ ਮਹਾਰਾਸ਼ਟਰੀਆਂ ਨੇ ਵਿਰੋਧ ਕੀਤਾ। ਸੋ ਪੰਜਾਬ ਦੇ ਫ਼ਤਹਿ ਹੋਣ ਤੋਂ ਪਹਿਲਾਂ ਵੀ ਇਹ ਅੰਦੋਲਨ ਚਲਦੇ ਰਹੇ। ਸਾਡੇ ਇਤਿਹਾਸਕਾਰਾਂ ਨੇ ਇਨ੍ਹਾਂ ਨੂੰ ਆਜ਼ਾਦੀ ਦਾ ਹਿੱਸਾ ਨਹੀਂ ਗਰਦਾਨਿਆ। ਬਾਅਦ ਵਿਚ ਇਨ੍ਹਾਂ ਦਾ ਜ਼ਿਕਰ ਕਰਨ ਲਗਿਆਂ ਇਨ੍ਹਾਂ ਨੂੰ ਮਜ਼੍ਹਬੀ ਰੂਪ ਵੀ ਦਿੱਤੇ। ਦਰਅਸਲ, ਜਦੋਂ ਅੰਗਰੇਜ਼ ਹਿੰਦੁਸਤਾਨ ਆਏ ਤਾਂ ਇਹ ਉਨ੍ਹਾਂ ਦੀ ਲੁੱਟ ਖ਼ਿਲਾਫ਼ ਬਗ਼ਾਵਤ ਸੀ। ਕਿਸਾਨਾਂ ਨੇ, ਵੱਡੇ ਵੱਡੇ ਜ਼ਿਮੀਦਾਰਾਂ ਨੇ, ਰਾਜਿਆਂ-ਮਹਾਰਾਜਿਆਂ ਨੇ ਅੰਗਰੇਜ਼ਾਂ ਦਾ ਜ਼ੋਰਦਾਰ ਵਿਰੋਧ ਕੀਤਾ। ਅਸੀਂ ਉਨ੍ਹਾਂ ਸਾਰਿਆਂ ਨੂੰ ਭਾਵੇਂ ਉਹ ਕਿਸੇ ਵੀ ਕਿਸਮ ਦਾ ਵਿਰੋਧ ਸੀ, ਹਿੰਦੁਸਤਾਨ ਦੀ ਆਜ਼ਾਦੀ ਦਾ ਹਿੱਸਾ ਮੰਨਦੇ ਹਾਂ।

ਹਿੰਦੁਸਤਾਨ ਦੀ ਆਜ਼ਾਦੀ ਲਈ ਦੋ ਤਰ੍ਹਾਂ ਦੇ ਘੋਲ ਹੋਏ। ਇਕ ਤਾਂ ਮਹਾਤਮਾ ਗਾਂਧੀ ਦਾ ਘੋਲ ਸੀ ਸਤਿਆਗ੍ਰਹਿ, ਜਿਸ ਨੇ ਹਿੰਦੁਸਤਾਨ ਦੀ ਰਾਸ਼ਟਰ ਵਜੋਂ ਪਛਾਣ ਬਣਾਈ। ਇਹਦੇ ਲਈ ਉਨ੍ਹਾਂ ਨੂੰ ਮੁਬਾਰਕ ਹੈ। ਪਰ ਏਨੇ ਨਾਲ ਗੱਲ ਖ਼ਤਮ ਨਹੀਂ ਹੋ ਜਾਂਦੀ। ਸਾਡੀ ਜਿਹੜੀ ਆਜ਼ਾਦੀ ਦੀ ਜੰਗ ਹੈ, ਇਹ ਬੜੀ ਪੁਰਾਣੀ ਹੈ। ਜ਼ਿਆਦਾਤਰ ਮੈਂ ਇਸ ਦੇ ਪੰਜਾਬ ਉਪਰ ਅਸਰ ਬਾਰੇ ਜ਼ਿਕਰ ਕਰਾਂਗਾ। ਦਰਅਸਲ ਜਦੋਂ ਅਸੀਂ ਕਹੀਏ ਕਿ ਇਸ ਜੰਗ ਦੇ ਦੋ ਪਹਿਲੂ ਹਨ, ਜਿਹੜਾ ਦੂਜਾ ਪਹਿਲੂ ਹੈ, ਉਹ ਵੀ ਚਿਰ ਤੋਂ ਸ਼ੁਰੂ ਹੋਇਆ ਸੀ। ਪੰਜਾਬ ਵਿਚ ਇਸ ਪਹਿਲੂ ਦੀ ਸ਼ੁਰੂਆਤ ਕਰਨ ਵਾਲੇ ਸਰਦਾਰ ਅਜੀਤ ਸਿੰਘ ਸਨ। ਲੰਮੀ ਚੌੜੀ ਖੋਜ ਮਗਰੋਂ ਮੈਂ ਇਸ ਨਤੀਜੇ 'ਤੇ ਪਹੁੰਚਿਆ ਹਾਂ ਕਿ ਬੰਗਾਲ ਦੀ ਭਾਰਤ ਮਾਤਾ ਸੁਸਾਇਟੀ ਉਥੋਂ ਦੇ ਜਿਹੜੇ ਭੱਦਰ ਪੁਰਸ਼ ਸਨ, ਉਨ੍ਹਾਂ ਦਾ ਬੜਾ ਪ੍ਰਭਾਵ ਸੀ ਪਰ ਉਨ੍ਹਾਂ ਦੇ ਮਨਾਂ ਵਿਚ ਮੁਸਲਮਾਨਾਂ ਖ਼ਿਲਾਫ਼ ਨਫ਼ਰਤ ਨਹੀਂ ਸੀ, ਪਰ ਅੰਗਰੇਜ਼ਾਂ ਖ਼ਿਲਾਫ਼ ਸੀ। ਇਸ ਜੰਗ ਵਿਚ ਉਨ੍ਹਾਂ ਨੇ ਬੜੀਆਂ ਕੁਰਬਾਨੀਆਂ ਕੀਤੀਆਂ।

ਮਹਾਰਾਸ਼ਟਰ ਵਿਚ ਜਿਹੜੀ ਸੰਮਤੀ ਬਣੀ, ਉਹ ਅੰਗਰੇਜ਼ਾਂ ਦੇ ਖ਼ਿਲਾਫ਼ ਤਾਂ ਹੈ ਸੀ ਪਰ ਉਹ ਮੁਸਲਮਾਨਾਂ ਨਾਲ ਵੀ ਨਫ਼ਰਤ ਕਰਦੇ ਸਨ। ਹੁਣ ਗੱਲ ਕਰਦੇ ਹਾਂ ਪੰਜਾਬ ਦੀ, ਪੰਜਾਬ 'ਤੇ ਵੀ ਇਨ੍ਹਾਂ ਸਮਾਂਤੀਆਂ ਦਾ ਅਸਰ ਹੋਇਆ। ਜਦੋਂ ਸਰਦਾਰ ਅਜੀਤ ਸਿੰਘ ਕਾਂਗਰਸ ਸੈਸ਼ਨ 'ਤੇ ਕਲਕੱਤੇ ਗਏ ਤਾਂ ਉਨ੍ਹਾਂ ਦਾ ਮੇਲ ਬੰਗਾਲ ਦੀ ਭਾਰਤ ਮਾਤਾ ਸੁਸਾਇਟੀ ਨਾਲ ਹੋਇਆ। ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਉਹ ਪੰਜਾਬ ਵਾਪਸ ਆਏ। ਪੰਜਾਬ ਵਿਚ ਸੰਵਾਦਾਂ ਦੀ ਏਨੀ ਦੇਣ ਹੈ ਕਿ ਮੈਂ ਜਿੰਨਾ ਇਹਦੀ ਖੋਜ ਕਰਦਾ ਹਾਂ ਓਨੀ ਹੀ ਡੂੰਘਾਈ ਤਕ ਇਨ੍ਹਾਂ ਦੀਆਂ ਜੜ੍ਹਾਂ ਮਿਲਦੀਆਂ ਹਨ। ਉਸ ਵੇਲੇ ਬਾਬੇ ਤੋਂ ਲੈ ਕੇ ਪੋਤੇ ਨੇ ਕੁਰਬਾਨੀਆਂ ਦਿੱਤੀਆਂ। ਸੋ, ਜਿਹੜੀ ਭਾਰਤ ਮਾਤਾ ਸੁਸਾਇਟੀ ਸੀ, ਉਹ ਅੰਗਰੇਜ਼ਾਂ ਨੂੰ ਹਿੰਦੁਸਤਾਨ 'ਚੋਂ ਕੱਢਣ ਲਈ ਹਥਿਆਰਬੰਦ ਸੰਘਰਸ਼ ਕਰ ਰਹੀ ਸੀ। ਪੰਜਾਬ ਦਾ ਸੰਘਰਸ਼ ਇਸ ਗੱਲੋਂ ਵੱਖਰਾ ਸੀ ਕਿ ਇਸ ਵਿਚ ਹਿੰਦੂ ਵੀ ਸ਼ਾਮਲ ਹੋਏ, ਮੁਸਲਮਾਨ ਵੀ ਤੇ ਸਿੱਖ ਵੀ ਸ਼ਾਮਲ ਹੋਏ। ਇਨ੍ਹਾਂ ਨੇ ਆਪਣਾ ਨਾਂ ਵੀ ਤਬਦੀਲ ਕਰ ਲਿਆ 'ਅੰਜੁਮਨੇ ਮਿਹਰਬਾਨੇ ਵਤਨ'। ਇਸ ਵਿਚ ਅੰਬਾ ਪ੍ਰਸਾਦ ਤੇ ਹੋਰ ਦੂਸਰੇ ਵੀ ਆ ਸ਼ਾਮਲ ਹੋਏ। ਉਦੋਂ ਦਿੱਲੀ ਪੰਜਾਬ ਸੂਬੇ ਵਿਚ ਸ਼ਾਮਲ ਸੀ। ਹਾਰਡਿੰਗ ਬੰਬ ਕੇਸ ਵੀ ਇਨ੍ਹਾਂ ਦੀ ਪ੍ਰੇਰਨਾ ਸਦਕਾ ਹੋਇਆ ਸੀ। ਇਨ੍ਹਾਂ ਦੀ ਜਥੇਬੰਦੀ ਸੀ ਤੇ ਮਾਰਸਾ ਮੀਰ ਚੰਦ ਇਨਕਲਾਬੀ ਪਰਚੇ ਲਿਖਦਾ ਤੇ ਵੰਡਦਾ ਸੀ। ਦਿੱਲੀ ਵਿਚ ਇਨ੍ਹਾਂ ਦਾ ਬੜਾ ਭਾਰਾ ਪਰਿਵਾਰ ਸੀ। ਹੁਣ ਤਾਂ ਇਹ ਪਤਾ ਲਗਦਾ ਹੈ ਕਿ ਇਹ ਪਰਚੇ ਅਮਰੀਕਾ ਤੋਂ ਆਉਂਦੇ ਸੀ। ਕਈ ਕਹਿੰਦੇ ਹਨ ਕਿ ਅਮਰੀਕਾ ਵਿਚ ਗ਼ਦਰ ਪਾਰਟੀ 1913 ਵਿਚ ਹੋਂਦ 'ਚ ਆਈ ਸੀ। ਜੇ ਤੁਸੀਂ ਤਾਰੀਕ ਪੱਖੋਂ ਦੇਖਣਾ ਹੋਵੇ ਕਿ ਫਲਾਣੀ ਚੀਜ਼ ਕਿਹੜੀ ਤਾਰੀਕ, ਕਿਹੜੇ ਦਿਨ ਸ਼ੁਰੂ ਹੋਈ ਇਹ ਵੱਖਰੀ ਗੱਲ ਹੈ ਪਰ ਲਹਿਰਾਂ ਇਕ ਦਿਨ 'ਚ ਸ਼ੁਰੂ ਨਹੀਂ ਹੁੰਦੀਆਂ। ਉਨ੍ਹਾਂ ਨੂੰ ਟਾਈਮ ਲਗਦਾ ਹੈ। ਅਮਰੀਕਾ ਵਿਚ ਲਹਿਰ ਦਾ ਜਿਹੜਾ ਕੇਂਦਰ ਬਣਿਆ, ਉਹ ਸਿਆਟਲ ਸ਼ਹਿਰ ਵਿਚ ਸੀ। ਬਾਬੂ ਹਰਨਾਮ ਸਿੰਘ ਤੇ ਹੋਰ ਬੰਗਾਲੀ ਇਸ ਵਿਚ ਸ਼ਾਮਲ ਸਨ। ਇਸ ਸੈਂਟਰ ਤੋਂ 'ਲਿਬਰਟੀ' ਨਾਂ ਦਾ ਪਰਚਾ ਨਿਕਲਦਾ ਸੀ, ਜੋ ਹਿੰਦੁਸਤਾਨ ਵਿਚ ਆਉਂਦਾ ਸੀ ਤੇ ਇਥੇ ਆ ਕੇ ਛਪਦਾ ਸੀ।

ਪੰਜਾਬ ਵਿਚ ਗੁਜਰਾਂਵਾਲੇ ਦਾ ਇਕ ਪਰਚਾ ਨਿਕਲਦਾ ਸੀ। ਉਸ ਨੇ ਮੁਲਕ ਦੀ ਆਜ਼ਾਦੀ ਲਈ ਫ਼ੌਜੀਆਂ ਨੂੰ ਅਪੀਲ ਛਾਪੀ। ਪੰਜ ਸਾਲ ਤੋਂ ਲੈ ਕੇ ਸੱਤ ਸਾਲ ਛੇ ਮਹੀਨਿਆਂ ਤਾਈਂ ਇਨ੍ਹਾਂ ਨੂੰ ਕੈਦਾਂ ਹੋਈਆਂ। ਅਖ਼ਬਾਰ ਬੰਦ ਹੋ ਗਿਆ। ਇਨ੍ਹਾਂ ਨੇ ਵੀ ਬਸ ਨਹੀਂ ਕੀਤੀ। ਅਲਾਹਾਬਾਦ ਜਾ ਕੇ ਉਨ੍ਹਾਂ ਨੇ ਇਹੀ ਅਖ਼ਬਾਰ 'ਸਵਰਾਜ ਦੇ ਨਾਂ ਨਾਲ ਕੱਢੀ। ਉਹ ਜਿਹੜਾ ਅਖ਼ਬਾਰ ਸੀ, ਉਹਦੇ ਵਿਚ 9 ਗ੍ਰਿਫ਼ਤਾਰੀਆਂ ਹੋਈਆਂ, ਜਿਨ੍ਹਾਂ ਵਿਚੋਂ 5 ਪੰਜਾਬੀ ਸੀ। ਇਨ੍ਹਾਂ ਨੂੰ ਅੰਡੇਮਾਨ ਜੇਲ੍ਹ ਭੇਜ ਦਿੱਤਾ, ਜਿਨ੍ਹਾਂ ਵਿਚੋਂ ਇਕ ਉਥੇ ਜਾ ਕੇ ਸ਼ਹੀਦ ਵੀ ਹੋ ਗਿਆ।

ਹੁਣ ਵਕਤ ਆ ਗਿਆ ਪੰਜਾਬ ਵਿਚੋਂ ਲੋਕਾਂ ਦੇ ਬਾਹਰ ਜਾਣ ਦਾ। ਅੰਗਰੇਜ਼ਾਂ ਨੇ ਦੂਜੇ ਸੂਬਿਆਂ ਵਾਂਗ ਜ਼ਮੀਨੀ ਬੰਦੋਬਸਤ ਸ਼ੁਰੂ ਕਰ ਦਿੱਤਾ। ਜ਼ਮੀਨੀ ਬੰਦੋਬਸਤ ਕੀ ਸੀ, ਅਸਲ ਵਿਚ ਇਹਦੇ ਵਿਚ ਇਕ ਹਿੱਸਾ ਆਮ ਲੋਕਾਂ ਦਾ ਹੁੰਦਾ ਸੀ ਤੇ ਬਾਕੀ ਸ਼ਾਮਲਾਟਾਂ ਹੁੰਦੀਆਂ ਸਨ, ਚਰਗਾਹਾਂ ਪਈਆਂ ਹੁੰਦੀਆਂ ਸਨ। ਅੰਗਰੇਜ਼ ਇਨ੍ਹਾਂ ਤੋਂ ਮਾਲੀਏ ਜੁਟਾ ਕੇ ਆਪਣੀ ਆਮਦਨ ਵਧਾਉਂਦੇ ਸਨ। ਅੰਗਰੇਜ਼ਾਂ ਨੇ ਜਦੋਂ ਜ਼ਮੀਨੀ ਬੰਦੋਬਸਤ ਕੀਤਾ ਤਾਂ ਚਰਗਾਹਾਂ ਵੀ ਮੁੱਕ ਗਈਆਂ। ਜ਼ਮੀਨ ਬੰਦੋਬਸਤ ਤਹਿਤ ਜ਼ਮੀਨ ਦਾ ਹਿੱਸਾ ਮਾਲਕ ਦੇ ਨਾਂ ਚੜ੍ਹ ਜਾਂਦਾ ਹੈ ਤੇ ਜ਼ਮੀਨ ਰਹਿੰਦੀ ਸ਼ਾਮਲਾਟ ਦੀ ਹੀ ਹੈ। ਸੋ ਸਾਰਾ ਪਿੰਡ ਮਾਲੀਆ ਦਿੰਦਾ ਸੀ। ਚਰਗਾਹਾਂ ਮਗਰੋਂ ਹੋਰ ਵੀ ਕਈ ਚੀਜ਼ਾਂ ਖ਼ਤਮ ਹੋਈਆਂ। ਇਨ੍ਹਾਂ ਚੀਜ਼ਾਂ ਨੇ ਵੀ ਵਿਰੋਧ ਸਿਰਜਿਆ। ਜਦੋਂ ਅੰਗਰੇਜ਼ਾਂ ਨੇ ਆਪਣੀ ਆਮਦਨੀ ਵਧਾਉਣ ਲਈ ਪੰਜਾਬ ਵਿਚ ਨਹਿਰਾਂ ਕੱਢੀਆਂ, ਇਸ ਨਾਲ ਪੰਜਾਬ ਦੇ ਜਿਹੜੇ ਵੱਡੇ ਵੱਡੇ ਜ਼ਿਲ੍ਹੇ ਜਲੰਧਰ, ਹੁਸ਼ਿਆਰਪੁਰ, ਫ਼ਿਰੋਜ਼ਪੁਰ, ਲੁਧਿਆਣਾ, ਗੁਰਦਾਸਪੁਰ ਸਨ, ਦੇ ਲੋਕਾਂ ਨੇ ਉਥੇ ਜਾ ਕੇ ਆਪਣੀਆਂ ਜ਼ਮੀਨਾਂ ਕਰਾਹ ਕੀਤੀਆਂ। ਉਹਤੋਂ ਪਿਛੋਂ ਬੰਗਾਲ ਵਿਚ ਜਿਹੜੇ ਸੰਥਾਲ ਹੋਏ ਹਨ, ਉਨ੍ਹਾਂ ਨੇ ਵੀ ਇਵੇਂ ਹੀ ਕੀਤਾ ਸੀ। ਜੰਗਲ ਸਾਫ਼ ਕਰਾ ਲਏ। ਉਨ੍ਹਾਂ ਨੂੰ ਕਿਹਾ ਕਿ ਤੁਹਾਨੂੰ ਜ਼ਮੀਨਾਂ ਦਿਆਂਗੇ। ਜ਼ਮੀਨਾਂ ਦੇਣ ਦੀ ਬਜਾਏ, ਉਨ੍ਹਾਂ ਦੀਆਂ ਪਿਛਲੀਆਂ ਜ਼ਮੀਨਾਂ ਖੋਹ ਕੇ ਨੀਲਾਮ ਕਰਨੀਆਂ ਸ਼ੁਰੂ ਕਰ ਦਿੱਤੀਆਂ। ਸੋ ਅੰਗਰੇਜ਼ਾਂ ਨੇ ਦੋ-ਚਾਰ ਸਾਲਾਂ ਵਿਚ ਜਿੰਨਾ ਕੁ ਸਰਮਾਇਆ ਲਾਇਆ ਸੀ, ਉਹਤੋਂ ਵੀ ਜ਼ਿਆਦਾ ਕਿਤੇ ਵੱਧ ਵਸੂਲ ਕਰ ਲਿਆ ਪਰ ਹਾਲੇ ਵੀ ਲਾਲਸਾ ਸੀ। ਹੁਣ ਉਨ੍ਹਾਂ ਦੀ ਨਜ਼ਰ ਕਿਸਾਨਾਂ ਵਲੋਂ ਕਰਾਹੀਆਂ ਜ਼ਮੀਨਾਂ 'ਤੇ ਸੀ ਕਿ ਹੌਲੀ ਹੌਲੀ ਇਨ੍ਹਾਂ ਨੂੰ ਨੀਲਾਮ ਕੀਤਾ ਜਾਵੇ ਤੇ ਇਹਦੇ ਪੈਸੇ ਵੱਟ ਕੇ ਵੀ ਇੰਗਲੈਂਡ ਭੇਜੇ ਜਾਣ।

ਸੋ ਪਗੜੀ ਸੰਭਾਲ ਜੱਟਾ ਦਾ ਜਿਹੜਾ ਅੰਦੋਲਨ ਹੈ, ਉਹ ਉਸ ਵੇਲੇ ਕਾਇਮ ਹੋਇਆ ਸੀ। ਹੁਣ ਪੰਜਾਬ ਦੇ ਸਾਹਮਣੇ ਦੋ ਗੱਲਾਂ ਆ ਗਈਆਂ, ਇਕ ਪੰਜਾਬੀ ਫ਼ੌਜ 'ਚ ਭਰਤੀ ਹੁੰਦਾ ਜਿਥੇ ਸੱਤ ਰੁਪਏ ਤੋਂ 13 ਰੁਪਏ ਤਨਖ਼ਾਹ ਹੁੰਦੀ ਸੀ। ਇਹਦੇ ਨਾਲ ਤਾਂ ਗੁਜ਼ਾਰਾ ਹੁੰਦਾ ਨਹੀਂ ਸੀ। ਇਕ (ਮਹਾਜਨ)ਜਮਾਤ ਹੋਈ ਹੈ, ਜਿਹੜੀ (ਚੀਜ਼ਾਂ) ਅੰਗਰੇਜ਼ਾਂ ਤੋਂ ਲਿਆ ਕੇ ਲੋਕਾਂ ਵਿਚ ਤਕਸੀਮ ਕਰਦੀ ਸੀ। ਇਥੋਂ ਦਾ ਜਿਹੜਾ ਕੱਚਾ ਮਾਲ ਸੀ, ਉਹਨੂੰ ਕਰਾਚੀ ਬੰਦਰਗਾਹ ਰਾਹੀਂ ਇੰਗਲੈਂਡ ਭੇਜਿਆ ਜਾਂਦਾ ਸੀ। ਇਹ ਸੀ ਮਹਾਜਨ ਜਮਾਤ। ਇਨ੍ਹਾਂ ਨੇ ਸ਼ਾਹੂਕਾਰਾ ਕੰਮ ਸ਼ੁਰੂ ਕਰ ਦਿੱਤਾ। ਜੇ ਮਾਲੀਆ ਨਾ ਤਾਰ ਹੁੰਦਾ ਤਾਂ ਅਸੀਂ ਮਹਾਜਨ ਕੋਲ ਆਪਣੀ ਜ਼ਮੀਨ ਗਿਰਵੀ ਰੱਖ ਕੇ ਬੁੱਤਾ ਸਾਰਨਾ। ਪੰਜਾਬ ਦੀ ਸਥਿਤੀ ਅਜਿਹੀ ਹੋ ਗਈ ਕਿ ਇਕ ਪਾਸੇ ਕਰਜ਼ੇ ਦੀ ਪੰਡ ਸਿਰ 'ਤੇ ਬਹੁਤ ਚੜ੍ਹ ਗਈ, ਦੂਜਾ ਉਦੋਂ ਪਲੇਗ ਬਹੁਤ ਪਏ। ਪਿਛਲੀਆਂ ਜ਼ਮੀਨ ਵੇਚ ਦਿੱਤੀਆਂ। ਉਦੋਂ ਅੰਦੋਲਨ ਸ਼ੁਰੂ ਹੋਏ। ਇਨ੍ਹਾਂ ਨੂੰ ਸਿਆਟਲ ਕੇਂਦਰ ਵਿਚਲੇ 'ਲਿਬਰਟੀ' ਪਰਚੇ ਆਉਂਦੇ ਰਹੇ। ਸਰਦਾਰ ਹਰਚੰਦ ਸਿੰਘ, ਜਿਹੜੇ ਕਿ ਲਾਇਲਪੁਰੀ ਕਰਕੇ ਜਾਣੇ ਜਾਂਦੇ ਹਨ, ਉਹ ਇਸ ਦੇ ਸੈਂਟਰ ਵਿਚ ਸਨ। ਸੋ ਮਾਸਟਰ ਚਤਰ ਸਿੰਘ, ਜਿਨ੍ਹਾਂ ਨੇ ਅੰਮ੍ਰਿਤਸਰ ਖ਼ਾਲਸਾ ਕਾਲਜ ਦੇ ਅੰਗਰੇਜ਼ ਅਫ਼ਸਰ 'ਤੇ ਹਮਲਾ ਕੀਤਾ ਸੀ, ਉਹ ਵੀ ਇਸ ਲਹਿਰ ਦੇ ਇਕ ਹਿੱਸੇਦਾਰ ਸਨ। ਪੰਜਾਬੀਆਂ ਸਾਹਮਣੇ ਦੋ ਹੀ ਕਿੱਤੇ ਰਹਿ ਗਏ ਫ਼ੌਜ 'ਚ ਭਰਤੀ ਹੋ ਜਾਓ, ਬਾਹਰ ਨੂੰ ਚਲੇ ਜਾਓ, ਦੂਜੇ ਜਿਹੜੇ ਸਨ, ਉਨ੍ਹਾਂ ਨੇ ਮਲਾਇਆ ਤੇ ਚੀਨ ਵਿਚ ਜਾ ਕੇ ਨੌਕਰੀਆਂ ਕੀਤੀਆਂ। ਉਥੇ ਪਤਾ ਲੱਗਾ ਕਿ ਕਨੇਡਾ ਤੇ ਅਮਰੀਕਾ ਵੀ ਇਹਦੇ ਨਾਲੋਂ ਚੰਗੀ ਜਗ੍ਹਾ ਹੈ। ਸੋ ਪੰਜਾਬੀ, ਇਮੀਗਰੈਂਟ ਸਨ-ਜਿਨ੍ਹਾਂ 'ਤੇ ਪਗੜੀ ਸੰਭਾਲ ਜੱਟਾ ਦਾ ਵੀ ਅਸਰ ਸੀ (ਅਤੇ) ਜਿਨ੍ਹਾਂ 'ਤੇ ਸਿੱਖ ਰਾਜ ਦੇ ਚਲੇ ਜਾਣ ਦਾ ਵੀ ਅਸਰ ਸੀ-ਉਹ ਚਲਾ ਗਿਆ ਅਮਰੀਕਾ, ਦੂਜੇ ਚਲੇ ਗਏ ਬਾਰ ਵਿਚ। ਬਾਰ ਵਾਲੇ ਆਪਣੀ ਥਾਂ ਅੰਦੋਲਨ ਕਰਦੇ ਹਨ। ਅਮਰੀਕਾ ਜਿਹੜੇ ਗਏ, ਉਨ੍ਹਾਂ 'ਤੇ ਅਮਰੀਕਾ ਦੀ ਜਮਹੂਰੀ ਪ੍ਰਣਾਲੀ ਦਾ ਅਸਰ ਹੋਇਆ। ਇਥੋਂ ਦੇ ਲੋਕ ਸਰਕਾਰ ਚੁਣਦੇ ਹਨ। ਲੋਕਾਂ ਦਾ ਚੁਣਿਆਂ ਨੁਮਾਇੰਦਾ ਰਾਜ ਕਰਦਾ ਹੈ, ਇਹ ਆਜ਼ਾਦ ਮੁਲਕ ਹੈ। ਇਨ੍ਹਾਂ ਨੇ ਅੰਗਰੇਜ਼ਾਂ ਤੋਂ ਆਜ਼ਾਦੀ ਹਾਸਲ ਕੀਤੀ ਹੈ। ਸੋ, ਇਹ ਵੀ ਇਕ ਕਾਰਨ ਸੀ, ਜਿਸ ਨੇ ਕਿਸਾਨ 'ਤੇ ਬਹੁਤ ਅਸਰ ਕੀਤਾ। ਇਨ੍ਹਾਂ ਨੇ ਬੜੀਆਂ 'ਕੱਠੇ ਹੋ ਕੇ ਲੜਾਈਆਂ ਲੜੀਆਂ। ਸਭ ਤੋਂ ਵੱਡੀ ਲੜਾਈ ਜਿਹੜੀ ਹੈ, ਮੈਂ ਕਹਾਂਗਾ ਕਿ ਉਹ ਅਮਰੀਕਾ ਵਿਚ ਕਨੇਡਾ 'ਚ ਲੜੀ ਗਈ ਹੈ।

ਲੋਕ ਸਭ ਤੋਂ ਪਹਿਲਾਂ ਕਨੇਡਾ ਵਿਚ ਗਏ। ਉਥੇ ਉਨ੍ਹਾਂ ਨੂੰ ਬਹੁਤ ਦੁਸ਼ਵਾਰੀਆਂ ਪੇਸ਼ ਆਈਆਂ। ਅਸਲ ਵਿਚ ਮਨ 'ਤੇ ਅਸਰ ਸੀ, ਫ਼ੌਜਾਂ 'ਚੋਂ ਗਏ ਸਨ, ਮਲਿਕਾ ਵਿਕਟੋਰੀਆ ਦਾ ਉਹ ਫ਼ਰਮਾਨ ਯਾਦ ਸੀ ਬਈ, ਮੈਂ ਆਪਣੀ ਪਰਜਾ ਨੂੰ ਇਕ ਅੱਖ ਨਾਲ ਦੇਖਾਂਗੀ। ਜਦੋਂ ਉਥੇ ਜਾ ਕੇ ਦੇਖਿਆ ਕਿ ਇਹ ਇਕ ਅੱਖ ਨਾਲ ਤਾਂ ਨਹੀਂ ਦੇਖਦੀ, ਦੋਵੇਂ ਅੱਖੀਂ (ਅੱਖੀਆਂ) ਨਾਲ ਦੇਖਦੀ ਹੈ, ਉਥੇ ਗੋਰਿਆਂ ਵਲੋਂ ਨਸਲੀ ਜਥੇਬੰਦੀਆਂ ਕਾਇਮ ਹੋਈਆਂ, 'ਕਨੇਡਾ ਫ਼ਾਰ ਦਾ ਵਾਈਟ'। ਇਹਦੇ ਨਾਲ ਸਾਡੇ ਲੋਕਾਂ ਦੇ ਕਾਰੋਬਾਰ 'ਤੇ ਅਸਰ ਪਿਆ। ਸਾਡੇ ਲੋਕਾਂ ਨੂੰ ਕੰਮ ਮਿਲਣੇ ਹਟ ਗਏ। ਸਖ਼ਤ ਮਿਹਨਤ ਹੋਣੀ ਸ਼ੁਰੂ ਹੋਈ। ਇਸ ਵਾਸਤੇ ਇਨ੍ਹਾਂ ਨੂੰ ਇਕਜੁੱਟਤਾ ਦੀ ਲੋੜ ਮਹਿਸੂਸ ਹੋਈ ਤੇ ਇਕੱਠੇ ਹੋਣੇ ਸ਼ੁਰੂ ਹੋਏ।

ਸਾਨੂੰ ਕਿਹਾ ਜਾਂਦਾ ਬਈ ਦੁਨੀਆਂ ਵਿਚ ਹਰ ਇਨਸਾਨ ਜਿਥੇ ਜਾਂਦਾ ਹੈ, ਉਸ ਨੂੰ ਆਪਣੀ ਪਤਨੀ



ਦੇਸ਼ ਭਗਤ ਯਾਦਗਾਰ ਕਮੇਟੀ ਸੰਨ 2000–2001 : (ਬੈਠਿਆਂ ਵਿਚ) ਗੁਰਮੀਤ ਸਿੰਘ, ਡਾ. ਹਰਮਿੰਦਰਜੀਤ ਕੌਰ, ਸੁਰਿੰਦਰ ਕੁਮਾਰੀ, ਅਮਲੋਕ ਸਿੰਘ, (ਕੁਰਸੀਆਂ 'ਤੇ) ਭਗਤ ਸਿੰਘ, ਪੂਰਨ ਸਿੰਘ, ਕਰਨੈਲ ਸਿੰਘ, ਜਗਜੀਤ ਸਿੰਘ ਲਾਇਲਪੁਰੀ, ਬਾਬਾ ਭਗਤ ਸਿੰਘ ਬਿਲਗਾ, ਗੁਰਦੇਵ ਸੈਨ ਕੋਛੜ, ਜਗਜੀਤ ਸਿੰਘ ਅਨੰਦ, ਜਗੀਰ ਸਿੰਘ ਜੋਗਾ, ਦਰਬਾਰਾ ਸਿੰਘ ਢਿੱਲੋਂ, (ਖੜੇ) ਝੈਹਰ ਸਿੰਘ, ਨੌਨਿਹਾਲ ਸਿੰਘ, ਕੁਲਵੰਤ ਸਿੰਘ, ਅਜਮੇਰ ਸਿੰਘ, ਆਰ. ਐਸ. ਸ਼ਰਮਾ, ਚੈਨ ਸਿੰਘ ਚੈਨ, ਕੇ.ਆਰ. ਜੋਸ਼ੀ, ਰਾਜੇਸ਼ਵਰ ਸਿੰਘ, ਕੁਲਵੰਤ ਸਿੰਘ ਸੰਧੂ, ਰਘਬੀਰ ਸਿੰਘ ਛੀਨਾ, ਕੈਪਟਨ ਰਣਜੀਤ ਸਿੰਘ, ਗੁਰਮੀਤ ਸਿੰਘ ਢੱਡਾ।

ਨਾਲ ਲਿਜਾਣ ਦਾ ਹੱਕ ਹੈ। ਇਹ ਕੌਮਾਂਤਰੀ ਕਾਨੂੰਨ ਹੈ। ਪਰ ਇਹ ਕਾਨੂੰਨ ਹਿੰਦੁਸਤਾਨੀਆਂ 'ਤੇ ਅਸਰ ਅੰਦਾਜ਼ ਨਾ ਹੋਇਆ। ਹਿੰਦੁਸਤਾਨੀਆਂ ਨੂੰ ਉਥੇ ਔਰਤਾਂ ਲਿਜਾਣ ਦੀ ਮਨਾਹੀ ਹੋਈ। ਉਨ੍ਹਾਂ ਦੀ ਜਮਹੂਰੀਅਤ, ਉਨ੍ਹਾਂ ਦੀ ਸਿਵਲ ਲਿਬਰਟੀ ਗੋਰਿਆਂ ਤਾਈਂ, ਅਫ਼ਰੀਕਨਾਂ ਤਾਈਂ ਮਹਿਦੂਦ ਸੀ ਪਰ ਏਸ਼ੀਆ ਤਕ ਇਹਦਾ ਵਿਸਥਾਰ ਨਹੀਂ ਹੋ ਸਕਿਆ। ਇਸ ਵਾਸਤੇ ਮੁਹਿੰਮ ਸ਼ੁਰੂ ਹੋਈ ਕਿ ਇਨ੍ਹਾਂ ਕਾਲਿਆਂ ਨੂੰ, ਪੀਲਿਆਂ ਨੂੰ ਦੇਸ਼ ਵਿਚੋਂ ਬਾਹਰ ਕੱਢ ਦਿੱਤਾ ਜਾਵੇ, ਇਨ੍ਹਾਂ ਵਿਚ ਜਪਾਨੀ ਤੇ ਚੀਨੇ ਵੀ ਸ਼ਾਮਲ ਸੀ। ਇਸ ਚੀਜ਼ ਨੇ ਸਾਡੇ ਲੋਕਾਂ 'ਚ ਜਾਗ੍ਰਤੀ ਲਿਆਂਦੀ। ਸਾਡੇ ਲੋਕ ਜਿਹੜੇ ਇਥੋਂ ਥੋੜ੍ਹੇ-ਬਹੁਤ ਵੀ ਪੜ੍ਹ ਕੇ ਗਏ ਸਨ, ਇਸ ਮੂਵਮੈਂਟ ਵਿਚ ਆਏ। ਉਨ੍ਹਾਂ ਨੇ ਇਮੀਗਰੇਸ਼ਨ ਲਾਅ ਵਿਚ ਜਿਹੜੀਆਂ ਖਰਾਬੀਆਂ ਸਨ, ਉਸ ਖ਼ਿਲਾਫ਼ ਲੜਾਈ ਲੜੀ। ਦੁਨੀਆ ਦੀ ਸਭ ਤੋਂ ਵੱਡੀ ਲੜਾਈ ਕਨੇਡਾ ਵਿਚ ਲੜੀ ਗਈ। ਉਥੇ ਦੀਆਂ ਕਚਹਿਰੀਆਂ ਵਿਚ ਸਾਡਾ ਰਿਕਾਰਡ ਭਰਿਆ ਪਿਆ ਹੈ। ਉਥੇ ਦੀਆਂ ਜਿਹੜੀਆਂ ਆਰਕਾਈਵਜ਼ ਨੇ ਸਾਡੀਆਂ ਬਹਿਸਾਂ, ਦਸਤਾਵੇਜ਼ ਪਏ ਹਨ। ਅਸੀਂ ਹਰ ਥਾਂ 'ਤੇ ਹਾਰੇ। ਇਹ ਨਹੀਂ ਕਿ ਅਸੀਂ ਕਾਨੂੰਨੀ ਤੌਰ 'ਤੇ ਹਾਰੇ, ਬਲਕਿ ਉਨ੍ਹਾਂ ਦੇ ਜਬਰ ਅੱਗੇ ਹਾਰੇ। ਸਾਨੂੰ ਗਿਆਨ ਹੋਇਆ ਕਿ ਦਰਅਸਲ ਇਸ ਸਭ ਪਿਛੇ ਸਾਡੀ ਗੁਲਾਮੀ ਕਾਰਨ ਹੈ। ਅਸੀਂ ਗੁਲਾਮ ਮੁਲਕ ਦੇ ਹਾਂ ਤੇ ਇਹ ਆਜ਼ਾਦ ਮੁਲਕ ਦੇ ਹਨ। ਸੋ ਇਹ ਜਜ਼ਬਾ ਪੈਦਾ ਹੋਇਆ, ਹਿੰਦੁਸਤਾਨੀਆਂ ਵਿਚ, ਪੰਜਾਬੀਆਂ ਵਿਚ ਜਿੰਨੀ ਦੇਰ ਆਪਾਂ ਆਜ਼ਾਦ ਨਹੀਂ ਹੁੰਦੇ, ਗੱਲ ਬਣਦੀ ਨਹੀਂ।

ਹੁਣ ਕਨੇਡਾ ਇਕ ਬ੍ਰਿਟਿਸ਼ ਕਾਲੋਨੀ ਸੀ। ਉਥੇ ਕੁਝ ਕਹਿਣ ਦੀ, ਅਖ਼ਬਾਰਾਂ ਵਿਚ ਛਾਪਣ ਦੀ ਇਕ ਹੱਦ ਤੈਅ ਸੀ। ਇਸ ਕਰ ਕੇ ਸਾਰੀ ਮੂਵਮੈਂਟ ਅਮਰੀਕਾ ਵਿਚ ਚਲੀ ਗਈ। ਅਮਰੀਕਾ ਫੇਰ ਵੀ ਸਮਝਿਆ ਜਾਂਦਾ ਸੀ ਕਿ ਇਹ ਆਜ਼ਾਦ ਮੁਲਕ ਹੈ। ਜਿਥੇ ਜ਼ਿਆਦਾ ਖੁਲ੍ਹ ਹੋਵੇਗੀ। ਜਿਹੜੀ ਜੱਦੋ-ਜ਼ਹਿਦ ਕਨੇਡਾ ਵਿਚ ਸ਼ੁਰੂ ਹੋਈ, ਉਹ ਹੁਣ ਅਮਰੀਕਾ ਵਿਚ ਆ ਗਈ। ਅਮਰੀਕਾ ਵਿਚ 1911 ਵਿਚ ਹਰਦਿਆਲ ਗਿਆ।

ਹਰਦਿਆਲ ਬੁੱਧਜੀਵੀ ਸੀ ਤੇ ਆਜ਼ਾਦੀ ਸੰਗਰਾਮ ਵਿਚ ਉਹਦੀ ਵੱਡੀ ਦੇਣ ਹੈ। ਉਸ ਨੇ ਜਿਥੇ ਤਕ ਤਕਰਸ਼ੀਲਤਾ ਦਾ ਮੁਤਲਕ ਹੈ, ਜਿਥੇ ਤਕ ਆਜ਼ਾਦੀ ਦੀ ਸੂਝ ਦਾ ਮੁਤਲਕ ਵੀ ਹੈ, ਅਖ਼ਬਾਰਾਂ ਵਿਚ ਮਜਬੂਨ ਲਿਖ ਕੇ ਲੋਕਾਂ ਤਕ ਪਹੁੰਚਾਇਆ। ਪਰ ਇਕੱਲਾ ਉਹੀ ਨਹੀਂ ਸੀ, ਭਗਵਾਨ, ਮੁਣਸ਼ਾ ਸਿੰਘ ਦੁਖੀ, ਬਾਬਾ ਸੋਹਣ ਸਿੰਘ, ਕਰਤਾਰ ਸਿੰਘ ਸਰਾਭਾ ਨੇ ਵੀ ਪੂਰਾ ਯੋਗਦਾਨ ਪਾਇਆ। ਬੜੀਆਂ ਕੁਰਬਾਨੀਆਂ ਦੇ ਕੇ ਇਸ ਸੰਘਰਸ਼ ਨੂੰ ਅੱਗੇ ਵਧਾਇਆ। ਉਨ੍ਹਾਂ ਕਿਹਾ ਕਿ ਜਦੋਂ ਤਕ ਸਾਡਾ ਮੁਲਕ ਆਜ਼ਾਦ ਨਹੀਂ ਹੋ ਜਾਂਦਾ, ਉਦੋਂ ਤਕ ਸਾਡਾ ਹਿੰਦੁਸਤਾਨ ਵਿਚ ਤੇ ਹਿੰਦੁਸਤਾਨ ਤੋਂ ਬਾਹਰ ਕੋਈ ਵਸੇਬਾ ਨਹੀਂ ਹੋ ਸਕਦਾ। ਉਦੋਂ ਦਾ ਇਕ ਸ਼ਿਅਰ ਬੜਾ ਮਸ਼ਹੂਰ ਹੈ :-

ਬਾਹਰ ਪੈਣ ਧੱਕੇ ਦੇਸ਼ ਮਿਲੇ ਢੋਈ ਨਾ
ਸਾਡਾ ਪ੍ਰਦੇਸੀਆਂ ਦਾ ਦੇਸ ਕੋਈ ਨਾ।

ਸੋ, ਉਹ ਜਜ਼ਬਾ ਹੀ ਸੀ, ਜਿਸ ਨੇ ਉਨ੍ਹਾਂ ਨੂੰ ਉਠਾਲ ਕੇ ਲਾਮਬੰਦ ਕੀਤਾ ਕਿ ਅਸੀਂ ਲੜਾਈ ਕਰਨੀ ਹੈ ਅਤੇ ਇਸ ਤਰ੍ਹਾਂ ਗ਼ਦਰ ਪਾਰਟੀ ਕਾਇਮ ਹੋਈ, ਗ਼ਦਰ ਪਾਰਟੀ, ਦਰਅਸਲ ਲੋਕ ਕਹਿੰਦੇ ਨੇ 1913 ਵਿਚ ਸਥਾਪਤ ਹੋਈ ਪਰ ਗ਼ਦਰ ਪਾਰਟੀ ਦੇ ਵਿਚਾਰ, ਗ਼ਦਰ ਪਾਰਟੀ ਦੀ ਸਥਾਪਨਾ, ਇਸ ਲਹਿਰ ਦੀ ਸ਼ੁਰੂਆਤ ਇਸ ਸਦੀ (ਵੀਹਵੀਂ ਸਦੀ) ਦੇ ਸ਼ੁਰੂ ਵਿਚ ਹੀ ਹੋ ਗਈ ਸੀ ਅਤੇ ਇਹ ਸਾਰੀਆਂ ਲੜਾਈਆਂ ਪਗੜੀ ਸੰਭਾਲ ਜੱਟਾ ਤੋਂ ਲੈ ਕੇ ਹਾਰਡਿੰਗ ਬੰਬ ਕੇਸ ਤਕ ਦੀਆਂ ਚੀਜ਼ਾਂ 'ਕੱਲੀਆਂ-'ਕੱਲੀਆਂ ਨਹੀਂ, ਇਹ ਆਪਸ ਵਿਚ ਜੁੜੀਆਂ ਹੋਈਆਂ ਹਨ। ਸਿਆਸਤਦਾਨ ਅਸਲ ਵਿਚ ਇਨ੍ਹਾਂ ਨੂੰ 'ਕੱਲੀ-'ਕੱਲੀ ਕਰ ਕੇ ਪੇਸ਼ ਕਰਦੇ ਹਨ। ਜਿਥੋਂ ਤਕ ਸ਼ਾਂਤਮਈ ਲੜਾਈ ਦਾ ਤਾਅਲੁਕ ਹੈ, ਭਾਰਤ ਮਾਤਾ ਸੁਸਾਇਟੀ, ਅੰਜੁਮਨੇ-ਮੁਹੱਬਤੇ-ਵਤਨ ਤੋਂ ਲੈ ਕੇ ਗ਼ਦਰ ਪਾਰਟੀ ਤਕ ਆ ਗਈ ਤਾਂ ਇਹ ਕੋਈ ਅਜੂਬਾ ਨਹੀਂ ਸੀ, ਬਲਕਿ ਆਪਸ ਵਿਚ ਇਨ੍ਹਾਂ ਦਾ ਸਬੰਧ ਸੀ। ਗ਼ਦਰ ਪਾਰਟੀ 'ਤੇ ਅਮਰੀਕਨ ਜ਼ਿੰਦਗੀ ਦਾ ਅਸਰ ਸੀ, ਫਰੈਂਚ ਰੈਵੋਲਿਊਸ਼ਨ ਦਾ ਅਸਰ ਸੀ, ਬਾਅਦ ਵਿਚ ਅਕਤੂਬਰ ਇਨਕਲਾਬ ਦਾ ਵੀ ਅਸਰ ਹੋਇਆ। ਸੋ, ਜਿਹੜਾ ਪੰਜਾਬੀ ਕਿਸਾਨ ਸੀ, ਉਸ ਨੇ ਧਾਰ ਲਿਆ ਕਿ ਮੁਲਕ ਨੂੰ ਆਜ਼ਾਦ ਕਰਾਉਣਾ ਹੈ। ਮੁਲਕ ਨੂੰ ਆਜ਼ਾਦ ਕਰਾਉਣ ਲਈ ਮੈਨੂੰ ਪਤਾ ਹੈ ਅੱਜਕਲ੍ਹ ਇਥੇ ਜਿਹੜਾ ਪ੍ਰਾਪੇਗੰਡਾ, ਜਿਹੜਾ ਪ੍ਰਚਾਰ ਹੁੰਦਾ ਹੈ, ਕਿ ਸਾਡੀ ਸਾਰੀ ਵਸੋਂ ਪੜ੍ਹੀ ਲਿਖੀ ਹੋਣੀ ਚਾਹੀਦੀ ਹੈ। ਤੁਸੀਂ ਹੈਰਾਨ ਹੋਵੋਗੇ ਸੁਣ ਕੇ ਕਿ ਗ਼ਦਰ ਪਾਰਟੀ ਨੇ ਐਲਾਨ ਕੀਤਾ ਕਿ ਹਰ ਇਕ ਜਿਹੜਾ ਪੰਜਾਬੀ ਹੈ, ਜਿਹੜਾ ਗ਼ਦਰੀ ਹੈ, ਉਹ ਪੰਜਾਬੀ ਸਿੱਖੇ। ਲੋਕ ਕੋਲਾ ਲੈ ਕੇ ਜ਼ਮੀਨ 'ਤੇ ਲਿਖ-ਲਿਖ ਕੇ ਪੜ੍ਹਨਯੋਗ ਹੋਏ। ਸਾਰਿਆਂ ਨੇ, ਭਾਵੇਂ ਉਹ 80 ਸਾਲ ਦਾ ਸੀ, ਭਾਵੇਂ 50 ਸਾਲ ਦਾ, ਹਰ ਇਕ ਨੇ ਪੜ੍ਹਨਾ ਸਿੱਖਣਾ ਸ਼ੁਰੂ ਕੀਤਾ। ਇਥੋਂ ਤਕ ਕਿ ਜਿਹੜੇ ਲੋਕ ਕੱਲ੍ਹ ਤਕ ਅਨਪੜ੍ਹ ਸੀ, ਉਨ੍ਹਾਂ ਨੇ ਆਪਣੀ ਵਿਦਿਆ ਹਾਸਲ ਕਰ ਲਈ। ਚੰਗੇ ਚੰਗੇ ਆਰਟੀਕਲ, ਮਜਬੂਨ ਅਖ਼ਬਾਰ ਵਿਚ ਲਿਖਣੇ ਸ਼ੁਰੂ ਕਰ ਦਿੱਤੇ ਤੇ ਕਵੀ ਬਣ ਗਏ। ਪੰਜਾਬੀਆਂ ਨੂੰ ਤਾਂ ਕਵਿਤਾ ਵਿਰਸੇ ਵਿਚ ਹੀ ਮਿਲੀ ਹੈ। ਇਹ ਜਮਾਂਦਰੂ ਕਵੀ ਹੈ ਤੇ ਇਹ ਇਹਦੀ ਸਿਫ਼ਤ ਹੈ। ਇਸੇ ਲਈ ਗ਼ਦਰ ਦੀ ਗੂੰਜ ਕਵਿਤਾ ਨਾਲ ਭਰੀ ਪਈ ਹੈ। ਇਹਦੇ ਵਿਚ ਸਾਫ਼ ਜ਼ਾਹਰ ਹੈ ਕਿ ਗ਼ਦਰ ਪਾਰਟੀ ਕੀ ਮੰਗਦੀ ਸੀ? ਇਹ ਇਕ ਨਵੀਂ ਕਿਸਮ ਦੀ ਜਥੇਬੰਦੀ ਸੀ ਜਿਹਦਾ ਕੋਈ ਤੁਅਲਕ ਨਹੀਂ ਸੀ ਮਜ਼ੂਬੀ ਜਮਾਤ ਨਾਲ। ਉਹਦੇ ਵਿਚ ਕੁਝ ਅਸੂਲ ਸਨ, ਛੂਤ-ਛਾਤ ਦੇ ਉਕਾ ਖ਼ਿਲਾਫ਼ ਸਨ। ਉਹ ਕਹਿੰਦੇ ਸੀ ਕਿ ਜਿਹੜਾ ਛੂਤ-ਛਾਤ ਵਿਚ ਯਕੀਨ ਰੱਖਦਾ ਹੈ, ਉਹ ਸਾਡਾ ਮੈਂਬਰ ਨਹੀਂ ਹੋ ਸਕਦਾ। ਉਨ੍ਹਾਂ ਵਿਚ ਸੂਬਾ-ਪੱਤੀ ਦੀ ਡਵੀਜ਼ਨ ਵੀ ਕੋਈ ਮਾਅਨੇ ਨਹੀਂ ਰਖਦੀ ਸੀ, ਉਹ ਸਾਰੇ ਹਿੰਦੁਸਤਾਨ ਨੂੰ ਆਪਣਾ ਮੁਲਕ ਮੰਨਦੇ ਸਨ ਪਰ ਪੰਜਾਬੀ ਨਾਲ, ਪੰਜਾਬ ਦੀ ਧਰਤੀ ਨਾਲ ਵੀ ਪਿਆਰ ਕਰਦੇ ਸੀ। ਇਹ ਹਿਤ ਵੀ ਉਨ੍ਹਾਂ ਦਾ ਭਾਰੂ ਸੀ।

ਸੋ, ਇਹ ਨਵੀਂ ਕਿਸਮ ਦੀ ਮੂਵਮੈਂਟ, ਹਿਦੁਸਤਾਨ ਤੋਂ ਵਖਰਾ ਹੀ ਖ਼ਿਆਲ ਲੈ ਕੇ ਪੈਦਾ ਹੋਈ। ਮਜ਼ਬਾਂ ਤੋਂ ਉਤੇ ਚਲ ਕੇ ਇਨਕਲਾਬੀ ਹਥਿਆਰਬੰਦ, ਇਨਕਲਾਬ ਦੇ ਜ਼ਰੀਏ ਅੰਗਰੇਜ਼ ਨੂੰ ਹਿੰਦੁਸਤਾਨ 'ਚੋਂ ਕੱਢਣ ਦਾ ਮਕਸਦ ਲੈ ਕੇ ਗ਼ਦਰ ਪਾਰਟੀ ਕਾਇਮ ਹੋਈ। ਮੁੜ ਉਨ੍ਹਾਂ ਨੇ ਇਹ ਧਾਰਿਆ ਕਿ ਸਾਡੀਆਂ ਪਲਟਨਾਂ ਲੈ ਕੇ ਸਾਡੇ 'ਤੇ ਹੀ ਰਾਜ ਕੀਤਾ ਜਾਂਦਾ ਹੈ। ਏਨਾ ਹੀ ਨਹੀਂ, ਸਾਡੀਆਂ ਪਲਟਨਾਂ ਨਾਲ ਆਲੇ ਦੁਆਲੇ ਦੇ ਮੁਲਕਾਂ 'ਤੇ ਵੀ ਰਾਜ ਕੀਤਾ ਜਾਂਦਾ ਹੈ। ਆਓ, ਆਪਾਂ ਪਲਟਨਾਂ ਵਿਚ ਜਾ ਕੇ ਕੰਮ ਕਰੀਏ। ਇਹੀ ਸਭ ਤੋਂ ਵੱਡਾ ਮੁੱਦਾ ਹੈ ਕਿਉਂਕਿ ਇਹ ਕੋਈ ਸੌਖਾ ਕੰਮ ਨਹੀਂ ਸੀ। ਬੜਾ ਖ਼ਤਰਨਾਕ ਕੰਮ ਸੀ। ਸੋ, ਇਨ੍ਹਾਂ ਨੇ ਆ ਕੇ ਜੋ ਨਵੀਂ ਲਹਿਰ ਤੋਰੀ, ਉਹ ਲੀਹ ਸੀ ਫ਼ੌਜਾਂ ਵਿਚ ਜਾ ਕੇ ਕੰਮ ਕਰਨ ਦੀ। ਫ਼ੌਜਾਂ ਵਿਚ ਕੰਮ ਬੜਾ ਕੀਤਾ। ਕੁਹਾਟ ਤੋਂ ਲੈ ਕੇ ਦਿਨਾਜਪੁਰ ਜਿਹੜਾ ਕਿ ਬੰਗਾਲ ਵਿਚ ਹੈ, ਦੱਖਣ ਤਾਈਂ ਕੋਈ ਥਾਉਂ ਨਹੀਂ ਸੀ, ਜਿਥੇ ਇਨ੍ਹਾਂ ਦਾ ਸੰਪਰਕ ਨਾ ਹੋਵੇ, ਜਿਥੇ ਇਨ੍ਹਾਂ ਦੇ ਪੱਖ ਵੱਲ ਦੇ ਲੋਕ ਨਾ ਹੋਣ।

ਅਸੀਂ ਆਪਣੀ ਸੂਚੀ ਵਿਚ ਉਨ੍ਹਾਂ ਬਾਬਤ ਬੜਾ ਕੁਝ ਲਿਖ ਚੁੱਕੇ ਹਾਂ ਜਾਂ ਦਰਿਆਫ਼ਤ ਕਰ ਚੁੱਕੇ ਹਾਂ, ਜਿਨ੍ਹਾਂ ਨੂੰ ਫਾਂਸੀ ਹੋਈ। ਪਰ ਅਜੇ ਤਾਈਂ ਇਹ ਕਿਸੇ ਨੇ ਰਿਸਰਚ ਨਹੀਂ ਕੀਤੀ ਕਿ ਕੋਰਟ ਮਾਰਸ਼ਲ ਕਰ ਕੇ, ਜਿਨ੍ਹਾਂ ਨੂੰ ਫਾਂਸੀ ਲਾਈ ਉਨ੍ਹਾਂ ਖ਼ਿਲਾਫ਼ ਕੀ ਦੂਸ਼ਣ ਸੀ, ਉਨ੍ਹਾਂ ਦੀ ਜ਼ਿੰਦਗੀ ਕੀ ਸੀ, ਉਹ ਕੌਣ ਸਨ? ਇਹ ਬੜੀ ਭਾਰੀ ਲਿਸਟ ਹੈ। ਸੋ, ਇਹ ਨਜ਼ਰੀਆ ਲੈ ਕੇ ਪਹਿਲੀ ਜੰਗ ਵੇਲੇ 8000 ਦੇ ਕਰੀਬ ਲੋਕ ਬਾਹਰੋਂ ਹਿੰਦੁਸਤਾਨ ਵਿਚ ਪਰਤੇ। ਇਹ ਸਰਕਾਰੀ ਅੰਕੜਾ ਹੈ। ਕਨੇਡਾ ਮਲਾਇਆ, ਅਮਰੀਕਾ, ਮਨੀਲਾ, ਇੰਡੋਨੇਸ਼ੀਆ ਦੁਨੀਆ ਭਰ ਤੋਂ ਲੋਕ ਇਧਰ ਨੂੰ ਤੁਰ ਪਏ। ਕਿਹਾ ਜਾਂਦਾ ਹੈ ਕਿ ਬੜਾ ਜੋਸ਼ ਸੀ ਇਨ੍ਹਾਂ ਵਿਚ। ਕਈ ਲਿਖਾਰੀ ਇਹ ਵੀ ਲਿਖਦੇ ਹਨ ਕਿ ਨਿਰਾ ਜੋਸ਼ ਸੀ, ਹੋਸ਼ ਨਹੀਂ ਸੀ। ਮੈਂ ਇਸ ਨੂੰ ਰੱਦ ਕਰਦਾ ਹਾਂ। ਜੋਸ਼ ਤੋਂ ਬਿਨਾ ਤਾਂ ਕਦੇ ਇਨਕਲਾਬ ਹੋ ਨਹੀਂ ਸਕਦਾ। ਪਰ ਜੇ ਹੋਸ਼ ਨਾ ਹੋਵੇ ਤਾਂ ਤੁਸੀਂ ਅਗਾਂਹ ਨਹੀਂ ਵਧ ਸਕਦੇ। ਸੋ, ਉਨ੍ਹਾਂ ਵਿਚ ਜੋਸ਼ ਵੀ ਸੀ ਤੇ ਹੋਸ਼ ਵੀ ਸੀ। ਉਨ੍ਹਾਂ ਦੇ ਹੋਸ਼ ਨੇ ਹੀ ਉਨ੍ਹਾਂ ਨੂੰ ਸੰਘਰਸ਼ ਕਰਨ, ਜੇਲ੍ਹਾਂ ਵਿਚ ਜਾਣ, ਜੇਲ੍ਹਾਂ ਤੋਂ ਲੈ ਕੇ ਲੋਕ ਪੱਖੀ ਲਹਿਰ ਨਾਲ ਜੁੜਨ ਤੇ ਜਿੰਨਾ ਚਿਰ ਅੰਗਰੇਜ਼ ਹਿੰਦੁਸਤਾਨ 'ਚੋਂ ਵਿਦਾ ਨਹੀਂ ਹੋ ਗਿਆ; ਓਨੀ ਦੇਰ ਲੜਾਈ ਦਾ ਝੰਡਾ ਬੁਲੰਦ ਰੱਖਿਆ। ਇਹ ਜੋਸ਼ ਵੀ ਸੀ ਤੇ ਹੋਸ਼ ਵੀ। ਸੋ, ਇਹ ਜੋਸ਼ ਗ਼ਦਰ ਪਾਰਟੀ ਦੇ ਮੈਂਬਰਾਂ ਵਿਚ ਪਰਪੱਕ ਹੋ ਗਿਆ ਸੀ।

ਜਦੋਂ ਇਥੇ ਕਾਂਗਰਸ ਉਠੀ ਤਾਂ ਇਹਦੇ ਵਿਚ ਫ਼ਰਕ ਪਏ। ਇਕ ਸਿੱਖ ਲੀਗ ਕਾਇਮ ਹੋਈ, ਮੁਸਲਮਾਨਾਂ ਵਿਚ ਅਜਾਰਾ ਜਮਾਤ ਕਾਇਮ ਹੋ ਗਈ, ਜਿਹੜੀ ਹਿੰਦੁਸਤਾਨ ਵਿਚ ਆਜ਼ਾਦੀ ਚਾਹੁੰਦੀ ਸੀ। ਇਹ ਜਮਾਤਾਂ ਕਿਉਂ ਕਾਇਮ ਹੋਈਆਂ, ਕਿਉਂਕਿ ਕਾਂਗਰਸ ਵਿਚ ਦਬਦਬਾ ਹਿੰਦੂਆਂ ਦਾ ਸੀ। ਹਿੰਦੂ ਬਾਹਲੇ ਪ੍ਰਭਾਵੀ ਸਨ, ਜਿਨ੍ਹਾਂ ਨੂੰ ਦੂਜੇ ਸਵੀਕਾਰ ਨਹੀਂ ਸਨ ਕਰਦੇ। ਉਹ ਕਾਂਗਰਸੀ ਤਾਂ ਰਹੇ ਪਰ ਨਾਲ-ਨਾਲ ਵਖਰਾ ਰੂਪ ਵੀ ਅਖ਼ਤਿਆਰ ਕੀਤਾ। ਪਰ ਗ਼ਦਰ ਪਾਰਟੀ ਵਿਚ ਇਹ ਨਹੀਂ ਸੀ। ਗ਼ਦਰ ਪਾਰਟੀ ਪੂਰੀ ਤਰ੍ਹਾਂ ਧਰਮ ਨਿਰਪੱਖ ਸੀ। ਉਹ ਚੰਗੇ ਹਿੰਦੂ, ਸਿੱਖ ਤੇ ਮੁਸਲਮਾਨ ਸਨ। ਧਰਮ ਉਨ੍ਹਾਂ ਦਾ ਨਿੱਜੀ ਮਸਲਾ ਸੀ, ਜਿਸ ਨੂੰ ਉਨ੍ਹਾਂ ਨੇ ਸਿਆਸਤ ਵਿਚ ਨਹੀਂ ਆਉਣ ਦਿੱਤਾ। ਉਨ੍ਹਾਂ ਨੇ ਪਹਿਲੀ ਵਾਰ ਹਿੰਦੁਸਤਾਨ ਵਿਚ ਅਗਾਂਹਵਧੂ ਲਹਿਰ ਲਈ ਨਮੂਨਾ ਕਾਇਮ ਕੀਤਾ। ਇਸ ਨੇ ਸਾਰੇ ਹਿੰਦੁਸਤਾਨੀਆਂ ਨੂੰ ਵੰਗਾਰ ਦਿੱਤੀ ਕਿ ਆਓ ਮਜ਼ਬ ਤੋਂ ਉਪਰ ਉਠ ਕੇ ਮੁਲਕ ਦੀ ਆਜ਼ਾਦੀ ਲਈ ਸੰਘਰਸ਼ ਕਰੀਏ। ਇਹ ਗ਼ਦਰ ਪਾਰਟੀ



ਭਗਤ ਸਿੰਘ ਬਿਲਗਾ ਨਕੋਦਰ ਵਿਖੇ - 1964 ਫ਼ੋਟੋ : ਗੋਪਾਲ ਸਿੰਘ ਚੰਦਨ

ਦੀ ਵਿਸ਼ੇਸ਼ਤਾ ਸੀ।

ਪਹਿਲੀ ਡਵੀਜਨ ਦੀ ਜੰਗ ਵੇਲੇ ਜਿਨ੍ਹਾਂ ਨੇ ਅੰਗਰੇਜ਼ਾਂ ਖ਼ਿਲਾਫ਼ ਝੰਡਾ ਬੁਲੰਦ ਕੀਤਾ, ਉਹਦੇ ਵਿਚ ਗ਼ਦਰ ਪਾਰਟੀ ਵਾਲੇ, ਬੰਗਾਲ ਦੇ ਇਨਕਲਾਬੀ, ਮੁਸਲਮਾਨਾਂ ਦੀ 'ਖ਼ਿਲਾਫ਼ਤ' ਜਮਾਤ ਦੇ ਮੈਂਬਰ ਸ਼ਾਮਲ ਸਨ। ਇਹ ਹਥਿਆਰਬੰਦ ਜੰਗ ਵਿਚ ਯਕੀਨ ਰੱਖਦੇ ਸਨ। ਕਾਂਗਰਸੀ ਲੀਡਰ ਉਸ ਵੇਲੇ ਭਰਤੀ ਕਰਨ 'ਤੇ ਤੁਰੇ ਹੋਏ ਸਨ। ਉਨ੍ਹਾਂ ਦਾ ਖ਼ਿਆਲ ਸੀ ਕਿ ਅਸੀਂ ਅੰਗਰੇਜ਼ਾਂ ਦੀ ਮਦਦ ਕਰਾਂਗੇ ਤਾਂ ਇਸ ਪਿਛੋਂ ਸਾਨੂੰ ਸਹੂਲਤਾਂ ਮਿਲਣਗੀਆਂ। ਦਰਅਸਲ, ਲੜਾਈ ਇਹ ਨਹੀਂ ਸੀ ਕਿ ਮੁਕੰਮਲ ਆਜ਼ਾਦੀ ਕੀ ਹੋਵੇਗੀ, ਲੜਾਈ ਇਹ ਸੀ ਕਾਂਗਰਸੀਆਂ ਦੀ ਕਿ ਸ਼ਾਂਤਮਈ ਢੰਗ ਨਾਲ ਅਸੀਂ ਇਸੇ ਤਰ੍ਹਾਂ ਬਣੇ ਰਹੀਏ। ਇਹਦੇ ਵਿਚ ਉਹ ਜਮਾਤਾਂ ਸ਼ਾਮਲ ਸਨ ਜਿਹੜੀਆਂ ਚਾਹੁੰਦੀਆਂ ਸਨ ਕਿ ਜੋ ਫ਼ਾਇਦਾ ਸਾਨੂੰ ਮਿਲ ਰਿਹੈ, ਲਈ ਜਾਈਏ, ਜਿਹੜਾ ਫ਼ਾਇਦਾ ਅੰਗਰੇਜ਼ ਉਠਾਉਂਦਾ ਹੈ, ਉਹ ਵੀ ਅਸੀਂ ਲਈ ਜਾਈਏ।

ਗ਼ਦਰੀਆਂ ਨੇ ਬੰਗਾਲ ਦੇ ਇਨਕਲਾਬੀਆਂ, ਖ਼ਿਲਾਫ਼ਤ ਜਮਾਤ ਨਾਲ ਮਿਲ ਕੇ ਅੰਗਰੇਜ਼ ਨੂੰ ਹਿੰਦੁਸਤਾਨ 'ਚੋਂ ਕੱਢਣ ਦਾ ਉਪਰਾਲਾ ਕੀਤਾ ਪਰ ਸਮਾਂ ਅਨੁਕੂਲ ਨਹੀਂ ਸੀ। ਲੋਕ ਬੜੇ ਸੁੱਤੇ ਪਏ ਸੀ। ਗ਼ਦਰੀਆਂ ਨੇ ਬੜਾ ਹੋਕਾ ਦਿੱਤਾ। ਉਦੋਂ ਸਾਡੇ ਪੰਜਾਬ ਵਿਚ ਮਜੀਠਾ, ਸਰਦਾਰ ਬਹਾਦਰ ਰੂੜ ਸਿੰਘ, ਗੱਜਣ ਸਿੰਘ ਗਰੇਵਾਲ ਲੀਡਰ ਸਨ। ਗ਼ਦਰ ਪਾਰਟੀ ਵਾਲਿਆਂ ਨੇ ਨਾਅਰਾ ਦਿੱਤਾ : –

ਖ਼ਾਨ, ਬਹਾਦਰ, ਗਏ ਬਹਾਦਰ
ਬਾਂਦਰ ਪੂਛਾਂ ਵਾਲੇ ਜੀ
ਗੁੱਝਾ ਦੇਸ਼ ਘਾਤ ਇਹ ਕਰਦੇ
ਇਹ ਸਾਡੇ ਜੋ ਰਖਵਾਲੇ ਜੀ।

ਗ਼ਦਰੀਆਂ ਦੀ ਪਹੁੰਚ ਲੋਕਾਂ ਤਕ ਸੀ। ਉਹ ਲੋਕਾਂ ਨੂੰ ਜਗਾ ਰਹੇ ਸਨ। ਜੇਕਰ ਸੱਚ ਪੁੱਛੋ ਤਾਂ ਗੁਰਦੁਆਰਿਆਂ ਵਿਚ ਅੰਗਰੇਜ਼ ਪ੍ਰਸਤੀ ਦਾ ਬੜਾ ਬੋਲਬਾਲਾ ਸੀ। ਸਰਦਾਰ ਬਹਾਦਰ ਰੂੜ ਸਿੰਘ ਜਿਹੜਾ ਉਹ ਅੱਜ ਦੇ ਅਕਾਲੀ ਆਗੂ ਮਾਨ ਸਾਹਿਬ ਦਾ ਨਾਨਾ ਸੀ। ਉਹ ਸਰਬਰਾ ਸੀ ਅਕਾਲ ਤਖ਼ਤ ਦਾ। ਅਕਾਲ ਤਖ਼ਤ ਤੋਂ ਫ਼ਤਵਾ ਨਿਕਲਿਆ ਕਿ ਗ਼ਦਰੀ ਜਿਹੜੇ ਬਾਹਰੋਂ ਆਏ, ਉਹ ਸਿੱਖ ਨਹੀਂ ਹਨ। ਬਕਾਇਦਾ ਹੁਕਮਨਾਮਾ ਜਾਰੀ ਕੀਤਾ (ਅੱਜਕਲ੍ਹ ਵੀ ਇਹ ਜਾਰੀ ਹੁੰਦੇ ਹਨ)। ਲਿਖਤੀ ਰੂਪ ਵਿਚ ਬੜਾ ਪ੍ਰਚਾਰ ਕੀਤਾ ਤੇ ਲੋਕਾਂ 'ਤੇ ਥੋੜ੍ਹਾ ਬਹੁਤ ਇਹਦਾ ਅਸਰ ਵੀ ਹੋਇਆ ਜਿਸ ਨੇ ਗ਼ਦਰੀਆਂ ਨੂੰ ਆਈਸੋਲੇਟ (ਦੂਰ) ਕੀਤਾ। ਬੜੇ ਭਰਮ ਪੈਦਾ ਕੀਤੇ ਪਰ ਫੇਰ ਵੀ ਜਿਹੜਾ ਜ਼ੁਲਮ ਹੈ, ਉਹ ਜ਼ੁਲਮ ਹੀ ਹੁੰਦਾ ਹੈ। ਲੋਕਾਂ ਨੂੰ ਇਸ ਗੱਲ ਦੀ ਸਮਝ ਪਈ ਕਿ ਇਨ੍ਹਾਂ ਦੀ ਕੁਰਬਾਨੀ ਬੜੀ ਭਾਰੀ ਹੈ। ਸੋ, ਗ਼ਦਰ ਪਾਰਟੀ ਦੀ ਸਿਆਸਤ ਬੜੀ ਸਾਫ਼ ਸੀ। ਉਹ ਕਿਸੇ ਰਾਮ ਰਾਜ, ਰਹੀਮ ਰਾਜ ਨੂੰ ਵੁਕਤ ਨਹੀਂ ਦਿੰਦੇ ਸਨ। ਉਹ ਸਿੱਧੇ ਕਹਿੰਦੇ ਸਨ ਕਿ ਅਸੀਂ ਇਥੇ ਡੈਮੋਕਰੇਟਿਕ ਰਿਪਬਲਿਕ (ਜਮਹੂਰੀ ਗਣਤੰਤਰ) ਬਣਾਉਣੀ ਹੈ, ਜਿਹੜੀ ਲੋਕਾਂ ਵਲੋਂ ਚੁਣੀ ਜਾਵੇ।

ਇਹ ਪਹਿਲੀ ਵਾਰ ਹਿੰਦੁਸਤਾਨ ਲਈ ਅਜੂਬਾ ਸੀ। ਕੋਈ ਕਹਿੰਦਾ ਸੀ ਅਸੀਂ ਰਾਮ ਰਾਜ ਲੈ ਆਉਣੈ, ਕੋਈ ਕਹਿੰਦਾ ਸੀ ਅਸੀਂ ਰਹੀਮ ਰਾਜ ਲੈ ਆਉਣੈ। ਮਜ਼੍ਹਬੀ ਵਿਚ ਵੰਡੇ ਲੋਕ ਆਪਣੇ-ਆਪਣੇ ਥਾਂ ਖੜ੍ਹੇ ਸਨ, ਭਾਵੇਂ ਉਹ ਅੰਗਰੇਜ਼ਾਂ ਨਾਲ ਨਫ਼ਰਤ ਕਰਦੇ ਸਨ। ਸੋ ਗ਼ਦਰੀਆਂ ਨੇ ਮਜ਼੍ਹਬੀ ਪਾਰਟੀਆਂ ਜਾਂ ਮਜ਼੍ਹਬੀ ਦਬਾਅ ਹੇਠ ਆਈਆਂ ਸਿਆਸੀ ਜਮਾਤਾਂ ਤੋਂ ਉਲਟ ਗੱਲ ਕਹੀ। ਇਨ੍ਹਾਂ ਨੇ ਰਾਜਿਆਂ ਦੇ ਖ਼ਿਲਾਫ਼ ਸਿੱਧੇ ਐਲਾਨ ਕੀਤੇ, ਅਸੀਂ ਕੋਈ ਰਾਜਾ ਨਹੀਂ ਚਾਹੁੰਦੇ, ਕੋਈ ਨਵਾਬ ਨਹੀਂ ਚਾਹੁੰਦੇ, ਅਸੀਂ ਤਾਂ ਲੋਕਾਂ ਦਾ ਰਾਜ ਚਾਹੁੰਦੇ ਹਾਂ। ਸੋ ਲੋਕਾਂ ਦੀ ਅਲੰਬਰਦਾਰ ਸਭ ਤੋਂ ਪਹਿਲਾਂ ਗ਼ਦਰ ਪਾਰਟੀ ਸੀ। ਇਸੇ ਨਾਅਰੇ ਹੇਠ ਉਨ੍ਹਾਂ ਨੇ ਲੋਕਾਂ ਨੂੰ ਇਕੱਠੇ ਕਰਨਾ ਸ਼ੁਰੂ ਕੀਤਾ ਤੇ ਬਗ਼ਾਵਤ ਦੀ ਤਿਆਰੀ ਕੀਤੀ। ਆਪਣੀ ਵਿਤ ਅਨੁਸਾਰ ਉਨ੍ਹਾਂ ਨੇ ਬੜਾ ਕੁਝ ਕੀਤਾ। ਇਹਦਾ ਅਸਰ ਵੀ ਹੋਇਆ ਪਰ ਇਸ ਲਹਿਰ ਵਿਚ ਕਮਜ਼ੋਰੀਆਂ ਰਹਿ ਗਈਆਂ।

ਕੇਂਦਰੀ ਲੀਡਰਸ਼ਿਪ ਅਸਲ ਵਿਚ ਕਮਜ਼ੋਰ ਸੀ। ਸਾਰੇ ਦੇ ਸਾਰੇ ਕਨੇਡਾ, ਅਮਰੀਕਾ ਤੋਂ ਇਧਰ ਨੂੰ ਤੁਰ ਪਏ। ਪਿਛੋਂ ਹੈਡਕੁਆਰਟਰ ਰਾਮ ਚੰਦਰ ਦੇ ਹੱਥ ਆ ਗਿਆ। ਰਾਮ ਚੰਦਰ ਨੂੰ ਕੁਝ ਲਾਲਚ ਹੋ ਗਿਆ। ਉਸੇ ਲਾਲਚ ਵਿਚ ਉਸ ਨੇ ਉਥੇ ਆਪਣੀ ਜਾਇਦਾਦ ਬਣਾਉਣੀ ਸ਼ੁਰੂ ਕੀਤੀ, ਜਰਮਨਾਂ ਨਾਲ ਵੀ ਮੇਲ ਜੋਲ ਰੱਖ ਕੇ ਕਈ ਕੁਝ ਕੀਤਾ। ਜਿਸ ਦਾ ਇਥੇ ਵੀ ਬੁਰਾ ਅਸਰ ਹੋਇਆ। ਗ਼ਦਰੀ ਤਾਂ ਇਥੇ ਭੁੱਖੇ ਮਰੇ ਨੇ। ਉਨ੍ਹਾਂ ਨੇ ਕਿਸੇ ਤੋਂ ਪੈਸਾ ਨਹੀਂ ਲਿਆ। ਗ਼ਦਰੀਆਂ ਨੇ ਤਾਂ ਆਪਣਾ ਸਾਰਾ ਕੁਝ ਵੇਚ ਕੇ ਲੜਾਈਆਂ ਲੜੀਆਂ। ਉਹ ਵੀ ਜ਼ਮਾਨਾ ਸੀ ਜਦੋਂ ਇਨ੍ਹਾਂ ਕੋਲ ਕੁਝ ਵੀ ਨਹੀਂ ਸੀ। ਪਰ ਬੰਗਾਲ ਵਾਲਿਆਂ ਨੇ ਕੋਸ਼ਿਸ਼ ਕੀਤੀ ਕਿਉਂਕਿ ਉਥੋਂ ਦੇ ਭੱਦਰ ਇਨਕਲਾਬੀ ਲੋਕ ਵੀ ਡਾਕਾ ਮਾਰ ਲੈਂਦੇ ਸਨ। ਇਥੇ ਵੀ ਡਾਕਿਆਂ ਦੀਆਂ ਕੁਝ ਘਟਨਾਵਾਂ ਵਾਪਰੀਆਂ, ਪਰ ਇਨ੍ਹਾਂ ਨੇ ਪਿਛੋਂ ਕਹਿ ਦਿੱਤਾ ਕਿ ਨਹੀਂ ਇਹ ਗ਼ਲਤ ਹੈ। ਸੋ ਸਾਨੂੰ ਪੈਸੇ 'ਕੱਠੇ ਕਰਨ ਲਈ ਜਿਹੜੀ ਡਾਕਿਆਂ ਦੀ ਸੇਧ ਹੈ, ਉਹ ਬੰਗਾਲੀਆਂ ਨੇ ਪੰਜਾਬੀਆਂ ਨੂੰ ਦਿੱਤੀ ਤੇ ਪੰਜਾਬੀਆਂ ਨੇ ਉਨ੍ਹਾਂ ਨੂੰ ਸੇਧ ਦਿੱਤੀ ਕਿ ਪਲਟਨਾਂ ਵਿਚ ਕੰਮ ਕਰੀਦਾ ਹੈ। ਆਪਣੀਆਂ ਫ਼ੌਜਾਂ ਨੂੰ ਬਗ਼ਾਵਤ ਲਈ ਤਿਆਰ ਕੀਤਾ ਜਾਵੇ।

ਮੈਂ ਨਹੀਂ ਕਹਿੰਦਾ ਕਿ ਉਹ ਉਸ ਜ਼ਮਾਨੇ 'ਚ ਕਿੰਨੇ ਕਾਮਯਾਬ ਹੋ ਜਾਂਦੇ। ਇਹ ਤਾਂ ਉਹ ਭਮਕੜ ਸੀ, ਉਹ ਪਰਵਾਨੇ ਸਨ, ਜਿਹੜੇ ਜਗਦੀ ਲਾਟ ਤੋਂ ਵਾਪਸ ਨਹੀਂ ਜਾ ਸਕਦੇ ਸੀ। ਸੋ, ਇਨ੍ਹਾਂ ਨੇ ਆਪਣੇ ਅੰਦਰ ਮੁਲਕ ਨੂੰ ਆਜ਼ਾਦ ਕਰਾਉਣ ਦੀ ਜੋ ਜੁਆਲਾ ਭੜਕ ਰਹੀ ਸੀ, ਉਹਨੂੰ ਸ਼ਾਂਤ ਕਰਨ ਲਈ ਕੁਰਬਾਨੀਆਂ ਦਿੱਤੀਆਂ। ਇਨ੍ਹਾਂ 'ਚੋਂ ਬਹੁਤੇ ਨੌਜਵਾਨਾਂ ਨੂੰ ਫਾਂਸੀਆਂ ਹੋਈਆਂ ਜਾਂ ਗੋਲੀਆਂ ਨਾਲ ਉਡਾ ਦਿੱਤੇ ਗਏ ਪਰ ਜਿਹੜੇ ਬਚ ਗਏ ਉਨ੍ਹਾਂ ਨੂੰ ਰੋਜ਼ ਫਾਂਸੀ ਲਗਦੀ ਸੀ। ਅੰਡੇਮਾਨ ਦੀ ਜੇਲ੍ਹ ਵਿਚ ਕੰਮ ਕਰਦਾ ਦਰੋਗਾ ਕਿਹਾ ਕਰਦਾ ਸੀ ਕਿ ਦੁਨੀਆ ਵਿਚ ਦੋ ਰੱਬ ਹਨ- ਇਕ ਰੱਬ ਅਸਮਾਨ 'ਤੇ ਰਹਿੰਦਾ ਹੈ। ਜਦੋਂ ਤੁਸੀਂ ਮਰ ਕੇ ਜਾਉਗੇ ਤਾਂ ਤੁਹਾਡਾ ਹਿਸਾਬ-ਕਿਤਾਬ ਕਰੇਗਾ। ਆਹ ਅੰਡੇਮਾਨ ਜੇਲ੍ਹ ਦਾ ਰੱਬ ਮੈਂ ਹਾਂ। ਮੇਰਾ ਹੁਕਮ ਮੰਨੋਗੇ ਤਾਂ ਬਚੋਗੇ, ਨਹੀਂ ਤਾਂ ਤੁਹਾਡਾ ਬਚਾਅ ਕੋਈ ਨਹੀਂ। ਗਿਆਰਾਂ ਗ਼ਦਰੀਆਂ ਨੇ ਚਾਰ ਪੰਜ ਸਾਲ ਰਹਿ ਕੇ ਜਿਹੜੇ ਉਥੇ ਤਸੀਹੇ ਝੱਲੇ, ਅੱਜ ਉਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਸਿੱਖ ਰਵਾਇਤਾਂ ਨਹੀਂ ਛੱਡੀਆਂ। ਚਲੋ ਇਹ ਵੀ ਇਕ ਤੱਤ ਹੈ, ਜੇਲ੍ਹ ਵਿਚ ਇਕ ਲੰਗੋਟੀ ਤੇ ਇਕ ਝੱਗੀ ਮਿਲਦੀ ਸੀ। ਇਨਸਾਨ ਨੂੰ ਬਾਂਦਰ ਵਾਂਗ ਬਣਾ ਦਿੱਤਾ ਜਾਂਦਾ ਸੀ। ਪਰ ਇਨ੍ਹਾਂ ਗ਼ਦਰੀਆਂ ਨੇ ਕਿਹਾ ਕਿ ਸਾਨੂੰ ਕਛਹਿਰੇ ਚਾਹੀਦੇ ਹਨ। ਨਹਾਉਣ ਲਈ ਸਾਬਣ ਚਾਹੀਦੀ ਹੈ। ਬੰਗਾਲ ਵਾਲੇ ਕੈਦੀਆਂ ਦੀ ਮੈਂ ਆਪ ਬੀਤੀ ਸੁਣੀ ਹੈ। ਕਹਿੰਦੇ ਉਨ੍ਹਾਂ ਦੋ-ਦੋ ਕੈਦੀਆਂ ਕੋਲ ਇਕ ਸਾਫ਼ਾ ਹੁੰਦਾ ਸੀ। ਨੰਗੇ ਨਹਾਉਣਾ, ਪਹਿਲਾਂ ਇਕ ਨੇ ਸਾਫ਼ਾ ਲੈਣਾ, ਫੇਰ ਦੂਜੇ ਨੇ। ਇਹ ਜੇਲ੍ਹ ਦੀਆਂ ਨਿਸ਼ਾਨੀਆਂ ਹਨ। ਬੰਗਾਲ ਦੇ ਨੌਜਵਾਨ ਜੇਲ੍ਹ ਵਿਚ ਮਰੇ ਕਿਉਂਕਿ ਉਹ ਤਸੀਹੇ ਸਹਾਰ ਨਾ ਸਕੇ। ਇਹ ਅੰਡੇਮਾਨ ਜੇਲ੍ਹ ਰੱਖੀ ਹੀ ਇਨ੍ਹਾਂ ਗ਼ਦਰੀਆਂ ਵਾਸਤੇ ਸੀ ਤਾਂ ਜੋ ਜਾਂ ਇਹ ਮਰ ਜਾਣ ਜਾਂ ਫੇਰ ਹੱਥ ਖੜੇ ਕਰ ਜਾਣ। ਸੋ, ਇਨ੍ਹਾਂ ਨੇ ਹੱਥ ਖੜੇ ਨਹੀਂ ਕੀਤੇ।



ਭਗਤ ਸਿੰਘ ਬਿਲਗਾ (ਸੱਜਿਓਂ ਦੂਜੇ) ਆਪਣੇ ਸਾਥੀਆਂ ਨਾਲ ਅਰਜਨਟੀਨਾ ਵਿਚ।

ਇਹ ਸਵਾਲ ਅਕਸਰ ਆਉਂਦਾ ਹੈ ਕਿ ਇਹ ਘੋਲ ਸਿਰਫ਼ ਪੰਜਾਬੀਆਂ ਤੇ ਬੰਗਾਲੀਆਂ ਦਾ ਹੀ ਸੀ? ਇਹ ਸਵਾਲ ਮੇਰੇ ਦਿਮਾਗ਼ ਵਿਚ ਵੀ ਅਕਸਰ ਚੱਕਰ ਲਾਉਂਦਾ ਹੈ। ਇਕ ਸਿਰੇ 'ਤੇ ਪੰਜਾਬ ਤੇ ਦੂਜੇ ਸਿਰੇ 'ਤੇ ਬੰਗਾਲ ਪਰ ਹਰ ਮੂਵਮੈਂਟ ਵਿਚ ਇਨ੍ਹਾਂ ਦਾ ਮੇਲ ਰਿਹਾ। ਇਸ ਵਾਸਤੇ ਕਿ ਇਹ ਚੀਜ਼ਾਂ ਕੰਮ ਕਰ ਗਈਆਂ। ਮੈਂ ਨਹੀਂ ਕਹਿੰਦਾ ਕਿ ਕਿਸੇ ਪਾਰਟੀ ਦਾ, ਕਿਸੇ ਸੰਸਥਾ ਦਾ ਘੱਟ ਰੋਲ ਹੈ। ਹਿੰਦੁਸਤਾਨ ਦੀ ਆਜ਼ਾਦੀ ਲਈ ਹਰ ਇਕ ਨੇ ਆਪਣਾ-ਆਪਣਾ ਰੋਲ ਅਦਾ ਕੀਤਾ ਹੈ। ਕਾਂਗਰਸ ਦਾ ਆਪਣਾ, ਇਨਕਲਾਬੀਆਂ ਦਾ ਆਪਣਾ, ਗ਼ਦਰੀਆਂ ਦਾ ਆਪਣਾ ਰੋਲ ਹੈ। ਨੌਜਵਾਨ ਭਾਰਤ ਸਭਾ ਦਾ ਆਪਣਾ ਰੋਲ ਹੈ। ਇਥੋਂ ਤਕ ਕਿ ਮੁਸਲਮਾਨ ਜਥੇਬੰਦੀ 'ਹਰਾਰ' ਦਾ ਆਪਣਾ ਰੋਲ ਹੈ ਹਿੰਦੁਸਤਾਨ 'ਚੋਂ ਅੰਗਰੇਜ਼ ਨੂੰ ਵਿਦਾ ਕਰਨ ਲਈ।

ਅਸੀਂ ਬੰਗਾਲੀਆਂ ਦੇ ਤੇ ਬੰਗਾਲੀ ਸਾਡੇ ਇਨਕਲਾਬੀ ਬਹੁਤ ਨੇੜੇ ਹਨ। ਕਿਹਾ ਜਾਂਦਾ ਹੈ ਕਿ ਬੰਗਾਲੀਆਂ ਨੇ ਇਧਰ ਆ ਕੇ ਬਹੁਤ ਕੁਝ ਕੀਤਾ ਪਰ ਮੈਂ ਪੁਛਦਾ ਹਾਂ ਕਿ ਅਸੀਂ ਵੀ ਤਾਂ ਬਜਬਜ ਘਾਟ 'ਤੇ ਗੋਲੀਆਂ ਖਾਧੀਆਂ। ਬਜਬਜਟ ਘਾਟ ਕਲਕੱਤੇ ਵਿਚ ਹੀ ਹੈ। ਇਸ ਤਰ੍ਹਾਂ ਅਸੀਂ ਕਲਕੱਤੇ 'ਚ ਰਹਿੰਦਿਆਂ ਕਾਫ਼ੀ ਕੁਝ ਕੀਤਾ ਹੈ। ਸਿਆਸੀ ਪਾਰਟੀਆਂ ਵਿਚ ਸਰਗਰਮ ਰਹੇ ਹਾਂ। ਬਾਕੀ ਪ੍ਰਾਂਤਾਂ ਦਾ ਜਿਹੜਾ ਮੁੱਦਾ ਹੈ, ਮੈਂ ਕਹਾਂਗਾ ਕਿ ਇਹਦੇ ਬਾਰੇ ਮਨੋਵਿਗਿਆਨੀਆਂ ਨੂੰ ਖੋਜ ਕਰਨ ਦੀ ਲੋੜ ਹੈ। ਮੈਂ ਇਹ ਜ਼ਰੂਰ ਸਮਝਦਾ ਹਾਂ ਕਿ ਤੁਸੀਂ ਗੁਜਰਾਤ ਦਾ ਸਵਾਲ ਲੈ ਲਓ। ਇਕ ਲੇਖਕ ਲਿਖਦਾ ਹੈ ਕਿ ਗੁਜਰਾਤ ਕਾਠੀਆਵਾੜ ਦੇ 25 ਮੀਲਾਂ ਦੇ ਅੰਦਰ-ਅੰਦਰ ਲੈ ਲਓ। ਤਿੰਨ ਸ਼ਖ਼ਸੀਅਤਾਂ ਹੋਈਆਂ ਨੇ। ਮਹਾਤਮਾ ਗਾਂਧੀ, ਸ਼ਾਮ ਜੀ ਕ੍ਰਿਸ਼ਨ ਵਰਮਾ। ਸ਼ਾਮ ਜੀ ਕ੍ਰਿਸ਼ਨ ਵਰਮਾ ਬਾਰੇ ਸਮਝਿਆ ਜਾਂਦਾ ਹੈ ਕਿ ਜਿੰਨੇ ਵੀ ਵਿਦੇਸ਼ਾਂ ਵਿਚ ਇਨਕਲਾਬੀ ਹੋਏ, ਉਨ੍ਹਾਂ ਦਾ ਰਾਹਬਰ ਸੀ। ਮੇਰੇ ਖ਼ਿਆਲ ਅਨੁਸਾਰ ਦੂਜੇ ਸੂਬਿਆਂ ਵਿਚ ਹਿੰਦੂ ਸੰਸਕ੍ਰਿਤੀ ਭਾਰੂ ਸੀ। ਬੰਗਾਲ ਵਿਚ ਅਨੰਦ ਮੱਠ ਤੇ ਦੇਵੀ ਦੀ ਪੂਜਾ, ਇਸ ਸਭ ਦੇ ਹੁੰਦਿਆਂ ਕੁਰਬਾਨੀ ਕਰਨ ਦਾ ਮਾਦਾ ਬੜਾ ਭਾਰੂ ਸੀ, ਜਿਹੜਾ ਕਿ ਦੂਜੇ ਸੂਬਿਆਂ ਵਿਚ ਨਹੀਂ ਸੀ। ਉਨ੍ਹਾਂ ਨੇ ਮਜ਼੍ਹਬੀ ਜਨੂੰਨ ਤੋਂ ਹੇਠਾਂ ਆ ਕੇ ਇਨਕਲਾਬੀ ਰੁਖ਼ ਅਖ਼ਤਿਆਰ ਕੀਤਾ। ਪੰਜਾਬ ਬਾਰੇ ਜੇ ਕਹਿਣਾ ਹੋਵੇ ਤਾਂ ਇਹ ਇਕ ਤਾਂ ਸਰਹੱਦੀ ਸੂਬਾ ਸੀ। ਰੋਜ਼ ਹੀ ਕਿਸੇ ਨਾ ਕਿਸੇ ਨਾਲ ਗਲਵਾਂ ਪੈਂਦਾ ਸੀ। ਇਥੇ ਹਮਲਾਵਰ ਬੜੇ ਆਏ। ਇਹ ਤਾਂ ਆਦੀ ਹੋ ਚੁੱਕੇ ਸਨ। ਪਰ ਇਹ ਵੀ ਦਰੁੱਸਤ ਹੈ ਕਿ ਸਿੱਖੀ ਰਵਾਇਤਾਂ ਦਾ ਵੀ ਇਹਦੇ 'ਤੇ ਬੜਾ ਅਸਰ ਸੀ ਕਿਉਂਕਿ ਜ਼ਾਲਮਾਂ ਖ਼ਿਲਾਫ਼ ਸਿੱਖ ਲੜਦੇ-ਭਿੜਦੇ ਰਹੇ। ਮੇਰਾ ਆਪਣਾ ਖ਼ਿਆਲ ਹੈ ਫ਼ੌਜੀਆਂ ਦਾ ਆਪਣਾ ਰੋਲ ਹੈ। ਇਸ ਸਭ ਦੇ ਬਾਵਜੂਦ ਫੇਰ ਹਿੰਦੁਸਤਾਨ ਅਗਾਂਹ ਕਿਉਂ ਨਹੀਂ ਵਧਿਆ, ਅਜੇ ਵੀ ਸਾਡੇ ਵਿਚ ਉਹੀ ਮਜ਼੍ਹਬੀ ਤੁਅੱਸਬ ਕਾਇਮ ਹੈ। ਉਹੀ ਸੁਪਨੇ ਲੈ ਰਹੇ ਹਾਂ ਕਿ ਅਸੀਂ ਵੈਰ ਲੈਣੇ ਹਨ ਜਿਹੜੇ ਸਦੀਆਂ ਪਹਿਲਾਂ ਮੁਸਲਮਾਨ ਨੇ ਸਾਡੇ ਮੰਦਰ ਢਾਹ ਕੇ ਮਸੀਤ ਬਣਾ ਦਿੱਤੀ ਸੀ। (ਇਥੇ ਬਾਬਰੀ ਮਸਜਿਦ ਢਾਉਣ ਦਾ ਹਵਾਲਾ ਹੈ) ਜੇ ਸਾਲਾਂ ਬੱਧੀ ਚੇਤਾ ਨਹੀਂ ਆਇਆ ਤਾਂ ਲੜੀਏ। ਮੈਂ ਕਹਾਂਗਾ ਕਿ ਉਹ ਬੁਜ਼ਦਿਲ ਲੋਕ, ਜਿਨ੍ਹਾਂ ਨੇ ਉਦੋਂ ਸਿਰ ਨਿਵਾ ਦਿੱਤੇ ਕਿ ਸੋਮਨਾਥ ਮੰਦਰ ਦੇ ਤਖ਼ਤੇ ਲਾਹ ਕੇ ਲੈ ਜਾਓ, ਅਸੀਂ ਤਾਂ ਹੱਥ ਖੜੇ ਕਰਦੇ ਹਾਂ। ਉਹ ਹੁਣ ਬਹਾਦਰ ਕਿਉਂ ਹੁੰਦੇ ਜਾਂਦੇ ਹਨ? ਉਹ ਸੁੱਤੀਆਂ ਕਲਾ ਕਿਉਂ ਜਗਾ ਰਹੇ ਹਨ? ਦੂਸਰੀ ਚੀਜ਼ ਇਥੇ ਦੇਸ਼ ਦੀ ਵੰਡ ਹੋਣ ਨਾਲ ਬਹੁਤ ਮਾੜੀ ਗੱਲ ਹੋਈ। ਜੋ ਕੁਝ ਖ਼ੂਨ ਖ਼ਰਾਬਾ ਇਥੇ ਹੋਇਆ, ਉਹਦਾ ਹਰ ਇਨਕਲਾਬੀ ਇਨਸਾਨ 'ਤੇ ਬਹੁਤ ਬੁਰਾ ਅਸਰ ਹੋਇਆ। ਮੈਨੂੰ ਜੇ ਕੋਈ ਪੁੱਛੇ ਕਿ ਤੁਹਾਡੀ ਜ਼ਿੰਦਗੀ ਦਾ ਦੁਖਦਾਈ ਪਹਿਲੂ ਕਿਹੜਾ-ਕਿਹੜਾ ਸੀ, ਤੇ ਮੈਂ ਕਹਾਂਗਾ ਕਿ ਸਭ ਤੋਂ ਵੱਡਾ ਦੁੱਖ ਵੰਡ ਦਾ ਸੀ। ਦੋਹਾਂ ਪਾਸਿਆਂ ਤੋਂ ਵੱਢੇ-ਟੁੱਕੇ ਲੋਕ। ਇਧਰਲੇ ਉਧਰ ਜਾ ਰਹੇ ਸਨ ਤੇ ਉਧਰਲੇ ਇਧਰ ਆ ਰਹੇ ਸਨ। ਕਾਫ਼ਲਿਆਂ ਦੇ ਕਾਫ਼ਲੇ ਜਾ ਰਹੇ ਸਨ।

ਉਨ੍ਹਾਂ ਵਿਚ ਉਹ ਲੋਕ ਵੀ ਮੈਂ ਦੇਖੇ, ਜਿਨ੍ਹਾਂ ਨੇ ਮੇਰੇ ਨਾਲ ਕੈਦ ਕੱਟੀ ਸੀ। ਮੁਬਾਰਕ ਸਾਗਰ, ਮੁਨਸ਼ੀ ਅਹਿਮਦ ਦੀਨ, ਅਪਰੇ ਤੋਂ ਅਨਵਰ ਸੀ, ਜਿਨ੍ਹਾਂ ਦੀ ਸਾਡੇ ਨਾਲ ਯਾਰੀ ਸੀ, ਸਾਡੇ ਨਾਲ ਕੈਦਾਂ ਕੱਟੀਆਂ ਸਨ। ਦੁੱਖ ਹੁੰਦਾ ਸੀ ਕਿ ਜਿਨ੍ਹਾਂ ਨੇ ਮੁਲਕ ਦੀ ਆਜ਼ਾਦੀ ਲਈ ਤਸ਼ੱਦਦ ਝੱਲੇ, ਅੱਜ ਪਾਕਿਸਤਾਨ ਜਾਣ ਲਈ ਮਜਬੂਰ ਹੋ ਰਹੇ ਹਨ। ਸਭ ਨਾਲੋਂ ਭੈੜੀ ਗੱਲ ਇਹ ਹੋਈ ਕਿ ਉਨ੍ਹਾਂ ਵਿਚੋਂ ਕਿੰਨੇ (ਹੀ) ਕਤਲ ਹੋਏ, ਕਿੰਨੇ ਖ਼ਤਮ ਹੋਏ ਤੇ ਇਹ ਉਜਾੜਾ ਪਿਆ। ਮੇਰੀ ਜ਼ਿੰਦਗੀ ਦੀ ਇਹ ਸਭ ਤੋਂ ਖ਼ਤਰਨਾਕ ਘਟਨਾ ਸੀ।

ਦੂਜੀ ਦਰਦਨਾਕ ਘਟਨਾ ਮੇਰੇ ਸਾਹਮਣੇ ਉਦੋਂ ਆਈ ਜਦੋਂ ਖ਼ਾਲਿਸਤਾਨ ਦੇ ਨਾਂਅ 'ਤੇ ਲੋਕਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਉਹ ਲੋਕ ਜਿਹੜੇ ਸਦੀਆਂ ਬੱਧੀ ਸਾਡੇ ਨਾਲ ਰਹੇ ਹਨ। ਆਖ਼ਰਕਾਰ ਸਿੱਖ ਹੋਏ ਕਿਥੋਂ ਪੈਦਾ, ਹਿੰਦੂਆਂ ਵਿਚੋਂ ਹੀ ਆਏ ਹਨ, ਮੁਸਲਮਾਨਾਂ ਵਿਚੋਂ ਤਾਂ ਨਹੀਂ। ਉਸ ਸਮੇਂ ਦਰਸ਼ਨ ਸਿੰਘ ਕਨੇਡੀਅਨ ਵਰਗੇ ਲੋਕ ਕਤਲ ਹੋਏ। ਮੈਂ ਸਮਝਦਾ ਹਾਂ ਕਿ ਅਜਿਹੇ ਇਨਸਾਨ ਸੌ ਸਾਲ ਤਕ ਬਣਨੇ ਔਖੇ ਹੋ ਜਾਣੇ ਹਨ। ਕੁਝ ਉਨ੍ਹਾਂ ਨੇ ਮਾਰਤੇ, ਕੁਝ ਉਹ ਮਰ ਗਏ ਤੇ ਪੰਜਾਬ ਦਾ ਨੌਜਵਾਨ ਤਬਕਾ ਖ਼ਾਲੀ ਹੋ ਗਿਆ। ਪੰਜਾਬ ਨੂੰ ਤਾਂ ਦੋਹਾਂ ਪਾਸਿਆਂ ਤੋਂ ਸਦਮਾ ਲੱਗਾ। ਮੈਂ ਸਮਝਦਾ ਹਾਂ ਕਿ ਮਜ਼੍ਹਬੀ ਫ਼ਿਲਾਸਫ਼ੀ ਦੀ ਆਪਣੀ ਦੇਣ ਹੈ। ਭਾਵੇਂ ਹਿੰਦੂ ਫ਼ਿਲਾਸਫ਼ੀ ਹੈ, ਭਾਵੇਂ ਮੁਸਲਮਾਨ ਤੇ ਭਾਵੇਂ ਸਿੱਖ ਫ਼ਿਲਾਸਫ਼ੀ ਹੈ, ਉਹਦੀ ਜਿਹੜੀ ਇਨਸਾਨ ਨੂੰ ਦੇਣ ਹੈ, ਉਹ ਦੀ ਤਾਂ ਮੈਂ ਕਦਰ ਕਰਦਾ ਹਾਂ ਪਰ ਇਸ ਮਜ਼੍ਹਬੀ ਜਜ਼ਬਾਤ ਰਾਹੀਂ ਜਿਨ੍ਹਾਂ ਨੇ ਰਾਜ ਲੈਣ ਦੀਆਂ ਕੋਸ਼ਿਸ਼ਾਂ ਕੀਤੀਆਂ, ਉਹਨੂੰ ਮੈਂ ਨਫ਼ਰਤ ਕਰਦਾ ਹਾਂ। ਭੈੜੇ ਤੋਂ ਭੈੜੇ ਲੋਕ ਸਮਝਦਾ ਹਾਂ।

ਮਹਾਤਮਾ ਗਾਂਧੀ ਨੇ ਲਹਿਰ ਚਲਾਈ। ਸਵੇਰੇ ਗਾ ਲਓ 'ਭੋਰ ਪਈ'। ਹਿੰਦੂ ਭਜਨ ਹੈ ਪਰ ਇਹਦੇ ਵਿਚ ਅੱਲਾ ਦਾ ਨਾਂ ਵੀ ਲੈ ਲਿਆ। ਇਹ ਇਕ ਰਵਾਇਤ ਹੈ। ਉਹ ਉਸ ਰਵਾਇਤ ਨੂੰ ਤੋੜਨ ਲੱਗਾ ਹੈ ਪਰ ਦੁਨੀਆ ਸਵੀਕਾਰ ਨਹੀਂ ਕਰਦੀ। ਇਥੋਂ ਛੂਤ-ਛਾਤ ਤੋਂ ਤੰਗ ਆ ਕੇ ਮੁਹਿੰਮ ਚਲਾਈ। ਇਹ ਥੋੜ੍ਹਾ ਨਾ ਕਿ ਛੂਤ-ਛਾਤ ਖ਼ਤਮ ਕਰਨ ਲਈ ਕਹੋ ਕਿ ਚਲੋ ਉਨ੍ਹਾਂ ਦੀਆਂ ਬਸਤੀਆਂ ਵਿਚ ਜਾ ਕੇ ਸਫ਼ਾਈ ਕਰ ਦਈਏ। ਅਸੀਂ ਵੀ ਕਰਦੇ ਰਹੇ ਹਾਂ। ਕੋਈ ਮਾੜੀ ਗੱਲ ਨਹੀਂ ਸੀ ਪਰ ਜਿੰਨਾ ਚਿਰ ਆਰਥਕ ਤੌਰ 'ਤੇ ਉਨ੍ਹਾਂ ਨੂੰ ਉਪਰ ਨਹੀਂ ਚੁਕਦੇ ਸੀ, ਗੱਲ ਨਹੀਂ ਬਣ ਸਕਦੀ ਸੀ। ਪਿੰਡਾਂ ਵਿਚ, ਸ਼ਹਿਰਾਂ ਵਿਚ ਸਾਡਾ ਪਛੜਿਆ ਵਰਗ ਸੀ, ਜਿਸ ਨੂੰ ਉਤਾਂਹ ਚੁੱਕਣਾ ਚਾਹੀਦਾ ਸੀ। ਕਾਂਗਰਸ ਨੇ ਇਹ ਨਹੀਂ ਕੀਤਾ। ਕਾਂਗਰਸ ਕਰ ਹੀ ਨਹੀਂ ਸਕੀ ਬਸ ਉਥੇ ਹੀ ਖੜੀ ਰਹੀ। ਇਸੇ ਕਰ ਕੇ ਸਦੀਆਂ ਤੋਂ ਚੱਲੀ ਆ ਰਹੀ ਜ਼ਲਾਲਤ, ਹਾਲੇ ਤਾਈਂ ਕਾਇਮ ਹੈ। ਖ਼ੁਸ਼ੀ ਦੀ ਗੱਲ ਇਹ ਹੈ ਕਿ ਪੰਜਾਬ ਵਿਚ ਇਹ ਘਟੀ ਹੈ। ਪੰਜਾਬ ਵਿਚ ਗਏ-ਗੁਜ਼ਰੇ ਲੋਕ ਹੀ ਹਨ, ਜਿਹੜੇ ਇਨ੍ਹਾਂ ਨੂੰ ਨਫ਼ਰਤ ਕਰਦੇ ਹਨ। ਇਥੇ ਛੂਤ-ਛਾਤ ਓਨਾ ਨਹੀਂ। ਮੇਲ-ਮਿਲਾਪ ਵਧਿਆ ਹੈ। ਉਂਜ ਉਦਯੋਗੀਕਰਨ ਨਾਲ ਇਹ ਚੀਜ਼ਾਂ ਖ਼ਤਮ ਹੁੰਦੀਆਂ ਹਨ। ਬਾਕੀ ਹਿੰਦੁਸਤਾਨ ਵਿਚ ਛੂਤ-ਛਾਤ ਅਜੇ ਹੈ, ਹੋਰ ਵੀ ਕਈ ਤਰ੍ਹਾਂ ਦੀਆਂ ਬੁਰਾਈਆਂ ਹਨ। ਇਹ ਮਜ਼੍ਹਬੀ ਪ੍ਰਭਾਵ ਸਾਨੂੰ ਖ਼ਰਾਬ ਕਰਦੇ ਹਨ। ਹੁਣ ਮੈਂ 91 ਸਾਲਾਂ ਦਾ ਹਾਂ। ਮੈਂ ਆਪਣੀ ਜ਼ਿੰਦਗੀ ਤੋਂ ਸੰਤੁਸ਼ਟ ਹਾਂ। ਜੋ ਮੈਂ ਕੀਤਾ, ਏਦੋਂ ਵੱਧ ਨਾ ਮੇਰੇ 'ਚ ਹਿੰਮਤ ਸੀ, ਨਾ ਅਕਲ। ਬਹੁਤ ਵੱਡੀਆਂ ਗੱਲਾਂ ਮੈਂ ਨਹੀਂ ਕੀਤੀਆਂ ਪਰ ਗ਼ਦਰੀ ਬਾਬਿਆਂ ਤੋਂ ਜਿਹੜਾ ਵਿਰਸਾ ਮੈਨੂੰ ਮਿਲਿਆ ਸੀ, ਦੇਸ਼ ਭਗਤੀ ਦਾ, ਇਨਕਲਾਬ ਦਾ, ਲੋਕਾਂ ਨਾਲ ਪਿਆਰ ਦਾ, ਖ਼ਾਸ ਕਰ ਕੇ ਮਜ਼ਦੂਰ ਜਮਾਤ ਦਾ, ਕਿਸਾਨਾਂ ਤੇ ਦੱਬੇ-ਕੁਚਲੇ ਲੋਕਾਂ ਨੂੰ ਉਤਾਂਹ ਚੁੱਕਣ ਦਾ ਜਜ਼ਬਾ ਮੇਰੀ ਜ਼ਿੰਦਗੀ ਵਿਚ ਉਤਸ਼ਾਹ ਦਾ ਕਾਰਨ ਰਿਹਾ। ਇਹ ਵੀ ਕਹਿ ਸਕਦਾ ਹਾਂ ਕਿ ਮੇਰੀ ਲੰਮੀ ਜ਼ਿੰਦਗੀ ਦਾ ਇਹ ਕਾਰਨ ਹੋਵੇ। ਮੈਂ ਇਨ੍ਹਾਂ ਲਈ ਜੂਝਦਾ ਰਿਹਾਂ ਤੇ ਜੂਝਦਾ ਰਹਾਂਗਾ। ਮੈਂ ਇਹ ਨਹੀਂ ਕਹਿੰਦਾ ਕਿ ਇਹਦੇ 'ਚ ਮੇਰਾ ਵਡੱਪਣ ਹੈ, ਸਾਡਾ ਇਹ ਫ਼ਰਜ਼ ਸੀ।

## ਬਾਬਾ ਭਗਤ ਸਿੰਘ ਬਿਲਗਾ ਦੀ ਵਸੀਅਤ

ਸਿਹਤ ਮੇਰੀ ਠੀਕ ਹੈ, ਮਰਨ ਦਾ ਤਾਂ ਮੈਨੂੰ ਵਿਹਲ ਨਹੀਂ। ਮਨ ਵਿੱਚ ਅਜੇ ਕਈ ਕੁਛ ਕਰਨ ਦਾ ਉਤਸ਼ਾਹ ਹੈ, ਫਿਰ ਵੀ ਮਰਨਾ ਤੇ ਜ਼ਰੂਰੀ ਹੈ। ਮੇਰਾ ਹੁਕਮ ਹੈ ਕਿ ਮੇਰੀ ਮੌਤ ਤੋਂ ਬਾਅਦ ਮੈਨੂੰ ਆਮ ਸਿਵਿਆਂ 'ਚ ਫੂਕਿਆ ਜਾਵੇ, ਜਿੱਥੇ ਮੇਰੇ ਬਾਪ-ਦਾਦਾ, ਮੇਰੀ ਪਤਨੀ ਤੇ ਮੇਰੀ ਪਿਆਰੀ ਬੇਟੀ ਦਾ ਸਸਕਾਰ ਕੀਤਾ ਗਿਆ ਸੀ। ਮੇਰੀ ਮੌਤ ਤੋਂ ਬਾਅਦ ਰਾਖ ਇੱਕਠੀ ਕਰ ਕੇ ਦਰਿਆ ਸਤਲੁਜ ਵਿੱਚ ਵਹਾ ਦਿੱਤੀ ਦੇਣੀ, ਕੋਈ ਮੋੜ, ਮੜ੍ਹੀ ਜਾਂ ਮੱਠ ਮੇਰੀ ਯਾਦ ਵਿੱਚ ਨਾ ਉਸਾਰਨਾ, ਮੇਰਾ ਸਖ਼ਤ ਹੁਕਮ ਹੈ। ਮੇਰਾ ਆਵਾਗੌਣ ਜਾਂ ਫਿਰ ਜੰਮਣ-ਮਰਨ, ਦੋਜ਼ਖ਼-ਬਹਿਸ਼ਤ ਆਦਿ ਵਿੱਚ ਕੋਈ ਵਿਸ਼ਵਾਸ ਨਹੀਂ, ਇਸ ਲਈ ਮੇਰੇ ਲਈ ਪੁਸ਼ਾਕ, ਬਿਸਤਰ ਤੇ ਬਰਤਨ ਆਦਿ ਦੇਣ ਦੀ ਖੇਚਲ ਬਿਲਕੁਲ ਨਾ ਕਰਨੀ ਅਤੇ ਨਾ ਹੀ ਕੀਰਤਪੁਰ ਜਾਂ ਹਰਿਦੁਆਰ ਜਾ ਕੇ ਗਤ-ਸਤ ਆਦਿ ਕਰਵਾਉਣੀ।

ਮੇਰਾ ਤੁਹਾਡਾ ਤੁਅੱਲਕ ਸਤਲੁਜ ਵਿੱਚ ਰਾਖ ਸੁੱਟਣ 'ਤੇ ਖ਼ਤਮ ਹੋ ਜਾਵੇਗਾ, ਤੁਸੀ ਮੇਰੇ ਪੁੱਤਰ, ਪੋਤੇ-ਪੋਤੀਆਂ ਤੇ ਪੜੋਤੇ-ਪੜੋਤੀਆਂ ਮੇਰੀ ਜੜ੍ਹ ਦੀਆਂ ਨਿਸ਼ਾਨੀਆਂ ਹਨ, ਮੇਰੀ ਦੁਆ ਹੈ ਕਿ ਰਾਜ਼ੀ ਖ਼ੁਸ਼ੀ ਵਸੋ-ਰਸੋ ਤੇ ਖ਼ੁਸ਼ੀਆਂ ਮਾਣੋ, ਜੇ ਸਮਝੋ ਕਿ ਮੇਰੀ ਸੋਚ ਸਮਝ ਵਿੱਚ ਕੋਈ ਗੁਣ ਸਨ, ਤਾਂ ਉਨ੍ਹਾਂ 'ਤੇ ਚੱਲਣ ਦੀ ਕੋਸ਼ਿਸ਼ ਕਰਿਓ। ਇੱਕ ਖ਼ਾਹਿਸ਼ ਜ਼ਰੂਰ ਹੈ ਤੇ ਉਹ ਭੀ ਕਿਸੇ ਭਰਮ-ਭੈਅ ਤੋਂ ਰਹਿਤ ਮੇਰੇ ਪਰਵਾਰ ਦੀ ਰਵਾਇਤ ਅਨੁਸਾਰ ਹਰਿਦੁਆਰ ਜਾ ਕੇ ਮੌਤ ਦੀ ਉਸ ਵਹੀ 'ਤੇ ਮੇਰਾ ਨਾਂਅ ਦਰਜ ਕਰਵਾ ਦੇਣਾ ਤਾਂ ਕਿ ਮੈਂ ਆਪਣੇ ਪਰਵਾਰ ਦੇ ਬਜ਼ੁਰਗਾਂ ਦੇ ਨਾਮ ਨਾਲ ਦਰਜ ਹੋ ਜਾਵਾਂ। ਪਾਂਡੇ ਨੂੰ ਨਾਮ ਦਰਜ ਕਰਾਈ ਦਾ 500 ਰੁਪਏ ਦੇ ਆਉਣਾ। ਹੋਰ ਕੋਈ ਮਜ਼੍ਹਬੀ ਰਸਮ ਹਰਿਦੁਆਰ ਕਰਨ ਦੀ ਲੋੜ ਨਹੀਂ। ਮੈਨੂੰ ਪਤਾ ਹੈ ਕਿ ਮੇਰਾ ਸ਼ੋਕ ਸਮਾਗਮ ਹੋਵੇਗਾ ਜਾਂ ਹੋਰ ਰਵਾਇਤੀ ਗੱਲਾਂ, ਇਹ ਤੁਹਾਡਾ ਸਰੋਕਾਰ ਹੈ, ਦੇਵੋ-ਲਵੋ ਜਾਂ ਨਾ, ਮੇਰਾ ਇਸ ਨਾਲ ਕੋਈ ਤੁਅੱਲਕ ਨਹੀਂ ਹੋਵੇਗਾ, ਬੱਸ। ਖ਼ੁਸ਼ ਰਹੋ।

*ਭਗਤ ਸਿੰਘ, 24 ਜੁਲਾਈ, 2001*

# ਕੈਨੇਡਾ ਵਿੱਚ ਵੋਟ ਦਾ ਹੱਕ ਲੈਣ ਲਈ ਭਾਰਤੀਆਂ ਵਲੋਂ ਲੜੀ ਜੱਦੋ ਜਹਿਦ ਦਾ ਲੜੀ ਵਾਰ ਵੇਰਵਾ

*ਕੈਨੇਡਾ ਵਿੱਚ ਭਾਰਤੀਆਂ ਦੇ ਇਤਿਹਾਸ ਦੀ ਇਕ ਮਹੱਤਵਪੂਰਨ ਜੱਦੋ-ਜਹਿਦ ਬਾਰੇ ਲਿਖਿਆ ਇਹ ਲੇਖ ਪਹਿਲੀ ਵਾਰ ਸੰਨ 1997 ਵਿੱਚ ਇਕ ਕਿਤਾਬਚੇ ਦੇ ਰੂਪ ਛਪਿਆ ਸੀ। ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਵਲੋਂ ਲਿਖੇ ਜਾਣਕਾਰੀ ਭਰਪੂਰ ਲੇਖ ਨੂੰ ਪਾਠਕ 'ਵਤਨ' ਮੈਗਜ਼ੀਨ ਦੀ ਵੈਬਸਾਈਟ http://www.watanpunjabi.ca/ 'ਤੇ ਪੜ੍ਹ ਸਕਦੇ ਹਨ। ਕਨੇਡਾ ਵਿਚ ਵੋਟ ਦਾ ਹੱਕ ਲੈਣ ਲਈ ਭਾਰਤੀਆਂ ਵਲੋਂ ਲੜੀ ਜੱਦੋ-ਜ਼ਹਿਦ ਸਬੰਧੀ ਲੇਖ ਦੇ ਕੁਝ ਅੰਸ਼ 'ਨਵੀਂ ਦੁਨੀਆ' ਵਿਚ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ। ਅਗਲੇ ਅੰਕਾਂ 'ਚ ਇਸ ਲੇਖ ਨੂੰ ਵਿਸਥਾਰ ਸਹਿਤ ਪ੍ਰਕਾਸ਼ਿਤ ਕੀਤਾ ਜਾਵੇਗਾ।*




ਸੁਖਵੰਤ ਹੁੰਦਲ
+1-604-644-2470
shundal@sfu.ca

ਸਾਧੂ ਬਿਨਿੰਗ
+1-604-437-9014
sadhu.binning@gmail.com

**26 ਮਾਰਚ, 1907 :** ਬੀ. ਸੀ. ਦੇ ਇਲੈਕਸ਼ਨ ਐਕਟ ਵਿੱਚ ਤਰਮੀਮ ਕਰਕੇ ਬੀ. ਸੀ. ਦੀ ਕੰਜ਼ਰਵੇਟਿਵ ਸਰਕਾਰ ਨੇ ਬੀ. ਸੀ. ਵਿੱਚ ਰਹਿੰਦੇ ਭਾਰਤੀਆਂ ਕੋਲੋਂ ਵੋਟ ਦਾ ਅਧਿਕਾਰ ਖੋਹ ਲਿਆ।

**8 ਜਨਵਰੀ, 1908 :** ਕਨੇਡੀਅਨ ਸਰਕਾਰ ਨੇ ਸਿੱਧੇ ਸਫਰ (ਕੰਟੀਨਿਉਸ ਜਰਨੀ) ਦਾ ਫਰਮਾਨ (ਆਰਡਰ ਇਨ ਕਾਊਂਸਲ) ਪਾਸ ਕੀਤਾ। ਇਸ ਕਾਨੂੰਨ ਮੁਤਾਬਕ ਕਨੇਡਾ ਨੂੰ ਆਉਣ ਵਾਲਾ ਵਿਅਕਤੀ ਬੀ. ਸੀ. ਦੀਆਂ ਬੰਦਰਗਾਹਾਂ ਉੱਤੇ ਤਾਂ ਹੀ ਉੱਤਰ ਸਕਦਾ ਸੀ ਜੇ ਉਹ ਆਪਣੇ ਦੇਸ਼ ਤੋਂ ਸਿੱਧਾ ਸਫਰ ਕਰਕੇ ਇੱਥੇ ਪਹੁੰਚਿਆ ਹੋਵੇ। ਇਸ ਕਾਨੂੰਨ ਦਾ ਮਕਸਦ ਕਨੇਡਾ ਵਿੱਚ ਭਾਰਤੀਆਂ ਦਾ ਦਾਖਲਾ ਬੰਦ ਕਰਨ ਦਾ ਸੀ ਕਿਉਂਕਿ ਉਸ ਸਮੇਂ ਭਾਰਤ ਤੋਂ ਕੋਈ ਵੀ ਜਹਾਜ਼ ਸਿੱਧਾ ਕਨੇਡਾ ਨਹੀਂ ਆਉਂਦਾ ਸੀ।

**7 ਮਾਰਚ 1908 :** ਬੀ. ਸੀ. ਵਿੱਚ ਰਹਿ ਰਹੇ ਭਾਰਤੀਆਂ ਕੋਲੋਂ ਮਿਉਂਸਪਲ ਪੱਧਰ ਉੱਤੇ ਵੋਟ ਪਾਉਣ ਦਾ ਹੱਕ ਵੀ ਖੋਹ ਲਿਆ ਗਿਆ।

**1911 :** ਹਸਨ ਰਹੀਮ ਨੇ ਵੈਨਕੂਵਰ ਦੀ ਮਿਉਂਸਪਲ ਇਲੈਕਸ਼ਨ ਵਿੱਚ ਵੋਟ ਪਾਈ। ਨਤੀਜੇ ਵਜੋਂ ਹਸਨ ਰਹੀਮ ਉੱਤੇ ਮੁਕੱਦਮਾ ਚੱਲਿਆ ਪਰ ਪੂਰੇ ਸਬੂਤ ਨਾ ਹੋਣ ਕਰਕੇ ਉਹ ਬਰੀ ਹੋ ਗਿਆ।

**23 ਮਈ-23 ਜੁਲਾਈ 1914 :** 23 ਮਈ 1914 ਨੂੰ 376 ਭਾਰਤੀ ਮੁਸਾਫਰਾਂ ਸਮੇਤ ਕਾਮਾਗਾਟਾਮਾਰੂ ਜਹਾਜ਼ ਵੈਨਕੂਵਰ ਦੀ ਬੰਦਰਗਾਹ ਉੱਤੇ ਪਹੁੰਚਿਆ। ਇਕ ਜਾਪਾਨੀ ਕੰਪਨੀ ਤੋਂ ਚਾਰਟਰ ਕਰਕੇ ਕਾਮਾਗਾਟਾਮਾਰੂ ਜਹਾਜ਼ ਨੂੰ ਵੈਨਕੂਵਰ ਲਿਆਉਣ ਪਿੱਛੇ ਬਾਬਾ ਗੁਰਦਿੱਤ ਸਿੰਘ ਦਾ ਮਕਸਦ ਕਨੇਡਾ ਦੇ ਸਿੱਧੇ ਸਫਰ (ਕੰਟੀਨਿਉਸ ਜਰਨੀ) ਦੇ ਕਾਨੂੰਨ ਨੂੰ ਚੁਣੌਤੀ ਦੇਣਾ ਸੀ। ਦੋ ਮਹੀਨੇ ਸਮੁੰਦਰ ਵਿੱਚ ਖੜ੍ਹੇ ਰਹਿਣ ਬਾਅਦ 23 ਜੁਲਾਈ 1914 ਨੂੰ, ਕਨੇਡੀਅਨ ਨੇਵੀ ਦੀ ਮਦਦ ਨਾਲ, ਕਾਮਾਗਾਟਾਮਾਰੂ ਨੂੰ ਕਨੇਡੀਅਨ ਪਾਣੀਆਂ ਵਿੱਚੋਂ ਬਾਹਰ ਕੱਢ ਦਿੱਤਾ ਗਿਆ।

**1921 :** ਕਨੇਡਾ ਵਿੱਚ ਰਹਿ ਰਹੇ ਭਾਰਤੀਆਂ ਨੂੰ ਵੋਟ ਦਾ ਅਧਿਕਾਰ ਦੇਣ ਲਈ ਲੰਡਨ ਵਿੱਚ ਹੋਈ ਇੰਪੀਰੀਅਲ ਕਾਨਫਰੰਸ ਵਿੱਚ ਮਤਾ ਪਾਸ ਕੀਤਾ ਗਿਆ।

**ਅਗਸਤ 1922 :** ਭਾਰਤੀ ਸਰਕਾਰ ਦਾ ਪ੍ਰਤਿਨਿਧ ਸ੍ਰੀ ਨਿਵਾਸਨ ਸ਼ਾਸਤਰੀ ਕਨੇਡਾ ਵਿੱਚ ਸਦਭਾਵਨਾ-ਦੌਰੇ ਉੱਤੇ ਆਇਆ। ਆਪਣੇ ਦੌਰੇ ਸਮੇਂ ਉਹ ਕਈ ਵਾਰ ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਦੇ ਸਵਾਲ ਉੱਤੇ ਬੋਲਿਆ। 19 ਅਗਸਤ 1922 ਨੂੰ ਉਹ ਬੀ. ਸੀ. ਦੇ ਪ੍ਰੀਮੀਅਰ ਓਲੀਵਰ ਅਤੇ ਉਸ ਦੀ ਕੈਬਨਿਟ ਨੂੰ ਮਿਲਿਆ ਅਤੇ ਉਹਨਾਂ ਨਾਲ ਕਨੇਡੀਅਨ-ਭਾਰਤੀਆਂ ਦੇ ਵੋਟ ਦੇ ਹੱਕ ਦੀ ਗੱਲ ਕੀਤੀ।

**29 ਜੂਨ 1923 :** ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਬਾਰੇ ਕਨੇਡਾ ਦੇ ਹਾਊਸ ਆਫ ਕਾਮਨਜ਼ ਵਿੱਚ ਬਹਿਸ ਹੋਈ।

**27 ਨਵੰਬਰ 1923 :** ਬੀ. ਸੀ. ਦੀ ਅਸੰਬਲੀ ਵਲੋਂ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਅਧਿਕਾਰ ਦੇਣ ਦੇ ਵਿਰੋਧ ਵਿੱਚ ਇਕ ਮਤਾ ਸਰਬ-ਸੰਮਤੀ ਨਾਲ ਪਾਸ ਕਰਕੇ ਡੁਮੀਨਿਅਨ (ਕਨੇਡਾ ਪੱਧਰ) ਦੀ ਸਰਕਾਰ ਨੂੰ ਭੇਜਿਆ ਗਿਆ।

**11 ਅਪ੍ਰੈਲ 1927 :** ਭਾਰਤੀ ਕਨੇਡੀਅਨ ਕਮਿਊਨਿਟੀ ਨੇ ਇਕ ਪਟੀਸ਼ਨ ਬੀ. ਸੀ. ਦੇ ਦੌਰੇ ਉੱਤੇ ਆਏ ਕਨੇਡਾ ਦੇ ਗਵਰਨਰ ਜਨਰਲ ਵਾਈਕਾਉਂਟ ਵਿਲੰਗਡਨ ਨੂੰ ਦਿੱਤੀ। ਇਸ ਪਟੀਸ਼ਨ ਵਿੱਚ ਕਨੇਡਾ ਦੇ ਭਾਰਤੀਆਂ ਲਈ ਨਾਗਰਿਕਤਾ ਦੇ ਅਧਿਕਾਰਾਂ ਦੀ ਮੰਗ ਕੀਤੀ ਗਈ ਸੀ।

**ਸਤੰਬਰ 1928 :** ਬਰਤਾਨਵੀ ਸਾਮਰਾਜ ਦੀ ਪਾਰਲੀਮੈਂਟਰੀ ਐਸੋਸੀਏਸ਼ਨ ਦੇ ਤਿੰਨ ਮੈਂਬਰ - ਦੀਵਾਨ ਬਹਾਦੁਰ ਜੀ. ਏ. ਨੇਤਸਨ, ਦੀਵਾਨ ਸੀ ਲਾਲ ਅਤੇ ਟੀ ਸੀ ਗੋਸਵਾਮੀ - ਸਤੰਬਰ 1928 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਦੌਰੇ ਉੱਤੇ ਆਏ। ਆਪਣੇ ਇਸ ਦੌਰੇ ਸਮੇਂ ਉਹਨਾਂ ਕਨੇਡਾ ਵਿੱਚ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਦੀ ਗੱਲ ਕੀਤੀ।

**8 ਅਗਸਤ 1932 :** ਕਨੇਡਾ ਦੇ ਦੌਰੇ ਉੱਤੇ ਆਏ ਬਰਤਾਨਵੀ ਡੈਲੀਗੇਸ਼ਨ ਦਾ ਮੁਖੀ ਸਰ ਅਤੁਲ ਚੈਟਰਜੀ ਕਨੇਡਾ ਦੀ ਕੈਬਨਿਟ ਨੂੰ ਮਿਲਿਆ ਅਤੇ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਦੀ ਗੱਲ ਕੀਤੀ।

**14 ਜਨਵਰੀ 1942 :** ਕਨੇਡਾ ਦੇ ਲੈਕਚਰ-ਟੂਰ ਉੱਤੇ ਆਇਆ ਲੰਡਨ ਸਥਿੱਤ ਇੰਡੀਅਨ ਓਵਰਸੀਜ਼ ਐਸੋਸੀਏਸ਼ਨ ਦਾ ਸੈਕਟਰੀ ਐੱਚ. ਐੱਸ. ਪੋਲਕ ਬੀ. ਸੀ. ਦੀ ਸਰਕਾਰ ਦੇ ਨੁਮਾਇੰਦਿਆਂ ਨੂੰ ਮਿਲਿਆ। ਇਸ ਮੀਟਿੰਗ ਵਿੱਚ ਉਸ ਨੇ ਸਰਕਾਰ ਦੇ ਨੁਮਾਇੰਦਿਆਂ ਨੂੰ ਬੇਨਤੀ ਕੀਤੀ ਕਿ ਉਹ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ।

**28 ਅਗਸਤ 1942 :** ਬ੍ਰਿਟਿਸ਼ ਡਿਪਲੋਮੈਟ ਸਰ ਰੌਬਰਟ ਹਾਲੈਂਡ ਨੇ ਵੈਨਕੂਵਰ ਹੋਟਲ ਵਿੱਚ ਇਕ ਮੀਟਿੰਗ ਵਿੱਚ ਬੋਲਦਿਆਂ ਭਾਰਤੀ ਕਨੇਡੀਅਨਾਂ ਨੂੰ ਵੋਟ ਦਾ ਅਧਿਕਾਰ ਦੇਣ ਦੀ ਮੰਗ ਕੀਤੀ। ਉਸ ਨੇ ਕਿਹਾ, "ਇਹ ਬੜੀ ਬੇਇਨਸਾਫੀ ਵਾਲੀ ਗੱਲ ਹੈ ਕਿ ਭਾਰਤੀ ਲੋਕਾਂ, ਜੋ ਕਨੇਡਾ ਦੇ ਫੌਜੀਆਂ ਨਾਲ ਮੌਢੇ ਨਾਲ ਮੌਢਾ ਜੋੜ ਕੇ ਲੜਨ ਨੂੰ ਤਿਆਰ ਹਨ ਅਤੇ ਜਿਹਨਾਂ ਨੇ ਆਪਣਾ ਸਾਰਾ ਜੀਵਨ ਕਨੇਡਾ ਵਿੱਚ ਲੰਘਾਉਣਾ ਹੈ, ਕੋਲ ਕਨੇਡਾ ਦੇ ਮਸਲਿਆਂ ਵਿੱਚ ਰਾਏ ਦੇਣ ਲਈ ਕੋਈ ਆਵਾਜ਼ ਨਹੀਂ।" (ਵੈਨਕੂਵਰ ਨਿਊਜ਼ ਹੈਰਲਡ, 28 ਅਗਸਤ, 19427)

**ਅਕਤੂਬਰ 1942 :** ਭਾਰਤੀ-ਕਨੇਡੀਅਨ ਕਮਿਊਨਿਟੀ ਵਿੱਚੋਂ ਕਈ ਨੌਜਵਾਨਾਂ ਨੂੰ ਫੌਜ ਵਿੱਚ ਜ਼ਬਰੀ ਭਰਤੀ ਲਈ ਚਿੱਠੀਆਂ ਆਈਆਂ। ਨਤੀਜੇ ਵੱਜੋਂ ਕਮਿਊਨਿਟੀ ਵਿੱਚ ਰੋਸ ਦੀ ਇਕ ਲਹਿਰ ਦੌੜ ਗਈ। 9 ਅਕਤੂਬਰ 1942 ਨੂੰ ਖਾਲਸਾ ਦੀਵਾਨ ਸੁਸਾਇਟੀ ਵਿੱਚ ਹੋਈ ਮੀਟਿੰਗ ਵਿੱਚ ਇਕ ਮਤਾ ਪਾਸ ਕੀਤਾ ਗਿਆ ਜਿਸ ਵਿੱਚ ਜ਼ਬਰੀ ਭਰਤੀ ਉੱਤੇ ਸਖਤ ਰੋਸ ਪ੍ਰਗਟ ਕੀਤਾ ਗਿਆ ਅਤੇ ਇਕ ਵਾਰ ਫਿਰ ਵੋਟ ਦੇ ਅਧਿਕਾਰ ਦੀ ਮੰਗ ਕੀਤੀ ਗਈ।

**10 ਅਕਤੂਬਰ 1942 :** ਵੈਨਕੂਵਰ ਤੋਂ ਛਪਦੇ ਅੰਗਰੇਜ਼ੀ ਦੇ ਅਖਬਾਰਾਂ - ਵੈਨਕੂਵਰ ਨਿਊਜ਼ ਹੈਰਲਡ ਅਤੇ ਵੈਨਕੂਵਰ ਡੇਲੀ ਪ੍ਰੋਵਿੰਸ - ਨੇ ਭਾਰਤੀ ਕਨੇਡੀਅਨਾਂ ਦੇ ਹੱਕ ਵਿੱਚ ਸੰਪਾਦਕੀ ਲਿਖੇ।

**2 ਮਾਰਚ 1943 :** ਵੋਟ ਦੇ ਅਧਿਕਾਰ ਸੰਬੰਧੀ ਭਾਰਤੀ ਕਮਿਊਨਿਟੀ ਅਤੇ ਉਸ ਦੇ ਹਮਦਰਦਾਂ ਦਾ ਇਕ ਡੈਲੀਗੇਸ਼ਨ ਬੀ. ਸੀ. ਦੀ ਕੈਬਨਿਟ ਨੂੰ ਮਿਲਿਆ। ਇਸ ਡੈਲੀਗੇਸ਼ਨ ਦੇ ਮੈਂਬਰ ਸਨ: ਨਗਿੰਦਰ ਸਿੰਘ ਗਿੱਲ, ਸੈਕਟਰੀ ਖਾਲਸਾ ਦੀਵਾਨ ਸੁਸਾਇਟੀ; ਨਰਿੰਜਨ ਸਿੰਘ, ਪ੍ਰੈਜ਼ੀਡੈਂਟ ਖਾਲਸਾ ਦੀਵਾਨ ਸੁਸਾਇਟੀ; ਦਰਸ਼ਨ ਸਿੰਘ ਸੰਘਾ (ਜੋ ਬਾਅਦ ਵਿੱਚ ਪੰਜਾਬ ਦੀ ਸਿਆਸਤ ਵਿੱਚ ਦਰਸ਼ਨ ਸਿੰਘ ਕਨੇਡੀਅਨ ਦੇ ਨਾਂ ਨਾਲ ਮਸ਼ਹੂਰ ਹੋਏ); ਹਜ਼ਾਰਾ ਸਿੰਘ ਗਰਚਾ; ਹਰਨਾਮ ਸਿੰਘ, ਪ੍ਰੈਜ਼ੀਡੈਂਟ ਖਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ; ਦੀਦਾਰ ਸਿੰਘ, ਖਾਲਸਾ ਦੀਵਾਨ ਸੁਸਾਇਟੀ ਦਾ ਖਜ਼ਾਨਚੀ; ਅਰਜਨ ਸਿੰਘ, ਖਾਲਸਾ ਦੀਵਾਨ ਸੁਸਾਇਟੀ ਦਾ ਉਪ ਖਜ਼ਾਨਚੀ; ਮਹਿੰਦਰ ਸਿੰਘ; ਫੰਗਣ ਸਿੰਘ; ਜੀ ਐਸ ਬਾਦਲ; ਬਾਹੂ ਸਿੰਘ; ਸਰ ਰੌਬਰਟ ਹਾਲੈਂਡ ਅਤੇ ਹੈਰਲਡ ਪਰਿਚਟ, ਇੰਟਰਨੈਸ਼ਨਲ ਵੁੱਡਵਰਕਰਜ਼ ਆਫ ਅਮਰੀਕਾ ਦੇ ਡਿਸਟ੍ਰਿਕਟ ਨੰਬਰ 1 ਦਾ ਪ੍ਰੈਜ਼ੀਡੈਂਟ।

**25 ਫਰਵਰੀ, 1944 :** ਵੈਨਕੂਵਰ ਸੈਂਟਰ ਤੋਂ ਸੀ. ਸੀ. ਐੱਫ. ਦੀ ਅਸੰਬਲੀ ਮੈਂਬਰ ਲਾਰਾ ਜੇਮੀਸਨ ਨੇ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਦੀ ਗੱਲ ਅਸੰਬਲੀ ਵਿੱਚ ਛੇੜੀ। ਉਸ ਨੇ ਕਿਹਾ, "ਜੰਗ ਜਿੱਤਣ ਵਿੱਚ ਮਦਦ ਕਰਨ ਲਈ ਅਤੇ ਸ਼ਾਂਤੀ ਦੀ ਨੀਂਹ ਲਈ ਲੋੜੀਂਦਾ ਇਕ ਛੋਟਾ ਪੱਥਰ ਰੱਖਣ ਲਈ ਇਸ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬ੍ਰਿਟਿਸ਼ ਕੋਲੰਬੀਆ ਵਿੱਚ ਰਹਿ ਰਹੇ ਭਾਰਤੀ ਮੂਲ ਦੇ ਬ੍ਰਿਟਿਸ਼ ਸਬਜੈਕਟਾਂ ਨੂੰ ਵੋਟ ਦਾ ਹੱਕ ਦੇਵੇ। ... ਮੈਂ ਸਰਕਾਰ ਤੋਂ ਮੰਗ ਕਰਦੀ ਹਾਂ ਕਿ ਅਜਿਹਾ ਕਰਨ ਲਈ ਉਹ ਕਲਮ ਦੀ ਇਕ ਝਰੀਟ ਨਾਲ ਇਲੈਕਸ਼ਨ ਐਕਟ ਵਿੱਚ ਤਬਦੀਲੀ ਕਰ ਦੇਵੇ। (ਵਿਕਟੋਰੀਆ ਡੇਲੀ ਟਾਈਮਜ਼, 26 ਫਰਵਰੀ 1944, ਸਫਾ 5)। ਅਸੰਬਲੀ ਦੇ ਇਸ ਸੈਸ਼ਨ ਵਿੱਚ ਵੈਨਕੂਵਰ ਈਸਟ ਤੋਂ ਸੀ. ਸੀ. ਐੱਫ. ਪਾਰਟੀ ਨਾਲ ਸੰਬੰਧਤ ਅਸੰਬਲੀ ਮੈਂਬਰ, ਮਿਸਟਰ ਡਬਲਿਊ. ਡਬਲਿਊ. ਲੀਫੈਕਸ ਨੇ ਇਲੈਕਸ਼ਨ ਐਕਟ ਨੂੰ ਬਦਲਣ ਲਈ ਇਕ ਤਰਮੀਮ ਪੇਸ਼ ਕੀਤੀ।

**9 ਮਾਰਚ 1944 :** ਮਿਸਟਰ ਡਬਲਿਊ. ਡਬਲਿਊ. ਲੀਫੈਕਸ ਵਲੋਂ ਪੇਸ਼ ਕੀਤੀ ਤਰਮੀਮ ਵਿਰੁੱਧ ਬੋਲਦਿਆਂ, ਪ੍ਰੋਵਿੰਸ਼ਿਅਲ ਸੈਕਟਰੀ ਅਤੇ ਲੇਬਰ ਮਨਿਸਟਰ ਆਨਰੇਬਲ ਜਾਰਜ ਪੀਅਰਸੈਨ ਨੇ ਕਿਹਾ, "ਵੋਟ ਦਾ ਹੱਕ ਪ੍ਰਾਪਤ ਕਰਨ ਪਿੱਛੇ ਕੌਮੀਅਤ ਨਾਲੋਂ ਕੁਝ ਵੱਧ ਹੋਣਾ ਚਾਹੀਦਾ ਹੈ। ਇਸ ਸੂਬੇ ਵਿੱਚ ਰਹਿਣ-ਸਹਿਣ ਦਾ ਜੋ ਪੱਧਰ ਅਸੀਂ ਮਿੱਥਿਆ ਹੈ, ਉਸ ਨੂੰ ਕਾਇਮ ਰੱਖਣ ਵਿੱਚ ਹਿੰਦੂ ਸਾਡੀ ਮਦਦ ਨਹੀਂ ਕਰ ਰਿਹਾ। ਇਸ ਸੂਬੇ ਵਿੱਚ ਹਿੰਦੂਆਂ ਵਰਗਾ ਬੇਇਤਬਾਰਾ, ਬੇਈਮਾਨ ਅਤੇ ਧੋਖੇਬਾਜ਼ ਹੋਰ ਕੋਈ ਨਹੀਂ ਹੈ। ... ਉਹਨਾਂ ਨੂੰ ਪੂਰੇ ਅਧਿਕਾਰਾਂ ਤੋਂ ਵਾਂਝੇ ਰੱਖ ਕੇ ਅਸੀਂ ਠੀਕ ਕਰ ਰਹੇ ਹਾਂ।" (ਦੀ ਡੇਲੀ ਕਾਲੋਨਿਸਟ, 9 ਮਾਰਚ 1944, ਸਫਾ 2)। ਵੈਨਕੂਵਰ ਸੈਂਟਰ ਤੋਂ ਸੀ. ਸੀ. ਐੱਫ ਦੀ ਅਸੰਬਲੀ ਮੈਂਬਰ ਸ਼੍ਰੀ ਮਤੀ ਲਾਰਾ ਜੇਮੀਸਨ ਨੇ ਇਸ ਤਰਮੀਮ ਦੇ ਹੱਕ ਵਿੱਚ ਬੋਲਦਿਆਂ ਕਿਹਾ, "ਜੇ ਉਹ ਸਾਡੇ ਲਈ ਲੜਨ ਦੇ ਯੋਗ ਹਨ ਤਾਂ ਉਹ ਸਾਡੇ ਲਈ ਵੋਟ ਪਾਉਣ ਦੇ ਵੀ ਯੋਗ ਹਨ।" (ਵਿਕਟੋਰੀਆ ਡੇਲੀ ਟਾਈਮਜ਼, 9 ਮਾਰਚ 1944, ਸਫਾ 14)

**10 ਮਾਰਚ 1944 :** ਮਿਸਟਰ ਪੀਅਰਸੈਨ ਦੇ ਕਹੇ ਸ਼ਬਦਾਂ ਦੇ ਪ੍ਰਤੀਕਰਮ ਵਿੱਚ ਬੋਲਦਿਆਂ ਖਾਲਸਾ ਦੀਵਾਨ ਸੁਸਾਇਟੀ ਦੇ ਸੈਕਟਰੀ ਨਗਿੰਦਰ ਸਿੰਘ ਗਿੱਲ ਨੇ ਕਿਹਾ, "ਮਿਸਟਰ ਪੀਅਰਸਨ ਦੇ ਇਹ ਬਿਆਨ ਨਾਵਾਜਬ ਅਤੇ ਅਕਾਰਨ ਹਨ। ਜਦੋਂ ਮਿਸਟਰ ਪੀਅਰਸਨ ਆਪਣੇ ਹੂੰਝਾਫੇਰੂ ਬਿਆਨ ਵਿੱਚ ਚੀਨਿਆਂ ਨੂੰ ਵੀ ਸ਼ਾਮਲ ਕਰ ਲੈਂਦਾ ਹੈ ਤਾਂ ਉਹ ਇਕ ਸ਼ਾਵਨਵਾਦੀ ਰਵੱਈਆ ਅਖਤਿਆਰ ਕਰਦਾ ਹੈ, ਜੋ ਕਿ ਨਾਜ਼ੀਆਂ ਦੀ ਮਾਸਟਰ ਰੇਸ ਦੀਆਂ ਥਿਊਰੀਆਂ ਦੀ ਵਿਸ਼ੇਸ਼ਤਾ ਹੈ" (ਵੈਨਕੂਵਰ ਡੇਲੀ ਪ੍ਰੋਵਿੰਸ, 10 ਮਾਰਚ 1944, ਸਫਾ 6)। ਭਾਰਤੀ ਕਮਿਊਨਿਟੀ ਨੇ ਲੇਬਰ ਮਨਿਸਟਰ ਤੋਂ ਮੰਗ ਕੀਤੀ ਕਿ ਉਹ ਆਪਣੇ ਕਹੇ ਸ਼ਬਦ ਵਾਪਸ ਲਵੇ ਅਤੇ ਇਹਨਾਂ ਸ਼ਬਦਾਂ ਲਈ ਭਾਰਤੀ ਕਮਿਊਨਿਟੀ ਤੋਂ ਮੁਆਫੀ ਮੰਗੇ। ਉਸੇ ਦਿਨ ਅਸੰਬਲੀ ਦੇ ਸਪੀਕਰ, ਮਿਸਟਰ ਵਿਟੇਕਰ ਨੇ ਪ੍ਰੋਵਿੰਸ਼ਿਅਲ ਇਲੈਕਸ਼ਨ ਐਕਟ ਵਿੱਚ ਤਰਮੀਮ ਕਰਨ ਲਈ ਮਿਸਟਰ ਲੀਫੈਕਸ ਵਲੋਂ ਪੇਸ਼ ਕੀਤੇ ਬਿੱਲ ਨੂੰ ਕੁਝ ਤਕਨੀਕੀ ਕਾਰਨਾਂ ਕਰਕੇ ਆਊਟ ਆਫ ਆਰਡਰ ਕਰਾਰ ਦੇ ਦਿੱਤਾ।

**14 ਮਾਰਚ 1944 :** ਭਾਰਤੀ ਕਨੇਡੀਅਨ ਕਮਿਊਨਿਟੀ ਵਲੋਂ ਇਕ ਡੈਲੀਗੇਸ਼ਨ ਲੇਬਰ ਮਨਿਸਟਰ ਜਾਰਜ ਪੀਅਰਸਨ ਨੂੰ ਮਿਲਿਆ ਅਤੇ ਉਸ ਦੇ ਬਿਆਨਾਂ ਦੇ ਖਿਲਾਫ ਉਸ ਨੂੰ ਇਕ ਰੋਸ ਪੱਤਰ ਦਿੱਤਾ। ਇਸ ਡੈਲੀਗੇਸ਼ਨ ਦੇ ਮੈਂਬਰ ਸਨ: ਨਗਿੰਦਰ ਸਿੰਘ ਗਿੱਲ, ਸੈਕਟਰੀ ਖਾਲਸਾ ਦੀਵਾਨ ਸੁਸਾਇਟੀ; ਮਹਿੰਦਰ ਸਿੰਘ, ਖਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ; ਦਰਸ਼ਨ ਸਿੰਘ ਸੰਘਾ (ਕਨੇਡੀਅਨ); ਅਤੇ ਜੈਰੀ ਸਿੰਘ ਹੁੰਦਲ।

**15 ਮਾਰਚ 1944 :** ਲੱਕੜ ਸਨਅਤ ਵਿੱਚ ਸਥਾਪਤ ਯੂਨੀਅਨ, ਇੰਟਰਨੈਸ਼ਨਲ ਵੁੱਡਵਰਕਰਜ਼ ਆਫ ਅਮਰੀਕਾ (ਆਈ. ਡਬਲਿਊ. ਏ.), ਨੇ ਮਿਸਟਰ ਪੀਅਰਸਨ ਦੇ ਬਿਆਨਾਂ ਦੀ ਨਿਖੇਧੀ ਕੀਤੀ। ਉਸੇ ਦਿਨ ਵੈਨਕੂਵਰ ਸਨ ਨੇ ਅਸਬੰਲੀ ਵਿੱਚ ਭਾਰਤੀਆਂ ਨੂੰ ਵੋਟ ਦੇਣ ਦੇ ਬਿੱਲ ਦੀ ਹਾਰ ਦੇ ਹੱਕ ਵਿੱਚ ਸੰਪਾਦਕੀ ਲਿਖਿਆ।

**22 ਮਾਰਚ 1944 :** ਲੇਬਰ ਮਨਿਸਟਰ ਜਾਰਜ ਪੀਅਰਸਨ ਨੇ ਖਾਲਸਾ ਦੀਵਾਨ ਸੁਸਾਇਟੀ ਨੂੰ ਮੁਆਫੀ ਦਾ ਖਤ ਭੇਜਿਆ ਪਰ ਇਹ ਖਤ ਭਾਰਤੀ ਕਮਿਊਨਿਟੀ ਦੀ ਤਸੱਲੀ ਨਾ ਕਰਵਾ ਸਕਿਆ।

**29 ਅਗਸਤ 1944 :** ਵੋਟ ਦੀ ਲੜਾਈ ਨੂੰ ਹੋਰ ਪ੍ਰਮਾਣਿਕਤਾ ਦੇਣ ਲਈ ਖਾਲਸਾ ਦੀਵਾਨ ਸੁਸਾਇਟੀ ਨੇ ਬੀ. ਸੀ. ਵਿੱਚ ਰਹਿ ਰਹੇ ਸਾਰੇ ਭਾਰਤੀਆਂ ਦਾ ਇਕ ਸਰਵੇ ਕਰਨ ਬਾਰੇ ਸੋਚਿਆ। ਇਸ ਸਰਵੇ ਵਿੱਚ ਲੋਕਾਂ ਕੋਲੋਂ ਉਹਨਾਂ ਦੇ ਪਰਿਵਾਰਕ ਪਿਛੋਕੜ, ਪੜ੍ਹਾਈ, ਕਮਿਊਨਿਟੀ ਲਈ ਯੋਗਦਾਨ, ਸਰਕਾਰ ਅਤੇ ਰੈੱਡਕਰਾਸ ਦੀ ਮਦਦ, ਜਾਇਦਾਦ ਅਤੇ ਵਿਉਪਾਰ ਵਿੱਚ ਲਾਏ ਸਰਮਾਏ ਆਦਿ ਬਾਰੇ ਸਵਾਲ ਪੁੱਛੇ ਗਏ। ਇਸ ਸਰਵੇ ਦਾ ਮਕਸਦ ਅਸੰਬਲੀ ਦੇ ਅਗਲੇ ਸੈਸ਼ਨ ਅੱਗੇ ਪੇਸ਼ ਕਰਨ ਵਾਲੀ ਪਟੀਸ਼ਨ ਲਈ ਪ੍ਰਮਾਣਿਕ ਜਾਣਕਾਰੀ ਇਖਤਰ ਕਰਨਾ ਸੀ।

**ਸਤੰਬਰ 1944 :** ਭਾਰਤੀ ਕਮਿਊਨਿਟੀ ਦੇ ਨਾਂ ਉੱਤੇ ਖਾਲਸਾ ਦੀਵਾਨ ਸੁਸਾਇਟੀ ਨੇ ਬੀ. ਸੀ. ਵਿੱਚ ਵੋਟ ਦਾ ਹੱਕ ਲੈਣ ਵਿੱਚ ਮਦਦ ਕਰਨ ਲਈ ਭਾਰਤ ਦੀ ਸਰਕਾਰ ਨੂੰ ਖਤ ਲਿਖੇ।

**23 ਅਕਤੂਬਰ 1944 :** ਬੀ. ਸੀ. ਦੀ ਸੀ. ਸੀ. ਐੱਫ. ਪਾਰਟੀ ਦਾ ਲੀਡਰ, ਹੈਰਲਡ ਈ. ਵਿੰਚ ਵੈਨਕੂਵਰ ਦੇ ਗੁਰਦਵਾਰੇ ਆ ਕੇ ਭਾਰਤੀਆਂ ਨੂੰ ਵੋਟ ਦੇਣ ਦੇ ਹੱਕ ਵਿੱਚ ਬੋਲਿਆ।

**19 ਨਵੰਬਰ 1944 :** ਇੰਟਰਨੈਸ਼ਨਲ ਵੁੱਡਵਰਕਰਜ਼ ਆਫ ਅਮਰੀਕਾ (ਆਈ. ਡਬਲਿਊ. ਏ.) ਦਾ ਪ੍ਰੈਜ਼ੀਡੈਂਟ, ਹੈਰਲਡ ਪਰਿਚਟ ਵੈਨਕੂਵਰ ਦੇ ਗੁਰਦਵਾਰੇ ਆ ਕੇ ਬੋਲਿਆ। ਉਸ ਨੇ ਭਾਰਤੀ ਲੋਕਾਂ ਨੂੰ ਯਕੀਨ ਦਿਵਾਇਆ ਕਿ ਬੀ. ਸੀ. ਦੀ ਸਾਰੀ ਮਜ਼ਦੂਰ ਲਹਿਰ ਇਸ ਜੱਦੋਜਹਿਦ ਵਿੱਚ ਭਾਰਤੀ-ਕਨੇਡੀਅਨਾਂ ਦੇ ਨਾਲ ਹੈ।

**5 ਦਸੰਬਰ 1944 :** ਵੋਟ ਦੇ ਹੱਕ ਦੇ ਸੰਬੰਧ ਵਿੱਚ ਭਾਰਤੀ-ਕਨੇਡੀਅਨਾਂ ਦੇ ਇਕ ਡੈਲੀਗੇਸ਼ਨ ਨੂੰ ਮਿਲਣ ਤੋਂ ਬਾਅਦ ਬੀ. ਸੀ. ਦੇ ਅਟਾਰਨੀ ਜਨਰਲ ਆਰ. ਐੱਲ. ਮੇਟਲੈਂਡ ਨੇ ਇਕ ਬਿਆਨ ਦਿੱਤਾ ਕਿ ਉਹ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਅਧਿਕਾਰ ਦੇਣ ਦੇ ਹੱਕ ਵਿੱਚ ਨਹੀਂ ਹੈ। ਉਸ ਨੇ ਕਿਹਾ, "... ਓਰੀਐਂਟਲ ਲੋਕਾਂ ਨੂੰ ਵੋਟ ਦੇ ਹੱਕ ਦਾ ਸਵਾਲ ਇਸ ਸੂਬੇ ਵਿੱਚ 50 ਸਾਲਾਂ ਤੋਂ ਨਜਿੱਠਿਆ ਅਤੇ ਸਵੀਕਾਰ ਕੀਤਾ ਜਾ ਚੁੱਕਾ ਹੈ। ਹੁਣ ਈਸਟ ਇੰਡੀਅਨ ਇਕ ਅਜਿਹੀ ਦਲੀਲ ਦੇ ਰਹੇ ਹਨ ਜੋ ਪਿਛਲੇ ਸਮੇਂ ਨਾਲੋਂ ਵੱਖਰੀ ਹੈ। ਪਰ ਮੈਂ ਨਹੀਂ ਸਮਝਦਾ ਕਿ ਅੱਜ ਜਦੋਂ ਸਾਡੇ 50,000 ਨੌਜਵਾਨ ਦੂਰ ਜੰਗ ਲੜ ਰਹੇ ਹਨ ਅਤੇ ਉਹਨਾਂ ਤੋਂ ਪੁੱਛੇ ਬਿਨਾਂ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਕਰਨ ਬਾਰੇ ਸੋਚਣ ਲਈ ਇਹ ਸਮਾਂ ਠੀਕ ਹੈ।" (ਵਿਕਟੋਰੀਆ ਡੇਲੀ ਟਾਈਮਜ਼, 5 ਦਸੰਬਰ, 1944, ਸਫਾ 11)

**6 ਦਸੰਬਰ 1944 :** ਅਟਾਰਨੀ ਜਨਰਲ ਦੇ ਬਿਆਨ ਦੇ ਪ੍ਰਤੀਕਰਮ ਵਿੱਚ ਬੋਲਦਿਆਂ ਖਾਲਸਾ ਦੀਵਾਨ ਸੁਸਾਇਟੀ ਦੇ ਇਕ ਪ੍ਰਤੀਨਿਧ ਨੇ ਕਿਹਾ ਕਿ ਅਟਾਰਨੀ ਜਨਰਲ ਦਾ ਇਹ ਬਿਆਨ ਲੜਾਈ ਵਿੱਚ ਸਾਡੇ ਲੋਕਾਂ ਦੀ ਬਹਾਦਰੀ ਭਰੀ ਕਾਰਗੁਜ਼ਾਰੀ ਦੀ ਹੱਤਕ ਹੈ। ਮੇਟਲੈਂਡ ਦੇ ਬਿਆਨ ਦੇ ਵਿਰੋਧ ਵਿੱਚ ਬੋਲਦਿਆਂ ਆਈ. ਡਬਲਿਊ. ਏ. ਦੇ ਪ੍ਰੈਜ਼ੀਡੈਂਟ ਹੈਰਲਡ ਪਰਿਚਟ ਨੇ ਕਿਹਾ, "ਅਟਾਰਨੀ ਜਨਰਲ ਦਾ ਬਿਆਨ ਇਕ ਗੁਸਤਾਖ ਬਿਆਨ ਹੈ...।" (ਵੈਨਕੂਵਰ ਨਿਊਜ਼ ਹੈਰਲਡ, 6 ਦਸੰਬਰ 1944, ਸਫਾ 3)

**26 ਜਨਵਰੀ 1945 :** ਵੋਟ ਦੇ ਹੱਕ ਦੀ ਗੱਲ ਕਰਨ ਲਈ ਬੀ. ਸੀ. ਦੀ ਭਾਰਤੀ ਕਮਿਊਨਿਟੀ ਅਤੇ ਉਸ ਦੇ ਦੋਸਤਾਂ ਦਾ ਇਕ ਡੈਲੀਗੇਸ਼ਨ ਬੀ. ਸੀ. ਦੇ ਪ੍ਰੀਮੀਅਰ ਜੌਹਨ ਹਾਰਟ ਨੂੰ ਮਿਲਿਆ। ਇਸ ਡੈਲੀਗੇਸ਼ਨ ਦੇ ਮੈਂਬਰ ਸਨ: ਨਗਿੰਦਰ ਸਿੰਘ ਗਿੱਲ, ਸੈਕਟਰੀ ਖਾਲਸਾ ਦੀਵਾਨ ਸੁਸਾਇਟੀ; ਨਰਿੰਜਨ ਸਿੰਘ, ਪ੍ਰੈਜ਼ੀਡੈਂਟ ਖਾਲਸਾ ਦੀਵਾਨ ਸੁਸਾਇਟੀ; ਦਰਸ਼ਨ ਸਿੰਘ ਸੰਘਾ (ਕਨੇਡੀਅਨ); ਜੈਰੀ ਹੁੰਦਲ; ਐੱਚ ਐੱਸ ਗਰਚਾ; ਸ਼੍ਰੀ ਮਤੀ ਆਈ. ਐਸ. ਬੈਂਸ; ਐਲਮੋਰ ਫਿਲਪੋਟ, ਵੈਨਕੂਵਰ ਸਨ ਦਾ ਕਾਲਮਨਿਸਟ; ਰੈਵਰੈਂਡ ਏ. ਈ. ਕੁੱਕ, ਸੇਂਟ ਜਾਹਨ ਚਰਚ; ਗੈਰੀ ਕਲਹੈਨ, ਸ਼ਿੱਪਯਾਰਡ ਜਨਰਲ ਵਰਕਰਜ਼ ਫੈਡਰੇਸ਼ਨ; ਜੌਰਡਨ ਗਾਈ, ਜੂਨੀਅਰ ਬੋਰਡ ਆਫ ਟਰੇਡ; ਅਤੇ ਮਿਸ ਕੈਥਲੀਨ ਗੌਰੀ, ਗੌਰਡਨ ਹਾਊਸ।

**29 ਜਨਵਰੀ 1945 :** ਡੌਕ ਐਂਡ ਸ਼ਿੱਪਯਾਰਡ ਵਰਕਰਜ਼ ਯੂਨੀਅਨ (ਸੀ. ਸੀ. ਐੱਲ.) ਨੇ ਇਕ ਮਤਾ ਪਾਸ ਕੀਤਾ ਜਿਸ ਵਿੱਚ ਭਾਰਤੀ-ਕਨੇਡੀਅਨਾਂ ਨੂੰ ਬੀ. ਸੀ. ਵਿੱਚ ਵੋਟ ਦਾ ਹੱਕ ਦੇਣ ਦੀ ਹਿਮਾਇਤ ਕੀਤੀ ਗਈ।

**3 ਫਰਵਰੀ 1945 :** ਸਿਵਕ ਇੰਪਲਾਈਜ਼ ਯੂਨੀਅਨ ਨੇ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਅਧਿਕਾਰ ਦੇਣ ਦਾ ਸਮਰਥਨ ਕੀਤਾ।

**7 ਫਰਵਰੀ 1945 :** ਨੈਸ਼ਨਲ ਯੂਨੀਅਨ ਆਫ ਓਪਰੇਟਿੰਗ ਇੰਜਨੀਅਰ ਦੀ ਲੋਕਲ ਤਿੰਨ, ਯੂਨਾਈਟਿਡ ਓਇਲ ਵਰਕਰਜ਼ ਦੀ ਲੋਕਲ ਇਕ ਅਤੇ ਸੋਆਇਨਤੁਲਾ ਅਤੇ ਬ੍ਰਿਟੇਨ ਮਾਈਨਜ਼

ਦੀਆਂ ਲੇਬਰ ਪ੍ਰੋਗਰੈਸਿਵ ਪਾਰਟੀ ਕਲੱਬਾਂ ਨੇ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਦਾ ਸਮਰਥਨ ਕੀਤਾ।

**17 ਫਰਵਰੀ 1945 :** ਵੈਸਟ ਪੁਆਇੰਟ ਗਰੇਅ ਪਰੈਸਬੀਟੇਰੀਅਨ ਚਰਚ ਦੇ ਕਿਰਕ ਸੈਸ਼ਨ, ਹੋਰਥ ਰੋਡ ਲੇਬਰ ਪ੍ਰੋਗਰੈਸਿਵ ਪਾਰਟੀ, ਆਈ. ਡਬਲਿਊ. ਏ. ਦੀ ਮਿਸ਼ਨ ਲੋਕਲ, ਵੈਨਕੂਵਰ ਸੈਕੰਡਰੀ ਟੀਚਰਜ਼ ਐਸੋਸੀਏਸ਼ਨ ਅਤੇ ਯੂਨਾਈਟਿਡ ਬਰਦਰਹੁੱਡ ਆਫ ਕਾਰਪੈਂਟਰਜ਼ ਅਤੇ ਜੁਆਇਨਰਜ਼ (ਏ. ਐੱਫ. ਐੱਲ.) ਦੀ 452 ਲੋਕਲ ਨੇ ਭਾਰਤੀ ਕਨੇਡੀਅਨਾਂ ਦੇ ਵੋਟ ਦੇ ਹੱਕ ਦੀ ਹਿਮਾਇਤ ਵਿੱਚ ਐਲਾਨ ਕੀਤਾ।

**22 ਫਰਵਰੀ 1945 :** ਭਾਰਤੀ-ਕਨੇਡੀਅਨਾਂ ਦੇ ਵੋਟ ਦੇ ਅਧਿਕਾਰ ਸੰਬੰਧੀ ਅੱਗੇ ਦਿੱਤੀਆਂ ਜਥੇਬੰਦੀਆਂ ਨੇ ਹਿਮਾਇਤ ਪ੍ਰਗਟ ਕੀਤੀ: ਮਾਈਨ, ਮਿੱਲ ਅਤੇ ਸਮੈਲਟਰ ਵਰਕਰਜ਼ ਪਾਇਨੀਰ ਦੀ ਲੋਕਲ 693, ਪਰਿੰਸ ਰੂਪਰਟ ਤੋਂ ਨੈਸ਼ਨਲ ਯੂਨੀਅਨ ਆਫ ਮਸ਼ੀਨਿਸਟ, ਫਿਟਰਜ਼ ਅਤੇ ਹੈਲਪਰਜ਼ ਦੀ ਲੋਕਲ 1, ਵੈਨਕੂਵਰ ਤੋਂ ਮਸ਼ੀਨਿਸਟ ਯੂਨੀਅਨ ਦੀ ਲਾਜ 692- ਲੋਕਲ 2404, ਵੈਨਕੂਵਰ ਦੀ ਪਾਈਲ ਡਰਾਈਵਰਜ਼ ਯੂਨੀਅਨ ਅਤੇ ਵੈਨਕੂਵਰ ਸੈਂਟਰ ਤੋਂ ਸੀ. ਸੀ. ਐੱਫ. ਦਾ ਓਪਨ ਫੋਰਮ।

**3 ਮਾਰਚ 1945 :** ਲੰਡਨ ਵਿਖੇ ਬ੍ਰਿਟਿਸ਼ ਕਾਮਨਵੈਲਥ ਰੀਲੇਸ਼ਨਜ਼ ਸੰਬੰਧੀ ਹੋਈ ਕਾਨਫਰੰਸ ਵਿੱਚ ਕਨੇਡਾ ਅਤੇ ਭਾਰਤ ਦੇ ਡੈਲੀਗੇਟਾਂ ਨੇ ਬੀ. ਸੀ. ਵਿੱਚ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਦੇ ਸਵਾਲ ਉੱਤੇ ਗੱਲਬਾਤ ਕੀਤੀ।

**15 ਮਾਰਚ 1945 :** ਬੀ. ਸੀ. ਦੀ ਅਸੰਬਲੀ ਵਿੱਚ ਵੈਨਕੂਵਰ ਸੈਂਟਰ ਤੋਂ ਸੀ. ਸੀ. ਐਫ ਦੇ ਮੈਂਬਰ ਡਬਲਿਊ. ਡਬਲਿਊ. ਲੀਫੈਕਸ ਨੇ ਬੀ. ਸੀ. ਦੀ ਅਸੰਬਲੀ ਵਿੱਚ ਸੂਬੇ ਦੇ ਇਲੈਕਸ਼ਨ ਐਕਟ ਨੂੰ ਬਦਲਣ ਲਈ ਇਕ ਤਰਮੀਮ ਪੇਸ਼ ਕੀਤੀ ਤਾਂ ਕਿ ਭਾਰਤੀ-ਕਨੇਡੀਅਨਾਂ ਨੂੰ ਬੀ. ਸੀ. ਵਿੱਚ ਵੋਟ ਦਾ ਹੱਕ ਦਿੱਤਾ ਜਾ ਸਕੇ।

**28 ਮਾਰਚ 1945 :** ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਲਈ ਸੀ. ਸੀ. ਐੱਫ. ਵਲੋਂ ਪੇਸ਼ ਕੀਤੇ ਗਏ ਬਿੱਲ ਦੀ ਬੀ. ਸੀ. ਅਸੰਬਲੀ ਵਿੱਚ ਚਾਰ ਵੋਟਾਂ ਦੇ ਫਰਕ (18-22) ਨਾਲ ਹਾਰ ਹੋ ਗਈ।

**7 ਅਪ੍ਰੈਲ 1945 :** ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਲਈ ਅਸੰਬਲੀ ਵਿੱਚ ਪੇਸ਼ ਕੀਤੇ ਬਿੱਲ ਦੀ ਹਾਰ ਹੋਣ ਦੀ ਆਲੋਚਨਾ ਕਰਦਿਆਂ, ਦਰਸ਼ਨ ਸਿੰਘ ਸੰਘਾ (ਕਨੇਡੀਅਨ) ਨੇ ਵਿਕਟੋਰੀਆ ਡੇਲੀ ਟਾਈਮਜ਼ ਦੇ 7 ਅਪ੍ਰੈਲ 1945 ਦੇ ਅੰਕ ਵਿੱਚ ਇਕ ਖਤ ਲਿਖਿਆ।

**ਅਕਤੂਬਰ 1945 :** ਖਾਲਸਾ ਦੀਵਾਨ ਸੁਸਾਇਟੀ ਨੇ ਦਸੰਬਰ 1945 ਨੂੰ ਹੋਣ ਵਾਲੀ ਬੀ. ਸੀ. ਦੀ ਇਲੈਕਸ਼ਨ ਵਿੱਚ ਖੜ੍ਹੇ ਹਰ ਉਮੀਦਵਾਰ ਨੂੰ ਭਾਰਤੀ-ਕਨੇਡੀਅਨਾਂ ਦੇ ਵੋਟ ਦੇ ਹੱਕ ਬਾਰੇ ਇਕ ਖਤ ਭੇਜਿਆ। ਖਤ ਵਿੱਚ ਲਿਖਿਆ ਸੀ: "ਹਿਟਲਰ ਦੇ ਫਾਸ਼ੀਵਾਦ ਅਤੇ ਜਾਪਾਨ ਦੇ ਧੱਕੜ ਅਤੇ ਹਮਲਾਵਾਰੀ ਰਵੱਈਏ ਉੱਪਰ ਜਿੱਤ ਪ੍ਰਾਪਤ ਕਰਕੇ ਲੜਾਈ ਦੇ ਖਾਤਮੇ ਨਾਲ ਅਸੀਂ ਮਹਿਸੂਸ ਕਰਦੇ ਹਾਂ ਕਿ ਸਾਰੇ ਕਨੇਡਾ ਵਾਸੀਆਂ ਜੋ ਬ੍ਰਿਟਿਸ਼ ਸਬਜੈਕਟ ਹਨ ਅਤੇ ਈਸਟ ਇੰਡੀਅਨਾਂ ਨੂੰ ਦੂਜਿਆਂ ਦੇ ਬਰਾਬਰ ਦੇ ਲੋਕਤੰਤਰਿਕ ਅਧਿਕਾਰ ਮਿਲਣੇ ਚਾਹੀਦੇ ਹਨ।" (ਵੈਨਕੂਵਰ ਸਨ, 18 ਅਕਤੂਬਰ 1945, ਸਫਾ 21)

**21 ਅਕਤੂਬਰ 1946 :** ਡਾ: ਪਾਂਡੀਆ, ਆਈ. ਐੱਸ. ਬੈਂਸ ਅਤੇ ਵਤਨ ਸਿੰਘ ਇਕ ਡੈਲੀਗੇਸ਼ਨ ਦੇ ਰੂਪ ਵਿੱਚ ਬੀ. ਸੀ. ਦੇ ਪ੍ਰੀਮੀਅਰ ਜੌਹਨ ਹਾਰਟ ਨੂੰ ਮਿਲੇ। ਮੀਟਿੰਗ ਵਿੱਚ ਉਹਨਾਂ ਭਾਰਤੀ-ਕਨੇਡੀਅਨਾਂ ਦੇ ਵੋਟ ਦੇ ਹੱਕ ਦੇ ਮਸਲੇ ਬਾਰੇ ਗੱਲ ਕੀਤੀ।

**1 ਨਵੰਬਰ 1946 :** ਬੀ. ਸੀ. ਦੇ ਇਲੈਕਸ਼ਨ ਐਕਟ ਨੂੰ ਰੀਵੀਊ ਕਰਨ ਲਈ ਬਣੀ ਲੈਜਿਸਲੇਟਿਵ ਕਮੇਟੀ ਦੀ ਵੈਨਕੂਵਰ ਵਿੱਚ ਹੋਈ ਇਕ ਸੁਣਵਾਈ ਦੌਰਾਨ ਭਾਰਤੀ ਕਮਿਊਨਿਟੀ ਵਲੋਂ ਡਾ: ਪਾਂਡੀਆ ਨੇ ਇਕ ਬਰੀਫ ਪੇਸ਼ ਕੀਤਾ। ਇਸ ਹੀ ਦਿਨ ਵੈਨਕੂਵਰ ਵਿੱਚ ਛਪਦੇ ਅਖਬਾਰ ਵੈਨਕੂਵਰ ਨਿਊਜ਼ ਹੈਰਲਡ ਨੇ ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਅਧਿਕਾਰ ਦੇਣ ਦੇ ਹੱਕ ਵਿੱਚ ਸੰਪਾਦਕੀ ਲਿਖਿਆ।

**7 ਨਵੰਬਰ 1946 :** ਬੀ. ਸੀ. ਇਲੈਕਸ਼ਨ ਐਕਟ ਨੂੰ ਰੀਵੀਊ ਕਰਨ ਲਈ ਬਣੀ ਸਰਬ-ਪਾਰਟੀ ਕਮੇਟੀ ਨੇ ਭਾਰਤੀ ਕਨੇਡੀਅਨਾਂ, ਜਾਪਾਨੀਆਂ ਅਤੇ ਚੀਨਿਆਂ ਨੂੰ ਬੀ. ਸੀ. ਵਿੱਚ ਵੋਟ ਦਾ ਅਧਿਕਾਰ ਦੇਣ ਦੀ ਸਿਫਾਰਿਸ਼ ਕੀਤੀ।

**6 ਫਰਵਰੀ 1947 :** ਭਾਰਤ ਦੀ ਇਨਟਰਮ ਸਰਕਾਰ ਦੇ ਉੱਪ-ਪ੍ਰਧਾਨ ਅਤੇ ਵਿਦੇਸ਼ੀ ਮਾਮਲਿਆਂ ਦੇ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਕੇਂਦਰੀ ਅਸੰਬਲੀ ਵਿੱਚ ਬੋਲਦਿਆਂ ਕਿਹਾ, "ਭਾਰਤ ਸਰਕਾਰ ਨੇ ਕਨੇਡਾ ਦੀ ਸਰਕਾਰ ਨਾਲ ਬ੍ਰਿਟਿਸ਼ ਕੋਲੰਬੀਆ ਵਿੱਚ ਰਹਿ ਰਹੇ ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਬਾਰੇ ਗੱਲ ਕੀਤੀ ਹੈ।" (ਦੀ ਡੇਲੀ ਕੌਲੋਨਿਸਟ, 6 ਫਰਵਰੀ 1947, ਸਫਾ 1)

**2 ਅਪ੍ਰੈਲ 1947 :** ਬੀ. ਸੀ. ਵਿੱਚ ਭਾਰਤੀਆਂ, ਜਾਪਾਨੀਆਂ ਅਤੇ ਚੀਨਿਆਂ ਨੂੰ ਵੋਟ ਦਾ ਅਧਿਕਾਰ ਦੇਣ ਲਈ ਅਸੰਬਲੀ ਵਿੱਚ ਬਿੱਲ-85 ਪਾਸ ਕੀਤਾ ਗਿਆ। ਜਿਸ ਦੇ ਨਤੀਜੇ ਵਜੋਂ ਭਾਰਤੀ-ਕਨੇਡੀਅਨਾਂ ਨੂੰ ਬੀ. ਸੀ. ਦੇ ਨਾਲ ਨਾਲ ਕਨੇਡਾ ਪੱਧਰ ਉੱਤੇ ਵੀ ਵੋਟ ਦਾ ਹੱਕ ਪ੍ਰਾਪਤ ਹੋ ਗਿਆ।

**11 ਅਪ੍ਰੈਲ 1947 :** ਈਸਟ ਇੰਡੀਅਨ ਪ੍ਰੋਗਰੈਸਿਵ ਸੁਸਾਇਟੀ ਦੇ ਸੈਕਟਰੀ ਨਗਿੰਦਰ ਸਿੰਘ ਗਿੱਲ (ਜੋ ਪਹਿਲਾਂ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦਾ ਸੈਕਟਰੀ ਹੁੰਦਾ ਸੀ) ਨੂੰ ਸਿਟੀਜ਼ਨਸ਼ਿੱਪ ਪੇਪਰ ਮਿਲੇ। ਇਹ ਮੰਨਿਆ ਜਾਂਦਾ ਹੈ ਕਿ ਕਨੇਡਾ ਦਾ ਨਾਗਰਿਕ ਬਣਨ ਵਾਲ ਉਹ ਪਹਿਲਾ ਭਾਰਤੀ ਸੀ।

**16 ਸਤੰਬਰ 1947 :** ਬ੍ਰਿਟਿਸ਼ ਕੋਲੰਬੀਆ ਸੂਬੇ ਦੀਆਂ ਮਿਉਂਸਪੈਲਟੀਆਂ ਦੀ ਯੂਨੀਅਨ ਨੇ ਇਕ ਮਤਾ ਪਾਸ ਕੀਤਾ ਜਿਸ ਨਾਲ ਭਾਰਤੀ- ਕਨੇਡੀਅਨਾਂ ਨੂੰ ਮਿਊਂਸਪਲ ਪੱਧਰ ਉੱਤੇ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ। ਇਹ ਮਤਾ ਵੈਨਕੂਵਰ ਤੋਂ ਬਿਨਾਂ ਬੀ. ਸੀ. ਦੀਆਂ ਸਾਰੀਆਂ ਮਿਊਂਸਪੈਲਟੀਆਂ ਉੱਤੇ ਲਾਗੂ ਹੁੰਦਾ ਸੀ।

**23 ਅਕਤੂਬਰ 1947 :** ਵੈਨਕੂਵਰ ਸਿਟੀ ਕਾਊਂਸਲ ਦੀ ਲੈਜਿਸਲੇਟਿਵ ਕਮੇਟੀ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਭਾਰਤੀ-ਕਨੇਡੀਅਨ ਕਮਿਊਨਿਟੀ ਵਲੋਂ ਇਕ ਡੈਲੀਗੇਸ਼ਨ ਨੇ ਹਿੱਸਾ ਲਿਆ ਜਿਸ ਦੇ ਮੈਂਬਰ ਸਨ: ਡਾ: ਪਾਂਡੀਆ, ਕਪੂਰ ਸਿੰਘ, ਕਰਤਾਰ ਸਿੰਘ ਅਤੇ ਈਸ਼ਰ ਸਿੰਘ। ਇਸ ਮੀਟਿੰਗ ਵਿੱਚ ਵੈਨਕੂਵਰ ਸਿਟੀ ਦੇ ਚਾਰਟਰ ਵਿੱਚ ਤਰਮੀਮ ਕਰਕੇ ਵੈਨਕੂਵਰ ਦੇ ਭਾਰਤੀਆਂ ਨੂੰ ਵੈਨਕੂਵਰ ਦੀ ਮਿਊਂਸਪੈਲਟੀ ਵਿੱਚ ਵੋਟ ਦਾ ਹੱਕ ਦੇ ਦਿੱਤਾ ਗਿਆ।

'ਵਤਨ' 'ਚੋਂ ਧੰਨਵਾਦ ਸਹਿਤ

# ਦਰਸ਼ਨ ਸਿੰਘ ਕਨੇਡੀਅਨ ਦੀ ਆਈ ਡਬਲਿਊ ਏ ਨੂੰ ਅਲਵਿਦਾ



1940ਵਿਆਂ ਦੌਰਾਨ ਦਰਸ਼ਨ ਸਿੰਘ ਕਨੇਡੀਅਨ ਨੇ ਬੀ ਸੀ ਦੀ ਮਜ਼ਦਰੂ ਲਹਿਰ ਅਤੇ ਕਮਿਊਨਿਸਟ ਲਹਿਰ ਵਿੱਚ ਬਹੁਤ ਹੀ ਨਿੱਗਰ ਅਤੇ ਪ੍ਰਭਾਵਸ਼ਾਲੀ ਕੰਮ ਕੀਤਾ। ਉਸਦੇ ਕੰਮ ਦਾ ਕਨੇਡਾ ਦੀ ਖੱਬੀ ਧਿਰ ਦੀਆਂ ਸਰਗਰਮੀਆਂ ਅਤੇ ਪੰਜਾਬੀ ਕਮਿਊਨਿਟੀ ਦੀਆਂ ਸਮੁੱਚੀਆਂ ਸਰਗਰਮੀਆਂ ਵਿੱਚ ਇੱਕ ਅਹਿਮ ਥਾਂ ਬਣਦਾ ਹੈ। ਉਸਦੇ ਕੰਮ ਨੇ ਇੱਕ ਪਾਸੇ ਏਥੇ ਵਸਦੇ ਪੰਜਾਬੀਆਂ ਦੇ ਜੀਵਨ ਦੀਆਂ ਹਾਲਤਾਂ ਨੂੰ ਸੁਧਾਰਨ ਲਈ ਯੋਗਦਾਨ ਪਾਇਆ ਦੂਜੇ ਪਾਸੇ ਕਨੇਡਾ ਦੇ ਲੋਕਾਂ, ਖਾਸ ਕਰਕੇ ਅਗਾਂਹਵਧੂ ਲੋਕਾਂ, ਨਾਲ ਸਾਂਝ ਪੈਦਾ ਕਰਨ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ। ਇਸ ਸਾਂਝ ਕਾਰਨ ਪੰਜਾਬੀਆਂ ਨੂੰ ਇਸ ਮੁਲਕ ਦੀ ਮਜ਼ਦੂਰ ਲਹਿਰ ਵਿੱਚ ਇੱਕ ਵਿਸ਼ੇਸ਼ ਸਤਿਕਾਰ ਅਤੇ ਮਾਣ ਮਿਲਿਆ ਅਤੇ ਏਥੇ ਵਧਣ ਫੁੱਲਣ ਵਿੱਚ ਹਮਾਇਤ ਹਾਸਲ ਹੋਈ। ਇਸ ਦੇ ਨਾਲ ਹੀ ਦਰਸ਼ਨ ਸਿੰਘ ਕਨੇਡੀਅਨ ਉਨ੍ਹਾਂ ਭਾਰਤੀਆਂ ਵਿਚੋਂ ਇਕ ਹੈ, ਜਿਨ੍ਹਾਂ ਨੇ ਕਨੇਡਾ ਵਿਚ ਵੋਟ ਦਾ ਹੱਕ ਲੈਣ ਲਈ ਬੜੀ ਜਦੋ-ਜ਼ਹਿਦ ਵਿਚ ਬਹੁਤ ਅਹਿਮ ਭੂਮਿਕਾ ਨਿਭਾਈ ਸੀ। ਦਸੰਬਰ 15, 1947 ਨੂੰ ਬੀ ਸੀ ਡਿਸਟਰਿਕਟ ਆਈ ਡਬਲਿਊ ਏ-ਸੀ ਆਈ ਓ, ਦੇ ਟਰੱਸਟੀ ਸ਼੍ਰੀ ਦਰਸ਼ਨ ਸਿੰਘ ਨੇ ਇਹ ਅਸਤੀਫਾ ਰੂਪੀ ਖਤ ਕਨੇਡਾ ਤੋਂ ਭਾਰਤ ਨੂੰ ਜਾਣ ਲਈ ਮਾਂਟਰੀਆਲ ਤੋਂ ਸਮੁੰਦਰੀ ਜਹਾਜ਼ ਵਿੱਚ ਚੜ੍ਹਨ ਤੋਂ ਪਹਿਲਾਂ ਲਿਖਿਆ ਸੀ। ਇਸ ਵਿੱਚ ਉਸਨੇ ਆਪਣੇ ਕਨੇਡਾ ਵਿਚਲੇ ਅਨੇਕਾਂ ਦੋਸਤਾਂ ਅਤੇ ਸਹਿਕਾਮਿਆਂ ਦਾ ਸ਼ੁਕਰੀਆਂ ਅਦਾ ਕੀਤਾ ਹੈ ਅਤੇ ਉਨ੍ਹਾਂ ਨੂੰ ਅਲਵਿਦਾ ਕਹੀ ਹੈ। ਉਸਨੇ ਇਹ ਖੱਤ ਡਿਸਟਰਿਕਟ ਸੈਕਰੇਟਰੀ ਬੀ ਜੇ ਮੈਲਜ਼ਨੇੱਸ ਦੇ ਨਾਂਅ ਭੇਜਿਆ ਸੀ।

ਮੈਨੂੰ ਜਾਣ ਲੱਗਿਆਂ ਕੁਝ ਹੱਦ ਤੱਕ ਇੱਕ ਸੰਤੁਸ਼ਟੀ ਦਾ ਅਹਿਸਾਸ ਹੋ ਰਿਹਾ ਹੈ ਪਰ ਨਾਲ ਹੀ ਕਨੇਡਾ ਛੱਡਣ ਦਾ ਇੱਕ ਡੂੰਘਾ ਪਛਤਾਵਾ ਵੀ ਹੈ। ਮੇਰੇ ਪਛਤਾਵੇ ਦਾ ਕਾਰਨ ਕਨੇਡੀਅਨ ਮਜ਼ਦੂਰ ਲਹਿਰ ਦੇ ਵੱਡਮੁੱਲੇ ਦੋਸਤਾਂ ਅਤੇ ਸਾਥੀਆਂ ਤੋਂ ਵਿਛੋੜਾ ਅਤੇ ਵਿਦਾਇਗੀ ਹੈ। ਪਰ ਇਸ ਵਿੱਚ ਤਸੱਲੀ ਵਾਲੀ ਗੱਲ ਇਹ ਹੈ ਕਿ ਮੈਂ ਭਾਰਤ ਜਾ ਕੇ ਸਰਗਰਮੀ ਨਾਲ ਟਰੇਡ ਯੂਨੀਅਨ ਵਿੱਚ ਕੰਮ ਕਰਨ ਦਾ ਇਰਾਦਾ ਰੱਖਦਾ ਹਾਂ ਅਤੇ ਮੈਨੂੰ ਹਮੇਸ਼ਾਂ ਇਸ ਗੱਲ ਦਾ ਅਹਿਸਾਸ ਰਹੇਗਾ ਕਿ ਅਸੀਂ ਇੱਕ ਸਾਂਝੇ ਨਿਸ਼ਾਨੇ - ਮਜ਼ਦੂਰ ਜਮਾਤ ਦੀ ਅਜ਼ਾਦੀ - ਲਈ ਕੰਮ ਕਰ ਰਹੇ ਹਾਂ।

ਦਸ ਸਾਲ ਪਹਿਲਾਂ ਮੈਂ ਆਪਣੀ ਜਵਾਨੀ ਦੇ ਸ਼ੁਰੂ ਵਿੱਚ ਕਨੇਡਾ ਆਇਆ ਸਾਂ। ਏਥੇ ਕਨੇਡਾ ਵਿੱਚ ਆ ਕੇ ਮੈਂ ਮਜ਼ਦੂਰ ਲਹਿਰ ਦਾ ਅੰਮ੍ਰਿਤ ਛਕਿਆ ਅਤੇ ਮਜ਼ਦੂਰ ਜਮਾਤ ਦੇ ਘੋਲ਼ਾਂ ਦਾ ਊੜਾ ਐੜਾ ਸਿੱਖਿਆ। ਮਜ਼ਦੂਰ ਲਹਿਰ ਬਾਰੇ ਹੀ ਨਹੀਂ ਜੀਵਨ ਬਾਰੇ ਵੀ ਮੈਂ ਜੋ ਕੁਝ ਸਿੱਖਿਆ ਹੈ ਉਹ ਮੇਰੇ ਅੰਦਰ ਮੇਰੇ ਨਾਲ ਮਿੱਲਾਂ ਅਤੇ ਕੈਂਪਾਂ ਵਿੱਚ ਕੰਮ ਕਰਨ ਵਾਲਿਆਂ ਨੇ ਅਤੇ ਬਾਅਦ ਵਿੱਚ ਇੰਟਰਨੈਸ਼ਨਲ ਵੁੱਡਵਰਕਰਜ਼ ਆਫ ਅਮਰੀਕਾ ਦੇ ਸਾਥੀਆਂ ਨੇ ਕੁੱਟ ਕੁੱਟ ਕੇ ਭਰਿਆ ਹੈ।

ਇਹ ਕਹਿਣਾ ਪੂਰੀ ਤਰ੍ਹਾਂ ਸਹੀ ਹੈ ਕਿ ਤੁਸੀਂ, ਕਨੇਡਾ ਦੇ ਮਜ਼ਦੂਰ ਲੋਕ, ਮੇਰੇ ਅਧਿਆਪਕ ਅਤੇ ਪੱਥ-ਪ੍ਰਦਰਸ਼ਕ ਹੋ। ਕਨੇਡਾ ਨੂੰ ਅਤੇ ਕਨੇਡਾ ਦੇ ਮਹਾਨ ਲੋਕਾਂ ਨੂੰ ਮੈਂ ਤੁਹਾਡੇ ਰਾਹੀਂ ਹੀ ਜਾਣਿਆਂ ਹੈ। ਤੁਹਾਡਾ ਸਾਰਿਆਂ ਦਾ ਧੰਨਵਾਦ ਕਰਦਿਆਂ ਮੇਰੇ ਲਈ ਸਾਰਿਆਂ ਦੇ ਨਾਂਅ ਲੈ ਸਕਣਾ ਤਾਂ ਮੁਸ਼ਕਲ ਹੋਵੇਗਾ ਪਰ ਫੇਰ ਵੀ ਮੈਂ ਇਸ ਮੌਕੇ ਆਈ ਡਬਲਿਊ ਏ ਦੀਆਂ ਸਾਰੀਆਂ ਲੋਕਲਾਂ ਅਤੇ ਡਿਸਟਰਿਕਟ ਅਧਿਕਾਰੀਆਂ ਦਾ ਧੰਨਵਾਦ ਕਰਨਾ ਚਾਹੁੰਦਾਂ ਕਿ ਤੁਸੀਂ ਹਮੇਸ਼ਾਂ ਕਿੰਨੀ ਖੁਲ੍ਹ-ਦਿਲੀ ਨਾਲ ਸਹਿਜ ਰੂਪ ਮੇਰੇ ਕੰਮਾਂ ਵਿੱਚ ਮੇਰੀ ਮਦਦ ਕੀਤੀ, ਸਹਿਯੋਗ ਦਿੱਤਾ ਅਤੇ ਸੇਧ ਦਿੱਤੀ।

ਜਦੋਂ 1937 ਵਿੱਚ ਮੈਂ ਪਹਿਲੀ ਵਾਰੀ ਬ੍ਰਿਟਿਸ਼ ਕੋਲੰਬੀਆ ਦੇ ਜੰਗਲਾਂ ਵਿੱਚ ਕੰਮ ਕਰਨ ਗਿਆ ਤਾਂ ਉਸ ਵੇਲੇ ਕੰਮ ਦੀਆਂ ਹਾਲਤਾਂ ਗੁਲਾਮੀ ਵਰਗੀਆਂ ਸਨ। ਉਸ ਸਮੇਂ ਘੱਟ ਤੋਂ ਘੱਟ ਤਨਖਾਹ ਦਾ ਕਾਨੂੰਨ ਸੀ 40 ਸੈਂਟ ਪ੍ਰਤੀ ਘੰਟਾ, ਪਰ ਮੈਂ ਦਸ ਘੰਟੇ ਦੀ ਦਿਹਾੜੀ ਅਤੇ ਵੀਹ ਸੈਂਟ ਪ੍ਰਤੀ ਘੰਟਾ ਉੱਤੇ ਕੰਮ ਕਰਦਾ ਰਿਹਾ ਹਾਂ, ਕਿਉਂਕਿ ਇਸਦਾ ਬਦਲ ਸੀ ਬੇਰੁਜ਼ਗਾਰੀ ਅਤੇ ਭੁੱਖਮਰੀ।

ਸਾਡੀ ਜਥੇਬੰਦ ਕਰਨ ਦੀ ਮੁਹਿੰਮ ਬੜੀ ਕਠਨਾਈਆਂ ਭਰੀ ਸੀ ਪਰ ਸਾਂਝੀਆਂ ਕੋਸ਼ਸ਼ਾਂ ਰਾਹੀਂ ਮਜ਼ਦੂਰ ਜੇਤੂ ਹੋਏ ਅਤੇ ਉਨ੍ਹਾਂ ਨੇ ਕਨੇਡਾ ਭਰ ਵਿੱਚੋਂ ਸੱਭ ਤੋਂ ਮਹਾਨ ਅਤੇ ਜੁਝਾਰੂ (ਮਿਲੀਟੈਂਟ) ਜਥੇਬੰਦੀ ਕਾਇਮ ਕੀਤੀ।

ਆਈ ਡਬਲਿਊ ਏ ਦੀ ਸੱਭ ਤੋਂ ਵੱਡੀ ਪ੍ਰਾਪਤੀ, ਸਾਰੇ ਲੱਕੜ-ਕਾਮਿਆਂ (ਵੁੱਡਵਰਕਰਜ਼) ਨੂੰ - ਗੋਰੇ, ਇੰਡੀਅਨ, ਚੀਨੇ, ਜਪਾਨੀ - ਬਿਨਾਂ ਕਿਸੇ ਨਸਲ ਜਾਂ ਰੰਗ ਦੇ ਵਖਰੇਵੇਂ ਦੇ ਸੱਭ ਨੂੰ ਇੱਕ ਲੜੀ ਵਿੱਚ ਜੋੜਨ ਦੀ ਸੀ। ਆਈ ਡਬਲਿਊ ਏ ਦੇ ਦੂਰ ਅੰਦੇਸ਼ੀ ਵਾਲੇ ਅਤੇ ਜੁਝਾਰੂ ਆਗੂਆਂ ਦੀ ਮਿਹਰਬਾਨੀ ਨਾਲ 37,000 ਲੱਕੜ-ਕਾਮੇ ਹੁਣ ਮੁਕਾਬਲਤਨ ਚੰਗੀਆਂ ਤਨਖਾਹਾਂ ਅਤੇ ਕੰਮ ਦੀਆਂ ਹਾਲਤਾਂ ਦਾ ਆਨੰਦ ਮਾਣ ਰਹੇ ਹਨ। ਕਈ ਤਰ੍ਹਾਂ ਨਾਲ, ਘੱਟ ਗਿਣਤੀਆਂ ਦੇ ਲੋਕਾਂ ਨੂੰ, ਜਿਨ੍ਹਾਂ ਨਾਲ ਹਮੇਸ਼ਾਂ ਵਿਤਕਰਾ ਅਤੇ ਵਧੀਕੀਆਂ ਹੁੰਦੀਆਂ ਰਹੀਆਂ ਹਨ, ਕਾਫੀ ਜ਼ਿਆਦਾ ਫਾਇਦਾ ਹੋਇਆ ਹੈ।

ਇਹ ਮਹਾਨ ਏਕਤਾ ਅਤੇ ਯੋਗ ਅਗਵਾਈ, ਜਿਹਨੇ ਬੀ ਸੀ ਦੇ ਲੱਕੜ-ਕਾਮਿਆਂ ਵਾਸਤੇ ਇੰਨੇ ਜ਼ਿਆਦਾ ਹੱਕ ਜਿੱਤੇ ਹਨ, ਹਰ ਹਾਲਤ ਵਿੱਚ ਕਾਇਮ ਰਹਿਣੀ ਚਾਹੀਦੀ ਹੈ ਅਤੇ ਵਧਣੀ ਚਾਹੀਦੀ ਹੈ। ਮਾਲਕ ਦੇ ਏਜੰਟਾਂ ਵਲੋਂ ਅਤੇ ਚਿੜਚਿੜੇ ਸੁਆਰਥੀ ਲੋਕਾਂ ਵਲੋਂ ਅੰਦਰੂਨੀ ਤੌਰ ਉੱਤੇ ਅੜਚਨਾਂ, ਅਤੇ ਮਾਲਕਾਂ ਵਲੋਂ ਅਤੇ ਉਨ੍ਹਾਂ ਦੇ ਕਠਪੁਤਲੇ ਸਿਆਸੀ ਲੋਕਾਂ ਵਲੋਂ ਬਾਹਰੋਂ ਹੋਣ ਵਾਲੇ ਹਮਲੇ ਬੇਸ਼ੱਕ ਜ਼ਾਰੀ ਰਹਿਣਗੇ। ਪਰ ਤੁਸੀਂ, ਆਈ ਡਬਲਿਊ ਏ ਦੇ ਸਾਥੀਓ, ਹਮੇਸ਼ਾਂ ਇੱਕਮੁੱਠ ਰਹਿਣਾ ਅਤੇ ਮਜ਼ਦੂਰ ਜਮਾਤ ਦੇ ਸਾਰੇ ਦੁਸ਼ਮਣਾਂ ਨੂੰ ਹਾਰ ਦੇਣੀ। ਸਿਰਫ ਲਗਾਤਾਰ ਚੌਕਸ ਰਹਿਣ ਨਾਲ ਅਤੇ ਸੰਘਰਸ਼ ਨਾਲ ਹੀ ਆਈ ਡਬਲਿਊ ਏ ਅਤੇ ਮਜ਼ਦੂਰ ਲਹਿਰ ਬਚਾਈ ਅਤੇ ਵਧਾਈ ਜਾ ਸਕਦੀ ਹੈ। ਸਾਡਾ ਇਹ ਹੀ ਨਾਹਰਾ ਹੋਣਾ ਚਾਹੀਦਾ ਹੈ।

ਆਰਥਿਕ ਮੁਹਾਣ ਉੱਤੇ ਅਸੀਂ ਕਾਫੀ ਮੱਲਾਂ ਮਾਰੀਆਂ ਹਨ ਪਰ ਅਜੇ ਬਹੁਤ ਕੁਝ ਕਰਨ ਵਾਲਾ ਪਿਆ ਹੈ ਅਤੇ ਮੇਰਾ ਇਹ ਪੱਕਾ ਵਿਸ਼ਵਾਸ ਹੈ ਕਿ ਆਈ ਡਬਲਿਊ ਏ ਨੂੰ ਹੋਰ ਸਰਗਰਮੀ ਨਾਲ ਸਿਆਸਤ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਅਸੀਂ ਸਾਫ ਦੇਖ ਸਕਦੇ ਹਾਂ ਕਿ ਕਿਸ ਤਰ੍ਹਾਂ ਸਾਡੀਆਂ ਆਰਥਿਕ ਪ੍ਰਾਪਤੀਆਂ ਨੂੰ ਬਿੱਲ 39 ਵਰਗੇ ਸਿਆਸੀ ਕਾਨੂੰਨਾਂ ਨਾਲ ਤਬਦੀਲ ਕਰ ਕੇ ਸਾਥੋਂ ਖੋਹਿਆ ਜਾ ਸਕਦਾ ਹੈ। ਇਸ ਮੈਦਾਨ ਵਿੱਚ ਆਈ ਡਬਲਿਊ ਏ ਨੂੰ ਕੰਮ ਕਰਕੇ ਬੀ ਸੀ ਵਿੱਚ ਅਤੇ ਕਨੇਡਾ ਵਿੱਚ ਮਜ਼ਦੂਰਾਂ ਅਤੇ ਕਿਸਾਨਾਂ ਦੇ ਸਾਂਝੇ ਮੋਰਚੇ ਵਾਲੀ ਲੋਕ-ਸਰਕਾਰ ਕਾਇਮ ਕਰਨੀ ਚਾਹੀਦੀ ਹੈ।

ਅੱਜ ਅਮਰੀਕਨ ਸਾਮਰਾਜਵਾਦ ਦੂਜੇ ਲੋਕਾਂ ਦੀਆਂ ਆਜ਼ਾਦੀਆਂ ਉੱਪਰ ਆਪਣੀਆਂ ਚੰਮ ਦੀਆਂ ਚਲਾ ਰਿਹਾ ਹੈ। ਅਮਰੀਕਨ ਸਾਮਰਾਜੀ ਸਾਰੇ ਯੂਰਪ ਨੂੰ ਆਪਣੀ ਜੇਬ ਵਿੱਚ ਪਾਉਣਾ ਚਾਹੁੰਦੇ ਹਨ। ਉਹ ਚੀਨ ਦੇ ਲੋਕਾਂ ਦੇ ਖਿਲਾਫ ਤਾਨਾਸ਼ਾਹ ਚਿਆਂਗ-ਕਾਏ-ਸ਼ੇਕ ਦੀ ਹਮਾਇਤ ਕਰ ਰਹੇ ਹਨ। ਸਾਊਥ ਈਸਟ ਏਸ਼ੀਆ ਵਿੱਚ ਬ੍ਰਿਟਿਨ, ਫਰਾਂਸ ਅਤੇ ਹੌਲੈਂਡ (ਅਮਰੀਕਨ ਮਦਦ ਨਾਲ) ਇੰਡੋਨੇਸ਼ੀਆ, ਵੀਅਤਨਾਮ ਅਤੇ ਇੰਡੋਚਾਈਨਾ ਦੀਆਂ ਰੀਪਬਲਿਕਾਂ ਨੂੰ ਕੁਚਲਣ ਦੀਆਂ ਕੋਸ਼ਸ਼ਾਂ ਕਰ ਰਹੇ ਹਨ।

ਭਾਰਤ ਵਿੱਚ ਜਿੱਥੇ ਸਾਡੇ ਲੋਕਾਂ ਨੇ ਬਰਤਾਨਵੀ ਬਸਤੀਵਾਦੀਆਂ ਕੋਲੋਂ ਵੱਡੀਆਂ ਰਿਆਇਤਾਂ ਜਿੱਤੀਆਂ ਹਨ ਅਤੇ 200 ਸਾਲ ਦੇ ਬਿਗਾਨੇ ਰਾਜ ਬਾਅਦ ਆਪਣੀ ਕੌਮੀ ਸਰਕਾਰ ਪ੍ਰਾਪਤ ਕੀਤੀ ਹੋਈ ਹੈ ਪਰ ਅਜੇ ਵੀ ਬਰਤਾਨੀਆਂ ਵਾਲੇ ਅਸਿੱਧੇ ਤਰੀਕੇ ਨਾਲ ਆਰਥਿਕ ਸਰਦਾਰੀ, ਦੇਸ਼ ਵੰਡ, ਅਤੇ ਰਜਵਾੜਾ ਸ਼ਾਹੀ ਅਤੇ ਵੱਡੇ ਵਪਾਰੀਆਂ ਨਾਲ ਸਾਂਝ ਰੱਖ ਕੇ ਦੇਸ਼ ਉੱਪਰ ਆਪਣਾ ਕਬਜਾ ਕਾਇਮ ਰੱਖਣ ਦੀਆਂ ਕੋਸ਼ਸ਼ਾਂ ਕਰ ਰਹੇ ਹਨ।

ਇਨ੍ਹਾਂ ਸਾਰੇ ਕੇਸਾਂ ਵਿੱਚ ਕਨੇਡੀਅਨ ਸਰਕਾਰ ਸਥਾਨਕ ਲੋਕਾਂ ਦੇ ਅਜ਼ਾਦੀ ਲਈ ਚੱਲ ਰਹੇ ਘੋਲ਼ਾਂ ਵਿਰੁੱਧ ਸਾਮਰਾਜਵਾਦੀਆਂ ਦੀ ਹਮਾਇਤ ਕਰ ਰਹੀ ਹੈ। ਸੰਖੇਪ ਵਿੱਚ, ਉਹੀ ਇਜਾਰੇਦਾਰ ਤਾਕਤਾਂ ਜਿਹੜੀਆਂ ਕਨੇਡੀਅਨ ਲੋਕਾਂ ਦੇ ਰਹਿਣ ਦੇ ਪੱਧਰ ਨੂੰ ਨੀਵਾਂ ਰੱਖਣ ਦੀ ਕੋਸ਼ਸ਼ ਕਰ ਰਹੀਆਂ ਹਨ, ਬਸਤੀਆਂ ਦੇ ਲੋਕਾਂ ਨੂੰ ਗੁਲਾਮ ਬਣਾਈ ਰੱਖਣ ਲਈ ਤਤਪਰ ਹਨ। ਨਤੀਜੇ ਵਜੋਂ, ਕਨੇਡੀਅਨ ਮਜ਼ਦੂਰ ਜਮਾਤ ਦਾ ਅਤੇ ਮੇਰੇ ਦੇਸ਼ ਦੇ ਲੋਕਾਂ ਦਾ ਇਕੋ ਇੱਕ ਸਾਂਝਾ ਦੁਸ਼ਮਣ ਹੈ ਦੁਨੀਆਂ ਦਾ ਸਾਮਰਾਜਵਾਦ। ਜੇ ਸਾਡੇ ਦੋਵਾਂ ਲੋਕਾਂ ਨੇ ਇਸ ਜ਼ਹਿਰੀਲੇ ਦੁਸ਼ਮਣ ਸਾਹਮਣੇ ਆਪਣੀ ਹੋਂਦ ਕਾਇਮ ਰੱਖਣੀ ਹੈ ਤਾਂ ਸਾਨੂੰ ਪੱਕੀ ਸਾਂਝ ਸਥਾਪਤ ਕਰਨੀ ਪਵੇਗੀ। ਸਾਮਰਾਜਵਾਦ ਵਿਰੁੱਧ ਸੰਘਰਸ਼ ਦੀ ਜਿੱਤ ਵਿੱਚ ਇਹ ਏਕਤਾ ਹੀ ਅਸਲੀ ਕੁੰਜੀ ਹੈ।

ਮੈਂ ਤੁਹਾਡੇ ਨਾਲ ਇਸ ਗੱਲ ਦਾ ਵਾਇਦਾ ਕਰਦਾ ਹਾਂ ਕਿ ਭਾਰਤੀ ਟਰੇਡ ਯੂਨੀਅਨ ਦੀ ਲਹਿਰ ਵਿੱਚ ਕੰਮ ਕਰਕੇ ਮੈਂ ਇਨ੍ਹਾਂ ਦੋਨ੍ਹਾਂ ਲੋਕਾਂ ਦਰਮਿਆਨ ਏਕਤਾ ਕਾਇਮ ਕਰਨ ਵਾਸਤੇ ਆਪਣੀ ਵਲੋਂ ਹਰ ਕੋਸ਼ਸ਼ ਕਰਾਂਗਾ। ਅਤੇ ਮੈਨੂੰ ਇਸ ਗੱਲ ਦਾ ਪੂਰਨ ਵਿਸ਼ਵਾਸ ਹੈ ਕਿ ਤੁਸੀਂ, ਕਨੇਡੀਅਨ ਮਜ਼ਦੂਰ ਲਹਿਰ ਦੇ ਸਾਥੀ, ਮੇਰੇ ਲੋਕਾਂ ਦੀ ਅਤੇ ਦੁਨੀਆਂ ਦੇ ਹੋਰ ਲੋਕਾਂ ਦੀ ਬਸਤੀਵਾਦੀਆਂ ਕੋਲੋਂ ਅਜ਼ਾਦੀ ਦੀ ਲੜਾਈ ਦੀ ਮਦਦ ਵਿੱਚ ਜੋ ਵੀ ਕਰ ਸਕੇ ਪੂਰੀ ਕੋਸ਼ਿਸ਼ ਨਾਲ ਕਰੋਗੇ। ਕਨੇਡਾ ਦੇ ਮਜ਼ਦੂਰ ਕਦੇ ਵੀ ਆਪਣੀ ਮੁਕੰਮਲ ਅਜ਼ਾਦੀ ਸਥਾਪਤ ਨਹੀਂ ਕਰ ਸਕਣਗੇ ਜਿੰਨਾ ਚਿਰ ਅੱਧੀ ਦੁਨੀਆਂ ਦੇ ਲੋਕ ਬਸਤੀਆਂ ਵਿੱਚ ਸਿੱਧੇ ਜਾਂ ਅਸਿੱਧੇ ਤੌਰ ਉੱਤੇ ਇਜਾਰੇਦਾਰ ਪੂੰਜੀਵਾਦ ਦੇ ਗੁਲਾਮ ਬਣੇ ਰਹਿਣਗੇ।

ਮੈਂ ਇੱਕ ਵਾਰੀ ਫੇਰ ਆਈ ਡਬਲਿਊ ਏ ਦੀ ਸਮੁੱਚੀ ਮੈਂਬਰਸ਼ਿਪ ਅਤੇ ਆਗੂਆਂ ਦਾ ਨਿੱਘਾ ਧੰਨਵਾਦ ਕਰਨਾ ਚਾਹੁੰਦਾ ਹਾਂ ਅਤੇ ਸੱਭ ਨੂੰ ਸ਼ੁੱਭ ਇਛਾਵਾਂ ਭੇਜਦਾ ਹਾਂ। ਕਿਰਪਾ ਕਰਕੇ ਮੇਰੇ ਇਸ ਖੱਤ ਨੂੰ ਮੇਰਾ ਡਿਸਟਰਿਕਟ ਟਰੱਸਟੀ ਦੇ ਔਹਦੇ, ਜਿਸ ਉੱਪਰ ਮੈਂ ਕਈ ਸਾਲ ਰਿਹਾ ਹਾਂ, ਤੋਂ ਅਸਤੀਫਾ ਸਮਝਣਾ।

ਅੱਗੇ ਆਉਣ ਵਾਲੇ ਸੰਘਰਸ਼ਾਂ ਵਿੱਚ ਤੁਹਾਨੂੰ ਸੱਭ ਸਾਥੀਆਂ ਨੂੰ ਹਰ ਜਿੱਤ ਦੀ ਕਾਮਨਾ ਕਰਦਾ ਹਾਂ। ਅਲਵਿਦਾ ਆਈ ਡਬਲਿਊ ਏ ਅਤੇ ਅਲਵਿਦਾ ਕੈਨੇਡਾ।

ਭਰਾਤਰੀ ਪਿਆਰ ਨਾਲ
ਦਰਸ਼ਨ ਸਿੰਘ

'ਵਤਨ' 'ਚੋਂ ਧੰਨਵਾਦ ਸਹਿਤ

# ਗ਼ਦਰ ਲਹਿਰ-ਮੁਕੰਮਲ ਆਜ਼ਾਦੀ ਦੀ ਤਹਿਰੀਕ

ਔਕਲੈਂਡ ਮਾਡਲ ਟਾਉਨ ਦੇ ਕਮਿਊਨਟੀ ਹਾਲ ਵਿਚ ਹਾਜ਼ਰ ਦੋਸਤੋ ਦੁਸ਼ਿਅੰਤ ਕੁਮਾਰ ਦਾ ਇਕ ਸ਼ਿਅਰ ਹੈ : - ਕੌਣ ਕਹਿਤਾ ਹੈ ਆਸਮਾਨ ਮੇਂ ਸੁਰਾਖ਼ ਨਹੀਂ ਹੋਤਾ, ਏਕ ਪੱਥਰ ਤੋ ਤਬੀਅਤ ਸੇ ਉਛਾਲੋ ਯਾਰੋ। ਤੁਸੀਂ ਲੋਕ ਤਬੀਅਤ ਨਾਲ ਪੱਥਰ ਉਛਾਲਣ ਵਾਲੇ ਹੋ। ਤੁਸੀਂ ਉਹ ਲੋਕ ਹੋ, ਜਿਹੜੇ ਆਸਮਾਨ 'ਚ ਸੁਰਾਖ਼ ਕਰ ਸਕਦੇ ਹੋ। ਇਸ ਗੱਲ ਦਾ ਇਲਮ ਮੈਨੂੰ ਉਸ ਦਿਨ ਹੋ ਗਿਆ ਸੀ, ਜਦੋਂ ਤੁਸੀਂ ਮੈਨੂੰ ਸੱਦਾ ਪੱਤਰ ਭੇਜਿਆ। ਇਸ ਸੱਦਾ ਪੱਤਰ ਵਿਚ ਦਰਜ ਸੀ ਕਿ ਗ਼ਦਰ ਲਹਿਰ ਦਾ ਸ਼ਤਾਬਦੀ ਵਰ੍ਹਾ ਮਨਾਇਆ ਜਾ ਰਿਹਾ ਹੈ ਤੇ ਇਸ ਸਿਲਸਿਲੇ ਵਿਚ ਆਪਾਂ ਗੱਲਾਂ ਕਰਨੀਆਂ ਹਨ ਕਿ ਗ਼ਦਰ ਲਹਿਰ ਤੇ ਗ਼ਦਰ ਲਹਿਰ ਦੇ ਪ੍ਰਭਾਵ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਲਹਿਰ 'ਤੇ ਅਤੇ ਇਸ ਸਾਰੇ ਕੁਝ ਦੇ ਨਾਲ-ਨਾਲ ਵਰਤਮਾਨ ਸਮੇਂ ਦੀਆਂ ਚੁਣੌਤੀਆਂ 'ਚੋਂ ਪਾਰ ਕਿਵੇਂ ਨਿਕਲਿਆ ਜਾ ਸਕਦਾ ਹੈ।

ਦੋਸਤੋ ਤੁਸੀਂ ਜ਼ਿੰਦਗੀ ਨੂੰ ਮੁਹੱਬਤ ਕਰਨ ਵਾਲੇ ਲੋਕ ਹੋ, ਜਿਨ੍ਹਾਂ ਲੋਕਾਂ ਕਰ ਕੇ ਲੋਕ ਲਹਿਰਾਂ ਉਠਦੀਆਂ ਹਨ, ਜਿਨ੍ਹਾਂ ਕਰਕੇ ਸ਼ਾਇਰ ਲਿਖਦੇ ਨੇ। ਗੁਰਤੇਜ ਕੁਹਾਰਵਾਲਾ ਦਾ ਇਕ ਸ਼ਿਅਰ ਹੈ : -

ਚੁੱਪ ਚਪੀਤੇ ਅੰਦਰ ਵੜ ਕੇ ਨ੍ਹੇਰਾ ਢੋਂਹਦੇ ਜੀਅ ਲੈਣਾ ਸੀ
ਜੇਕਰ ਦਿਲ ਨੂੰ ਅੱਗ ਨਾ ਲਗਦੀ, ਮੈਂ ਚਾਨਣ ਤੋਂ ਕੀ ਲੈਣਾ ਸੀ।

ਤੁਸੀਂ ਚਾਨਣ ਲੈਣ ਵਾਲੇ ਲੋਕ ਹੋ ਤੇ ਤੁਹਾਡੇ ਦਿਲ ਨੂੰ ਅੱਗ ਲੱਗੀ ਹੋਈ ਹੈ। ਤੁਸੀਂ ਬਾਕੀਆਂ ਤੋਂ ਵਖਰੇ ਹੋ। ਠੀਕ ਇਸੇ ਸਮੇਂ ਤੁਹਾਡੇ ਔਕਲੈਂਡ ਦੀਆਂ ਨਾਈਟ ਕਲੱਬਾਂ ਰੰਗੀਨ ਹੋਣਗੀਆਂ ਪਰ ਤੁਸੀਂ ਰੰਗੀਨੀਆਂ ਛੱਡ ਕੇ ਇਥੇ ਇਕੱਠੇ ਹੋਏ ਹੋ, ਇਹ ਤੁਹਾਡੀ ਫ਼ਿਤਰਤ ਹੈ। ਸੋ, ਮੈਂ ਤੁਹਾਡੀ ਏਸ ਫ਼ਿਤਰਤ ਨੂੰ ਸਲਾਮ ਕਰਨ ਆਇਆ ਹਾਂ। ਮੈਂ ਜਦੋਂ ਗੱਲ ਕਰਾਂਗਾ ਗ਼ਦਰ ਲਹਿਰ ਦੀ, ਭਗਤ ਸਿੰਘ ਹੋਰਾਂ ਦੀ ਜਾਂ ਵਰਤਮਾਨ ਦੀ, ਤਾਂ ਮੈਂ ਕੋਸ਼ਿਸ਼ ਕਰਾਂਗਾ ਗੱਲ ਦੁਹਰਾਈ ਨਾ ਜਾਵੇ। ਮੈਂ ਗ਼ਦਰ ਲਹਿਰ ਦੇ ਉਦੇਸ਼ਾਂ, ਆਦਰਸ਼ਾਂ ਤੇ ਉਹਦੀ ਰਾਜਨੀਤੀ ਦੀ ਗੱਲ ਕਰਾਂਗਾ।

ਸਭ ਤੋਂ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਗ਼ਦਰੀ ਬਾਬੇ ਕੌਣ ਸਨ? ਤੁਸੀਂ ਜਾਣਦੇ ਹੋ ਗ਼ਦਰੀ ਬਾਬੇ ਕੌਣ ਸਨ ਪਰ ਪੰਜਾਬ ਵਿਚ ਬਹੁਤੇ ਲੋਕਾਂ ਵਾਸਤੇ ਬਾਬੇ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ। ਇਹ ਜਿਹੜਾ ਹਨੇਰਾ ਹੈ। ਇਸ ਹਨੇਰੇ ਨੂੰ ਦੂਰ ਕਰਨ ਦੀ ਜ਼ਰੂਰਤ ਹੈ। ਇਹ ਹਨੇਰਾ ਤਾਂ ਹੀ ਦੂਰ ਹੋਵੇਗਾ ਜੇ ਆਪਾਂ ਇਸ ਚਿੰਤਾ ਵਿਚੋਂ ਚਿੰਤਨ ਕਰਾਂਗੇ। ਚਿੰਤਨ ਇਸ ਕਰ ਕੇ, ਕਿਉਂਕਿ ਜਿਨ੍ਹਾਂ ਗ਼ਦਰੀ ਬਾਬਿਆਂ ਬਾਰੇ ਆਪਾਂ ਗੱਲ ਕਰ ਰਹੇ ਹਾਂ, ਉਹ ਵੀ ਚਿੰਤਨ ਵਾਲੇ ਲੋਕ ਸੀ। ਉਨ੍ਹਾਂ ਨੇ ਵੀ ਚਿੰਤਾ ਤੋਂ ਅਗਲਾ ਪੜਾਅ ਚਿੰਤਨ ਦਾ ਸਰ ਕੀਤਾ ਤੇ ਚਿੰਤਨ ਵਿਚੋਂ ਰਸਤੇ ਲੱਭੇ ਕਿ ਹੋਣਾ ਕੀ ਚਾਹੀਦਾ ਹੈ? ਇਹ 1900 ਦੇ ਪਹਿਲੇ ਦਹਾਕੇ ਦੀਆਂ ਗੱਲਾਂ ਨੇ। ਜਦੋਂ ਭਾਰਤ ਵਿਚੋਂ, ਬਹੁਤੇ ਪੰਜਾਬ ਵਿਚੋਂ ਹਜ਼ਾਰਾਂ ਲੋਕ ਰੁਖ਼ਸਤ ਕਰ ਗਏ ਮਲਾਇਆ, ਸਿੰਗਾਪੁਰ, ਇੰਡੋਨੇਸ਼ੀਆ ਤੇ ਉਥੋਂ ਅੱਗੇ ਕਨੇਡਾ ਤੇ ਅਮਰੀਕਾ। ਉਹ ਇਨ੍ਹਾਂ ਮੁਲਕਾਂ ਵਿਚ ਚੰਗੀ ਜ਼ਿੰਦਗੀ ਲਈ ਰੁਜ਼ਗਾਰ ਦੀ ਭਾਲ ਵਿਚ ਨਿਕਲੇ। ਉਹ ਉਥੇ ਐਵੇਂ ਚਾਅ ਨਾਲ ਨਹੀਂ ਸੀ ਗਏ। ਆਪਣੇ ਘਰ ਨੂੰ ਛੱਡਣ ਦਾ ਕਿਸੇ ਦਾ ਜੀਅ ਨਹੀਂ ਕਰਦਾ, ਤੁਹਾਡਾ ਵੀ ਨਹੀਂ ਕਰਦਾ। ਪਤਾ ਨਹੀਂ ਕਿਹੜੀਆਂ ਮਜਬੂਰੀਆਂ ਵਿਚ ਤੁਸੀਂ ਇਥੇ ਆਏ ਹੋ। ਪਰ ਉਸ ਵੇਲੇ ਜਿਹੜੇ ਲੋਕ ਗਏ, ਉਹ ਪੰਜਾਬ ਦੇ ਦਸਤਕਾਰ, ਕਿਸਾਨ, ਮਜ਼ਦੂਰ ਸਨ ਤੇ ਇਨ੍ਹਾਂ ਵਿਚੋਂ 75 ਫ਼ੀਸਦੀ ਉਹ ਸਨ ਜਿਹੜੇ ਅੰਗਰੇਜ਼ ਦੀ ਹਕੂਮਤ ਦੌਰਾਨ ਉਨ੍ਹਾਂ ਦੀਆਂ ਫ਼ੌਜੀ ਛਾਉਣੀਆਂ ਦੀ ਰਾਖੀ ਕਰਦੇ ਸਨ। ਪਰ ਅੰਗਰੇਜ਼ਾਂ ਦੇ ਦੁਰਕਾਰੇ ਹੋਏ, ਅੰਗਰੇਜ਼ਾਂ ਦੇ ਨਸਲੀ ਵਿਤਕਰੇ ਤੋਂ ਦੁਖੀ ਹੋਏ ਉਨ੍ਹਾਂ ਲੋਕਾਂ ਨੇ ਅਕੀਦਾ ਕੀਤਾ ਕਿ ਆਪਾਂ ਆਪਣੇ ਘਰ ਦੀ ਖ਼ੁਸ਼ਹਾਲੀ ਵਾਸਤੇ ਮੁਲਕ ਛੱਡੀਏ ਤੇ ਅਮਰੀਕਾ, ਕਨੇਡਾ ਪਹੁੰਚੀਏ। ਗਏ ਤਾਂ ਉਹ ਆਪਣੇ ਘਰ ਦੀ ਖ਼ੁਸ਼ਹਾਲੀ ਲਈ ਸੀ, ਪਰ ਜਦੋਂ ਉਥੇ ਗਏ ਤਾਂ ਉਨ੍ਹਾਂ ਨੇ ਦੋ ਵੱਡੀਆਂ ਤਬਦੀਲੀਆਂ ਦੇਖੀਆਂ- ਭਾਰਤੀ ਸੁਸਾਇਟੀ ਤੇ ਉਥੋਂ ਦੀ ਸੁਸਾਇਟੀ ਵਿਚ। ਇਕ ਤਬਦੀਲੀ ਜਿਹੜੀ ਉਨ੍ਹਾਂ ਦੇ ਮਨ ਨੂੰ ਭਾਈ, ਉਹ ਇਹ ਸੀ ਕਿ ਉਥੋਂ ਦੀਆਂ ਸਰਕਾਰਾਂ ਚੁਣੀਆਂ ਹੋਈਆਂ ਸਨ। ਭਾਰਤ 'ਤੇ ਠੋਸੀ ਹੋਈ ਸਰਕਾਰ ਸੀ। ਭਾਰਤ ਨੂੰ ਅੰਗਰੇਜ਼ਾਂ ਨੇ ਬਸਤੀ ਬਣਾਇਆ ਸੀ, ਬਾਕੀ ਮੁਲਕਾਂ ਵਾਂਗ। ਉਥੋਂ ਦੀਆਂ ਜਿਹੜੀਆਂ ਸਰਕਾਰਾਂ ਸਨ, ਉਨ੍ਹਾਂ ਵਿਚ ਜ਼ਿਆਦਾ ਨਹੀਂ ਤਾਂ ਕਾਫ਼ੀ ਪਾਰਦਰਸ਼ਤਾ ਸੀ। ਇਹ ਗੱਲ ਉਨ੍ਹਾਂ ਨੂੰ ਕਾਫ਼ੀ ਚੰਗੀ ਲੱਗੀ ਕਿ ਜੇ ਮੁਲਕ ਹੋਵੇ ਤਾਂ ਐਦਾਂ ਦਾ, ਭਾਵੇਂ ਉਹ ਕੋਈ ਮੁਕੰਮਲ ਮਾਡਲ ਮੁਲਕ ਨਹੀਂ ਸੀ ਪਰ ਉਨ੍ਹਾਂ ਨੂੰ ਉਨ੍ਹਾਂ ਦੀ ਸਰਕਾਰ ਚੰਗੀ ਲੱਗੀ।

ਉਨ੍ਹਾਂ ਦੇ ਮਨ 'ਚ ਚਿਣਗ ਉਠੀ ਕਿ ਸਾਡਾ ਭਾਰਤ ਇਵੇਂ ਦਾ ਕਿਉਂ ਨਹੀਂ? ਪਰ ਸਭ ਤੋਂ ਜ਼ਿਆਦਾ ਤਕਲੀਫ਼ਦੇਹ ਗੱਲ ਜਿਹੜੀ ਹੋਈ, ਉਹ ਸੀ ਕਿ ਜਿਹੜੇ ਭਾਰਤੀ ਉਥੇ ਗਏ, ਉਨ੍ਹਾਂ ਨਾਲ ਚੌਥੇ ਦਰਜੇ ਤੋਂ ਵੀ ਹੇਠਾਂ ਦੇ ਨਾਗਰਿਕ ਵਾਂਗ ਵਿਹਾਰ ਕੀਤਾ ਜਾਂਦਾ ਸੀ। ਉਨ੍ਹਾਂ ਵਾਸਤੇ ਬੋਰਡ ਲੱਗੇ ਸੀ ਕਿ ਇਥੇ ਭਾਰਤੀ ਕੁੱਤੇ ਨਹੀਂ ਆ ਸਕਦੇ। ਬੰਦੇ ਨੂੰ ਜੇ ਕੁੱਤੇ ਨਾਲ ਤਸ਼ਬੀਹ ਦੇਣੀ ਐ ਤਾਂ ਤਕਲੀਫ਼ ਹੋਣਾ ਲਾਜ਼ਮੀ ਹੈ। ਇਹਦੇ ਕਾਰਨ ਆਜ਼ਾਦੀ ਦੀ ਚਿਣਗ ਹੋਰ ਭੜਕੀ। ਉਸ ਚਿਣਗ ਦਾ ਹੀ ਚਮਕਾਰਾ

**ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ, ਔਕਲੈਂਡ (ਨਿਊਜ਼ੀਲੈਂਡ) ਵਲੋਂ 27 ਜੁਲਾਈ, 2013 ਨੂੰ ਮੁਖ ਬੁਲਾਰੇ ਵਜੋਂ 'ਨਵੀਂ ਦੁਨੀਆ' ਦੇ ਸੰਪਾਦਕ ਸੁਸ਼ੀਲ ਦੁਸਾਂਝ ਵਲੋਂ ਕੀਤੇ ਗਏ ਭਾਸ਼ਣ ਦੇ ਕੁਝ ਅੰਸ਼ ਪਾਠਕਾਂ ਲਈ**




ਸੀ ਕਿ ਹੌਲੀ-ਹੌਲੀ ਲੋਕਾਂ ਨੇ ਜਥੇਬੰਦ ਹੋਣਾ ਸ਼ੁਰੂ ਕੀਤਾ।

ਜਦੋਂ ਕੋਈ ਜਥੇਬੰਦੀ ਬਣਦੀ ਹੈ ਤਾਂ ਪਹਿਲਾਂ ਲਾਜ਼ਮੀ ਤੌਰ 'ਤੇ ਇਕੋ-ਇਕ ਵਿਚਾਰ ਹੁੰਦਾ ਹੈ ਕਿ ਆਪਾਂ ਇਕੱਠੇ ਹੋਣਾ ਹੈ। ਜਦੋਂ 'ਕੱਠੇ ਹੁੰਦੇ ਹਾਂ ਤਾਂ ਉਦੋਂ ਇਹ ਵਿਚਾਰ ਹੁੰਦਾ ਹੈ ਕਿ ਆਪਾਂ ਕਰਨਾ ਕੀ ਹੈ? ਇਥੋਂ ਹੀ ਤਬਦੀਲੀ ਆਈ। ਗੁਰਦੁਆਰੇ ਬਣੇ, ਮੀਟਿੰਗਾਂ ਹੋਣ ਲੱਗੀਆਂ। ਪਰ ਉਨ੍ਹਾਂ ਨੇ ਗੁਰਦੁਆਰਿਆਂ ਗੁਰਦੁਆਰਿਆਂ 'ਤੇ ਹੀ ਟੇਕ ਨਹੀਂ ਰੱਖੀ, ਉਨ੍ਹਾਂ ਨੇ ਆਪਣਾ ਦਫ਼ਤਰ ਬਣਾਇਆ 'ਯੁਗਾਂਤਰ ਆਸ਼ਰਮ'। ਦਫ਼ਤਰ ਬਣਾ ਕੇ ਜਥੇਬੰਦੀ ਬਣਾਈ ਤੇ ਫੇਰ ਫ਼ੈਸਲਾ ਕੀਤਾ ਕਿ ਜੋ ਕੁਝ ਵੀ ਹੋਵੇਗਾ, ਰਾਜਨੀਤੀ ਵਿਚ ਹੋਏਗਾ, ਰਾਜਨੀਤੀ ਰਾਹੀਂ ਹੋਏਗਾ। ਗ਼ਦਰੀਆਂ ਨੇ ਸਮਝ ਲਿਆ ਕਿ ਤਬਦੀਲੀ ਰਾਜਨੀਤੀ ਕਰਿਆ ਕਰਦੀ ਹੈ, ਸਵਾਲ ਦ੍ਰਿਸ਼ਟੀਕੋਣ ਦਾ ਹੈ। ਤੁਸੀਂ ਐਨਕਾਂ ਲਾ ਸਕਦੇ ਹੋ ਜੇ ਨਿਗ੍ਹਾ ਕਮਜ਼ੋਰ ਹੈ ਪਰ ਐਨਕ ਲਾ ਕੇ ਨਹੀਂ ਸਰਨਾ, ਨਜ਼ਰੀਆ ਵੀ ਚਾਹੀਦੈ, ਦ੍ਰਿਸ਼ਟੀਕੋਣ ਵੀ ਚਾਹੀਦਾ ਹੈ। ਉਹ ਨਜ਼ਰੀਆ ਹੀ ਉਨ੍ਹਾਂ ਨੇ ਫੜਿਆ। ਇਹ ਨਜ਼ਰੀਆ ਸੀ ਮੁਕੰਮਲ ਆਜ਼ਾਦੀ ਦਾ। 1912-13 ਵਿਚ ਜਦੋਂ ਜਥੇਬੰਦੀ ਬਣਦੀ ਹੈ ਉਨ੍ਹਾਂ ਦੇ ਆਦਰਸ਼ ਵਿਚ 1857 ਦਾ ਗ਼ਦਰ ਹੁੰਦਾ ਹੈ ਪਰ ਅਗਰ ਭੂਮੀ ਵਿਚ ਹਥਿਆਰਬੰਦ ਸੰਘਰਸ਼ ਤੇ ਪਿੱਠਭੂਮੀ ਵਿਚ ਬਕਾਇਦਗੀ ਨਾਲ ਰਾਜਨੀਤੀ ਹੈ। ਇਨਕਲਾਬੀ ਤੇ ਜੋਸ਼ੀਲੀ ਰਾਜਨੀਤੀ, ਮੁਲਕ ਨੂੰ ਨਹੀਂ ਦੁਨੀਆ ਨੂੰ ਬਦਲ ਦੇਣ ਦੀ ਰਾਜਨੀਤੀ। ਇਹ ਠੀਕ ਹੈ ਕਿ ਪ੍ਰਮੁੱਖ ਲੜਾਈ ਭਾਰਤ ਨੂੰ ਆਜ਼ਾਦ ਕਰਾਉਣ ਦੀ ਸੀ ਪਰ ਮੈਂ ਜਿਸ ਗੱਲ 'ਤੇ ਜ਼ੋਰ ਦੇਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਗ਼ਦਰੀ ਬਾਬਿਆਂ ਨੇ ਦੁਨੀਆ ਭਰ ਦੀਆਂ ਗੁਲਾਮ ਬਸਤੀਆਂ ਨੂੰ ਆਜ਼ਾਦ ਕਰਾਉਣ ਦਾ ਨਿਸ਼ਾਨਾ ਮਿੱਥਿਆ। ਉਨ੍ਹਾਂ ਨੇ ਚੀਨ ਦੇ ਲੋਕਾਂ ਨਾਲ ਰਾਬਤਾ ਕਾਇਮ ਕੀਤਾ, ਰੂਸ ਨਾਲ ਵੀ ਰਾਬਤਾ ਕਾਇਮ ਕੀਤਾ।

ਇਸ ਨਜ਼ਰੀਏ ਤੋਂ ਤੁਸੀਂ ਇਸ ਨੂੰ ਕੇਵਲ ਕੌਮੀ ਮੁਕਤੀ ਅੰਦੋਲਨ ਨਹੀਂ ਕਹਿ ਸਕਦੇ, ਇਹ ਅੰਗਰੇਜ਼ਾਂ ਵਲੋਂ ਬਣਾਈਆਂ ਬਸਤੀਆਂ ਨੂੰ ਆਜ਼ਾਦ ਕਰਾਉਣ ਦਾ ਪਹਿਲਾ ਰਾਜਨੀਤਕ ਅੰਦੋਲਨ ਸੀ। ਇਹ ਭਾਰਤ ਦੇ ਗ਼ਦਰੀਆਂ ਨੇ ਕੀਤਾ, ਤੁਹਾਡੇ ਪੁਰਖਿਆਂ ਨੇ ਕੀਤਾ, ਇਸ ਗੱਲ ਦਾ ਤੁਹਾਨੂੰ ਮਾਣ ਹੋਣਾ ਚਾਹੀਦਾ ਹੈ।

ਉਨ੍ਹਾਂ ਦੇ ਆਦਰਸ਼ਾਂ ਵਿਚ ਸਮੁੱਚੀ ਲੋਕਾਈ ਦੀ ਖ਼ੁਸ਼ਹਾਲੀ ਸੀ। ਅਜਿਹੇ ਆਦਰਸ਼, ਜੋ ਪੂਰੇ ਹੋ ਸਕਦੇ ਹਨ ਹਥਿਆਰਬੰਦ ਸੰਘਰਸ਼ ਨਾਲ ਪਰ ਹਥਿਆਰਬੰਦ ਸੰਘਰਸ਼ ਕੀਤਾ ਕਿਵੇਂ ਜਾਏ, ਉਹਦੇ ਦਾਅ-ਪੇਚ ਕੀ ਹੋਣ, ਇਹਦੇ 'ਤੇ ਵੀ ਖੁੱਲ੍ਹੀਆਂ ਵਿਚਾਰਾਂ ਹੋਈਆਂ। ਇਹ ਨਹੀਂ ਕਿ ਚਾਰ ਬੰਦੇ ਉਠ ਕੇ ਇਨਕਲਾਬ ਕਰ ਦੇਣਗੇ, ਮੁਲਕ ਵਿਚ ਕ੍ਰਾਂਤੀ ਤੋਂ ਲੈ ਆਉਣਗੇ ਇਹ ਨਹੀਂ। ਉਨ੍ਹਾਂ ਨੇ ਬਕਾਇਦਾ ਜਥੇਬੰਦੀ ਬਣਾਉਣ ਤੋਂ ਬਾਅਦ ਇਸ ਗੱਲ ਦਾ ਪੂਰੀ ਤਰ੍ਹਾਂ ਨਕਸ਼ਾ ਤਿਆਰ ਕੀਤਾ ਕਿ ਜਿਹੜੀਆਂ ਫ਼ੌਜੀ ਛਾਉਣੀਆਂ ਤੋਂ ਉਠ ਕੇ ਆਏ ਹਾਂ, ਉਨ੍ਹਾਂ ਫ਼ੌਜੀ ਛਾਉਣੀਆਂ ਵਿਚ ਹੀ ਬਗ਼ਾਵਤ ਕਰਾਈ ਜਾਵੇ। ਇਨ੍ਹਾਂ ਗ਼ਦਰੀਆਂ ਨੇ ਸਮਝ ਲਿਆ ਕਿ ਦੋ ਤਰੀਕੇ ਨਾਲ ਆਜ਼ਾਦੀ ਮਿਲ ਸਕਦੀ ਹੈ - ਇਕ ਫ਼ੌਜੀ ਤਾਕਤ ਨਾਲ, ਦੂਜੀ ਦਾਅ-ਪੇਚ ਨਾਲ। ਇਨ੍ਹਾਂ ਦੋਵੇਂ ਚੀਜ਼ਾਂ ਨੂੰ ਸਮਝ ਕੇ, ਉਨ੍ਹਾਂ ਸੋਚਿਆ ਕਿ ਹੁਣ ਵਤਨ ਨੂੰ ਪਰਤਣਾ ਪਏਗਾ। ਪਰ ਵਤਨ ਜਾਣ ਤੋਂ ਪਹਿਲਾਂ ਤਿਆਰੀ ਕਰ ਲਈ ਗਈ ਗ਼ਦਰ ਅਖ਼ਬਾਰ ਕੱਢ ਕੇ। ਗ਼ਦਰ ਅਖ਼ਬਾਰ ਵੱਖ-ਵੱਖ ਜ਼ੁਬਾਨਾਂ 'ਚ ਛਪਿਆ। ਗ਼ਦਰ ਪੰਜਾਬੀ ਅਖ਼ਬਾਰ ਦਾ ਸੰਪਾਦਕ 16 ਸਾਲ ਦੇ ਨੌਜਵਾਨ ਕਰਤਾਰ ਸਿੰਘ ਨੂੰ ਲਾਇਆ ਗਿਆ। ਉਸ ਦੀ ਪ੍ਰਤਿਭਾ ਦਾ ਕੌਣ ਕਾਇਲ ਨਹੀਂ ਹੋਵੇਗਾ। ਤੁਸੀਂ ਦੇਖੋ ਆਪਣੀ ਤਹਿਰੀਕ। 23 ਸਾਲ ਦਾ ਨੌਜਵਾਨ ਭਗਤ ਸਿੰਘ ਫਾਂਸੀ 'ਤੇ ਚੜ੍ਹ ਜਾਂਦਾ ਹੈ, 17 ਸਾਲ ਦੀ ਉਮਰ 'ਚ ਭਗਤ ਸਿੰਘ ਪਹਿਲਾ ਲੇਖ ਲਿਖਦਾ ਹੈ, ਪੰਜਾਬੀ ਭਾਸ਼ਾ ਬਾਰੇ। ਉਸ ਨੌਜਵਾਨ ਦੀ ਪ੍ਰਤਿਭਾ ਕਿਥੋਂ ਲੱਭਣੀ ਹੈ ਆਪਾਂ, ਇਹ ਇਸ ਵੇਲੇ ਸਾਡੇ ਸਾਹਮਣੇ ਚੁਣੌਤੀ ਹੈ। ਅਸੀਂ ਅੱਜ ਭਾਰਤ ਵਿਚ ਆਲੇ-ਦੁਆਲੇ ਨਜ਼ਰ ਮਾਰੀਏ ਤਾਂ ਇਸ ਉਮਰ ਵਰਗ ਦਾ ਨੌਜਵਾਨ ਕੀ ਕਰ ਰਿਹਾ ਹੈ? ਤੇ ਉਸ ਵੇਲੇ 16 ਸਾਲ ਦਾ ਨੌਜਵਾਨ ਕਰਤਾਰ ਸਿੰਘ ਸਰਾਭਾ ਕੀ ਕਰ ਰਿਹਾ ਸੀ?

ਗ਼ਦਰ ਕੋਈ ਭਾਵਨਾਤਮਕ ਲਫ਼ਜ਼ ਨਹੀਂ ਹੈ, ਅੰਗਰੇਜ਼ਾਂ ਨੇ ਜਾਣਬੁਝ ਕੇ ਨਾਂਹ-ਪੱਖੀ ਨਾਂਅ ਦਿੱਤਾ ਸੀ ਇਨ੍ਹਾਂ ਅੰਦੋਲਨਾਂ ਨੂੰ। ਇਕ ਵੱਡੀ ਸਮਝਣ ਵਾਲੀ ਗੱਲ ਹੈ - ਅੰਗਰੇਜ਼ਾਂ ਨੇ ਪਹਿਲਾਂ 1857 ਦੇ ਗ਼ਦਰ ਨੂੰ ਗ਼ਦਰ ਦਾ ਨਾਂਅ ਦਿੱਤਾ। ਗ਼ਦਰ ਭਾਵ ਸਰਕਾਰ ਖ਼ਿਲਾਫ਼ ਵਿਦਰੋਹ, ਬਗ਼ਾਵਤ, ਉਹੀ ਅੰਗਰੇਜ਼ ਹਕੂਮਤ ਦੂਜੇ ਗ਼ਦਰ ਨੂੰ ਉਹੀ ਨਾਂਅ ਦੇ ਰਹੀ ਹੈ। ਪਰ ਸਮਝਣ ਗੱਲ ਇਹ ਹੈ ਕਿ ਸਾਡੇ ਮਹਾਨ ਇਨਕਲਾਬੀਆਂ ਨੇ ਉਸ ਨਾਂਹ-ਪੱਖੀ ਸ਼ਬਦ 'ਗ਼ਦਰ' ਨੂੰ ਹਾਂ-ਪੱਖੀ ਬਣਾ ਦਿੱਤਾ, ਇਨਕਲਾਬ ਵਿਚ ਤਬਦੀਲ ਕਰਨ ਦੀ ਕੋਸ਼ਿਸ਼ ਕਰਦਿਆਂ। ਅੰਗਰੇਜ਼ ਦਾ ਜਵਾਬ ਅੰਗਰੇਜ਼ ਦੇ ਹੀ ਸ਼ਬਦ ਰਾਹੀਂ ਉਸ ਨੂੰ ਮੋੜ ਦਿੱਤਾ ਤੇ ਗ਼ਦਰ ਅਖ਼ਬਾਰ ਰਾਹੀਂ ਗ਼ਦਰ ਦਾ ਸੁਨੇਹਾ ਭਾਰਤ ਦੇ ਸ਼ਹਿਰਾਂ-ਪਿੰਡਾਂ ਤਕ ਪਹੁੰਚਿਆ। ਉਸ ਵੇਲੇ ਵੀ ਦਸ ਲੱਖ ਅਖ਼ਬਾਰ ਛਪਦਾ ਸੀ। ਤੁਸੀਂ ਅੰਦਾਜ਼ਾ ਕਰੋ ਕਿ ਅੱਜ ਤੁਸੀਂ ਕਿਸ ਯੁੱਗ 'ਚ ਰਹਿ ਰਹੇ ਹੋ। ਅੱਜ ਦੁਨੀਆ ਹਾਈਟੈਕ ਹੈ, ਦੁਨੀਆ ਭਰ ਦੀ ਜਾਣਕਾਰੀ ਇਕ ਸੈਕਿੰਡ ਵਿਚ ਤੁਸੀਂ ਹਾਸਲ ਕਰ ਸਕਦੇ ਹੋ। ਉਹ ਦੌਰ ਜਦੋਂ ਸੰਚਾਰ ਦੇ ਕੋਈ ਸਾਧਨ ਨਹੀਂ ਸੀ, ਉਹ ਦੌਰ ਜਦੋਂ ਸੁਨੇਹਾ ਲਾਉਣ ਵਾਸਤੇ ਕਿਸੇ ਕਿਸਮ ਦੀ ਤਕਨੀਕ ਨਹੀਂ ਸੀ, ਉਸ ਦੌਰ ਵਿਚ 10 ਲੱਖ ਅਖ਼ਬਾਰ ਛਾਪ ਕੇ ਦੁਨੀਆ ਦੇ ਹਰ ਖੂੰਜੇ 'ਚ ਪਹੁੰਚਾ ਦੇਣੀ, ਸਾਰੀਆਂ ਪਾਬੰਦੀਆਂ ਦੇ ਬਾਵਜੂਦ, ਇਸ ਤੋਂ ਵੱਡੀ ਪ੍ਰਾਪਤੀ ਹੋਰ ਕੀ ਹੋ ਸਕਦੀ ਹੈ? ਸੋ ਉਹ ਗ਼ਦਰ ਦਾ ਸੁਨੇਹਾ ਲੈ ਕੇ ਵਾਪਸ ਆਏ। ਦੁਨੀਆ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ, ਮੁੜ ਕੇ ਹੋਣਾ ਨਹੀਂ। ਤੁਸੀਂ ਵੀ ਆਏ ਹੋ ਇਥੇ, ਦੁਨੀਆ ਭਰ ਵਿਚ ਪੰਜਾਬੀ ਭਾਰਤੀ ਬੈਠੇ ਹਨ, ਉਨ੍ਹਾਂ ਨੇ ਭਾਰਤ ਨਹੀਂ ਮੁੜਨਾ। ਇਹ ਤੁਹਾਨੂੰ ਕੋਈ ਮਿਹਣਾ ਨਹੀਂ, ਉਦੋਂ ਹਾਲਾਤ ਹੋਰ ਸਨ। ਉਦੋਂ ਸਿੱਧੀ ਗ਼ੁਲਾਮੀ ਸੀ ਸਾਡੇ 'ਤੇ, ਅੱਜ ਗ਼ੁਲਾਮੀ ਦੇ ਪਾਸਾਰ ਬਦਲ ਗਏ। ਉਹ ਸਰੀਰਕ ਗ਼ੁਲਾਮੀ ਸੀ, ਸਰੀਰਕ ਗ਼ੁਲਾਮੀ ਤੋਂ ਬਾਅਦ ਮਾਨਸਿਕ ਤੇ ਆਰਥਕ ਗ਼ੁਲਾਮੀ ਆਉਂਦੀ ਸੀ, ਅੱਜ ਪਹਿਲਾਂ ਮਾਨਸਿਕ ਤੇ ਆਰਥਕ ਗ਼ੁਲਾਮੀ ਹੈ। ਇਸ ਕਰ ਕੇ ਤੁਹਾਨੂੰ ਮੁੜਨ ਦੀ ਲੋੜ ਨਹੀਂ, ਤੁਸੀਂ ਇਥੇ ਰਹਿ ਕੇ ਵੀ ਬਹੁਤ ਬਿਹਤਰ ਕੰਮ ਕਰ ਸਕਦੇ ਹੋ। ਦੁਨੀਆ ਵਿਚ ਕਿਤੇ ਲੜਿਆ ਜਾ ਸਕਦਾ ਹੈ। ਤੁਸੀਂ ਇਥੇ ਲੜ ਰਹੇ ਹੋ। ਅੱਜ ਤੁਹਾਡਾ ਇਹ ਮੁਲਕ ਹੈ। ਇਥੇ ਵੀ ਲੜਾਈ ਹੈ, ਇਹ ਵੀ ਲੜਾਈ ਦਾ ਮੈਦਾਨ ਹੈ। ਜਿਹੜੀ ਗੱਲ ਕੀਤੀ ਜਾ ਰਹੀ ਹੈ ਕਿ ਵਿਸ਼ਵ ਇਕ ਪਿੰਡ ਹੋ ਗਿਆ, ਵਿਸ਼ਵ ਇਕ ਪਿੰਡ ਲੁੱਟ ਲਈ ਹੋਇਆ ਹੈ। ਇਸ ਕਰ ਕੇ ਨਹੀਂ ਹੋਇਆ ਕਿ ਸਾਡੀ ਨੇੜਤਾ ਵੱਧ ਗਈ ਹੈ। ਲੁੱਟ-ਖਸੁੱਟ ਦਾ ਪਿੰਡ ਇਕ ਬਣਿਆ ਹੈ ਤੇ ਇਸ ਖ਼ਿਲਾਫ਼ ਲੜਾਈ ਤੁਸੀਂ ਔਕਲੈਂਡ ਵਿਚ ਵੀ ਲੜ ਸਕਦੇ ਹੋ। ਅਸੀਂ ਦਿਲੀ ਵਿਚ ਲੜਾਂਗੇ, ਚੰਡੀਗੜ੍ਹ ਵਿਚ ਲੜਾਂਗੇ, ਕੋਈ ਵੈਨਕੂਵਰ 'ਚ ਲੜੇਗਾ। ਇਸ ਲੜਾਈ ਦੀਆਂ ਤੰਦਾਂ ਵੀ ਵਿਸ਼ਵਵਿਆਪੀ ਬਣਾਉਣੀਆਂ ਪੈਣਗੀਆਂ। ਇਸ ਗਲੋਬਲ ਪਿੰਡ ਬਾਰੇ ਵੀ ਗ਼ਦਰੀਆਂ ਦੀ ਸਮਝ 1913 ਵਿਚ ਹੀ ਬਣ ਗਈ ਸੀ। ਉਹ ਸਮਝ ਗਏ ਸੀ ਕਿ ਲੁੱਟ ਦਾ ਸਾਧਨ ਬਣਾਉਣ ਲਈ ਵਿਸ਼ਵ ਨੂੰ ਇਕ ਪਿੰਡ ਬਣਾਉਣ ਦੀ ਤਿਆਰੀ ਹੋ ਰਹੀ ਹੈ। ਉਨ੍ਹਾਂ ਦੀਆਂ ਲਿਖਤਾਂ ਵਿਚ ਆਉਂਦਾ ਹੈ ਕਿ ਡਾਕ ਸੇਵਾਵਾਂ, ਸੰਚਾਰ ਸੇਵਾਵਾਂ ਦਾ ਜਾਲ ਇਸ ਤਰ੍ਹਾਂ ਵਿਛਾ ਦਿੱਤਾ ਗਿਆ ਹੈ ਕਿ ਇਸ ਵਿਸ਼ਵ ਨੂੰ ਇਕ ਪਿੰਡ ਬਣਾ ਕੇ ਸਾਜ਼ਿਸ਼ਾਨਾ ਤਰੀਕੇ ਨਾਲ ਆਪਣੀ ਹਕੂਮਤ ਨੂੰ ਕਾਇਮ ਰੱਖਣ ਦੇ ਉਚੇਚੇ ਯਤਨ ਕੀਤੇ ਜਾਣਗੇ।

ਉਦੋਂ 15 ਹਜ਼ਾਰ ਭਾਰਤੀਆਂ ਵਿਚੋਂ ਜਿਹੜੇ 8 ਹਜ਼ਾਰ ਮੁੜੇ, ਉਹ ਸਿਰਫ਼ ਆਪਣੇ ਮੁਲਕ ਨੂੰ ਆਜ਼ਾਦ ਕਰਾਉਣ ਲਈ ਹੀ ਪਰਤੇ ਸਨ। ਇਹ ਸਮਝ ਸਿਰਫ਼ ਭਾਵਨਾ ਨਾਲ ਪੈਦਾ ਨਹੀਂ ਹੁੰਦੀ, ਇਹ ਸਮਝ ਰਾਜਨੀਤਕ ਵਿਚਾਰਧਾਰਾ ਨਾਲ ਪੈਦਾ ਹੁੰਦੀ ਹੈ। ਉਹ ਰਾਜਨੀਤਕ ਵਿਚਾਰਧਾਰਾ ਇਹ ਕਿ ਮਨੁੱਖ ਦੇ ਹੱਥੋਂ ਮਨੁੱਖ ਦੀ ਲੁੱਟ ਨਾ ਹੋਵੇ। ਉਨ੍ਹਾਂ ਨੇ ਜਿਹੜਾ ਹੋਕਾ ਦਿੱਤਾ, ਬੜਾ ਮਹੱਤਵਪੂਰਨ ਹੈ। ਜੇ ਤੁਸੀਂ ਲਿਖਤਾਂ ਪੜ੍ਹੋ ਤਾਂ ਇਕ ਲਫ਼ਜ਼ ਆਉਂਦਾ ਹੈ ਕਿ ਗ਼ਦਰੀ ਉਸ ਵਕਤ ਦੀ ਮੁਰਦਾ ਸ਼ਾਂਤੀ ਨੂੰ ਭੰਗ ਕਰਨਾ ਚਾਹੁੰਦੇ ਸਨ। ਗ਼ਦਰੀ ਸਮਝ ਗਏ ਕਿ ਭਾਰਤੀਆਂ ਦੀ ਜਿਹੜੀ ਇਹ ਸ਼ਾਂਤੀ ਹੈ, ਉਹ ਅਫ਼ੀਮ ਦੇ ਨਸ਼ੇ ਤੋਂ ਵੀ ਮਾੜੀ ਹੈ। ਸ਼ਾਇਰ ਅਵਤਾਰ ਪਾਸ਼ ਨੇ ਲਿਖਿਆ ਹੈ :-

ਸਭ ਤੋਂ ਖ਼ਤਰਨਾਕ ਉਹ ਘੜੀ ਹੁੰਦੀ ਹੈ
ਜੋ ਤੁਹਾਡੇ ਗੁੱਟ 'ਤੇ ਬੱਧੀ
ਚਲਦੀ ਹੋਈ ਵੀ, ਖੜੀ ਹੁੰਦੀ ਹੈ।
ਸਭ ਤੋਂ ਖ਼ਤਰਨਾਕ ਉਹ ਚੰਨ ਹੁੰਦਾ ਹੈ
ਜੋ ਹਰ ਕਤਲ ਕਾਂਡ ਤੋਂ ਬਾਅਦ
ਤੁਹਾਡੇ ਸੁੰਨ ਹੋਏ ਵਿਹੜਿਆਂ 'ਚ ਚੜ੍ਹਦਾ ਹੈ
ਪਰ ਤੁਹਾਡੀਆਂ ਅੱਖਾਂ ਨੂੰ ਨਹੀਂ ਲੜਦਾ
ਸਭ ਤੋਂ ਖ਼ਤਰਨਾਕ ਪੁਲਸ ਦੀ ਕੁੱਟ ਨਹੀਂ
ਸਭ ਤੋਂ ਖ਼ਤਰਨਾਕ ਹੁੰਦੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ।

ਉਹ ਮੁਰਦਾ ਸ਼ਾਂਤੀ ਪਾਸ਼ ਨੇ ਮਹਿਸੂਸ ਕੀਤੀ। ਪਾਸ਼ ਤੋਂ ਪਹਿਲਾਂ ਉਹ ਮੁਰਦਾ ਸ਼ਾਂਤੀ ਗ਼ਦਰੀ ਬਾਬੇ ਮਹਿਸੂਸ ਕਰ ਚੁੱਕੇ ਸੀ। ਉਸ ਮੁਰਦਾ ਸ਼ਾਂਤੀ ਨੂੰ ਭੰਗ ਕਰਨ ਵਾਸਤੇ 8 ਹਜ਼ਾਰ ਗ਼ਦਰੀ ਭਾਰਤ ਪਰਤਦੇ ਨੇ ਤੇ ਭਾਰਤ ਆ ਕੇ ਕੀ ਵਾਪਰਦਾ ਹੈ? ਤਰੀਕ ਮੁਕੱਰਰ ਕਰ ਲਈ ਜਾਂਦੀ ਹੈ। ਬਾਕੀ 8 ਹਜ਼ਾਰ ਭਾਰਤੀਆਂ ਤੋਂ ਵੀ ਪਹਿਲਾਂ ਕਰਤਾਰ ਸਿੰਘ ਸਰਾਭਾ ਇਕ ਮਹੀਨਾ ਪਹਿਲਾਂ ਹੀ ਆ ਗਏ। ਉਨ੍ਹਾਂ ਨੇ ਆਉਣਾ ਤਾਂ ਉਨ੍ਹਾਂ ਨਾਲ ਹੀ ਸੀ, ਪਰ ਉਹ ਪਹਿਲਾਂ ਹੀ ਆ ਗਏ, ਏਨੀ ਕਾਹਲ ਸੀ ਉਨ੍ਹਾਂ ਨੂੰ।

ਮੈਂ ਆਪਣੀ ਗੱਲ ਤਾਰੀਕ 'ਤੇ ਲਿਆਉਣੀ ਚਾਹੁੰਦਾ ਹਾਂ। 21 ਫ਼ਰਵਰੀ 1915 ਨੂੰ ਭਾਰਤ ਵਿਚ ਵਿਦਰੋਹ ਕਰ ਦਿੱਤਾ ਜਾਵੇਗਾ। ਫ਼ੌਜੀ ਛਾਉਣੀਆਂ ਨੂੰ ਸੁਨੇਹੇ ਲੱਗ ਗਏ ਪਰ ਇਕ ਗ਼ੱਦਾਰ ਨੇ, ਜਿਸ ਦਾ ਨਾਂਅ ਕਿਰਪਾਲ ਸਿੰਘ ਸੀ, ਉਸ ਨੇ ਸੂਹ ਦੇ ਦਿੱਤੀ ਤੇ ਉਹ ਗ਼ਦਰ ਫ਼ੇਲ੍ਹ ਹੋ ਗਿਆ। ਪਰ ਕੀ ਗ਼ਦਰ ਫ਼ੇਲ੍ਹ ਹੋ ਗਿਆ? ਮੈਂ ਕਿਰਪਾਲ ਸਿੰਘ ਦੀ ਗੱਲ ਅੱਗੇ ਜਾ ਕੇ ਵੀ ਕਰਨੀ ਹੈ ਕਿਉਂਕਿ ਇਸ ਵੇਲੇ ਬਹੁਤ ਸਾਰੇ ਸਵਾਲ ਨੇ ਪਰ ਮੈਂ ਪਹਿਲਾਂ ਗ਼ਦਰੀਆਂ ਦੀ ਸਮਝ ਬਾਰੇ ਗੱਲ ਕਰਨੀ ਚਾਹੁੰਦਾ ਹਾਂ।

ਇਕ ਗ਼ਦਰੀਆਂ ਨੇ ਸਮਝ ਲਿਆ ਕਿ ਜੇ ਮੁਕੰਮਲ ਆਜ਼ਾਦੀ ਚਾਹੀਦੀ ਹੈ ਤਾਂ ਉਹ ਮੁਕੰਮਲ ਆਜ਼ਾਦੀ ਜਾਂ ਉਹ ਮੁਰਦਾ ਸ਼ਾਂਤੀ ਨਹੀਂ ਭੰਗ ਹੋ ਸਕਦੀ ਸੁਲ੍ਹਾ-ਸਫ਼ਾਈਆਂ ਨਾਲ, ਉਹਦੇ ਵਾਸਤੇ ਲੜਾਈ ਦਾ ਮੈਦਾਨ ਭਖਾਉਣਾ ਪਏਗਾ। ਅੰਗਰੇਜ਼ ਦੀ ਕੀ ਸਮਝ ਸੀ? ਅੰਗਰੇਜ਼ ਨੇ ਇਹ ਸਮਝ ਲਿਆ ਕਿ ਜੇ ਭਾਰਤ 'ਤੇ ਰਾਜ ਕਰਨਾ ਹੈ ਤਾਂ ਉਥੋਂ ਦਾ ਲਾਲਚੀ ਵਰਗ ਫੜਿਆ ਜਾਵੇ, ਜਿਹਦੇ ਮਨ ਵਿਚ ਲਾਲਚ ਹੈ, ਜਿਹਦੇ 'ਚ ਖ਼ਿਤਾਬ ਲੈਣ ਦਾ ਲਾਲਚ ਹੈ। ਅੰਗਰੇਜ਼ਾਂ ਨੇ ਕੁਝ ਲਾਲਚੀ ਭਾਰਤੀਆਂ ਦੇ ਹੱਥਾਂ ਵਿਚ ਚਾਬੁਕ ਫੜਾਇਆ ਆਪਣੇ ਹੀ ਹਮਵਤਨਾਂ 'ਤੇ ਚਲਾਉਣ ਲਈ। ਇਸ ਗੱਲ ਨੂੰ ਗ਼ਦਰੀਆਂ ਨੇ ਸਮਝ ਲਿਆ। ਗ਼ਦਰੀਆਂ ਦੀ ਸਮਝ ਪੱਕੀ ਸੀ ਕਿ ਲਾਲਚ ਜਾਂ ਸੁਲ੍ਹਾ-ਸਫ਼ਾਈ ਨਾਲ ਆਜ਼ਾਦੀ ਹਾਸਲ ਨਹੀਂ ਹੋ ਸਕਦੀ। ਆਜ਼ਾਦੀ ਮਿਲੇਗੀ ਤਾਂ ਉਹ ਲੜ ਕੇ ਮਿਲੇਗੀ। ਇਸ ਕਰ ਕੇ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਸਮਝਦੇ ਹੋਏ ਉਨ੍ਹਾਂ ਯੁੱਧ ਨੀਤੀ ਬਣਾਈ। ਉਸ ਯੁੱਧ ਨੀਤੀ ਦੇ ਸਿੱਟੇ ਕੀ ਨਿਕਲੇ? 1915 ਦਾ ਗ਼ਦਰ ਨਾਕਾਮ ਹੋਣ ਤੋਂ ਬਾਅਦ ਵੀ 1930-31 ਤਕ ਗ਼ਦਰ ਪਾਰਟੀ ਚਲਦੀ ਰਹਿੰਦੀ ਹੈ ਪਰ ਉਨ੍ਹਾਂ ਦੇ ਸਾਹਮਣੇ ਧੁੰਦਲਕਾ ਕੋਈ ਨਹੀਂ। ਉਨ੍ਹਾਂ ਦੀ ਵਿਚਾਰਧਾਰਾ ਬੜੀ ਸਪੱਸ਼ਟ ਰਹੀ, ਤਾਕਤ ਹਾਸਲ ਕਰਨ ਦੀ ਵਿਧੀ ਸਪੱਸ਼ਟ ਰਹੀ। ਬਾਅਦ ਵਿਚ ਸਾਰੀਆਂ ਚੀਜ਼ਾਂ ਬਦਲਦੀਆਂ ਰਹੀਆਂ। ਮੈਨੂੰ ਕਵਿੰਦਰ ਚਾਂਦ ਦਾ ਸ਼ਿਅਰ ਯਾਦ ਆ ਰਿਹੈ, ਜਿਸ ਨੇ ਇਹ ਗੱਲ ਬੜੀ ਸਾਫ਼ ਕੀਤੀ ਹੈ ਆਪਣੇ ਸ਼ਿਅਰ ਵਿਚ –

ਨਾ ਕਲਸਾਂ ਦੇ ਜਲੌਅ ਵਿਚੋਂ ਤੇ ਨਾ ਮਦਰਸਿਆਂ ਵਿਚੋਂ
ਸਮੇਂ ਦੇ ਸੂਰਜਾਂ ਨੇ ਚਮਕਣਾ ਹੈ ਮਥਿਆਂ ਵਿਚੋਂ
ਨਾ ਲੱਖਾਂ ਮਿੰਨਤਾਂ ਕਰਕੇ ਤੇ ਨਾ ਹੀ ਮੰਨਤਾਂ ਕਰਕੇ
ਆਜ਼ਾਦੀ ਜਨਮਦੀ ਹੈ ਖ਼ੂਨ ਵਿਚੋਂ ਫਾਂਸੀਆਂ ਵਿਚੋਂ।

ਸੋ ਖੂਨ ਤੇ ਫਾਂਸੀਆਂ ਦੀ ਤਹਿਰੀਕ, ਸਾਡੇ ਉਨ੍ਹਾਂ ਮਹਾਨ ਗ਼ਦਰੀਆਂ ਦੀ ਤਹਿਰੀਕ ਹੈ।

ਹੁਣ ਜਿਹੜੀ ਬਹੁਤ ਅਹਿਮ ਗੱਲ ਹੈ; ਉਹ ਹੈ ਕਿ ਜਦੋਂ ਗ਼ਦਰ ਲਹਿਰ ਦੇ ਸੌ ਸਾਲ ਮਨਾਏ ਜਾ ਰਹੇ ਹਨ, ਉਦੋਂ ਵਿਸ਼ੇਸ਼ ਤੌਰ 'ਤੇ ਕੁਝ ਲੋਕਾਂ ਵਲੋਂ ਯਤਨ ਹੋਏ ਕਿ ਗ਼ਦਰ ਲਹਿਰ ਦਾ, ਗ਼ਦਰੀ ਬਾਬਿਆਂ ਦਾ ਜਿਹੜਾ ਅਕਸ ਹੈ, ਉਹਨੂੰ ਧੁੰਦਲਾ ਕੀਤਾ ਜਾਵੇ। ਹੁਣੇ ਜਿਹੇ ਅਜਮੇਰ ਸਿੰਘ ਦੀ ਇਕ ਕਿਤਾਬ ਆਈ ਹੈ, ਉਹਦਾ ਨਾਂ ਵੀ ਇਹੀ ਹੈ, 'ਗ਼ਦਰੀ ਬਾਬੇ ਕੌਣ ਸਨ?' ਇਸ ਵਿਚ ਉਚੇਚ ਕਰ ਕੇ ਘਚੋਲਾ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਗ਼ਦਰੀ ਬਾਬੇ ਸਿੱਖ ਸਨ। ਮੈਂ ਕਹਿਨਾਂ ਬਈ ਕੋਈ ਸਿੱਖ ਹੈ, ਕੋਈ ਹਿੰਦੂ ਹੈ, ਕੋਈ ਮੁਸਲਮਾਨ ਹੈ, ਕਿਸੇ ਨੂੰ ਇਹਦੇ 'ਤੇ ਕੀ ਉਜਰ ਹੋ ਸਕਦੀ ਹੈ, ਕੋਈ ਆਪਣੇ ਅਕੀਦੇ 'ਚ ਸਿੱਖ ਰਹੇ, ਕੋਈ ਆਪਣੇ ਅਕੀਦੇ 'ਚ ਹਿੰਦੂ ਰਹੇ, ਧਰਮ ਬਿਲਕੁਲ ਨਿੱਜੀ ਮਾਮਲਾ ਹੈ ਪਰ ਉਹ ਲਹਿਰ ਸਿੱਖ ਤਾਂ ਬਹੁਤ ਦੂਰ ਦੀ ਗੱਲ, ਕੌਮੀ ਵੀ ਨਹੀਂ; ਸਗੋਂ ਉਹ ਤਾਂ ਕੌਮਾਂਤਰੀ ਲਹਿਰ ਸੀ। ਉਸ ਲਹਿਰ ਨੂੰ ਤੁਸੀਂ ਸੀਮਤ ਕਰਨਾ ਚਾਹੁੰਦੇ ਹੋ। ਉਹ ਲਹਿਰ ਜਿਹਦਾ ਅੰਬਰ ਬਹੁਤ ਵਿਸ਼ਾਲ ਹੈ, ਉਸ ਅੰਬਰ ਨੂੰ ਤੁਸੀਂ ਚਿੜੀ ਦੇ ਪੌਂਚੇ 'ਚ ਕੈਦ ਕਰਨਾ ਚਾਹੁੰਦੇ ਹੋ। ਮੈਂ ਸਵਾਲ ਇਹ ਕਰਨਾ ਚਾਹੁੰਦਾ ਹਾਂ ਕੀ ਗ਼ਦਰੀ ਬਾਬਿਆਂ ਨੇ ਕੋਈ ਧਰਮ ਯੁੱਧ ਲੜਿਆ ਸੀ? ਜਾਂ ਗ਼ਦਰੀ ਬਾਬਿਆਂ ਦਾ ਕਨਸੈਪਟ ਮੁਕੰਮਲ ਆਜ਼ਾਦੀ ਸੀ, ਜੇ ਮੁਕੰਮਲ ਆਜ਼ਾਦੀ ਸੀ ਤਾਂ ਉਸ ਮਹਾਨ ਲਹਿਰ ਨੂੰ ਸੀਮਤ ਕਰਨ ਦੀ ਕੋਸ਼ਿਸ਼ ਕਿਉਂ ਕੀਤੀ ਜਾ ਰਹੀ ਹੈ?

ਮੈਂ ਕਿਰਪਾਲ ਸਿੰਘ ਦਾ ਜ਼ਿਕਰ ਕੀਤਾ ਸੀ, ਉਹਦੇ ਬਾਰੇ ਮੈਂ ਵੱਡਾ ਸਵਾਲ ਕਰਨਾ ਚਾਹੁੰਦਾ ਹਾਂ। ਅਜਮੇਰ ਸਿੰਘ ਹੁਰੀਂ ਦੱਸ ਰਹੇ ਨੇ ਜਾਂ ਹੋਰ ਜਿਹੜੇ ਲੋਕ ਪ੍ਰਚਾਰ ਕਰ ਰਹੇ ਨੇ ਕਿ ਇਹ ਸਿੱਖ ਲਹਿਰ ਸੀ, ਕਦੇ ਇਹ ਵੀ ਕਹਿ ਦੇਣ ਕਿ ਕਿਰਪਾਲ ਸਿੰਘ ਵੀ ਸਿੱਖ ਸੀ। ਤੇ ਕਿਰਪਾਲ ਸਿੰਘ ਕੀ ਸੀ ਫੇਰ? ਜੇ ਗ਼ਦਰ ਲਹਿਰ ਦੇ ਮਹਾਨ ਨਾਇਕਾਂ ਨੂੰ ਸੀਮਤ ਕਰ ਕੇ ਸਿੱਖ ਬਣਾਇਆ ਜਾ ਰਿਹਾ ਹੈ ਤਾਂ ਫੇਰ ਕਿਪਰਾਲ ਸਿੰਘ 'ਤੇ ਵੀ ਅਜਮੇਰ ਸਿੰਘ ਤੇ ਉਨ੍ਹਾਂ ਦੇ ਸਾਥੀ ਦਾਅਵਾ ਕਰ ਲੈਣ ਕਿ ਇਹ ਜਿਹੜਾ ਕਿਰਪਾਲ ਸਿੰਘ ਸੀ, ਉਹ ਵੀ ਸਿੱਖ ਸੀ। ਇਹ ਨਹੀਂ ਕਹਿਣਗੇ ਕਦੇ। ਅਸੀਂ ਕਹਿ ਸਕਦੇ ਹਾਂ ਕਿ ਕਿਰਪਾਲ ਸਿੰਘ ਦਾ ਧਰਮ ਗ਼ਦਾਰੀ ਸੀ। ਮੈਂ ਕਹਿ ਸਕਦਾ ਹਾਂ ਕਿ ਗ਼ਦਰੀ ਬਾਬੇ ਸਿੱਖ ਨਹੀਂ ਸੀ। ਮੈਂ ਕਹਿ ਸਕਦਾ ਹਾਂ ਕਿ ਗ਼ਦਰੀ ਬਾਬਿਆਂ ਦਾ ਧਰਮ ਮਾਨਵਤਾ ਸੀ। ਇਹ, ਇਹ ਲੋਕ ਨਹੀਂ ਕਹਿ ਸਕਦੇ ਕਿਉਂਕਿ ਇਹ ਸੱਚ ਕਬੂਲ ਨਹੀਂ ਕਰ ਸਕਦੇ। ਮੈਂ ਸੰਵਿਧਾਨ ਦੀਆਂ ਦੋ-ਤਿੰਨ ਗੱਲਾਂ ਕਰਨੀਆਂ ਚਾਹੁੰਦਾ ਹਾਂ, ਜਿਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਕੀ ਗ਼ਦਰੀ ਸਿੱਖ ਸਨ? ਕੋਈ ਵੀ ਸਿੱਖ ਪਰਿਵਾਰ 'ਚ, ਹਿੰਦੂ ਪਰਿਵਾਰ ਜਨਮ ਲੈ ਸਕਦਾ ਹੈ। ਕੋਈ ਅੰਮ੍ਰਿਤਧਾਰੀ ਵੀ ਹੋ ਸਕਦਾ ਹੈ ਪਰ ਉਨ੍ਹਾਂ ਦੇ ਨਿਸ਼ਾਨੇ ਕੀ ਹਨ, ਮਸਲਾ ਇਹ ਹੈ ਗ਼ਦਰ ਪਾਰਟੀ ਦੇ ਸੰਵਿਧਾਨ ਵਿਚ ਜਿਹੜੇ ਉਨ੍ਹਾਂ ਦੇ ਲਫ਼ਜ਼ ਦਰਜ ਹਨ –

1 ਆਜ਼ਾਦੀ ਦਾ ਹਰ ਇਕ ਪ੍ਰੇਮੀ, ਬਿਨਾ ਜਾਤ-ਪਾਤ, ਜਾਂ ਦੇਸ਼-ਕੌਮ ਦੇ ਲਿਹਾਜ਼ ਦੇ, ਇਸ ਹਿੰਦੀ ਐਸੋਸੀਏਸ਼ਨ ਵਿਚ ਸ਼ਾਮਲ ਹੋ ਸਕਦਾ ਹੈ।

2 ਗ਼ਦਰ ਪਾਰਟੀ ਦੇ ਹਰ ਇਕ ਸਿਪਾਹੀ ਦਾ ਆਪੋ ਵਿਚ ਕੌਮੀ ਨਾਤਾ ਹੋਏਗਾ, ਨਾ ਕਿ ਮਜ਼ਬੀ ਤੇ ਨਾ ਹੀ ਗ਼ਦਰ ਪਾਰਟੀ ਵਿਚ ਕਦੇ ਮਜ਼ਬੀ ਚਰਚਾ ਕੀਤੀ ਜਾਏਗੀ। ਆਸਤਕ, ਨਾਸਤਕ, ਹਿੰਦੂ, ਮੁਸਲਮਾਨ, ਸਿੱਖ, ਈਸਾਈ ਆਦਿ ਮਜ਼ਬੀ ਖ਼ਿਆਲਾਂ ਨੂੰ ਲੈ ਕੇ ਕੋਈ ਵੀ ਆਦਮੀ ਗ਼ਦਰ ਪਾਰਟੀ ਵਿਚ ਸ਼ਾਮਲ ਨਹੀਂ ਹੋ ਸਕੇਗਾ।

ਇਹ ਗਦਰ ਪਾਰਟੀ ਦਾ ਸੰਵਿਧਾਨ ਹੈ ਤੇ ਇਹ ਸੰਵਿਧਾਨ ਹੀ ਅਜਮੇਰ ਸਿੰਘ ਵਰਗੇ ਲੋਕਾਂ ਦਾ ਜਵਾਬ ਹੈ। ਗ਼ਦਰ ਲਹਿਰ ਦਾ ਮੁਲੰਕਣ ਅਸੀਂ ਕਰ ਰਹੇ ਹਾਂ। ਪਰ ਮੁਲੰਕਣ ਕਰਦਿਆਂ ਅਸੀਂ ਇਹ ਕੁਤਾਹੀ ਨਾ ਕਰੀਏ ਕਿ ਦੁਨੀਆ ਭਰ ਦੀਆਂ ਕੌਮਾਂ ਜਦੋਂ ਲੜਦੀਆਂ ਨੇ ਤਾਂ ਲੜਾਈ ਉਦੋਂ ਹੀ ਮੁਕੰਮਲ ਹੁੰਦੀ ਹੈ ਜਦੋਂ ਰਾਜਨੀਤਕ ਵਿਚਾਰਧਾਰਾ 'ਤੇ ਖੜ ਕੇ ਲੜੀ ਜਾਂਦੀ ਹੈ। ਭਾਵਨਾਤਮਕ ਤੌਰ 'ਤੇ ਲੜੀ ਲੜਾਈ ਸਫ਼ਲ ਨਹੀਂ ਹੋ ਸਕਦੀ।

ਇਹ ਵਾਕ ਹੈ, 'ਗੁਰੂ ਬਿਨਾ ਗਤਿ ਨਹੀਂ'। ਗ਼ਦਰੀਆਂ ਨੇ ਆਪਣੇ ਸੰਵਿਧਾਨ ਵਿਚ ਇਹਦੇ ਬਾਰੇ ਵੀ ਕਹਿ ਦਿੱਤਾ ਸੀ ਕਿ 'ਗੁਰੂ ਬਿਨਾ ਗਤਿ ਨਹੀਂ' ਦਾ ਮਤਲਬ ਹੈ ਕਿ ਗੁਰੂ ਦੀ ਹਰ ਗੱਲ ਮੰਨਣੀ ਹੈ ਬਿਨਾਂ ਕੋਈ ਸੋਚਿਆਂ। ਜਿਹੜੀ ਚੀਜ਼ ਤੁਹਾਨੂੰ ਸੋਚਣ ਸਮਝਣ ਨਾ ਦੇਵੇ, ਉਹ ਚੀਜ਼ ਕਿਸੇ ਕੀਮਤ 'ਤੇ ਤੁਹਾਨੂੰ, ਤੁਹਾਡੇ ਨਿਸ਼ਾਨੇ ਤਕ ਨਹੀਂ ਲਿਜਾ ਸਕਦੀ। ਸੋ ਆਸਥਾਵਾਨ ਵਿਅਕਤੀ ਜਿਥੇ ਮਰਜ਼ੀ ਆਸਥਾ ਰੱਖੇ, ਘੱਟੋ ਘੱਟ ਦਲੀਲ ਨਾਲ ਜਦੋਂ ਗੱਲਾਂ ਆਉਣਗੀਆਂ ਤਾਂ ਲਾਜ਼ਮੀ ਤੌਰ 'ਤੇ ਨਿਤਾਰੇ ਹੋਣਗੇ।

ਗ਼ਦਰ ਕਾਵਿ ਬਾਰੇ ਮੈਂ ਏਨਾ ਹੀ ਕਹਾਂਗਾ ਕਿ ਗ਼ਦਰ ਪਾਰਟੀ ਦੇ ਨਿਸ਼ਾਨੇ, ਉਨ੍ਹਾਂ ਦੇ ਆਦਰਸ਼ ਉਨ੍ਹਾਂ ਦੀ ਕਵਿਤਾ ਵਿਚੋਂ ਨਿਕਲਦੇ ਹਨ। ਕਵਿਤਾ ਬਾਰੇ ਮੇਰੀ ਸਾਫ਼-ਸਪੱਸ਼ਟ ਸਮਝ ਹੈ ਕਿ ਲਹਿਰਾਂ ਦੀ ਕਵਿਤਾ ਬਹੁਤ ਅਹਿਮੀਅਤ ਰਖਦੀ ਹੈ। ਬੜੀ ਸਾਦੀ ਹੁੰਦੀ ਹੈ, ਬੜੀ ਸਰਲ ਹੁੰਦੀ ਹੈ ਕਿਉਂਕਿ ਸਿੱਖ ਕੇ ਕੋਈ ਉਥੇ ਸ਼ਾਇਰ ਨਹੀਂ ਬਣਿਆ ਹੁੰਦਾ। ਉਹ ਖ਼ਿਆਲ ਜਿਹੜੇ ਕਵਿਤਾ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ, ਉਹ ਖ਼ਿਆਲ ਸਾਦੇ ਹੁੰਦੇ ਹਨ ਤੇ ਲਹਿਰਾਂ ਨੂੰ ਸਾਦੀ ਕਵਿਤਾ ਹੀ ਚਾਹੀਦੀ ਹੁੰਦੀ ਹੈ। ਇਹੀ ਗ਼ਦਰੀ ਕਵਿਤਾ ਦਾ ਮੁੱਖ ਗੁਣ ਹੈ।

ਸਿੱਧੇ ਤੌਰ 'ਤੇ ਉਨ੍ਹਾਂ ਨੇ ਗੱਲਾਂ ਕੀਤੀਆਂ ਨੇ। ਉਨ੍ਹਾਂ ਦੀ ਕਵਿਤਾ ਬਿਲਕੁਲ ਸਪੱਸ਼ਟ ਹੈ। ਗ਼ਦਰੀ ਕਵਿਤਾ ਗ਼ਦਰੀਆਂ ਦਾ ਰਾਜਸੀ ਪ੍ਰਵਚਨ ਹੈ। ...

ਹੁਣ ਮੈਂ ਥੋੜੀ ਜਿਹੀ ਭਗਤ ਸਿੰਘ ਬਾਰੇ ਗੱਲ ਕਰਾਂਗਾ। ਭਗਤ ਸਿੰਘ 'ਤੇ ਗ਼ਦਰੀ ਲਹਿਰ ਦੇ ਬਹੁਤ ਪ੍ਰਭਾਵ ਸਨ। ਕੇਵਲ ਇਹੀ ਨਹੀਂ ਕਿ ਭਗਤ ਸਿੰਘ ਕਰਤਾਰ ਸਿੰਘ ਸਰਾਭੇ ਦੀ ਫੋਟੋ ਜੇਬ ਵਿਚ ਰੱਖਦੇ ਸਨ। ਸਵਾਲ ਫੋਟੋ ਦਾ ਨਹੀਂ ਹੈ, ਸਵਾਲ ਉਸ ਵਿਚਾਰ ਨੂੰ ਲੈਣ ਦਾ ਹੈ ਜਿਹੜਾ ਵਿਚਾਰ ਗ਼ਦਰੀਆਂ ਕੋਲ ਸੀ। ਉਸ ਵਿਚਾਰ ਦੀ ਪਕਿਆਈ, ਭਗਤ ਸਿੰਘ, ਸੁਖਦੇਵ, ਰਾਜਗੁਰੂ ਤੇ ਉਨ੍ਹਾਂ ਦੇ ਹੋਰ ਸਾਥੀਆਂ ਦੀ ਜੀਵਨਸ਼ੈਲੀ ਤੋਂ ਝਲਕਦੀ ਹੈ। ਇਕੋ-ਇਕ ਨਾਇਕ ਹੋਏ ਨੇ ਭਗਤ ਸਿੰਘ, ਜਿਨ੍ਹਾਂ ਨੇ ਸਰਾਭੇ ਦਾ ਰੇਖਾ ਚਿੱਤਰ ਵੀ ਲਿਖਿਆ। ਹੁਣ ਸਵਾਲ ਹੈ ਕਿ ਭਗਤ ਸਿੰਘ ਬਾਕੀਆਂ ਨਾਲੋਂ ਵਖਰੇ ਕਿੱਦਾਂ ਸੀ? ਇਹ ਸਵਾਲ ਵੀ ਉਠਦਾ ਹੈ ਕਿ ਭਗਤ ਸਿੰਘ ਨੂੰ ਅਸੀਂ ਬਾਕੀ ਸ਼ਹੀਦਾਂ ਨਾਲੋਂ ਜ਼ਿਆਦਾ ਤਵੱਜੋ ਦਿੰਦੇ ਹਾਂ। ਕਿਉਂ? ਕੁਰਬਾਨੀਆਂ ਤਾਂ ਸਾਰਿਆਂ ਦੀਆਂ ਮਹਾਨ ਨੇ ਪਰ ਭਗਤ ਸਿੰਘ ਦੀ ਗੱਲ ਇਸ ਕਰ ਕੇ ਜ਼ਿਆਦਾ ਹੁੰਦੀ ਹੈ ਕਿਉਂਕਿ ਉਨ੍ਹਾਂ ਨੇ ਲਾਜ਼ਮੀ ਤੌਰ 'ਤੇ ਅਧਿਐਨ ਬਹੁਤ ਕੀਤਾ ਤੇ ਫਿਰ ਲਿਖਿਆ। ਉਨ੍ਹਾਂ ਦੀਆਂ ਲਿਖਤਾਂ ਸਾਡੇ ਕੋਲ ਨੇ। ਉਨ੍ਹਾਂ ਨੇ ਛੋਟੀ ਜਿਹੀ ਉਮਰ ਵਿਚ ਬਾਕਾਇਦਾ ਦੁਨੀਆ ਭਰ ਦੇ ਅੰਦੋਲਨਾਂ ਦੀ ਚੀਰ-ਫਾੜ ਕਰਦਿਆਂ, ਉਨ੍ਹਾਂ ਦਾ ਅਧਿਐਨ ਕੀਤਾ, ਉਨ੍ਹਾਂ 'ਤੇ ਵਿਚਾਰ ਕੀਤਾ ਅਤੇ ਆਪਣੀ ਸਮਝ ਬਣਾਈ, ਫੇਰ ਲਿਖਿਆ। ਇਸ ਕਰ ਕੇ ਭਗਤ ਸਿੰਘ ਬਾਕੀਆਂ ਨਾਲੋਂ ਜ਼ਿਆਦਾ ਚਰਚਾ ਵਿਚ ਰਹਿੰਦੇ ਨੇ। ਦੂਜਾ ਮੈਨੂੰ ਇਹ ਲਗਦਾ ਹੈ ਕਿ ਕਿਤੇ ਕਿਤੇ ਸਖਸ਼ੀਅਤ ਦਾ ਵੀ ਕੋਈ ਨਾ ਕੋਈ ਹਿੱਸਾ ਹੁੰਦਾ ਹੈ। ਭਗਤ ਸਿੰਘ ਦੀ ਲੋਕਪ੍ਰਿਯਤਾ ਨੂੰ ਜੇਕਰ ਕੋਈ ਟੱਕਰ ਦੇ ਰਿਹੈ ਤਾਂ ਉਹ ਦੁਨੀਆ ਪੱਧਰ 'ਤੇ ਚੀ ਗਵੇਰਾ ਹੈ। ਅੱਜ ਦੁਨੀਆ ਦਾ ਜਿਹੜਾ ਪ੍ਰਗਤੀਵਾਦੀ ਤਬਕਾ ਹੈ, ਨੌਜਵਾਨ, ਉਨ੍ਹਾਂ ਦਾ ਨਾਇਕ ਚੀ ਗਵੇਰਾ ਹੈ ਤੇ ਭਾਰਤ ਦੇ ਨੌਜਵਾਨਾਂ ਦਾ ਨਾਇਕ ਭਗਤ ਸਿੰਘ ਹੈ। ਇਸ ਕਰ ਕੇ ਮੈਨੂੰ ਲਗਦਾ ਹੈ ਕਿ ਚੀ ਗਵੇਰਾ ਦਾ ਵਿਅਕਤੀਤਵ ਆਪਣੇ ਆਪ ਵਿਚ ਮਹੱਤਵ ਰੱਖਦਾ ਹੈ। ਇਕ ਮਿਸਾਲ ਦਿਮਦਾ ਹਾਂ। ਅਮਰੀਕਾ ਨੇ ਵਿਸ਼ੇਸ਼ ਤੌਰ 'ਤੇ ਵਿਅਕਤੀਤਵ ਦਾ ਮੁੱਦਾ ਵਿਚਾਰਿਆ। ਕਿਊਬਾ ਦੇ ਰਾਸ਼ਟਰਪਤੀ ਰਹੇ ਫੀਦਲ ਕਾਸਤਰੋ ਨੂੰ ਅਮਰੀਕਾ ਨੇ 700 ਵਾਰ ਮਰਾਉਣ ਦੀ ਸਾਜ਼ਿਸ਼ ਰਚੀ। ਫੇਰ ਅਮਰੀਕਾ ਇਸ ਗੱਲ 'ਤੇ ਚਰਚਾ ਕਰਦਾ ਕਿ ਜਿਹੜੀ ਫੀਦਲ ਕਾਸਤਰੋ ਦੀ ਇਹ ਖਿਚੜੀ ਜਿਹੀ ਦਾੜ੍ਹੀ ਹੈ, ਸ਼ਾਇਦ ਇਹ ਫੀਦਲ ਦੀ ਪ੍ਰਸਨੈਲਿਟੀ ਦਾ ਹਿੱਸਾ ਐ ਤੇ ਸ਼ਾਇਦ ਏਸੇ ਕਰ ਕੇ ਇਹ ਜ਼ਿਆਦਾ ਹਰਮਨ ਪਿਆਰਾ ਹੈ। ਅਮਰੀਕਾ ਇਹ ਰਿਸਰਚ ਕਰਦਾ ਰਿਹਾ ਕਿ ਉਹਦੀ ਦਾੜ੍ਹੀ ਕਿਸੇ ਤਰੀਕੇ ਨਾਲ ਛਾਂਟ ਦਈਏ, ਉਹਨੂੰ ਕੋਈ ਰਸਾਇਣ ਪਿਲਾ ਦਈਏ ਤੇ ਜੋ ਉਹਦੇ ਵਾਲ ਝੜ ਜਾਣ। ਇਸੇ ਤਰ੍ਹਾਂ ਭਗਤ ਸਿੰਘ ਦੀ ਮੈਂ ਪ੍ਰਸਨੈਲਿਟੀ ਦੀ ਗੱਲ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਲੁਟੇਰੀ ਜਮਾਤ ਹੈ, ਉਹ ਵੀ ਇਸ ਨੂੰ ਕੈਸ਼ ਕਰਨਾ ਚਾਹੁੰਦੀ ਹੈ। ਇਸੇ ਕਰ ਕੇ ਭਗਤ ਸਿੰਘ ਦੇ ਨਾਂ 'ਤੇ ਫ਼ਿਲਮਾਂ ਬਣਦੀਆਂ ਨੇ। ਹੁਣ ਤਕ 7-8 ਫ਼ਿਲਮਾਂ ਬਣੀਆਂ ਨੇ ਪਰ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਕੋਈ ਫ਼ਿਲਮ ਰਿਫਲੈਕਟ ਨਹੀਂ ਕਰਦੀ। ਭਗਤ ਸਿੰਘ ਦੇ ਨਾਂ 'ਤੇ ਫ਼ਿਲਮਾਂ ਬਣਦੀਆਂ ਨੇ, ਮੇਲੇ ਲਗਦੇ ਨੇ, ਭਗਤ ਸਿੰਘ ਦੇ ਨਾਂ 'ਤੇ ਸਪੋਰਟਸ ਕਲੱਬਾਂ ਬਣੀਆਂ ਨੇ ਪਰ ਭਗਤ ਸਿੰਘ ਕਿਤੇ ਨਹੀਂ ਐ। ਭਗਤ ਸਿੰਘ ਦੇ ਨਾਂ 'ਤੇ ਖਟਕੜ ਕਲਾਂ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਜਾਂਦੇ ਨੇ ਤੇ ਉਥੇ ਭਗਤ ਸਿੰਘ ਦੇ ਦਿਨ 'ਤੇ ਸਤਿੰਦਰ ਸਰਤਾਜ ਨੂੰ ਬੁਲਾਇਆ ਜਾਂਦੈ, ਜਿਹੜਾ ਉਥੇ ਗਾਣਾ ਗਾਉਂਦੈ, 'ਅੱਧੀ ਕਿੱਕ 'ਤੇ ਸਟਾਰਟ ਮੇਰਾ ਯਾਮ੍ਹਾ, ਹੋਰ ਦਸ ਤੂੰ ਕੀ ਭਾਲਦੀ'। ਜਿਹੜੀ ਸਿਆਸੀ ਲੀਡਰਸ਼ਿਪ ਤੁਹਾਡੇ 'ਤੇ ਕਬਜ਼ਾ ਕਰੀ ਬੈਠੀ ਹੈ, ਉਹਦੇ ਕੋਲ ਇਸ ਕਿਸਮ ਦਾ ਕਲਚਰ ਐ, ਉਹ ਕਿਉਂ ਐ? ਸੋਚਣਾ ਬਣਦੈ। ਉਹ ਇਸ ਕਰ ਕੇ ਕਿ ਉਹ ਭਗਤ ਸਿੰਘ ਨੂੰ ਕੈਸ਼ ਕਰਨਾ ਚਾਹੁੰਦੇ ਹਨ ਕਿਉਂਕਿ ਭਗਤ ਸਿੰਘ ਨੌਜਵਾਨਾਂ ਦਾ ਨਾਇਕ ਐ। ਇਸ ਲਈ ਭਗਤ ਸਿੰਘ ਨੂੰ ਕੈਸ਼ ਕਰਨ ਦੇ ਤਰੀਕੇ ਲੱਭੇ ਜਾਂਦੇ ਨੇ। ਸਾਰੇ ਰਾਜਨੀਤਕ ਲੋਕ ਭਗਤ ਸਿੰਘ ਨੂੰ ਕੈਸ਼ ਕਰਦੇ ਨੇ। ਆਰ.ਐਸ.ਐਸ. ਵੀ ਵਰਤਦੀ ਐ, ਇਸ ਲਈ ਉਹ ਟੋਪੀ ਵਾਲੀ ਫ਼ੋਟੋ ਲਾਏਗੀ, ਸਾਡੇ ਸੋ ਕਾਲਡ ਸਿੱਖ ਵੀਰ ਪੱਗ ਵਾਲੀ ਫ਼ੋਟੋ ਲਾਉਣਗੇ। ਭਗਤ ਸਿੰਘ ਨੂੰ ਭਗਤ ਸਿੰਘ ਹੀ ਨਹੀਂ ਰਹਿਣ ਦਿੱਤਾ ਜਾ ਰਿਹਾ। ਭਗਤ ਸਿੰਘ ਦਾ ਪਾਕਿਸਤਾਨ ਵਿਚ ਜੱਦੀ ਪਿੰਡ ਚੱਕ ਬੰਗਾ ਹੈ ਤੇ ਉਥੇ ਭਗਤ ਸਿੰਘ ਨੂੰ ਸੰਧੂ ਕਿਹਾ ਜਾ ਰਿਹਾ ਐ। ਸਿੱਖਾਂ ਵਾਸਤੇ ਸਰਦਾਰ ਭਗਤ ਸਿੰਘ, ਹਿੰਦੂਆਂ ਵਾਸਤੇ ਟੋਪੀ ਵਾਲਾ ਭਗਤ ਸਿੰਘ। ਭਗਤ ਸਿੰਘ ਦੀ ਵਿਚਾਰਧਾਰਾ ਨਾ ਸੰਧੂਆਂ ਦੀ, ਨਾ ਸਿੱਖਾਂ ਦੀ, ਨਾ ਹਿੰਦੂਆਂ ਦੀ ਐ। ਉਹਦੀ ਵਿਚਾਰਧਾਰਾ ਤਾਂ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਕਰਨ ਦੀ ਐ, ਇਸੇ ਕਰ ਕੇ ਉਹ ਵੱਖਰਾ ਸੀ। ਭਗਤ ਸਿੰਘ ਤੋਂ ਪਹਿਲਾਂ ਦੁਨੀਆ ਭਰ ਦੇ ਕਰਾਂਤੀਕਾਰੀ ਫ਼ਾਂਸੀ ਚੜ੍ਹੇ, ਹੱਥਾਂ ਵਿਚ ਧਾਰਮਕ ਗ੍ਰੰਥ ਫੜੀ, ਸ਼ਲੋਕ ਉਚਾਰਦੇ ਹੋਏ। ਉਨ੍ਹਾਂ ਦੀ ਕੁਰਬਾਨੀ ਘੱਟ ਨਹੀਂ, ਮੈਂ ਉਨ੍ਹਾਂ ਦੀ ਕੁਰਬਾਨੀ ਤੌਲ ਨਹੀਂ ਰਿਹਾ ਪਰ ਭਗਤ ਸਿੰਘ ਤੇ ਉਨ੍ਹਾਂ 'ਚ ਫ਼ਰਕ ਇਹੀ ਐ ਕਿ ਜਦੋਂ ਭਗਤ ਸਿੰਘ ਫ਼ਾਂਸੀ 'ਤੇ ਚੜ੍ਹਦੈ, ਰਾਜਗੁਰੂ ਤੇ ਸੁਖਦੇਵ ਨੂੰ ਲੈ ਕੇ ਤਾਂ ਉਹ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਲੈ ਕੇ ਫ਼ਾਂਸੀ ਚੜ੍ਹਦੈ। ਇਸੇ ਕਰ ਕੇ ਭਗਤ ਸਿੰਘ ਨੂੰ ਵਿਚਾਰਿਆ ਜਾਂਦੈ। ਇਹ ਤਿੰਨੋਂ ਪਹਿਲੇ ਕਰਾਂਤੀਕਾਰੀ ਸਨ, ਜਿਨ੍ਹਾਂ ਨੂੰ ਤਰਕਾਲਾਂ ਵੇਲੇ ਫ਼ਾਂਸੀ ਦਿੱਤੀ ਗਈ ਕਿਉਂ? ਕਿਉਂਕਿ ਅੰਗਰੇਜ਼ਾਂ ਨੂੰ ਡਰ ਸੀ ਕਿਤੇ ਬਗ਼ਾਵਤ ਨਾ ਹੋ ਜਾਵੇ। ਭਗਤ ਸਿੰਘ ਤੋਂ ਏਨਾ ਖ਼ੌਫ਼ ਇਸ ਕਰ ਕੇ ਨਹੀਂ ਸੀ ਕਿ ਉਹ ਆਪਣੇ ਆਪ ਵਿਚ ਕੋਈ ਚੀਜ਼ ਸੀ, ਅੰਗਰੇਜ਼ ਉਹਦੀ ਵਿਚਾਰਧਾਰਾ ਤੋਂ ਖ਼ੌਫ਼ ਖਾਂਦਾ ਸੀ, ਅੱਜ ਵੀ ਕਾਬਜ਼ ਸਿਆਸੀ ਜਮਾਤ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਖ਼ੌਫ਼ ਖਾਂਦੀ ਹੈ।

ਦੂਜੀ ਗੱਲ, ਭਗਤ ਸਿੰਘ ਨੂੰ ਬੰਬ 'ਤੇ ਪਿਸਤੌਲ ਵਾਲਾ ਪੇਸ਼ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਤੁਸੀਂ ਪਿੰਡਾਂ 'ਚ ਟਰਾਲੀਆਂ ਪਿਛੇ, ਟਰੱਕਾਂ 'ਤੇ ਭਗਤ ਸਿੰਘ ਦੀ ਫ਼ੋਟੋ ਦੇਖੀ ਹੋਵੇਗੀ ਜੋ ਮੁੱਛਾਂ ਨੂੰ ਤਾਅ ਦੇ ਰਿਹੈ, ਨਾਲ ਸਲੋਗਨ ਲਿਖਿਐ, 'ਹਟ ਪਿੱਛੇ ਮਿੱਤਰਾਂ ਦੀ ਮੁਛ ਦਾ ਸਵਾਲ ਐ'। ਭਗਤ ਸਿੰਘ ਨੂੰ ਮਾਰਕੀਟ ਆਪਣੇ ਤਰੀਕੇ ਨਾਲ ਵਰਤਣਾ ਚਾਹੁੰਦੀ ਐ ਕਿਉਂਕਿ ਭਗਤ ਸਿੰਘ ਤੁਹਾਡਾ ਆਈਕੋਨ ਐ ਤੇ ਉਹ ਆਈਕੋਨ ਨੂੰ ਡਿਸਟਰਬ ਕਰਨਾ ਚਾਹੁੰਦੀ ਹੈ। ਸਥਾਪਤੀ ਜਾਂ ਸਟੇਟ ਇਹੋ ਕੁਝ ਚਾਹਿਆ ਕਰਦੀਆਂ ਨੇ। ਇਸੇ ਕਰ ਕੇ ਭਗਤ ਸਿੰਘ ਦੇ ਨਾਂ 'ਤੇ ਬੱਚਿਆਂ ਦੀਆਂ ਗੇਮਾਂ ਬਣਨੀਆਂ ਸ਼ੁਰੂ ਹੋ ਗਈਆਂ। ਭਗਤ ਸਿੰਘ ਨੂੰ ਸੁਪਰਮੈਨ ਦੀ ਤਰ੍ਹਾਂ ਪੇਸ਼ ਕੀਤਾ ਜਾ ਰਿਹੈ। ਉਹ ਜ਼ਮੀਨ ਦਾ ਬੰਦਾ ਸੀ, ਤੁਹਾਡਾ ਬੰਦਾ ਸੀ, ਇਹ ਤੁਹਾਡੇ ਤੋਂ ਖੋਹਣਾ ਚਾਹੁੰਦੇ ਹਨ। ਭਗਤ ਸਿੰਘ ਨੂੰ ਤੁਸੀਂ ਬਚਾਉਣਾ ਹੈ, ਇਹ ਤੁਹਾਡੀ ਲੜਾਈ ਹੈ। ਅੱਜ ਉਹਨੂੰ ਰੋਜ਼ ਫ਼ਾਂਸੀ ਚੜ੍ਹਾਇਆ ਜਾ ਰਿਹਾ ਹੈ। ਸੋ, ਇਨ੍ਹਾਂ ਚੀਜ਼ਾਂ ਤੋਂ ਬਚਣ ਦੀ ਲੋੜ ਹੈ। ਉਹ ਵਕਤ ਦੀ ਆਵਾਜ਼ ਸੀ, ਵਕਤ ਦੀ ਆਵਾਜ਼ ਹੈ। ਸਾਡੇ ਬਹੁਤ ਹੀ ਮਹਾਨ ਕਰਾਂਤੀਕਾਰੀ ਸ਼ਾਇਰ ਹੋਏ ਨੇ ਬਿਸਮਿਲ ਫ਼ਰੀਦਕੋਟੀ। ਉਨ੍ਹਾਂ ਨੇ ਲਿਖਿਆ ਹੈ–

ਮੈਂ ਦਰਦੀਲਾ ਸਾਜ਼ ਹਾਂ, ਮੇਰੀ ਵੀ ਸੁਣੋ
ਲੋਕਾਂ ਦਾ ਦਿਲੀ ਰਾਜ਼ ਹਾਂ, ਮੇਰੀ ਵੀ ਸੁਣੋ
ਇਹ ਠੀਕ ਹੈ ਤੁਸੀਂ ਵਕਤ ਦੇ ਹਾਕਮ ਹੋ ਪਰ
ਮੈਂ ਵਕਤ ਦੀ ਆਵਾਜ਼ ਹਾਂ, ਮੇਰੀ ਵੀ ਸੁਣੋ।

ਇਹੀ ਭਗਤ ਸਿੰਘ ਕਹਿ ਰਿਹਾ ਹੈ ਆਪਾਂ ਨੂੰ। ਅੱਜ ਸਿਰਫ਼ ਭਾਰਤ ਹੀ ਨਹੀਂ ਬਲਕਿ ਸਾਰੀ ਦੁਨੀਆ ਨੂੰ ਗ਼ੁਲਾਮ ਬਣਾਉਣ ਦੀ ਸਾਜ਼ਿਸ਼ ਰਚ ਲਈ ਗਈ ਹੈ। ਇਹ ਤੁਸੀਂ ਭੁਲ ਨਾ ਜਾਇਓ ਕਿਤੇ ਕਿ ਤੁਹਾਡਾ ਭਾਰਤ ਅੱਜ ਉਹ ਭਾਰਤ ਨਹੀਂ, ਜਿਹੜਾ ਭਾਰਤ 1947 ਵਿਚ ਆਜ਼ਾਦ ਹੋਇਆ ਸੀ। ਉਸ ਵੇਲੇ ਆਜ਼ਾਦੀ 'ਤੇ ਬੜੇ ਜਸ਼ਨ ਮਨਾਏ ਗਏ, ਉਹ ਆਜ਼ਾਦੀ ਵੀ ਸਾਡੇ ਸੂਰਬੀਰਾਂ ਦੇ ਸੁਪਨਿਆਂ ਦੀ ਨਹੀਂ ਸੀ ਪਰ ਫੇਰ ਵੀ ਥੋੜ੍ਹਾ-ਬਹੁਤ ਚੰਗਾ ਸੀ। ਜੋ ਕੁਝ ਵੀ ਚੰਗਾ ਸੀ, ਉਹ ਵੀ ਹੁਣ ਖ਼ਤਮ ਹੋ ਗਿਆ। ਅੱਗੇ ਈਸਟ ਇੰਡੀਆ ਕੰਪਨੀ ਆਈ ਸੀ ਤੁਹਾਡੇ ਤੰਬਾਕੂ ਦਾ ਵਪਾਰ ਕਰਨ, ਦੋ ਸੌ ਸਾਲ ਭਾਰਤ 'ਤੇ ਰਾਜ ਕਰ ਕੇ ਗਈ। ਅੱਜ ਹਜ਼ਾਰਾਂ ਕੰਪਨੀਆਂ ਭਾਰਤ ਆ ਗਈਆਂ ਨੇ। ਇਨ੍ਹਾਂ ਲਈ ਪੂਰੀ ਤਰ੍ਹਾਂ ਦਰਵਾਜ਼ੇ ਖੋਲ੍ਹ ਦਿੱਤੇ ਗਏ ਹਨ।

*ਅੱਜ ਸਿਰਫ਼ ਭਾਰਤ ਹੀ ਨਹੀਂ ਬਲਕਿ ਸਾਰੀ ਦੁਨੀਆ ਨੂੰ ਗ਼ੁਲਾਮ ਬਣਾਉਣ ਦੀ ਸਾਜ਼ਿਸ਼ ਰਚ ਲਈ ਗਈ ਹੈ। ਇਹ ਤੁਸੀਂ ਭੁਲ ਨਾ ਜਾਇਓ ਕਿਤੇ ਕਿ ਤੁਹਾਡਾ ਭਾਰਤ ਅੱਜ ਉਹ ਭਾਰਤ ਨਹੀਂ, ਜਿਹੜਾ ਭਾਰਤ 1947 ਵਿਚ ਆਜ਼ਾਦ ਹੋਇਆ ਸੀ। ਉਸ ਵੇਲੇ ਆਜ਼ਾਦੀ 'ਤੇ ਬੜੇ ਜਸ਼ਨ ਮਨਾਏ ਗਏ, ਉਹ ਆਜ਼ਾਦੀ ਵੀ ਸਾਡੇ ਸੂਰਬੀਰਾਂ ਦੇ ਸੁਪਨਿਆਂ ਦੀ ਨਹੀਂ ਸੀ ਪਰ ਫੇਰ ਵੀ ਥੋੜ੍ਹਾ-ਬਹੁਤ ਚੰਗਾ ਸੀ। ਜੋ ਕੁਝ ਵੀ ਚੰਗਾ ਸੀ, ਉਹ ਵੀ ਹੁਣ ਖ਼ਤਮ ਹੋ ਗਿਆ। ਅੱਗੇ ਈਸਟ ਇੰਡੀਆ ਕੰਪਨੀ ਆਈ ਸੀ ਤੁਹਾਡੇ ਤੰਬਾਕੂ ਦਾ ਵਪਾਰ ਕਰਨ, ਦੋ ਸੌ ਸਾਲ ਭਾਰਤ 'ਤੇ ਰਾਜ ਕਰ ਕੇ ਗਈ। ਅੱਜ ਹਜ਼ਾਰਾਂ ਕੰਪਨੀਆਂ ਭਾਰਤ ਆ ਗਈਆਂ ਨੇ। ਇਨ੍ਹਾਂ ਲਈ ਪੂਰੀ ਤਰ੍ਹਾਂ ਦਰਵਾਜ਼ੇ ਖੋਲ੍ਹ ਦਿੱਤੇ ਗਏ ਹਨ।*

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਭਾਰਤ ਲਈ ਕੰਮ ਨਹੀਂ ਕਰ ਰਹੇ। ਭਾਰਤ ਤਾਂ ਦੋ ਮੁਲਕਾਂ ਵਿਚ ਵੰਡਿਆ ਜਾ ਚੁੱਕਾ ਹੈ। ਡਾ. ਮਨਮੋਹਨ ਸਿੰਘ ਇੰਡੀਆ ਦੀ ਸੇਵਾ ਕਰ ਰਹੇ ਹਨ, ਸਿਰਫ਼ 15 ਫ਼ੀਸਦੀ ਲੋਕਾਂ ਦੀ ਤੇ 85 ਫ਼ੀਸਦੀ ਭਾਰਤ ਉਹ ਹੈ, ਜਿਹਦੇ ਕੋਲ ਰੋਟੀ ਨਹੀਂ। ਰੋਜ਼ ਗਿਣਤੀ ਕੀਤੀ ਜਾਂਦੀ ਐ ਕਿ ਗ਼ਰੀਬ ਕਿੰਨੇ ਰਹਿ ਗਏ। ਤਾਜ਼ਾ ਗਿਣਤੀ ਆਈ ਐ ਕਿ ਭਾਰਤ ਦੇ ਗ਼ਰੀਬ ਘੱਟ ਗਏ। ਖ਼ੁਰਾਕ ਸੁਰੱਖਿਆ ਬਿਲ ਲਿਆਂਦਾ ਗਿਆ 67 ਫ਼ੀਸਦੀ ਗ਼ਰੀਬਾਂ ਨੂੰ ਮੁਫ਼ਤ ਅਨਾਜ ਦੇਣ ਲਈ ਤੇ ਇਸ ਲਈ ਗ਼ਰੀਬ ਹੀ ਘਟਾ ਦਿੱਤੇ ਗਏ। ਲੋਕਾਂ ਨੂੰ ਗਿਣਤੀਆਂ-ਮਿਣਤੀਆਂ ਵਿਚ ਹੀ ਉਲਝਾ ਦਿੱਤਾ ਗਿਆ ਹੈ। ਜਿਸ ਮੁਲਕ ਵਿਚ ਰੋਜ਼ 22-23 ਰੁਪਏ ਵਿਚ ਗੁਜ਼ਾਰਾ ਕਰਨ ਦੀਆਂ ਗੱਲਾਂ ਹੋ ਰਹੀਆਂ ਹੋਣ, ਉਸ ਮੁਲਕ ਦੀ ਤਕਦੀਰ ਕੀ ਹੋ ਸਕਦੀ ਹੈ? ਇਹ ਇਸ ਲਈ ਵਾਪਰ ਰਿਹਾ ਹੈ ਕਿ ਅਸੀਂ ਆਪਣੇ ਦਰਵਾਜ਼ੇ, ਮੁੜ ਉਨ੍ਹਾਂ ਲਈ ਖੋਲ੍ਹ ਦਿੱਤੇ ਜਿਨ੍ਹਾਂ ਨੂੰ ਮੁਲਕ 'ਚੋਂ ਕੱਢਣ ਲਈ ਮਹਾਨ ਸੂਰਬੀਰਾਂ ਨੇ, ਗ਼ਦਰੀਆਂ ਨੇ ਕੁਰਬਾਨੀਆਂ ਦਿੱਤੀਆਂ।

ਜਦੋਂ ਅਸੀਂ ਗ਼ੁਲਾਮ ਸੀ ਤਾਂ ਉਦੋਂ ਸੱਤਾ ਦਾ ਕੇਂਦਰ ਬਰਤਾਨੀਆ ਸੀ, ਅੱਜ ਸੱਤਾ ਦਾ ਕੇਂਦਰ ਅਮਰੀਕਾ ਤਬਦੀਲ ਹੋ ਗਿਆ ਹੈ। ਇਹ ਵੀ ਧਿਆਨ ਰੱਖੀਓ ਕਿ ਬਰਾਕ ਓਬਾਮਾ ਵੀ ਉਨ੍ਹਾਂ ਦੀ ਜਮਾਤ ਵਿਚ ਸ਼ਾਮਲ ਹੈ। ਓਬਾਮਾ ਵੀ ਕੋਈ ਅਮਰੀਕਾ ਦਾ ਰਾਸ਼ਟਰਪਤੀ ਨਹੀਂ। ਜਿੱਦਾਂ ਡਾ. ਮਨਮੋਹਨ ਸਿੰਘ ਨੂੰ ਟੂਲ ਦੇ ਤੌਰ 'ਤੇ ਗਲੋਬਲੀ ਤਾਕਤਾਂ, ਮਾਰਕੀਟ ਨੇ ਵਰਤਿਆ, ਇਸੇ ਤਰ੍ਹਾਂ ਓਬਾਮਾ ਨੂੰ ਲਿਆਂਦਾ ਗਿਆ ਕਿ ਜਿਹੜੇ ਕਾਲੇ ਲੋਕ ਹਨ, ਉਨ੍ਹਾਂ ਦੀ ਆਵਾਜ਼ ਦਬਾਈ ਜਾ ਸਕੇ, ਇਹ ਕਹਿ ਕੇ ਕਿ 'ਲਓ ਅਸੀਂ ਤੁਹਾਡਾ ਬੰਦਾ ਰਾਸ਼ਟਰਪਤੀ ਬਣਾ ਦਿੱਤਾ।' ਇਹ ਸਮੇਂ ਦੀ ਲੋੜ ਚੋਂ ਨਿਕਲਿਆ ਓਬਾਮਾ ਹੈ। ਇਹ ਬਾਜ਼ਾਰ ਦੀਆਂ ਤਾਕਤਾਂ ਤੈਅ ਕਰਿਆ ਕਰਦੀਆਂ ਨੇ ਕਿਹੜੇ ਮੁਲਕ ਦਾ ਕੌਣ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਬਣੇਗਾ?

ਕੱਲ੍ਹ ਆਲਮੀ ਬਾਜ਼ਾਰ ਲਈ ਡਾ. ਮਨਮੋਹਨ ਸਿੰਘ ਸਭ ਤੋਂ ਚੰਗੇ ਬੰਦੇ ਸਨ, ਅੱਜ ਨਰਿੰਦਰ ਮੋਦੀ ਉਨ੍ਹਾਂ ਲਈ ਚੰਗਾ ਹੈ ਕਿਉਂਕਿ ਉਨ੍ਹਾਂ ਨੂੰ ਲਗਦਾ ਹੈ ਕਿ ਮਨਮੋਹਨ ਸਿੰਘ ਦੀ ਸਰਕਾਰ ਸ਼ਾਇਦ ਜਾ ਰਹੀ ਹੈ ਤੇ ਡਾ. ਮਨਮੋਹਨ ਸਿੰਘ ਕੋਲ ਏਨੇ ਅਖ਼ਤਿਆਰ ਨਹੀਂ ਕਿ ਸਿੱਧਾ ਵਿਦੇਸ਼ੀ ਨਿਵੇਸ਼ ਨੂੰ ਪੂਰੀ ਤਰ੍ਹਾਂ ਖੋਲ੍ਹ ਸਕੇ। ਉਹ ਹੌਲੀ ਹੌਲੀ ਖੋਲ੍ਹ ਰਹੇ ਹਨ। ਵਿਰੋਧ ਦੀ ਸੁਰ ਕਿਤੇ ਹੈ ਹੀ ਨਹੀਂ।

ਸੱਤਾ ਦਾ ਧਰਮ ਜਦ ਲੁੱਟ ਹੈ ਤਾਂ ਇਨ੍ਹਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਦੇਸੀ-ਵਿਦੇਸ਼ੀ ਕੰਪਨੀਆਂ, ਗਲੋਬਲੀ ਤਾਕਤਾਂ ਦੀ ਹੀ ਮਿਲੀਭੁਗਤ ਨਾਲ ਦੇਸ਼ ਦੇ ਲੋਕ ਲੁੱਟ ਹੋ ਰਹੇ ਹਨ। ਤੁਸੀਂ ਚੰਦ ਸਿਆਣਾਂ ਲਈ ਰੋਂਦੇ ਹੋ, ਇਨ੍ਹਾਂ ਨੇ ਤਾਂ ਦੇਸ਼ ਵੇਚਣ 'ਤੇ ਲਾ ਦਿੱਤਾ ਹੈ। ਅੱਜ ਦੇਸ਼ ਵਿਕ ਰਿਹੈ, ਤੁਸੀਂ ਵਿਕ ਰਹੇ ਹੋ, ਬੰਦੇ ਦੀ ਕੋਈ ਕੀਮਤ ਨਹੀਂ, ਉਹ ਉਜੜ ਰਿਹੈ। ਵਿਸ਼ਵੀਕਰਨ ਦੇ ਨਾਂ 'ਤੇ ਸਭ ਤੋਂ ਪਹਿਲਾਂ ਤੁਹਾਡੀ ਜ਼ਮੀਨ ਖਾਈ ਜਾਵੇਗੀ। ਜਸਪਾਲ ਘਈ ਦਾ ਸ਼ਿਅਰ ਹੈ–

ਵਿਸ਼ਵ ਨੂੰ ਇਕ ਪਿੰਡ ਬਣਾਵਣ ਵਾਸਤੇ
ਵਿਸ਼ਵ ਦੇ ਸਭ ਪਿੰਡ ਮਿਟਾਏ ਜਾ ਰਹੇ

ਪਿੰਡ ਖ਼ਤਮ ਹੋ ਰਹੇ ਹਨ, ਜ਼ਮੀਨ ਵਿਕ ਰਹੀ ਹੈ। ਚੰਡੀਗੜ੍ਹ ਦੇ ਨੇੜੇ-ਤੇੜੇ ਜੋ ਮੈਂ ਦੇਖ ਰਿਹਾ ਹਾਂ, ਕਿਸਾਨ ਦਾ ਪੁੱਤ ਨਸ਼ਿਆਂ ਵਿਚ ਡੁੱਬ ਚੁੱਕਾ ਹੈ। ਜਦੋਂ ਕਰੋੜਾਂ ਰੁਪਏ ਜੇਬ ਵਿਚ ਹਨ ਤਾਂ ਵੱਡੀ ਗੱਡੀ ਲੈ ਲਈ ਹੈ। ਪੈਸੇ ਬਰਬਾਦ ਹੋ ਜਾਣਗੇ। ਇਕ ਪੀੜ੍ਹੀ ਤੋਂ ਬਾਅਦ ਦੂਜੀ ਪੀੜ੍ਹੀ ਖ਼ਤਮ। ਇਹ ਪੀੜ੍ਹੀਆਂ ਖ਼ਤਮ ਕਰਨ ਦੀ ਸਾਜ਼ਿਸ਼ ਸਾਡੇ ਨਾਲ ਖੇਡੀ ਜਾ ਰਹੀ ਹੈ। ਇਹ ਧਿਆਨ ਰੱਖਣ ਦੀ ਜ਼ਰੂਰਤ ਹੈ ਕਿ ਜਿਹੜਾ ਅਸਲੀ ਭਾਰਤ ਹੈ, ਨੰਗੇ ਪੈਰਾਂ ਵਾਲਾ ਹੈ।

ਅੱਜ ਭਾਰਤ ਦੇ 200 ਜ਼ਿਲ੍ਹਿਆਂ ਵਿਚ ਮਾਓਵਾਦੀ ਸਰਗਰਮ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਹਥਿਆਰਾਂ ਦਾ ਸੰਘਰਸ਼ ਆਖ਼ਰੀ ਲੜਾਈ ਹੁੰਦੀ ਹੈ। ਹਥਿਆਰਾਂ ਤੋਂ ਪਹਿਲਾਂ ਵਿਚਾਰ ਪੈਦਾ ਕਰਨੇ ਹੁੰਦੇ ਹਨ। ਜਿੰਨੀ ਦੇਰ ਤਕ ਤੁਹਾਡੇ ਕੋਲ ਮੋਢੇ ਨਹੀਂ ਬੰਦੂਕ ਚੁੱਕਣੀ ਖ਼ੁਦਕੁਸ਼ੀ ਹੈ। ਆਖ਼ਰ ਜਦੋਂ ਸਟੇਟ ਚਾਹੇਗੀ ਤਾਂ ਫ਼ੌਜ ਲਾ ਦੇਏਗੀ। ਸਭ ਤਬਾਹ ਕਰ ਦੇਏਗੀ ਕਿਉਂਕਿ ਸਟੇਟ ਦੇ ਦੰਦ ਨਜ਼ਰ ਨਹੀਂ ਆਉਂਦੇ। ਇਹ ਦੰਦ ਬੜੇ ਤਿੱਖੇ ਹੁੰਦੇ ਹਨ। ਪਰ ਸਵਾਲ ਹੈ ਕੀ ਆਖ਼ਰ ਲੋਕ ਕੀ ਕਰਨ?

ਤੁਹਾਨੂੰ ਯਾਦ ਹੋਵੇਗਾ ਅੱਜ ਤੋਂ ਛੇ ਮਹੀਨੇ ਪਹਿਲਾਂ ਤੇ ਉਸ ਤੋਂ ਵੀ ਤਿੰਨ ਸਾਲ ਪਹਿਲਾਂ ਦੋ ਵਾਰੀ ਤਿੰਨ-ਚਾਰ ਸੌ ਕਿਲੋਮੀਟਰ ਪੈਦਲ ਚੱਲ ਕੇ ਆਦਿਵਾਸੀ ਪਿੰਡਾਂ ਵਿਚੋਂ 50 ਹਜ਼ਾਰ ਬੰਦਾ ਦਿੱਲੀ ਦੀਆਂ ਸੜਕਾਂ 'ਤੇ ਆਇਆ। ਇਹ ਕਹਿਣ ਆਇਆ ਕਿ ਸਾਡਾ ਜਲ, ਜ਼ਮੀਨ, ਸਾਡਾ ਜੰਗਲ ਸਾਨੂੰ ਦੇ ਦਿਓ, ਨਾ ਖੋਵੋ ਪਰ ਸਰਕਾਰ ਨੇ ਤਾਂ ਸੇਵਾ ਕਰਨੀ ਐ ਮਲਟੀਨੈਸ਼ਨਲ ਦੀ। ਓਹਨੇ ਜ਼ਮੀਨ ਵੀ ਦੇਣੀ ਐ, ਪਾਣੀ ਵੀ ਦੇਣਾ, ਜੰਗਲ ਵੀ ਛਾਂਗਣੇ ਨੇ। ਉਨ੍ਹਾਂ ਆਦਿਵਾਸੀਆਂ ਨੂੰ ਲਾਰੇ ਲਾ ਕੇ ਮੋੜ ਦਿੱਤਾ ਗਿਆ। ਅੱਜ ਉਹ ਗਾਂਧੀਵਾਦੀ ਤਰੀਕ ਨਾਲ ਆਏ ਨੇ, ਕੱਲ੍ਹ ਉਹ ਮਾਓਵਾਦੀ ਤਰੀਕੇ ਨਾਲ ਆਉਣਗੇ ਤੇ ਫੇਰ ਇਹਦਾ ਜ਼ਿੰਮੇਵਾਰ ਕੌਣ ਹੈ?

ਬਿਨਾਂ ਰਾਜਨੀਤਕ ਦ੍ਰਿਸ਼ਟੀ ਤੋਂ, ਬਿਨਾਂ ਰਾਜਨੀਤਕ ਨਜ਼ਰੀਏ ਤੋਂ ਮੁਲਕ ਵਿਚ ਤਬਦੀਲੀ ਨਹੀਂ ਲਿਆਂਦੀ ਜਾ ਸਕਦੀ। ਆਉਣ ਵਾਲੇ 10-15 ਸਾਲ ਭਾਰਤ ਵਿਚ ਸਿਵਲ ਵਾਰ ਵਰਗੀ ਸਥਿਤੀ ਬਣ ਜਾਵੇਗੀ। ਇਸ ਕਰ ਕੇ ਲੋੜ ਇਸ ਗੱਲ ਦੀ ਹੈ ਕਿ ਆਪਣੀ ਰਾਜਨੀਤਕ ਚੇਤਨਾ ਵਿਕਸਤ ਕੀਤੀ ਜਾਵੇ। ਸੋ; ਅੱਜ ਗਦਰੀ ਬਾਬਿਆਂ ਦਾ ਇਹ ਸੁਨੇਹਾ ਯਾਦ ਰਖਣ ਦੀ ਬੇਹੱਦ ਲੋੜ ਹੈ ਕਿ ਸੋਚ ਵਿਚਾਰ ਦੀ ਵਿਧੀ ਅਪਣਾਉਂਦਿਆਂ ਰਾਜਸੀ ਚੇਤਨਾ ਨੂੰ ਪੱਕਿਆਂ ਕੀਤਾ ਜਾਵੇ। ਹਿੰਦੀ ਦੇ ਸ਼ਾਇਰ ਉਦੈ ਪ੍ਰਕਾਸ਼ ਦੀਆਂ ਇਨ੍ਹਾਂ ਸਤਰਾਂ ਨਾਲ ਮੈਂ ਤੁਹਾਡੇ ਤੋਂ ਆਗਿਆ ਲੈਂਦਾ ਹਾਂ–

ਆਦਮੀ ਮਰਨੇ ਕੇ ਬਾਦ
ਕੁਛ ਨਹੀਂ ਸੋਚਤਾ
ਆਦਮੀ ਮਰਨੇ ਕੇ ਬਾਦ
ਕੁਛ ਨਹੀਂ ਬੋਲਤਾ
ਕੁਛ ਨਾ ਸੋਚਨੇ ਔਰ
ਕੁਛ ਨਾ ਬੋਲਨੇ ਸੇ
ਆਦਮੀ ਮਰ ਜਾਤਾ ਹੈ
ਆਓ ਮਿੱਤਰੋ, ਪਹਿਲਾਂ ਸੋਚੀਏ ਤੇ ਫੇਰ ਬੋਲੀਏ।

ਇਹ ਸਨ ਗਦਰੀ ਬਾਬੇ :

# ਗ਼ਦਰੀ ਬਾਬਾ ਵਸਾਖਾ ਸਿੰਘ ਨੇ ਅਕਾਲ ਤਖ਼ਤ ਦੀ ਜਥੇਦਾਰੀ ਕਿਉਂ ਛੱਡੀ ?



ਚਰੰਜੀ ਲਾਲ ਕੰਗਣੀਵਾਲ
+91-97806-02066

**ਮੁਲਕ ਦੀ ਮੌਜੂਦਾ ਹਾਲਤ ਅਤੇ ਗਰੀਬ ਜਨਤਾ ਦੀ ਲਹਿਰ ਨੂੰ ਮੱਦੇਨਜ਼ਰ ਰੱਖਦੇ ਹੋਏ ਅਸੀਂ ਹੁਣ ਇਸ ਨਤੀਜੇ 'ਤੇ ਪੁੱਜੇ ਹਾਂ ਕਿ ਅਕਾਲੀ ਲਹਿਰ ਸਮੇਂ ਅਨੁਸਾਰ ਆਪਣਾ ਇਨਕਲਾਬੀ ਪਾਰਟ ਅਦਾ ਕਰ ਚੁੱਕੀ ਹੈ। ਹੁਣ ਕਿਸੇ ਵੀ ਕਿਸਮ ਦੀ ਫਿਰਕੂ ਜਥੇਬੰਦੀ ਕਾਰਨ ਕਿਸੇ ਨਾ ਕਿਸੇ ਸੂਰਤ ਵਿਚ ਜਨਤਾ ਦੀ ਭਲਾਈ ਤੇ ਮੁਲਕ ਦੀ ਆਜ਼ਾਦੀ ਦੇ ਕੰਮ ਵਿਚ ਰੁਕਾਵਟ ਹੋ ਰਹੀ ਹੈ। ਇਸ ਲਈ ਅਕਾਲੀ ਲਹਿਰ ਇਸ ਸਮੇਂ ਦੀ ਹਾਣੀ ਨਹੀਂ ਰਹੀ।**

ਗ਼ਦਰੀ ਬਾਬਾ ਵਸਾਖਾ ਸਿੰਘ ਅਮਰੀਕਾ ਵਿਚ ਗ਼ਦਰ ਪਾਰਟੀ ਦੇ ਬਾਨੀ ਆਗੂਆਂ ਵਿੱਚੋਂ ਸਨ। ਜਿਨ੍ਹਾਂ ਨੇ ਸਾਰੀ ਜ਼ਿੰਦਗੀ ਅਜ਼ਾਦੀ ਤੇ ਮਨੁੱਖਤਾ ਦੇ ਭਲੇ ਲਈ ਅਰਪਣ ਕੀਤੀ। ਇਸੇ ਕਰਕੇ ਉਹ ਵੱਖ-ਵੱਖ ਵਿਚਾਰਾਂ ਵਾਲੇ ਆਗੂਆਂ, ਸੰਸਥਾਵਾਂ ਅਤੇ ਪਾਰਟੀਆਂ ਵੱਲੋਂ ਸਤਿਕਾਰੇ ਜਾਂਦੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਆਪਣੇ ਸ਼ੁਰੂਆਤੀ ਦੌਰ 'ਚ ਉਨ੍ਹਾਂ ਦੇ ਸਾਥੀਆਂ ਦੇ ਯੋਗਦਾਨ ਕਰਕੇ ਬੁਲੰਦੀ 'ਤੇ ਪਹੁੰਚੀਆਂ ਸਨ। ਅੰਡੇਮਾਨ ਜੇਲ੍ਹ ਵਿਚ ਉਮਰ ਕੈਦ ਭੁਗਤਦਿਆਂ ਉਨ੍ਹਾਂ ਨੂੰ ਲੱਗੀ ਨਾਮੁਰਾਦ ਬੀਮਾਰੀ ਅਤੇ ਸ਼ਾਹੀ ਫੁਰਮਾਨ ਤਹਿਤ 1920 ਵਿਚ ਉਹ ਰਿਹਾ ਕੀਤੇ ਗਏ। ਇਨ੍ਹਾਂ ਹੀ ਦਿਨਾਂ ਵਿਚ ਜਥੇਦਾਰ ਕਰਤਾਰ ਸਿੰਘ ਝੱਬਰ ਅੰਡੇਮਾਨ ਜੇਲ੍ਹ ਚੋਂ ਰਿਹਾ ਕੀਤੇ ਸਨ, ਜਿਨ੍ਹਾਂ ਨੂੰ ਮੋਹਰਦੀਨ ਦੇ ਨਾਲ ਮਾਰਸ਼ਲ ਲਾਅ ਦੇ ਤਹਿਤ ਉਮਰ ਕੈਦ ਦੀ ਸਜ਼ਾ ਦੇ ਕੇ ਭੇਜਿਆ ਗਿਆ ਸੀ।

ਅੰਡੇਮਾਨ ਵਿਚ ਕਰਤਾਰ ਸਿੰਘ ਝੱਬਰ ਨੂੰ ਗ਼ਦਰੀ ਕੈਦੀਆਂ ਵਿਚ ਵਿਚਰਨ ਅਤੇ ਉਨ੍ਹਾਂ ਨੂੰ ਜਾਨਣ ਦਾ ਮੌਕਾ ਮਿਲਿਆ। ਰਿਹਾਈ ਪਿੱਛੋਂ ਉਹ ਕਲਕੱਤੇ ਪੁੱਜੇ ਤਾਂ ਉੱਥੋਂ ਦੇ ਕੌਮੀ ਆਗੂਆਂ ਵੱਲੋਂ ਮਿਲੇ ਮਾਣ ਸਤਿਕਾਰ ਨਾਲ ਉਹ ਬਹੁਤ ਪ੍ਰਭਾਵਿਤ ਹੋਏ ਸਨ। ਉਹ ਪੰਜਾਬ ਪੁੱਜੇ ਤਾਂ ਮਜ਼੍ਹਬੀ ਸਿੱਖ ਮਹਿਤਾਬ ਸਿੰਘ ਵੀਰ ਦੀ ਅਗਵਾਈ ਵਿਚ ਪੱਛੜੀਆਂ ਸ਼੍ਰੇਣੀਆਂ ਦਾ ਇਕ ਭਾਰੀ ਇਕੱਠ ਜਲ੍ਹਿਆਂ ਵਾਲਾ ਬਾਗ ਵਿਚ ਹੋਇਆ। ਇਕੱਠ ਵਿਚ ਫੈਸਲਾ ਲੈ ਕੇ ਉਹ ਕੜਾਅ ਪ੍ਰਸ਼ਾਦ ਚੜ੍ਹਾਉਣ ਲਈ ਦਰਬਾਰ ਸਾਹਿਬ ਨੂੰ ਚੱਲ ਪਏ ਸਨ। ਇਸ ਵਿਚ ਖਾਲਸਾ ਕਾਲਜ ਦੇ ਪ੍ਰੋਫੈਸਰ ਤੇ ਕੁਝ ਵਿਦਿਆਰਥੀ ਵੀ ਸ਼ਾਮਲ ਸਨ। ਇਸ ਸਮੇਂ ਪੱਛੜੀਆਂ ਬਰਾਦਰੀਆਂ ਦਾ ਕੜਾਅ ਪ੍ਰਸ਼ਾਦ ਚੜ੍ਹਾਉਣ ਤੇ ਮਨਾਹੀ ਸੀ। ਜਦੋਂ ਇਕੱਠ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੁੱਜਿਆ ਤਾਂ ਪਾਠੀਆਂ ਵੱਲੋਂ ਰੁਕਾਵਟਾਂ ਖੜੀਆਂ ਕੀਤੀਆਂ ਗਈਆਂ। ਲੇਕਿਨ ਜ. ਕਰਤਾਰ ਸਿੰਘ ਝੱਬਰ ਦੀ ਦਲੇਰੀ ਤੇ ਅਗਵਾਈ ਸਦਕਾ ਪੁਜਾਰੀਆਂ ਦੇ ਬਾਈਕਾਟ ਕਰਨ ਦੇ ਬਾਵਜੂਦ ਪ੍ਰਸ਼ਾਦ ਭੇਟ ਕਰਨ ਦੀ ਰਸਮ ਸੰਪੂਰਨ ਕੀਤੀ ਗਈ। 12 ਅਕਤੂਬਰ 1920 ਦਾ ਦਿਨ ਸੀ ਜਦੋਂ ਸ੍ਰੀ ਅਕਾਲ ਤਖ਼ਤ ਤੋਂ ਜਥੇਦਾਰ ਝੱਬਰ ਨੇ ਐਲਾਨ ਕੀਤਾ :

"ਅਕਾਲ ਤਖ਼ਤ ਸਾਹਿਬ ਸਜਿਆ ਖਾਲਸਾ ਜੀ ਦਾ ਇਹ ਦੀਵਾਨ ਪਾਸ ਕਰਦਾ ਹੈ ਕਿ ਜਿਨ੍ਹਾਂ ਨੇ ਬਜਬਜ ਘਾਟ ਤੇ ਅੰਗਰੇਜ਼ਾਂ ਦਾ ਮੁਕਾਬਲਾ ਕੀਤਾ ਸੀ ਉਹ ਅੰਨਨ ਗੁਰੂ ਦੇ ਸਿੱਖ ਹਨ। ਬਲਕਿ ਉਹ ਗੁਰੂ ਦੇ ਸਿੱਖ ਨਹੀਂ ਹਨ ਜਿਹੜੇ ਆਪਣੇ ਘਰ ਵਿਚ ਮਨਮਤ ਕਰਦੇ ਹਨ। ਅਰੂੜ ਸਿੰਘ ਜੋ ਗੁਰਮਤਿ ਪ੍ਰਚਾਰ ਨੂੰ ਬੰਦ ਕਰਕੇ ਘਰ ਵਿਚ ਪਾਪ-ਲੀਲਾ ਕਰਦਾ ਹੈ, ਓਡਵਾਇਰ ਨੂੰ ਮਾਣ ਪੱਤਰ ਦੇਣ ਵਾਲੇ ਸੁੰਦਰ ਸਿੰਘ ਮਜੀਠਾ, ਗੱਜਣ ਸਿੰਘ ਲੁਧਿਆਣਾ, ਗੁਪਾਲ ਸਿੰਘ ਭਾਗੋਵਾਲੀਆ, ਅਰੂੜ ਸਿੰਘ ਸਰਬਰਾਹ, ਗੁਰਬਖ਼ਸ਼ ਸਿੰਘ ਆਦਿ ਤਨਖਾਹੀਏ ਹਨ। ਇਨ੍ਹਾਂ ਦੇ ਨਾਂਅ ਨਾਲ 'ਸਰਦਾਰ' ਜਾਂ 'ਭਾਈ' ਪਦ ਨਾ ਵਰਤਿਆ ਜਾਵੇ।"

ਇਸ ਘਟਨਾ ਨਾਲ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਅਜ਼ਾਦ ਕਰਾਉਣ ਦੀ ਲਹਿਰ ਸ਼ੁਰੂ ਹੋਈ, ਜਿਸ ਨਾਲ ਰਾਜਸੀ ਤੇ ਧਾਰਮਿਕ ਵਾਤਾਵਰਣ ਵਿਚ ਤਿੱਖਾ ਮੋੜ ਆਇਆ।

ਇਸ ਸਮੇਂ ਕੁਝ ਗ਼ਦਰੀ ਸ਼ਾਹੀ ਐਲਾਨ ਤਹਿਤ ਘੱਟ ਸਜ਼ਾਵਾਂ ਜਾਂ ਜੂਹਬੰਦੀਆਂ ਤੋਂ ਮੁਕਤ ਹੋ ਗਏ ਸਨ। ਦੁਆਬੇ ਵਿਚ ਭਾਈ ਪਿਆਰਾ ਸਿੰਘ ਲੰਗੇਰੀ, ਬਾਬਾ ਕਰਮ ਸਿੰਘ ਚੀਮਾ, ਬਾਬਾ ਭਾਗ ਸਿੰਘ ਕਨੇਡੀਅਨ, ਬਚਿੰਤ ਸਿੰਘ ਰੁੜਕਾ, ਵਤਨ ਸਿੰਘ ਸਾਹਰੀ, ਕਰਮ ਸਿੰਘ ਦੌਲਤਪੁਰ, ਗੰਢਾ ਸਿੰਘ ਫਗੁੜੀਆ ਅਤੇ ਮਾਝੇ ਵਿਚ ਬਾਬਾ ਵਸਾਖਾ ਸਿੰਘ, ਈਸ਼ਰ ਸਿੰਘ ਮਰਹਾਣਾ, ਇੰਦਰ ਸਿੰਘ ਸੁਰਸਿੰਘ ਵਾਲਾ ਰਿਹਾ ਹੋ ਗਏ ਸਨ। ਉਨ੍ਹਾਂ ਨੇ ਸਮਕਾਲੀ ਲਹਿਰਾ ਜਿਵੇਂ ਅਕਾਲੀ ਲਹਿਰ, ਨਾ-ਮਿਲਵਰਤਨ ਲਹਿਰ ਅਤੇ ਫਿਰ ਬੱਬਰ ਅਕਾਲੀ ਲਹਿਰ ਵਿਚ ਸ਼ਾਮਿਲ ਹੋ ਕੇ ਅਜ਼ਾਦੀ ਲਈ ਸਰਗਰਮ ਹਿੱਸਾ ਪਾਇਆ। ਦੇਸ਼ ਭਗਤੀ ਦਾ ਸਿਰੜ, ਸੱਚੇ ਸੁੱਚੇ ਇਖਲਾਕ ਦੇ ਕਾਰਨ ਪੰਜਾਬ ਦੀ ਜਨਤਾ ਵਿਚ ਇਨ੍ਹਾਂ ਗ਼ਦਰੀਆਂ ਦਾ ਮਾਣ ਸਤਿਕਾਰ ਵਧ ਗਿਆ ਸੀ। 1925 ਨੂੰ ਗੁਰਦੁਆਰਾ ਐਕਟ ਦੀ ਪ੍ਰਾਪਤੀ ਇਨ੍ਹਾਂ ਦੀ ਅਹਿਮ ਭੂਮਿਕਾ ਦਾ ਸਿੱਟਾ ਸੀ।

1919 ਵਿਚ ਮਾਂਟੇਗੋ-ਚੈਮਸਫੋਰਡ ਸੁਧਾਰਾਂ ਵਿਚ ਸ਼ਾਸ਼ਨ ਪ੍ਰਣਾਲੀ ਵਿਚ ਘੱਟ ਗਿਣਤੀਆਂ ਲਈ ਹਿੱਸੇਦਾਰੀ ਦੀ ਗੱਲ ਕਹੀ ਗਈ ਸੀ ਅਤੇ ਰਿਪੋਰਟ ਵਿਚ ਲਿਖਿਆ ਸੀ ਕਿ ਜੋ ਢੰਗ ਮੁਸਲਮਾਨਾਂ ਲਈ ਵਰਤਿਆ ਗਿਆ ਉਹ ਸਿੱਖਾਂ ਲਈ ਵਰਤਿਆ ਜਾਏ। ਜਿਸ ਅਨੁਸਾਰ ਪੰਜਾਬ ਕੌਂਸਲ ਦੀਆਂ 54 ਸੀਟਾਂ ਵਿਚੋਂ 8 ਸੀਟਾਂ ਸਿੱਖਾਂ ਨੂੰ ਦਿੱਤੀਆਂ ਜਾਣੀਆਂ ਸਨ। ਇਸ ਮੁੱਦੇ ਨੂੰ ਲੈ ਕੇ ਜਗੀਰਦਾਰਾਂ ਦਾ ਅੰਗਰੇਜ਼ਪ੍ਰਸਤ ਟੋਲਾ ਜਿਹੜਾ ਆਪਣੀ ਹੋਂਦ ਕਾਇਮ ਰੱਖਣ ਲਈ ਫਿਰਕੂ ਨਜ਼ਰੀਏ ਤੋਂ ਸੰਵਿਧਾਨਕ ਸੁਧਾਰਾਂ ਦੀ ਮੰਗ ਕਰਨ ਲੱਗ ਪਿਆ ਸੀ। ਦੂਜੇ ਪਾਸੇ ਪੰਜਾਬ ਅੰਦਰ ਗ਼ਦਰ ਲਹਿਰ ਦੂਜੇ ਦੌਰ ਵਿਚ ਪ੍ਰਵੇਸ਼ ਕਰਕੇ ਕਿਰਤੀ ਕਿਸਾਨਾਂ ਨੂੰ ਜਥੇਬੰਦ ਕਰਨ ਲੱਗ ਪਈ ਸੀ। ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕੀ ਢਾਂਚੇ ਵਿਚ ਗ਼ਦਰੀਆਂ ਦੀ ਭੂਮਿਕਾ ਵਿਸ਼ੇਸ਼ ਬਣ ਗਈ ਸੀ। ਅੱਗੋਂ ਜਾ ਕੇ ਬਾਬਾ ਈਸ਼ਰ ਸਿੰਘ ਮਰਹਾਣਾ ਅੰਮ੍ਰਿਤਸਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਪ੍ਰਕਮਾ ਦੇ ਇੰਚਾਰਜ ਇੰਦਰ ਸਿੰਘ ਵੇਰਕਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਬਾਬਾ ਵਸਾਖਾ ਸਿੰਘ ਬਣਾਏ ਗਏ ਸਨ। ਇਹ ਸਿਲਸਿਲਾ ਅੰਗਰੇਜ਼ਾਂ ਦੀ ਚਿੰਤਾ ਦਾ ਵਿਸ਼ਾ ਬਣ ਗਿਆ ਸੀ। ਇਸ ਨੂੰ ਖੁਫੀਆ ਵਿਭਾਗ ਨੇ ਇਸ ਤਰ੍ਹਾਂ ਮੰਨਿਆ:

"ਭਾਵੇਂ ਸ਼੍ਰੋਮਣੀ ਕਮੇਟੀ ਨੇ ਹਮੇਸ਼ਾ ਜ਼ੋਰ ਦਿੱਤਾ ਕਿ ਅਕਾਲੀ ਲਹਿਰ ਧਾਰਮਿਕ ਤੇ ਗੈਰ ਸਿਆਸੀ ਹੈ। ਇਸ ਦਾ ਇਕੋ ਇਕ ਨਿਸ਼ਾਨਾ ਗੁਰਦੁਆਰਿਆਂ ਦੇ ਪ੍ਰਬੰਧ ਦਾ ਸੁਧਾਰ ਕਰਨਾ ਹੈ। ਪਰ ਇਹ ਸਪੱਸ਼ਟ ਹੈ ਕਿ ਕਮੇਟੀ ਦਾ ਕੰਟਰੋਲ ਉਨ੍ਹਾਂ ਗਰਮਦਲੀਆਂ ਕੋਲ ਹੈ ਜਿਹੜੇ ਸੈਂਟਰਲ ਸਿੱਖ ਲੀਗ ਉਪਰ ਕਾਬਜ ਹਨ। ਜਿਹੜੀ ਕਿ ਸਭ ਤੋਂ ਵੱਧ ਅਗਾਂਹਵਧੂ ਜਥੇਬੰਦੀ ਹੈ। ਕਿਹਾ ਜਾ ਸਕਦਾ ਹੈ ਕਿ ਦੋਹਾਂ ਵਿਚੋਂ ਛੋਟੀ ਸਿੱਖ ਲੀਗ ਉਤੇ ਗੁਰਦੁਆਰਾ ਕਮੇਟੀ ਦੇ ਗਰਮ, ਖੱਬੇਪੱਖੀ ਅਕਾਲੀਆਂ ਦਾ ਕਬਜ਼ਾ ਹੈ। ਮਾਡਰੇਟ ਅਕਾਲੀ ਜੋ ਸਰਕਾਰ ਨਾਲ ਸਮਝੌਤਾ ਤੇ ਮਿਲਵਰਤਨ ਨਾਲ ਇਲਾਜ ਲੱਭਣਾ ਚਾਹੁੰਦੇ ਹਨ। ਉਹ ਇਤਨੇ ਤਾਕਤਵਰ ਨਹੀਂ ਕਿ ਗਰਮ ਦਲੀਆਂ ਉੱਪਰ ਆਪਣਾ ਪ੍ਰਭਾਵ ਪਾ ਸਕਨ।"

ਅਜਿਹੀਆਂ ਹਾਲਤਾਂ ਦੇ ਮੱਦੇਨਜ਼ਰ ਅੰਗਰੇਜ਼ਾਂ ਵੱਲੋਂ ਦਿੱਤੇ ਜਾਣ ਵਾਲੇ ਸੰਵਿਧਾਨਕ ਅਧਿਕਾਰਾਂ (ਅੱਗੋਂ ਜਾ ਕੇ ਕਮਿਊਨਲ ਐਵਾਰਡ) ਰਿਆਇਤਾਂ ਦੇ ਲਾਲਸਵਸ ਹੋ ਕੇ ਅੰਗਰੇਜ਼ਪ੍ਰਸਤ ਟੋਲੇ ਨੇ ਹਕੂਮਤ ਨਾਲ ਗਾਂਢ-ਸਾਂਢ ਕਰਕੇ ਪਰਸਪਰ ਦੋਵਾਂ ਧਿਰਾਂ ਦੇ ਮਨਸੂਬਿਆਂ ਦੀ ਪੂਰਤੀ ਲਈ ਯੋਜਨਾ ਤਿਆਰ ਕੀਤੀ। ਇਸ ਸਮੇਂ ਬਾਬਾ ਵਸਾਖਾ ਸਿੰਘ ਬੀਮਾਰੀ ਦੀ ਹਾਲਤ 'ਚ ਜੂਹਬੰਦ ਸਨ ਬਾਬਾ ਵਸਾਖਾ ਤੋਂ ਬਿਨਾਂ ਦੱਸੇ ਪੁੱਛੇ ਉਨ੍ਹਾਂ ਨੇ ਪੰਜਾਬ ਸਰਕਾਰ ਦੇ ਮੁੱਖ ਮਾਲ ਅਧਿਕਾਰੀ ਖਾਨ ਬਹਾਦਰ ਨਵਾਬ ਮੁਜ਼ਫਰ ਖਾਨ K.B.E. ਨੂੰ 1934 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਨਮਾਨਤ ਕੀਤਾ।

## ਮੁਜ਼ੱਫ਼ਰ ਖਾਨ ਕੌਣ ਸੀ ?

ਇਹ ਇਲਾਕਾ ਜੇਹਲਮ ਅਤੇ ਸਿੰਧ (ਹੁਣ ਪਾਕਿਸਤਾਨ) ਦੇ ਵਿਚਕਾਰ 'ਵਾਅ' ਨਾਮੀ ਇਲਾਕੇ ਦੇ ਪ੍ਰਸਿੱਧ ਖਾਨਦਾਨ ਵਿੱਚੋਂ ਸੀ, ਜਿਸ ਦਾ ਮੋਢੀ ਸਰਦਾਰ ਕਰਮ ਖਾਨ ਸੀ। ਕਰਮ ਖਾਨ ਦੇ ਪੁੱਤਰ ਖਾਨ ਬਹਾਦਰ ਨਵਾਬ ਮੁਹੰਮਦ ਖਾਨ C.S.I. ਨੇ ਘੋੜਸਵਾਰ ਤੇ ਪੈਦਲ ਫੌਜੀ ਦਸਤੇ ਨਾਲ ਨਿਕਲਸਨ ਅੰਗਰੇਜ਼ ਵੱਲੋਂ ਮਰਗਲਾ ਦਰਾ 'ਤੇ ਕਾਬਜ਼ ਹੋਣ ਲਈ ਮਦਦ ਕੀਤੀ ਸੀ। ਅੰਗਰੇਜ਼ਾਂ ਨੂੰ ਪੰਜਾਬ 'ਚੋਂ ਖਦੇੜਨ ਦੀ ਇਹ ਪਹਿਲੀ ਲੜਾਈ ਸੀ। ਅੰਗਰੇਜ਼ਾਂ ਦੀ ਮਦਦ ਕਰਨ ਕਰਕੇ ਹੀ ਸਰਦਾਰ ਅਤਰ ਸਿੰਘ ਅਟਾਰੀ ਵਾਲੇ ਨੇ 'ਵਾਅ' ਵਿਚ ਇਸ ਖਾਨਦਾਨ ਦੀ ਹਵੇਲੀ ਨੂੰ ਤਬਾਹ ਕਰ ਦਿੱਤਾ ਸੀ। ਖਾਨ ਬਹਾਦਰ ਮੁਹੰਮਦ ਹਯਾਤ ਖਾਨ ਨੇ ਅਖੀਰ ਤੱਕ ਫੌਜੀ ਦਸਤਿਆਂ ਨਾਲ ਅੰਗਰੇਜ਼ਾਂ ਦੀ ਮਦਦ ਕੀਤੀ। 1857 ਦੇ ਗ਼ਦਰ ਸਮੇਂ ਨਿਕਲਸਨ ਪੇਸ਼ਾਵਰ ਦਾ ਡਿਪਟੀ ਕਮਿਸ਼ਨਰ ਸੀ। ਮੁਹੰਮਦ ਹਯਾਤ ਖਾਨ ਨੇ ਅਫਰੀਦੀ ਕਬੀਲੇ ਨੂੰ ਨਾਲ ਗੰਢ ਕੇ ਅੰਗਰੇਜ਼ਾਂ ਦੀ ਬਹੁਤ ਮਦਦ ਕੀਤੀ ਸੀ। ਅੰਗਰੇਜ਼ ਵਿਰੁੱਧ ਹੋਤੀ ਮਰਦਾਨ ਵਿਚ 46ਵੀਂ ਇਨਫੈਂਟਰੀ ਅਤੇ 9ਵੀਂ ਘੋੜਸਵਾਰਾਂ ਦੀ ਬਾਗੀ ਫੌਜ ਨੂੰ ਇਨ੍ਹਾਂ ਨੇ ਬੁਰੀ ਤਰ੍ਹਾਂ ਕੁਚਲਿਆ ਸੀ। ਦਿੱਲੀ ਦੀ ਚੜ੍ਹਾਈ ਸਮੇਂ ਮੁਹੰਮਦ ਖਾਨ ਸ਼ਾਮਲ ਸੀ ਜਿੱਥੇ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਸੀ। ਇਨ੍ਹਾਂ ਸੇਵਾਵਾਂ ਬਦਲੇ ਇਹ ਖਾਨਦਾਨ ਜਗੀਰਾਂ ਤੇ ਪੈਨਸ਼ਨ ਨਾਲ ਨਵਾਜਿਆ ਗਿਆ ਸੀ। ਅਖੀਰ 'ਚ ਮੁਹੰਮਦ ਖਾਨ ਨੂੰ ਸ਼ਾਹਪੁਰ ਤੇ ਬੰਨੂੰ ਦਾ ਅਸਿਸਟੈਂਟ ਕਮਿਸ਼ਨਰ ਬਣਾ ਦਿੱਤਾ ਗਿਆ ਸੀ। ਇਸੇ ਦਾ ਪੁੱਤਰ ਖਾਨ ਬਹਾਦਰ ਸਰ ਲਿਆਕਤ ਹਯਾਤ ਖਾਨ 1909 ਵਿਚ ਡੀ.ਐਸ.ਪੀ. ਭਰਤੀ ਹੋ ਕੇ ਛੇਤੀ ਹੀ ਇੰਡੀਅਨ ਪੁਲੀਸ ਸਰਵਿਸ ਵਿਚ ਆ ਗਿਆ ਸੀ। ਗ਼ਦਰ ਲਹਿਰ 1914-15 ਨੂੰ ਦਬਾਉਣ ਲਈ ਸਰਕਾਰ ਨੇ ਸੀ.ਆਈ.ਡੀ. ਦੇ ਇੰਚਾਰਜ ਵਜੋਂ ਇਸੇ ਦੀ ਡਿਊਟੀ ਲਾਈ ਸੀ। ਉਸਨੇ ਸੀ.ਆਈ.ਡੀ. ਦਾ ਕਾਰਜ ਭਾਰ ਸੰਭਾਲ ਕੇ ਮਾਝੇ ਦੇ ਗ਼ਦਰੀ ਕੇਂਦਰ ਦਦੇਹਰ, ਸੁਰ ਸਿੰਘ ਤੇ ਚੱਬਾ ਕੇਸ ਦੀ ਤਫਤੀਸ਼ ਲਈ ਖਾਸ ਦਿਲਚਸਪੀ ਲਈ ਸੀ। ਗ਼ਦਰ ਲਹਿਰ ਨੂੰ ਦਬਾਉਣ ਬਦਲੇ ਸਰਕਾਰ ਨੇ ਉਸਨੂੰ "ਕਿੰਗਜ਼ ਪੁਲੀਸ ਮੈਡਲ" ਨਾਲ ਸਨਮਾਨਿਆ ਸੀ ਅਤੇ K.B.E. ਦਾ ਖਿਤਾਬ ਦੇ ਕੇ ਜਗੀਰ ਦਿੱਤੀ। ਬਾਬਾ ਵਸਾਖਾ ਸਿੰਘ ਅਤੇ ਮਾਝੇ ਦੇ ਦੂਜੇ ਗ਼ਦਰੀ ਇਸੇ ਦੀ ਤਫ਼ਤੀਸ਼ ਵਿਚ ਗ੍ਰਿਫ਼ਤਾਰ ਕੀਤੇ ਗਏ ਸਨ।

ਅਕਾਲ ਤਖ਼ਤ ਤੋਂ ਸਨਮਾਨਤ ਕੀਤੇ ਗਏ ਖਾਨ ਬਹਾਦਰ ਨਵਾਬ ਮੁਜ਼ੱਫਰ ਖਾਨ, ਖਾਨ ਬਹਾਦਰ ਲਿਆਕਤ ਖਾਨ ਦਾ ਚਚੇਰਾ ਭਰਾ ਸੀ। ਜਿਸਨੂੰ ਸਰਕਾਰ ਨੇ 1912 ਵਿਚ ਮੁਨਸਫ਼ (ਜਜ) ਬਣਾਇਆ। ਸਰਕਾਰ ਦੀ ਵਫ਼ਾਦਾਰੀ ਕਰਕੇ ਉਹ 1919 ਵਿਚ ਮੀਰ ਮੁਨਸ਼ੀ ਬਣਿਆ। ਹਿੰਦ ਅਫਗਾਨ ਵਾਰਤਾ ਵਿਚ ਸ਼ਾਮਲ ਹੋਣ ਵਾਲੇ ਡੈਲੀਗੇਸ਼ਨ ਦਾ ਉਹ ਮੈਂਬਰ ਸੀ। ਅੰਗਰੇਜ਼ ਹਕੂਮਤ ਤੋਂ 'ਨਵਾਬ' ਦਾ ਖਿਤਾਬ ਪ੍ਰਾਪਤ ਕਰਕੇ ਉਹ ਤਰੱਕੀ ਕਰਦਾ-ਕਰਦਾ 1932 ਵਿਚ ਜੁਆਇੰਟ ਸੈਕਟਰੀ ਆਫ ਪੰਜਾਬ, ਰਿਫਾਰਮ ਕਮਿਸ਼ਨਰ ਅਤੇ 1934 ਵਿਚ ਉਹ ਮਾਲ ਮਹਿਕਮੇ ਦਾ ਰੈਵੇਨਿਊ ਮੈਂਬਰ ਬਣਾਇਆ ਗਿਆ। ਇਸ ਪੁਜੀਸ਼ਨ 'ਤੇ ਹੁੰਦਿਆਂ ਉਸਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਕਮੇਟੀ ਦੇ ਆਗੂਆਂ ਵੱਲੋਂ ਸਨਮਾਨਤ ਕੀਤਾ ਗਿਆ ਸੀ। ਇਹ ਸੀ ਖਾਨ ਬਹਾਦਰ ਨਵਾਬ ਮੁਜ਼ੱਫਰ ਖਾਨ 3.9.5. ਅਤੇ ਉਸਦੇ ਖਾਨਦਾਨ ਦੀਆਂ ਅੰਗਰੇਜ਼ਾਂ ਪ੍ਰਤੀ ਵਫਾਦਾਰੀਆਂ ਦਾ ਰਿਕਾਰਡ ਜਿਹੜਾ ਪੰਜਾਬ ਵਿਚ ਅੰਗਰੇਜ਼ਾਂ ਦੇ ਪੈਰ ਪਸਾਰਨ ਤੋਂ ਲੈ ਕੇ ਅਖੀਰ ਤੱਕ ਨਿਰਵਿਘਨ ਜਾਰੀ ਰਿਹਾ।

ਸ੍ਰੀ ਅਕਾਲ ਤਖ਼ਤ ਤੋਂ ਅਜਿਹਾ ਸਨਮਾਨ ਬਾਬਾ ਵਸਾਖਾ ਸਿੰਘ ਲਈ ਗਹਿਰੇ ਸਦਮੇ ਦੀ ਤਰ੍ਹਾਂ ਸੀ। ਉਨ੍ਹਾਂ ਨੇ ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨੂੰ ਪੱਤਰ ਲਿਖਿਆ :

ਸੇਵਾ ਵਿਖੇ
ਸ੍ਰੀਮਾਨ ਪ੍ਰਧਾਨ ਸਾਹਿਬ ਜੀ।
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਜੀ।
ਸ੍ਰੀਮਾਨ ਜੀ,

ਦਾਸ ਨੇ ਅਖ਼ਬਾਰ ਵਿਚ 24-12-1934 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਹਜ਼ੂਰ ਹੋਈ ਕਾਰਵਾਈ ਦਾ ਜ਼ਿਕਰ ਪੜ੍ਹਿਆ ਹੈ, ਜਿਸ ਵਿਚ ਇਕ ਸਰਕਾਰੀ ਅਫ਼ਸਰ ਦੀ ਉਪਮਾ ਕੀਤੀ ਗਈ ਹੈ। ਉਸਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵੱਲੋਂ ਸਿਰੋਪਾ ਦਿੱਤਾ ਗਿਆ ਹੈ। ਸਰਕਾਰੀ ਅਫ਼ਸਰ ਨੇ ਜੋ ਖੁੱਲ੍ਹੇ ਦੀਵਾਨ ਵਿਚ ਜਵਾਬ ਦਿੱਤਾ ਹੈ ਉਹ ਵੀ ਪੜ੍ਹਿਆ ਹੈ। ਆਸ ਹੈ ਕਿ ਆਪ ਨੇ ਵੀ ਉਹ ਅੱਖਰ ਪੜ੍ਹੇ



ਬਾਬਾ ਵਿਸਾਖਾ ਸਿੰਘ



ਕੇਸਰ ਸਿੰਘ ਠੱਠਗੜ੍ਹ



ਬਾਬਾ ਜਵਾਲਾ ਠੱਠੀਆਂ

ਹੋਣਗੇ। ਕਿਉਂਕਿ ਦਾਸ ਨੂੰ ਤਾਂ ਉਹ ਦੁਹਰਾਉਂਦਿਆਂ ਵੀ ਲੱਜਿਆ ਆਉਂਦੀ ਹੈ। ਦਾਸ ਦੇ ਵਿਚਾਰ ਵਿਚ ਇਸ ਕਾਰਵਾਈ ਰਾਹੀਂ ਅਕਾਲੀ ਲਹਿਰ ਦੀਆਂ ਸ਼ਾਨਦਾਰ ਕੁਰਬਾਨੀਆਂ ਉਤੇ ਪਾਣੀ ਫੇਰਿਆ ਗਿਆ ਹੈ ਅਤੇ ਸਿੱਖ ਇਤਿਹਾਸ ਉੱਤੇ ਇਕ ਕਾਲਾ ਧੱਬਾ ਲਾਇਆ ਗਿਆ ਹੈ। ਇਹ ਕਾਰਵਾਈ ਦਾਸ ਨੂੰ ਖ਼ਬਰ ਕੀਤੇ ਬਗੈਰ ਹੀ ਕੀਤੀ ਗਈ ਹੈ। ਦਾਸ ਦੀ ਜ਼ਮੀਰ ਇਸ ਨੂੰ ਸਹਾਰ ਨਹੀਂ ਸਕਦੀ ਕਿਉਂਕਿ ਇਸ ਦੁਆਰਾ ਸ੍ਰੀ ਹਰਗੋਬਿੰਦ ਸਾਹਿਬ ਜੀ ਦੇ ਅਸਥਾਪਨ ਕੀਤੇ ਗਏ ਪਵਿੱਤਰ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਅਤੇ ਗੁਰੂ ਪੰਥ ਦੀ ਬੇਅਦਬੀ ਕੀਤੀ ਗਈ ਹੈ। ਇਸ ਲਈ ਬੇਨਤੀ ਹੈ ਕਿ ਜਾਂ ਤਾਂ ਇਸ ਕਾਰਵਾਈ ਦਾ ਜਿੰਮੇਵਾਰ ਸੱਜਣ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ ਖੁੱਲ੍ਹੇ ਦੀਵਾਨ ਵਿਚ ਮੁਆਫੀ ਮੰਗ ਕੇ ਇਸ ਭੁੱਲ ਦੀ ਤਲਾਫ਼ੀ ਕਰੇ ਅਤੇ ਅੱਗੇ ਨੂੰ ਐਸੀ ਭੁੱਲ ਨਾ ਹੋਣ ਦੇਣ ਦਾ ਭਰੋਸਾ ਦਵਾਇਆ ਜਾਵੇ। ਨਹੀਂ ਤਾਂ ਦਾਸ ਦਾ ਅਸਤੀਫਾ ਪ੍ਰਵਾਨ ਕਰਕੇ ਦਾਸ ਨੂੰ ਇਸ ਜ਼ੁੰਮੇਵਾਰੀ ਤੋਂ ਸੁਰਖ਼ਰੂ ਕੀਤਾ ਜਾਵੇ।

ਦਾਸਨ ਦਾਸ- ਵਸਾਖਾ ਸਿੰਘ

ਅਕਾਲੀ ਆਗੂਆਂ ਦੀ ਇਸੇ ਨੀਤੀ ਨੇ ਮਾਲਵੇ ਦੇ ਆਗੂ ਸ. ਸੇਵਾ ਸਿੰਘ ਠੀਕਰੀਵਾਲਾ ਦਾ ਅੰਤ ਕਰਵਾਇਆ ਸੀ। ਇਸ ਬਾਰੇ ਸੇਵਾ ਸਿੰਘ ਠੀਕਰੀਵਾਲਾ ਦੇ ਸਾਥੀ ਭਗਵਾਨ ਸਿੰਘ ਲੌਂਗੋਵਾਲ ਨੇ ਖੁਲਾਸਾ ਕਰਦਿਆਂ ਲਿਖਿਆ ਸੀ : ਇਨ੍ਹਾਂ ਅਕਾਲੀ ਆਗੂਆਂ ਦੀ ਮਹਾਰਾਜਾ ਪਟਿਆਲਾ ਨਾਲ ਗੱਠਜੋੜ ਵਾਲੀ ਨੀਤੀ ਪਰਜਾ ਮੰਡਲੀਏ, ਮਾਲਵੇ ਦੇ ਮੰਨੇ ਪ੍ਰਮੰਨੇ ਸ਼ੇਰ ਮਰਦ, ਅਕਾਲੀ ਲੀਡਰ ਸ. ਸੇਵਾ ਸਿੰਘ ਠੀਕਰੀਵਾਲਾ ਦੀ ਜਾਨ ਦਾ ਖੌਹ ਬਣੀ। ਠੀਕਰੀਵਾਲਾ ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਅਤੇ ਪੰਜਾਬ ਰਿਆਸਤੀ ਪਰਜਾ ਮੰਡਲ ਦੇ ਪ੍ਰਧਾਨ ਸਨ ਜਿਨ੍ਹਾਂ ਨੂੰ ਪਟਿਆਲੇ ਦੇ ਰਾਜੇ ਨੇ ਰਿਆਸਤ ਦਾ ਬਾਗੀ ਗਰਦਾਨ ਕੇ 6 ਸਾਲ ਦੀ ਸਖ਼ਤ ਕੈਦ ਤੇ 1500 ਰੁਪਏ ਜ਼ੁਰਮਾਨੇ ਦੀ ਸਜ਼ਾ ਦੇ ਕੇ ਕੈਦ ਵਿਚ ਸੁੱਟ ਦਿੱਤਾ ਸੀ। ਰਾਜੇ ਦੇ ਜ਼ੁਲਮਾਂ ਦਾ ਸਾਹਮਣਾ ਕਰਦਿਆਂ ਉਹ ਸ਼ਹੀਦ ਹੋ ਗਏ ਸਨ। ਇਸ ਤੇ ਪ੍ਰਤੀਕਰਮ ਕਰਦਿਆਂ 'ਦੇਸ਼ ਦਰਪਣ' ਅਖ਼ਬਾਰ ਨੇ ਲਿਖਿਆ ਕਿ ਸ. ਸੇਵਾ ਸਿੰਘ ਦੇ ਕਤਲ ਦੀ ਸਿੱਧੀ ਜ਼ੁੰਮੇਵਾਰੀ ਮਹਾਰਾਜਾ ਪਟਿਆਲੇ ਦੇ ਸਿਰ ਹੈ। ਜਿਸਨੇ ਆਪਣੇ ਪਾਪਾਂ ਤੇ ਪਰਦਾ ਪਾਉਣ ਲਈ, ਤਾਕਤ ਦੇ ਘੁਮੰਡ ਵਿਚ ਉਸਨੂੰ ਮੌਤ ਦੇ ਘਾਟ ਉਤਾਰ ਦਿੱਤਾ। ਠੀਕਰੀਵਾਲਾ ਦੀ ਸ਼ਹੀਦੀ ਦਾ ਭਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਸਮੂਹ ਪੰਥਕ ਆਗੂਆਂ ਦੇ ਜ਼ੁੰਮੇ ਪਾਏ ਬਿਨਾਂ ਵੀ ਨਹੀਂ ਰਹਿ ਸਕਦੇ, ਜਿਹੜੇ ਮਾਮੂਲੀ ਹਾਲ-ਪਾਹਰਿਆਂ ਦੇ ਹੋਰ ਕੁਝ ਨਾ ਕਰ ਸਕੇ।

ਇਸ ਸੰਦਰਭ ਵਿਚ ਦੁਆਬੇ ਦੇ ਗ਼ਦਰੀ ਬਾਬਿਆਂ ਨੇ ਅਕਾਲੀ ਆਗੂਆਂ ਦੀ ਇਸ ਨੀਤੀ ਦੇ ਖਿਲਾਫ਼ ਸਮੂਹਿਕ ਤੌਰ 'ਤੇ ਲਿਖਤੀ 'ਅਲਹਿਦਗੀ ਦਾ ਫੁਰਮਾਨ' ਜਾਰੀ ਕਰ ਦਿੱਤਾ ਸੀ। ਜਿਸ ਵਿਚ ਲਿਖਿਆ ਸੀ:

ਅਸੀਂ ਅਕਾਲੀ ਲਹਿਰ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ, ਕੈਦਾਂ ਕੱਟੀਆਂ ਤੇ ਹਰ ਤਰ੍ਹਾਂ ਦੀ ਕੁਰਬਾਨੀ ਕੀਤੀ, ਕਿਉਂਕਿ ਅਕਾਲੀ ਲਹਿਰ ਇਕ ਇਨਕਲਾਬੀ ਲਹਿਰ ਸੀ। ਇਸ ਵਿਚ ਸਭ ਤੋਂ ਜ਼ਿਆਦਾ ਹਿੱਸਾ ਕਿਸਾਨਾਂ ਨੇ ਲਿਆ ਤੇ ਘਰਘਾਟ ਤਬਾਹ ਕਰਵਾਏ। ਇਨ੍ਹਾਂ ਚੀਜਾਂ ਨੇ ਸਾਨੂੰ ਵੀ ਪ੍ਰੇਰਿਆ ਤੇ ਕੈਨੇਡਾ ਜੈਸੀ ਦੁਰਾਡੀ ਜਗ੍ਹਾ ਤੋਂ ਸਭ ਕੁਝ ਤਿਆਗ, ਇਸ ਲਹਿਰ ਵਿਚ ਆ ਕੁੱਦੇ। ਇਹ ਵੀ ਠੀਕ ਹੈ ਕਿ ਇਸ ਇਨਕਲਾਬੀ ਘੋਲ ਵੇਲੇ ਸਾਡੇ ਵਿਚੋਂ ਬਹੁਤ ਸਾਰੇ ਜਥੇਦਾਰ ਤੇ ਸ਼ਹੀਦੀ ਜੱਥਿਆਂ ਦੇ ਜੱਥੇਦਾਰ ਵੀ ਰਹੇ ਹਨ। ਅਸੀਂ ਇਨ੍ਹਾਂ ਸਾਰੀਆਂ ਕੁਰਬਾਨੀਆਂ ਤੇ ਕੰਮ ਨੂੰ ਆਪਣੇ ਲਈ ਫ਼ਖ਼ਰ ਕਰਕੇ ਕਿਸਾਨ ਲਹਿਰ ਲਈ ਕਾਬਲੇ-ਇੱਜ਼ਤ ਸਮਝਦੇ ਹਾਂ। ਪਰ ਮੁਲਕ ਦੀ ਮੌਜੂਦਾ ਹਾਲਤ ਅਤੇ ਗਰੀਬ ਜਨਤਾ ਦੀ ਲਹਿਰ ਨੂੰ ਮੱਦੇਨਜ਼ਰ ਰੱਖਦੇ ਹੋਏ ਅਸੀਂ ਹੁਣ ਇਸ ਨਤੀਜੇ 'ਤੇ ਪੁੱਜੇ ਹਾਂ ਕਿ ਅਕਾਲੀ ਲਹਿਰ ਸਮੇਂ ਅਨੁਸਾਰ ਆਪਣਾ ਇਨਕਲਾਬੀ ਪਾਰਟ ਅਦਾ ਕਰ ਚੁੱਕੀ ਹੈ। ਹੁਣ ਕਿਸੇ ਵੀ ਕਿਸਮ ਦੀ ਫਿਰਕੂ ਜਥੇਬੰਦੀ ਕਾਰਨ ਕਿਸੇ ਨਾ ਕਿਸੇ ਸੂਰਤ ਵਿਚ ਜਨਤਾ ਦੀ ਭਲਾਈ ਤੇ ਮੁਲਕ ਦੀ ਆਜ਼ਾਦੀ ਦੇ ਕੰਮ ਵਿਚ ਰੁਕਾਵਟ ਹੋ ਰਹੀ ਹੈ। ਇਸ ਲਈ ਅਕਾਲੀ ਲਹਿਰ ਇਸ ਸਮੇਂ ਦੀ ਹਾਣੀ ਨਹੀਂ ਰਹੀ। ਅੱਜ ਤਾਂ ਸਿੱਖ, ਹਿੰਦੂ, ਮੁਸਲਮਾਨ ਤੇ ਇਸਾਈ ਸਾਰੀ ਜਨਤਾ ਨੂੰ ਕਿਸਾਨ ਕਮੇਟੀਆਂ, ਮਜ਼ਦੂਰ ਸਭਾਵਾਂ ਅਤੇ ਕਾਂਗਰਸ ਪਾਰਟੀ ਨੂੰ ਇਕਮੁੱਠ ਹੋ ਕੇ ਅੰਗਰੇਜ਼ੀ ਸਾਮਰਾਜ-ਸ਼ਾਹੀ ਵਿਰੁੱਧ ਟੱਕਰ ਲੈਣ ਲਈ ਜਥੇਬੰਦ ਹੋ ਜਾਣਾ ਚਾਹੀਦਾ ਹੈ। ਅਸੀਂ ਹਰ ਮਿਲਤ ਦੀ ਜਨਤਾ, ਕਿਸਾਨ ਕਮੇਟੀਆਂ ਤੇ ਕਾਂਗਰਸ ਸੋਸਲਿਸਟ ਪਾਰਟੀਆਂ ਵਿਚ ਭਰਤੀ ਹੋ ਕੇ ਮੁਲਕ ਦੀ ਆਜ਼ਾਦੀ ਦੇ ਘੋਲ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕਰਦੇ ਹਾਂ।

**ਜਨਤਾ ਦੇ ਸੇਵਕ :**

ਬਾਬਾ ਭਗਵਾਨ ਸਿੰਘ ਦੁਸਾਂਝ ਸਾਬਕਾ ਜਥੇਦਾਰ, ਕੈਨੇਡੀਅਨ ਸ਼ਹੀਦੀ ਜੱਥਾ ਬਾਬਾ ਕਰਮ ਸਿੰਘ ਚੀਮਾ ਸਾਬਕਾ ਜਥੇਦਾਰ ਅਕਾਲੀ ਦਲ, ਬਾਬਾ ਲਾਲ ਸਿੰਘ ਜੰਡਿਆਲਾ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਸਾਬਕਾ ਜਥੇਦਾਰ ਅਕਾਲੀ ਦਲ ਜਲੰਧਰ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ। ਗਿਆਨੀ ਸਰਦਾਰਾ ਸਿੰਘ ਨਾਗਰਾ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ, ਬਾਬਾ ਵਰਿਆਮ ਸਿੰਘ ਜੰਡਿਆਲਾ, ਬਾਬਾ ਵੀਰ ਸਿੰਘ ਪੁਆਦੜਾ, ਕਿਉਂਕਿ ਅਕਾਲੀ ਆਗੂਆਂ ਵੱਲੋਂ ਇਹ ਗਿਣੀ ਮਿੱਥੀ ਸਕੀਮ ਸੀ। ਜਿਸ ਕਰਕੇ ਉਨ੍ਹਾਂ ਨੇ ਗ਼ਦਰੀ ਬਾਬਾ ਵਸਾਖਾ ਸਿੰਘ ਅਤੇ ਗ਼ਦਰੀ ਬਾਬਾ ਕੇਸਰ ਸਿੰਘ ਠਠਗੜ੍ਹ ਦੀ ਗੈਰ ਹਾਜ਼ਰੀ ਵਿਚ ਗੁਰੂ ਰਾਮਦਾਸ ਸਰਾਂ ਦੇ ਕਮਰੇ ਵਿਚੋਂ ਉਨ੍ਹਾਂ ਦਾ ਸਮਾਨ ਬਾਹਰ ਸੁੱਟ ਦਿੱਤਾ ਸੀ। ਜਿਸ ਤੇ ਕਿਰਤੀ ਕਿਸਾਨ ਲਹਿਰ ਦੇ ਆਗੂ ਹਰਮਿੰਦਰ ਸਿੰਘ ਸੋਢੀ ਨੇ ਪ੍ਰਤੀਕਿਰਿਆ ਵਜੋਂ "ਅਕਾਲੀ ਪਾਰਟੀ ਉਤੇ ਇਕ ਨਵੇਂ ਕਲੰਕ ਦਾ ਟਿੱਕਾ" ਦੇ ਸਿਰਲੇਖ ਹੇਠ ਲਿਖਿਆ :

ਸਾਨੂੰ ਇਹ ਸੁਣ ਕੇ ਬੜੀ ਹੈਰਾਨੀ ਵਾਲਾ ਦੁੱਖ ਹੋਇਆ ਹੈ ਕਿ ਅਕਾਲੀ ਪਾਰਟੀ ਨੇ ਬਾਬਾ ਵਸਾਖਾ ਸਿੰਘ ਦਦੇਹਰ ਅਤੇ ਬਾਬਾ ਕੇਸਰ ਸਿੰਘ ਠਠਗੜ ਜੋ ਕਿ ਹਿੰਦੋਸਤਾਨ ਦੇ ਦੋ ਬੁੱਢੇ ਦੇਸ਼ ਭਗਤਾ ਨੂੰ, ਗੁਰੂ ਰਾਮਦਾਸ ਨਿਵਾਸ ਵਿਚੋਂ ਕੱਢ ਦਿੱਤਾ ਹੈ। ਇਹ ਉਹ ਦੇਸ਼ ਭਗਤ ਹਨ ਜੋ 1914-15 ਵਿਚ ਅਮਰੀਕਾ ਤੋਂ ਹਿੰਦੋਸਤਾਨ ਨੂੰ ਅਜ਼ਾਦ ਕਰਾਉਣ ਲਈ ਆਏ ਅਤੇ ਹੁਣ ਤੱਕ, ਬਿਰਧ ਅਵਸਥਾ ਵਿਚ ਆਪਣਾ ਪਲ-ਪਲ ਦੇਸ਼ ਦੀ ਅਜ਼ਾਦੀ ਲਈ ਬਤੀਤ ਕਰ ਰਹੇ ਹਨ। ਇਨ੍ਹਾਂ ਦੋਹਾਂ ਦੇਸ਼ ਭਗਤ ਬਾਬਿਆਂ ਦੀਆਂ ਜਾਇਦਾਦਾਂ 1914-15 ਦੇ ਲਾਹੌਰ ਸਾਜਿਸ਼ ਕੇਸ ਵੇਲੇ ਹੀ ਜਬਤ ਹੋ ਚੁੱਕੀਆਂ ਸਨ। ਸੰਤ ਬਾਬਾ ਵਸਾਖਾ ਸਿੰਘ ਜੀ ਨੂੰ ਗੁਰੂ ਰਾਮ ਦਾਸ ਨਿਵਾਸ ਵਿਚ ਇਕ ਕਮਰਾ ਮਿਲਿਆ ਹੋਇਆ ਸੀ ਅਤੇ ਬਾਬਾ ਕੇਸਰ ਸਿੰਘ ਜੀ ਨੂੰ ਰਹਿਣ ਲਈ ਸ੍ਰੀ ਦਰਬਾਰ ਸਾਹਿਬ ਦਾ ਬੁੰਗਾ ਜਿੱਥੇ ਉਹ ਕਿਸਾਨਾਂ, ਮਜ਼ਦੂਰਾਂ ਵਿਚ ਕੰਮ ਕਰਨ ਤੋਂ ਮਗਰੋਂ ਆ ਕੇ ਕੁਝ ਆਰਾਮ ਕਰਿਆ ਕਰਦੇ ਸਨ। ਬਾਬਾ ਕੇਸਰ ਸਿੰਘ ਜੀ ਜੋ ਪੰਜਾਬ ਕਿਸਾਨ ਕਮੇਟੀ ਦੇ ਪ੍ਰਧਾਨ ਹਨ ਅੱਜ ਲਾਹੌਰ ਕਿਸਾਨ ਮੋਰਚੇ ਦੇ ਸਿਲਸਿਲੇ ਵਿਚ ਲਾਹੌਰ ਸੈਂਟਰਲ ਜੇਲ੍ਹ ਵਿਚ ਪਏ ਹਨ। ਉਹ ਤਾਂ ਉਧਰ ਸਿਕੰਦਰੀ ਵਜਾਰਤ ਦੇ ਜੇਲ੍ਹਖਾਨਿਆਂ ਵਿਚ ਡੰਡਾ ਬੇੜੀ ਲਾਈ ਕੋਠੀ ਪਾਏ ਹਨ ਅਤੇ ਉਧਰ ਅਕਾਲੀ ਪਾਰਟੀ ਦੇ ਪਤਵੰਤੇ ਉਨ੍ਹਾਂ ਦੇ ਬੁੰਗੇ ਦਾ ਜ਼ਿੰਦਰਾ ਤੋੜ ਕੇ ਉਨ੍ਹਾਂ ਦਾ ਸਮਾਨ ਬਾਹਰ ਕੱਢ ਮਾਰਦੇ ਹਨ। ਸੰਤ ਬਾਬਾ ਵਸਾਖਾ ਸਿੰਘ ਜੀ ਨੂੰ ਵੀ ਕਮਰਾ ਛੱਡ ਦੇਣ ਲਈ ਨੋਟਿਸ ਦਿੱਤਾ ਗਿਆ ਹੈ। ਇਨ੍ਹਾਂ ਕੌਮ ਦੇ ਹੀਰਿਆਂ ਨੂੰ ਜੋ ਕਿ ਬ੍ਰਿਟਿਸ਼ ਅੰਪੀਰੀਲਿਜ਼ਮ ਦੀਆਂ ਸਖ਼ਤੀਆਂ ਸਹਿ-ਸਹਿ ਕੇ ਅੱਜ ਬਿਲਕੁਲ ਬਿਰਧ ਹੋ ਚੁੱਕੇ ਹਨ। ਅੰਗਰੇਜ਼ਾਂ ਨੇ ਘਰੋਂ ਬੇਘਰ ਕਰਨ ਅਤੇ ਜਾਇਦਾਦਾਂ ਜ਼ਬਤ ਕਰਕੇ ਭੁੱਖਿਆ ਮਾਰਨ ਵਿਚ ਤਾਂ ਕੋਈ ਕਸਰ ਨਹੀਂ ਛੱਡੀ, ਪ੍ਰੰਤੂ ਸਾਡੀ ਕੌਮ ਦਾ ਇਕ ਅੰਗ ਅਕਾਲੀ ਪਾਰਟੀ ਦੇ ਪਤਵੰਤੇ ਵੀ ਇਨ੍ਹਾਂ ਅਣਖੀਲੇ ਦੇਸ਼ ਭਗਤਾਂ ਨੂੰ ਦਰ-ਬਦਰ ਰੋਲਣ ਲਈ ਤੁਲੇ ਹੋਏ ਹਨ। ਹੇ! ਅਕਾਲੀ ਪਾਰਟੀ ਦੇ ਪਤਵੰਤਿਓ, ਕੀ ਤੁਹਾਨੂੰ ਇਨ੍ਹਾਂ ਦੀਆਂ ਅਭੁੱਲ ਤੇ ਅਮਿੱਟ ਕੁਰਬਾਨੀਆਂ ਦਾ ਖਿਆਲ ਨਾ ਆਇਆ। ਕੀ ਤੁਹਾਨੂੰ ਇਨਸਾਨ ਹੁੰਦਿਆਂ ਇਨ੍ਹਾਂ ਦੀ ਬਿਰਧ ਅਵਸਥਾ ਦੀ ਸੋਚ ਨਾ ਆਈ, ਕੀ ਤੁਸੀਂ ਅਜ਼ਾਦੀ ਦੀ ਸ਼ਮਾਂ ਉਤੇ ਮਰ ਮਿਟਣ ਵਾਲੇ ਇਨ੍ਹਾਂ ਪਰਵਾਨਿਆਂ ਦੀਆਂ ਅਮੁੱਕ ਕਠਿਨਾਈਆਂ ਨੂੰ ਅਨੁਭਵ ਨਾ ਕੀਤਾ। ਕੀ ਤੁਸੀਂ ਇਨ੍ਹਾਂ ਕੌਮੀ ਮਰਜੀਉੜਿਆਂ ਨੂੰ ਕੌਮ ਦੇ ਘਰਾਂ ਵਿੱਚੋਂ ਕੱਢਣ ਤੋਂ ਪਹਿਲਾਂ ਕੌਮ ਤੋਂ ਆਗਿਆ ਲੈ ਲਈ ਸੀ?

ਬਿਲਕੁਲ ਇਹੋ ਹੀ ਹਾਲ ਅਕਾਲੀ ਪਾਰਟੀ ਨੇ ਸ਼ਹੀਦ ਬਾਬਾ ਜੁਆਲਾ ਸਿੰਘ ਠੱਠੀਆਂ ਦਾ ਕੀਤਾ। ਇਕ ਬੰਨੇ ਉਨ੍ਹਾਂ ਦਾ ਸਸਕਾਰ ਹੋ ਰਿਹਾ ਸੀ ਅਤੇ ਦੂਜੇ ਪਾਸੇ ਅਕਾਲੀ ਪਾਰਟੀ ਦੇ ਪਤਵੰਤੇ ਬਾਰਾਦਰੀ ਦਾ (ਜੋ ਕਿ ਗੁਰਦੁਆਰਾ ਦੀ ਹੱਦ ਵਿਚ ਹੈ ਅਤੇ ਪੰਜਾਬ ਕਿਸਾਨ ਕਮੇਟੀ ਦਾ ਦਫ਼ਤਰ ਬਣਾਉਣ ਲਈ ਦਿੱਤੀ ਗਈ ਸੀ) ਦਾ ਜ਼ਿੰਦਰਾ ਤੋੜ ਕੇ ਸਾਰਾ ਸਾਮਾਨ ਬਾਹਰ ਸੁੱਟ ਦਿੰਦੇ ਹਨ। ਇਕ ਪਾਸੇ ਮਾਤਮ ਅਤੇ ਸਸਕਾਰ ਦਾ ਕਹਿਰ ਦੂਜੇ ਬੰਨੇ ਸਾਡੇ ਇਹ ਪਤਵੰਤੇ ਗਰੀਬ ਸੇਵਾਦਾਰਾਂ ਕੋਲੋਂ ਦਫ਼ਤਰ ਦਾ ਜ਼ਿੰਦਰਾ ਭੰਨਵਾ ਰਹੇ ਹਨ। ਐ! ਅਕਾਲੀ ਪਤਵੰਤਿਓ ਕਿਤੇ ਵੀ ਮਾਣ ਪੱਤਰ ਦੇਣ ਲੱਗਿਆ ਖਾਲਸਾ ਕੌਮ ਦੀਆਂ ਕੌਮੀ ਕੁਰਬਾਨੀਆਂ ਦੇ ਵੇਲੇ ਤਾਂ ਇਨ੍ਹਾਂ ਬਿਰਧ ਬਾਬਿਆਂ ਨੂੰ ਧੂਹ ਕੇ ਆਪਣੇ ਬਣਾ ਲੈਂਦੇ ਹੋ ਪਰ ਜਦੋਂ ਵੇਲਾ ਗੁਜਰ ਜਾਂਦਾ ਹੈ ਤਾਂ ਉਨ੍ਹਾਂ ਨੂੰ ਠੁੱਡ ਮਾਰਦੇ ਹੋ।

ਗ਼ਦਰ ਸ਼ਤਾਬਦੀ ਦੇ ਸੰਦਰਭ ਵਿਚ ਇਹ ਵਾਕਿਆਤ ਅੱਜ ਦੇ ਉਹਨਾਂ ਸਿੱਖ ਬੁੱਧੀਜੀਵੀਆਂ ਦੇ ਵੀ ਸਨਮੁੱਖ ਹਨ ਜਿਹੜੇ ਗ਼ਦਰੀ ਬਾਬਿਆਂ ਦੇ ਉਦੇਸ਼ ਤੇ ਵਿਚਾਰਧਾਰਾ ਨੂੰ ਸੌੜੀ ਅਕਾਲੀ ਸੋਚ 'ਚ ਵਲਗਣ ਲਈ ਕਈ ਤਰ੍ਹਾਂ ਦੇ ਹੱਥਕੰਡੇ ਅਪਣਾ ਰਹੇ ਹਨ।

*'ਚਿਰਾਗ' ਵਿਚੋਂ ਧੰਨਵਾਦ ਸਹਿਤ*

## ਗ਼ਦਰ ਸ਼ਤਾਬਦੀ ਦੇ ਨਾਂਅ ਦੋ ਗ਼ਜ਼ਲਾਂ

### ਤੁਰਨਾ ਹੈ ਗ਼ਦਰੀਆਂ ਦੇ ਕਦਮਾਂ 'ਤੇ ਕਦਮ ਧਰਕੇ...

----- ਮੱਖਣ ਕੁਹਾੜ -----

ਚਾਵਾਂ ਦਾ ਕਤਲ ਕਰਕੇ, ਰੀਝਾਂ ਨੂੰ ਦਫ਼ਨ ਕਰਕੇ।
ਕਦ ਤੱਕ ਜੀਆਂਗੇ ਏਦਾਂ, ਪਲ ਪਲ ਦੀ ਮੌਤ ਮਰ ਕੇ।

ਹਰ ਲਹਿਰ ਨੂੰ ਮੁਖ਼ਾਤਿਬ, ਹਰ ਜਬਰ ਨੂੰ ਮੁਖਾਤਿਬ,
ਸਾਗਰ ਨੂੰ ਸਰ ਕਰਾਂਗੇ, ਲਹਿਰਾਂ ਦੇ ਨਾਲ ਤਰਕੇ।

ਸਭ ਦੌਲਤਾਂ ਗ਼ਦਰ ਲਈ, ਸਭ ਰਹਿਮਤਾਂ ਗ਼ਦਰ ਲਈ,
ਹਰ ਸਾਹ ਗ਼ਦਰ ਦੇ ਲੇਖੇ, ਤਲੀਆਂ 'ਤੇ ਸੀਸ ਧਰਕੇ।

ਜੰਗਲ ਬੜਾ ਹੈ ਸੰਘਣਾਂ, ਮੁਸ਼ਕਿਲ ਹੈ ਪਾਰ ਲੰਘਣਾ,
'ਕੱਲੇ ਤੁਰਾਂਗੇ ਜੇਕਰ, ਜਾਵਾਂਗੇ ਰਾਹ 'ਚ ਗਰਕੇ।

ਤੁਰੀਏ ਕਦਮ ਮਿਲਾਕੇ, ਰੁਕੀਏ ਨਿਸ਼ਾਨਾ ਮਿਥਕੇ,
ਲੜੀਏ ਤਾਂ ਲੀਕ ਵਾਹਕੇ, ਸਿਰ ਵੀ ਤਲੀ ਤੇ ਧਰਕੇ।

ਸ਼ਸਤਰ ਤੇ ਸ਼ਾਸਤਰ ਨੂੰ, ਬਾਣੀ ਤੇ ਬਾਣ ਤਾਈਂ
ਕਿੱਦਾਂ ਇਕੱਠੇ ਰੱਖਣੈ, ਰਲ ਫੋਲੀਏ ਆ ਵਰਕੇ।

ਮੰਜ਼ਿਲ ਹੈ ਦੂਰ ਭਾਵੇਂ, ਪੁੱਜਣਾ ਹੈ ਬਹੁਤ ਲਾਜ਼ਮ,
ਤੁਰਨਾ ਹੈ ਗ਼ਦਰੀਆਂ ਦੇ ਕਦਮਾਂ ਤੇ ਕਦਮ ਧਰਕੇ।

ਪਾਣੀ, ਜ਼ਮੀਨ, ਜੰਗਲ, ਰਸਤੇ, ਪਹਾੜ, ਸਾਗਰ,
ਕਿੱਦਾਂ ਰਹੋਗੇ ਜਿਉਂਦੇ, ਸਭ ਕੁੱਝ ਨੀਲਾਮ ਕਰਕੇ।

### ਸਦੀਆਂ ਦਾ ਇਤਿਹਾਸ ਬਣੇ

----- ਹਰਭਜਨ ਸਿੰਘ ਹੁੰਦਲ -----

ਪਲ ਪਲ, ਗਿਣ ਗਿਣ, ਕਦੇ ਗੁਜ਼ਾਰੇ ਜੇਲ੍ਹੀਂ, ਸੂਲੀ-ਟੰਗੇ ਦਿਨ।
ਵਰ੍ਹਿਆਂ ਪਿਛੋਂ, ਅੱਜ ਕਿਉਂ ਲੱਗਣ, ਸਾਨੂੰ ਚੰਗੇ ਚੰਗੇ ਦਿਨ।

ਰਾਤਾਂ ਭਾਵੇਂ ਸੱਤ-ਰੰਗੀਆਂ ਸਨ, ਰੌਸ਼ਨੀਆਂ ਦੀ ਝਿਲਮਿਲ ਵੀ,
ਆਖਣ, 'ਮੰਗ ਲੈ, ਜੋ ਵੀ ਚਾਹੇਂ' ਅਸਾਂ ਹਮੇਸ਼ਾ ਮੰਗੇ, ਦਿਨ।

ਦਿਨਾਂ ਦਿਨਾਂ ਦਾ ਚੱਕਰ ਹੁੰਦੈ, ਉਹ ਲੰਘੇ, ਇਹ ਲੰਘ ਜਾਣੇ,
ਕੀ ਹੋਇਆਂ ਜੇ ਅੱਜ ਧੁਆਂਖੇ ਕੌੜੇ, ਕਾਲਖ਼-ਰੰਗੇ ਦਿਨ।

ਗੱਲ ਹਮੇਸ਼ਾ ਕੋਰੀ ਕਰੀਏ, ਕੌੜੀ ਲੱਗੇ, ਜਾਂ ਮਿੱਠੀ,
ਅੱਗ ਦੀ ਰੁੱਤੇ, ਧਮਕੀ ਵਾਂਗੂੰ ਸਾਡੇ ਸਿਰ ਤੋਂ ਲੰਘੇ ਦਿਨ।

ਐਵੇਂ ਪੱਤੇ ਵਾਂਗ ਨਾ ਕੰਬੀ, ਸਦੀਆਂ ਦਾ ਇਤਿਹਾਸ ਬਣੇਂ,
ਫਾਂਸੀ ਚੜ੍ਹਦੇ, ਜੋ ਮੁਸਕਾਏ, ਹੱਸੇ, ਸੂਲੀ ਟੰਗੇ ਦਿਨ।

ਬੁਜ਼ਦਿਲ ਦਾ ਕੀ ਜੀਣਾ ਹੁੰਦਾ, ਕੀ ਜੀਣਾ ਕਮਜ਼ੋਰਾਂ ਦਾ,
ਤਰਲੇ ਲੈ ਕੇ ਕਾਤਲ ਕੋਲੋਂ, ਜਿਨ੍ਹਾਂ ਹੁਧਾਰੇ ਮੰਗੇ ਦਿਨ।

ਉਹ ਦਿਨ ਸਦਾ ਸਲਾਮਤ ਰਹਿੰਦੇ, ਅਣਖ ਜਿਨ੍ਹਾਂ ਦੇ ਹੈ ਪੱਲੇ,
ਸੰਗੀਨਾਂ ਨੂੰ ਕਰਨ ਮਖ਼ੌਲਾਂ, ਕਾਤਲ ਬੂਹੇ ਖੰਘੇ ਦਿਨ।

'ਨਵੀਂ ਦੁਨੀਆ' ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ



AMARJEET SOHI
CITY COUNCILLOR WARD 12

MERRY CHRISTMAS
AND
HAPPY NEW YEAR!

amarjeet.sohi@edmonton.ca
www.amarjeetsohi.com twitter.com/sohiamarjeet
Phone - 780 496 8148


6TH Anniversary Special
NIRVANA
ENTERTAINMENT INC.
NIRVANA
Lunch & Dinner Buffet
7 Days a Week
(Veg. & Non-Veg.)
NIRVANA
1009-5075 Falconridge Blvd. N.E.
www.nirvanacalgary.com/nirvanantertainmentic.com
403-590-9797

MILLBOURNE ROAD
MEDICAL CLINIC
WALK-INS WELCOME FAMILY PHYSICIANS



Dr. V.K. Thapar (M.D., CCFP)* By Appointments Only
Dr. B.S. Jassar (M.D., Ph.D, CCFP)* Cell: 780 918 0516
Dr. S. Bananda (M.D.)
Dr. Farhat Siddiqui (M.D.)

ਤੁਹਾਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।
Ph: 780 462 4229 Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation

WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼



Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889



Passport Photos
by:
Kanwal Lyall
All types of Immigration, Passport, PIO, Citizenship Photos
Phone: 780-952-8017 lyallstudio@gmail.com

Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval



DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3

Fancy DOORS & MOULDINGS LTD.
JELD-WEN WINDOWS & DOORS · ALEXANDRIA Moulding · Masonite
FALL SHOWCASE
CHECK OUT OUR QUALITY SELECTION

Interior Doors
Cheyenne — Smooth, H/C, Pre-Hung 18" x 36" MDF Jamb, 3 Hinges
Bostonian — 6-Panel, Pre-Hung 18" x 36" MDF Jamb, 3 Hinges

Exterior Doors
Fibreglass "Parliament" — Pre-Hung (32" or 36" x80") with 4.5" Jamb
6-Panel Steel Door — with Brick Moulding Pre-Hung (32" or 36") with 4.5" Jamb



French Doors
A. 3-Panel Mission Shaker, Fir
B. 3-Panel Equal Shaker, MDF
C. 5-Panel Shaker, MDF

Single or Double "Paris" Doors
Pantry Slab
Square Ring with Band

Exterior Wood Doors
Prefinished 32" x 32" x 96"

SAVE ON DOOR KNOBS AND HANDLES!
BOSTAT Clearance Locks
Keyed Lever $15.00
Deadbolt $15.00
Privacy Lever $12.00
Passage Lever $12.00
*Please Note - All Sales of these locks are final and carry no warranty!
2 Piece Deadbolt $15.00
Passage Knob $10.99

MOULDING & MILLWORK HIGHLAND PARK SERIES ~ CLEAN, MODERN & ELEGANT!
#546 Casing 1¼" x 5½" SPERO™
#8039 Casing ¾" x 3½" MDF Primed
#8237 Baseboard 5/8" x 5½" MDF Primed
#8081 Casing 5/8" x 3¼" MDF Primed
#8281 Baseboard ½" x 6" MDF Primed

ALEXANDRIA Moulding MOULDING SPECIALS!
#5010 1 3/16" x 4 3/16" MDF Primed
#412 Baseboard 5/8" x 4¼" MDF Primed
#411 Casing 11/16" x 3" MDF Primed
#3140 3/8" x 3¼" MDF Primed
#356 2 ¼" x 3/8" MDF Primed

SAVE ON BATHROOM FIXTURES!
Infinity 4 Piece Bath Set: Robe Hook, Towel Bar, Towel Ring, Paper Holder
Sunglow 4 Piece Bath Set: Towel Bar, Robe Hook, Paper Holder, Towel Ring

Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Alberta Location: 9129 - 35 Avenue, Edmonton, AB, T6E 5Y1
Ph: 780-432-7700
Fax: 780-432-7710 www.fancy-doors.com

# ਜੇ ਸਰਾਭਾ ਜਿਊਂਦਾ ਰਹਿੰਦਾ ਤਾਂ...

## ਬਾਬਾ ਹਰਨਾਮ ਸਿੰਘ ਟੁੰਡੀਲਾਟ



ਬਾਬਾ ਹਰਨਾਮ ਸਿੰਘ ਟੁੰਡੀਲਾਟ ਫੌਜ ਛੱਡ ਕੇ ਅਮਰੀਕਾ ਪੁੱਜੇ। ਜਿਥੇ ਉਹ ਗ਼ਦਰ ਪਾਰਟੀ ਵਿੱਚ ਸ਼ਾਮਿਲ ਹੋਏ। ਉਨ੍ਹਾਂ ਗ਼ਦਰ ਅਖ਼ਬਾਰ ਅਤੇ ਪਾਰਟੀ ਜਥੇਬੰਦੀ ਲਈ ਅਣਥੱਕ ਕੰਮ ਕੀਤਾ। ਬਾਬੂ ਹਰਨਾਮ ਸਿੰਘ ਸਾਹਰੀ (ਬਰਮਾ ਸਾਜਿਸ਼ ਕੇਸ ਦੇ ਸ਼ਹੀਦ) ਨਾਲ ਮਿਲ ਕੇ ਬੰਬ ਬਣਾਉਣ ਦੇ ਤਜਰਬੇ ਕਰਦਿਆਂ ਜੁਲਾਈ 1914 ਨੂੰ ਉਨ੍ਹਾਂ ਦੀ ਬਾਂਹ ਬਾਰੂਦ ਨਾਲ ਉਡ ਗਈ ਸੀ। ਖੁਫ਼ੀਆ ਵਿਭਾਗ ਤੋਂ ਬਚ ਕੇ ਉਹ ਲੱਕੜ ਦੀ ਬਾਂਹ ਲਵਾ ਕੇ ਭਾਰਤ ਪੁੱਜੇ। ਸਾਰੀ ਉਮਰ ਆਰਥਿਕ ਮੁਸ਼ਕਿਲਾਂ ਦਾ ਸਾਹਮਣਾ ਕਰਦਿਆਂ ਉਹ ਮਜ਼ਦੂਰਾਂ ਕਿਸਾਨਾਂ ਦੀ ਬੰਦਖਲਾਸੀ ਲਈ ਜੂਝਦੇ ਰਹੇ। ਹਥਲਾ ਲੇਖ ਬਾਬਾ ਟੁੰਡੀਲਾਟ ਦੀਆਂ ਚਿੱਠੀਆਂ ਅਤੇ ਹੋਰ ਹੱਥ-ਲਿਖਤਾਂ ’ਤੇ ਅਧਾਰਤ ਹੈ ਜਿਹੜੀਆਂ ਉਸਨੇ 10 ਨਵੰਬਰ 1958 ਨੂੰ ਕਾ. ਗੁਰਚਰਨ ਸਿੰਘ ਸੈਂਸਰਾ ਜੋ ਉਸ ਸਮੇਂ ਗ਼ਦਰ ਪਾਰਟੀ ਦਾ ਇਤਿਹਾਸ ਲਿਖ ਰਹੇ ਸਨ, ਨੂੰ ਲਿਖੀਆਂ ਸਨ।

‘ਕਈ ਮਹੀਨੇ ਹੂਏ ਮੈਨੇ ਆਪਕੋ ਏਕ ਖ਼ਤ ਕੇ ਜਵਾਬ ਮੇਂ ਲਿਖਾ ਥਾ ਕਿ ਅਖ਼ਬਾਰ ‘ਗ਼ਦਰ’ ਕਾ ਪਹਿਲਾ ਪਰਚਾ ਛਾਇਆ ਹੋਨੇ ਕੀ ਤਾਰੀਖ ਕਾ ਅਸਲੀ ਪਤਾ, ਕੁਝ ਔਰ ਸਬੂਤ ਦਰਆਫ਼ਤ ਕਰਕੇ ਬਤਲਾਊਂਗਾ। ਮਗਰ ਮਾਹ ਅਪ੍ਰੈਲ ਸੇ ਹੀ ਰੋਟੀ ਵਗੈਰਾ ਕੇ ਖ਼ਰਚ ਕੀ ਤੰਗੀ ਹੋਨੇ ਸੇ ਮੇਰੀ ਜਸਮਾਨੀ ਸਿਹਤ ਪਰ ਭੀ ਇਸ ਕਾ ਅਸਰ ਹੂਆ ਹੈ! ਇਸਕੇ ਸਾਥ ਦਿਮਾਗੀ ਪ੍ਰੇਸ਼ਾਨੀ ਜਾਂ ਚਿੰਤਾ ਫ਼ਿਕਰ ਕਾ ਦਬਾਉ ਭੀ ਹੋਨਾ ਜ਼ਰੂਰੀ ਥਾ! ਇਨ ਹਾਲਾਤ ਮੇਂ, ਮੈਂ ਉਪਰ ਵਾਲੀ ਬਾਤ ਕਾ ਜਵਾਬ ਦੇਨੇ ਕੇ ਕਾਬਲ ਨਹੀਂ ਹੋ ਸਕਾ। ਪਿਛਲੇ ਏਕ ਮਹੀਨੇ ਸੇ ਕਹੀਂ ਸੇ ਕੁਝ ਮਾਲੀ ਇਮਦਾਦ ਮਿਲਨੇ ਪਰ ਮੈਨੇ ਆਪਨੀ ਸਿਹਤ ਕੋ ਸੰਭਾਲਨਾ ਸ਼ੁਰੂ ਕੀਆ ਹੈ, ਔਰ ਮੇਰੀ ਸਿਹਤ ਮੇਂ ਕੁਝ ਬੇਹਤਰ ਤਬਦੀਲੀ ਵੀ ਆਈ ਹੈ।

ਮੁਝੇ ਕਿਸੇ ਭੀ ਨਏ ਪੁਰਾਣੇ ਸਾਥੀ ਕੀ ਇਮਦਾਦ ਸੇ ਅਖ਼ਬਾਰ ‘ਗ਼ਦਰ’ ਕੇ ਯਾਰੀ ਹੋਨੇ ਕੀ ਤਾਰੀਖ ਕੇ ਬਾਰੇ ਕੋਈ ਸਹਾਇਤਾ ਨਹੀਂ ਮਿਲ ਸਕੀ। ਦੋ ਤੀਨ ਪੁਰਾਣੇ ਸਾਥੀਉਂ ਸੇ ਪੂਛਾ ਗਿਆ। ਉਨਕੀ ਯਾਦਾਸ਼ਤ ਸਿਫ਼ਰ ਸੇ ਭੀ ਨੀਚੇ ਚਲੀ ਗਈ ਹੈ! ਅਪਨੀ ਏਕ ਲਿਖੀ ਹੂਈ ਕਾਪੀ ਕਾਗ਼ਜ਼ਾਤ ਮੇਂ ਦੱਬੀ ਪੜ੍ਹੀ ਦੇਖਨੇ ਕੋ ਮਿਲ ਗਈ। ਇਸ ਸੇ ਇਸ ਬਾਤ ਕੀ ਸਹੀ ਰੌਸ਼ਨੀ ਪੜੀ। ਅਖ਼ਬਾਰ ‘ਗ਼ਦਰ’ ਕਾ ਪਹਿਲਾ ਪਰਚਾ ਉਰਦੂ ਮੇਂ ਚਾਰ ਅਕਤੂਬਰ 1913 ਕੋ ਜਾਰੀ ਹੂਆ। ਉਰਦੂ ਕੇ ਚਾਰ ਪਰਚੇ ਨਿਕਲਨੇ ਕੇ ਬਾਦ ਗੁਰਮੁਖੀ ਕਾ ਪਰਚਾ ਸ਼ੁਰੂ ਹੂਆ। ਮੁਜ਼ੇ ਯਹ ਬਾਤ ਅੱਛੀ ਤਰ੍ਹਾਂ ਯਾਦ ਹੈ ਕਿ ਬਰਾਂਚੋਂ ਮੇਂ ਪਹਿਲਾ ਔਰ ਦੂਸਰਾ ਉਰਦੂ ਪਰਚਾ ਪਹੁੰਚਨੇ ਪਰ ਕਮ ਤਾਦਾਦ ਪਰ ਮਿਲਨੇ ਪਹਿਚਾਤ, ਉਸ ਕੀ ਤਾਦਾਦ ਮੇਂ ਅਜ਼ਾਫ਼ਾ ਕੀ ਮਾਂਗ ਕੀ ਬਾਬਤ ਦਫ਼ਤਰ ਕੋ ਬਰਾਂਚੋਂ ਕੀ ਤਰਫ਼ ਸੇ ਚਿੱਠੀਆਂ ਭੇਜੀ ਗਈਂ। ਬਰੈਡਵਿਲ ਮੇਂ ਮੈਂ ਬਰਾਂਚ ਸੈਕਟਰੀ ਥਾ, ਇਸ ਲੀਏ ਮੁਜੇ ਅੱਛੀ ਤਰ੍ਹਾਂ ਯਾਦ ਹੈ ਕਿ ਦਫ਼ਤਰ ਸੇ ਲਾਲਾ ਹਰਦਿਆਲ ਨੇ ਲਿਖਾ ਥਾ ਕਿ ਹੈਂਡ ਪ੍ਰੈਸ ਮੇਂ ਅਖ਼ਬਾਰ ਇਤਨੀ ਤਾਦਾਦ ਮੇਂ ਹੀ ਮੁਸ਼ਕਲ ਸੇ ਛਪ ਸਕਤਾ ਹੈ। ਔਰ ਉਸ ਵਕਤ ਪਰ ਦਫ਼ਤਰ ਔਰ ਪ੍ਰੈਸ ਮੇਂ ਤੀਨੋ ਆਦਮੀ ਕਰਤਾਰ ਸਿੰਘ, ਰਘਵੀਰ ਦਿਆਲ ਗੁਪਤਾ ਦੋਨੋ 18 ਸਾਲ ਕੀ ਉਮਰ ਕੇ (ਸਕੂਲੀ ਲੜਕੇ) ਔਰ ਤੀਸਰੇ ਲਾਲਾ ਜੀ। ਇਨ ਤੀਨੋ ਨੇ ਹੀ ਮਿਹਨਤ ਮੁਸ਼ਕਤ ਕਾ ਕਾਮ ਕਭੀ ਨਹੀਂ ਕੀਆ ਹੂਆ ਥਾ। ਹਾਂ ਕਰਤਾਰ ਸਿੰਘ ਪੰਜਾਬੀ ਜੱਟ ਸਪੁੱਤਰ ਜੋ 19ਵੀਂ ਸਦੀ ਕੇ ਕੁਝ ਸਾਲ ਬਾਕੀ ਰਹਿਤੇ ਪੈਦਾ ਹੂਆ ਹੋਨੇ ਕੀ ਵਜਾਹ ਸੇ ਕੁਝ ਨਾ ਕੁਝ ਮੁਸ਼ਕਤ ਕਾ ਕਾਮ ਕਰ ਸਕਤਾ ਥਾ।

ਅਮਰੀਕੀ ਪ੍ਰੈਸ ਮੈਨ ਗੋਰਾ ਅਕੇਲਾ ਹੀ ਥਾ, ਜੋ ਅਪਨੇ ਸਾਥੀਓਂ ਕੋ ਕਾਮ ਸਿਖਾਤਾ ਵੀ ਥਾ ਔਰ ਹੈਂਡ ਪ੍ਰੈਸ ਕੋ ਘੁਮਾਤਾ ਭੀ ਥਾ। ਇਸ ਹਾਲਤ ਮੇਂ ਪਰਚੇ ਮਾਂਗ ਸੇ ਕਮ ਛਪਤੇ ਥੇ, ਤਕਰੀਬਨ ਤੀਨ ਉਰਦੂ ਪਰਚੇ ਬਰਾਚੋਂ ਮੇਂ ਪਹੁੰਚਨੇ ਕੇ ਬਾਅਦ ਪਰਚੋਂ ਕੀ ਜਿਆਦਾ ਮਾਂਗ ਥੀ। ਚਿੱਠੀਉਂ ਕੇ ਜਵਾਬ ਮੇਂ ਲਾਲਾ ਹਰਦਿਆਲ ਨੇ ਲਿਖਾ ਥਾ ਕੇ ਹੈਂਡ ਪ੍ਰੈਸ ਮੇਂ ਇਤਨੇ ਹੀ ਪਰਚੇ ਮੁਸ਼ਕਲ ਸੇ ਛਪ ਸਕਤੇ ਹੈਂ। ਏਕ ਸੈਕੰਡ ਹੈਂਡ ਪ੍ਰੈਸ ਮਸ਼ੀਨ ਬਿਜਲੀ ਸੇ ਚਲਨੇ ਵਾਲੀ ਬਾਈ ਸੌ ਡਾਲਰ ਮੇਂ ਮਿਲਤੀ ਹੈ, ਇਸ ਲੀਏ ਡਾਲਰ ਭੇਜੀਏ। ਹਰਦਿਆਲ ਕੀ ਇਸ ਚਿੱਠੀ ਪਰ ਬ੍ਰੈਡਵਿਲ, ਸੈਂਟਜਾਨ, ਪੋਰਟਲੈਂਡ, ਲਿੰਟਨ ਕੇ ਮੁਖੀ ਮਿਲੇ ਔਰ ਫੈਸਲਾ ਹੂਆ ਕਿ 2200 ਡਾਲਰ ਭੇਜ ਦੀਆ ਜਾਏ। ਔਰ ਭੇਜ ਦੀਆ ਗਯਾ। ਅਬ ਤੱਕ ਮੈਂ ਬ੍ਰਾਈਡਲਵਿਲ ਮੇਂ ਹੀ ਥਾ। ਉਰਦੂ ਕਾ ਚੌਥਾ ਪਰਚਾ ਮੁਝੇ ਬ੍ਰਾਈਡਲਵਿਲ ਮੇਂ ਹੀ ਮਿਲਾ ਥਾ। ਅਬ ਤੱਕ ਨਾ ਮਸ਼ੀਨ ਪ੍ਰੈਸ ਲਗਾ ਥਾ ਨਾ ਗੁਰਮੁਖੀ ਕਾ ਪਰਚਾ ਛਪਾ ਥਾ। ਮੁਝੇ ਪ੍ਰੈਜੀਡੈਂਟ ਪਾਰਟੀ ਕਾ ਖ਼ਤ ਅਕਤੂਬਰ ਕੇ ਆਖਰੀ ਹਫਤਾ ਮੇਂ ਮਿਲਾ ਥਾ, ਜਿਸ ਮੇਂ ਮੇਰੇ ਲੀਏ ਹੁਕਮ ਥਾ ਕਿ ਮੈਂ ਆਪਨਾ ਕਾਮ ਫੌਰਨ ਛੋੜ ਕੇ ਸਾਨਫ੍ਰਾਂਸਿਸਕੋ ਚਲਾ ਜਾਊਂ। ਮੁਝੇ ਅਪਨੇ ਖੁਦ ਕੀਏ ਹੂਏ ਇਕਰਾਰ ਕੇ ਮੁਤਾਬਕ ਜੇਹ ਬਾਤ ਮਾਨਨੀ ਥੀ। ਇਸ ਲੀਏ 1 ਨਵੰਬਰ 1913 ਕੋ ਅਪਨਾ ਕਾਮ ਛੋਡ ਕਰ ਬ੍ਰਾਈਡਲਵੈਲ ਸੇ ਚਲਾ ਗਯਾ। ਮੇਰੇ ਬਹਾਂ ਪਹੁੰਚਨੇ ਪਰ ਪ੍ਰੈਸ ਮਸ਼ੀਨ ਫਿਟ ਹੋ ਚੁੱਕੀ ਥੀ। ਗੁਰਮੁਖੀ ਕਾ ਪਹਿਲਾ ਪਰਚਾ ਮੇਰੇ ਬਹਾਂ ਪਹੁੰਚਨੇ ਪਰ ਛਾਯਾ ਹੂਆ ਥਾ। ਉਸ ਪਹਿਲੇ ਪਰਚੇ ਮੇਂ ਕਰਤਾਰ ਸਿੰਘ ਨੇ ਪੁਰਾਣੀ ਮਸ਼ਹੂਰ ਪੰਜਾਬੀ ਨਜ਼ਮ “ਪਗੜੀ ਸੰਭਾਲ ਜੱਟਾ“ ਲਿਖੀ ਥੀ। ਪਹਿਲੇ ਛਪਨੇ ਵਾਲੇ ਉਰਦੂ ਪਰਚੋਂ ਮੇਂ ਲਾਲਾ ਹਰਦਿਆਲ ਕੇ ਇੰਤਜ਼ਾਮ ਸੇ ਦੇਸ਼ ਭਗਤੀ ਕੀ ਨਜ਼ਮ ਛਪ ਜਾਤੀ ਰਹੀ ਥੀ। ਕਰਤਾਰ ਸਿੰਘ ਕੋ ਯਹ ਖਿਆਲ ਪੈਦਾ ਹੂਆ ਥਾ ਕਿ ਪੰਜਾਬੀ ਪਰਚੇ ਮੇਂ ਪੰਜਾਬੀ ਨਜ਼ਮ ਭੀ ਹੋਨੀ ਚਾਹੀਏ। ਯਹ ਨਜ਼ਮ ਉਸੇ ਜਬਾਨੀ ਯਾਦ ਥੀ ਔਰ ਯਹ ਪਹਿਲੇ ਪਰਚੇ ਮੇਂ ਛਪੀ ਥੀ ਔਰ ਗੁਰਮੁਖੀ ਕਾ ਪਹਿਲਾ ਪਰਚਾ ਮੇਰੇ ਸਾਨਫ੍ਰਾਂਸਿਸਕੋ ਪਹੁੰਚਨੇ ਪਰ ਮੇਰੀ ਮੌਜੂਦਗੀ ਮੇਂ ਮਸ਼ੀਨ ਪ੍ਰੈਸ ਪਰ ਛਪਾ ਥਾ। ਦੂਸਰਾ ਸਬੂਤ, ਮਾਹ ਨਵੰਬਰ ‘ਗ਼ਦਰ’ ਕਾ ਪਰਚਾ ਛਪਨੇ ਕੀ ਤਾਰੀਖ 22 ਨਵੰਬਰ ਆਤੀ ਥੀ। ਮੇਰੀ ਮੌਜੂਦਗੀ ਮੇਂ ਲਾਲਾ ਹਰਦਿਆਲ ਨੇ ਯਹ ਤਜ਼ਵੀਜ਼ ਬਤਲਾਈ ਥੀ ਕਿ 22 ਤਾਰੀਖ ਕੋ ਛਾਇਆ ਹੋਨੇ ਵਾਲੇ ਪਰਚੇ ਕੀ ਤਾਰੀਖ ਤਬਦੀਲ ਕਰਕੇ 20 ਨਵੰਬਰ ਕੋ ਕਰ ਦੇਨੀ ਚਾਹੀਏ, ਕਿਉਂਕਿ 20 ਨਵੰਬਰ 1912 ਕੋ ਦਿੱਲੀ ਲਾਰਡ ਹਰਡਿੰਗ ਪਰ ਹਿੰਦੁਸਤਾਨੀ ਦੇਸ਼ ਭਗਤੋਂ ਨੇ ਬੰਬ ਫੈਂਕਾ ਥਾ। ਇਸ ਤਰ੍ਹਾਂ ਉਸ ਬੰਬ ਕੀ ਯਾਦ ਮੇਂ ਪੈਹਲੇ 22 ਨਵੰਬਰ ਕੋ ਛਪਨੇ ਵਾਲੇ ਪਰਚੇ ਕੀ ਤਾਰੀਖ ਤਬਦੀਲ ਕਰਕੇ 20 ਨਵੰਬਰ ਕਰ ਦੀ ਗਈ, ਔਰ ਆਇੰਦਾ ਪਰਚਾ ਇਸੀ ਤਾਰੀਖ ਕੇ ਹਿਸਾਬ ਸੇ ਹਫ਼ਤਾਵਾਰੀ ਛਪਤਾ ਰਹਾ। ਬੇਸ਼ਕ ਗੁਰਮੁਖੀ ਪਹਿਲਾ ਪਰਚਾ ਪਹਿਲੀ ਨਵੰਬਰ ਕੋ ਛਾਇਆ ਹੂਆ ਥਾ।

### ਸ਼ਹੀਦ ਸਰਾਭਾ ਜੀ ਤੇ ਗ਼ਦਰ ਪ੍ਰੈੱਸ

“ਗ਼ਦਰ ਪਾਰਟੀ ਦੀ ਸਥਾਪਤੀ ਤੋਂ ਬਾਅਦ ਇਸ ਦੇ ਮੰਤਵ ਤੈਅ ਕੀਤੇ ਗਏ: 1) ਅਮਰੀਕਾ ਵਿਚ ਪਾਰਟੀ ਦੇ ਪ੍ਰਚਾਰ ਲਈ ਹਿੰਦੁਸਤਾਨੀ ਬੋਲੀਆਂ ਵਿਚ ਅਖ਼ਬਾਰ ਕੱਢਣਾ, 2) ਅਮਰੀਕਾ ਦੇ ਦੂਜੇ ਮੁਲਕਾਂ ਵਿਚ ਗ਼ਦਰ ਪਾਰਟੀ ਦੀਆਂ ਸ਼ਾਖਾਂ ਕਾਇਮ ਕਰਨਾ, 3) ਅਮਰੀਕਾ ਵਿਚ ਹੁਸ਼ਿਆਰ ਵਿਅਕਤੀਆਂ ਨੂੰ ਟ੍ਰੇਨਿੰਗ ਦੇ ਕੇ ਖੁਫ਼ੀਆ ਤੌਰ ਤੇ ਹਿੰਦੁਸਤਾਨ ਭੇਜਣਾ ਅਤੇ ਉਨ੍ਹਾਂ ਰਾਹੀਂ ਹਿੰਦੁਸਤਾਨ ਅੰਦਰ ਪਾਰਟੀ ਦੀਆਂ ਖੁਫ਼ੀਆ ਸ਼ਾਖਾਂ ਕਾਇਮ ਕਰਨਾ, 4) ਹਿੰਦੁਸਤਾਨੀ ਫੌਜੀ ਸਿਪਾਹੀਆਂ ਵਿਚ ਦੇਸ਼ ਭਗਤੀ ਦਾ ਪ੍ਰਚਾਰ ਕਰਕੇ ਗ਼ਦਰ ਵਾਸਤੇ ਆਪਣੇ ਵਿਚਾਰ ਨਾਲ ਸਹਿਮਤ ਕਰਨਾ।

ਔਰੇਗਨ ਦੇ ਦੌਰੇ ਸਮੇਂ ਲਾਲਾ ਹਰਦਿਆਲ ਨੇ ਕੈਲੇਫੋਰਨੀਆਂ ਦੇ ਖੇਤਾਂ ਅਤੇ ਬਾਗਾਂ ਵਿਚ ਕੰਮ ਕਰਦੇ ਕੁਝ ਸਾਥੀਆਂ ਤੋਂ ਤਨ-ਮਨ-ਧਨ ਨਾਲ ਇਸ ਕਾਰਜ ਵਿਚ ਮਦਦ ਦੇਣ ਦਾ ਵਚਨ ਲਿਆ ਸੀ। ਉਨ੍ਹਾਂ ‘ਚੋਂ ਕੁਝ ਨਾਮ ਹਨ-ਭਾਈ ਰੂੜ ਸਿੰਘ ਤੇ ਭਾਈ ਚੰਨਣ ਸਿੰਘ ਚੂਹੜਚੱਕ, ਪੰਡਤ ਜਗਤ ਰਾਮ ਹਰਿਆਣਾ ਜ਼ਿਲ੍ਹਾ ਹੁਸ਼ਿਆਰਪੁਰ, ਕਰਤਾਰ ਸਿੰਘ ਸਰਾਭਾ ਤੇ ਕਰਤਾਰ ਸਿੰਘ ਦੁੱਕੀ ਲਤਾਲਾ ਜ਼ਿਲ੍ਹਾ ਲੁਧਿਆਣਾ।



ਯੁਗਾਂਤਰ ਆਸ਼੍ਰਮ ਵਿਚ ਪਿਆ ਬਾਬਾ ਹਰਨਾਮ ਸਿੰਘ ਦਾ ਲੱਕੜ ਦਾ ਹਥ। 1988- ਫ਼ੋਟੋਕਾਰ ਅਮਰਜੀਤ ਚੰਦਨ

ਲਾਲਾ ਹਰਦਿਆਲ ਏਥੋਂ ਸਾਨਫਰਾਂਸਿਸਕੋ ਜਾ ਕੇ ਅਖ਼ਬਾਰ ਕੱਢਣ ਦਾ ਵਾਅਦਾ ਕਰਕੇ ਵਾਪਸ ਕੈਲੇਫੋਰਨੀਆਂ ਚਲੇ ਗਏ। ਮਈ, ਜੂਨ, ਜੁਲਾਈ, ਅਗਸਤ ਤਿੰਨ-ਚਾਰ ਮਹੀਨੇ ਲੰਘ ਗਏ ਪਰ ਗ਼ਦਰ ਅਖ਼ਬਾਰ ਨਾ ਨਿਕਲਿਆ। ਕਈ ਮੈਂਬਰ ਆਪਣੇ ਪਹਿਲੇ ਤਜ਼ਰਬੇ ਦੇ ਆਧਾਰ ਤੇ ਸਮਝਣ ਲੱਗ ਪਏ ਕਿ ਹਿੰਦੁਸਤਾਨ ਦੇ ਪੜ੍ਹੇ-ਲਿਖੇ ਦੇਸ਼ ਭਗਤ ਕੇਵਲ ਗੱਲਾਂ ਮਾਰਨਾ ਤੇ ਪੈਸਾ ਵਟੋਰਨਾ ਹੀ ਜਾਣਦੇ ਹਨ, ਇਨ੍ਹਾਂ ਵਿਚ ਅਮਲੀ ਕੰਮ ਕਰਨ ਦੀ ਹਿੰਮਤ ਨਹੀਂ ਹੁੰਦੀ। ਲਾਲਾ ਜੀ ਨੂੰ ਚਿੱਠੀਆਂ ਲਿਖੀਆਂ ਗਈਆਂ ਤਾਂ ਜਵਾਬ ਆਇਆ ਕਿ ਬੀਮਾਰ ਹੋਣ ਕਰਕੇ ਅਖ਼ਬਾਰ ਪ੍ਰਕਾਸ਼ਿਤ ਨਹੀਂ ਕਰ ਸਕਿਆ। ਤੁਸੀਂ ਇਸ ਕੰਮ ਲਈ ਇਟਲੀ ਤੋਂ ਸ. ਅਜੀਤ ਸਿੰਘ ਨੂੰ ਬੁਲਾ ਲਉ। ਤਦ ਔਰੇਗਨ ਤੇ ਵਾਸ਼ਿੰਗਟਨ ਸੂਬਿਆਂ ਦੇ ਸਿਰਕੱਢ ਸਾਥੀ ਇਕੱਤਰ ਹੋਏ ਅਤੇ ਫੈਸਲਾ ਕੀਤਾ ਕਿ ਲਾਲਾ ਹਰਦਿਆਲ ਦਾ ਪਾਰਟੀ ਵਲੋਂ ਇਲਾਜ ਕੀਤਾ ਜਾਵੇ ਅਤੇ ਉਨ੍ਹਾਂ ਦੇ ਰੋਟੀ ਕੱਪੜੇ ਦੇ ਖ਼ਰਚ ਲਈ 25 ਡਾਲਰ ਮਾਹਵਾਰ ਦਿੱਤਾ ਜਾਵੇ। ਇਸ ਫੈਸਲੇ ਦੀ ਇਤਲਾਹ ਲਾਲਾ ਜੀ ਨੂੰ ਦਿੱਤੀ ਗਈ ਅਤੇ ਇਕ ਨੌਜਵਾਨ ਰਘੁਵੀਰ ਦਿਆਲ ਗੁਪਤਾ ਨੂੰ ਬਰਾਈਡਲਵੀਲ ਤੋਂ ਲਾਲਾ ਜੀ ਦੀ ਖਬਰਸਾਰ ਲਈ ਸਾਨਫਰਾਂਸਿਸਕੋ ਭੇਜ ਦਿੱਤਾ।

ਤਦ ਲਾਲਾ ਜੀ ਨੇ ਕਰਤਾਰ ਸਿੰਘ ਸਰਾਭਾ ਨੂੰ ਨਾਲ ਲੈ ਕੇ ਗ਼ਦਰ ਅਖ਼ਬਾਰ ਦਾ ਪਹਿਲਾ ਪਰਚਾ ਕੱਢ ਕੇ ਡਾਕ ਵਿਚ ਭੇਜਿਆ। ਪਿਛਲੇ ਤਿੰਨ ਚਾਰ ਮਹੀਨਿਆਂ ਵਿਚ ਲੈਥੋ ਪ੍ਰੈੱਸ ਦਾ ਬੰਦੋਬਸਤ ਕਰ ਲਿਆ ਸੀ। ਦੋ-ਤਿੰਨ ਹਫ਼ਤੇ ਮਗਰੋਂ ਅਖ਼ਬਾਰ ਦਾ ਗੁਰਮੁਖੀ ਐਡੀਸ਼ਨ ਵੀ ਚੱਲ ਪਿਆ ਸੀ। ਅਖ਼ਬਾਰ ਦੀ ਮੰਗ ਬਹੁਤ ਸੀ ਪਰ ਪਰਚੇ ਬਹੁਤ ਥੋੜੇ ਆਇਆ ਕਰਦੇ ਸਨ ਕਿਉਂਕਿ ਛਪਾਈ ਦਾ ਕੰਮ ਅਜੇ ਹੱਥ-ਮਸ਼ੀਨ ਰਾਹੀਂ ਹੀ ਹੁੰਦਾ ਸੀ।

“..... ਲਾਲਾ ਠਾਕਰ ਦਾਸ (ਸੇਂਟ ਜਾਨ) ਨੇ ਚੋਣਵੇਂ ਮੈਂਬਰਾਂ ਅਤੇ ਪ੍ਰਧਾਨ ਨੂੰ ਇਕ ਖਤਰੇ ਤੋਂ ਜਾਣੂ ਕਰਵਾਇਆ। ਇਹ ਖ਼ਤਰਾ ਸੀ ਲਾਲਾ ਹਰਦਿਆਲ ਨੂੰ ਅਗਵਾ ਕਰਨ ਜਾਂ ਕਤਲ ਕਰਵਾ ਦੇਣ ਦਾ। ਤਦ ਇਹ ਤੈਅ ਹੋਇਆ ਕਿ ਲਾਲਾ ਹਰਦਿਆਲ ਦੀ ਜਿਸਮਾਨੀ ਰੱਖਿਆ ਲਈ ਕਿਸੇ ਮੈਂਬਰ ਨੂੰ ਪੱਕੀ ਤਰ੍ਹਾਂ ਨਿਯੁਕਤ ਕੀਤਾ ਜਾਵੇ। ਇਸ ਕਾਰਜ ਲਈ ਸਾਰਿਆਂ ਨੇ ਮੇਰਾ ਨਾਉਂ ਲਿਆ। ਪ੍ਰਧਾਨ ਭਾਈ ਸੋਹਣ ਸਿੰਘ ਦੀ ਚਿੱਠੀ ਮੈਨੂੰ ਅਕਤੂਬਰ ਮਹੀਨੇ ਦੇ ਅਖੀਰ ਵਿਚ ਮਿਲੀ ਜਿਸ ਵਿਚ ਲਿਖਿਆ ਸੀ ਕਿ ਸਾਰਾ ਕੰਮ ਛੱਡ ਕੇ ਫੌਰਨ ਸਾਨਫਰਾਂਸਿਸਕੋ ਪਹੁੰਚ। ਲਾਲਾ ਹਰਦਿਆਲ ਦੀ ਜਿਸਮਾਨੀ ਸੁਰੱਖਿਆ ਦਾ ਕੰਮ ਸੰਭਾਲ ਲਓ। ਸੋ ਮੈਂ ਆਪਣਾ ਕੰਮ ਛੱਡ ਕੇ ਪਹਿਲੀ ਨਵੰਬਰ 1913 ਨੂੰ ਸਾਨਫਰਾਂਸਿਸਕੋ ਪਹੁੰਚ ਕੇ ਇਹ ਡਿਊਟੀ ਸੰਭਾਲ ਲਈ।

ਹਿਲ ਸਟਰੀਟ ਦੇ 36 ਨੰਬਰ ਵਾਲੇ ਮਕਾਨ (ਗ਼ਦਰ ਆਸ਼ਰਮ) ਵਿਚ ਜਦੋਂ ਮੈਂ ਸਵੇਰ ਦੇ ਸੱਤ ਵਜੇ ਪੁੱਜਾ ਤਾਂ ਲਾਲਾ ਹਰਦਿਆਲ, ਰਘੁਬੀਰ ਦਿਆਲ ਗੁਪਤਾ ਅਤੇ ਕਰਤਾਰ ਸਿੰਘ ਸਰਾਭਾ ਅਜੇ ਸੁੱਤੇ ਪਏ ਸਨ। ਮੈਂ ਦਰਵਾਜਾ ਖੜਕਾਇਆ ਤਾਂ ਅੰਦਰੋਂ ਅੱਖਾਂ ਮਲਦਾ ਇਕ 18-19 ਸਾਲ ਦੇ ਦਾਹੜੀ-ਮੁੱਛਾਂ ਤੋਂ ਬਗੈਰ ਇਕ ਸੁਨੱਖੇ ਨੌਜਵਾਨ ਮੁੰਡੇ ਨੇ ਦਰਵਾਜ਼ਾ ਖੋਲਿਆ ਤਾਂ ਮੈਂ ਉਸ ਨੂੰ ਪਹਿਲਾ ਸਵਾਲ ਇਹ ਕੀਤਾ ਕਿ ਕੀ ਤੇਰਾ ਨਾਮ ਕਰਤਾਰ ਸਿੰਘ ਸਰਾਭਾ ਹੈ। ਉਸ ਦੇ ਕਹਿਣ ਤੇ ਅਸੀਂ ਦੋਵੇਂ ਇਕ-ਦੂਜੇ ਦੇ ਗਲ ਲੱਗੇ ਅਤੇ ਮੈਂ ਅੰਦਰ ਜਾ ਕੇ ਲਾਲਾ ਹਰਦਿਆਲ ਅਤੇ ਰਘੁਬੀਰ ਦਿਆਲ ਗੁਪਤਾ ਨੂੰ ਬੰਦੇ ਮਾਤਰਮ ਆਖਿਆ। ਵੂਡ ਸਟਰੀਟ ਨੰਬਰ ਪੰਜ ਵਿਚ ਪ੍ਰੈੱਸ ਮਸ਼ੀਨ ਲਗਾਈ ਗਈ ਸੀ। ਇਕ ਅਮਰੀਕਨ ਗੋਰਾ ਪ੍ਰੈਸ ਦਾ ਕੰਮ ਕਰਨ ਅਤੇ ਕਰਤਾਰ ਸਿੰਘ ਆਦਿ ਨੂੰ ਇਹ ਕੰਮ ਸਿਖਲਾਉਣ ਵਾਸਤੇ ਅੱਧਾ ਡਾਲਰ ਪ੍ਰਤੀ ਘੰਟੇ ਉਜਰਤ ਉੱਤੇ ਮੁਲਾਜਮ ਰੱਖਿਆ ਹੋਇਆ ਸੀ। ਕਰਤਾਰ ਸਿੰਘ ਲੈਥੋਂ ਪ੍ਰੈੱਸ ਅਤੇ ਪ੍ਰੈੱਸ ਮਸ਼ੀਨ ਚਲਾਉਣ ਦਾ ਕੰਮ ਚੰਗੀ ਤਰ੍ਹਾਂ ਸਿੱਖ ਚੁੱਕਿਆ ਸੀ। ਰਘੁਬੀਰ ਦਿਆਲ ਗੁਪਤਾ ਉਰਦੂ ਦੀ ਕਤਾਬਤ ਕਰਨ ਲੱਗ ਪਿਆ ਸੀ ਤੇ ਉਸ ਦਾ ਉਲਥਾ ਕਰਤਾਰ ਸਿੰਘ ਕਰ ਲੈਂਦਾ ਸੀ। ਮੈਨੂੰ ਵੀ ਕਾਫ਼ੀ ਸਮਾਂ ਮਿਲ ਗਿਆ ਸੀ ਕਿਉਂਕਿ ਲਾਲਾ ਹਰਦਿਆਲ ਬਹੁਤਾ ਸਮਾਂ ਇਥੇ ਹੀ ਰਹਿੰਦੇ ਸਨ। ਅਸੀਂ ਅਮਰੀਕਨ ਗੋਰੇ ਨੂੰ ਕੰਮ ਤੋਂ ਲਾਂਭੇ ਕਰਨ ਦਾ ਫੈਸਲਾ ਕਰ ਲਿਆ ਅਤੇ ਉਸ ਦੀ ਥਾਂ ਕੰਮ ਕਰਨ ਲਈ ਅਮਰ ਸਿੰਘ ਚੌਹਾਨ ਨੂੰ ਰੱਖ ਲਿਆ। ਇਸ ਤਰ੍ਹਾਂ ਹੁਣ ਪ੍ਰੈੱਸ ਦਾ ਕੰਮ ਵਾਲੰਟੀਅਰ ਤੌਰ ਤੇ ਖੁਦ ਹਿੰਦੁਸਤਾਨੀ ਕਰਨ ਲੱਗੇ। ਇਹੋ ਅਮਰ ਸਿੰਘ ਚੌਹਾਨ ਜਦ ਹਿੰਦੁਸਤਾਨ ਵਿਚ ਗ਼ਦਰ ਕਰਨ ਲਈ ਆਇਆ ਤਾਂ ਗ਼ਦਰ ਦੀ ਅਸਫਲਤਾ ਦੇ ਮਗਰੋਂ ਗ੍ਰਿਫ਼ਤਾਰ ਹੋ ਗਿਆ ਤਦ ਉਸ ਨੇ ਆਪਣੀ ਜਾਨ ਬਚਾਉਣ ਲਈ ਆਪਣੇ ਸਾਥੀਆਂ ਵਿਰੁੱਧ ਵਾਅਦਾ ਮੁਆਫ਼ ਗਵਾਹ ਬਣਨਾ ਕਬੂਲ ਕਰ ਲਿਆ ਸੀ। ਇਸ ਦਾ ਪਿੰਡ ਕਸਬਾ ਨਵਾਂਸ਼ਹਿਰ ਦੁਆਬ ਸੀ...“

### ਕਰਤਾਰ ਸਿੰਘ ਸਰਾਭਾ ਨੂੰ ਹਵਾਈ ਜਹਾਜ਼ ਦੇ ਕੰਮ ਦੀ ਸਿੱਖਿਆ

“ਹਿੰਦੁਸਤਾਨ ਵਿਚ ਹਥਿਆਰਬੰਦ ਬਗ਼ਾਵਤ ਦਾ ਨਾਅਰਾ ਤਾਂ ਗ਼ਦਰ ਅਖ਼ਬਾਰ ਵਿਚ ਦਿੱਤਾ ਜਾ ਚੁੱਕਾ ਸੀ ਪਰ ਹਥਿਆਰ ਕਿੱਥੇ ਤੇ ਕਿਵੇਂ ਬਣਨਗੇ ਅਤੇ ਕਿੱਥੇ ਇਕੱਠੇ ਕੀਤੇ ਜਾਣਗੇ, ਇਹੋ ਜਿਹੀਆਂ ਗੱਲਾਂ ਤਾਂ ਅਖ਼ਬਾਰ ਵਿਚ ਨਹੀਂ ਸੀ ਲਿਖੀਆਂ ਜਾ ਸਕਦੀਆਂ। ਇਹ ਕੰਮ ਜਨਰਲ ਸਕੱਤਰ ਅਤੇ ਕਾਰਜਕਾਰਨੀ ਦੇ ਕੁਝ ਮੈਂਬਰਾਂ ਦੇ ਜ਼ੁੰਮੇ ਲਾਇਆ ਗਿਆ ਸੀ। ਅੰਗਰੇਜ਼ਾਂ ਅਤੇ ਜਰਮਨੀ ਦੀ ਦੁਸ਼ਮਨੀ ਕਰਕੇ ਪਾਰਟੀ ਦੇ ਜਨਰਲ ਸਕੱਤਰ ਦੇ ਸੰਬੰਧ ਸਾਨਫਰਾਂਸਿਸਕੋ ਸਥਿਤ ਰਾਜਦੂਤ ਨਾਲ ਕਾਇਮ ਕੀਤੇ ਗਏ ਸਨ। ਮਕਸਦ ਉਸ ਤੋਂ ਕਿਸੇ ਨਾ ਕਿਸੇ ਕਿਸਮ ਦੀ ਮਦਦ ਪ੍ਰਾਪਤ ਕਰਨਾ ਸੀ। ਜਰਮਨ ਰਾਜਦੂਤ ਵੀ ਇਸ ਕੰਮ ਵਿਚ ਦਿਲਚਸਪੀ ਲੈਂਦਾ ਸੀ। ਉਸ ਸਮੇਂ ਹਥਿਆਰਬੰਦੀ

ਦੇ ਸਿਲਸਿਲੇ ਵਿਚ ਹਵਾਈ ਜਹਾਜ਼ ਦਾ ਕੰਮ ਵੀ ਸ਼ਾਮਿਲ ਹੋ ਗਿਆ ਸੀ। ਅਮਰੀਕਾ ਅੰਦਰ ਅੰਗਰੇਜ਼ਾਂ ਵਿਰੁੱਧ ਹਥਿਆਰ ਇਕੱਤਰ ਕਰਨ ਦਾ ਕੰਮ ਨਹੀਂ ਸੀ ਹੋ ਸਕਦਾ। ਹਥਿਆਰਾਂ ਲਈ ਅੰਗਰੇਜ਼ਾਂ ਦੇ ਕਿਸੇ ਦੁਸ਼ਮਣ ਮੁਲਕ ਵਿਚ ਹੀ ਪ੍ਰਬੰਧ ਹੋ ਸਕਦਾ ਸੀ। ਪਰ ਹਵਾਈ ਜਹਾਜ਼ ਸਿੱਖਣ ਦੀ ਅਮਰੀਕਾ ਵਿਚ ਮਨਾਹੀ ਨਹੀਂ ਸੀ। ਇਸ ਲਈ ਕਾਰਜਕਾਰਨੀ ਨੇ ਕਰਤਾਰ ਸਿੰਘ ਸਰਾਭਾ ਨੂੰ ਹਵਾਈ ਜਹਾਜ਼ ਦਾ ਕੰਮ ਸਿਖਾਉਣ ਲਈ ਫਰਾਂਸਿਸਕੋ ਦੇ ਨੇੜੇ ਹੀ ਇਕ ਜਹਾਜ਼ੀ ਫੈਕਟਰੀ ਵਿਚ ਭੇਜ ਦਿੱਤਾ। ਕਰਤਾਰ ਸਿੰਘ ਸਰਾਭਾ ਦੇ ਚਲੇ ਜਾਣ ਮਗਰੋਂ ਸੰਪਾਦਕ ਦੀ ਡਿਊਟੀ ਦੇ ਨਾਲ ਹੀ ਗੁਰਮੁਖੀ ਅਖ਼ਬਾਰ ਦੀ ਛਪਵਾਈ ਦਾ ਕੰਮ ਵੀ ਮੇਰੇ ਜ਼ੁੰਮੇ ਲੱਗ ਗਿਆ ਜਿਹੜਾ ਪਹਿਲਾਂ ਕਰਤਾਰ ਸਿੰਘ ਕਰਿਆ ਕਰਦਾ ਸੀ। ਉਸ ਵੇਲੇ ਅਖ਼ਬਾਰ ਵਾਸਤੇ ਲੇਖ ਤਾਂ ਪੰਡਤ ਰਾਮ ਚੰਦਰ ਪਸ਼ਾਵਰੀ ਹੀ ਲਿਖ ਦਿਆ ਕਰਦੇ ਸਨ ਜੋ ਸੰਪਾਦਕੀ ਬੋਰਡ ਦੇ ਮੈਂਬਰ ਵੀ ਸਨ ਅਤੇ ਆਪਣੀ ਔਰਤ ਸਮੇਤ ਉੱਥੇ ਰਹਿੰਦੇ ਸਨ। ਉਨ੍ਹਾਂ ਦੋਹਾਂ ਦੇ ਗੁਜ਼ਾਰੇ ਵਾਸਤੇ ਖਰਚ ਪਾਰਟੀ ਫੰਡ 'ਚੋਂ ਹੁੰਦਾ ਸੀ। ਮੈਨੂੰ ਕੇਵਲ ਸੰਪਾਦਕ ਦੀ ਕਾਨੂੰਨੀ ਡਿਊਟੀ ਹੀ ਨਿਭਾਉਣੀ ਪੈਂਦੀ ਸੀ। ਗੁਰਮੁਖੀ ਅਖ਼ਬਾਰ ਵਾਸਤੇ ਕਵਿਤਾ ਲਿਖਣ ਦਾ ਕੰਮ ਵੀ ਮੇਰੇ ਜ਼ੁੰਮੇ ਸੀ। ਉਰਦੂ ਅਖ਼ਬਾਰ ਵਾਸਤੇ ਰਾਜਸੀ ਕਵਿਤਾ ਹੁਣ ਪੰਡਤ ਜਗਤ ਰਾਮ ਲਿਖ ਦਿੰਦੇ ਸਨ...."

"…. ਉਧਰ ਕਰਤਾਰ ਸਿੰਘ ਸਰਾਭਾ ਜੰਗ ਛਿੜਨ ਕਰਕੇ ਹਵਾਈ ਜਹਾਜ਼ ਚਲਾਉਣਾ ਸਿੱਖਣ ਦਾ ਕੰਮ ਅਧੂਰਾ ਛੱਡ ਕੇ ਹੀ ਚਲਾ ਆਇਆ ਸੀ। ਉਹ ਰਘੁਬੀਰ ਦਿਆਲ ਗੁਪਤਾ, ਅਮਰੀਕੀ ਇਨਕਲਾਬੀ ਗੋਰਾ ਜੈਕ ਅਤੇ ਆਪਣੇ ਦੋ ਤਿੰਨ ਪੰਜਾਬੀ ਮਿੱਤਰਾਂ ਨੂੰ ਨਾਲ ਲੈ ਕੇ ਪਾਰਟੀ ਫੈਸਲੇ ਦੀ ਉਡੀਕ ਕੀਤੇ ਬਿਨਾਂ ਹੀ ਹਿੰਦੁਸਤਾਨ ਨੂੰ ਚਲ ਪਿਆ ਸੀ। ਇਹ ਜੱਥਾ ਕੋਲੰਬੋ ਦੇ ਰਾਹ ਹਿੰਦੁਸਤਾਨ ਦਾਖਲ ਹੋਇਆ ਸੀ। ਅਮਰੀਕਨ ਗੋਰੇ ਪਾਸ ਪਾਸਪੋਰਟ ਨਾ ਹੋਣ ਕਰਕੇ



ਉਸ ਨੂੰ ਵਾਪਸ ਮੋੜ ਦਿੱਤਾ ਸੀ ।

ਧੋਖੇ ਵਿੱਚ ਫਸਾਏ ਕੇ ਮੂਰਖਾਂ ਨੂੰ,
ਲੁੱਟੀ ਜਾਵਦੇ ਠੱਗ ਮਕਾਰ ਕੈਸੇ.
ਕਹਿਣਾ ਮੰਨ ਕੇ ਪੇਟ ਪੁਜਾਰੀਆਂ ਦਾ,
ਬੁੱਧੂ ਲੋਕ ਹੋ ਰਹੇ ਖੁਆਰ ਕੈਸੇ।
ਖਾਲਕ ਖਲਕ ਮੇਂ ਖਲਕ ਹੈ ਬੀਚ ਖਲਕ,
ਕਿਹਾ ਸੰਤ ਕਬੀਰ ਨੇ ਸਾਫ਼ ਕੈਸੇ।
ਸੇਵਾ ਕਰੋ ਖਾਂ ਇਨ੍ਹਾਂ ਦੀ ਚਿੱਤ ਲਾ ਕੇ,
ਲੋਕ ਹਿੰਦ ਦੇ ਹੈਨ ਲਾਚਾਰ ਕੈਸੇ।
ਜਿਚਰ ਤੀਕ ਹਕੀਮ ਨਾ ਮਿਲੇ ਪੂਰਾ,
ਰਾਜੀ ਹੋਏਗਾ ਭਲਾ ਬੀਮਾਰ ਕੈਸੇ।
ਸੌਦੇ ਸੱਚ ਦੇ ਕਰੋ ਹਰਨਾਮ ਸਿੰਘ,
ਖੁਸ਼ੀ ਹੋਊਨਾ ਫੇਰ ਕਰਤਾਰ ਕੈਸੇ।

ਇਹ ਕਵਿਤਾ ਲਿਖਣੇ ਤੋਂ ਲਗਭਗ 12 ਸਾਲ ਪਹਿਲਾਂ ਕਰਤਾਰ ਨਾਮ ਦੀ ਕੋਈ ਸ਼ੈਅ ਇਸ ਬ੍ਰਹਿਮੰਡ ਵਿੱਚ ਕਿਤੇ ਵੀ ਮੌਜੂਦ ਨਹੀਂ ਹੈ। ਇਸ ਬਾਤ ਦਾ ਮੈਨੂੰ ਠੀਕ ਇਲਮ ਹੋ ਚੁੱਕਾ ਹੈ।

ਮੇਰਾ ਸਾਥੀ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ 17 ਨਵੰਬਰ ਦਾ ਦਿਨ ਨੇੜੇ ਆ ਰਿਹਾ ਹੈ। 19 ਸਾਲਾ ਨੌਜਵਾਨ ਕਰਤਾਰ ਸਿੰਘ ਸਰਾਭਾ ਦੀ ਹੱਸ ਮੁੱਖ ਪੁਰਾਣੀ ਸ਼ਕਲ ਦਿਸ ਰਹੀ ਹੈ। ਜੇ ਉਹ ਅੱਜ ਤੱਕ ਜ਼ਿੰਦਾ ਰਹਿੰਦਾ ਤਾਂ ਉਹ ਵੀ ਹਰ ਤਰ੍ਹਾਂ ਦੀ ਜਿਸਮਾਨੀ ਬੀਮਾਰੀਆਂ ਦਾ ਸ਼ਿਕਾਰ ਹੁੰਦਾ। ਕਰਤਾਰ ਸਿੰਘ ਸਰਾਭਾ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਰਾਭਾ ਵਿੱਚ ਹੋਇਆ ਸੀ। ਉਸ ਦੇ ਬਾਪ ਦਾਦਾ ਖੇਤੀ ਦਾ ਕੰਮ ਕਰਦੇ ਸਨ। ਸਕੂਲ ਦੀ ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਕਰਤਾਰ ਸਿੰਘ ਨੂੰ ਉਸ ਦੇ ਮਾਂ-ਬਾਪ ਨੇ ਲੁਧਿਆਣਾ ਦੇ ਹਾਈ ਸਕੂਲ ਵਿੱਚ ਪੜਣੇ ਪਾ ਦਿੱਤਾ। ਇਸੇ ਸਮੇਂ ਕਰਤਾਰ ਸਿੰਘ ਦੇ ਬਾਪ ਦੀ ਮੌਤ ਹੋ ਗਈ। ਅਤੇ ਪਰਿਵਾਰ ਸਾਂਝਾ ਹੋਣ ਕਰਕੇ ਕਰਤਾਰ ਸਿੰਘ ਦੀ ਪੜ੍ਹਾਈ ਜਾਰੀ ਰੱਖਣ ਵਿੱਚ ਕੋਈ ਵਿਘਨ ਨਹੀਂ ਪਿਆ। ਇਸ ਦਾ ਚਾਚਾ ਉੜੀਸਾ ਪ੍ਰਾਂਤ ਵਿੱਚ ਮਹਿਕਮਾ ਜੰਗਲਾਤ ਵਿੱਚ ਸਰਕਾਰੀ ਨੌਕਰੀ 'ਤੇ ਸਨ। ਦਸਵੀਂ ਜਮਾਤ ਵਿੱਚ ਚੰਗੇ ਨੰਬਰਾਂ ਨਾਲ ਪਾਸ ਹੋਣ ਤੋਂ ਬਾਅਦ ਐਫ.ਏ. ਵਿੱਚ ਦਾਖਲ ਕਰਾਉਣ ਦੀ ਬਜਾਏ ਕਰਤਾਰ ਸਿੰਘ ਦੇ ਚਾਚਿਆਂ ਨੇ ਉਸ ਨੂੰ ਅਮਰੀਕਾ ਉਚੀ ਪੜ੍ਹਾਈ ਲਈ ਭੇਜ ਦਿੱਤਾ।

1912 ਵਿੱਚ ਸਾਨਫਰਾਂਸਿਸਕੋ ਨੇੜੇ ਬਰਕਲੇ ਯੂਨੀਵਰਸਿਟੀ ਵਿੱਚ ਦਾਖਲ ਹੋ ਗਿਆ। ਉਸ ਸਮੇਂ ਬਰਕਲੇ ਯੂਨੀਵਰਸਿਟੀ ਵਿੱਚ ਕਈ ਪ੍ਰਾਂਤਾਂ ਦੇ ਨੌਜਵਾਨ ਉਥੇ ਤਾਲੀਮ ਹਾਸਲ ਕਰ ਰਹੇ ਸਨ। ਸੂਬਾ ਬੰਬਈ, ਗੁਜਰਾਤ, ਬੰਗਾਲ, ਮਹਾਰਾਸ਼ਟਰ, ਮਦਰਾਸ, ਪੰਜਾਬ ਆਦਿ ਸਾਰੇ ਸੂਬਿਆਂ ਦੇ ਵਿਦਿਆਰਥੀ ਉਥੇ ਪੜ੍ਹ ਰਹੇ ਸਨ। ਇਹ ਸਾਰੇ ਅਮਰੀਕਾ ਵਿੱਚ ਉਚੇ ਦਰਜੇ ਦੀ ਤਾਲੀਮ ਪ੍ਰਾਪਤ ਕਰਕੇ ਹਿੰਦੋਸਤਾਨ ਵਿੱਚ ਆ ਕੇ ਚੰਗੀ ਤਨਖਾਹ ਵਾਲੀਆਂ ਅਸਾਮੀਆਂ 'ਤੇ ਨੌਕਰੀ ਕਰਨਾ ਚਾਹੁੰਦੇ ਸਨ। ਭਾਈ ਪਰਮਾਨੰਦ, ਲਾਲਾ ਹਰਦਿਆਲ ਵੀ ਬਰਕਲੇ ਯੂਨੀਵਰਸਿਟੀ ਵਿੱਚ ਪਹੁੰਚ ਗਏ ਸਨ। ਲਾਹੌਰ ਵਿੱਚ ਭਾਈ ਪਰਮਾਨੰਦ ਦੇ ਰਿਹਾਇਸ਼ੀ ਮਕਾਨ ਵਿੱਚ ਸ. ਕਿਸ਼ਨ ਸਿੰਘ ਦੇ ਟਰੰਕ ਵਿੱਚੋਂ ਲਾਹੌਰ ਪੁਲਿਸ ਵਲੋਂ ਤਲਾਸ਼ੀ ਲੈਣ ਸਮੇਂ ਕੁਝ ਇਤਰਾਜ਼ਯੋਗ ਕਾਗਜ਼ ਮਿਲੇ ਸਨ। ਉਨ੍ਹਾਂ ਦੀ ਜ਼ਿੰਮੇਵਾਰੀ ਭਾਈ ਪਰਮਾਨੰਦ 'ਤੇ ਪਾ ਕੇ ਸਰਕਾਰ ਮੁਕੱਦਮੇ ਵਿੱਚ ਫਸਾ ਕੇ ਜੇਲ੍ਹ ਭੇਜਣਾ ਚਾਹੁੰਦੀ ਸੀ। ਪਰ ਪੂਰਾ ਸਬੂਤ ਨਾ ਮਿਲ ਸਕਣ ਕਾਰਨ ਕੰਮ ਸਿਰੇ ਨਾ ਚੜ੍ਹ ਸਕਿਆ। ਸਰਕਾਰੀ ਅਦਾਲਤ ਨੇ ਭਾਈ ਪਰਮਾਨੰਦ ਦੀ ਨੇਕ ਚਲਨੀ ਦੀ ਜ਼ਮਾਨਤ ਚਾਰ ਸਾਲ ਦੀ ਲੈ ਲਈ।

(ਬਾਬਾ ਹਰਨਾਮ ਸਿੰਘ ਟੁੰਡੀਲਾਟ ਦੀ ਹੱਥ ਲਿਖਤ ਵਿਚੋਂ)

# ਗ਼ਦਰ ਲਹਿਰ ਤੇ ਪ੍ਰੈਸ ਦਾ ਮਹੱਤਵ

ਕਰਤਾਰ ਸਿੰਘ ਦੁੱਕੀ



ਜ਼ਿਲਾ ਲੁਧਿਆਣਾ ਦੇ ਪਿੰਡ ਲਤਾਲਾ ਦੇ ਜੰਮ ਪਲ ਕਰਤਾਰ ਸਿੰਘ ਦੁੱਕੀ ਸਾਂਨਫਰਾਂਸਿਸਕੋ ਵਿੱਚ ਗ਼ਦਰ ਅਖ਼ਬਾਰ ਛਾਪਣ ਲਈ ਲਾਲਾ ਹਰਦਿਆਲ ਦੇ ਸਹਿਯੋਗੀ ਸਨ। ਫਿਰੋਜ਼ ਸ਼ਹਿਰ ਦੇ ਸਾਕੇ ਵਿੱਚ ਸ਼ਾਮਿਲ ਹੋਣ ਕਰਕੇ ਉਨ੍ਹਾਂ ਨੂੰ ਉਮਰਕੈਦ ਦੀ ਸਜ਼ਾ ਹੋਈ। 1920 ਵਿੱਚ ਰਿਹਾਅ ਹੋ ਕੇ ਪਹਿਲਾਂ ਗੁਰਦੁਆਰਾ ਸੁਧਾਰ ਲਹਿਰ ਵਿੱਚ ਅਤੇ ਦੇਸ਼ ਭਗਤ ਸਹਾਇਕ ਕਮੇਟੀ ਦੇ ਗਠਨ ਤੋਂ ਪਿਛੋਂ ਉਹ ਸਕੱਤਰ ਦੇ ਤੌਰ 'ਤੇ ਕਿਰਤੀ-ਕਿਸਾਨ ਲਹਿਰ ਵਿੱਚ ਕੰਮ ਕਰਦੇ ਰਹੇ। ਮੇਰਾ ਪਿੰਡ ਲਤਾਲਾ, ਥਾਣਾ ਡੇਹਲੋਂ ਹੈ। ਮੈਂ ਯਤੀਮ ਸਾਂ। 1902 ਵਿੱਚ ਲੁਧਿਆਣਾ ਮਿਸ਼ਨ ਸਕੂਲ ਤੋਂ ਮਿਡਲ ਪਾਸ ਕੀਤਾ। 1902 ਵਿਚ ਪਿਤਾ ਜੀ ਗੁਜ਼ਰ ਗਏ। ਰਸਾਲਾ ਨੰਬਰ 20 ਵਿਚ ਭਰਤੀ ਹੋਇਆਂ। ਰਾਇਲ ਚੁਕਨ ਹਾਰਸ, ਬੁਲਾਰਮ, ਹੈਦਰਾਬਾਦ ਵਿੱਚ 1908 ਵਿੱਚ ਮੈਂ ਭਰਤੀ ਹੋ ਗਿਆ ਸੀ। ਉਸ ਰਸਾਲੇ ਵਿਚੋਂ ਅਸਤੀਫ਼ਾ ਦੇ ਕੇ ਬਹੁਤ ਸਾਰੇ ਸਵਾਰ ਅਮਰੀਕਾ ਚਲੇ ਗਏ। 1907 ਵਿੱਚ ਮੈਂ ਵੀ ਸਾਨਫਰਾਂਸਿਸਕੋ ਗਿਆ। ਅਸੀਂ ਅੱਠ ਆਦਮੀ ਮਦਰਾਸੋਂ ਜਹਾਜ਼ ਚੜ੍ਹਕੇ ਗਏ ਸਾਂ। ਅੰਗਰੇਜ਼ੀ ਪ੍ਰਾਪੇਗੰਡਾ ਸੀ ਕਿ ਜੋ ਅਮਰੀਕਾ ਜਾਏਗਾ ਉਸਨੂੰ ਪੰਜ ਸੌ ਰੁਪੇ ਜੁਰਮਾਨਾ ਤੇ ਤਿੰਨ ਮਹੀਨੇ ਕੈਦ ਹੋਵੇਗੀ। ਬੀਨਾਂਵਾਲਾ ਦਾ ਇਕ ਸਿੱਖ ਪੰਜਾਬੀ ਅਮਰੀਕਾ ਗਿਆ ਜਿਸ ਨੂੰ ਇਕ ਅਮਰੀਕਨ ਆਪਣਾ ਕਾਰੋਬਾਰ ਚਮਕਾਉਣ ਵਾਸਤੇ ਨਾਲ ਲੈ ਗਿਆ। ਉਹ ਸ਼ੰਘਾਈਓਂ ਗਿਆ ਸੀ। ਉਸ ਨੇ ਉਥੇ ਬਹੁਤ ਰੁਪਇਆ ਕਮਾਇਆ ਤੇ ਆਪਣੇ ਦੋਸਤਾਂ ਨੂੰ ਜੋ ਸ਼ੰਘਾਈ ਫੌਜ ਵਿਚ ਸਨ, ਉਥੇ ਸੱਦਿਆ। ਫੇਰ ਲੋਕ ਆਪ ਜਾਣੇ ਸ਼ੁਰੂ ਹੋਏ। ਅਮਪਲਾਇਮਿੰਟ ਐਕਸਚੇਂਜ ਦੇ ਰਾਹੀਂ ਅਸੀਂ ਕੰਮ ਲੱਭਣ ਲੱਗੇ। ਸਾਲ ਭਰ ਬੇਕਾਰ ਰਹੇ।



ਭਾਈ ਪਰਮਾਨੰਦ ਜਲਾਵਤਨ ਹੋ ਕੇ ਅਮਰੀਕਾ ਬਾਬੇ ਵਸਾਖਾ ਸਿੰਘ, ਸੰਤੋਖ ਸਿੰਘ, ਜਵਾਲਾ ਸਿੰਘ ਪਾਸ ਹੌਲਟਵਿਲ ਜਾ ਕੇ ਰਹੇ। ਭਾਈ ਪਰਮਾਨੰਦ ਨੇ ਮੁਲਕ ਦੀ ਅਜ਼ਾਦੀ ਵਾਸਤੇ ਪਰੇਰਿਆ। ਹੌਲਟਵਿਲ ਦੇ ਉਦਾਲੇ ਲੋਕਾਂ ਦੇ ਖ਼ਿਆਲ ਕੁਝ ਬਦਲ ਗਏ। ਭਾਈ ਜੀ 1907 ਤੋਂ 1910 ਤੱਕ ਉਥੇ ਰਹੇ। ਬਾਬਾ ਜਵਾਲਾ ਸਿੰਘ ਜੀ ਨੇ ਚਾਰ ਪੰਜਾਬੀ ਮੁੰਡਿਆਂ ਨੂੰ ਪੜ੍ਹਾਉਣ ਦਾ ਖਰਚ ਆਪਣੇ ਜ਼ੁੰਮੇ ਲਿਆ। ਚਾਰ ਵਜ਼ੀਫੇ ਆਪਣੀ ਕੰਪਨੀ ਵਿਚੋਂ ਦੇ ਕੇ ਵਿਦਿਆਰਥੀ ਮੰਗਵਾਏ। ਲਾਲਾ ਹਰਦਿਆਲ ਇੰਡੀਆ ਵਿਚੋਂ ਭੱਜਕੇ ਉਥੇ ਚੱਲੇ ਗਏ। ਹਰਦਿਆਲ ਨੇ ਉਹਨਾਂ ਨੂੰ ਕੰਮ ਵਧਾਉਣ ਤੇ ਚਲਾਉਣ ਲਈ ਆਖਿਆ ਤੇ ਪ੍ਰੇਰਿਆ। ਆਪ ਦਾ ਹੈਡ ਕੁਆਟਰ ਸਾਨਫਰਾਂਸਿਸਕੋ ਬਣਾਇਆ ਗਿਆ ਤੇ ਹਿੰਦ ਵਿਚੋਂ ਪੜ੍ਹਨ ਗਏ ਮੁੰਡਿਆਂ ਵਿੱਚ ਪ੍ਰਚਾਰ ਸ਼ੁਰੂ ਕਰ ਦਿੱਤਾ, ਜਿਨ੍ਹਾਂ ਵਿਚੋਂ ਕਾਫੀ ਮੁੰਡੇ ਦਿਲਚਸਪੀ ਲੈਣ ਲੱਗ ਪਏ। ਜਗਤ ਰਾਮ ਹਰਿਆਣਾ, ਗੁਪਤਾ ਕਿਦਾਰ ਨਾਥ ਹੁਸ਼ਿਆਰਪੁਰ, ਸ਼ਿਵਦੇਵ ਸਿੰਘ ਸਿਆਲਕੋਟੀਆ ਆਦਿ ਤਿਆਰ ਹੋਏ। 1911 ਵਿੱਚ ਭਾਈ ਕਰਤਾਰ ਸਿੰਘ ਸਰਾਭਾ ਅਮਰੀਕਾ ਪੜ੍ਹਾਈ ਕਰਨ ਲਈ ਪਹੁੰਚ ਗਏ। ਹਿੰਦੀ ਲੋਕ ਜਾਂ ਗੈਂਗਾਂ ਵਿੱਚ ਕੰਮ ਕਰਦੇ ਸੀ, ਜਾਂ ਰੈਂਚਾਂ ਵਿੱਚ। ਪੜ੍ਹਾਈ ਦੀਆਂ ਛੁੱਟੀਆਂ ਵਿੱਚ ਮੁੰਡੇ ਮੇਰੇ ਪਾਸ ਯੋਲੋ ਬਾਗ ਵਿਚ (65 ਮੀਲ ਸਾਨਫਰਾਂਸਿਸਕੋ ਤੋਂ) ਕੰਮ ਕਰਨ ਆਉਂਦੇ ਹੁੰਦੇ ਸਨ। 1912 ਵਿਚ ਯੋਲੋ ਵਿੱਚ ਜਲਸਾ ਕੀਤਾ ਗਿਆ। ਪੰਡਤ ਜਗਤ ਰਾਮ, ਹੋਰ ਸਟੂਡੈਂਟ ਤੇ ਕਰਤਾਰ ਸਿੰਘ ਵ ਉਥੇ ਸਨ। ਅੱਠ ਨੌ ਸੌ ਆਦਮੀ ਮੇਰੇ ਇਲਾਕੇ ਵਿਚ ਕੰਮ ਕਰਦੇ ਸਨ। ਮੈਰਿਜ਼ਵਿਲ, ਵੁਡਲੈਂਡ, ਯੂਬਾਸਿਟੀ, ਰਿਵੇ ਆਦਿ ਸਥਾਨ ਉਥੇ ਸਨ। ਮੈਨੂੰ ਕਰਤਾਰ ਸਿੰਘ ਸਰਾਭਾ ਨੇ ਲੋਕਾਂ ਦੇ ਖਾਣੇ ਦਾ ਪ੍ਰਬੰਧ ਕਰਨ ਵਾਸਤੇ ਕਿਹਾ। ਮੈਂ ਫੋਰਮੈਨ ਸੀ। ਭਾਈ ਰੂੜ ਸਿੰਘ ਜੀ ਮੈਥੋਂ ਪਹਿਲਾਂ ਏਥੇ ਫੋਰਮੈਨ ਸਨ, ਉਨ੍ਹਾਂ ਦੇ ਵਾਪਸ ਜਾਣ ਪੁਰ ਮੈਂ ਫੋਰਮੈਨ ਬਣ ਗਿਆ। ਅਕਤੂਬਰ 1913 ਵਿੱਚ ਮੇਰੀ ਸ਼ੈਡ ਵਿਚ ਜਲਸਾ ਹੋਇਆ। ਕੋਈ ਸੌ ਆਦਮੀ ਸੀ। ਅਮਰ ਸਿੰਘ ਨਵੇਂ ਸ਼ਹਿਰ ਵਾਲਾ (ਮਗਰੋਂ ਵਾਅਦਾ ਮਾਫ) ਵੀ ਆਇਆ। ਉਹ ਕਵਿਤਾ ਪੜ੍ਹਦਾ ਸੀ। ਹਰਦਿਆਲ ਦਾ ਲੈਕਚਰ ਸੁਣ ਕੇ ਉਗਰਾਹੀ ਦਿੱਤੀ। ਉਸ ਨੇ ਕਿਹਾ ਕਿ ਗ਼ਦਰ ਪਾਰਟੀ ਬਣਾਉਣੀ ਚਾਹੀਦੀ ਹੈ। ਇਸ ਨੂੰ ਚਲਾਉਣ ਲਈ ਅਖ਼ਬਾਰ ਚਾਹੀਦਾ ਹੈ। 9 ਵਲੰਟੀਅਰ ਭਰਤੀ ਹੋਏ ਜਿਨ੍ਹਾਂ ਵਿਚੋਂ ਇਕ ਮੈਂ ਸੀ। ਸ਼ਰਤ ਇਹ ਸੀ ਕਿ ਘਰ ਘਾਟ ਛੱਡਣਾ, ਤਨ ਮਨ ਧਨ ਸਭ ਅਰਪਨ ਕਰ ਦੇਣਾ। ਸ਼ਾਦੀ ਸ਼ੁਦਾ ਪਾਰਟੀ ਵਿਚ ਨਹੀਂ ਲੈਣਾ।

ਸਾਨਫਰਾਂਸਿਸਕੋ ਆ ਕੇ ਸਾਈਕਲੋ ਸਟਾਈਲ ਅਖ਼ਬਾਰ ਕੱਢਿਆ। ਸਰਾਭਾ ਤੇ ਗੁਪਤਾ ਕੰਮ ਕਰਿਆ ਕਰਦੇ ਸਨ। ਗ਼ਦਰ ਪਾਰਟੀ ਬਣਨ ਮਗਰੋਂ ਸੋਹਣ ਸਿੰਘ ਤੇ ਭਗਤ ਸਿੰਘ ਕਚਰਭਨ ਉਗਰਾਹੀ ਵਾਸਤੇ ਚੜ੍ਹੇ। ਹਿੰਦੀਆਂ ਤੋਂ ਉਗਰਾਹੀ ਕੀਤੀ। 1913 ਵਿਚ ਵੱਡੀ ਮਸ਼ੀਨ 3 ਹਜਾਰ ਡਾਲਰ ਨੂੰ ਖਰੀਦੀ। ਯੁਗੰਤਰ ਆਸ਼ਰਮ ਬਣਿਆ। ਮੈਂ ਮਸ਼ੀਨਮੈਨ ਦਾ ਕੰਮ ਕਰਦਾ ਸੀ। ਮਸ਼ੀਨ ਲਿਥੋ ਸੀ। ਮਜਮੂਨ ਤਿਆਰ ਕਰਦਿਆਂ ਹੀ ਪਰਚਾ ਕੱਢ ਦਿੰਦੇ ਸਾਂ। ਲਾਲਾ ਹਰਦਿਆਲ ਮਜ਼ਮੂਨ ਲਿਖਦੇ ਸਨ। ਭਾਈ ਜਗਤ ਰਾਮ ਉਰਦੂ, ਕਰਤਾਰ ਸਿੰਘ ਗੁਰਮੁਖੀ ਲਿਥੋ ਕਰਦੇ ਸਨ। ਟੁੰਡੀਲਾਟ, ਸਰਾਭਾ, ਜਗਤ ਰਾਮ, ਦੁੱਕੀ, ਖਾਨਖੋਜੇ (ਮਰਹਟਾ) ਤੇ ਗੁਪਤਾ ਵੱਖੋ-ਵੱਖ ਕੰਮ ਕਰਦੇ ਸਨ। ਪੰਡਤ ਕਾਂਸ਼ੀਰਾਮ ਮੜੌਲੀ ਅੰਬਾਲਾ ਖਜ਼ਾਨਚੀ ਤੇ ਦਫ਼ਤਰ ਦਾ ਕੰਮ ਚਲਾਉਂਦੇ ਸਨ, ਸੀਆਟਲ ਰਹਿੰਦੇ ਸਨ। ਭਾਈ ਸੰਤੋਖ ਸਿੰਘ ਬਾਅਦ ਵਿੱਚ ਸਰਗਰਮ ਹੋਏ। ਕੈਨੇਡਾ, ਸ਼ੰਘਾਈ, ਅਫਰੀਕਾ, ਹਾਂਗ ਕਾਂਗ, ਹਿੰਦ ਚੀਨੀ, ਬੰਕਾਂਕ ਤੋਂ ਸਹਾਇਤਾ ਪੁੱਜਣ ਲੱਗ ਪਈ। ਜਿੱਥੇ ਜਿੱਥੇ ਅਖ਼ਬਾਰ ਗਿਆ ਉਥੋਂ ਉਥੋਂ ਸਹਾਇਤਾ ਆਈ। ਮੈਨੂੰ ਭਗਤ ਸਿੰਘ ਕਚਰਭਨ ਨਾਲ ਤਿਆਰ ਕੀਤਾ ਗਿਆ ਕਿ ਸਰਕਾਰ ਅੰਗਰੇਜ਼ੀ ਹਿੰਦੋਸਤਾਨ ਵਿਚ ਅਖ਼ਬਾਰ ਸਾੜ ਦਿੰਦੀ ਹੈ, ਇਸ ਲਈ ਹਿੰਦੋਸਤਾਨ ਜਾ ਕੇ ਅਸੀਂ ਪ੍ਰੈਸ ਲਾ ਕੇ ਆਪਣਾ ਅਖ਼ਬਾਰ ਕੱਢੀਏ। ਅਸੀਂ 1914 ਅਗਸਤ ਵਿਚ ਹਿੰਦੋਸਤਾਨ ਪਹੁੰਚ ਗਏ। ਅਸੀਂ ਗਵਾਲੀਅਰ ਦੇ ਇਰਦ ਗਿਰਦ ਵੇਖਿਆ। ਜ਼ਮੀਨ ਮਿਲਦੀ ਸੀ ਤੇ ਪਹਾੜੀ ਵੀ ਚੰਗੀ ਸੀ। ਜਦੋਂ ਵਾਪਸ ਆਏ ਤਾਂ ਕਾਮਾਗਾਟਾਮਾਰੂ ਦਾ ਹਾਦਸਾ ਹੋ ਗਿਆ। ਅਸੀਂ ਸਲਾਹ ਕੀਤੀ ਕਿ ਹੁਣ ਜੋ ਆਏਗਾ, ਫੜ ਲਿਆ ਜਾਵੇਗਾ। ਇਸ ਲਈ ਸਾਡੇ ਵਿਚੋਂ ਇਕ ਜਣਾ ਹਾਂਗਕਾਂਗ ਜਾਵੇ। ਉਥੇ ਹਿੰਦੋਸਤਾਨੀਆਂ ਨੂੰ ਕਿਹਾ ਜਾਏ ਕਿ ਉਹ ਕਲਕੱਤੇ ਦਾ ਟਿਕਟ ਨਾ ਲੈਣ। ਭਗਤ ਸਿੰਘ ਹਾਂਗਕਾਂਗ ਚਲਾ ਗਿਆ। ਦੋ ਜਹਾਜ਼ ਪੂਰੇ ਦੇ ਪੂਰੇ ਹਾਂਗਕਾਂਗ 'ਚੋਂ ਹਿੰਦ ਨੂੰ ਨਿਕਲ ਆਏ। ਪਰ ਜੋ ਮੁਸਾਫਰ ਉਤਰੇ ਹੋਏ ਮਿਲ ਗਏ , ਉਨ੍ਹਾਂ ਦੇ ਟਿਕਟ ਤਬਦੀਲ ਕਰ ਦਿੱਤੇ ਸਨ। ਜਿਨ੍ਹਾਂ ਵਿਚ ਕਰਤਾਰ ਸਿੰਘ ਸਰਾਭਾ ਆਪ ਵੀ ਸੀ। ਬੰਬਈ, ਕੋਲੰਬੋ, ਮਦਰਾਸ ਆਉਣ ਵਾਲੇ ਤਾਂ ਸਹੀ ਸਲਾਮਤ ਵਾਪਸ ਆ ਗਏ ਅਤੇ ਕੰਮ ਕਰਨ ਲੱਗ ਪਏ। ਬਾਬੇ ਸੋਹਣ ਸਿੰਘ ਵਾਲਾ ਜਹਾਜ਼ ਤੇ ਇਕ ਹੋਰ ਕਲਕੱਤੇ ਫੜ ਕੇ ਮੁਸਾਫ਼ਰ ਪੰਜਾਬ ਭੇਜ ਕੇ ਜੇਲ੍ਹ ਵਿਚ ਬੰਦ ਕੀਤੇ। ਮੈਂ ਕਚਰਭਨ ਤੋਂ ਜੁਦਾ ਹੋ ਕੇ ਦੋਆਬੇ ਛਾਉਣੀ ਲਾਗੇ ਆ ਰਿਹਾ। ਪ੍ਰੈਸ ਵਾਲਾ ਕੰਮ ਵਿਚੇ ਰਹਿ ਗਿਆ। ਸਰਾਭਾ ਕੋਲੰਬੋ ਤੋਂ ਉਤਰ ਕੇ ਗੱਡੀ ਥਾਣੀਂ ਆਇਆ ਅਤੇ ਮੈਨੂੰ ਲੁਧਿਆਣੇ ਆ ਕੇ ਮਿਲਿਆ। ਮੈਂ ਫੇਰ ਪਿੰਡ ਚਲਾ ਗਿਆ। ਬਾਹਰੋਂ ਆਉਣ ਵਾਲਿਆਂ ਨੂੰ ਪੁਲਸ ਆਪਣੇ ਪਹਿਰੇ ਵਿਚ ਬੰਦਰਗਾਹ ਤੋਂ ਪਿੰਡ ਛੱਡ ਕੇ ਆਉਂਦੀ। ਫਿਰੋਜ਼ਪੁਰ ਤੇ ਲਧਿਆਣੇ ਦੇ ਆਦਮੀਆਂ ਤੋਂ ਲੁਧਿਆਣੇ ਜੇਲ੍ਹ ਵਿਚ ਰੱਖ ਕੇ ਬਿਆਨ ਲਏ ਜਾਂਦੇ ਤੇ ਫੇਰ ਨੰਬਰਦਾਰਾਂ ਦੇ ਹਵਾਲੇ ਪਿੰਡਾਂ ਵਿਚ ਭੇਜ ਦਿੱਤੇ ਜਾਂਦੇ। ਸੁੱਖਾ ਸਿੰਘ ਇੰਸਪੈਕਟਰ ਪੁਲਿਸ ਪੁੱਛ-ਗਿੱਛ ਕਰਿਆ ਕਰਦਾ ਸੀ। ਮੈਂ ਨਵੰਬਰ 1914 ਵਿਚ ਪਿੰਡੋਂ ਫੜਿਆ ਗਿਆ।

# ਗ਼ਦਰ ਤੋਂ ਗ਼ਦਰ ਦੀ ਅਮਰ ਕਹਾਣੀ ਵਿਚ 21 ਅਪ੍ਰੈਲ ਦਾ ਮਹੱਤਵ

ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com



ਗ਼ਦਰ ਲਹਿਰ ਦੀ ਸ਼ਤਾਬਦੀ ਮਨਾਉਂਦਿਆਂ 'ਨਵੀਂ ਦੁਨੀਆ' ਵਿਚ ਡਾ. ਤੇਜਿੰਦਰ ਵਿਰਲੀ ਦੇ ਗ਼ਦਰ ਨਾਇਕਾਂ ਬਾਰੇ ਬਹੁਤ ਸਾਰੇ ਲੇਖ ਪਾਠਕ ਪੜ੍ਹ ਚੁੱਕੇ ਹਨ। ਤੇਜਿੰਦਰ ਵਿਰਲੀ ਦਾ ਹੱਥਲਾ ਲੇਖ ਇਸ ਲੜੀ ਦਾ ਬੇਹੱਦ ਮਹੱਤਵਪੂਰਨ ਪਰ ਆਖ਼ਰੀ ਲੇਖ ਹੈ। - ਸੰਪਾਦਕ

1757 ਈ. ਵਿਚ ਪਲਾਸੀ ਦੀ ਲੜਾਈ ਜਿੱਤ ਲੈਣ ਤੋਂ ਬਾਅਦ ਭਾਰਤ ਅੰਦਰ ਈਸਟ ਇੰਡੀਆ ਕੰਪਨੀ ਦੀ ਲੁੱਟ ਦਾ ਬਾਜ਼ਾਰ ਗਰਮ ਹੋ ਗਿਆ। ਅੰਗਰੇਜ਼ ਜਿੱਥੇ ਪੁਰਾਣੇ ਸਮਾਜਕ,ਆਰਥਿਕ ਤੇ ਸਭਿਆਚਾਰਕ ਪ੍ਰਬੰਧ ਨੂੰ ਤੋੜਦੇ ਬਦਲਦੇ ਗਏ, ਉੱਥੇ ਨਵੀਆਂ ਕਦਰਾਂ ਕੀਮਤਾਂ ਵਾਲੇ ਪ੍ਰਬੰਧ ਨੂੰ ਆਪਣੇ ਅਨੁਸਾਰ ਸਿਰਜਦੇ ਗਏ। ਇਸ ਮਕਸਦ ਲਈ ਅੰਗਰੇਜ਼ ਨੀਤੀਵਾਨ ਮੈਕਾਲੇ ਨੇ ਜਿੱਥੇ ਅੰਗਰੇਜ਼ੀ ਨੂੰ ਸਿੱਖਿਆ ਤੰਤਰ ਵਿਚ ਲਾਗੂ ਕੀਤਾ ਉਥੇ ਕਰਿਸ਼ਚੀਅਨ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਨਾਲ ਭਾਰਤੀ ਸਮਾਜ ਅੰਦਰ ਉਹ ਵਰਗ ਤਿਆਰ ਕਰਨਾ ਆਰੰਭ ਕੀਤਾ ਜਿਹੜਾ ਅੰਗਰੇਜ਼ ਦਾ ਅਨੁਸਾਰੀ ਸੀ। 19ਵੀਂ ਸਦੀ ਦੇ ਅੱਧ ਤੱਕ ਈਸਟ ਇੰਡੀਆ ਕੰਪਨੀ ਨੇ ਭਾਰਤ ਅੰਦਰ ਚੱਲ ਰਿਹਾ ਸਾਂਝੀ ਮਾਲਕੀ ਦਾ ਜ਼ਮੀਨੀ ਪ੍ਰਬੰਧ ਬਦਲਣਾ ਸ਼ੁਰੂ ਕਰ ਦਿੱਤਾ। ਭਾਰਤ ਦਾ ਪੁਰਾਤਨ ਦਸਤਕਾਰੀ ਤੇ ਕਾਰਾਗਰੀ ਦਾ ਪੁਰਾਣਾ ਸਦੀਆਂ ਤੋਂ ਚੱਲ ਰਿਹਾ ਪ੍ਰਬੰਧ ਨਵੀਆਂ ਨੀਤੀਆਂ ਦੇ ਅਨੁਸਾਰ ਢਾਲਣਾ ਸ਼ੁਰੂ ਕਰ ਦਿੱਤਾ। ਜਿਸ ਨਾਲ ਗ਼ਰੀਬੀ ਭਾਰਤ ਵਿਚ ਤੇ ਸਰਮਾਇਆ ਇੰਗਲੈਂਡ ਵਿਚ ਜਾਣ ਲੱਗਾ। ਸ਼ੁਰੂ-ਸ਼ੁਰੂ ਵਿਚ ਇਸ ਬਦਲਵੇਂ ਪ੍ਰਬੰਧ ਨੇ ਕਾਰੀਗਰਾਂ ਨੂੰ ਆਪਣੇ ਵੱਲ ਖਿੱਚਿਆ ਪਰ ਬਾਅਦ ਵਿਚ ਇਸ ਤੋਂ ਜਾਨ ਛਡਵਾਉਣੀ ਉਨ੍ਹਾਂ ਲਈ ਬਹੁਤ ਮੁਸ਼ਕਿਲ ਹੋ ਗਈ। ਬਰਤਾਨੀਵੀ ਲੋਕ ਸਭਾ ਦੀ ਸੀਲੈਕਟ ਕਮੇਟੀ ਨੂੰ ਸਰ ਚਾਰਲਸ ਟਰੈਵੈਲੀਅਨ ਨੇ 1840 ਵਿਚ ਕਿਹਾ, "ਅਸਾਂ (ਹਿੰਦੀ) ਸਨਅੱਤਕਾਰਾਂ ਨੂੰ ਹੂੰਝ ਸੁੱਟਿਆ ਹੈ। ਹੁਣ ਉਹ ਜ਼ਮੀਨੀ ਪੈਦਾਵਾਰ ਤੋਂ ਬਿਨਾਂ ਕੋਈ ਹੋਰ ਆਸਰਾ ਨਹੀਂ ਰੱਖਦੇ ।" ਜੇਕਰ ਭਾਰਤ ਦੀ ਲੁੱਟ ਬਾਰੇ ਉੱਡਦੀ-ਉੱਡਦੀ ਝਾਤੀ ਵੀ ਮਾਰੀ ਜਾਵੇ ਤਾਂ ਪਤਾ ਲੱਗ ਜਾਂਦਾ ਹੈ ਕਿ ਭਾਰਤ ਦੀ ਆਰਥਿਕਤਾ ਦਾ ਦਿਵਾਲਾ ਕਿਵੇਂ ਨਿਕਲਿਆ। "1813 ਵਿਚ 90 ਲੱਖ ਪੌਂਡ ਕਪਾਹ ਬਰਤਾਨੀਆ ਲਿਜਾਈ ਗਈ, 1844 ਵਿਚ 880 ਲੱਖ ਪੌਂਡ ਤੇ 1914 ਵਿਚ 9630 ਲੱਖ ਪੌਂਡ। ਜਿੱਥੇ 1849 ਵਿਚ ਸਾਢੇ 8 ਲੱਖ ਪੌਂਡ ਤੋਂ ਵੱਧ ਮੁੱਲ ਦਾ ਅਨਾਜ ਵਲੈਤ ਢੋਇਆ ਗਿਆ, ਉੱਥੇ 1901 ਵਿਚ 93 ਲੱਖ ਪੌਂਡ ਦਾ ਤੇ 1914 ਵਿਚ 193 ਲੱਖ ਪੌਂਡ ਦਾ।" ਲਾਰਡ ਕਰਜ਼ਨ ਨੇ ਕਲਕੱਤੇ ਅੰਗਰੇਜ਼ ਵਪਾਰੀਆਂ ਦੇ ਸਾਲਾਨਾ ਜਲਸੇ ਵਿਚ ਬੋਲਦਿਆਂ ਕਿਹਾ, "ਰਾਜ ਪ੍ਰਬੰਧ ਤੇ ਲੁੱਟ ਖੋਹ ਕਰਿੰਗੜੀਆਂ ਪਾ ਕੇ ਚੱਲਦੇ ਹਨ।" ਰਾਜ ਪ੍ਰਬੰਧ ਤੇ ਲੁੱਟ ਦੀ ਕਰਿੰਗੜੀ ਨੇ ਸਮੁੱਚੇ ਭਾਰਤੀਆਂ ਦਾ ਜੀਵਨ ਨਰਕ ਬਣਾਉਣਾ ਸ਼ੁਰੂ ਕਰ ਦਿੱਤਾ।

ਇਸ ਲੁੱਟ ਦਾ ਹੀ ਨਤੀਜਾ ਸੀ ਕਿ ਭਾਰਤ ਵਿਚ ਇਕ ਤੋਂ ਬਾਅਦ ਇਕ ਕਾਲ਼ ਪੈਂਦੇ ਰਹੇ। 1850 ਤੋਂ 1900 ਤੱਕ ਭਾਰਤ ਵਿਚ ਕੋਈ 25 ਵਾਰ ਕਾਲ਼ ਪਏ ਜਿਸ ਵਿਚ ਕੋਈ ਦੋ ਕਰੋੜ ਲੋਕਾਂ ਦੀਆਂ ਜਾਨਾਂ ਚਲੇ ਗਈਆਂ। "1881 ਵਿਚ ਪ੍ਰਤੀ ਵਿਅਕਤੀ ਆਮਦਨ ਜਿਹੜੀ 27 ਰੁਪਏ ਸੀ ਉਹ 1899 ਵਿਚ ਘੱਟ ਕੇ 18 ਰੁਪਏ ਰਹਿ ਗਈ।"

ਇਸੇ ਸਮੇਂ ਭਾਰਤੀਆਂ ਦੀ ਲੁੱਟ ਬਾਰੇ ਅੰਕੜਿਆਂ ਸਹਿਤ ਚਰਚਾ ਸ਼ੁਰੂ ਹੋ ਗਈ। ਸਰਬ ਪ੍ਰਵਾਨਤ ਅੰਕੜੇ 1868 ਵਿਚ ਦਾਦਾ ਭਾਈ ਨਰੌਜੀ ਨੇ ਦਿੱਤੇ। ਉਨ੍ਹਾਂ ਦੁਆਰਾ ਇਕੱਠੇ ਕੀਤੇ ਅੰਕੜਿਆਂ ਮੁਤਾਬਕ ਇਕ ਆਦਮੀ ਦੀ ਔਸਤ ਆਮਦਨ 20 ਰੁ. ਸਲਾਨਾ ਸੀ। ਉਨ੍ਹਾਂ ਦੀ ਪੁਸਤਕ "ਹਿੰਦੁਸਤਾਨ ਵਿੱਚ ਗ਼ਰੀਬੀ ਅਤੇ ਅੰਗਰੇਜ਼ੀ ਰਾਜ" ਨੇ ਭਾਰਤ ਦੀ ਆਰਥਿਕ ਵਿਕਾਸ ਰੇਖਾ ਨੂੰ ਚਰਚਾ ਵਿਚ ਲਿਆਂਦਾ। ਉਨ੍ਹਾਂ ਤੋਂ ਬਿਨ੍ਹਾਂ ਵਾਡੀਆ ਅਤੇ ਜੋਸ਼ੀ ਵਰਗਿਆਂ ਨੇ ਭਾਰਤੀ ਅਰਥਵਿਵਿਸਥਾ ਦਾ ਇਤਿਹਾਸਕ ਦ੍ਰਿਸ਼ਟੀ ਤੋਂ ਮੁਲਾਂਕਣ ਕੀਤਾ। ਉਸ ਸਮੇਂ ਦੇ ਵਿਸ਼ਵ ਚਿੰਤਕ ਕਾਮਰੇਡ ਵੀ.ਆਈ. ਲੈਨਿਨ ਨੇ 1908 ਵਿਚ ਲਿਖਿਆ "ਹਿੰਦੁਸਤਾਨ ਵਿਚ ਉਸ ਲੁੱਟ ਦਾ ਕੋਈ ਅੰਤ ਨਹੀਂ, ਜਿਸ ਨੂੰ ਅੰਗਰੇਜ਼ੀ ਰਾਜ ਆਖਿਆ ਜਾਂਦਾ ਹੈ।" ਇਸ ਲੁੱਟ ਖਸੁੱਟ ਨੇ ਭਾਰਤ ਦੇ ਹਰ ਕਿਸਮ ਦੇ ਵਸਨੀਕਾਂ ਨੂੰ ਕੰਗਾਲ ਕਰਕੇ ਰੱਖ ਦਿੱਤਾ। ਕਿਸਾਨੀ ਕਰਜ਼ਾਈ ਹੋ ਕੇ ਰਹਿ ਗਈ। ਭਾਵੇਂ ਪੰਜਾਬ 'ਤੇ ਅੰਗਰੇਜ਼ ਦਾ ਕਬਜ਼ਾ ਬਾਕੀ ਭਾਰਤ ਨਾਲੋਂ ਬਹੁਤ ਬਾਅਦ (1850) ਵਿਚ ਹੋਇਆ ਪਰ ਟੁੱਟ ਰਹੀ ਆਰਥਿਕਤਾ ਦਾ ਅਸਰ ਇਨ੍ਹਾਂ ਪੰਜਾਬੀਆਂ 'ਤੇ ਵੀ ਪਿਆ। ਕਿਸਾਨਾਂ ਲਈ ਮਾਮਲਾ ਤਾਰਨਾ ਵੀ ਮੁਸ਼ਕਲ ਹੋ ਗਿਆ। ਜ਼ਮੀਨਾਂ ਗਹਿਣੇ ਪਾਉਣ ਦਾ ਰਿਵਾਜ਼ ਪੰਜਾਬ ਵਿਚ ਅੰਗਰੇਜ਼ਾਂ ਦੇ ਆਉਣ ਦੇ ਨਾਲ ਹੀ ਪਿਆ। 1887 ਤੱਕ ਪੰਜਾਬ ਦੀ ਜ਼ਮੀਨ ਦਾ 7% ਹਿੱਸਾ ਗਹਿਣੇ ਪੈ ਚੁੱਕਾ ਸੀ। ਕਰਜ਼ੇ ਦੇ ਜਾਲ 'ਚ ਫ਼ਸੀ ਕਿਸਾਨੀ ਲਈ ਜ਼ਮੀਨਾਂ ਵੇਚਣ ਤੋਂ ਬਿਨ੍ਹਾਂ ਹੋਰ ਕੋਈ ਚਾਰਾ ਵੀ ਨਹੀਂ ਸੀ। 1901 ਤੱਕ 4 ਲੱਖ 13 ਹਜ਼ਾਰ ਏਕੜ ਜ਼ਮੀਨ ਵਿਕ ਗਈ ਸੀ (ਪੰਜਾਬ ਦੀ ਜ਼ਰਾਇਤੀ ਰਿਪੋਰਟ 1924-25 ਨੰਬਰ 62 ਸਫ਼ਾ 355)

ਬਦਲੇ ਪ੍ਰਬੰਧ ਨੇ ਹਟਵਾਣੀਆਂ, ਦਲਾਲਾਂ, ਠੇਕੇਦਾਰਾਂ, ਤੇ ਸਨਅਤੀ ਮਜ਼ਦੂਰਾਂ ਦੀ ਇਕ ਨਵੀਂ ਜਮਾਤ ਪੈਦਾ ਕਰ ਦਿੱਤੀ। ਕਿਰਤੀ, ਕਿਸਾਨ ਅਤੇ ਉਨ੍ਹਾਂ 'ਤੇ ਨਿਰਭਰ ਦਸਤਕਾਰ ਭੁੱਖੇ ਮਰਨ ਲਈ ਮਜਬੂਰ ਹੋ ਗਏ। ਪਿੰਡਾਂ ਦੀ ਹਾਲਤ ਬਦ ਤੋਂ ਬਦਤਰ ਹੋ ਗਈ। ਇਸ ਨਾਲ ਪੇਂਡੂ ਲੋਕਾਂ ਦੇ ਮਨਾਂ ਵਿਚ ਅੰਗਰੇਜ਼ਾਂ ਪ੍ਰਤੀ ਘਿਰਣਾ ਪੈਦਾ ਹੋਣੀ ਆਰੰਭ ਹੋ ਗਈ।

ਅੰਗਰੇਜ਼ਾਂ ਨੇ ਪਿੰਡਾਂ ਦੇ ਚੱਲ ਰਹੇ ਪੁਰਾਣੇ ਆਰਥਿਕ ਪ੍ਰਬੰਧ ਨੂੰ ਤੋੜ ਕੇ ਨਵਾਂ ਪ੍ਰਬੰਧ ਸਿਰਜ ਦਿੱਤਾ, ਜਿਹੜਾ ਅੰਗਰੇਜ਼ਾਂ ਦੇ ਅਨੁਸਾਰੀ ਸੀ, ਜਿਸ ਨਾਲ ਲੁੱਟੀ ਪੁੱਟੀ ਗਈ ਭਾਰਤ ਦੀ ਜਨਤਾ ਨੂੰ ਕੋਈ ਰਾਹਤ ਤਾਂ ਕੀ ਮਿਲਣੀ ਸੀ, ਸਗੋਂ ਇਸ ਦੇ ਨਾਲ ਪਿੰਡਾਂ ਵਿਚ ਪੈਦਾ ਕੀਤਾ ਗਿਆ ਅਨਾਜ ਤੇ ਹੋਰ ਵਸਤਾਂ ਸ਼ਹਿਰਾਂ ਤੇ ਕਸਬਿਆਂ ਵਿਚ ਇਕੱਠੀਆਂ ਹੋਣ ਲੱਗੀਆਂ। ਨਵੀਆਂ ਬਣੀਆਂ ਮੰਡੀਆਂ ਤੇ ਰੇਲ ਆਵਾਜਾਈ ਦੀ ਸਹੂਲਤ ਨੇ ਭਾਰਤ ਦੇ ਹਰ ਕਿਰਤੀ, ਕਿਸਾਨ ਤੇ ਦਸਤਕਾਰ ਦੀ ਉਪਜ ਨੂੰ ਸਮੁੰਦਰੀ ਘਾਟਾਂ ਨਾਲ ਜੋੜ ਦਿੱਤਾ। ਜਿੱਥੋਂ ਭਾਰਤ ਦੀ ਉਪਜ ਵਿਦੇਸ਼ਾਂ ਨੂੰ ਸਸਤੇ ਭਾਅ 'ਤੇ ਜਾਣ ਲੱਗੀ। ਇਸ ਨਵੇਂ ਪ੍ਰਬੰਧ ਨੇ ਕਿਰਤੀ ਲੋਕਾਂ ਦਾ ਜੀਵਨ ਪੂਰੀ ਤਰ੍ਹਾਂ ਨਰਕ ਬਣਾ ਦਿੱਤਾ। ਵਪਾਰੀਆਂ ਤੇ ਦਲਾਲਾਂ ਦਾ ਇਕ ਨਵਾਂ ਵਰਗ ਵੀ ਪੈਦਾ ਹੋ ਗਿਆ, ਜਿਸ ਨੇ ਇਸ ਪ੍ਰਬੰਧ ਦੇ ਆਰਥਿਕ ਲਾਭਾਂ ਦਾ ਅਨੰਦ ਮਾਨਣਾ ਸ਼ੁਰੂ ਕੀਤਾ ਸੀ। ਉਹ ਅੰਗਰੇਜ਼ਪ੍ਰਸਤ ਵੀ ਬਣ ਗਏ। ਇਸ ਦੇ ਨਾਲ ਵੱਖਰੀਆਂ ਜਮਾਤਾਂ ਵੀ ਜਿੱਥੇ ਹੋਂਦ ਵਿਚ ਆਉਣ ਲੱਗੀਆਂ, ਉੱਥੇ ਅੰਗਰੇਜ਼ਪ੍ਰਸਤੀ ਦਾ ਅਸਰ ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਵਿਚ ਵੀ ਦਿਖਾਈ ਦੇਣ ਲੱਗ ਪਿਆ। ਇਸ ਬਦਲੀ ਆਰਥਿਕ ਹਾਲਤ ਨਾਲ ਜਿੱਥੇ ਰਾਜਸੀ ਲਹਿਰਾਂ ਉੱਠੀਆਂ ਉੱਥੇ ਅੰਗਰੇਜ਼ਪ੍ਰਸਤਾਂ ਦੀ ਜਮਾਤ ਵੀ ਆਪਣੇ ਪ੍ਰਭੂਆਂ ਦੇ ਹਿੱਤਾਂ ਵਿਚ ਡਟਕੇ ਖੜਨ ਲੱਗੀ। ਆਰੀਆ ਸਮਾਜ, ਅੰਜੁਮਨ ਇਸਲਾਮੀਆਂ ਤੇ ਸਿੰਘ ਸਭਾ ਵਰਗੀਆਂ ਲਹਿਰਾਂ ਭਾਵੇਂ ਆਪੋ ਵਿਚ ਸ਼ਰੀਕਾ ਰੱਖਦੀਆਂ ਰਹੀਆਂ ਪਰ ਆਪਣੇ ਕਾਰਜ ਤੇ ਪ੍ਰਕਾਰਜ਼ ਵਿਚ ਉਹ ਇਕੋ ਹੀ ਕੰਮ ਵੱਖ ਵੱਖ ਖੇਤਰਾਂ ਵਿਚ ਕਰਦੀਆਂ ਰਹੀਆਂ। ਜਿਹੜੀਆਂ ਲਹਿਰਾਂ ਚੱਲੀਆਂ ਵੀ ਉਹਨਾਂ ਦਾ ਆਧਾਰ ਜਾਤੀ ਵੱਧ ਤੇ ਜਮਾਤੀ ਬਿਲਕੁਲ ਵੀ ਨਹੀਂ ਸੀ। ਭਾਂਵੇਂ ਅੰਗਰੇਜਾਂ ਦੇ ਖਿਲਾਫ਼ ਸੰਘਰਸ਼ ਤਾਂ ਉਨ੍ਹਾਂ ਦੇ ਆਉਣ ਨਾਲ ਹੀ ਆਰੰਭ ਹੋ ਗਏ ਸਨ। ਕੇਰਲ ਵਿਚ ਵੇਲੂ ਥੰਪੀ ਦਲਾਬ ਅਤੇ ਪਜਾਸੀ ਰਾਜਾ ਦੀ ਅਗਵਾਈ ਹੇਠ ਸ਼ੁਰੂ ਹੋਏ ਬਰਤਾਨੀਆਂ ਵਿਰੋਧੀ ਅੰਦੋਲਨ ਵਾਂਗ ਭਾਰਤ ਦੇ ਵੱਖ-ਵੱਖ ਆਦਿਵਾਸੀਆਂ ਨੇ ਵਿਦਰੋਹ ਸ਼ੁਰੂ ਕਰ ਦਿੱਤਾ ਸੀ। (ਈ.ਐਮ. ਐਸ. ਨਬੂਦਰੀਪਾਦ, ਪੰਨਾ 2) 1857 ਦਾ ਗ਼ਦਰ ਵੀ ਜਥੇਬੰਦਕ ਕੇਂਦਰ ਦੀ ਅਣਹੋਂਦ ਕਰਕੇ ਵੱਡੀਆਂ ਕੁਰਬਾਨੀਆਂ ਕਰਨ ਤੋਂ ਬਾਅਦ ਵੀ ਅਸਫਲ ਹੋ ਗਿਆ ਸੀ ਤੇ ਇਸ ਤੋਂ ਬਾਅਦ ਕੋਈ ਵੱਡੀ ਲਹਿਰ ਨਾ ਚੱਲੀ ਜਿਹੜੀ ਅੰਗਰੇਜ਼ੀ ਰਾਜ ਨੂੰ ਕੋਈ ਵੱਡਾ ਚੈਲੰਜ ਦੇ ਸਕਣ ਦੇ ਸਮਰੱਥ ਹੁੰਦੀ।

1870 ਦੇ ਲਾਗੇ ਪੰਜਾਬ ਵਿਚ ਚੱਲੀ ਕੂਕਾ ਲਹਿਰ 57 ਤੋਂ ਬਾਅਦ ਚੱਲਣ ਵਾਲੀ ਪਹਿਲੀ ਵੱਡੀ ਲਹਿਰ ਸੀ, ਜਿਸ ਨੇ ਅੰਗਰੇਜ਼ੀ ਹਕੂਮਤ ਦਾ ਪੂਰੀ ਤਰ੍ਹਾਂ ਨਾਲ ਬਾਈਕਾਟ ਕੀਤਾ। ਇਸ ਦੀਆਂ ਵੀ ਕੁਝ ਆਪਣੀਆਂ ਸੀਮਾਵਾਂ ਸਨ। ਜਿਸ ਵਿਚ ਇਹ ਸਿਮਟ ਕੇ ਰਹਿ ਗਈ। ਅੰਗਰੇਜ਼ਾਂ ਨੇ ਵੀ 1857 ਦੇ ਗ਼ਦਰ ਤੋਂ ਵੱਡੇ ਸਬਕ ਲਏ ਸਨ, ਜਿਨ੍ਹਾਂ ਦੇ ਚਲਦਿਆਂ ਉਨਾਂ ਨੇ ਇਸ ਲਹਿਰ ਨੂੰ ਏਨੀ ਬੇਰਹਿਮੀ ਨਾਲ ਕੁਚਲਿਆ ਕਿ ਬਾਅਦ ਵਿਚ ਉੱਠਣ ਵਾਲੀਆਂ ਅੰਗਰੇਜ਼ ਵਿਰੋਧੀ ਲਹਿਰਾਂ ਲਈ




ਇਹ ਦਿਲ ਦਹਿਲਾ ਦੇਣ ਵਾਲੀ ਉਦਾਹਰਣ ਬਣ ਗਈ।

1882 ਵਿਚ ਅੰਗਰੇਜ਼ ਨੀਤੀਵਾਨ ਏ.ਓ. ਹੀਊਮ ਨੇ ਭਾਰਤ ਦੇ ਵੱਖ-ਵੱਖ ਪੁਲਿਸ ਠਾਣਿਆਂ ਦੀ ਗੁਪਤ ਰਿਪੋਰਟ ਦੇਖੀ ਤਾਂ ਉਹ ਦੰਗ ਰਹਿ ਗਿਆ। ਥਾਂ-ਥਾਂ ਗੁਪਤ ਜਥੇਬੰਦੀਆਂ ਬਰਤਾਨਵੀ ਸ਼ਾਸਨ ਪ੍ਰਬੰਧ ਦਾ ਤਖ਼ਤਾ ਪਲਟਾਉਣ ਲਈ ਲਾਮਬੰਦ ਹੋ ਰਹੀਆਂ ਸਨ। ਉਸ ਨੇ ਆਪਣੀ ਬੇਚੈਨੀ ਵਾਇਸ ਰਾਏ ਲਾਰਡ ਡਫ਼ਰਿਨ ਨਾਲ ਸ਼ਿਮਲੇ ਦੀ ਮੀਟਿੰਗ ਵਿਚ ਸਾਂਝੀ ਕੀਤੀ। ਦੋਹਾਂ ਨੇ ਇਹ ਫੈਸਲਾ ਕੀਤਾ ਕਿ ਆਪਣੇ ਕੰਟਰੋਲ ਹੇਠ ਚੱਲਣ ਵਾਲੀ ਇਕ ਰਾਜਸੀ ਪਾਰਟੀ ਪੈਦਾ ਕੀਤੀ ਜਾਵੇ। ਜਿਸ ਦੇ ਸਿੱਟੇ ਵਜੋਂ ਭਾਰਤ ਦੀ ਬਰਤਾਨਵੀ ਹਕੂਮਤ ਨੇ ਭਾਰਤੀ ਲੋਕਾਂ ਦੇ ਜੋਸ਼ ਨੂੰ ਠੰਡਾ ਕਰਨ ਦੇ ਇਰਾਦੇ ਨਾਲ 1885 ਵਿਚ ਕਾਂਗਰਸ ਪਾਰਟੀ ਦੀ ਸਥਾਪਨਾ ਕੀਤੀ। ਅੰਗਰੇਜ਼ ਨੀਤੀਵਾਨ ਏ. ਓ. ਹੀਊਮ ਦਾ ਇਹ ਮਤ ਸੀ ਕਿ ਭਾਰਤ ਦੇ ਲੋਕ ਹਿੰਸਾਤਮਿਕ ਹੋ ਕੇ ਆਪਣੀ ਗੱਲ ਕਰਨ ਦੀ ਥਾਂ ਬਰਤਾਨਵੀ ਸੰਵਿਧਾਨ ਦੀਆਂ ਬੰਧਸ਼ਾਂ ਵਿਚ ਰਹਿਕੇ ਆਪਣੀਆਂ ਮੰਗਾਂ ਮਨਵਾਉਣ ਲਈ ਉਨ੍ਹਾਂ ਕੋਲ ਆਉਣਗੇ। ਇਸ ਨਾਲ ਜਿੱਥੇ ਉਨ੍ਹਾਂ ਦੇ ਵਿਦਰੋਹ ਨੂੰ ਸੇਫਟੀਵਾਲ ਵਾਂਗ ਕਥਾਰਸਿਸ ਦਾ ਮੌਕਾ ਮਿਲੇਗਾ ਉੱਥੇ ਰਾਜਸੀ ਤੌਰ ਤੇ ਸੁਚੇਤ ਲੋਕਾਂ ਦੀ ਇਕ ਪੂਰੀ ਦੀ ਪੂਰੀ ਟੀਮ ਬਰਤਾਨਵੀ ਸ਼ਾਸਕਾਂ ਦੀ ਪਿੱਠ 'ਤੇ ਆਕੇ ਖੜ ਜਾਵੇਗੀ। ਲੋਕ ਵਿਦਰੋਹ ਦਾ ਕਥਾਰਸਿਸ ਕਰਨ ਵਾਲੀ ਕਾਂਗਰਸ ਪਾਰਟੀ ਨੇ ਆਪਣਾ ਕੰਮ ਮਿੱਥੇ ਹੋਏ ਪ੍ਰੋਗਰਾਮ ਦੇ ਅਨੁਸਾਰ ਕਰਨਾ ਸ਼ੁਰੂ ਕਰ ਦਿੱਤਾ ।

ਭਾਰਤ ਦੀ ਮਾੜੀ ਆਰਥਿਕ ਹਾਲਤ ਕਰਕੇ ਭਹੁਤ ਸਾਰੇ ਭਾਰਤੀ ਤੇ ਖਾਸ ਕਰਕੇ ਪੰਜਾਬੀ ਬਦੇਸ਼ਾਂ ਨੂੰ ਜਾਣੇ ਸ਼ੁਰੂ ਹੋ ਗਏ। 19 ਵੀ ਸਦੀ ਦੇ ਪਹਿਲੇ ਦਹਾਕੇ ਵਿਚ ਇਹ ਲੋਕ ਕੈਨੇਡਾ ਅਮਰੀਕਾ ਵੱਲ ਨੂੰ ਚੱਲ ਪਏ। ਉਨ੍ਹਾਂ ਦਿਨਾਂ ਵਿਚ ਕੈਨੇਡਾ ਦੀ ਹਾਲਤ ਬਹੁਤੀ ਚੰਗੀ ਨਹੀਂ ਸੀ। ਇੱਥੇ ਭਾਰਤ ਤੋਂ ਆਏ ਕਿਰਤੀ ਕਾਮਿਆਂ ਨੂੰ ਦੋ ਨੰਬਰ ਦੇ ਸ਼ਹਿਰੀ ਵੀ ਨਹੀਂ ਸੀ ਸਮਝਿਆ ਜਾਂਦਾ। ਕੈਨੇਡਾ ਦੀ ਸਰਹੱਦ ਦੇ ਨਾਲ ਲਗਦੇ ਅਮਰੀਕਾ ਦੇ ਸ਼ਹਿਰ ਸਿਆਟਲ ਤੋਂ ਪ੍ਰੋ. ਤਾਰਕਨਾਥ ਦਾਸ ਅਤੇ ਉਨ੍ਹਾਂ ਦੇ ਸਾਥੀ 'ਫਰੀ ਹਿੰਦੋਸਤਾਨ' ਨਾਂ ਦਾ ਇਕ ਇਨਕਲਾਬੀ ਪਰਚਾ ਕੱਢਦੇ ਸਨ। ਕਦੇ ਕਦਾਈਂ ਉਹ ਹਿੰਦੀ, ਪੰਜਾਬੀ, ਉਰਦੂ ਅਤੇ ਮਰਾਠੀ ਵਿਚ ਇਨਕਲਾਬੀ ਸਰਕੂਲਰ ਕੱਢਿਆ ਕਰਦੇ ਸਨ। ਇਹ ਸਰਕੂਲਰ ਅਮਰੀਕਾ ਦੇ ਨਾਲ-ਨਾਲ ਕੈਨੇਡਾ ਦੇ ਹਿੰਦੋਸਤਾਨੀਆਂ ਵਿੱਚ ਵੀ ਵੰਡੇ ਜਾਂਦੇ ਸਨ। ਤਾਰਕਨਾਥ ਦਾਸ ਇਕ ਬੰਗਾਲੀ ਨੌਜਵਾਨ ਸੀ ਜਿਹੜਾ ਬੰਗਾਲ ਦੀਆਂ ਕ੍ਰਾਂਤੀਕਾਰੀ ਲਹਿਰਾਂ ਤੋਂ ਪ੍ਰਭਾਵਿਤ ਸੀ।

ਵਿਦੇਸ਼ਾਂ ਵਿੱਚ ਬਰਤਾਨਵੀ ਹਾਕਮਾਂ ਦੇ ਖ਼ਿਲਾਫ਼ ਜਿਹੜੀ ਜਥੇਬੰਦਕ ਲਹਿਰ ਵਿਕਸਤ ਹੋਈ ਉਸ ਵਿੱਚ ਤਾਰਕਨਾਥ ਦਾਸ ਦਾ ਮੋਢੀਆਂ ਵਾਲਾ ਸਥਾਨ ਹੈ। ਜਿਹੜੇ ਵਿਦੇਸ਼ਾਂ ਵਿੱਚ ਵਸਦੇ ਭਾਰਤੀ 'ਫਰੀ ਹਿੰਦੋਸਤਾਨ' ਪੜ੍ਹਦੇ ਸਨ ਉਹ ਭਾਰਤ ਨੂੰ ਆਜ਼ਾਦ ਕਰਵਾਉਣ ਦੇ ਸੁਪਨੇ ਵੀ ਲੈਣ ਲੱਗ ਪਏ ਸਨ। "3 ਅਕਤੂਬਰ 1908 ਈ. ਵਿੱਚ ਭਾਰਤ ਦੀ ਬਰਤਾਨਵੀ ਸਰਕਾਰ ਨੇ 'ਫ਼ਰੀ ਹਿੰਦੋਸਤਾਨ' ਦੀ ਭਾਰਤ ਵਿੱਚ ਦਾਖ਼ਲੇ 'ਤੇ ਪਾਬੰਦੀ ਲਾ ਦਿੱਤੀ।"

ਕੈਨੇਡਾ ਦੇ ਸ਼ਹਿਰ ਵੈਨਕੂਵਰ ਵਿਚ ਲੱਕੜ ਦੀ ਮਿਲ ਤੇ ਕੰਮ ਕਰਦਿਆਂ ਜਿੱਥੇ ਪੰਜਾਬੀਆਂ ਨੂੰ ਆਉਂਦੀਆਂ ਮੁਸ਼ਕਲਾਂ ਦਾ ਗਿਆਨ ਹੋਇਆ ਉਥੇ ਆਜ਼ਾਦੀ ਲਈ ਸੰਘਰਸ ਕਰਦੇ ਲੋਕਾਂ ਨਾਲ ਵਾਹ ਵੀ ਪੈਣ ਲੱਗਾ। ਉਸ ਸਮੇਂ ਕੈਨੇਡਾ ਦੇ ਲੋਕ ਭਾਰਤੀਆਂ ਨੂੰ ਨਫ਼ਰਤ ਦੀ ਨਜ਼ਰ ਨਾਲ ਦੇਖਦੇ ਸਨ। ਇਸ ਅਪਮਾਨ ਦਾ ਅਸਲ ਕਾਰਨ ਭਾਰਤ ਦਾ ਗੁਲਾਮ ਹੋਣਾ ਸੀ। ਇਨ੍ਹਾਂ ਮੁਸ਼ਕਲਾਂ ਤੋ ਨਜਾਤ ਪਾਉਣ ਲਈ ' ਫਰੀ ਹਿੰਦੋਸਤਾਨ ' ਹੋਕਾ ਦੇ ਰਿਹਾ ਸੀ

ਉਸ ਸਮੇਂ ਅਮਰੀਕਾ ਦੇ ਭਾਰਤੀਆਂ ਦਾ ਇਕ ਸੱਦਾ ਪੱਤਰ ਕੈਨੇਡਾ ਦੇ ਭਾਰਤੀਆਂ ਨੂੰ ਮਿਲਿਆ। ਅਮਰੀਕਾ ਦੇ ਭਾਰਤੀ ਪ੍ਰਵਾਸੀਆਂ ਦੇ ਮਸਲਿਆਂ ਬਾਰੇ ਇਕ ਅਹਿਮ ਮੀਟਿੰਗ ਕੈਲੇਫੋਰਨੀਆਂ ਦੇ ਸ਼ਹਿਰ ਪੋਰਟਲੈਂਡ ਵਿਚ ਕਰਨਾ ਚਾਹੁੰਦੇ ਸਨ। ਇਕੱਤਰਤਾ ਦੋਹਾਂ ਦੇਸ਼ਾਂ ਵਿਚ ਭਾਰਤੀਆਂ ਨੂੰ ਦਰਪੇਸ਼ ਆਉਂਦੀਆਂ ਮੁਸ਼ਕਲਾਂ ਦਾ ਕੋਈ ਪੱਕਾ ਹੱਲ ਤਲਾਸ਼ਣ ਬਾਰੇ ਸੀ । ਇਸ ਇਕੱਤਰਤਾ ਵਿਚ ਬਹੁਤ ਵੱਡੀ ਗਿਣਤੀ ਵਿਚ ਭਾਰਤੀ ਸ਼ਾਮਲ ਹੋਏ।

ਇਸ ਇਕੱਤਰਤਾ ਦੀ ਖਾਸੀਅਤ ਇਹ ਸੀ ਕਿ ਇਸ ਵਿਚ ਸ਼ਾਮਲ ਸਾਰੇ ਭਾਰਤੀ ਆਪਣੇ ਧਰਮ, ਜਾਤ, ਤੇ ਫਿਰਕੇ ਤੋਂ ਉਪਰ ਉਠ ਕੇ ਸ਼ਾਮਲ ਹੋਏ ਸਨ। ਵਿਦੇਸ਼ਾਂ ਵਿਚ ਇਸ ਤਰਾਂ ਦੀ ਪਹਿਲਾਂ ਕੋਈ ਇਕੱਤਰਤਾ ਨਹੀਂ ਸੀ ਹੋਈ ਜਿਸ ਵਿਚ ਭਾਰਤੀ ਕੇਵਲ ਭਾਰਤੀ ਬਣ ਕੇ ਹੀ ਜੁੜ ਬੈਠੇ ਹੋਣ। ਇਸੇ ਇਕੱਤਰਤਾ ਨਾਲ ਹੀ ਗ਼ਦਰ ਪਾਰਟੀ ਦਾ ਅਸਲ ਵਿਚ ਮੁੱਢ ਬੱਝਾ ਸੀ।

ਇਹ ਇਕ ਤਰ੍ਹਾਂ ਨਾਲ ਭਾਰਤੀਆਂ ਦੇ ਸਾਂਝੇ ਮਸਲਿਆਂ ਦੀ ਪਹਿਲੀ ਪ੍ਰਤੀਨਿਧ ਮੀਟਿੰਗ ਸੀ। ਜਿਸ ਵਿਚ ਭਾਰਤ ਦੇ ਪ੍ਰਤੀਨਿਧ ਭਾਗ ਲੈ ਰਹੇ ਸਨ। ਇਸੇ ਮੀਟਿੰਗ ਨੇ ਹੀ ਇਹ ਤਹਿ ਕੀਤਾ ਕਿ ਭਾਰਤੀ ਕੇਵਲ ਆਪਣੀ ਰੋਟੀ ਰੋਜ਼ੀ ਲਈ ਹੀ ਨਹੀਂ ਲੜ ਰਹੇ ਸਗੋਂ ਆਪਣੀ ਆਨ–ਸ਼ਾਨ ਤੇ ਇੱਜ਼ਤ ਲਈ ਵੀ ਲੜ ਰਹੇ ਹਨ। ਇਸ ਮੀਟਿੰਗ ਨੇ ਇਹ ਵੀ ਤਹਿ ਕਰ ਲਿਆ ਸੀ ਕਿ ਭਾਰਤੀਆਂ ਦੀ ਇਸ ਦੁਰਦਸ਼ਾ ਦਾ ਇਕ ਕਾਰਨ ਇਨ੍ਹਾਂ ਦੀ ਗੁਲਾਮੀ ਹੈ ਤੇ ਗੁਲਾਮ ਕੌਮਾਂ ਨਾਲ ਹਰ ਥਾਂ ਤੇ ਇਸ ਤਰਾਂ ਦਾ ਦੁਰ ਵਿਹਾਰ ਹੁੰਦਾ ਹੀ ਹੈ। ਕੈਨੇਡਾ ਤੇ ਅਮਰੀਕਾ ਵਿਚ ਭਾਰਤੀਆਂ ਨਾਲ ਥਾਂ ਪਰ ਥਾਂ ਦੁਰਵਿਹਾਰ ਹੁੰਦਾ ਸੀ। ਜਦ ਕੇ ਬਹੁਤੇ ਭਾਰਤੀ ਆਪਣੇ ਆਪ ਨੂੰ ਬੜੇ ਮਾਣ ਨਾਲ ਬਰਤਾਨਵੀ ਪਰਜਾ ਅਖਵਾਉਂਦੇ ਸਨ। ਇਨ੍ਹਾਂ ਵਿਚੌਂ ਬਹੁਤਿਆਂ ਕੋਲ ਬਰਤਾਨਵੀ ਸਾਮਰਾਜ ਲਈ ਲੜ੍ਹੀਆਂ ਜੰਗਾਂ 'ਚ ਮਿਲੇ ਬਹਾਦਰੀ ਦੇ ਤਮਗੇ ਸਨ, ਜਿਹੜੇ ਥਾਂ ਪਰ ਥਾਂ ਦਿਖਾਏ ਜਾਂਦੇ ਸਨ ਪਰ ਫਿਰ ਵੀ ਬਰਤਾਨੀਆਂ ਦੀ ਹੀ ਦੂਸਰੀ ਬਸਤੀ ਕੈਨੇਡਾ ਵਿਚ ਉਨ੍ਹਾਂ ਦਾ ਅਪਮਾਨ ਹੁੰਦਾ ਸੀ। ਇਹ ਬਹਾਦਰੀ ਦੇ ਤਮਗੇ ਵੀ ਇੱਥੇ ਹੁੰਦੇ ਅਪਮਾਨ ਨੂੰ ਕੋਈ ਰੋਕ ਨਹੀਂ ਸਨ ਪਾਉਂਦੇ ਸਗੋਂ ਹੋਰ ਅਪਮਾਨ ਕਰਵਾਉਣ ਦਾ ਸਬੱਬ ਬਣਦੇ ਸਨ। ਆਜ਼ਾਦ ਮੁਲਕਾਂ ਦੇ ਲੋਕ ਆਖਦੇ, "ਜੇ ਇਨ੍ਹੇ ਹੀ ਬਹਾਦਰ ਹੋ ਤਾਂ ਆਪਣਾ ਦੇਸ਼ ਆਜ਼ਾਦ ਕਿਉ ਨਹੀਂ ਕਰਵਾ ਲੈਂਦੇ।" ਇਹ ਬਹਾਦਰੀ ਦੇ ਤਮਗੇ ਗੋਰੀ ਚਮੜੀ ਵਾਲਿਆਂ ਦੇ ਬਰਾਬਰ ਹੱਕ ਦਿਵਾਉਣ ਵਿਚ ਅਸਮਰਥ ਸਨ।

ਕੈਨੇਡਾ ਤੇ ਅਮਰੀਕਾ ਦੀ ਸਰਹੱਦ ਤੇ ਕੋਈ ਖਾਸ ਬੰਦਸ਼ਾਂ ਨਹੀਂ ਸਨ। ਲੋਕ ਇਕ ਦੇਸ਼ ਤੋਂ ਦੂਜੇ ਦੇਸ਼ ਨੂੰ ਆਰਾਮ ਨਾਲ ਹੀ ਆ ਜਾ ਸਕਦੇ ਸਨ। ਕੈਨੇਡਾ ਦੀ ਮਾੜੀ ਹਾਲਤ ਤੇ ਬੇਰੁਜ਼ਗਾਰੀ ਦੇ ਆਥਾਹ ਵਾਧੇ ਕਰਕੇ ਬਹੁਤ ਸਾਰੇ ਭਾਰਤੀ ਕੈਨੇਡਾ ਤੋਂ ਅਮਰੀਕਾ ਜਾਣ ਲੱਗੇ। ਅਮਰੀਕਾ ਸੰਸਾਰ ਦਾ ਅਜ਼ਾਦ ਖਿੱਤਾ ਸੀ। ਆਲੂਆਂ ਦੇ ਬਾਦਸ਼ਾਹ ਵਜੋਂ ਮਸ਼ਹੂਰ ਹੋ ਚੁੱਕੇ ਭਾਈ ਜਵਾਲਾ ਸਿੰਘ ਨੇ ਚਿੱਠੀ ਲਿਖ ਕੇ ਭਾਈ ਸੰਤੋਖ ਸਿੰਘ ਨੂੰ ਆਪਣੇ ਕੋਲ ਅਮਰੀਕਾ ਬੁਲਾ ਲਿਆ ਸੀ। ਕਿਉਂਕਿ ਉਹ ਨੌਜਵਾਨਾ ਨੂੰ ਪੜ੍ਹਨ ਲਈ ਵਜ਼ੀਫੇ ਦਿੰਦੇ ਸਨ। ਉਹ ਵਿਦਿਆਰਥੀਆਂ ਦੇ ਮਨਾਂ ਅੰਦਰ ਦੇਸ਼ ਭਗਤੀ ਦੇ ਜਜ਼ਬੇ ਭਰਨ ਦੇ ਉਪਰਾਲੇ ਵੀ ਕਰਦੇ ਰਹਿੰਦੇ ਸਨ।

ਦਸੰਬਰ 1911 ਨੂੰ ਬਾਬਾ ਜਵਾਲਾ ਸਿੰਘ, ਬਾਬਾ ਵਿਸਾਖਾ ਸਿੰਘ ਤੇ ਭਾਈ ਸੰਤੋਖ ਸਿੰਘ ਹੁਰਾਂ ਨੇ ਬਾਕੀ ਸਾਥੀਆਂ ਨਾਲ ਮਿਲ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਹਾੜਾ ਮਨਾਉਣ ਦਾ ਫੈਸਲਾ ਕੀਤਾ। ਇਸ ਦਿਨ ਦੂਰੋਂ ਨੇੜਿਓ ਸਭ ਹਿੰਦੋਸਤਾਨੀ ਇਕੱਠੇ ਹੋਏ ਇਨ੍ਹਾਂ ਵਿਚ ਹਿੰਦੂ ਮੁਸਲਮਾਨ ਸਭ ਧਰਮਾਂ ਦੇ ਲੋਕ ਹਾਜ਼ਰ ਹੋਏ ਸਨ। ਕੈਲੇਫੋਰਨੀਆਂ ਵਿਚ ਹਿੰਦੋਸਤਾਨੀਆਂ ਦਾ ਇਹ ਪਹਿਲਾ ਏਨਾਂ ਵੱਡਾ ਇਕੱਠ ਸੀ। ਇਹ ਇਕੱਠ ਤਿੰਨ ਦਿਨ ਚੱਲਿਆ ਸੀ। ਪਹਿਲੇ ਦਿਨ ਕੇਵਲ ਧਾਰਮਿਕ ਮਸਲਿਆਂ ਤੇ ਹੀ ਗੱਲ ਬਾਤ ਹੋਈ। ਮਗਰਲੇ ਦੋਵੇਂ ਦਿਨ ਦੇਸ਼ ਦੇ ਅੰਦਰੂਨੀ ਮਸਲਿਆਂ ਬਾਰੇ ਨਿੱਠ ਕੇ ਵਿਚਾਰ ਚਰਚਾ ਹੋਈ। ਇਸ ਦਿਨ ਭਾਰਤ ਤੇ ਭਾਰਤੀਆਂ ਦੇ ਰਾਜਸੀ ਮਸਲਿਆਂ ਬਾਰੇ ਇਕ ਕਮੇਟੀ ਸਰਬਸੰਮਤੀ ਨਾਲ ਬਣਾਈ ਗਈ। ਜਿਸ ਦੇ ਪ੍ਰਧਾਨ ਬਾਬਾ ਜਵਾਲਾ ਸਿੰਘ ਨੂੰ ਬਣਾਇਆ ਗਿਆ ਤੇ ਸਕੱਤਰ ਦੀਆਂ ਜਿੰਮੇਵਾਰੀਆਂ ਨੌਜਵਾਨ ਸੰਤੋਖ ਸਿੰਘ ਨੂੰ ਦਿੱਤੀਆਂ ਗਈਆਂ। ਇਸੇ ਇਕੱਠ ਨੇ ਇਹ ਫੈਸਲਾ ਲਿਆ ਕਿ ਸਮੱਸਿਆਂਵਾਂ ਦੇ ਹੱਲ ਵਾਸਤੇ ਜਿੱਥੇ ਜਥੇਬੰਦੀ ਦੀ ਅਹਿਮ ਲੋੜ ਹੈ ਉੱਥੇ ਭਾਰਤੀਆਂ ਦੇ ਮਿਲ ਬੈਠਣ ਵਾਸਤੇ ਗੁਰੂਦੁਆਰੇ ਦੀ ਵੀ ਜਰੂਰਤ ਹੈ। ਸੰਤੋਖ ਸਿੰਘ ਕੈਨੇਡਾ ਵਿਚ ਅਜਿਹੇ ਰਾਜਸੀ ਮਹੱਤਵ ਵਾਲੇ ਗੁਰੂਦੁਆਰੇ ਬਾਰੇ ਜਾਣਦਾ ਸੀ ਕਿ ਉਹ ਗੁਰੂਦੁਆਰਾ ਲਹਿਰ ਉਸਾਰਨ ਵਿਚ ਕਿਵੇਂ ਹਾਂ ਪੱਖੀ ਕੰਮ ਕਰ ਰਿਹਾ ਹੈ। ਇਸ ਮਕਸੱਦ ਲਈ ਸਟਾਕਟਨ ਵਿਖੇ ਇਕ ਗੁਰੂਦੁਆਰਾ ਬਣਾਉਂਣ ਦਾ ਫੈਸਲਾ ਕੀਤਾ ਗਿਆ ਜਿਸ ਦੀ ਜਿੰਮੇਵਾਰੀ ਵੀ ਸੰਤੋਖ ਸਿੰਘ ਨੂੰ ਸੌਂਪ ਦਿੱਤੀ ਗਈ। ਉਸ ਸਮੇਂ ਅਮਰੀਕਾ ਵਿਚ ਇਸ ਕਿਸਮ ਦੇ ਕਾਰਜ ਕਰਨੇ ਅਸਾਨ ਨਹੀਂ

ਫਰਵਰੀ 1912 ਦੇ ਅੰਤਲੇ ਦਿਨਾਂ ਵਿਚ ਨੌਜਵਾਨ ਸੰਤੋਖ ਸਿੰਘ, ਜਵਾਲਾ ਸਿੰਘ ਤੇ ਵਿਸਾਖਾ ਸਿੰਘ ਨਾਲ ਰਲ ਕੇ ਇਕ ਇਕੱਤਰਤਾ ਵਿਚ ਗੁਰੂ ਗ੍ਰੰਥ ਸਾਹਿਬ ਮੋਹਰੇ ਖ਼ੜ੍ਹੇ ਹੋਕੇ ਕਸਮ ਖਾਧੀ "ਅੱਜ ਤੋਂ ਅਸੀਂ ਆਪਣਾ ਜੀਵਨ ਦੇਸ਼ ਵਾਸੀਆਂ ਦੀ ਸੇਵਾ ਤੇ ਭਾਰਤ ਦੀ ਆਜ਼ਾਦੀ ਦੇ ਸੰਗ਼ਰਾਮ ਦੇ ਲੇਖੇ ਲਾਉਂਦਾ ਹਾਂ। ਅਸੀਂ ਕਸਮ ਖਾਂਦੇ ਹਾਂ ਕਿ ਇਸ ਉੱਚੇ ਸੁੱਚੇ ਮਨੋਰਥ ਲਈ ਆਪਣੀ ਜਾਨ ਵਾਰਨ ਤੋਂ ਵੀ ਝਿਜਕਾਂਗੇ ਨਹੀਂ। ਅਸੀਂ ਆਪਣੀ ਮਾਤਭੂਮੀ ਦੀ ਸੁਤੰਤਰਤਾ ਤੇ ਬਰਾਬਰੀ ਲਈ ਆਪਣੇ ਅੰਤਲੇ ਸਾਹਾਂ ਤੱਕ ਜੂਝਾਗੇ। ਇਹ ਮੇਰੇ ਜੀਵਨ ਦਾ ਮਿਸ਼ਨ ਹੋਵੇਗਾ।" ਇਸ ਮੀਟਿੰਗ ਨੇ ਕੈਨੇਡਾ ਤੇ ਅਮਰੀਕਾ ਵਿਚ ਵਸਦੇ ਭਾਰਤੀਆਂ ਨੂੰ ਜਿੱਥੇ ਇਕ ਸੂਤਰ ਵਿਚ ਪਰੋਇਆ ਉੱਥੇ ਮਨੋਵਿਗਿਆਨਕ ਤਬਦੀਲੀ ਨੇ ਭਾਰਤੀਆਂ ਨੂੰ ਇਕ ਆਜ਼ਾਦ ਕੌਮ ਵਾਂਗ ਜੀਉਣ ਦਾ ਸੁਪਨਾ ਦਿੱਤਾ।

ਅਮਰੀਕਾ ਕੈਨੇਡਾ ਵਿਚ ਵਸਦੇ ਭਾਰਤੀਆਂ ਦੀਆਂ ਆਪਣੀਆਂ ਵੀ ਕੁਝ ਸਮੱਸਿਆਵਾਂ ਸਨ। ਜਿਹੜੀਆਂ ਉਨ੍ਹਾਂ ਨੂੰ ਹਰ ਰੋਜ਼ ਬਰਦਾਸ਼ਤ ਕਰਨੀਆਂ ਪੈਂਦੀਆਂ ਸਨ। ਉਨ੍ਹਾਂ ਨੂੰ ਉੱਥੇ ਜੀਉਂਦੇ ਰਹਿਣ ਲਈ ਜਥੇਬੰਦ ਹੋਣਾ ਹੀ ਪੈਣਾ ਸੀ। ਜਥੇਬੰਦੀ ਦੀ ਲੋੜ ਤੇ ਸਥਿਤੀਆਂ ਦੇ ਵਿਗਿਆਨਕ ਅਧਿਐਨ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਮਹਾਨ ਕਾਰਜ ਨਾਲ ਜੋੜ ਦਿੱਤਾ। ਉਸ ਮਹਾਨ ਕਾਰਜ ਵਿਚ ਲੱਗੀਆਂ ਸ਼ਖ਼ਸੀਅਤਾਂ ਵੀ ਮਹਾਨ ਹੋ ਗਈਆਂ।

ਅਮਰੀਕਾ ਦੀ ਮੰਦੀ ਦੇ ਸਮੇਂ ਓਥੋਂ ਦੇ ਰੇਲਵੇ ਮਜ਼ਦੂਰਾਂ ਨੇ ਹੜਤਾਲ ਕਰ ਦਿੱਤੀ। ਕੰਪਨੀ ਨੇ ਹਿੰਦੀ ਮਜ਼ਦੂਰਾਂ ਨੂੰ ਭਰਤੀ ਕਰ ਲਿਆ। ਇਹ ਇਕ ਵੱਡਾ ਅੰਤਰ ਵਿਰੋਧ ਸੀ ਜਿਹੜਾ ਹਿੰਦੀ ਮਜ਼ਦੂਰਾਂ ਨੂੰ ਬਰਦਾਸ਼ਤ ਕਰਨਾ ਪਿਆ। ਹਿੰਦੀ ਮਜ਼ਦੂਰਾਂ 'ਤੇ ਹਮਲੇ ਹੋਰ ਤਿੱਖੇ ਹੋ ਗਏ। ਸੰਭਾਵੀ ਟੱਕਰਾਂ ਦੀਆਂ ਸਥਿਤੀਆਂ ਨੇ ਭਾਰਤੀ ਮਜ਼ਦੂਰਾਂ ਨੂੰ ਹਰ ਵਕਤ ਤਿਆਰ ਰਹਿਣ ਲਈ ਜਿੱਥੇ ਹੋਰ ਵੱਖ ਵੱਖ ਉਪਾਅ ਕਰਨ ਲਈ ਸੁਚੇਤ ਕੀਤਾ ਉੱਥੇ ਜਥੇਬੰਧਕ ਤੌਰ 'ਤੇ ਲਾਮਬੰਦ ਹੋਣ ਦਾ ਖਿਆਲ ਵੀ ਇਸੇ ਲੋੜ ਦੀ ਮਜ਼ਬੂਰੀ ਵਿੱਚੋਂ ਹੀ ਨਿੱਕਲਿਆ।

ਅਮਰੀਕਾ ਵਿਚ ਦੋ ਕਿਸਮ ਦੀ ਮਾਨਸਿਕਤਾ ਬਣ ਗਈ। ਇਕ ਤਾਂ ਉਹ ਲੋਕ ਸਨ ਜਿਨਾਂ ਨੇ ਹਿੰਦੋਸਤਾਨੀ ਮਜ਼ਦੂਰਾਂ ਦਾ ਸਾਥ ਦਿੱਤਾ, ਕਿਉਂਕਿ ਇਨਾਂ ਹਿੰਦੋਸਤਾਨੀ ਮਜ਼ਦੂਰਾਂ ਦੇ ਉੱਥੇ ਰਹਿਣ ਨਾਲ ਉਨ੍ਹਾਂ ਨੂੰ ਸਸਤੀ ਲੇਬਰ ਮਿਲਦੀ ਸੀ ਜਿਸ ਨਾਲ ਉਨ੍ਹਾਂ ਨੂੰ ਆਰਥਿਕ ਲਾਭ ਹੁੰਦਾ ਸੀ। ਦੂਸਰੇ ਪਾਸੇ ਉਹ ਸਨ ਜਿਨ੍ਹਾਂ ਦਾ ਇਨਾਂ ਹਿੰਦੋਸਤਾਨੀ ਮਜ਼ਦੂਰਾਂ ਨਾਲ ਹਿੰਸਾਤਮਕ ਯੁੱਧ ਚਲ ਰਿਹਾ ਸੀ। ਇਸ ਦਾ ਵੀ ਕਾਰਨ ਸਿੱਧਾ ਹੀ ਸੀ ਕਿ ਇਸ ਅੰਤਰ ਵਿਰੋਧ ਦੇ ਚੱਲਦਿਆਂ ਹਿੰਦੀ ਮਜ਼ਦੂਰ ਸਸਤੀ ਤੋਂ ਸਸਤੀ ਮਜ਼ਦੂਰੀ ਕਰਨ ਲਈ ਤਿਆਰ ਸਨ। ਅਮਰੀਕੀ ਮਜ਼ਦੂਰ ਬੇਰੁਜ਼ਗਾਰ ਹੋ ਗਏ ਸਨ ਤੇ ਇਸਦੇ ਨਾਲ ਹੀ ਮਹਿਂਗਾਈ ਦੇ ਵਧਣ ਦੇ ਬਾਵਜੂਦ ਉਹ ਸਸਤੀ ਤੋਂ ਸਸਤੀ ਲੇਬਰ ਕਰਨ ਲਈ ਤਿਆਰ ਹੋ ਰਹੇ ਸਨ। ਇਸ ਅੰਤਰਵਿਰੋਧ ਕਰਕੇ ਅਮਰੀਕਾ ਦੀ ਮਜ਼ਦੂਰ ਜਮਾਤ ਨਾਲ ਸਾਂਝ ਦੀ ਬਜਾਏ ਸ਼ਰੀਕਾ ਪੈਦਾ ਹੋ ਗਿਆ ਸੀ। ਉਥੋਂ ਦੀ ਸਰਮਾਏਦਾਰ ਜਮਾਤ ਨਾਲ ਸ਼ਰੀਕੇ ਦੀ ਬਜਾਏ ਸਾਂਝ ਪੈਦਾ ਹੋ ਗਈ। ਇਹ ਦੋਨੇ ਹੀ ਉਲਟ ਸਥਿਤੀਆਂ ਸਨ। ਇਨਾਂ ਸਥਿਤੀਆਂ ਦਾ ਦੇਰ ਸਵੇਰ ਨੁਕਸਾਨ ਹੋਣਾ ਹੀ ਸੀ।

ਇਨ੍ਹਾਂ ਉਪਰੋਕਤ ਸਥਿਤੀਆਂ ਵਿਚ ਬਾਬਾ ਸੋਹਣ ਸਿੰਘ ਭਕਨਾ ਵਰਗੇ ਸਮਝਦਾਰ ਭਾਰਤੀਆਂ ਦਾ ਇਹ ਸੋਚਣਾ ਸੀ ਕਿ ਬੁਨਿਆਦੀ ਕਾਰਨਾਂ ਨੂੰ ਫੜਿਆ ਜਾਵੇ ਤੇ ਉਸ ਦੇ ਹੱਲ ਲਈ ਵੀ ਕੁਝ ਕੀਤਾ ਜਾਵੇ। ਬਾਬਾ ਸੋਹਣ ਸਿੰਘ ਭਕਨਾ ਜੀ ਜਿੱਥੇ ਉਮਰ ਵਿਚ ਵੱਡੇ ਸਨ ਉੱਥੇ ਉਨਾਂ ਦਾ ਪਿਛੋਕੜ ਪੰਜਾਬ ਦੀ ਕੂਕਾ ਲਹਿਰ ਦਾ ਹੋਣ ਕਰਕੇ ਉਹ ਕਿਸੇ ਘਟਨਾ ਦੀ ਤਹਿ ਹੇਠ ਕੰਮ ਕਰਦੇ ਨਿਯਮਾਂ ਨੂੰ ਸਮਝਣ ਦੇ ਕਾਬਲ ਸਨ। ਉਨ੍ਹਾਂ ਦਾ ਮਤ ਸੀ ਕਿ ਸਾਨੂੰ ਜਾਤੀ ਭਿੰਨਤਾ ਛੱਡਕੇ ਹੀ ਕੁਝ ਪ੍ਰਾਪਤ ਹੋ ਸਕਦਾ ਹੈ। ਬਾਬਾ ਜਵਾਲਾ ਸਿੰਘ ਜੀ ਦਾ ਬਾਬਾ ਸੋਹਣ ਸਿੰਘ ਭਕਨਾ ਨਾਲ ਮਿਲਾਪ ਇਕ ਇਤਿਹਾਸਕ ਘਟਨਾ ਬਣ ਗਿਆ। ਸੋ ਇਕ ਸਮਝ ਵਾਲੀ ਜਥੇਬੰਧੀ ਦੀ ਘਾਟ ਤੇ ਇਸ ਲੋੜ ਦੀ ਪੂਰਤੀ ਦੇ ਸਮਰੱਥ ਆਗੂਆਂ ਦੀ ਪਹਿਚਾਣ ਪਹਿਲੀ ਮੀਟਿੰਗ ਤੋਂ ਹੀ ਹੋਣੀ ਆਰੰਭ ਹੋ ਗਈ ਸੀ। ਜਿਹੜੇ ਭਾਰਤੀ ਇਨ੍ਹਾਂ ਸਾਰਿਆਂ ਮਸਲਿਆਂ ਦੀ ਜੜ੍ਹ ਵਜੋਂ ਭਾਰਤ ਦੇ ਬਸਤੀਵਾਦੀ ਪ੍ਰਬੰਧ ਨੂੰ ਇਸ ਦਾ ਬੁਨਿਆਦੀ ਕਾਰਨ ਸਮਝਦੇ ਸਨ। ਉਨ੍ਹਾਂ ਵਿਚ ਹੋਰਨਾਂ ਦੇ ਨਾਲ ਨੌਜਵਾਨ ਸੰਤੋਖ ਸਿੰਘ ਵੀ ਸੀ ਜਿਨਾਂ ਨੇ ਭਾਰਤੀ ਆਜ਼ਾਦੀ ਨੂੰ ਬੁਨਿਆਦੀ ਲੋੜ ਵਜੋਂ ਚਿਤਰਦਿਆਂ ਕਿਹਾ ਸੀ ਕਿ ਆਜ਼ਾਦ ਕੌਮ ਵਾਲਾ ਸਤਿਕਾਰ ਕੇਵਲ ਆਜ਼ਾਦ ਕੌਮ ਨੂੰ ਹੀ ਮਿਲਦਾ ਹੈ ਇਸ ਕਰਕੇ ਭਾਰਤ ਮਾਂ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਵਾਉਣਾ ਸਾਡਾ ਪਹਿਲਾ ਕੰਮ ਹੈ। ਸੰਤੋਖ ਸਿੰਘ ਨੇ ਸਪਸ਼ਟ ਕਿਹਾ ਆਜ਼ਾਦ ਕੌਮਾਂ ਹੀ ਸਤਿਕਾਰ ਦੀਆਂ ਹੱਕਦਾਰ ਹੁੰਦੀਆਂ ਹਨ ਤੇ ਬਹਾਦਰ ਕੌਮਾਂ ਆਜ਼ਾਦੀ ਲਈ ਮਰ ਮਿਟਦੀਆਂ ਹਨ ਤੇ ਇਹ ਸਤਿਕਾਰ ਮਰ ਮਰ ਕੇ ਲੈਣਾ ਪੈਂਦਾ ਹੈ।

ਏਥੇ ਜੇ.ਡੀ ਕੁਮਾਰ, ਬਾਬੂ ਹਰਨਾਮ ਸਿੰਘ ਸਾਹਰੀ, ਸ੍ਰੀ ਤਾਰਕਨਾਥ ਦਾਸ, ਸੰਤ ਤੇਜਾ ਸਿੰਘ ਆਦ ਵੀ ਆਪਣਾ ਕੰਮ ਕਰ ਰਹੇ ਸਨ। ਇਨਾਂ ਦਾ ਵੀ ਇਹ ਹੀ ਮਤ ਸੀ ਕਿ ਸਾਡੀਆਂ ਸਾਰੀਆਂ ਸਮੱਸਿਆਂਵਾਂ ਦਾ ਹਲ ਆਜ਼ਾਦੀ ਹੀ ਹੈ ਤੇ ਸਾਡੀਆਂ ਸਮੱਸਿਆਂਵਾਂ ਦੀ ਜੜ੍ਹ ਬਰਤਾਨਵੀ ਬਸਤੀਵਾਦ ਦੀ ਗੁਲਾਮੀ ਹੈ। ਇਸ ਕਾਰਜ ਲਈ ਕਈ ਅਖ਼ਬਾਰ ਵੀ ਜੀ ਜਾਨ ਨਾਲ ਕੰਮ ਕਰ ਰਹੇ ਸਨ। ਜਿਨਾਂ ਵਿੱਚੋ ਸਵਦੇਸ਼ ਸੇਵਕ, ਪਰਦੇਸ਼ੀ ਖਾਲਸਾ, ਸੰਸਾਰ, ਫਰੀ ਹਿੰਦੋਸਤਾਨ ਵਰਗੀਆਂ ਅਖ਼ਬਾਰਾਂ ਵੀ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਇਕ ਮਤ ਹੋਣ ਤੇ ਹਥਿਆਬੰਦ ਵਿਦਰੋਹ ਕਰਨ ਦਾ ਹੋਕਾ ਦੇ ਰਹੀਂਆਂ ਸਨ। ਮਾਰਚ 1913 ਨੂੰ ਅਮਰੀਕਾ ਦੇ ਸ਼ਾਂਤ ਸਾਗਰੀ ਤੱਟ ਤੇ ਭਾਰਤੀ ਆਜ਼ਾਦੀ ਲਈ ਹਿੰਦੀ ਐਸੋਸੀਏਸ਼ਨ ਕਾਇਮ ਕੀਤੀ। ਇਸ ਵੱਡੀ ਮੀਟਿੰਗ ਵਿਚ ਸਾਰੀਆਂ ਇਕਾਈਆਂ ਦੀ ਸਾਂਝੀ ਜਥੇਬੰਦੀ ਬਣਾਕੇ ਉਸ ਦਾ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ ਬਣਾਇਆ ਗਿਆ ਤੇ ਜਨਰਲ ਸਕੱਤਰ ਲਾਲਾ ਹਰਦਿਆਲ ਨੂੰ ਬਣਾਇਆ ਗਿਆ।

ਆਸਟਰੀਆ ਵਿਖੇ 21 ਅਪ੍ਰੈਲ,1913 ਨੂੰ ਹਿੰਦੁਸਤਾਨੀ ਪਰਵਾਸੀਆਂ ਨੇ 'ਹਿੰਦੀ ਐਸੋਸੀਏਸ਼ਨ ਆਫ਼ ਪੈਸਿਫ਼ਿਕ ਕੋਸਟ' ਕਾਇਮ ਕਰ ਲਈ ਜੋ ਕੁਝ ਸਮਾਂ ਪਾਕੇ ਹਿੰਦੁਸਤਾਨ ਗ਼ਦਰ ਪਾਰਟੀ ਦੇ ਨਾਮ ਨਾਲ ਜਾਣੀ ਜਾਣ ਲੱਗ ਪਈ। 1913 ਵਿਚ ਕ੍ਰਿਸਮਿਸ ਦੀਆਂ ਛੁੱਟੀਆਂ ਦੌਰਾਨ ਇਸ ਐਸੋਸੀਏਸ਼ਨ ਦੇ ਕਰਤਾ–ਧਰਤਾ ਭਾਈ ਸੋਹਣ ਸਿੰਘ ਭਕਨਾ (ਪ੍ਰਧਾਨ), ਲਾਲਾ ਹਰਦਿਆਲ ( ਜਨਰਲ ਸਕੱਤਰ ) ਅਤੇ ਪੰਡਿਤ ਕਾਂਸ਼ੀ ਰਾਮ ਮੜੌਲੀ ( ਖਜ਼ਾਨਚੀ ) ਆਦਿ ਨੇ ਸੈਕਰਾਮੈਂਟੋ ਵਿਖੇ ਮੀਟਿੰਗ ਕਰਕੇ ਭਾਈ ਸੰਤੋਖ ਸਿੰਘ ਜੀ ਨੂੰ ਗ਼ਦਰ ਪਾਰਟੀ ਦੇ ਐਗਜ਼ਿਕਟਿਵ ਮੈਂਬਰ ਵਜੋਂ ਇਸ ਵਿਚ ਸ਼ਾਮਲ ਕਰ ਲਿਆ।

ਲਾਲਾ ਹਰਦਿਆਲ ਦੀ ਅਗਵਾਈ ਹੇਠ 1 ਨਵੰਬਰ 1913 ਨੂੰ ਗ਼ਦਰ ਅਖਬਾਰ ਛਾਪਣਾ ਸ਼ੁਰੂ ਕੀਤਾ ਜੋ ਪਹਿਲਾਂ ਉਰਦੂ ਵਿਚ ਤੇ ਬਾਅਦ ਵਿਚ ਪੰਜਾਬੀ ਜੁਬਾਨ ਵਿਚ ਵੀ ਕੱਢਿਆ ਗਿਆ। ਇਹ ਹਫ਼ਤਾਵਾਰੀ ਅਖਬਾਰ ਸੀ ਜਿਹੜਾ ਐਸੋਸੀਏਸਨ ਦਾ ਕ੍ਰਾਂਤੀਕਾਰੀ ਸੁਨੇਹਾ ਲੈਕੇ ਘਰ ਘਰ ਜਾਣ ਲੱਗਿਆ। ਇਹ ਅਖਬਾਰ ਇਕ ਤਰ੍ਹਾਂ ਦਾ ਇਨਕਲਾਬੀ ਹਥਿਆਰ ਹੀ ਸੀ ।

ਇਸੇ ਕਰਕੇ ਐਸੋਸੀਏਸਨ ਦਾ ਨਾਮ ਵੀ ਲੋਕਾਂ ਨੇ ਅਖਬਾਰ ਦੇ ਨਾਮ ਤੋਂ ਗ਼ਦਰ ਹੀ ਪਾ ਦਿੱਤਾ। ਗ਼ਦਰ ਕਰਨ ਵਾਲਿਆਂ ਲਈ ਗ਼ਦਰੀ ਸ਼ਬਦ ਦਾ ਪ੍ਰਯੋਗ ਹੋਣ ਲੱਗਾ। ਇਹ ਨਾਮ ਸਰਕਾਰ ਨੂੰ ਵੀ ਪਸੰਦ ਸੀ ਕਿਉਂਕਿ ਸਰਕਾਰ ਵੀ ਇਨ੍ਹਾਂ ਨੂੰ ਹਕੂਮਤ ਦੇ ਖਿਲਾਫ ਗ਼ਦਰ ਕਰਨ ਵਾਲੇ ਨਾਂਹਵਾਚੀ ਵਿਸ਼ੇਸ਼ਣ ਦੇ ਤੌਰ ਤੇ ਵਰਤਣਾ ਚਾਹੁੰਦੀ ਸੀ। ਇਕੋ ਸ਼ਬਦ ਜੋ ਹਕੂਮਤ ਲਈ ਨਾਂਹਵਾਚੀ ਸੀ ਉਹ ਭਾਰਤ ਵਾਸੀਆਂ ਲਈ ਮਾਣ ਸਨਮਾਨ ਦਾ ਚਿੰਨ ਬਣ ਗਿਆ ਤੇ ਭਾਰਤ ਮਾਂ ਦੇ ਇਹ ਸਪੂਤ ਗ਼ਦਰੀ ਨਾਮ ਹੇਠ ਸਾਰੇ ਸੰਸਾਰ ਦੇ ਕੋਨੇ ਕੋਨੇ ਵਿਚ ਜਾਣੇ ਗਏ। ਇਹ ਅਖਬਾਰ ਵਿਦੇਸ਼ਾਂ ਵਿਚ ਵਸਦੇ ਭਾਰਤੀਆਂ ਵਿਚ ਇਕ ਦਮ ਹਰਮਨ ਪਿਆਰਾ ਹੋ ਗਿਆ। ਅਖ਼ਬਾਰ ਵਿੱਚ ਪਹਿਲਾਂ ਹੀ ਐਲਾਨ ਕੀਤਾ ਜਾ ਚੁੱਕਾ ਸੀ, ਉਹ ਸਮਾਂ ਆਉਣ ਤੱਕ ਦੇਸ਼ ਨੂੰ ਬਗ਼ਾਵਤ ਲਈ ਤਿਆਰ ਕੀਤਾ ਜਾਏ, ਅਤੇ ਉਹ ਸਮਾਂ ਜਲਦੀ ਹੀ ਆਉਣ ਵਾਲਾ ਹੈ 'ਜਦੋਂ ਰਾਈਫ਼ਲ ਅਤੇ ਖ਼ੂਨ ਨੂੰ ਕਲਮ ਅਤੇ ਸਿਆਹੀ ਵਜੋਂ ਵਰਤਿਆ ਜਾਵੇਗਾ, ਅਤੇ ਅੰਗਰੇਜ਼ ਰਾਜ ਤਬਾਹ ਕਰ ਦਿੱਤਾ ਜਾਏਗਾ।

ਗ਼ਦਰ ਅਖ਼ਬਾਰ ਦਾ ਪੱਕਾ ਕਾਲਮ ਸੀ: ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ। ਇਸ ਵਿਚ ਹਮੇਸ਼ਾ 14 ਨੁਕਤੇ ਹੁੰਦੇ ਸਨ, ਜਿਹੜੇ ਪਹਿਲੇ ਸਫ਼ੇ ਉਤੇ ਛਾਪੇ ਹੁੰਦੇ ਸਨ। ਆਖ਼ਰੀ ਨੁਕਤਾ ਹੁੰਦਾ ਸੀ – 1857 ਦੇ ਗ਼ਦਰ ਨੂੰ 56 ਸਾਲ ਹੋ ਚੁੱਕੇ ਹਨ, ਹੁਣ ਦੂਜੇ ਗ਼ਦਰ ਦੀ ਲੋੜ ਹੈ। ਇੱਕ ਹੋਰ ਬਕਾਇਦਾ ਫੀਚਰ ਸੀ 'ਅੰਕੋਂ ਕੀ ਗਵਾਹੀ'। ਇਸ ਵਿੱਚ ਭਾਰਤ ਵਿਚ ਬਰਤਾਨਵੀ ਲੁੱਟ–ਖਸੁੱਟ ਦੇ ਮਾਰੂ ਸਿੱਟਿਆਂ ਨੂੰ ਉਘਾੜਿਆ ਗਿਆ ਹੁੰਦਾ ਸੀ। ਬਰਤਾਨਵੀ ਰਾਜ ਨੂੰ ਕੌਮ ਲਈ ਇਕ ਫੋੜਾ,' ਪਲੇਗ ਦਸਿਆ ਗਿਆ ਹੁੰਦਾ । ਇਹ ਲਿਖਿਆ ਜਾਂਦਾ ਕਿ ਜਦੋਂ ਤੱਕ ਇਸ ਨੀਚ, ਦੁਸ਼ਟ ਸਰਕਾਰ ਨੂੰ ਤਬਾਹ ਨਹੀਂ ਕਰ ਦਿੱਤਾ ਜਾਂਦਾ, ਉਦੋਂ ਤੱਕ ਚੈਨ ਨਾਲ ਨਹੀਂ ਬੈਠਾਂਗੇ। ਭਾਰਤੀਆਂ ਨੂੰ ਅਕਸਰ ਹੀ ਜ਼ੋਰ ਦੇ ਕੇ ਕਿਹਾ ਜਾਂਦਾ ਸੀ ਕਿ ਉਹ ਜਾਗਣ, ਢਿੱਲਾਪਣ ਅਤੇ ਆਰਜ਼ੀ ਆਰਾਮ ਛੱਡਣ ਅਤੇ ਤਨ, ਮਨ ਅਤੇ ਧਨ ਨਾਲ ਆਪਣੇ ਦੇਸ਼ ਦੀ ਸੇਵਾ ਕਰਨ। ਪਹਿਲੇ ਅੰਕ ਦੇ ਹੀ ਇਕ ਲੇਖ ਵਿੱਚ ਲਿਖਿਆ ਗਿਆ ਸੀ:

ਮੇਰੇ ਯੋਧਿਓ! ਓ ਸ਼ੇਰੋ! ਓ ਬਹਾਦਰੋ! ਹੋਸ਼ ਵਿਚ ਆਓ! ਕਿੰਨੀ ਦੇਰ ਸੌਂਦੇ ਰਹੋਗੇ? ਕਦੋਂ ਤੱਕ ਤੁਸੀਂ ਦੂਜਿਆਂ ਦੇ ਛਿੱਤਰ ਖਾਣ ਲਈ ਤਿਆਰ ਰਹੋਗੇ ਅਤੇ ਉਹਨਾਂ ਦੇ ਜ਼ੁਲਮਾਂ ਨੂੰ ਬਰਦਾਸ਼ਤ ਕਰਦੇ ਰਹੋਗੇ।

ਐ ਹਿੰਦੁਸਤਾਨ ਦੇ ਨੌਜਵਾਨੋ, ਆਪਣੇ ਵੱਲ ਦੇਖੋ, ਗੁਲਾਮੀ ਨੇ ਤੁਹਾਨੂੰ ਜਿਉਂਦੇ ਜਾਗਦੇ ਪਿੰਜਰ ਬਣਾ ਛਡਿਆ ਹੈ। ਇਸ ਨੇ ਤੁਹਾਡਾ ਮਾਸ ਚੂੰਢ ਲਿਆ ਹੈ ਅਤੇ ਸਿਰਫ਼ ਹੱਡੀਆਂ ਰਹਿਣ ਦਿੱਤੀਆਂ ਹਨ। ਸ਼ਰਮ ਕਰੋ! ਸ਼ਰਮ ਕਰੋ! ਸ਼ਰਮ ਕਰੋ! ਜਾਗੋ ਐ ਸ਼ੇਰੋ! ਜਾਗੋ!

ਜਾਗੋ, ਐ ਸ਼ੇਰੋ! ਹਿੰਮਤ ਕਰੋ। ਆਪਣੇ ਦੇਸ਼ ਦੀ ਸੇਵਾ ਕਰੋ ਅਤੇ ਆਪਣਾ ਫਰਜ਼ ਨਿਭਾਓ। ਦੁਸ਼ਮਣ ਤੁਹਾਨੂੰ ਖਾਈ ਜਾ ਰਿਹਾ ਹੈ। ਉਸ ਨੂੰ ਮਾਰ ਮਾਰ ਕੇ ਆਪਣੇ ਦੇਸ਼ ਤੋਂ ਬਾਹਰ ਕੱਢ ਦਿਓ। ਆਓ, ਬਹਾਦਰੋ! ਆਓ ਨਾਨਾ ਸਾਹਿਬ ਅਤੇ ਝਾਂਸੀ ਦੀ ਰਾਣੀ ਲਕਸ਼ਮੀ ਬਾਈ ਦਾ ਬਦਲਾ ਲੈਣ ਲਈ ਇਕਮੁੱਠ ਹੋ ਜਾਓ। ਜਾਗੋ... ਮੈਂ ਤੁਹਾਨੂੰ ਪੁਕਾਰ ਰਿਹਾ ਹਾਂ। ਜਾਗੋ!... ਆਪਣੇ ਵਡੇਰਿਆਂ ਦੀ ਇੱਜ਼ਤ ਸੰਭਾਲੋ। ਆਪਣੇ ਆਪ ਨੂੰ ਸਿੰਘਾਂ, ਖਾਨਾਂ ਅਤੇ ਰਾਜਪੂਤਾਂ ਦੇ ਯੋਗ ਸਪੁੱਤਰ ਸਿੱਧ ਕਰੋ।... ਜੇ ਤੁਸੀਂ ਹੁਣ ਹਿੰਮਤ ਨਹੀਂ ਕਰਦੇ, ਤਾਂ ਮਗਰੋਂ ਤੁਹਾਨੂੰ ਆਪਣੇ ਹੱਥ ਮਲਣੇ ਪੈਣਗੇ। ਇਹ ਮੌਕਾ ਤੁਹਾਡੇ ਹੱਥ ਮੁੜ ਕੇ ਨਹੀਂ ਆਏਗਾ। ਇਸ ਲਈ ਮੇਰੀ ਆਖਰੀ ਸਲਾਹ ਤੁਹਾਨੂੰ ਇਹੀ ਹੈ! ਉਠੋ, ਕਮਰ–ਕੱਸੇ ਕਰੋ। ਉਠੋ। ਇਹ ਢਿੱਲ–ਮੱਠ ਦਾ ਸਮਾਂ ਨਹੀਂ।(ਡਾ. ਹਰੀਸ਼ ਕੇ. ਪੁਰੀ, ਗ਼ਦਰ ਲਹਿਰ, ਪੰਨਾ 32)

1857 ਦੇ ਗ਼ਦਰ ਨੂੰ ਮੁਕੰਮਲ ਕਰਨ ਦਾ ਸੁਪਨਾ ਗ਼ਦਰੀ ਸੂਰਬੀਰਾਂ ਨੇ ਲਿਆ ਸੀ। ਇਨ੍ਹੇ ਲੰਮੇ ਸਮੇਂ ਬਾਅਦ ਗ਼ਦਰ ਦੀ ਉਹੀ ਗੂੰਜ ਅੰਗਰੇਜ਼ਾਂ ਦੇ ਕੰਨਾਂ ਵਿਚ ਪੈਣੀ ਸ਼ੁਰੂ ਹੋ ਗਈ ਸੀ ਜਿਸ ਅਸਫ਼ਲ ਗ਼ਦਰ ਤੋਂ ਬਾਦ ਅੰਗਰੇਜ਼ਾਂ ਨੇ ਸੋਚਿਆ ਸੀ ਕਿ ਹੁਣ ਕੋਈ ਆਵਾਜ਼ ਨਹੀਂ ਉੱਠੇਗੀ ਉਨ੍ਹੰ ਦੇ ਕੰਨਾਂ ਵਿਚ ਗ਼ਦਰ ਦੀ ਉਹ ਹੀ ਆਵਾਜ਼ ਪੈਣ ਲੱਗ ਪਈ। ਸ਼ਹੀਦ ਮੰਗਲ ਪਾਂਡਾ ਕਦ ਕਰਤਾਰ ਸਰਾਭਾ ਬਣ ਕੇ ਉਠ ਪਵੇਗਾ ਇਸ ਦੀ ਭਣਿਕ ਅੰਗਰੇਜ਼ਾਂ ਨੂੰ ਨਹੀਂ ਸੀ। ਇਕ ਗ਼ਦਰ ਤੋਂ ਦੂਜੇ ਗ਼ਦਰ ਦੀ ਅਮੁੱਕ ਕਹਾਣੀ ਨੇ ਇਕ ਸਦੀ ਦਾ ਸਫਰ 21 ਅਪ੍ਰੈਲ ਨੂੰ ਤਹਿ ਕਰ ਲਿਆ ਹੈ ਪਰ ਗ਼ਦਰ ਅਜੇ ਵੀ ਜਾਰੀ ਹੈ।

ਗ਼ਦਰ ਅਖ਼ਬਾਰ ਦਾ ਪੱਕਾ ਕਾਲਮ ਸੀ: ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ। ਇਸ ਵਿਚ ਹਮੇਸ਼ਾ 14 ਨੁਕਤੇ ਹੁੰਦੇ ਸਨ, ਜਿਹੜੇ ਪਹਿਲੇ ਸਫ਼ੇ ਉਤੇ ਛਾਪੇ ਹੁੰਦੇ ਸਨ। ਆਖ਼ਰੀ ਨੁਕਤਾ ਹੁੰਦਾ ਸੀ – 1857 ਦੇ ਗ਼ਦਰ ਨੂੰ 56 ਸਾਲ ਹੋ ਚੁੱਕੇ ਹਨ, ਹੁਣ ਦੂਜੇ ਗ਼ਦਰ ਦੀ ਲੋੜ ਹੈ। ਇੱਕ ਹੋਰ ਬਕਾਇਦਾ ਫੀਚਰ ਸੀ 'ਅੰਕੋਂ ਕੀ ਗਵਾਹੀ'। ਇਸ ਵਿੱਚ ਭਾਰਤ ਵਿਚ ਬਰਤਾਨਵੀ ਲੁੱਟ–ਖਸੁੱਟ ਦੇ ਮਾਰੂ ਸਿੱਟਿਆਂ ਨੂੰ ਉਘਾੜਿਆ ਗਿਆ ਹੁੰਦਾ ਸੀ। ਬਰਤਾਨਵੀ ਰਾਜ ਨੂੰ ਕੌਮ ਲਈ ਇਕ ਫੋੜਾ,' ਪਲੇਗ ਦਸਿਆ ਗਿਆ ਹੁੰਦਾ । ਇਹ ਲਿਖਿਆ ਜਾਂਦਾ ਕਿ ਜਦੋਂ ਤੱਕ ਇਸ ਨੀਚ, ਦੁਸ਼ਟ ਸਰਕਾਰ ਨੂੰ ਤਬਾਹ ਨਹੀਂ ਕਰ ਦਿੱਤਾ ਜਾਂਦਾ, ਉਦੋਂ ਤੱਕ ਚੈਨ ਨਾਲ ਨਹੀਂ ਬੈਠਾਂਗੇ। ਭਾਰਤੀਆਂ ਨੂੰ ਅਕਸਰ ਹੀ ਜ਼ੋਰ ਦੇ ਕੇ ਕਿਹਾ ਜਾਂਦਾ ਸੀ ਕਿ ਉਹ ਜਾਗਣ, ਢਿੱਲਾਪਣ ਅਤੇ ਆਰਜ਼ੀ ਆਰਾਮ ਛੱਡਣ ਅਤੇ ਤਨ, ਮਨ ਅਤੇ ਧਨ ਨਾਲ ਆਪਣੇ ਦੇਸ਼ ਦੀ ਸੇਵਾ ਕਰਨ।

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

# ਗ਼ਦਰ ਲਹਿਰ ਦਾ ਆਰਥਕ ਏਜੰਡਾ

ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com



ਆਧੁਨਿਕ ਭਾਰਤ ਦਾ ਪਹਿਲਾ ਵੱਡਾ ਰਾਜਸੀ ਅੰਦੋਲਨ 'ਗ਼ਦਰ ਲਹਿਰ' ਬਸਤੀਵਾਦੀ ਆਰਥਕ ਨੀਤੀਆਂ ਦੀ ਪਿੱਠਭੂਮੀ ਤੋਂ ਉਭਰਿਆ ਸੀ। ਗ਼ਦਰ ਲਹਿਰ ਸਪੱਸ਼ਟ ਰਾਜਸੀ ਨਿਸ਼ਾਨੇ ਵੱਲ ਸੇਧਿਤ ਹੋਣ ਦੇ ਬਾਵਜੂਦ ਇਕ ਨਵੇਂ ਆਰਥਕ ਪ੍ਰਬੰਧ ਦੀ ਲੋੜ ਨੂੰ ਵਿਸ਼ੇਸ਼ ਅਹਿਮੀਅਤ ਦਿੰਦੀ ਸੀ। ਗ਼ਦਰ ਅੰਦੋਲਨ ਦੇ ਚਿੰਤਕਾਂ ਨੇ ਉਸ ਵੇਲੇ ਦੇ ਉਪਲੱਬਧ ਮੰਚਾਂ ਤੋਂ ਜੋ ਮਹਾਂ-ਬਹਿਸ ਛੇੜੀ ਸੀ, ਉਸ ਦਾ ਪ੍ਰਮੁੱਖ ਹਿੱਸਾ ਬਸਤੀਵਾਦੀਆਂ ਦੀ ਚੁੰਗਲ 'ਚ ਫਸੇ ਭਾਰਤ ਦੇ ਆਰਥਕ ਸੰਕਟਾਂ ਨੂੰ ਸੰਬੋਧਤ ਸੀ। ਗ਼ਦਰੀ ਖ਼ੁਦ ਆਰਥਕ ਮਸਲਿਆਂ ਦੇ ਦਬਾਅ ਹੇਠ ਵਿਦੇਸ਼ਾਂ ਵਿਚ ਜਾਣ ਲਈ ਮਜਬੂਰ ਹੋਏ ਸਨ। ਉਸ ਸਮੇਂ ਤਕ ਉਨ੍ਹਾਂ ਲਈ ਆਰਥਕ ਮਸਲੇ ਕੇਵਲ ਘਰੋਗੀ ਦਾਇਰੇ ਦੇ ਮਸਲੇ ਸਨ। ਉਹ ਕਰਜ਼ਿਆਂ ਦੇ ਬੋਝ ਥੱਲੇ ਦੱਬੇ ਪਰਿਵਾਰਾਂ ਵਿਚੋਂ ਇਹ ਉਦੇਸ਼ ਲੈ ਕੇ ਵਿਦੇਸ਼ਾਂ ਨੂੰ ਗਏਸਨ ਕਿ ਉਥੋਂ ਦੀਆਂ ਕਮਾਈਆਂ ਨਾਲ ਕਰਜ਼ੇ ਦਾ ਬੋਝ ਆਪਦੇ ਪਰਿਵਾਰਾਂ ਸਿਰੋਂ ਲਾਹ ਦੇਣਗੇ ਅਤੇ ਇੰਜ ਪਰਿਵਾਰਕ ਚੌਖਟੇ ਵਿਚ ਹੀ ਉਨ੍ਹਾਂ ਦੀ ਆਰਥਕ ਸਮੱਸਿਆ ਹੱਲ ਹੋ ਜਾਵੇਗੀ। ਪਰ ਵਿਦੇਸ਼ਾਂ 'ਚ ਜਾ ਕੇ ਉਨ੍ਹਾਂ ਨੂੰ ਸੋਝੀ ਆਈ ਕਿ ਇਹ ਮਸਲਾ, ਜੋ ਦੇਖਣ ਨੂੰ ਸਰਲ ਜਾਪਦਾ ਹੈ, ਦਰਅਸਲ ਕਾਫ਼ੀ ਜਟਿਲ ਹੈ। ਇਹ ਬਸਤੀਵਾਦੀ ਆਰਥਕ ਨਿਜ਼ਾਮ ਨਾਲ ਜੁੜਿਆ ਹੋਇਆ ਹੈ। ਇਸ ਸੋਝੀ 'ਚੋਂ ਉਨ੍ਹਾਂ ਦੇ ਦੋ ਉਦਮ ਸਾਹਮਣੇ ਆਏ। ਪਹਿਲਾ; ਇਹ ਕਿ ਉਨ੍ਹਾਂ ਨੇ ਭਾਰਤ ਦੇ ਬਸਤੀਵਾਦੀ ਆਰਥਕ ਢਾਂਚੇ ਦਾ ਅਧਿਐਨ ਅਤੇ ਵਿਸ਼ਲੇਸ਼ਣ ਕੀਤਾ ਤੇ ਕੁਝ ਸਪੱਸ਼ਟ ਤੇ ਪ੍ਰਮਾਣਿਕ ਨਿਰਣੇ ਉਸ ਸਮੇਂ ਦੀ ਭਾਰਤ ਦੀ ਬਸਤੀਵਾਦੀ ਆਰਥਕਤਾ ਸਬੰਧੀ ਪੇਸ਼ ਕੀਤੇ। ਦੂਜੇ ਉਦਮ ਦੇ ਤਹਿਤ ਉਨ੍ਹਾਂ ਨੇ ਆਜ਼ਾਦ ਭਾਰਤ ਲਈ ਇਕ ਨਵਾਂ ਤੇ ਲੋਕਪੱਖੀ ਆਰਥਕ ਏਜੰਡਾ ਤਿਆਰ ਕਰਨ ਦਾ ਉਪਰਾਲਾ ਕੀਤਾ। ਜਦੋਂ ਅਸੀਂ ਗ਼ਦਰੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਗੱਲ ਕਰਦੇ ਹਾਂ ਤਾਂ ਉਦੋਂ ਸਾਡਾ ਇਸ਼ਾਰਾ ਅਚੇਤ ਜਾਂ ਸੁਚੇਤ ਰੂਪ ਵਿਚ ਗ਼ਦਰੀਆਂ ਦੇ ਆਰਥਕ ਏਜੰਡੇ ਵੱਲ ਹੀ ਹੁੰਦਾਹੈ।

ਆਪਣੀਆਂ ਸੈਨਿਕ ਧਾੜਾਂ ਤੋਂ ਵਿਹਲੇ ਹੋ ਕੇ ਬਰਤਾਨਵੀ ਬਸਤੀਵਾਦੀਆਂ ਨੇ ਆਰਥਕ ਲੁੱਟ ਲਈ ਯਤਨ ਤੇਜ਼ ਕਰ ਦਿੱਤੇ। ਭਾਰਤ ਦੇ ਰਵਾਇਤੀ ਅਰਥਚਾਰੇ ਵਿਚ ਉਨ੍ਹਾਂ ਨੂੰ ਆਪਣੇ ਮਨੋਰਥਾਂ ਲਈ ਵਧੇਰੇ ਮੌਕੇ ਸੁਲੱਭ ਨਹੀਂ ਸਨ, ਇਸ ਲਈ ਉਨ੍ਹਾਂ ਨੇ ਆਰਥਕ ਪ੍ਰਬੰਧ (ਰਵਾਇਤੀ) ਨੂੰ ਆਪਣੀ ਸੁਵਿਧਾ ਅਨੁਸਾਰ ਢਾਲਣ ਲਈ ਢਾਂਚਾਗਤ ਤਬਦੀਲੀਆਂ ਕਰਨੀਆਂ ਸ਼ੁਰੂ ਕੀਤੀਆਂ ਤਾਂ ਕਿ ਤਬਦੀਲੀਆਂ ਦਾ ਅਸਲ ਨਿਸ਼ਾਨਾ ਲੁਪਤ ਰਹੇ। ਆਪਣੀ ਇਸ ਨੀਤੀ ਕਾਰਨ ਸ਼ੁਰੂ ਵਿਚ ਅੰਗਰੇਜ਼ ਭਾਰਤੀਆਂ ਨੂੰ ਰਿਝਾਉਣ ਵਿਚ ਸਫ਼ਲ ਵੀ ਰਹੇ। ਬਾਅਦ ਵਿਚ ਜਦੋਂ ਇਨ੍ਹਾਂ ਨੀਤੀਆਂ ਦੇ ਘਾਤਕ ਨਤੀਜੇ ਸਾਹਮਣੇ ਆਏ ਤਾਂ ਬਰਤਾਨਵੀ ਬਸਤੀਵਾਦੀਆਂ ਦਾ ਅਸਲ ਚਿਹਰਾ ਲੋਕਾਂ ਸਾਹਮਣੇ ਉਜਾਗਰ ਹੋ ਗਿਆ। ਵੀਹਵੀਂ ਸਦੀ ਦੀਆਂ ਬਰੂਹਾਂ ਤਕ ਪਹੁੰਚਦਿਆਂ ਸਾਮਰਾਜਵਾਦ ਨੇ ਭਲੀਭਾਂਤ ਸਾਬਤ ਕਰ ਦਿੱਤਾ ਕਿ ਇਹ (ਸਮਾਜਵਾਦ) ਪੂੰਜੀਵਾਦ ਦਾ ਵਿਕਸਤ ਅਤੇ ਘਿਨਾਉਣਾ ਰੂਪ ਹੈ। ਭਾਰਤ ਦੀ ਰਵਾਇਤੀ ਆਰਥਕਤਾ ਉਪਰ ਇਸ ਦੇ ਇਕੋ ਹੱਲੇ ਨੇ ਕਿਸਾਨੀ ਨੂੰ ਕੰਗਾਲੀ ਅਤੇ ਘਰੇਲੂ ਦਸਤਕਾਰੀ ਨੂੰ ਤਬਾਹੀ ਦੀ ਕਗਾਰ 'ਤੇ ਪੁਚਾ ਦਿੱਤਾ। ਗ਼ਦਰ ਦੇ ਅੰਦੋਲਨਕਾਰੀਆਂ ਨੇ ਸਾਮਰਾਜੀ ਆਰਥਕਤਾ ਦੇ ਤਾਣੇ-ਬਾਣੇ ਨੂੰ ਬੜੀ ਬਾਰੀਕੀ ਨਾਲ ਸਮਝਿਆ। ਜਦੋਂ ਉਨ੍ਹਾਂ ਭਾਰਤ ਦੇ ਵੱਖ-ਵੱਖ ਵਰਗਾਂ ਦੀ ਦਸ਼ਾ ਦਾ ਆਪਣੀਆਂ ਲਿਖਤਾਂ ਵਿਚ ਬਿਆਨ ਕੀਤਾ, ਉਦੋਂ ਉਨ੍ਹਾਂ ਨੇ ਇਨ੍ਹਾਂ ਵਰਗਾਂ ਦੀ ਆਰਥਕ ਦਸ਼ਾ ਨੂੰ ਵਿਸ਼ੇਸ਼ ਤੌਰ 'ਤੇ ਕੇਂਦਰ ਵਿਚ ਰੱਖਿਆ। ਪੀੜਤ ਵਰਗਾਂ ਦੀ ਆਰਥਕਤਾ ਉਪਰ ਕੇਂਦਰਤ ਦ੍ਰਿਸ਼ਟੀ ਤੋਂ ਹੀ ਗ਼ਦਰੀਆਂ ਦਾ ਦ੍ਰਿਸ਼ਟੀਕੋਣ ਵਿਕਸਤ ਹੋਇਆ। ਇਹ ਦ੍ਰਿਸ਼ਟੀਕੋਣ ਅਜਿਹੀ ਰਾਸ਼ਟਰੀ ਆਰਥਕਤਾ ਦੇ ਨਿਰਮਾਣ ਦਾ ਸੀ, ਜਿਸ ਵਿਚ ਭਾਰਤੀ ਅਵਾਮ ਦੇ ਮਿਹਨਤਕਸ਼ ਵਰਗਾਂ ਦੇ ਹਿੱਤ ਸੁਰੱਖਿਅਤ ਹੋਣ ਅਤੇ ਦੇਸ਼ ਦੇ ਸਰਬਪੱਖੀ ਵਿਕਾਸ ਨੂੰ ਹੁਲਾਰਾ ਮਿਲੇ। ਗ਼ਦਰੀ ਭਾਈ ਸੰਤੋਖ ਸਿੰਘ ਨੇ ਆਪਣੀ ਅਗਵਾਈ ਵਿਚ ਬਣੀ ਰਾਜਸੀ ਪਾਰਟੀ ਦਾ ਨਾਂ ਹੀ ਮਿਹਨਤਕਸ਼ ਤਬਕਿਆਂ ਦੇ ਨਾਂ ਉਪਰ 'ਕਿਰਤੀ-ਕਿਸਾਨ ਪਾਰਟੀ' ਰੱਖਿਆ ਅਤੇ ਇਸ ਪਾਰਟੀ ਦੀ ਵਿਚਾਰਧਾਰਕ ਪ੍ਰਤੀਨਿਧਤਾ ਕਰਨ ਵਾਲੇ ਅਖ਼ਬਾਰ ਦਾ ਨਾਂ 'ਕਿਰਤੀ' ਰੱਖਿਆ ਗਿਆ।

ਗ਼ਦਰੀ ਭਾਈ ਰਤਨ ਸਿੰਘ ਭਾਰਤੀਆਂ ਦੇ ਪਰਵਾਸ ਦੀ ਮੁਢਲੀ ਭਾਵ ਆਰਥਕ ਹਕੀਕਤ ਨੂੰ ਪਛਾਣਦਿਆਂ ਲਿਖਦੇ ਹਨ, 'ਸੰਨ 1907 ਵਿਚ ਹਿੰਦੁਸਤਾਨ ਦੇ ਸ਼ਾਮਲ ਮਗਰਬੀ ਹਿੱਸੇ (ਪੰਜਾਬ) ਵਿਚੋਂ ਕਈ ਕਿਸਾਨਾਂ ਤੇ ਗ਼ਰੀਬ ਲੋਕ ਹੇਠ ਲਿਖੇ ਦੋ ਕਾਰਨਾਂ ਕਰ ਕੇ ਅਮਰੀਕਾ, ਕਨੇਡਾ ਤੇ ਪਨਾਮਾ ਦੇ ਮੁਲਕਾਂ ਵਿਚ ਚਲੇ ਗਏ ਤਾਂ ਕਿ ਕੁਝ ਪੈਸਾ ਕਮਾ ਕੇ ਕਾਸਬ ਸ਼ਾਹੂਕਾਰਾਂ ਦਾ ਪੈਸਾ ਸਿਰੋਂ ਉਤਾਰਣ ਜੋ ਉਨ੍ਹਾਂ ਦੇ ਜੀਵਨ ਨੂੰ ਤੰਗ ਕਰ ਰਿਹਾ ਸੀ ਅਤੇ ਆਪਣੀ ਭੈੜੀ ਦਸ਼ਾ ਨੂੰ ਕੁਝ ਸੁਧਾਰ ਸਕਣ। ਇਨ੍ਹਾਂ ਤੋਂ ਇਲਾਵਾ ਕਈ ਲੋਕ ਉਪਰੋਕਤ ਦੋ ਕਾਰਨਾਂ ਕਰ ਕੇ ਚੀਨ ਮਲਾਇਆ ਤੇ ਫਿਲਪੀਨ ਮੁਲਕਾਂ ਵਿਚ ਗਏ ਪੁਲਸੀਏ ਤੇ ਚੌਕੀਦਾਰਾਂ ਦੇ ਕੰਮ ਕਰਨ ਲੱਗ ਪਏ। (ਗ਼ਦਰ ਲਹਿਰ ਦੀ ਵਾਰਤਕ ਪੰਨਾ : 173)

ਭਾਰਤ ਵਿਚ ਕਿਸਾਨਾਂ ਦੇ ਕਰਜ਼ਾਈ ਹੋਣ, ਗ਼ਰੀਬੀ, ਕੰਗਾਲੀ, ਭੁੱਖਮਰੀ ਪੈਦਾ ਹੋਣ ਦੇ ਹਾਲਾਤ ਕਿਵੇਂ ਪੈਦਾ ਹੋਏ ? ਇਸ ਸਵਾਲ ਦੇ ਜਵਾਬ ਵਿਚ ਗ਼ਦਰੀ ਤਤਕਾਲੀ ਆਰਥਕ ਪ੍ਰਬੰਧ ਵਿਚ ਸ਼ੋਸ਼ਣ ਅਤੇ ਇਸ ਦੇ ਵਿਭਿੰਨ ਤੌਰ-ਤਰੀਕਿਆਂ ਨੂੰ ਪ੍ਰਮੁੱਖਤਾ ਨਾਲ ਲੈਂਦੇ ਹਨ। ਸ਼ੋਸ਼ਣ ਤੌਰ ਤਰੀਕਿਆਂ 'ਚੋਂ ਵਧੇਰੇ ਜਗੀਰਦਾਰੀ ਆਰਥਕ ਨਿਜ਼ਾਮ ਨਾਲ ਸਬੰਧਤ ਹਨ। ਗ਼ਦਰੀ ਕੌਮਪ੍ਰਸਤੀ ਦੀ ਪ੍ਰਚੰਡ ਭਾਵਨਾ ਰੱਖਣ ਦੇ ਬਾਵਜੂਦ ਜਗੀਦਾਰੀ ਪ੍ਰਬੰਧ ਅਤੇ ਰਜਵਾੜਾਸ਼ਾਹੀ ਦੀ ਸਖ਼ਤ ਆਲੋਚਨਾ ਕਰਦੇ ਸਨ ਅਤੇ ਨਵੇਂ ਬਸਤੀਵਾਦੀ ਪ੍ਰਬੰਧ ਨੂੰ ਰਜਵਾੜਾਸ਼ਾਹੀ ਅਤੇ ਸਰਮਾਏਦਾਰੀ ਦੇ ਜੁੱਟ ਵਜੋਂ ਦੇਖਦੇ ਸਨ। ਦੋਵਾਂ ਦੀ ਆਰਥਕ ਲੁੱਟ ਨੂੰ ਆਧਾਰ ਬਣਾ ਕੇ ਹੀ ਗ਼ਦਰੀਆਂ ਨੇ ਇਨ੍ਹਾਂ ਦੀ ਤੁਲਨਾ ਲਹੂ ਪੀਣੀਆਂ ਜੋਕਾਂ ਨਾਲ ਕੀਤੀ ਸੀ। ਆਪਣੀਆਂ ਲਿਖਤਾਂ ਵਿਚ, ਇਸ ਸ਼ੋਸ਼ਣਕਾਰੀ ਵਿਵਸਥਾ ਅੰਦਰ, ਕਿਸਾਨਾਂ ਅਤੇ ਮਜ਼ਦੂਰਾਂ ਦੀ ਲੁੱਟ ਨੂੰ ਗ਼ਦਰੀ ਬਹੁਤ ਗੰਭੀਰਤਾ ਅਤੇ ਵਿਗਿਆਨਕ ਢੰਗ ਨਾਲ ਧਿਆਨ ਵਿਚ ਲਿਆਉਂਦੇ ਹਨ। ਅੰਗਰੇਜ਼ੀ ਹਕੂਮਤ ਦੁਆਰਾ ਲਗਾਨ ਦੇ ਨਕਦ ਵਸੂਲੀ ਦੇ ਇਕੋ ਫ਼ੈਸਲੇ ਨੇ ਕਿਸਾਨਾਂ ਦੀ ਕਿਰਤ ਸਾਮਰਾਜੀਆਂ ਦੀ ਝੋਲੀ ਪਾ ਦਿੱਤੀ। ਗ਼ਦਰੀ ਲਿਖਤਾਂ ਬਿਆਨ ਕਰਦੀਆਂ ਹਨ; 'ਸੋਚ ਕਰੋ  ਕਿ ਹਰ ਸਾਲ ਕਿਤਨੀ ਕਦਕ ਹਿੰਦੁਸਤਾਨ ਤੋਂ ਬਾਹਰ ਜਾਂਦੀ ਹੈ ਅਤੇ ਦੇਸ਼ ਅੰਦਰ ਇਸ ਵੇਲੇ ਸੱਤ ਕਰੋੜ ਤੋਂ ਜ਼ਿਆਦਾ ਭਾਈਆਂ ਨੂੰ ਇਕ ਡੰਗ ਦੀ ਰੋਟੀ ਭੀ ਰੱਜ ਕੇ ਨਹੀਂ ਮਿਲਦੀ। ਇਸ ਅਚੰਭੇ ਦਾ ਕੀ ਕਾਰਨ ਹੈ ? ਅੰਗਰੇਜ਼ੀ ਗਵਰਨਮੈਂਟ ਦਾ ਲਗਾਨ ਦੇਣ ਦੀ ਖ਼ਾਤਰ ਵਿਚਾਰੇ ਜ਼ਿਮੀਦਾਰਾਂ ਨੂੰ ਬਹੁਤ ਸਾਰੀ ਫ਼ਸਲ ਵੇਚ ਦੇਣੀ ਪੈਂਦੀ ਹੈ, ਜਿਸ ਕਰ ਕੇ ਉਨ੍ਹਾਂ ਦੇ ਕੋਲ ਆਪਣੇ ਤੇ ਆਪਣੇ ਬਾਲ ਬੱਚੇ ਦੀ ਜ਼ਰੂਰਤ ਵਾਸਤੇ ਪੂਰਾ ਅਨਾਜ ਭੀ ਨਹੀਂ ਬਚਦਾ। ਇਸ ਤਰ੍ਹਾਂ ਕਈ ਢੰਗਾਂ ਦੇ ਨਾਲ ਸਾਰਾ ਰੁਪਿਆ ਇੰਗਲੈਂਡ ਪਹੁੰਚ ਜਾਂਦਾ ਹੈ। ਹਿੰਦੁਸਤਾਨ ਤੋਂ ਜੋ ਰੁਪਿਆ ਇੰਗਲੈਂਡ ਜਾਂਦਾ ਹੈ, ਉਹ ਚਾਂਦੀ ਜਾਂ ਨਕਦ ਦੀ ਸ਼ਕਲ ਵਿਚ ਨਹੀਂ ਜਾਂਦਾ ਸਗੋਂ ਰਿਉੜੀ ਦੇ ਢੇਰ ਵਾਂਗ ਘੁੰਮ ਕੇ ਜਾਂਦਾ ਹੈ ਜਿਸ ਕਰ ਕੇ ਸਾਡਾ ਸਤਿਆਨਾਸ਼ ਬਹੁਤ ਛੇਤੀ -ਛੇਤੀ ਹੋ ਜਾਂਦਾ ਹੈ, ਅਥਵਾ ਕਣਕ ਤੇ ਕਪਾਹ ਦੀ ਸੂਰਤ ਵਿਚ ਪਹਿਲਾਂ ਸਾਡੀ ਪੈਦਾਵਾਰ ਇੰਗਲੈਂਡ ਨੂੰ ਜਾਂਦੀ ਸੀ, ਉਸ ਦੇ ਬਦਲੇ ਜੋ ਰੁਪਿਆ ਮਿਲਦਾ ਹੈ, ਉਹ ਲਗਾਨ ਦੇ ਰਸਤੇ ਇੰਗਲੈਂਡ ਨੂੰ ਜਾਂਦਾ ਹੈ। ਜੇ ਕੋਈ ਪੈਸਾ ਬਾਕੀ ਬਚ ਜਾਂਦਾ ਹੈ ਤਾਂ ਉਹ ਅਸੀਂ ਹੀ ਕਪਾਹ ਦੇ ਬੁਣੇ ਹੋਏ ਕੱਪੜੇ ਇੰਗਲੈਂਡ ਤੋਂ ਸਾਡੇ ਦੇਸ਼ ਵਿਚ ਵੇਚ ਕੇ ਇਸ ਢੰਗ ਨਾਲ ਕੱਢ ਲੈਂਦੇ ਹਨ। ਸਾਰੇ ਹੀ ਪਰਦੇਸੀ ਜ਼ਾਲਮ ਰਾਜੇ ਦੂਜੇ ਗ਼ਰੀਬ ਨੂੰ ਇਸ ਹੀ ਢੰਗ ਨਾਲ ਲੁੱਟਦੇ ਹਨ...।" (ਗ਼ਦਰ ਲਹਿਰ ਦੀ ਵਾਰਤਕ, ਪੰਨਾ : 101-102)

ਬੰਬਈ ਦੇ ਫ਼ੈਕਟਰੀ ਮਜ਼ਦੂਰਾਂ ਦੇ ਹਵਾਲੇ ਨਾਲ ਗ਼ਦਰੀ ਲਿਖਤਾਂ ਮਜ਼ਦੂਰਾਂ ਦੇ ਸ਼ੋਸ਼ਣ ਦੀ ਪ੍ਰਕਿਰਿਆ ਦਾ ਇੰਜ ਬਿਆਨ ਕਰਦੀਆਂ ਹਨ; 'ਸੱਚ ਤਾਂ ਏਹੀ ਹੈ ਕਿ ਇਹ ਯਾਨੀ ਅਸੀਂ ਮਸ਼ੀਨ ਜਿਤਨੀ ਮਾਇਆ ਪੈਦਾ ਹੁੰਦੀ ਹੈ, ਉਹ ਉਨ੍ਹਾਂ ਮਜ਼ਦੂਰਾਂ ਨੂੰ ਨਹੀਂ ਦਿੱਤੀ ਜਾਂਦੀ, ਜਿਹੜੇ ਉਸ ਦੌਲਤ ਨੂੰ ਆਪਣੀ ਮਿਹਨਤ ਨਾਲ ਪੈਦਾ ਕਰਦੇ ਹਨ ਸਗੋਂ ਇਕ ਜਾਂ ਦੋ ਬਦਮਾਸ਼ਾਂ ਦੇ ਹੱਥ ਚਲੀ ਜਾਂਦੀ ਹੈ ਜੋ ਮਸ਼ੀਨ ਦੇ ਮਾਲਕ ਕਹਾਉਂਦੇ ਹਨ। ਅਜਿਹੇ ਆਦਮੀ ਕਾਰਖ਼ਾਨਿਆਂ ਦੇ ਮਾਲਕ ਅੰਗਰੇਜ਼ ਹਨ। .... ਬਸ ਇਹ ਸ਼ੈਤਾਨ ਜਿਹੜੇ ਖ਼ੁਦ ਕੰਮ ਨਹੀਂ ਕਰਦੇ, ਗ਼ਰੀਬ ਮਜ਼ਦੂਰਾਂ ਤੋਂ ਦੌਲਤ ਪੈਦਾ ਕਰਾ ਕੇ ਸਾਰੀ ਮਾਇਆ ਆਪਣੇ ਹੱਥ ਲੈ ਲੈਂਦੇ ਹਨ। (ਗ਼ਦਰ ਲਹਿਰ ਦੀ ਵਾਰਤਕ : ਪੰਨਾ 221-222) ਗ਼ਦਰੀਆਂ ਨੇ ਆਪਣੇ ਵਿਕਸਤ ਆਰਥਕ ਦ੍ਰਿਸ਼ਟੀਕੋਣ ਤੋਂ ਦੇਸੀ ਰਜਵਾੜਿਆਂ ਦੇ ਕਿਰਦਾਰ ਨੂੰ ਬੇਪਰਦ ਕੀਤਾ, ਜਿਹੜੇ ਉਨ੍ਹਾਂ ਅਨੁਸਾਰ 'ਗ਼ਦਰ ਬੁਜ਼ਦਿ ਅਤੇ ਅਰਾਮ ਪ੍ਰਸਤ' ਹੋਣ ਤੋਂ ਇਲਾਵਾ, ਇਨਸਾਨੀਅਤ ਦੇ ਦਰਜੇ ਤੋਂ ਬੇਹੱਦ ਗਿਰੇ ਹੋਏ ਦਰਜੇ ਤਕ ਨਖੱਟੂ ਗ਼ੁਲਾਮ ਹੁੰਦੇ ਹਨ। ... ਇਹ ਆਦਮੀ ਅੰਗਰੇਜ਼ਾਂ ਦੀ ਬਿਲਕੁਲ ਮਦਦ ਨਹੀਂ ਕਰ ਸਕਦੇ ਸਿਵਾਏ ਇਸਦੇ ਕਿ ਗ਼ਰੀਬ ਜ਼ਿਮੀਦਾਰ ਦਾ ਧੰਨ ਇਕੱਠਾ ਕਰ ਕੇ ਅੰਗਰੇਜ਼ਾਂ ਨੂੰ ਸੰਭਾਲ ਦੇਣ।' ਇਹ ਗ਼ਦਰੀਆਂ ਦੇ ਅਰਥਚਾਰੇ ਪ੍ਰਤੀ ਸੁਚੇਤ ਪਹੁੰਚ ਦਾ ਹੀ ਪ੍ਰਮਾਣ ਹੈ ਕਿ ਉਹ ਹਿੰਦੁਸਤਾਨੀ ਸਮਾਜ ਵਿਚ ਨਵੇਂ ਆਰਥਕ ਮਾਡਲਾਂ ਦੀ ਤਲਾਸ਼ ਦੇ ਵੱਡਮੁੱਲੇ ਕਾਰਜ ਨੂੰ ਅਰੰਭ ਕਰਨ ਦੇ ਝੰਡਾ ਬਰਦਾਰ ਬਣੇ। ਇਨ੍ਹਾਂ ਆਰਥਕ ਮਾਡਲਾਂ ਵਿਚੋਂ ਉਹ ਜਗੀਰਦਾਰੀ ਨੂੰ ਸ਼ੁਰੂ ਵਿਚ ਖਾਰਜ ਕਰ ਦਿੰਦੇ ਹਨ। ਪੂੰਜੀਵਾਦ ਨਾਲ ਜਦੋ-ਜ਼ਹਿਦ ਦਾ ਐਲਾਨ ਵੀ ਉਹ ਅਰੰਭਕ ਪੜਾਅ 'ਤੇ ਹੀ ਕਰ ਦਿੰਦੇ ਹਨ। ਉਹ ਅੰਗਰੇਜ਼ਾਂ ਨਾਲ ਸੰਘਰਸ਼ ਨੂੰ ਜਦੋਂ ਪੂੰਜੀਵਾਦ ਦੇ ਵਿਰੋਧ ਨਾਲ ਜੋੜਦੇ ਹਨ ਤਾਂ ਨਾਲੋਂ ਨਾਲ ਆਪਣੇ ਆਰਥਕ ਏਜੰਡੇ ਦੀ ਅਧਾਰਸ਼ਿਲਾ ਵੀ ਰੱਖਦੇ ਜਾਂਦੇ ਹਨ।

ਗ਼ਦਰ ਪਾਰਟੀ ਨੇ ਆਪਣਾ ਕੋਈ ਬਕਾਇਦਾ, ਸੁਨਿਸਚਿਤ ਅਤੇ ਸੁਪਰਿਭਾਸ਼ਿਤ ਆਰਥਕ ਏਜੰਡਾ ਤਾਂ ਨਹੀਂ ਤਿਆਰ ਕੀਤਾ ਸੀ, ਉਨ੍ਹਾਂ ਦਾ ਸਾਰਾ ਧਿਆਨ ਬ੍ਰਿਟਿਸ਼ ਸਾਮਰਾਜੀ ਹਕੂਮਤ ਵਿਰੁੱਧ ਫ਼ੌਰੀ ਹਥਿਆਰਬੰਦ ਘੋਲ ਜਥੇਬੰਦ ਕਰਨ ਉਪਰ ਕੇਂਦਰਿਤ ਸੀ। ਇਸ ਲਈ ਉਨ੍ਹਾਂ ਦੀ ਤਤਕਾਲੀ ਲੋੜ ਅੰਗਰੇਜ਼ ਹਕੂਮਤ ਦੀਆਂ ਧੱਕੇਸ਼ਾਹੀਆਂ ਅਤੇ ਜ਼ੁਲਮਾਂ ਦੀ ਦਾਸਤਾਨ ਹਿੰਦ ਵਾਸੀਆਂ ਅੱਗੇ ਪੇਸ਼ ਕਰਨਾ ਸੀ। ਇਸ ਕਰ ਕੇ ਹੀ ਗ਼ਦਰੀਆਂ ਦੀਆਂ ਵਧੇਰੇ ਕ੍ਰਿਤਾਂ ਜਾਂ ਤਾਂ ਬਿਰਤਾਂਤ ਦੀ ਸ਼ਕਲ ਵਿਚ ਹਨ ਜਾਂ ਫਿਰ ਕਵਿਤਾ ਦੇ ਰੂਪ ਵਿਚ। ਇਨ੍ਹਾਂ ਦਾ ਉਦੇਸ਼ ਲੋਕਾਂ ਦੇ ਅੰਗਰੇਜ਼ ਹਕੂਮਤ ਵਿਰੋਧੀ ਜਜ਼ਬੇ ਨੂੰ ਪ੍ਰਚੰਡ ਕਰਨਾ ਸੀ। ਇਸ ਸਥਿਤੀ ਵਿਚ ਉਨ੍ਹਾਂ ਪਾਸੋਂ ਸਿਧਾਂਤਕ ਕ੍ਰਿਤਾਂ ਦੀ ਆਸ ਨਹੀਂ ਸੀ ਕੀਤੀ ਜਾ ਸਕਦੀ, ਫਿਰ ਵੀ ਉਨ੍ਹਾਂ ਦੀਆਂ ਲਿਖਤਾਂ ਵਿਚ ਅਜਿਹੀਆਂ ਟਿੱਪਣੀਆਂ ਸਹਿਜ ਭਾ ਹੀ ਆ ਜਾਂਦੀਆਂ ਹਨ, ਜਿਹੜੀਆਂ ਨਾ ਕੇਵਲ ਉਨ੍ਹਾਂ ਦੀਆਂ ਆਰਥਕ ਅੰਤਰ-ਦ੍ਰਿਸ਼ਟੀਆਂ ਦਾ ਝਲਕਾਰਾ ਪੇਸ਼ ਕਰਦੀਆਂ ਹਨ, ਸਗੋਂ ਉਨ੍ਹਾਂ ਦੇ ਉਸ ਆਰਥਕ ਪ੍ਰੋਗਰਾਮ ਦੀ ਟੋਹ ਵੀ ਦਿੰਦੀਆਂ ਹਨ, ਜਿਹੜਾ ਉਹ ਆਜ਼ਾਦ ਭਾਰਤ ਵਿਚ ਲਾਗੂ ਕਰਨਾ ਚਾਹੁੰਦੇ ਸਨ।

ਗ਼ਦਰ ਪਾਰਟੀ ਦੇ ਆਰਥਕ ਏਜੰਡੇ ਵਿਚ ਆਰਥਕ ਨਾਬਰਾਬਰੀ ਦੇ ਖ਼ਾਤਮੇ ਨੂੰ ਵਿਸ਼ੇਸ਼ ਸਥਾਨ ਹਾਸਲ ਹੈ। ਉਹ ਇਕ ਅਜਿਹੇ ਆਰਥਕ ਪ੍ਰਬੰਧ ਦੀ ਸਥਾਪਨਾ ਦਾ ਸੁਪਨਾ ਲੈਂਦੇ ਸਨ, ਜਿਸ ਵਿਚ ਸਮਾਜ ਦੇ ਮਿਹਨਤਕਸ਼ ਵਰਗਾਂ ਦੀ ਨਾ ਕੇਵਲ ਲੁੱਟ-ਖਸੁੱਟ ਹੀ ਖ਼ਤਮ ਹੋਵੇ, ਸਗੋਂ ਉਨ੍ਹਾਂ ਨੂੰ ਸਮਾਜ ਦੇ ਉਸਰੱਈਏ ਹੋਣ ਦਾ ਮਾਣ ਵੀ ਹਾਸਲ ਹੋਵੇ। ਧਨ ਦੀ ਵਰਤੋਂ ਅਤੇ ਵਟਬਾਰੇ ਦੀ ਚਰਚਾ ਕਰਦਿਆਂ ਗ਼ਦਰੀ ਲਿਖਤਾਂ ਬਿਆਨ ਕਰਦੀਆਂ ਹਨ ਕਿ 'ਪ੍ਰਜਾ ਦੇ ਸੁੱਖ ਦੀ ਖ਼ਾਤਰ ਬਹੁਤ ਅਮੀਰਾਂ ਦਾ ਹੋਣਾ ਇਕ ਜ਼ਹਿਰ ਵਾਲਾ ਕੰਮ ਹੈ। ਧਨ ਇਸ ਤਰ੍ਹਾਂ ਹੋਣਾ ਚਾਹੀਦਾ ਹੈ ਕਿ ਸਭ ਭਾਈ ਭਾਈ ਮਾਲੂਮ ਹੋਣ। ਕੋਈ ਮਾਲਕ, ਕੋਈ ਗ਼ੁਲਾਮ ਨਾ ਹੋਵੇ। ਫ਼ਕੀਰ ਅਤੇ ਭਿਖਾਰੀ ਨਾ ਹੋਵੇ। ਸਾਰਿਆਂ ਕੋਲ ਜ਼ਮੀਨਾਂ ਹੋਣ। ਕਾਰਖ਼ਾਨਿਆਂ ਵਿਚ ਅੱਛੀ ਤਨਖ਼ਾਹ ਦਿੱਤੀ ਜਾਵੇ। ਅਹਿਲਕਾਰਾਂ ਦੀਆਂ ਤਨਖ਼ਾਹਾਂ ਜ਼ਿਆਦਾ ਨਾ ਹੋਣ। ਕੁਝ ਥੋੜ੍ਹੇ ਆਦਮੀਆਂ ਨੂੰ ਅਮੀਰ ਬਣਨ ਤੋਂ ਰੋਕਿਆ ਜਾਵੇ, ਜਿਸ ਰਾਜ ਵਿਚ ਕੁਝ ਅਮੀਰ ਹੁੰਦੇ ਹਨ ਅਤੇ ਬਾਕੀ ਸਾਰੇ ਗ਼ਰੀਬ, ਉਥੇ ਆਜ਼ਾਦੀ ਅਤੇ ਸੁੱਖ ਕਦੇ ਨਹੀਂ ਹੋ ਸਕਦਾ......।' '..... ਬਸ ਜੇ ਆਜ਼ਾਦੀ ਦਾ ਪ੍ਰੇਮ ਹੈ ਤਾਂ ਇਸ ਅਸੂਲ ਨੂੰ ਯਾਦ ਰੱਖੋ ਕਿ ਆਜ਼ਾਦੀ ਨੂੰ ਉਹੀ ਦੇਸ਼ ਪਿਆਰਾ ਹੁੰਦਾ ਹੈ, ਜਿਥੇ ਨਾ ਬਹੁਤ ਲੋਕ ਅਮੀਰ ਹੋਣ, ਨਾ ਗ਼ਰੀਬ ਸਗੋਂ ਸਾਰੇ ਬਰਾਬਰ ਹੋਣ...।' ਗ਼ਰਦੀਆਂ ਦੀ ਆਦਰਸ਼ ਸਮਾਜ ਅਤੇ ਆਜ਼ਾਦੀ ਬਾਰੇ ਇਹ ਧਾਰਨਾ ਇਸ ਸਿਧਾਂਤ ਦੀ ਪੁਸ਼ਟੀ ਕਰਦੀ ਹੈ ਕਿ ਆਰਥਕ ਆਜ਼ਾਦੀ ਤੋਂ ਬਗ਼ੈਰ ਰਾਜਨੀਤਕ ਅਤੇ ਸਮਾਜਕ ਆਜ਼ਾਦੀ ਦਾ ਕੋਈ ਅਰਥ ਨਹੀਂ ਹੈ।

ਗ਼ਦਰ ਲਹਿਰ ਦਾ ਏਜੰਡਾ 'ਕੰਮ ਦਾ ਅਧਿਕਾਰ' ਦੀ ਚਰਚਾ ਵੀ ਕਰਦਾ ਹੈ। ਖ਼ੁਦ ਗ਼ਦਰੀ ਸਾਮਰਾਜਵਾਦ ਵਲੋਂ ਪੈਦਾ ਕੀਤੀ ਬੇਕਾਰੀ ਨੂੰ ਭੋਗਦੇ ਪਰਦੇਸਾਂ ਨੂੰ ਗਏ ਸਨ, ਇਸ ਲਈ ਰੁਜ਼ਗਾਰ ਦਾ ਮੁੱਦਾ ਉਨ੍ਹਾਂ ਲਈ ਵਿਸ਼ੇਸ਼ ਮਹੱਤਵ ਰੱਖਦਾ ਸੀ; 'ਹਰ ਇਕ ਨੂੰ ਕੰਮ ਦਿੱਤਾ ਜਾਵੇਗਾ ਅਤੇ ਹਰ ਇਕ ਆਦਮੀ ਨੂੰ ਕਾਫ਼ੀ ਆਮਦਨੀ ਹੋਵੇਗੀ.....।' ਇਸ ਐਲਾਨ ਰਾਹੀਂ ਗ਼ਦਰੀ ਇਕ ਤਰ੍ਹਾਂ ਨਾਲ ਰੁਜ਼ਗਾਰ ਗਰੰਟੀ ਕਾਨੂੰਨ ਦੀ ਲੋੜ ਨੂੰ ਅੱਜ ਦੇ ਦੋ ਖ਼ਾਸ ਵਰਗਾਂ, ਔਰਤਾਂ ਤੇ ਬੱਚਿਆਂ, ਨੂੰ ਵੀ ਕਿਰਤ ਦੇ ਮਾਮਲੇ ਵਿਚ ਵਿਸ਼ੇਸ਼ ਅਧਿਕਾਰ ਦੇਣ ਦੇ ਪੱਖ ਵਿਚ ਸਨ; 'ਹਰ ਇਕ ਸ਼ਖ਼ਸ ਨੂੰ ਉਹੀ ਕੰਮ ਮਿਲੇਗਾ ਜਿਸ ਨੂੰ ਉਹ ਕਰ ਸਕੇ। ਅੱਜ ਦੁੱਖਾਂ ਦੀਆਂ ਮਾਰੀਆਂ ਹਿੰਦੁਸਤਾਨੀ ਔਰਤਾਂ ਇਹੋ ਜਿਹੇ ਸਖ਼ਤ ਕੰਮ ਕਰਦੀਆਂ ਹਨ ਜੋ ਕੁਵੱਤ ਵਾਲੇ ਮਰਦ ਭੀ ਨਹੀਂ ਕਰ ਸਕਦੇ .... ਕੁਦਰਤ ਨੇ ਔਰਤ ਦੇ ਸਪੁਰਦ ਜੋ ਕੰਮ ਕੀਤਾ ਹੈ, ਉਹ ਇਹ ਕੌਮ ਦੀ ਨਸਲ ਵਧਾਵੇ ਅਤੇ ਅੱਛੇ ਅੱਛੇ ਕੰਮਾਂ ਵਿਚ ਆਪਣਾ ਵਕਤ ਖ਼ਰਚ ਕਰਨ, ਜਿਸ ਵਿਚ ਸਰੀਰ 'ਤੇ ਕੋਈ ਸਖ਼ਤੀ ਨਾ ਹੋਵੇ। (ਗ਼ਦਰ ਲਹਿਰ ਦੀ ਵਾਰਤਕ, ਪੰਨਾ 222) ਔਰਤ ਦੀ ਵੱਖਰੀ ਸਰੀਰਕ ਹੋਂਦ, ਉਸ ਨੂੰ ਕੁਦਰਤ ਵਲੋਂ ਸੌਂਪੇ ਵਿਸ਼ੇਸ਼ ਕਾਰਜ ਅਤੇ ਉਸ ਦੀਆਂ ਪ੍ਰੰਪਰਾਗਤ ਪਰਿਵਾਰਕ ਜ਼ੁੰਮੇਵਾਰੀਆਂ ਨੂੰ ਧਿਆਨ ਵਿਚ ਰੱਖ ਕੇ ਹੀ ਗ਼ਦਰੀ ਔਰਤਾਂ ਲਈ ਉਨ੍ਹਾਂ ਦੀ ਪ੍ਰਕਿਰਤੀ ਦੇ ਅਨੁਕੂਲ ਕੰਮ ਦੀ ਚੋਣ ਉਪਰ ਜ਼ੋਰ ਦਿੰਦੇ ਹਨ। ਉਹ ਬਾਲ-ਮਜ਼ਦੂਰੀ ਦਾ ਵੀ ਤਿੱਖਾ ਵਿਰੋਧ ਕਰਦੇ ਹਨ; 'ਇਹ ਬਦਬਖ਼ਤ ਹਿੰਦੁਸਤਾਨ ਵਿਚ ਬੱਚਿਆਂ ਨੂੰ ਭੀ ਫ਼ੁਰਸਤ ਨਹੀਂ। ਛੋਟੀ ਉਮਰ ਵਿਚ ਹੀ ਬੱਚਿਆਂ ਨੂੰ ਮਜ਼ਦੂਰੀ ਦੇ ਕੰਮ ਵਿਚ ਜੋੜ ਦਿੱਤਾ ਜਾਂਦਾ ਹੈ ਅਤੇ ਔਖੇ ਤੋਂ ਔਖਾ ਕੰਮ ਉਨ੍ਹਾਂ ਨੂੰ ਕਰਨਾ ਪੈਂਦਾ ਹੈ, ਘਰਾਂ ਵਿਚ ਬਹੁਤੇ ਮੁਲਾਜ਼ਮ ਬੱਚੇ ਹੀ ਹੁੰਦੇ ਹਨ ਅਤੇ ਉਨ੍ਹਾਂ ਨਾਲ ਬੇਹੱਦ ਜ਼ੁਲਮ ਕੀਤਾ ਜਾਂਦਾ ਹੈ। ...... ਕੁਦਰਤ ਨੇ ਬੱਚਿਆਂ ਵਾਸਤੇ ਜੋ ਕੰਮ ਪੈਦਾ ਕੀਤਾ ਹੈ, ਉਹ ਕੇਵਲ ਕੁਦਣਾ ਖੇਡਣਾ ਹੈ... ਕਿਤਨਾ ਜ਼ੁਲਮ ਹੈ ਕਿ ਮੁਲਕ ਵਿਚ ਥੋੜ੍ਹੇ ਜਿਹੇ ਬਦਮਾਸ਼ ਤਾਂ ਅਜਿਹੇ ਹੋਣ ਜਿਨ੍ਹਾਂ ਨੂੰ ਜ਼ਿੰਦਗੀ ਵਿਚ ਸਿਵਾਏ ਖੇਡਣ ਕੁੱਦਣ ਦੇ ਕੋਈ ਕੰਮ ਹੀ ਨਾ ਹੋਵੇ ਬਾਕੀ ਸਾਰੀ ਪਰਜਾ ਕਰੋੜਾਂ ਮਰਦ ਅਤੇ ਔਰਤਾਂ ਅਤੇ ਛੋਟੇ ਬੱਚੇ ਖੇਡ ਕੁੱਦ ਅਤੇ ਤਮਾਸ਼ੇ ਤੋਂ ਮਹਿਰੂਮ ਰਹਿਣ, ਦੇਸ਼ ਭਗਤੋਂ, ਗ਼ਦਰ ਤੋਂ ਮਗਰੋਂ ਅਜਿਹਾ ਨਹੀਂ ਹੋਵੇਗਾ। (ਗ਼ਦਰ ਲਹਿਰ ਦੀ ਵਾਰਤਕ, ਪੰਨਾ 222-223)

ਗ਼ਦਰੀ ਉਤਪਾਦਨ ਅਤੇ ਉਪਭੋਗਤਾ ਪ੍ਰਤੀ ਵੀ ਸੁਚੇਤ ਸਨ। ਉਨ੍ਹਾਂ ਨੇ ਦੇਸ਼ ਅੰਦਰ ਅਕਾਲ ਪੈਣ ਦੀਆਂ ਤ੍ਰਾਸਦੀਆਂ ਨੂੰ ਬੜੀ ਗੰਭੀਰਤਾ ਨਾਲ ਵਾਚਿਆਂ ਅਤੇ ਅੰਕੜਿਆਂ ਦੇ ਹਵਾਲੇ ਨਾਲ ਇਹ ਸਾਬਤ ਕੀਤਾ ਕਿ ਸਾਮਰਾਜੀ ਆਰਥਕ ਨੀਤੀਆਂ ਹੀ ਭਾਰਤ ਵਿਚ ਭੁੱਖਮਰੀ ਦੀ ਸਥਿਤੀ ਪੈਦਾਕਰਨ ਲਈ ਜ਼ੁੰਮੇਵਾਰ ਸਨ। ਉਨ੍ਹਾਂ ਬਕਾਇਦਾ ਦੇਸ਼ ਵਿਚੋਂ ਕਣਕ ਅਤੇ ਚੌਲ ਵੱਡੀ ਮਾਤਰਾ ਵਿਚ ਇੰਗਲੈਂਡ ਲਿਜਾਣ ਦੇ ਅੰਕੜੇ ਨਸ਼ਰ ਕੀਤੇ ਤੇ ਇਸ ਖ਼ੌਫ਼ਨਾਕ ਤੱਥ ਨੂੰ ਵੀ ਬੇਪਰਦ ਕੀਤਾ ਕਿ ਬਰਤਾਨਵੀ ਸਾਮਰਾਜੀ ਹਕੂਮਤ ਉਦੋਂ ਵੀ ਅਨਾਜ ਇੰਗਲੈਂਡ ਵਿਚ ਭੇਜ ਰਹੀ ਸੀ ਜਦੋਂ ਦੇਸ਼ ਅਕਾਲ ਦੀ ਲਪੇਟ ਵਿਚ ਆਇਆ ਹੋਇਆ ਸੀ ਤੇ ਦੇਸ਼ ਦੇ ਕਈ ਭਾਗਾਂ ਵਿਚ ਲੋਕ ਭੁੱਖ ਨਾਲ  ਤੜਫ਼-ਤੜਫ਼ ਕੇ ਮਰ ਰਹੇ ਸਨ। ਗ਼ਦਰੀਆਂ ਨੇ ਉਤਪਾਦਨ ਲਈ ਤਰਜੀਹਾਂ ਮਿੱਥਦਿਆਂ ਆਪਣੀਆਂ ਲਿਖਤਾਂ ਵਿਚ ਬਿਆਲਿਆਂ ਸੀ ਕਿ ਸਭ ਤੋਂ ਪਹਿਲਾਂ ਦੇਸ਼ ਦੀ, ਦੇਸ਼ ਦੇ ਲੋਕਾਂ ਦੀ ਲੋੜ ਪੂਰੀ ਹੋਣੀ ਚਾਹੀਦੀ ਹੈ। 'ਅਨਾਜ ਦੇਸ਼ ਵਾਸਤੇ ਪੈਦਾ ਕੀਤਾ ਜਾਂਦਾ ਹੈ ਕਿ ਪਹਿਲਾਂ ਪੈਦਾ ਕਰਨ ਵਾਲੇ ਜ਼ਿਮੀਦਾਰ ਤੇ ਮਜ਼ਦੂਰ ਆਪ ਪੇਟ ਭਰ ਕੇ ਖਾਣ ਤੇ ਕਮਜ਼ੋਰ ਮਖੱਟੂ ਹਾਕਮਾਂ ਨੂੰ ਪਿਛੋਂ ਦੇਖਿਆ ਜਾਵੇ...।' ਗ਼ਦਰੀ ਦੇਸ਼ ਵਿਚ ਪ੍ਰਕਿਰਤਿਕ ਸਰੋਤਾਂ ਦੀ ਬਹੁਲਤਾ ਦਾ ਵੀ ਅਹਿਸਾਸ ਰਖਦੇ ਸਨ ਅਤੇ ਮਾਨਵੀ ਸਰੋਤਾਂ ਦੇ ਵਿਕਾਸ ਦਾ ਵੀ। ਕੁਦਰਤੀ ਸਰੋਤਾਂ ਦੀ ਬਹੁਲਤਾ ਨੂੰ ਦਰਸਾਉਣ ਲਈ ਉਹ ਦੇਸ਼ ਵਿਚ 'ਦੁੱਧ ਦੀਆਂ ਨਦੀਆਂ' ਵਗਦੇ ਹੋਣ ਅਤੇ 'ਅਨਾਜ ਦੇ ਢੇਰ' ਲੱਗੇ ਹੋਣ ਦੀ ਚਰਚਾ ਕਰਦੇ ਹਨ। ਮਾਨਵੀ ਸਰੋਤਾਂ ਦੇ ਵਿਕਾਸ ਲਈ ਉਹ ਸਿਖਿਆ ਨੂੰ ਅਹਿਮੀਅਤ ਦਿੰਦੇ ਹਨ; 'ਸਾਰੀ ਕੌਮ ਨੂੰ ਮੁਫ਼ਤ ਵਿਦਿਆ ਦਿੱਤੀ ਜਾਵੇਗੀ ਜਿਸ ਨਾਲ ਪਰਜਾ ਨੂੰ ਮਾਲੂਮ ਹੋਵੇਗਾ ਕਿ ਫੁਰਸਤ ਦਾ ਠੀਕ ਇਸਤੇਮਾਲ ਕਿਵੇਂ ਕਰੋ, ਥਾਂ-ਥਾਂ ਸਕੂਲ ਅਤੇ ਯੂਨੀਵਰਸਿਟੀਆਂ ਬਣਾਈਆਂ ਜਾਣਗੀਆਂ। ਥਾਂ-ਥਾਂ ਲਾਇਬਰੇਰੀਆਂ ਕਾਇਮ ਹੋਣਗੀਆਂ ਅਤੇ ਸਾਇੰਸ ਦੇ ਸਮਾਨ ਘਰਾਂ (ਲੈਬਰਾਰਟਰੀਆਂ) ਵਿਚ ਹੋਣਗੇ। ਜਿਕੇ ਸਾਰੇ ਆਦਮੀ ਇਕੱਠੇ ਹੋ ਕੇ ਵਿਦਿਆ ਤੇ ਗਿਆਨ ਹਾਸਲ ਕਰਨਗੇ ਅਤੇ ਕੌਮ ਦੀ ਭਲਾਈ ਦੀਆਂ ਤਜਵੀਜ਼ਾਂ ਸੋਚਣਗੇ। ਅਜਿਹੇ ਨਵੇਂ ਕੰਮ ਕਰਨਗੇ, ਜਿਨ੍ਹਾਂ ਨਾਲ ਪਰਜਾ ਦਾ ਦੁੱਖ ਮਿਟੇ, ਸਾਰੀ ਦੁਨੀਆ ਦੀਆਂ ਬਿਮਾਰੀਆਂ ਦੂਰ ਹੋਣ ਅਤੇ ਆਦਮੀ ਕੁਦਰਤ ਦੀਆਂ ਤਾਕਤਾਂ 'ਤੇ, ਪਾਣੀ 'ਤੇ, ਹਵਾ 'ਤੇ, ਰੋਸ਼ਨੀ, ਅੱਗ, ਬਿਜਲੀ ਨੂੰ ਵੱਸ ਕਰ ਕੇ  ਉਨਤੀ ਕਰਦਾ ਚਲਿਆ ਜਾਵੇ, ਅੱਗੇ ਹੀ ਅੱਗੇ ਵਧਦਾ ਜਾਵੇ।' (ਗ਼ਦਰ ਲਹਿਰ ਦੀ ਵਾਰਤਕ : ਪੰਨਾ 223-224)

ਗ਼ਦਰ ਲਹਿਰ ਦੇ ਸੰਗਰਾਮੀ ਜਿਸ ਤਰ੍ਹਾਂ ਆਰਥਕ ਤੱਤਾਂ ਪ੍ਰਤੀ ਆਪਣੀ ਜਾਗਰੂਕਤਾ ਦਾ ਪ੍ਰਗਟਾਵਾ ਆਪਣੀਆਂ ਲਿਖਤਾਂ ਵਿਚ ਕਰਦੇ ਸਨ, ਉਸ ਨੂੰ ਦੇਖ ਕੇ ਪ੍ਰਤੀਤ ਹੁੰਦਾ ਹੈ ਕਿ ਭਾਰਤ ਲਈ ਲੋਕ ਕਲਿਆਣਕਾਰੀ ਅਰਥ-ਵਿਵਸਥਾ ਦੇ ਨਿਰਮਾਣ ਨੂੰ ਬੁਨਿਆਦੀ ਮਹੱਤਵ ਦਿੰਦੇ ਸਨ, ਪਰ ਉਹ ਲੋਕ ਕਲਿਆਣਕਾਰੀ ਰਾਜ ਦੇ ਸਿਧਾਂਤ 'ਤੇ ਹੀ ਅਟਕੇ ਰਹਿਣ ਵਾਲੇ ਨਹੀਂ ਸਨ। ਆਰਥਕ ਮਾਡਲ ਸਬੰਧੀ ਉਨ੍ਹਾਂ ਦੇ ਵਿਚਾਰ ਵਿਕਾਸ ਦੀ ਪ੍ਰਕਿਰਿਆ ਵਿਚੋਂ ਗੁਜ਼ਰ ਰਹੇ ਸਨ। ਸ਼ਾਇਦ ਇਸੇ ਕਰ ਕੇ ਬਾਅਦ ਵਿਚ ਉਨ੍ਹਾਂ ਵਿਚੋਂ ਉਘੇ ਆਗੂ ਮਾਰਕਸਵਾਦੀ ਵਿਚਾਰਧਾਰਾ ਦੇ ਧਾਰਨੀ ਅਤੇ ਉਨ੍ਹਾਂ ਦੇ ਸਾਮਵਾਦੀ ਆਰਥਕ ਮਾਡਲ ਨੂੰ ਪ੍ਰਣਾਈ ਹੋਈ ਰਾਜਨੀਤੀ ਨਾਲ ਨਾਤਾ ਗੰਢ ਲਿਆ। ਅਜਿਹਾ ਵੀ ਇਸੇ ਕਰ ਕੇ ਵਾਪਰਿਆ ਕਿਉਂਕਿ ਮੁੱਢ ਤੋਂ ਹੀ ਉਹ (ਗ਼ਦਰੀ) ਆਰਥਕ ਏਜੰਡੇ 'ਤੇ ਧਿਆਨ ਦਿੰਦੇ ਆ ਰਹੇ ਹਨ। ਹੁਣ, ਜਦੋਂ ਕਿ ਗ਼ਦਰ ਲਹਿਰ ਦੀ ਇਕ ਸਦੀ ਬਾਅਦ ਫਿਰ ਭਾਰਤੀ ਡੂੰਘੇ ਆਰਥਕ ਸੰਕਟਾਂ ਵਿਚੋਂ ਗੁਜ਼ਰ ਰਹੇ ਹਨ, ਗ਼ਦਰੀਆਂ ਦੇ ਆਰਥਕ ਏਜੰਡੇ ਨੂੰ ਮੁੜ ਤੋਂ ਘੋਖਣ ਦੀ ਲੋੜ ਹੈ ਤੇ ਇਹ ਸਮਝਣ ਸਮਝਾਉਣ ਦੀ ਲੋੜ ਹੈ ਕਿ ਗ਼ਦਰੀਆਂ ਦਾ ਅਧੂਰਾ ਸੁਪਨਾ ਹੀ ਇਹ ਹੈ ਕਿ ਉਨ੍ਹਾਂ ਦੀ ਕਲਪਨਾ ਦਾ ਆਰਥਕ ਏਜੰਡਾ ਹਕੀਕੀ ਰੂਪ ਵਿਚ ਸਾਡੇ ਦੇਸ਼ ਵਿਚ ਲਾਗੂ ਨਹੀਂ ਕੀਤਾ ਜਾ ਸਕਦਾ।

ਹਵਾਲੇ ਤੇ ਟੂਕਾਂ : ਗ਼ਦਰ ਲਹਿਰ ਦੀ ਵਾਰਤਕ, ਸੰਕਲਨ ਕਰਤਾ; ਗਿਆਨੀ ਕੇਸਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।



# ਗ਼ਦਰੀ ਬਾਬਿਆਂ ਦੇ ਘੋਲ਼ ਨੂੰ ਕਲਮਬੱਧ ਕਰਨ ਵਾਲਾ ਗਿਆਨੀ ਕੇਸਰ ਸਿੰਘ ਨਾਵਲਿਸਟ

*.ਗਦਰ ਲਹਿਰ ਅਤੇ ਇਹਦੇ ਨਾਇਕਾਂ ਬਾਰੇ ਇਤਿਹਾਸਕ ਤੱਥਾਂ ਸਮੇਤ ਬਹੁਤ ਸਾਰੀ ਮਹੱਤਵਪੂਰਨ ਜਾਣਕਾਰੀ ਅੱਜ ਸਾਡੇ ਕੋਲ ਹੈ। .ਗਦਰ ਲਹਿਰ, ਇਹਦੇ ਨਾਇਕਾਂ, .ਗਦਰ ਸਾਹਿਤ ਅਤੇ .ਗਦਰ ਲਹਿਰ ਦੇ ਆਰਥਕ ਤੇ ਰਾਜਸੀ ਨਜ਼ਰੀਏ ਬਾਰੇ ਹਾਲੇ ਵੀ ਬੜੇ ਖੋਜ ਕਾਰਜ ਹੋ ਰਹੇ ਹਨ ਤੇ ਇਹ ਜਾਰੀ ਰਹਿਣੇ ਚਾਹੀਦੇ ਹਨ ਪਰ ਸਾਹਿਤਕ ਵਿਧਾ ਵਿਚ .ਗਦਰ ਲਹਿਰ ਦਾ ਮੁਲਾਂਕਣ ਉਸ ਰੂਪ ਵਿਚ ਸ਼ਾਇਦ ਨਹੀਂ ਹੋ ਸਕਿਆ, ਜਿਹਦੀ ਲੋੜ ਸੀ। ਇਹਦੇ ਬਾਵਜੂਦ ਕੇਸਰ ਸਿੰਘ ਨਾਵਲਿਸਟ ਨੇ ਜਿਸ ਸ਼ਿੱਦਤ ਨਾਲ ਆਪਣੇ ਨਾਵਲਾਂ ਵਿਚ .ਗਦਰ ਲਹਿਰ ਤੇ ਇਹਦੇ ਨਾਇਕਾ ਨੂੰ ਪੇਸ਼ ਕੀਤਾ ਹੈ, ਇਸ ਦਾ ਵੀ ਕੋਈ ਜਵਾਬ ਨਹੀਂ ਹੈ। 'ਨਵੀਂ ਦੁਨੀਆ' ਦੇ ਪਾਠਕਾਂ ਲਈ ਪੇਸ਼ ਹੈ ਕੇਸਰ ਸਿੰਘ ਨਾਵਲਿਸਟ ਬਾਰੇ ਡਾ. ਪੀ.ਆਰ. ਕਾਲੀਆ ਦਾ ਇਹ ਮਹੱਤਵਪੂਰਨ ਲੇਖ। – ਸੰਪਾਦਕ*

ਡਾ. ਪੀ.ਆਰ. ਕਾਲੀਆ
+1-780-785-2989
prithvikaliaeditor@yahoo.ca



ਗਿਆਨੀ ਕੇਸਰ ਸਿੰਘ ਨਾਵਲਿਸਟ ਨੇ ਨਾ ਸਿਰਫ਼ ਗ਼ਦਰ ਲਹਿਰ ਰਾਹੀਂ ਅਜ਼ਾਦੀ ਦੀ ਲੜਾਈ 'ਚ ਆਪਣਾ ਯੋਗਦਾਨ ਪਾਇਆ ਸਗੋਂ ਗ਼ਦਰ ਲਹਿਰ ਬਾਰੇ ਅਣਮੁੱਲਾ ਸਾਹਿਤ ਰਚ ਕੇ ਇਸ ਲਹਿਰ ਨਾਲ ਜੁੜੀਆਂ ਅਨੇਕਾਂ ਹਸਤੀਆਂ ਦੇ ਕਾਰਨਾਮਿਆਂ ਨੂੰ ਸਾਡੇ ਸਾਹਮਣੇ ਮੁੜ-ਜੀਵਿਤ ਕਰ ਦਿੱਤਾ ਹੈ। ਗਿਆਨੀ ਕੇਸਰ ਸਿੰਘ ਦੁਆਰਾ ਆਪਣੀਆਂ ਲਿਖਤਾਂ 'ਚ ਸਾਂਭਿਆ ਇਹ ਵਿਰਸਾ ਭਾਰਤ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦਾ ਰਹੇਗਾ ਤੇ ਉਹਨਾਂ ਨੂੰ ਇਹ ਅਹਿਸਾਸ ਕਰਵਾਉਂਦਾ ਰਹੇਗਾ ਕਿ ਜੇਕਰ ਅਸੀਂ ਮਨੁੱਖੀ ਕਦਰਾਂ-ਕੀਮਤਾਂ ਨੂੰ ਜਿਉਂਦਾ ਰੱਖਣਾ ਹੈ, ਤਾਂ ਸਾਡੇ ਲਈ ਸਾਮਰਾਜਵਾਦੀ ਤਾਕਤਾਂ ਵਿਰੁੱਧ ਇਕਜੁੱਟ ਹੋ ਕੇ ਅਵਾਜ਼ ਉਠਾਉਣੀ ਜਰੂਰੀ ਹੈ। ਗਿਆਨੀ ਕੇਸਰ ਸਿੰਘ ਨਾਵਲਿਸਟ ਦਾ ਜਨਮ 10 ਅਕਤੂਬਰ 1912 ਵਿੱਚ ਪਾਕਿਸਤਾਨ ਦੇ ਸ਼ਹਿਰ ਰਾਵਲਪਿੰਡੀ ਵਿੱਚ ਹੋਇਆ ਤੇ ਜਨਮ ਤੋਂ ਲੈ ਕੇ ਮਰਨ ਤੀਕਰ ਉਹਨਾਂ ਦਾ ਜੀਵਨ ਸੰਘਰਸ਼ਮਈ ਰਿਹਾ। ਤਿੰਨ ਸਾਲਾਂ ਦੀ ਉਮਰ ਵਿੱਚ ਹੀ ਗਿਆਨੀ ਜੀ ਅਨਾਥ ਹੋ ਗਏ। ਉਹਨਾਂ ਨੇ ਆਪਣਾ ਬਚਪਨ ਅੰਮ੍ਰਿਤਸਰ ਵਿੱਚ ਸੰਤ ਗੁਲਾਬ ਸਿੰਘ ਦੇ ਡੇਰੇ ਅਤੇ ਇੱਥੋਂ ਦੇ ਇੱਕ ਯਤੀਮਖਾਨੇ ਵਿੱਚ ਗੁਜ਼ਾਰਿਆ। ਅਜਿਹੀ ਹਾਲਤ ਵਿੱਚ ਵੀ ਉਹਨਾਂ ਨੇ ਹੌਸਲਾ ਨਾ ਹਾਰਿਆ। ਪਹਾੜ ਵਰਗੀਆਂ ਮੁਸ਼ਕਿਲਾਂ ਨਾਲ ਇਕੱਲਿਆ ਜੂਝਦਿਆਂ ਗਿਆਨੀ ਜੀ ਨੇ ਪੋਸਟ ਗ੍ਰੈਜੂਏਟ ਦੀ ਡਿਗਰੀ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਕੀਤੀ। ਇਹ ਉਦੋਂ ਦੀ ਗੱਲ ਹੈ ਜਦੋਂ ਭਾਰਤ ਵਿੱਚ ਅਜ਼ਾਦੀ ਦੀ ਲਹਿਰ ਪੂਰੀ ਸਿਖ਼ਰ ਉੱਤੇ ਸੀ। ਦੇਸ਼ ਦਾ ਪੜ੍ਹਿਆ-ਲਿਖਿਆ ਹਰ ਨੌਜਵਾਨ ਆਲੇ-ਦੁਆਲੇ ਦੇ ਸਿਆਸੀ ਵਾਤਾਵਰਨ ਤੋਂ ਪ੍ਰਭਾਵਿਤ ਹੋ ਰਿਹਾ ਸੀ। ਅਜਿਹੀ ਹਾਲਤ ਵਿੱਚ ਗਿਆਨੀ ਕੇਸਰ ਸਿੰਘ ਇਸ ਸਭ ਤੋਂ ਕਿਵੇਂ ਅਣਲੱਗ ਰਹਿ ਸਕਦਾ ਸੀ। ਭਾਰਤ ਦੇ ਸਿਆਸੀ ਹਾਲਾਤਾਂ ਤੋਂ ਪ੍ਰਭਾਵਿਤ ਹੋ ਕੇ ਦੇਸ਼ ਨੂੰ ਅਜ਼ਾਦ ਕਰਵਾਉਣ ਦੇ ਮਕਸਦ ਨਾਲ ਗਿਆਨੀ ਜੀ ਵੀ ਅਜ਼ਾਦੀ ਦੀ ਲੜਾਈ ਵਿੱਚ ਕੁੱਦ ਪਏ। ਗਿਆਨੀ ਜੀ ਨੇ ਸੱਚੇ ਸਿਪਾਹੀ ਵਾਂਗ ਉਮਰ ਭਰ ਦੇਸ਼-ਕੌਮ ਦੀ ਸੇਵਾ ਕੀਤੀ।

ਅਜ਼ਾਦੀ ਦੀ ਲੜਾਈ ਲੜਨ ਵਾਲਿਆਂ ਵਿੱਚੋਂ ਗਿਆਨੀ ਕੇਸਰ ਸਿੰਘ ਉੱਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦਾ ਸਭ ਤੋਂ ਜਿਆਦਾ ਪ੍ਰਭਾਵ ਸੀ। ਗਿਆਨੀ ਜੀ ਸੁਭਾਸ਼ ਚੰਦਰ ਬੋਸ ਦੀ ਇਸ ਗੱਲ ਨਾਲ ਸਹਿਮਤ ਸੀ ਕਿ ਜਦ ਤੱਕ ਅੰਗਰੇਜ਼ਾ ਖਿਲਾਫ਼ ਹਥਿਆਰਬੰਦ ਹੋ ਕੇ ਨਹੀਂ ਲੜਿਆ ਜਾਂਦਾ, ਉਦੋਂ ਤੱਕ ਅੰਗਰੇਜ਼ਾਂ ਨੂੰ ਭਾਰਤ 'ਚੋ ਬਾਹਰ ਨਹੀਂ ਕੱਢਿਆ ਜਾ ਸਕਦਾ। _ਗਿਆਨੀ ਜੀ ਵਰਗਾ ਬਣਨਾ ਹਰੇਕ ਦੇ ਹਿੱਸੇ ਨਹੀਂ ਆਉਂਦਾ, ਪਹਿਲਾਂ ਤਾਂ ਉਹਨਾਂ ਨੇ ਅਜ਼ਾਦੀ ਦੀ ਲਹਿਰ ਵਿੱਚ ਡਟ ਕੇ ਹਿੱਸਾ ਪਾਇਆ ਤੇ ਇਸ ਤੋਂ ਬਾਅਦ ਉਹ ਆਖ਼ਰੀ ਦਮ ਤੱਕ ਅਜ਼ਾਦੀ ਦੇ ਘੋਲ਼ ਨੂੰ ਕਲਮਬੱਧ ਕਰਨ ਵਿੱਚ ਲੱਗੇ ਰਹੇ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਇਹ ਜਾਣ ਸਕਣ ਕਿ ਜਿਸ ਅਜ਼ਾਦ ਹਵਾ ਵਿੱਚ ਉਹ ਸਾਹ ਲੈ ਰਹੀਆਂ ਹਨ ਉਸਦਾ ਮੁੱਲ ਦੇਸ਼ ਨੂੰ ਅਜ਼ਾਦ ਕਰਵਾਉਣ ਵਾਲਿਆਂ ਨੇ ਆਪਣਾ ਲਹੂ ਦੇ ਕੇ ਤਾਰਿਆ ਹੈ।

ਗਿਆਨੀ ਕੇਸਰ ਸਿੰਘ ਨਾਵਲਿਸਟ ਨੇ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਵਿੱਚ 60 ਤੋਂ ਵੱਧ ਪੁਸਤਕਾਂ ਲਿਖੀਆਂ ਜਿਨ੍ਹਾਂ ਵਿੱਚ ਨਾਵਲਾਂ ਦੀ ਗਿਣਤੀ ਸਭ ਤੋਂ ਜਿਆਦਾ ਹੈ ਤੇ ਇਹਨਾਂ ਨਾਵਲਾਂ ਵਿੱਚੋਂ 25 ਨਾਵਲ ਗ਼ਦਰ ਲਹਿਰ ਦੇ ਇਤਿਹਾਸਕ ਪਿਛੋਕੜ ਵਾਲੇ ਹਨ। ਇਸ ਤੋਂ ਵੀ ਅੱਗੇ ਜੇ ਇਹਨਾਂ ਨਾਵਲਾਂ ਬਾਰੇ ਕਹਿਣਾ ਹੋਵੇ ਤਾਂ ਇਹਨਾਂ ਨਾਵਲਾਂ ਨੂੰ ਗ਼ਦਰ ਲਹਿਰ ਨਾਲ ਸਬੰਧਿਤ ਦਸਤਾਵੇਜਾਂ ਦਾ ਦਰਜਾ ਦਿੱਤਾ ਜਾ ਸਕਦਾ ਹੈ। ਗਿਆਨੀ ਜੀ ਦੀਆਂ ਰਚਨਾਵਾਂ ਪੜ੍ਹ ਕੇ ਨਾ ਸਿਰਫ਼ ਭਾਰਤ ਦੀ ਅਜ਼ਾਦੀ ਦੀ ਲੜਾਈ ਬਾਰੇ ਸਗੋਂ ਉਸ ਸਮੇਂ ਦੇ ਵਿਸ਼ਵ ਪੱਧਰੀ ਸਮਾਜਿਕ, ਆਰਥਿਕ ਤੇ ਰਾਜਨੀਤਿਕ ਸਰੋਕਾਰਾਂ ਬਾਰੇ ਵੀ ਭਰਪੂਰ ਜਾਣਕਾਰੀ ਮਿਲਦੀ ਹੈ। ਗ਼ਦਰ ਲਹਿਰ ਬਾਰੇ ਗਿਆਨੀ ਜੀ ਦਾ ਕੰਮ ਸਧਾਰਣ ਬੰਦੇ ਲਈ ਹੀ ਨਹੀਂ ਵਿੱਦਿਅਕ ਸੰਸਥਾਵਾਂ ਲਈ ਵੀ ਰਾਹ ਦਿਸੇਰਾ ਹੈ। ਉਹਨਾਂ ਨੇ ਜਿਸ ਤਰ੍ਹਾਂ ਗ਼ਦਰ ਲਹਿਰ ਬਾਰੇ ਤੇ ਇਸ ਲਹਿਰ ਦੇ ਸ਼ਹੀਦਾਂ ਬਾਰੇ ਲਿਖਿਆ ਹੈ, ਉਹ ਬੇਮਿਸ਼ਾਲ ਹੈ। ਭਾਵੇਂ ਗਿਆਨੀ ਕੇਸਰ ਸਿੰਘ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ ਬਹੁਤ ਸਾਰੇ ਇਤਿਹਾਸਕਾਰਾਂ ਅਤੇ ਸਾਹਿਤਕਾਰਾਂ ਨੇ ਗ਼ਦਰ ਲਹਿਰ ਬਾਰੇ ਲਿਖਿਆ ਹੈ ਪਰ ਜੋ ਮੁਕਾਮ ਇਸ ਖੇਤਰ 'ਚ ਉਹਨਾਂ ਦਾ ਹੈ ਉਹ ਹੋਰ ਕਿਸੇ ਦਾ ਨਹੀਂ। ਗ਼ਦਰ ਲਹਿਰ ਬਾਰੇ 'ਹਥਿਆਰਬੰਦ ਇਨਕਲਾਬ' ਅਤੇ 'ਜੰਗੀ ਕੈਦੀ' ਉਸ ਦੀਆਂ ਬੇਮਿਸ਼ਾਲ ਰਚਨਾਵਾਂ ਹਨ। ਕੇਸਰ ਸਿੰਘ ਨਾਵਲਿਸਟ ਨੇ ਆਪਣੀ ਆਤਮ ਕਥਾ ਲਿਖ ਕੇ ਇਹ ਪ੍ਰਮਾਣ ਵੀ ਦੇ ਦਿੱਤਾ ਹੈ ਕਿ ਸਾਡੇ ਕੋਲ ਉਹਨਾਂ ਦੀ ਸਾਹਿਤਕ ਸੂਝ ਦਾ ਵੀ ਕੋਈ ਬਦਲ ਨਹੀਂ। ਗ਼ਦਰ ਲਹਿਰ ਨਾਲ ਸਬੰਧਿਤ ਨਾਵਲਾਂ ਵਿੱਚ ਗਿਆਨੀ ਜੀ ਨੇ ਦਰਸਾਇਆ ਹੈ ਕਿ ਕਿਵੇਂ ਪੱਛਮੀ ਮੁਲਕਾਂ ਅਤੇ ਅਮਰੀਕਾ ਵਿੱਚ ਵਸਦੇ ਕਾਮਿਆਂ ਨੇ ਗ਼ਦਰ



ਲਹਿਰ ਦਾ ਮੁੱਢ ਬੰਨਿਆ ਤੇ ਕਿਵੇਂ ਉਸ ਸਮੇਂ ਦੀ ਸਭ ਤੋਂ ਵੱਡੀ ਸਾਮਰਾਜਵਾਦੀ ਤਾਕਤ ਇੰਗਲੈਂਡ ਨਾਲ ਲੋਹਾ ਲਿਆ। ਉਹਨਾਂ ਨੇ ਆਪਣੀਆਂ ਰਚਨਾਵਾਂ ਵਿੱਚ ਵਿਦੇਸ਼ਾਂ 'ਚ ਭਾਰਤੀ ਕਾਮਿਆਂ ਦੀ ਹਾਲਤ ਅਤੇ ਗੁਲਾਮ ਦੇਸ਼ ਦੇ ਵਾਸੀ ਹੋਣ ਕਾਰਨ ਉਹਨਾਂ ਨਾਲ ਹੋਏ ਵਿਤਕਰਿਆਂ ਬਾਰੇ ਬੜੇ ਹੀ ਭਾਵਪੂਰਤ ਢੰਗ ਨਾਲ ਵਰਨਣ ਕੀਤਾ ਹੈ। ਇਹਨਾਂ ਸਾਰੀਆਂ ਗੱਲਾਂ ਨੂੰ ਸੰਪੇਖ 'ਚ ਕਹਿਣਾ ਹੋਵੇ ਤਾਂ ਇਹ ਇਉਂ ਕਿਹਾ ਜਾਵੇਗਾ ਕਿ ਗਿਆਨੀ ਜੀ ਨੇ ਗ਼ਦਰ ਲਹਿਰ ਦਾ ਵਿਰਸਾ ਆਪਣੀਆਂ ਰਚਨਾਵਾਂ ਵਿੱਚ ਸਾਂਭ ਲਿਆ ਹੈ। ਇਸ ਖੇਤਰ ਵਿੱਚ ਗਿਆਨੀ ਜੀ ਦੀਆਂ ਲਿਖਤਾਂ ਦੀ ਮਹੱਤਤਾ ਇਸ ਗੱਲ ਤੋਂ ਪਤਾ ਲੱਗਦੀ ਹੈ ਕਿ ਉਹਨਾਂ ਦੀ ਕਿਤਾਬ 'ਇੰਡੀਅਨ ਇੰਡੀਪੈਂਡੈਂਸ ਮੂਵਮੈਂਟ ਇਨ ਇਸਟ ਏਸੀਆ' ਦੀ ਭੂਮਿਕਾ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਵੱਡੇ ਭਰਾ ਸ਼ਰਤ ਚੰਦਰ ਬੋਸ ਦੁਆਰਾ ਲਿਖੀ ਗਈ ਹੈ। ਭੂਮਿਕਾ 'ਚ ਉਹਨਾਂ ਨੇ ਲਿਖਿਆ ਹੈ ਕਿ ਜਾਪਾਨ, ਚੀਨ ਅਤੇ ਮਲਾਇਆ ਵਰਗੇ ਦੇਸ਼ਾਂ 'ਚ ਭਾਰਤ ਨੂੰ ਅਜ਼ਾਦ ਕਰਵਾਉਣ ਲਈ ਹੋਈਆਂ ਸਰਗਰਮੀਆਂ ਬਾਰੇ ਨਵੀਂ ਪੀੜ੍ਹੀ ਦੇ ਨੌਜਵਾਨਾਂ ਨੂੰ ਬਹੁਤ ਘੱਟ ਜਾਣਕਾਰੀ ਹੈ। ਪਰ ਕੇਸਰ ਸਿੰਘ ਦੀ ਲਿਖਤ ਇਹਨਾਂ ਸਿਆਸੀ ਸਰਗਰਮੀਆਂ ਅਤੇ ਸਮੁੱਚੇ ਸੰਘਰਸ਼ ਬਾਰੇ ਬੜ੍ਹੇ ਹੀ ਉਚਿਤ ਢੰਗ ਨਾਲ ਚਾਨਣਾ ਪਾਉਂਦੀ ਹੈ।

ਉਹਨਾਂ ਦੇ ਇਸ ਯੋਗਦਾਨ ਨੂੰ ਦੇਖਦਿਆਂ ਪੰਜਾਬ ਦੇ ਭਾਸ਼ਾ ਵਿਭਾਗ ਵੱਲੋਂ ਉਹਨਾਂ ਨੂੰ ਸਾਹਿਤ ਸ਼੍ਰੋਮਣੀ ਪੁਰਸਕਾਰ ਵੀ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਦਾ ਇਹ ਸਭ ਤੋਂ ਵੱਡਾ ਪੁਰਸਕਾਰ ਹੈ। ਇਸ ਤੋਂ ਇਲਾਵਾ ਸਾਹਿਤ 'ਚ ਉਹਨਾਂ ਵੱਲੋਂ ਪਾਏ ਯੋਗਦਾਨ ਨੂੰ ਦੇਖਦਿਆਂ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਵੀ ਉਹਨਾਂ ਨੂੰ ਫੈਲੋਸ਼ਿਪ ਤੇ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਹੈ।

ਗਿਆਨੀ ਕੇਸਰ ਨਾਵਲਿਸਟ ਦਾ ਸਮੁੱਚਾ ਜੀਵਨ ਸੰਘਰਸ਼ ਭਰਿਆ ਸੀ। ਇਹੀ ਕਾਰਨ ਹੈ ਕਿ ਉਹਨਾਂ ਦੀਆਂ ਲਿਖਤਾਂ ਵਿੱਚ ਸੰਘਰਸ਼ ਦਾ ਵਰਨਣ ਬਹੁਤ ਹੀ ਪਾਏਦਾਰ ਢੰਗ ਨਾਲ ਹੈ। ਗ਼ਦਰੀਆਂ ਬਾਰੇ ਉਹ ਇਸ ਕਰਕੇ ਹੋਰਾਂ ਨਾਲੋਂ ਵੱਧ ਜਾਣਦੇ ਹਨ ਕਿਉਂਕਿ ਉਹਨਾਂ ਨੇ ਇਸ ਲਹਿਰ ਨੂੰ ਹੱਡੀਂ ਹੰਢਾਇਆ ਹੈ ਤੇ ਵਿਦੇਸ਼ਾਂ ਵਿੱਚ ਰਹਿ ਕੇ ਲਹਿਰ ਨੂੰ ਮਜਬੂਤ ਕਰਨ ਲਈ ਦਿਨ-ਰਾਤ ਕੰਮ ਕੀਤਾ ਹੈ। ਇਹੀ ਕਾਰਨ ਹੈ ਕਿ ਉਹਨਾਂ ਨੇ ਗ਼ਦਰੀ ਬਾਬਿਆਂ ਦੇ ਅੰਦਰਲੇ ਦੇਸ਼ ਭਗਤੀ ਦੇ ਜਜ਼ਬੇ ਨੂੰ ਇੰਨੀ ਸ਼ਿੱਦਤ ਨਾਲ ਚਿਤਰਿਆ ਹੈ ਕਿ ਪੜ੍ਹ ਕੇ ਪਾਠਕ ਹੈਰਾਨ ਹੋ ਜਾਂਦਾ ਹੈ। ਗਿਆਨੀ ਜੀ 1930 ਤੋਂ ਲੈ ਕੇ 1940 ਦਰਮਿਆਨ ਪੂਰਬੀ ਦੇਸ਼ਾਂ ਜਿਵੇਂ ਮਲਾਇਆ, ਚੀਨ ਤੇ ਜਪਾਨ ਆਦਿ ਦੇਸ਼ਾਂ ਵਿੱਚ ਰਹੇ। ਇਸ ਦਰਮਿਆਨ ਉਹਨਾਂ ਨੇ ਇਹਨਾਂ ਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਨਾਲ ਸੰਪਰਕ ਕੀਤਾ ਤੇ ਉਹਨਾਂ ਨੂੰ ਅੰਗਰੇਜ਼ਾਂ ਵਿਰੁੱਧ ਲੜਨ ਲਈ ਤਿਆਰ ਕੀਤਾ। ਗਿਆਨੀ ਜੀ ਵਰਗੇ ਦੇਸ਼ ਭਗਤਾਂ ਦੀਆਂ ਕੋਸ਼ਿਸ਼ਾਂ ਸਦਕਾ ਹੀ ਹੌਲੀ-ਹੌਲੀ ਇਹਨਾਂ ਦੇਸ਼ਾਂ 'ਚ ਰਹਿੰਦੇ ਭਾਰਤੀ ਕਾਮੇ ਅੰਗਰੇਜ਼ਾਂ ਖਿਲਾਫ਼ ਲੜਨ ਲਈ ਸੰਗਠਿਤ ਹੋਣੇ ਸ਼ੁਰੂ ਹੋਏ।

ਗਿਆਨੀ ਕੇਸਰ ਸਿੰਘ ਨੇ ਇੰਡੀਅਨ ਨੈਸ਼ਨਲ ਆਰਮੀ ਵਿੱਚ ਵੀ ਕਾਫ਼ੀ ਕੰਮ ਕੀਤਾ ਪਰ ਪਤਾ ਨਹੀਂ ਕਿਉਂ ਉਹਨਾਂ ਦੇ ਇਸ ਕੰਮ 'ਤੇ ਉਹਨਾਂ ਦੇ ਪ੍ਰਸ਼ੰਸਕਾਂ ਜਾਂ ਅਲੋਚਕਾ ਨੇ ਬਹੁਤ ਘੱਟ ਗੌਰ ਫ਼ਰਮਾਈ ਹੈ ਇਹੀ ਕਾਰਨ ਹੈ ਕਿ ਇੰਡੀਅਨ ਨੈਸ਼ਨਲ ਆਰਮੀ ਵਿੱਚ ਗਿਆਨੀ ਜੀ ਦੀ ਨਿਭਾਈ ਭੂਮਿਕਾ ਬਾਰੇ ਕਦੇ ਖੁਲ੍ਹ ਕੇ ਚਰਚਾ ਨਹੀਂ ਹੋ ਸਕੀ ਤੇ ਆਮ ਬੰਦੇ ਨੂੰ ਆਰਮੀ ਵਿੱਚ ਨਿਭਾਈ ਉਹਨਾਂ ਦੀ ਮਹੱਤਵਪੂਰਨ ਭੂਮਿਕਾ ਵੀ ਸਧਾਰਣ ਨਜ਼ਰ ਆਉਂਦੀ ਹੈ। ਅਸਲ ਗੱਲ ਇਹ ਹੈ ਕਿ ਉਹਨਾਂ ਨੇ ਇੰਡੀਅਨ ਆਰਮੀ ਵਿੱਚ ਉਹ ਕੰਮ ਕੀਤਾ ਜਿਹੜਾ ਹਰ ਸਿਪਾਹੀ ਦੇ ਵਸ ਦਾ ਕੰਮ ਨਹੀਂ ਸੀ। ਇੰਡੀਅਨ ਨੈਸ਼ਨਲ ਆਰਮੀ ਵਿੱਚ ਉਹਨਾਂ ਨੇ ਇੱਕ ਪ੍ਰਬੰਧਕ ਵਜੋਂ ਕੰਮ ਕੀਤਾ ਜਿਹੜਾ ਕਿ ਉਦੋਂ ਦੇ ਹਾਲਾਤ ਅਨੁਸਾਰ ਸਭ ਤੋਂ ਚੁਣੌਤੀ ਭਰਿਆ ਕਾਰਜ ਸੀ। ਇਸ ਤੋਂ ਇਲਾਵਾ ਉਹਨਾਂ ਨੇ ਸਿਪਾਹੀਆਂ ਨੂੰ ਸਿੱਖਿਅਤ ਕਰਨ ਦਾ ਕੰਮ ਕੀਤਾ, ਉਹਨਾਂ ਨੂੰ ਨਾ ਸਿਰਫ਼ ਵੱਖ-ਵੱਖ ਦੇਸ਼ਾਂ ਦੀਆਂ ਕ੍ਰਾਂਤੀਆਂ ਬਾਰੇ ਜਾਣਕਾਰੀ ਦਿੱਤੀ, ਸਗੋਂ ਹਿੰਦੁਸਤਾਨੀ ਸਿਪਾਹੀਆਂ ਨੂੰ ਜਪਾਨੀ ਭਾਸ਼ਾ ਦਾ ਮੁੱਢਲਾ ਗਿਆਨ ਵੀ ਦਿੱਤਾ ਤਾਂ ਜੋ ਉਹ ਜਪਾਨੀ ਬੋਲ ਤੇ ਪੜ੍ਹ ਸਕਣ। ਗਿਆਨੀ ਜੀ ਦੁਆਰਾ ਕੀਤਾ ਇਹ ਅਜਿਹਾ ਕਾਰਜ ਸੀ ਜਿਸ ਨਾਲ ਇੰਡੀਅਨ ਨੈਸ਼ਨਲ ਆਰਮੀ ਦੀਆਂ ਨੀਹਾਂ ਹੋਰ ਮਜ਼ਬੂਤ ਹੋ ਗਈਆਂ। ਜੇਕਰ ਗਿਆਨੀ ਜੀ ਵਰਗੀਆਂ ਸ਼ਖ਼ਸੀਅਤਾਂ ਇੰਡੀਅਨ ਨੈਸ਼ਨਲ ਆਰਮੀ 'ਚ ਨਾ ਹੁੰਦੀਆਂ ਤਾਂ ਆਰਮੀ ਦਾ ਇੰਨਾ ਸੰਗਠਿਤ ਰੂਪ ਵਿੱਚ ਬਣੇ ਰਹਿਣਾ ਬਹੁਤ ਮੁਸ਼ਕਿਲ ਸੀ। ਅਸੀਂ ਇਸ ਮੰਚ ਤੋਂ ਪਾਠਕਾਂ ਨੂੰ ਅਪੀਲ ਕਰਦੇ ਹਾਂ ਕਿ ਜਿਸ ਤਰ੍ਹਾਂ ਉਹ ਸਾਹਿਤ ਅਤੇ ਇਤਿਹਾਸ ਦੇ ਖੇਤਰ ਵਿੱਚ ਗਿਆਨੀ ਕੇਸਰ ਸਿੰਘ ਨਾਵਲਿਸਟ ਦੀ ਭੂਮਿਕਾ ਨੂੰ ਲੈ ਕੇ ਬਹਿਸ ਕਰਦੇ ਹਨ ਉਸ ਤਰ੍ਹਾਂ ਦੀ ਬਹਿਸ ਉਹ ਗਿਆਨੀ ਜੀ ਦੇ ਇੰਡੀਅਨ ਨੈਸ਼ਨਲ ਆਰਮੀ ਵਿੱਚ ਪਾਏ ਯੋਗਦਾਨ ਨੂੰ ਲੈ ਕੇ ਵੀ ਕਰਨ। ਸੂਝਵਾਨ ਵਿਦਵਾਨਾਂ ਵੱਲੋਂ ਇਸ ਖੇਤਰ ਵਿੱਚ ਪਹਿਲ ਕਰਨੀ ਬਣਦੀ ਹੈ। ਉਹਨਾਂ ਨੂੰ ਅਜਿਹੇ ਤੱਥ ਖੋਜਣੇ ਪੈਣਗੇ ਜਿਸ ਨਾਲ ਇੰਡੀਅਨ ਨੈਸ਼ਨਲ ਆਰਮੀ ਵਿੱਚ ਗਿਆਨੀ ਜੀ ਦੀ ਭੂਮਿਕਾ ਸਪੱਸਟ ਹੋਵੇ।

1947 ਤੋਂ ਬਾਅਦ ਗਿਆਨੀ ਜੀ ਫਿਰ ਅੰਮ੍ਰਿਤਸਰ ਵਾਪਸ ਆ ਗਏ। ਇੱਥੇ ਰਹਿੰਦਿਆਂ ਉਹਨਾਂ ਨੇ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਸੁਜ਼ਾਨ ਸਿੰਘ ਤੋਂ ਸਾਹਿਤ ਦੇ ਨੁਕਤੇ ਸਿੱਖੇ ਤੇ ਇਸ ਤੋਂ ਛੇਤੀ ਬਾਅਦ ਗਿਆਨੀ ਕੇਸਰ ਸਿੰਘ, ਗਿਆਨੀ ਕੇਸਰ ਸਿੰਘ ਨਾਵਲਿਸਟ ਵਜੋਂ ਸਥਾਪਿਤ ਹੋ ਗਿਆ। ਇਸੇ ਦਰਮਿਆਨ 1948 ਤੋਂ ਲੈ ਕੇ 1957 ਤੱਕ ਉਹਨਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਵਜੋਂ ਵੀ ਕੰਮ ਕੀਤਾ। ਬਾਅਦ ਵਿੱਚ ਜਦੋਂ ਉਹਨਾਂ ਦੀ ਪਹਿਲੀ ਪਤਨੀ ਦੀ ਮੌਤ ਹੋ ਗਈ ਤਾਂ ਉਹ ਇੰਗਲੈਂਡ ਆ ਗਏ ਤੇ ਫਿਰ 1963 ਵਿੱਚ ਉਹਨਾਂ ਨੇ ਪੱਕੇ ਤੌਰ 'ਤੇ ਕਨੇਡਾ ਰਹਿਣਾ ਸ਼ੁਰੂ ਕਰ ਦਿੱਤਾ। ਕਨੇਡਾ ਰਹਿੰਦਿਆਂ ਉਹਨਾਂ ਨੇ 14 ਸਾਲ ਇੱਥੋਂ ਦੇ ਸਿੱਖਿਆ ਵਿਭਾਗ ਵਿੱਚ ਕੰਮ ਕੀਤਾ। ਜ਼ਿੰਦਗੀ ਦੇ ਪਿਛਲੇ ਛੇ ਸੱਤ ਸਾਲ ਉਹਨਾਂ ਨੇ ਐਡਮਿੰਟਨ ਵਿੱਚ ਗੁਜ਼ਾਰੇ ਤੇ ਅੰਤ 95 ਸਾਲਾਂ ਦੀ ਉਮਰ ਵਿੱਚ ਉਹ ਚਲਾਣਾ ਕਰ ਗਏ।

ਗਿਆਨੀ ਕੇਸਰ ਸਿੰਘ ਨਾਵਲਿਸਟ ਦੇ ਨਾਵਲਾਂ ਵਿੱਚ ਸ਼ਹੀਦ ਉੱਧਮ ਸਿੰਘ, ਬਾਬਾ ਹਰੀ ਸਿੰਘ ਉਸਮਾਨ, ਸ਼ਹੀਦ ਮਦਨ ਲਾਲ ਢੀਂਗਰਾ, ਸ਼ਹੀਦ ਸੇਵਾ ਸਿੰਘ ਲੋਪੋਕੇ ਅਤੇ ਗ਼ਦਰੀ ਗੁਲਬ ਆਦਿ ਨੇ ਕਾਫ਼ੀ ਪ੍ਰਸਿੱਧੀ ਪ੍ਰਾਪਤ ਕੀਤੀ। 'ਜੰਗੀ ਕੈਦੀ' ਲਿਖਣ ਤੋਂ ਬਾਅਦ ਗਿਆਨੀ ਕੇਸਰ ਸਿੰਘ ਨਾਵਲਿਸਟ ਨੂੰ ਪੰਜਾਬੀ ਸਾਹਿਤ ਦਾ ਲਿਓ ਟਾਲਸਟਾਏ ਕਿਹਾ ਜਾਣ ਲੱਗ ਪਿਆ। ਉਹਨਾਂ ਦੇ ਇਸ ਨਾਵਲ ਦੀ ਤੁਲਨਾ ਟਾਲਸਟਾਏ ਦੇ ਨਾਵਲ 'ਵਾਰ ਐਂਡ ਪੀਸ' ਨਾਲ ਕੀਤੀ ਜਾਣ ਲੱਗ ਪਈ। ਇਸ ਨਾਵਲ ਵਿੱਚ ਅਜ਼ਾਦੀ ਦੀ ਲੜਾਈ ਲੜਨ ਵਾਲਿਆਂ ਉੱਤੇ ਜਪਾਨੀਆਂ ਵੱਲੋਂ ਕੀਤੇ ਗਏ ਤਸ਼ੱਦਦ ਦਾ ਵਰਨਣ ਬਹੁਤ ਹੀ ਦਿਲ ਕੰਬਾਊ ਢੰਗ ਨਾਲ ਕੀਤਾ ਗਿਆ ਹੈ। ਤਕਨੀਕੀ ਪੱਖ ਤੋਂ ਵੀ ਇਹ ਨਾਵਲ ਆਮ ਨਾਵਲਾਂ ਤੋਂ ਹਟ ਕੇ ਹੈ ਕਿਉਂਕਿ ਇਸਦੀ ਸ਼ੈਲੀ ਰਿਵਾਇਤੀ ਭਾਂਤ ਦੀ ਨਹੀਂ ਤੇ ਇਸ ਵਿੱਚ ਪਾਤਰ ਵੀ ਆਮ ਨਾਵਲ ਨਾਲੋਂ ਜ਼ਿਆਦਾ ਹਨ। ਇਸ ਤਰ੍ਹਾਂ ਹੀ 'ਹਥਿਆਰਬੰਦ ਇਨਕਲਾਬ' ਪੰਜਾਬੀ ਦੀਆਂ ਸਭ ਤੋਂ ਵੱਡੀਆਂ ਅਕਾਰ ਵਾਲੀਆਂ ਪੁਸਤਕਾਂ ਵਿੱਚੋਂ ਇੱਕ ਹੈ। ਇਸ ਪੁਸਤਕ ਦੇ 728 ਪੰਨੇ ਹਨ। ਅਸਲ ਵਿੱਚ ਇਹ ਆਪਣੀ ਤਰ੍ਹਾਂ ਦਾ ਇੱਕ ਗ੍ਰੰਥ ਹੈ। ਇਸ ਨਾਵਲ ਵਿੱਚ ਨੇਤਾ ਜੀ ਸੁਭਾਸ਼ ਚੰਦਰ ਬੋਸ, ਲਾਲਾ ਹਰਦਿਆਲ, ਵੀਰ ਸਾਵਰਕਰ ਅਤੇ ਕਰਤਾਰ ਸਿੰਘ ਸਰਾਭਾ ਦੇ ਜੀਵਨ ਅਤੇ ਸੰਘਰਸ਼ ਬਾਰੇ ਭਰਪੂਰ ਜਾਣਕਾਰੀ ਹੈ। ਇਸ ਨਾਵਲ ਦੀ ਵਿਸ਼ੇਸ਼ਤਾ ਇਸ ਨਜ਼ਰੀਏ ਤੋਂ ਵੀ ਹੈ ਕਿ ਇਹ ਗਿਆਨੀ ਕੇਸਰ ਸਿੰਘ ਦੀ ਅੰਤਿਮ ਰਚਨਾ ਹੈ। ਗ਼ਦਰੀ ਨਾਵਲ ਵਿੱਚ ਉਸ ਇੱਕੋ-ਇੱਕ ਔਰਤ ਦੀ ਕਹਾਣੀ ਹੈ ਜੋ ਗ਼ਦਰ ਲਹਿਰ 'ਚ ਹਿੱਸਾ ਲੈਂਦੀ ਹੈ ਅਤੇ ਲਹੌਰ ਦੀ ਜੇਲ੍ਹ ਵਿੱਚ ਤਿੰਨ ਸਾਲ ਦੀ ਕੈਦ ਕੱਟਦੀ ਹੈ। ਆਪਣੀ ਆਤਮ ਕਥਾ ਲਿਖ ਕੇ ਨਾ ਸਿਰਫ਼ ਉਹਨਾਂ ਨੇ ਸਾਨੂੰ ਆਪਣੇ ਜੀਵਨ ਬਾਰੇ ਜਾਣਕਾਰੀ ਦਿੱਤੀ ਹੈ ਸਗੋਂ ਸਾਡੇ ਲਈ ਇਹ ਸਮਕਾਲੀ ਘਟਨਾਵਾਂ ਨੂੰ ਸਮਝਣ ਦਾ ਇੱਕ ਸਰੋਤ ਵੀ ਹੈ।



ਨਵੀਂ ਦੁਨੀਆ

# THE PEASANT OF INDIA



Lala Hardyal

General Secretary of Ghadr party & founder editor of 'Ghadr' newspaper

To me the most interesting figure in India is the peasant. I would not put even the swami above him; the peasant feeds the swami. The artisan class in the towns comes next in importance, -- the weavers, the shoe-makers, the factory-hands, the blacksmiths and tinsmiths, the carpenters and masons. This urban class is also fascinating for me, as I contemplate its manifold activities.

Third in usefulness and interest comes the unskilled menial class – the sweepers and scavengers, the kahars and doli-bearers, the cooks and khansamas, the syces and coolies – the immense and varied under-world of India, the submerged humanity that longs to break its chains. In this kingdom of labor, there reigns a stillness, as of death. The peasant, the artisan, and the servant are all dumb. Who will give them a voice? Who will be their poet? Who will write a Ramayana and a Mahabharata for them? India waits for her true poet. For the people live in huts and hovels, not in bungalows and palaces. And why I am chiefly interested in these classes and not in the well-dressed "respectable"

People who make so much noise like crickets in a field at night? The reason is plain. These laboring classes constitute the people of India. There are a few princes, nobles, graduates, lawyers, bankers, physicians, swamis, and pundits, in India, but there are millions of peasants, artisans and scavengers. The vast numerical preponderance of these laboring classes entitles them to the place of honor in our society. Besides, these classes produce all the wealth of the country. They do all the work that is done from year's end to year's end. They feed and clothe all: they build houses and carriages and roads for all. They plough and dig in rain and sun, and create all that sustains social life. The peasant is the ann-data, the Vishnu of society. He is the source of all life and strength. He is the sun: other classes are like planets shining by his light. Above all swamis and sheikhs, pundits and pracharaks, lawyers and bankers, Rajas and Maharajas, stands the Peasant, the giver of bread.

The artisan completes the work of the Peasant. He moulds into shapes of beauty the cotton, the raw hide, the uncouth timber of the forest, the formless mass of metal from the mine. His deft fingers give us clothes, houses, utensils, shoes, glasses, pens and rudraksha-malas--all things that distinguish the civilized man from the savage. Verily, the artisan is a magician. The menial class performs the most necessary services for society. What would a town become without the scavengers? What would our ladies do without the doli-bearers? The scavengers are the masters of the society: but they don't know it. A strike of the scavengers would bring the proudest prince to his knees in a week. Therefore let not "educated," caparisoned, perfumed, eloquent, indolent India be offended and alarmed, when I declare my allegiance to the unkempt and coarsely-clad peasant and artisan. Let not the graduates begin to murmur when I say that I am not interested in them as such. I look at the society from below: they look at it from above. They begin with the raja: I worship the creator of wealth. They honor the rich who lie in fine mansions: I honor the poor who build those fine mansions. I am the mouthpiece of the disinherited millions.

I propose to discuss a few interesting things about the laboring classes of India. It is remarkable that Indian tradition and history should have neglected and despised the peasant and the artisan from time immemorial. The theory of the four castes assigns the third and fourth places to the laboring classes, while the priests and the soldiers stand at the top. A more absurd inversion of the natural order of society cannot be imagined. We hear people speak in rapturous terms of this fourfold division. They do not see that it reverses the true measure of social importance. The social degradation of the bulk of the nation, which is implied in this theory, condemns it as altogether irrational and mischievous. I am not discussing the caste system as a barrier to unity and "national" co-operation. On this occasion I wish to point out the pernicious effects on our minds of a tradition that makes the peasant the social inferior of the priest and the warrior. We teach the peasant to despise himself. Labor has been continually told that it occupies the third place in society. No wonder that it has lost self respect. Suggestion is as powerful in social ethics as in hypnotism.

We must change the national psychology in this respect and by "national psychology" I mean the psychology of the peasant and the artisan. There is not much use in preaching this truth to the priests, the princes, the bankers, the landowners or the warriors. The graduate will not admit that the carpenter is a worthier person than himself: he is blinded by his diploma. The raja will not bow in the street to the blacksmith: his palace cuts him off from the realm of the truth. The peasant alone will hail the message with joy. He will know his own worth, when he is told that he is the first, not the third. Nay, we should teach him that he is the first and the rest nowhere. When he hears it proclaimed that he is the true Arya (the agriculturist), he will rise to his full human stature. He will cease to cringe before the idlers, the pundits and soldiers, the lawyers and mahajans. It is time that this soul killing tradition of the old world sociology be set aside. New modes of thought must be implanted in the minds of the people.

The Hindus seem to have had a fatal predilection for kings and queens. Even in our fairy-tales, we always begin with the raja and the rani. The imagination of the child is thus poisoned at the source. The social prestige acquired by the orders of monks also degrades and demoralizes the peasants and the artisans. Buddhism and other cults condemned economic activity as "worldliness". The "spiritual" aspirant must look down upon such material pursuits as corn-raising, house building and latrine-cleaning. This trend of thought impaired the dignity of labor and made the peasant almost apologize for his work. The hymns of the middle ages are full of sentiments that exalt the parasitic "spiritual" ascetic above the laborious peasant and mechanic. The psychological effects thus produced have been disastrous for the social welfare.

Even our swamis and saints hover round princes and rich men. Some of the most noted swamis of Modern India visited the courts of princes, and thought that the princes were the strategic points in social and religious reform. It is strange that persons who have renounced wealth and rank, should try to form an unholy alliance with those who spend their lives in pleasure and indolence. Even their saints go to princes, but do not visit the peasant's humble cottage. Other preachers and reforms have addressed themselves to the middle classes, the lawyers and civil servants, the physicians and bankers, the "safed-posh" literate people. Alas! How true it is that wealth attracts to itself all that is valuable in the world, even the opportunities for education and moral self-culture. When the swamis lean on the lawyers, the people are indeed doomed to servitude.

Every new movement voices the aspirations only of the well-to-do classes. The Congress demands a larger share in the administration for them. The various sects establish schools and colleges for them. The princes give the peasant's money for the establishment of Universities for the sons of the rich and the respectable. Scholars are sent to foreign countries to qualify for industrial careers. All these benefits or supposed benefits accrue only to the middle and upper classes. What does the peasant gain from them? He really pays for all these movements, but he does not share in the culture and comfort that they bring. Even the self-denial of noble patriots engaged in educational work in the Punjab and the Maharashtra is placed at the service of the selfish and ambitious sons of the middle class. Is it worthwhile to devote a lifetime of persistent self-sacrifice to the manufacture of lawyers and clerks and bankers? Is this called progress? What good does the peasantry get out of all this activity?

It is curious to find that even the "Extremists" do not care much for the peasantry and the artisans. They perhaps aim at the establishment of a national government with a hierarchy of princes and two Houses of Parliament and so forth. If they are wiser and more democratic, they talk of a republic, with representative government, which would mean the rule of the educated classes and the landowners, bankers and manufacturers. The people of India seem to be left out of the calculations of all parties and movements. How is it that we do not think of peasants and the artisans first? Our psychology is fundamentally wrong. Our imagination stops at the border line that separates the clean and literate classes from the dirty and illiterate masses. Where we stop, there humanity begins. We waste our lives in the service of false gods. The rich classes are only counterfeit coin. They are caricatures of the true humanity that lives its busy life on the field, in the factory and the workshop. The pearl lies at the bottom of the sea: weeds float on the surface. Even so it is with Society. The condition of the laboring classes of India today is one of the extreme misery and ignorance. The peasant is over-taxed, under-fed and ill-clad. He is the first victim of plague and famine. He pays the princes, the government official, the landlord, the lawyer, the village usurer, and the priest for their "services", and at the end, little is left for his own family. As he stands near the furrow,

"The emptiness of ages in his face,
And on his back the burden of the world,"

He is the symbol of India in her helplessness and despair. Mute in his anguish, half-unconscious of his own sorrows, dead to the outer world, insensible to the higher life of culture and progress, the Indian Peasant needs a voice to sing his own woes. Then would be heard a dirge the like of which was never heard before. The Book of Job, the lamentations of Jeremiah, the wail of the widow and the orphan, would be but as a child's sob drowned in the mighty chorus of indignant labor. Let the Peasantry begin to speak of its burden of grief, and all poets and poetasters would be hushed into shame. The real epic of India remains to be written. The artisans and unskilled laborers in the towns live in poverty and squalor. They are disunited, unorganized, devoid of real social consciousness. They have very little self-respect.

The task devolves on the rare spirits among the "educated" classes. To the eternal glory of human nature be it said that the pioneers of the emancipation of labor have often come from the upper classes. Love transcends all barriers of class and caste. The few who dream dreams and see visions feel for and with the poor. They are ostracized and persecuted by their own class, but they are adored by those whom they serve. They know that their culture is a gift from the laborers, who maintain the colleges but never enter them. They realize, with an ever-deepening sense of obligations, that they must repay this debt with unwearied service of the peasantry. They turn away from the artificial and selfish world of idlers, and throw in their lot with the workers. Such heroes and heroines are the saviors of labor. All those who wish to serve the poor must be poor themselves. If you would help the peasants, go and live among them. Share their coarse meal and talk their rough speech. Do not go to them as gentlemen. Go to them as fellow-workers. Do not preach to them from the platforms of conferences and congresses, with all the marks of your parasitism upon you. Divest yourselves of your silk and satin and then go to serve and organize the artisans of the towns and the peasants in the country. Princes and ministers, lawyers and bankers, demagogues and journalists will not and cannot help the peasants. If there are some among our educated men, who yearn for the higher life of love and self-denial, they should not waste their energy in furthering the material and political interests of the rich classes. The People deserve the full measure of your sacrifices. Leave the talkers, the idlers, the parasites, the cowards, the well-off animals of the middle class. For lo! The Peasant stands besides the furrow and wistfully asks, "When will the light come to me?"

**[From: The MODERN REVIEW for May, 1913, pp. 506-509.]**

# A BRIEF HISTORY OF THE GHADAR MOVEMENT

Gurpreet Singh
+1-778-862-2454
gurpreet_71@hotmail.com



The Ghadar movement was launched by a group of radical South Asian immigrants on the Pacific coast of North America in 1913 to mainly overthrow the colonial rule of the British government in India and challenge racism abroad. The origin of the Ghadar movement can be traced to the first rebellion of 1857 against the British occupation ofIndia. This uprising brought the people of different faith groups, like Hinduism and Islam and caste backgrounds, together against the British Empire. Marx described it as the first war of independence. The British government termed it as "Ghadar", an Urdu expression which means an act of treason, but was later appropriated by the GhadarParty members.

This rebellion was a result of anxiety among the Indian soldiers working for the British armies. They were unhappy with their pay. But what triggered the crisis were rumours that the grease inside the cartridges used by the soldiers was mixed with animal fat taken from cows and pigs. The soldiers had to tear off these cartridges with their teeth before loading them in the rifles. Since Hindus did not eat beef and Muslims were forbidden from eating pork, they felt deceived and revolted. However, the Sikh Chiefs who were largely pro-British back then helped in suppressing the rebellion. Ironically, the Ghadar Party had a big following among the Sikhs, who constituted the majority of South Asian immigrants in North America. The party was originally formed as Hindi Association of the Pacific Coast of America, but came to be known as Ghadar Party after the launching of the newspaper named "Ghadar" on November 1, 1913. The title was taken from the rebellion of 1857.

Punjab was a garrison state for the British rulers and provided recruits for the armies. As part of some calculation or perhaps their notorious "divide and rule" policy, the British treated Sikhs as a martial race and preferred recruits from this community. The Sikh clergy was also hand in glove with the rulers and often prayed for the success of the Empire. Though the rumours of animal fat inside the cartridges sparked the rebellion of 1857 for religious reasons, underneath this revolt was the discontent of the Indian people with the economic policies of the British rulers. These policies marginalized Indian industry and agriculture at the cost of the prosperity of England. The British government was not paying attention to the needs of the people of India. As a result many died due to starvation and plague. Local industry was discouraged and the cheaper raw material produced in India was being sent to England. Land revenue collection also wreaked havoc on the small and middle peasantry. Rigorous methods were used for collection of taxes and no respite was given in an event of crop failure. All this led to a rise in land mortgages and borrowings that further increased rural indebtedness.

The Ghadar newspaper published a regular column exposing this pillage. It gave startling figures to illustrate the loot. It accused the British rulers of spending more on the military budget instead of providing basic services to the Indian population. The migration of East Indians to US and Canada was an outcome of the economic hardships suffered under the British rulers. These conditions compelled many Sikh farmers from Punjab to migrate to other countries for better living by the end of the 19th century. Most of the middle level peasants had mortgaged their lands to the money lenders. The irrigation water rates had tripled and land holdings were reduced to small plots. As a result the farmers were compelled to move abroad for better livelihood.

The first immigrants reached Malaya and China and were willing to take any task including lending services to the outposts of British imperialism. They later learnt from the travellers to Canada and US that in those countries, a worker could earn more. Eventually, these immigrants took off to North America. But the migration was not confined to economic hardships alone; many political refugees lived in exile. The political atmosphere of India had charged up on the occasion of the 50th anniversary of the first mutiny. The Punjab in particular witnessed an uprising in the form of a farmers' agitation in 1907. Some of its prominent leaders were forced to leave India. Others like Vinayak Damodar Savarkar lived in England, where he organized an event to commemorate the 50th anniversary of the first Ghadar. He also wrote an important book on the history of the mutiny of 1857 in response to British propaganda against the participants of the first uprising. The book that gave an insight on the upheaval was banned by the British authorities.

In a way these exiled leaders had already laid the ground for the Ghadar movement within the South Asian Diaspora. Most of these men came to this part of the world as British subjects. Many had previously served in the British armies and trusted the fairness of the British Empire. They were soon disillusioned when they were exposed to racial hatred. The British diplomats did not come to their rescue in an event of hate crimes. The government ofCanada, a former British colony, adopted racist immigration policies to "keep Canada white". These immigrants were neither allowed to bring in their families, nor to vote. The Indians were disfranchised in 1907.



Across the border in the US, the social environment was very hostile towards South Asians. The white labourgroups felt threatened because East Indian immigrants were willing to work for lower wages. This reduced their bargaining power and as a result they started intimidating the Asian immigrants. The Canadian government, buckling under pressure of white supremacy, adopted discriminatory policies, while the US authorities looked the other way during racial violence. The Indian immigrants soon realized that the root cause of their sufferings was foreign occupation back home. Racial taunts and violence hardened their feelings against the British establishment and they gradually turned their back towards an empire whose interests many of them had served before. Many moderate Sikhs had tried to draw the attention of the authorities to their loyalty towards the Empire during those times. Enough was enough for these men. Rampant racism taught them to fight back. They started getting organized and decided to buy weapons and resist. A strong urge emerged to form a group that brought all Indian migrants together irrespective of their religious beliefs and castes. Under these circumstances Hindi Association of the Pacific Coast of America was established on April 21, 1913 in Astoria, with Sohan Singh Bhakna, a Sikh as its President and Har Dayal, a Hindu as a Secretary of the group. The association resolved to launch an armed rebellion against the British Empire. The term "Hindi" represented Hindustanis, a reference to all East Indians.

On November 1, the Association launched its newspaper titled Ghadar. Hay Dayal, the editor of the paper, believed that it would revive the memories of the first uprising. The Ghadar newspaper was initially published in Urdu language. Shortly, the Punjabi edition of Ghadar was also launched. Kartar Singh Sarabha translated the Urdu edition in Punjabi. The Ghadar newspaper with its radical content soon became popular among the Indian community abroad. It gave an open call for armed resistance. As a result the Association came to be known as Ghadar Party. The Ghadar Party established its headquarters in San Francisco, considered a hotbed of revolutionaries from different countries, such as China, Ireland and Russia.

The Ghadar leaders anxiously waited for an opportunity to strike. As a crisis between Britain and Germany was brewing, they eyed an opportunity to start an armed revolt in case there was a full scale war between the two countries. Their calculations were that the two nations would take several years to go to war. With such possibilities in mind, many revolutionaries abroad started collaborating with Germany for political and military support. Har Dayallooked upon such a war as a golden opportunity. However, he was served with an arrest warrant for spreading anarchy in US in March, 1914, allegedly under pressure from the British authorities. The party decided to send him toSwitzerland. Har Dayal's departure was a big jolt to the party, but it continued to grow even after he was forced to leave America.

The party had a big following in Canada. Ghadar activities in Vancouver also came to the notice of Canadian officials. A groundwork for the Ghadar party was laid in Vancouver much earlier. The Khalsa Diwan Society was established there in 1906. The body not only governed the Sikh temple, but also encouraged its congregation to indulge in political activism, and provided space to all the communities, including non-Sikhs, to hold political meetings. In a major development of its time, the former Sikh soldiers, who had served in the British armies, burnt their medals, uniforms and certificates as a mark of protest against the systemic racism and discrimination at the Vancouver Sikh temple on October 3, 1909.

The Ghadar activists condemned all peaceful means of struggle, such as boycotts and petitioning. They planned to go back to India and encourage Indian soldiers to quit the British armies and turn their guns against the authorities and toadies. Although the majority of the members and supporters of the Ghadar Party were Sikhs, the party was secular in composition and character. The party resolved to form an egalitarian and democratic society in independent India and believed in economic and social equality. Har Dayal was not the only non-Sikh face of the Ghadar Party. The central committee of the party had KanshiRam, another Hindu as treasurer and Karim Baksh, a Muslim, as Organizing Secretary.

The Ghadar activists had learnt to work together to resist racism and oppression despite differences of opinion. A case in point is the close friendship between Jawala Singh and Wasakha Singh. The two men had leased a farm land near Stockton, California, that supplied free of cost rations for volunteers working at the Ghadar Party Headquarters in San Francisco. Jawala Singh was not a religious person, but Wasakha Singh was a devout Sikh saint. Jawala Singh was opposed to teaching divinity to the Indian students sponsored by them. He believed that such teaching was a waste of time for students who should be spending more hours on studying their curriculum books.

In spite of Jawala Singh's unconventional ideas, Wasakha Singh was very close to him and the two men respected each other. During their detention in the Andaman Jail, when Wasakha Singh had become frail and weak due to poor conditions, a doctor recommended him to eat fish curry. Because of religious reasons he refused to do so, but Jawala Singh convinced him to have it once for the sake of the larger interest of the freedom struggle.

Wasakha Singh also wrote poetry that became a part of the Ghadar narrative. He had passionately written a poem dedicated to Paramanand Jhansi, a Hindu member of the Ghadar Party who suffered physical torture in the Andaman Jail. In his poem he described Jhansi as a brave man, who did not show any sign of weakness despite repression by the authorities. Jhansi had participated in a hunger strike launched by the Sikh prisoners, against the jail rule that forced the Sikhs to remove their turbans and wear caps during detention. Casteism had no place in the party, and everyone was treated equally. The Ghadar party explicitly denounced caste-based discrimination. This policy inspired Manguram Muggowal, a Dalit or so-called "untouchable" to join theGhadar movement. Muggowal later rose to become a towering leader of the Dalit emancipation movement inPunjab. People were encouraged to leave aside their spiritual beliefs and work in harmony as Indians. Vegetarians or non-vegetarians, beef eaters of pork eaters, were treated alike in the party. The taboos that triggered the Ghadar of 1857 were broken by the Ghadar Party.

Though the party sometimes invoked religion where it was necessary to attract public support, it was never biased towards any particular religious group and denounced all kinds of prejudices. For instance the Ghadar activists instigated the Sikhs to react when an outer wall of a historical Sikh temple in Delhi was demolished during the extension of the Viceroy's palace in 1913. Similarly, the Ghadar party also condemned the demolitions of Hindu temples and mosques under British rule. It also recognized heroes of Sikh history and Hindu mythology to ensure mass appeal and encourage people to follow the ideals of these figures and fight against oppression. The Ghadar party heavily emphasized people's unity and cautioned against the divide and rule policies of the British rulers. Against all calculations of the Ghadar Party, war broke out between Britain and Germany in August 1914. Seeing this as an opportunity to strike, the Ghadar newspaper gave a call for war against occupation. Around this time another episode occurred in Vancouver that galvanized the Ghadar movement. On May 23, 1914 a Japanese vessel named Komagata Maru reached Vancouver with 376 Indian passengers aboard. The passengers were not allowed to disembark under the discriminatory "continuous journey" law which aimed at preventing permanent settlement of Indians in Canada. The ship remained stranded for two months and was forced to return. When the ship reached India, a shootout occurred near Calcutta that left 22 people dead on September 29, 1914. The violence ensued when the police tried to forcibly send the passengers to Punjab by a special train, fearing them to be subversives.

The Ghadar Party was in touch with the South Asian community activists who were providing support to the passengers during the Komagata Maru standoff. The Ghadar newspaper brought out a special issue in solidarity with the passengers. Both the war and the Komagata Maru incident encouraged Ghadar activists to return to their home country to seek revenge for all their sufferings from the British Empire. On way to India the Ghadar activists recruited supporters from among the police and army officials working for the Empire. The Ghadar propaganda in Singapore culminated in a revolt by Indian soldiers, mainly Muslims, who turned their guns against the British authorities on February 15, 1915. But after much bloodshed the authorities were able to suppress the rebellion. Scores of Ghadar activists returned to India to face the gallows or long imprisonments. Those who escaped arrest continued their activities secretly. While men like Bhakna and Wasakha Singh were arrested upon reachingIndia, others like Sarabha gave slip to the police and continued to reorganize the Ghadar activists. He approached the Indian soldiers directly with intent to incite them for a coup.

The party had made plans to engineer a coup in the armies in different parts of India on February 21, 1915. But the plot was foiled by the government with the help of their moles in the Ghadar Party. A number of Ghadar activists were arrested and the army cantonments were alerted. Sarabha was held in March 1915. He and six others were hanged in Lahore Jail on November 16, 1915. Among those executed alongside Sarabha was Vishnu Ganesh Pingle, a Hindu from Maharashtra. Many of those who were awarded long sentences were sent to Andaman jail, situated on a faraway island. The political prisoners detained there were subjected to inhuman treatment. Bhakna and Wasakha Singh were sent to the Andaman Jail.

The British government was able to crush the second Ghadar with an iron fist, but the spark of activism lit by the movement refused to subside. The Party activists who escaped the police dragnet continued their work. Some joined other nationalist movements and carried on the struggle until India gained its independence in 1947. Karam Singh Daulatpur was one of them. He had spent years in Canada. He gradually joined another militant movement that was aimed at liberating the historical Sikh temples from the clutches of corrupt priests who were patronized by the British government. Known as Babbar Akali movement, it inspired many former supporters of theGhadar Party. The Babbar Akali movement also believed in an armed struggle. Daulatpur died in a police shootout in September, 1923. Bhagat Singh, a towering revolutionary who was hanged by the British in 1931 for killing a police officer, was influenced by the Ghadar Party. Bhagat Singh considered Sarabha as his role model.

The Ghadar activists continued their struggle for social justice even in post-independent India. People likeBhakna were thrown into jail for challenging the policies of the government. Likewise, Boojha Singh, a former Ghadarparty activist was killed by the police in a staged shootout in 1970 for being a member of the ultra-leftist Naxalitemovement that sought equality for the oppressed classes. The Ghadar ideology remained popular among the radical youth seeking complete freedom through an armed rebellion. The moderate leadership that sought nothing more than a dominion status for India was ultimately forced to seek complete independence from foreign occupation because of the continued efforts of the militants. The moderate Congress party that dominated the political landscape of India for years claimed to have a monopoly over the history of freedom struggle. Its propaganda of having achieved freedom without spilling blood was recognized internationally, while the Ghadar history remained obscured. But the legacy of the Ghadar movement remains alive and never gave up its rightful claim over the history of resistance.

Radio Host: Radio India Surrey

*Our sincere Thanks to People's Voice (November 1-15, 2013 Issue)*

# THE CENTENNIAL OF A REVOLUTIONARY NEWSPAPER

Kimball Cariou
+1-604-255-2041
pvoice@telus.net



The middle four pages of November 1-15, 2013 issue of People's Voice pay tribute to the 100th anniversary of a remarkable political movement, and to the newspaper at the heart of its activities. During the early decades of the 20th century, the west coast of North America was fertile ground for radical political movements. This was a period of mass union organizing campaigns, general strikes, utopian communes, widespread anti-war sentiments, and frequent clashes between the authorities and labour activists. It was also an era when the ruling class used every possible weapon to divide working people. Employers sought to undermine working class efforts to raise wages and improve conditions, by expanding the pool of surplus labour in both the U.S. and Canada. At the same time, the bosses and their political parties carefully fanned the flames of racism, chauvinism and religious sectarianism, pitting workers of European origin against their sisters and brothers from Asia, and those from the "British Isles" against newer sections of the working class arriving from eastern Europe. On the west coast, this led to violent attacks and riots by misguided whites against the Chinese, Japanese and South Asian communities. More far-sighted socialists and communists called for working class unity against the bosses, and unions like the IWA pioneered the struggle for unity by recruiting thousands of non-European immigrant workers into their ranks. But racist sentiments remained widespread for many years, creating the basis for policies such as the Chinese Head Tax and the denial of voting and political rights for Asian migrants. In this context, the publication of revolutionary newspapers in languagues other than English was a powerful contribution to the emergence of a truly united working class movement. One of the first such publications was Ghadar, the organ of the "Hindi Association of the Pacific Coast of America" formed in April 1913. Known by the name of the newspaper, this organization signalled the emergence of a revolutionary struggle to liberate India, the "crown jewel" of British imperialism.

As detailed elsewhere in these pages, the Ghadar party and its newspaper worked fearlessly and relentlessly for the goal of national liberation. Their strategy was based on unity against British imperialism in India and against racist oppression in North America. Rather than succumbing to divisions along the lines of language, religion or caste, the Ghadars "kept their eyes on the prize," placing the goals of their movement in the forefront. The Ghadar newspaper, like other such publications of the time, depended entirely on the solidarity and discipline of its readers to stay in print. Despite the threat of state attacks, the newspaper appeared weekly, starting on November 1, 1913, until the Ghadar leaders and members returned to India to spark an uprising against the British. The Ghadar movement remains a powerful inspiration to revolutionaries in Canada and the U.S. today. A century later, we carry on our struggles in a society where the mass media - TV, radio, movies, print - are overwhelmingly dominated by huge capitalist monopolies. But the message of working class media such as People's Voice remains as relevant as ever. By paying tribute to the Ghadar newspaper on this important anniversary, we recognize its outstanding role in the struggle against ruling class ideologies - and for the liberation of all humanity from the evils of exploitation, oppression, war, hunger, and disease.

Editor: People's Voice

*Our sincere Thanks to People's Voice (November 1-15, 2013 Issue)*

**C.J. Auto**
**& Transmission Repair Ltd.**
**& Body Shop**

Specialize in Propane Repair & Body Shop



**Nindy Rao** (Manager)

Tel.: 780-434-9912 Fax: 780-434-6706
9504-62 Avenue Edmonton, AB. T6E 0C9

* Import & Domestic Repairs * Insurance Claims

**Gurpreet Singh Sohal** (B.E. Mech.)
Tel.: 780.935.2990



**Driver Instructor**
Professional Training
Class 4
Class 5 Basic
Class 5 Advance

**Lock Smith**
If:
→ Your Car is Locked
→ Your Car Need Boost

Please Call

Rental Car Available For Road Test (Dual Brake)

**BeLL**

STUCCO & RENOVATION

**Residential**
**Commertial**

ਰੈਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ ।

- ਹਰੇਕ ਕਿਸਮ ਦੀ ਰੈਨੋਵੇਸ਼ਨ
- ਸਾਇਡਿੰਗ ਸੋਫਟ, ਫੇਸਿਆ
- ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ

FACIA
SOCKET
RENOVATION

Call: ਅਮਰ (AMAR)
**780 271 2266** Fax: 780 463 7363

**rainbow**
copy & printing

P: (780) 461-6000
F (780) 450-2302
Toll Free: 1 866 461-6001

**PRINTING**
- Business Cards
- Flyers
- Weddings
- Brochures
- Posters
- Notepads
- Stationary

**COPYING**
- Photocopying
- Faxing
- Finishing
- Bindery
- Restorations

**DESIGN**
Call us and tell us what you want. Our talented and knowledgable staff will design it for you. After you approve it, we'll print it. It's that simple.



www.rainbowcopy.com
rainbow@rainbowcopy.com
Monday - Friday 9:00am - 6:00pm
Saturday 11:00am - 5:00pm

# Elite Driving School

Learn to drive with experienced,
caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

**19** Years Road Experience
15 Hours in Class Room
& 10 Hours in Car
Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.





**Gurmail Dhaliwal (Garry)**
**780-265-6990**



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca



## ‘ਨਵੀਂ ਦੁਨੀਆ’ ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ

*On the centenary commemoration of the Ghadr Party and movement, I would like to express my congratulations to all Indians part of the movement struggling for social and economic justice. The cold reality of oppression still manifests itself in our reality and to all those of the Ghadr Party, Progressive People’s Foundation and others, I express my solidarity and commitment to continue working alongside you to establish a real peace based on justice and equity for all people. Your role models are my role models as it is our values that define us more than our ethnicity. I’m proud to commemorate with you this historical period and remember all those who gave of themselves to build a better world for all.*

*In solidarity,*
*Rod Loyola*

**Webpage: www.rodloyola.ca**
**Twitter: @rod_loyola**
**Facebook: www.facebook.com/ElectRodLoyola**
**Cell : +1-780-293-8496**




# DASHMESH TIRE & LUBE



All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
Do Service on Remote Locations Including Weighing Scales
Vehicle Inpection By Certified Mechanics
ਲੌਂਗਹਾਲ, ਗਰੇਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਫਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।
Call: Manjit S.Khosa, Garry Dhaliwal
Ph: 780-298-1114, 780-993-4441
6609 34 St. Edmonton, Alberta.
Enough Parking Space

# ਨਵੀਂ ਦੁਨੀਆ ਦੀ ਪੰਜਾਬੀ ਅਦਬ ਵਿਚ ਨਵੀਂ ਪਹਿਲ

## ਨਵੀਂ ਦੁਨੀਆ ਪ੍ਰਕਾਸ਼ਨ

ਲੇਖਕ ਮਿਆਰੀ ਕਿਤਾਬਾਂ ਰਿਆਇਤੀ ਦਰਾਂ
'ਤੇ ਛਪਵਾਉਣ ਲਈ ਸੰਪਰਕ ਕਰਨ

ਫ਼ੋਨ : 780 465 9118
ਫ਼ੈਕਸ : 780 465 0661
Email : info@nawidunia.com

# STP ELECTRIC LTD.

stpelectric@hotmail.com
Offering Full Range of Electrical Services of



C. 780.984 2356
F. 780.463 6276
- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

# WILDROSE MASONARY & STONE WORKS

Commertial & Residential



Ph: 780 340 1400
Off: 780 450 1413
Fax: 780 490 4888
Dave Johal
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ



Culture Stone | Bricks
Blocks | Glass Blocks
email:wildrosemasonary@live.ca ✦ 1404-69th St. SW Edmonton, AB T6L 1L4

# HARRY`S EXCAVATING

PH: 780-918-2252

Specialist in :
Digging Basements & All Kind Of Services



ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।

# ਮੁਲਾਕਾਤ

Productions
ਟੀ. ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com



# NEW WAY

Stucco Ltd.
Quality work at reasonable rates.



We do Splash Dash Stucco and Acrylic. For free estimates call
(BALJIT) Ph.: (780)-708-1436, Fax: (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

# Moga Painting Company

Serving Since 1985
Experts in Interior & Exterior Paint



Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ
ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070

# GLOBAL MARKET DEVELOPMENT CORP.

We build Strategies

Business Plans from $900!

*Business Planning:*
To get bank financing or move your business to the next level get your Business Plan made with us.

*Strategic Planning:*
We provide strategic consulting including competition analysis.

Phone: (780) 707 3796 Email: gmdcorporation@gmail.com Website: www.gmdcorporation.com


'ਨਵੀਂ ਦੁਨੀਆ' ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ
CANADIAN MOSAIC ARTIST ASSOCIATION OF EDMONTON
Upinder Mathru
Singer (Chairman)
(780) 267 7740
Dev Maan
Singer & Actor (Culture Director)
(780) 893-6262
Laddi Padda
Singer (President)
(780) 667 6767
Laddi Soosawala j
Song Writer (Press Spokes Person)
(780) 297 6105
Gurdeep Johal
Singer (Vise President)
(780) 271 0069
ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਦੇ ਅਵਤਾਰ ਦਿਵਸ
ਅਤੇ ਨਵੇਂ ਸਾਲ
ਦੀਆਂ ਲੱਖ-ਲੱਖ
ਵਧਾਈਆਂ
Manminder Bassi
Singer (Cashier)
(780) 200 3900
Happy New Year
2014
Amrit Powar
Singer
(780) 655 4711
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ।
780-267-7740, 780-893-6262
Tawa Banta
Pawan Preet
Singer
(780) 200 9497
Satnam S. Virk
Lucky Diwana
Song Writer & Actor
(780) 862 8792
Baljit Singh Kalsi
Music Director
Raj Kamal
Gitarist
Jarnail Khaira
Song Writer
(780) 966 3024
Malik Dhadwal
Singer
Mewa Singh Brar
(780) 667-0059
Head Office: 9129 35 Avenue Northwest, Edmonton, AB T6E 5S3
SPONSORED BY
Fancy
DOORS & MOULDINGS LTD.
JELD-WEN WINDOWS & DOORS
Masonite
FALL SHOWCASE
CHECK OUT OUR QUALITY SELECTION
Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Alberta Location: 9129 - 35 Avenue, Edmonton, AB, T6E 5Y1
Ph: 780-432-7700
Fax: 780-432-7710 www.fancy-doors.com
Limited time offer.
Expires
November 31, 2012


Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ
ਜਾਇਦਾਦ ਖਰੀਦਣ ਜਾਂ
ਵੇਚਣ ਲਈ ਇੱਕ ਭਰੋਸੇਮੰਦ ਨਾਂ
'ਨਵੀਂ ਦੁਨੀਆ' ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ
Sales Representative
Harinder Hundal
M.Sc. Eco, M.B.A
50 SunnyVale Gate, Unit # 7,
Brampton, ON L6S 0C4


City Furnace Cleaning Ltd
Your Indoor Air Quality Specialist
We have certified, insured and
bonded Techinican's who clean :-
FURNACES
AIR DUCTS
HOT WATER TANKS
DRYER VENTS
AIR CONDITIONING COILS
Free Estimate
ਹਰਪ੍ਰੀਤ ਸਿੰਘ ਗਰੇਵਾਲ
'ਨਵੀਂ ਦੁਨੀਆ' ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ
For a free, none obligation quote please call
(780) 469-7202
ਭਾਵੇਂ ਤੁਸੀਂ ਨਵਾਂ ਘਰ ਬਣਾਇਆ ਹੈ ਜਾਂ ਆਪਣੇ
ਪੁਰਾਣੇ ਘਰ ਦਾ ਫਰਨਸ ਅਤੇ ਵਾਟਰ ਟੈਂਕ ਸਾਫ
ਕਰਵਾਉਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰੋ


'ਨਵੀਂ ਦੁਨੀਆ' ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ
Balkaran Singh Sidhu
Century 21
Platinum Realty
5620-104 Street
Edmonton, AB T6H 2K2
Bus : (780) 439-3300 Fax (780) 439-8766
Email : Balkaran@telus.net
ਨਵਾਂ ਜਾਂ ਪੁਰਾਣਾ ਘਰ ਜਾਂ ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ
ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ ਅੱਜ ਹੀ ਬਲਕਰਨ ਸਿੱਧੂ ਨੂੰ ਫ਼ੋਨ ਕਰੋ
Balkaran Singh Sidhu, Agent
Cell : (780) 951-9011


ਮਨਪ੍ਰੀਤ ਸਿੰਘ ਸਿੱਧੂ
ਜਸਬੀਰ ਗਿੱਲ
PHF
PUNJABI HERITAGE FOUNDATION
ਜਸਵਿੰਦਰ ਸਿੰਘ
ਗੁਰਪ੍ਰੀਤ ਵਿਰਕ
'ਨਵੀਂ ਦੁਨੀਆ' ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ
Preservation and Promotion of
Punjabi Folk Cultural
ਬਲਿਹਾਰ ਸਿੰਘ ਬੈਂਸ
ਪ੍ਰਮੇਸ਼ਵਰ ਜੋਤ ਸਿੰਘ
ਗੁਰਚਰਨ ਗਰਚਾ
ਮਨਜੀਤ ਸਿੰਘ
ਪੂਨਮ ਔਲਖ
ਕੁਲਵਿੰਦਰ ਔਲਖ
ਹਰਪ੍ਰੀਤ ਸਿੰਘ ਗਰੇਵਾਲ
ਅਰਮਨ ਸਿੰਘ ਬੈਂਸ

# ਤਲਵਿੰਦਰ ਦੇ ਤੁਰ ਜਾਣ ’ਤੇ

ਮੱਖਣ ਕੁਹਾੜ
+91-95013-65522
makhansinghkohar@gmail.com





*ਪੰਜਾਬੀ ਕਹਾਣੀ ਵਿਚ ਤਲਵਿੰਦਰ ਸਿੰਘ ਦਾ ਮੁਕਾਮ ਕਿਸੇ ਰਸਮੀ ਤੁਆਰਫ਼ ਦਾ ਮੁਹਤਾਜ ਨਹੀਂ ਹੈ। ਇਕ ਕਹਾਣੀਕਾਰ ਵਜੋਂ ਉਹਦੀ ਹੈਸੀਅਤ ਦਾ ਮੁਲਾਂਕਣ ਪੰਜਾਬੀ ਕਹਾਣੀ ਦੇ ਆਲੋਚਕ ਆਪਣੇ ਆਪਣੇ ਨਜ਼ਰੀਏ ਤੋਂ ਕਰਦੇ ਰਹੇ ਹਨ ਅਤੇ ਕਰਦੇ ਰਹਿਣਗੇ। ਪਰ ਤਲਵਿੰਦਰ ਦੀ ਜਥੇਬੰਧਕ ਸਮਰਥਾ ਦਾ ਵੀ ਕੋਈ ਜੁਆਬ ਨਹੀਂ ਸੀ। ਇਕ ਸੜਕ ਹਾਦਸੇ ’ਚ ਅਚਾਨਕ ਸਦਾ ਲਈ ਜੁਦਾ ਹੋ ਗਏ ਤਲਵਿੰਦਰ ਸਿੰਘ ਦੀ ਇਸ ਜਥੇਬੰਧਕ ਸਮਰਥਾ ਦਾ ਅਹਿਸਾਸ ਹੁਣ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੋ ਰਿਹਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀ ਲੀਡਰਸ਼ਿਪ ਇੰਨੀ ਦਿਨੀਂ ਤਲਵਿੰਦਰ ਤੋਂ ਬਗ਼ੈਰ ਆਪਣੇ ਆਪ ਨੂੰ ਬਹੁਤ ਇਕੱਲੀ ਮਹਿਸੂਸ ਕਰ ਰਹੀ ਹੈ। ਕਿਹੋ ਜਿਹਾ ਸੀ ਤਲਵਿੰਦਰ? ਕੀ ਸੀ ਉਸ ਦੀ ਬਹੁਪੱਖੀ ਪ੍ਰਤਿਭਾ ਦਾ ਕਾਰਨ? ਇਹਦੇ ਬਾਰੇ ਸਾਹਿਤਕ ਹਲਕਿਆਂ ਵਿਚ ਇਕ ਜਥੇਬੰਦਕ ਸਾਥੀ ਵਜੋਂ ਵਿਚਰਦੇ ਪੰਜਾਬੀ ਸ਼ਾਇਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਕਈ ਵਾਰ ਸਕੱਤਰ ਰਹਿ ਚੁੱਕੇ ਮੱਖਣ ਕੁਹਾੜ ਤੋਂ ਬਿਨਾਂ ਕੌਣ ਵਧੇਰੇ ਜਾਣ ਸਕਦਾ ਹੈ। ‘ਨਵੀਂ ਦੁਨੀਆ’ ਦੇ ਪਾਠਕਾਂ ਦੀ ਨਜ਼ਰ ਹੈ ਤਲਵਿੰਦਰ ਦੀ ਯਾਦ ਨੂੰ ਸਮਰਪਤ ਮੱਖਣ ਕੁਹਾੜ ਦਾ ਇਹ ਲੇਖ। – ਸੰਪਾਦਕ*

12 ਨਵੰਬਰ 2013 ਦੀ ਅੱਧੀ ਰਾਤ ਦਾ ਉਹ ਮਨਹੂਸ ਸਮਾਂ ਕਦੇ ਨਹੀਂ ਭੁੱਲਣਾ ਜਦ ਤਲਵਿੰਦਰ ਹਮੇਸ਼ਾ ਲਈ ਸਾਥੋਂ ਤੁਰ ਗਿਆ। ਵਕਤ ਨੇ ਬੇਵਜ੍ਹਾ ਹੀ ਇਕ ਵਧੀਆ ਗਲਪਕਾਰ ਤੇ ਹਰਮਨ ਪਿਆਰਾ ਦੋਸਤ ਮੌਤ ਦੇ ਵਿਕਰਾਲ ਗਰਭ ਵਿਚ ਸਮਾਅ ਦਿੱਤਾ। ਅਚਾਨਕ ਸਵੇਰੇ 4 ਵਜੇ ਹੀ ਫ਼ੋਨ ਖੜਕਣੇ ਸ਼ੁਰੂ ਹੋ ਗਏ। ਕਿਸੇ ਨੂੰ ਵੀ ਇਸ ਘਟਨਾ ਦਾ ਯਕੀਨ ਨਹੀਂ ਸੀ ਹੋ ਰਿਹਾ। ਐਸਾ ਕਾਰ ਹਾਦਸਾ ਜੋ ਪਤੀ-ਪਤਨੀ ਦੋਹਾਂ ਨੂੰ ਪਲਾਂ ਵਿਚ ਹੀ ਨਿਗਲ ਗਿਆ। ਨੂੰਹ ਤੇ ਪੁੱਤਰ ਨੂੰ ਅਤਿ ਗੰਭੀਰ ਕਰ ਗਿਆ। ਨੂੰਹ ਤਾਂ ਬੇਹੋਸ਼ੀ ’ਚੋਂ ਬਾਹਰ ਹੀ ਨਹੀਂ ਨਿਕਲੀ ਤੇ ਪੁਤਰ ਦੇ ਅੰਗਾਂ ਦੀਆਂ ਹੱਡੀਆਂ ਨੂੰ ਜੋੜ-ਤੋੜ ਨਾਲ ਫਿਰ ਤੋਂ ਕਾਇਮ ਕਰਨ ਲਈ ਡਾਕਟਰ ਯਤਨਸ਼ੀਲ ਨੇ।

ਤਲਵਿੰਦਰ ਇਕ ਵਧੀਆ ਕਹਾਣੀਕਾਰ ਸੀ। ਵਧੀਆ ਨਾਵਲਕਾਰ ਸੀ। ਉਹ ਗੱਲ ਨੂੰ ਕਹਿਣਾ ਜਾਣਦਾ ਸੀ। ਗਲਪ ਸਾਹਿਤ ਦੀ ਸ਼ਿਲਪਕਾਰੀ ਦਾ ਉਹ ਮਾਹਰ ਸੀ। ਉਸ ਨੇ ਸ਼ੁਰੂ ਵਿਚ ਹੀ ਆਪਣੀ ਕਹਾਣੀ ਕਲਾ ਦੀ ਧਾਕ ਜਮਾ ਦਿੱਤੀ। ਸਮੁੱਚੇ ਪੰਜਾਬੀ ਸਾਹਿਤ ਜਗਤ ਵਿਚ ਉਸ ਨੇ ਝੱਟ ਹੀ ਜਗਾ ਬਣਾ ਲਈ। ‘ਰਾਤ ਚਾਨਣੀ’, ‘ਵਿਚਲੀ ਔਰਤ’, ‘ਇਸ ਵਾਰ’, ‘ਕਾਲ ਚੱਕਰ’, ‘ਨਾਇਕ ਦੀ ਮੌਤ’ ਕਹਾਣੀ ਸੰਗ੍ਰਹਿ ਅਤੇ ਨਾਵਲ ‘ਲੋਅ ਹੋਣ ਤਕ’ ਤੇ ‘ਯੋਧੇ’ ਉਸ ਦੀਆਂ ਹੁਣ ਤੀਕ ਛਪੀਆਂ ਪੁਸਤਕਾਂ ਨਾਲ ਹੀ ਤੋਲਿਆ ਜਾਵੇ ਤਾਂ ਸਮੁੱਚਾ ਤਲਵਿੰਦਰ ਸਾਹਮਣੇ ਨਹੀਂ ਆ ਸਕਦਾ। ਉਹ ਬਹੁਤ ਕੁਝ ਹੋਰ ਵੀ ਸੀ। ਭਾਵੇਂ ਕਿ ਵਧੀਆ ਕਹਾਣੀਕਾਰ ਦੇ ਤੌਰ ’ਤੇ ਉਹ ਸਾਹਿਤ ਜਗਤ ਵਿਚ ਵਧੇਰੇ ਜਾਣਿਆ ਗਿਆ ਹੈ। ਕਹਾਣੀ ਬਾਰੇ ਤਾਂ ਐਨਾ ਹੀ ਹੈ ਕਿ ਉਸ ਦੀ ਕਹਾਣੀ ਕਲਾ ਵਿਚ ਐਸਾ ਹਰ ਉਹ ਗੁਣ ਮੌਜੂਦ ਸੀ ਜੋ ਇਕ ਸਫ਼ਲ ਕਹਾਣੀਕਾਰ ਵਿਚ ਹੋਣਾ ਚਾਹੀਦਾ ਹੈ। ਪ੍ਰਿੰ. ਸੁਜਾਨ ਸਿੰਘ, ਕੁਲਵੰਤ ਵਿਰਕ, ਸੰਤ ਸਿੰਘ ਸੇਖੋਂ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਆਦਿ ਦੀ ਪਹਿਲੀ ਪੀੜ੍ਹੀ ਦੀ ਕਲਾਤਮਕ ਯੁਗਤ ਨੂੰ ਹੋਰ ਅੱਗੇ ਤੋਰਨ ਵਾਲਾ ਉਹ ਨਵੀਂ ਪੀੜ੍ਹੀ ਦਾ ਸਿਰਕੱਢ ਲੇਖਕ ਸੀ। ਉਸ ਨੇ ਕਹਾਣੀ ਰਾਹੀਂ ਮਾਨਵ ਚੇਤਨਾ ਤੇ ਮਾਨਵੀ ਸਰੋਕਾਰਾਂ ਨੂੰ ਸਫ਼ਲਤਾ ਪੂਰਵਕ ਕੇਂਦਰ ਬਿੰਦੂ ਬਣਾਇਆ। ਮਨੁੱਖ ਦੀ ਹਰ ਤਰਾਸਦੀ ਨੂੰ ਉਸ ਨੇ ਕਹਾਣੀ ਦੇ ਕਲਾਵੇ ਵਿਚ ਲਿਆਂਦਾ। ਉਖੜ ਰਹੇ, ਬਦਲ ਰਹੇ, ਟੁੱਟ ਰਹੇ, ਬਣ ਰਹੇ, ਚਕਾਚੌਂਧ ਹੋ ਰਹੇ, ਤਰਲੋ ਮੱਛੀ ਹੋ ਰਹੇ, ਆਪਣੀ ਪਛਾਣ ਲਈ ਜੂਝ ਰਹੇ, ਸਮਾਜਕ ਤਬਦੀਲੀ ਦੀ ਸਾਰਥਕ ਪਹੁੰਚ ਅਪਣਾ ਰਹੇ, ਮੂਲਵਾਦ ਵਿਚ ਫਸ ਰਹੇ, ਮੂਲਵਾਦ ’ਚੋਂ ਉਭਰ ਰਹੇ, ਨਵੇਂ ਦਿਸ ਹੱਦੇ ਸਥਾਪਤ ਕਰ ਰਹੇ ਤੇ ਆਪਣੀਆਂ ਹੀ ਸੋਚਾਂ ਦੀ ਘੁੰਮਣ ਘੇਰੀ ਵਿਚ ਫਸ ਰਹੇ ਮਾਨਵੀ ਸੰਦਰਭਾਂ ਦੀ ਉਸ ਨੇ ਐਸੀ ਬਾਤ ਪਾਈ ਕਿ ਪਾਠਕ ਨੂੰ ਆਪਣੇ ਅੰਤਰੀਵ ’ਚ ਝਾਕਣ ਲਈ ਮਜਬੂਰ ਕਰ ਦਿੱਤਾ। ਬਦਲ ਰਹੇ ਸਮਾਜਕ ਰਿਸ਼ਤਿਆਂ ਵਿਚ ਔਰਤ ਦੀ ਦਿਸ਼ਾ ਤੇ ਭਾਈਚਾਰਕ ਸਾਂਝਾਂ ਦਾ ਬਿਖਰਨਾ, ਅੱਤਵਾਦ, ਵੱਖਵਾਦ, ਮਨ ਵਿਚ ਪੈਦਾ ਹੁੰਦੇ ਤੇ ਨਾਲੋ ਨਾਲ ਦਬਾਏ ਜਾਂਦੇ ਜਜ਼ਬਾਤ, ....। ਬਹੁਤ ਕੁਝ ਹੈ ਉਸ ਦੀਆਂ ਕਹਾਣੀਆਂ ਵਿਚ, ਉਸ ਦੀਆਂ ਰਚਨਾਵਾਂ ਵਿਚਲਾ ਉਸ ਦਾ ਵਿਸ਼ਲੇਸ਼ਣ ਪੰਜਾਬੀ ਦੇ ਪਾਠਕ ਲਗਾਤਾਰ ਕਰਦੇ ਰਹਿਣਗੇ। ਨਵੇਂ ਖੋਜਕਾਰਾਂ ਤੇ ਦਾਰਸ਼ਨਿਕਾਂ ਨੂੰ ਤਲਵਿੰਦਰ ਦੀਆਂ ਕਹਾਣੀਆਂ ਦੇ ਅਸਗਾਹ ਸਾਗਰ ’ਚੋਂ ਸੁੱਚੇ ਮੋਤੀ ਚੁਗਣ ਦਾ ਹੋਰ ਹੋਰ ਮੌਕਾ ਮਿਲਦਾ ਰਹੇਗਾ।

ਸੱਚ ਤਾਂ ਇਹ ਹੈ ਕਿ ਤਲਵਿੰਦਰ ਸਿਰਫ਼ ਕਹਾਣੀਕਾਰ ਹੀ ਨਹੀਂ ਸੀ, ਉਹ ਬਹੁਤ ਕੁਝ ਹੋਰ ਵੀ ਸੀ। ਉਹ ਜੇਹਾ ਲਿਖਦਾ ਸੀ ਤੇਹਾ ਜਿਉਂਦਾ ਵੀ ਸੀ। ਜੇਹੋ ਜਿਹਾ ਉਹ ਬਾਹਰੋਂ ਸੀ, ਉਹੋ ਜਿਹਾ ਹੀ ਅੰਦਰੋਂ ਸੀ। ਉਸ ਦੀ ਕਹਿਣੀ ਤੇ ਕਰਨੀ ਵਿਚ ਅੰਤਰ ਨਹੀਂ ਸੀ। ਉਹ ਇਕ ਕਰਮਯੋਗੀ ਯੋਧਾ ਸੀ। ਕੰਮ ਵਿਚ ਵਿਸ਼ਵਾਸ ਕਰਨ ਵਾਲਾ। ਉਹ ਨਿਰੰਤਰ ਕੰਮ ਵਿਚ ਮਗਨ ਰਹਿੰਦਾ ਸੀ। ਹਰ ਪਲ ਕੁਝ ਨਾ ਕੁਝ ਲਿਖਦਾ, ਕੁਝ ਨਾ ਕੁਝ ਸੋਚਦਾ, ਕੁਝ ਨਾ ਕੁਝ ਕਰਦਾ। ਐਸੇ ਇਨਸਾਨ ਵਿਰਲੇ ਹੀ ਹੁੰਦੇ ਹਨ। ਤਲਵਿੰਦਰ ਦਾ ਨਜ਼ਰੀਆ ਵਿਗਿਆਨਕ ਸੀ। ਉਹ ਸਮਾਜ ਦੇ ਜਮਾਤੀ ਫ਼ਲਸਫ਼ੇ ਤੋਂ ਵਾਕਿਫ਼ ਸੀ ਤੇ ਇਸ ਨੂੰ ਤਬਦੀਲ ਕਰਨ ਲਈ ਉਹ ਯਤਨਸ਼ੀਲ ਵੀ ਸੀ। ਏਸੇ ਲਈ ਉਹ ਹਰ ਐਸੀ ਲਹਿਰ ਦੇ ਸਦਾ ਰੂਬਰੂ ਰਹਿੰਦਾ ਸੀ ਜੋ ਵੀ ਸਮਾਜਕ ਤਬਦੀਲੀ ਵੱਲ ਸੇਧਤ ਹੋਵੇ। ਉਹ ਹੱਕ ਮੰਗਦੇ ਕਿਰਤੀਆ ਨਾਲ ਖਲੋਂਦਾ ਸੀ। ਉਹ ਹਰ ਦੁਖੀ ਇਨਸਾਨ ਦੇ ਨਾਲ ਹਮਦਰਦੀ ਰੱਖਦਾ ਸੀ, ਜੋ ਇਸ ਨਿਜ਼ਾਮ ਦੀ ਬਣਤਰ ਕਾਰਨ ਦੁੱਖ ਝੱਲ ਰਿਹਾ ਹੈ। ਉਹ ਸਮਾਜਕ ਤਬਦੀਲੀ ਲਈ ਯਤਨਸ਼ੀਲ ਲਹਿਰਾਂ ਨੂੰ ਇਕਮੁੱਠ ਕਰਨਾ ਲੋੜਦਾ ਸੀ। ਉਸ ਦੀ ਇਹ ਵਿਗਿਆਨਕ ਪਹੁੰਚ ਸੀ ਕਿ ਕੋਈ ਵੀ ਵਿਚਾਰਧਾਰਾ ਚਾਹੇ ਉਹ ਕਿੰਨੀ ਵੀ ਵਧੀਆ ਹੋਵੇ, ਉਹ ਸਾਂਝੇ ਉਪਰਾਲਿਆਂ ਨਾਲ ਹੀ ਅੱਗੇ ਵੱਧ ਸਕਦੀ ਹੈ। ਏਸੇ ਹੀ ਕਰ ਕੇ ਉਹ ਕਲਮਾਂ ਨੂੰ ਇਕਮੁੱਠ ਕਰਨ ਦਾ ਪੱਕਾ ਧਾਰਨੀ ਸੀ।

ਆਪਣੇ ਸ਼ਹਿਰ ਦੇ ਲੇਖਕਾਂ ਦੇ ਸਾਂਝੇ ਮੰਚ ‘ਜਨਵਾਦੀ ਲੇਖਕ ਸੰਘ’ ਤੋਂ ਲੈ ਕੇ ਸਮੁੱਚੇ ਸੰਸਾਰ ਦੇ ਪੰਜਾਬੀ ਲੇਖਕਾਂ ਨੂੰ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਅਧੀਨ ਇਕਮੁੱਠ ਕਰਨ ਲਈ ਉਸ ਨੇ ਪੂਰੀ ਵਾਹ ਲਾਈ। ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਜੋ ਮੇਰੇ ਜ਼ਿਲ੍ਹੇ ਗੁਰਦਾਸਪੁਰ ਦੀਆਂ ਸਾਰੀਆਂ ਸਰਗਰਮ ਸਾਹਿਤ ਸਭਾਵਾਂ ਨੂੰ ਇਕੁਮੱਠ ਕਰ ਕੇ ਬਣਾਇਆ ਗਿਆ, ਕੇਂਦਰ ਸੀ, ਉਸੇ ਦੀ ਹੀ ਸੋਚ ਤੇ ਯਤਨਾਂ ਦਾ ਸਿੱਟਾ ਸੀ। ਕੇਂਦਰੀ ਪੰਜਾਬੀ ਲੇਖਕ ਸਭਾ ਵਿਚ ਵੀ ਉਹ ਲਗਾਤਾਰ ਸਰਗਰਮ ਰਿਹਾ। ਉਹ ਚਾਹੇ ਅਹੁਦੇਦਾਰ ਦੇ ਰੂਪ ਵਿਚ ਸੀ ਜਾਂ ਕਾਰਜਕਾਰਨੀ ਮੈਂਬਰ ਦੇ ਰੂਪ ਵਿਚ ਉਸ ਨੇ ਇਸ ਦੇ ਹਰ ਫ਼ੈਸਲੇ ਨੂੰ ਘੜਨ ਤੇ ਉਸ ਨੂੰ ਲਾਗੂ ਕਰਨ ਲਈ ਹਮੇਸ਼ਾ ਪੂਰੀ ਵਾਹ ਲਾਈ। ਇਹ ਇਕ ਸਚਾਈ ਹੈ ਕਿ ਕਾਰਜਕਾਰੀ ਮੈਂਬਰ ਹੁੰਦਿਆਂ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਸ਼ਾਇਦ ਹੀ ਕੋਈ ਐਸੀ ਮੀਟਿੰਗ ਹੋਵੇਗੀ, ਜਿਸ ਵਿਚ ਉਹ ਸ਼ਾਮਲ ਨਾ ਹੋਇਆ ਹੋਵੇ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਹਰ ਕਾਰਜ ਵਿਚ ਉਸ ਦੀ ਅਹਿਮ ਭੂਮਿਕਾ ਰਹੀ। ਹੁਣ ਜਦ ਕਿ ਉਹ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਜਨਰਲ ਸਕੱਤਰ ਸੀ, ਤਦ ਉਸ ਨੇ ਇਸ ਸੰਸਥਾ ਨੂੰ ਫਿਰ ਤੋਂ ਪੈਰਾਂ ਸਿਰ ਖੜ੍ਹੇ ਕਰ ਦਿੱਤਾ। ਬਲਦੇਵ ਸਿੰਘ ਸੜਕਨਾਮਾ ਤੇ ਹੋਰ ਸਾਰੇ ਚੁਣੇ ਤੇ ਕਾਰਜਕਾਰੀ ਮੈਂਬਰਾਂ ਤੇ ਕੇਂਦਰੀ ਸਭਾ ਨਾਲ ਜੁੜੇ ਹੋਰ ਲੇਖਕਾਂ ਦੀ ਸਮੁੱਚੀ ਟੀਮ ਨੂੰ ਨਾਲ ਲੈ ਕੇ ਉਹ ਰਾਤ ਦਿਨ ਤੁਰਿਆ ਰਹਿੰਦਾ ਸੀ। ਚਲੋ ਚਲ, ਚਲੋ ਚਲ। ਹੁਣ ਉਸ ਨੇ ਸਰਕਾਰ ਤੇ ਆਮ ਪੰਜਾਬੀਆਂ ਨੂੰ ਫੇਰ ਤੋਂ ਇਹ ਦਰਸਾ ਦਿੱਤਾ ਸੀ ਕਿ ਪੰਜਾਬ, ਪੰਜਾਬੀ, ਪੰਜਾਬੀਅਤ ਲਈ ਕੰਮ ਕਰਨ ਵਾਲੀ ਇਸ ਧੜੱਲੇਦਾਰ ਸੰਸਥਾ ਦੇ ਅਕੀਦਿਆਂ ਨੂੰ ਅਣਗੌਲੇ ਨਹੀਂ ਕੀਤਾ ਜਾ ਸਕਦਾ। ਪੰਜਾਬੀ ਭਾਸ਼ਾ ਤੇ ਸਭਿਆਚਾਰ ਪ੍ਰਤੀ ਤਲਵਿੰਦਰ ਬਹੁਤ ਚਿੰਤਾਤੁਰ ਸੀ। ਪੰਜਾਬੀ ਭਾਸ਼ਾ ਨਾਲ ਹੋ ਰਹੇ ਵਿਤਕਰੇ ਨੂੰ ਦੂਰ ਕਰਾਉਣ ਤੇ ਨਵੇਂ ਰਾਜ ਭਾਸ਼ਾ ਐਕਟ 2008 ਵਿਚ ਸਜ਼ਾ ਦੀ ਧਾਰਾ ਸ਼ਾਮਲ ਕਰਾਉਣ ਲਈ ਸਮੁੱਚੇ ਪੰਜਾਬੀ ਲੇਖਕਾਂ ਤੇ ਸਮੂਹ ਪੰਜਾਬੀ ਹਿਤੈਸ਼ੀਆਂ ਨੂੰ ਇਕ ਮੁੱਠ ਤੇ ਸਰਗਰਮ ਕਰ ਰਿਹਾ ਸੀ। ਉਹ ਸਭ ਨੂੰ ਨਾਲ ਲੈਕੇ ਤੁਰਦਾ ਸੀ। 6 ਅਕਤੂਰ 2013 ਨੂੰ ਚੜੀਗੜ੍ਹ ਦਾ ਲੇਖਕ ਧਰਨਾ ਉਸ ਦੇ ਯਤਨਾਂ ਸਦਕਾ ਹੀ ਇਕ ਇਤਿਹਾਸਕ ਘਟਨਾ ਬਣਿਆ। ਹੁਣ ਦਸੰਬਰ ਵਿਚ ਬਹੁਤ ਵੱਡੀ ਪੰਜਾਬੀ ਭਾਸ਼ਾ ਕਨਵੈਕਨਸ਼ਨ ਕਰ ਕੇ ਸਮੂਹ ਰਾਜਨੀਤਕ ਪਾਰਟੀਆਂ, ਲੋਕਪੱਖੀ ਸੰਸਥਾਵਾਂ, ਲੇਖਕਾਂ ਤੇ ਆਮ ਲੋਕਾਂ ਨੂੰ ਨਾਲ ਲੈ ਕੇ ਪੰਜਾਬੀ ਭਾਸ਼ਾ ਨੂੰ ਸਾਰੇ ਸਕੂਲੀਂ, ਦਫ਼ਤਰੀ, ਅਦਾਲਤ ਤੇ ਹੋਰ ਹਰ ਖੇਤਰ ਵਿਚ ਲਾਗੂ ਕਰਾਉਣ ਦਾ ਵੱਡਾ ਸਾਂਝਾ ਹੰਭਲਾ ਮਾਰਨ ਜਾ ਰਿਹਾ ਸੀ, ਜਦ ਮੌਤ ਨੇ ਉਸ ਨੂੰ ਖੋਹ ਲਿਆ। ਕੇਂਦਰੀ ਪੰਜਾਬੀ ਲੇਖਕ ਸਭਾ ਨੂੰ ਉਸ ਦੀ ਸਦੀਵੀ ਘਾਟ ਪਈ ਹੈ। ਇਹ ਘਾਟ ਪੂਰਨੀ ਕਠਿਨ ਹੈ। ਉਹ ਦੂਜਾ ‘ਰਵੀ’ ਬਣ ਕੇ ਉਭਰਿਆ ਸੀ। ਹਰ ਸਾਹਿਤ ਸਭਾ ਦਾ ਉਹ ਆਸਰਾ ਸੀ, ਰਹਿਨੁਮਾ ਸੀ। ਹਰ ਲੇਖਕ ਦਾ ਉਹ ਸਹਾਰਾ ਸੀ। ਹਰ ਲੇਖਕ ਨੂੰ ਹੋਰ-ਹੋਰ ਲਿਖਣ ਲਈ ਪ੍ਰੇਰਦਾ ਸੀ, ਉਸ ਦੀਆਂ ਪੁਸਤਕਾਂ ਛਾਪਣ ਵਿਚ ਮਦਦ ਕਰਦਾ ਸੀ।

ਕਦੇ ਡਲਹੌਜੀ ਸਾਹਿਤਕ ਗੋਸ਼ਟੀ, ਕਦੇ ਜੰਮੂ ਕਦੇ ਸ੍ਰੀਨਗਰ, ਕਦੇ ਕਲਕੱਤੇ, ਕਦੇ ਕਿਤੇ, ਕਦੇ ਕਿਤੇ ਸਾਹਿਤਕ ਗੋਸਟੀਆਂ ਤੇ ਕਵੀ ਦਰਬਾਰ, ਵਿਚਾਰ ਚਰਚਾ ਕਰਾਉਣ ਦੇ ਕਾਰਜ ਨੂੰ ਤਲਵਿੰਦਰ ਇਕ ਸ਼ੌਕ ਵਜੋਂ ਲੈਂਦਾ ਸੀ। ਅੰਮ੍ਰਿਤਸਰ ਵਿਚ ਤਾਂ ਸ਼ਾਇਦ ਹੀ ਕੋਈ ਮਹੀਨਾ ਐਸਾ ਹੋਵੇਗਾ ਜਦ ਉਸ ਨੇ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਕੋਈ ਨਾ ਕੋਈ ਸਮਾਗਮ ਨਾ ਕੀਤਾ ਹੋਵੇ। ਬਹੁਤ ਹੀ ਕਠਿਨ ਹੈ ਉਸ ਦੀ ਘਾਟ ਪੂਰੀ ਕਰਨਾ। ਉਸ ਦੇ ਜਾਣ ਨਾਲ ਪਿਆ ਖੱਪਾ ਪੂਰਨਾ ਬਹੁਤ ਅਸੰਭਵ ਲਗਦਾ ਹੈ। ਪੰਜਾਬੀ ਚੇਤਨਾ ਮਾਰਚ ਨਾਲ ਉਹ ਸਾਰੇ ਪੰਜਾਬ, ਹਰਿਆਣਾ, ਹਿਮਾਚਲ ਵਿਚ ਪੰਜਾਬੀ ਪਿਆਰਿਆਂ ਤੇ ਸਾਹਿਤ ਪ੍ਰੇਮੀਆਂ ਨੂੰ ਚੇਤਨ ਕਰਨ ਵਿਚ ਸਫ਼ਲ ਰਿਹਾ। 21 ਫ਼ਰਵਰੀ ਦੇ ਅੰਤਰਰਾਸ਼ਟਰੀ ਭਾਸ਼ਾ ਦਿਵਸ ਬਾਰੇ ਸਮੂਹ ਪੰਜਾਬੀਆਂ ਨੂੰ ਚੇਤੇ ਕਰਾਉਣਾ ਉਸੇ ਦਾ ਹੀ ਕਮਾਲ ਸੀ। ਉਹ ਜਿੰਨਾ ਭਾਰਤੀ ਪੰਜਾਬੀ ਲੇਖਕਾਂ ਵਿਚ ਹਰਮਨ ਪਿਆਰਾ ਸੀ, ਓਨਾ ਹੀ ਪਾਕਿਸਤਾਨੀ ਪੰਜਾਬੀ ਲੇਖਕਾਂ ਵਿਚ ਮਕਬੂਲ ਸੀ। ਪਾਕਿਸਤਾਨ ਸਰਹੱਦ ਲੰਘਣਾ ਉਸ ਲਈ ਅੰਮ੍ਰਿਤਸਰ ਤੋਂ ਜਲੰਧਰ ਜਾਣ ਵਰਗਾ ਸੀ। ਸੀਮਾ ਪਾਰ ਦੇ ਪੰਜਾਬੀ ਲੇਖਕਾਂ ਦੀਆਂ ਚੰਗੀਆਂ ਪੁਸਤਕਾਂ ਗੁਰਮੁਖੀ ਲਿੱਪੀ ਵਿਚ ਛਾਪ ਕੇ ਉਹ ਨਰੋਏ ਸਾਹਿਤ ਨੂੰ ਆਮ ਪਾਠਕਾਂ ਤੀਕ ਲਿਜਾਣ ਦੇ ਉਪਰਾਲੇ ਵਿਚ ਹਮੇਸ਼ਾ ਜੁੱਟਿਆ ਰਹਿੰਦਾ ਸੀ। ਉਸ ਨੇ ਇਕ ਐਸਾ ਕਾਇਦਾ ਤਿਆਰ ਕੀਤਾ ਜੋ ਸ਼ਾਹਮੁਖੀ ਵਾਲੇ ਨੂੰ ਗੁਰਮੁਖੀ ਤੇ ਗੁਰਮੁਖੀ ਵਾਲੇ ਨੂੰ ਸ਼ਾਹਮੁਖੀ ਸਿਖਾਉਣਾ ਬਹੁਤ ਸੁਖਾਲਾ ਕਰਦਾ ਸੀ। ਕਿੰਨੇ ਹੀ ਲੋਕਾਂ ਨੇ ਉਸ ਦੇ ਇਸ ਉਪਰਾਲੇ ਨਾਲ ਏਧਰ ਉਰਦੂ ਤੇ ਓਧਰ ਪੰਜਾਬੀ ਲਿੱਪੀ ਸਿੱਖ ਲਈ ਸੀ। ਅਜੇ ਉਸ ਕੋਲ ਏਸ ਬਾਰੇ ਹੋਰ ਵੀ ਵੱਡੇ ਸੁਪਨੇ ਸਨ।

ਤਲਵਿੰਦਰ ਯਾਰਾਂ ਦਾ ਯਾਰ ਸੀ। ਇਕ ਸੱਚਾ ਸੁੱਚਾ ਤੇ ਜ਼ਿੰਦਾ ਦਿਲ ਇਨਸਾਨ। ਮੈਂ ਕਹਾਂ ਕਿ ਉਹ ਸਿਰਫ ਮੇਰਾ ਹੀ ਜਿਗਰੀ ਦੋਸਤ ਸੀ ਤਾਂ ਓਸ ਦੀ ਸਾਰਥਕ ਦੋਸਤੀ ਦੀ ਪਹੁੰਚ ਨਾਲ ਮੈਂ ਇਨਸਾਫ਼ ਨਹੀਂ ਕਰ ਸਕਾਂਗਾ। ਹਾਂ ਉਹ ਮੇਰਾ ਪਰਿਵਾਰਕ ਦੋਸਤ ਸੀ। ਮੇਰੀ ਰਿਸ਼ਤੇਦਾਰੀ ਵਿਚ ਮੇਰੇ ਵਾਂਗ ਵਿਚਰਿਆ ਸੀ। ਮੇਰਾ ਤਾਂ ਉਹ ਦਿਲ ਦਾ ਜਾਨੀ ਸੀ। ਹਰ ਗੱਲ ਹਰ ਨਿੱਕੇ ਨਿੱਕੇ ਫ਼ੈਸਲੇ ਵੇਲੇ ਉਹ ਮੇਰੀ ਸਲਾਹ ਲੈਂਦਾ ਸੀ। ਮੈਂ ਉਸ ਦੀ ਸਲਾਹ ਲੈਂਦਾ ਸੀ ਤੇ ਫੇਰ ਉਸ ਸਲਾਹ ਨੂੰ ਹੋਰ ਨੇੜਲੇ ਸਬੰਧੀਆਂ ਨਾਲ ਵੀ ਸਾਂਝਾ ਕਰਦਾ ਸੀ। ਗੰਭੀਰ ਗੱਲਾਂ ਕਰਦਿਆਂ ਉਹ ਕਦੇ ਭਾਵੁਕ ਨਹੀਂ ਸੀ ਹੁੰਦਾ। ਕਦੇ ਹਕੀਕਤਾਂ ਦਾ ਪੱਲੂ ਨਹੀਂ ਸੀ ਛੱਡਦਾ। ਜਿਸ ਵੀ ਮਹਿਫ਼ਲ ਵਿਚ ਉਹ ਜਾਂਦਾ ‘ਫੁੱਲ ਖਿੜ’ ਜਾਂਦੇ। ਸ਼ਾਇਦ ਤਾਂ ਹੀ ਉਸ ਦਾ ਪਹਿਲਾ ਨਾਮ ‘ਤਲਵਿੰਦਰ ਸਿੰਘ ਫੁੱਲ’ ਹੀ ਸੀ। ਹਾਸਾ ਮਜ਼ਾਕ ਤੇ ਚੁਟਕਲਿਆਂ ਨਾਲ ਉਹ ਸਭ ਨੂੰ ਧੁਰ ਅੰਦਰ ਤਕ ਖੁਸ਼ ਕਰ ਦੇਂਦਾ ਸੀ। ਹਾਸਿਆਂ ਖੇੜਿਆਂ ਦਾ ਇਹ ਭੰਡਾਰਾ, ਯਾਰਾਂ ਦਿਲਦਾਰਾਂ ਲਈ ਮੀਤ ਪਿਆਰਾ ਹੁਣ ਕੀ ਸੱਚਮੁਚ ਤਲਵਿੰਦਰ ਕਦੇ ਨਹੀਂ ਮਿਲੇਗਾ, ਯਕੀਨ ਕਰਨਾ ਸੰਭਵ ਨਹੀਂ ਲਗਦਾ।

ਤਲਵਿੰਦਰ ਐਸਾ ਸ਼ਖ਼ਸ ਸੀ ਜਿਸ ਦੀ ਮੌਤ ਨਾਲ ਹਰ ਕਿਸੇ ਨੇ ਡਾਹਢੇ ਹੰਝੂ ਕੇਰੇ ਨੇ। ਫੇਸਬੁੱਕ, ਐਸ.ਐਮ.ਐਸ., ਫੋਨ, ਈਮੇਲ, ਸਾਰੇ ਸੰਸਾਰ ਵਿਚ ਉਸ ਦੀ ਮੌਤ ਦੀ ਖ਼ਬਰ ਮਿੰਟਾਂ ਵਿਚ ਪੁੱਜ ਗਈ। ਦੁਨੀਆ ਦੇ ਸਾਰੇ ਸਾਹਿਤ ਪ੍ਰੇਮੀ ਝੰਜੋੜੇ ਗਏ। ਬੱਚੇ ਤੋਂ ਬਜ਼ੁਰਗ ਤੀਕ। ਉਸ ਦੀ ਯਾਦ ਤੇ ਹੰਝੂ ਜਿਵੇਂ ਹਮਸਫ਼ਰ ਹੋ ਗਏ ਨੇ। ਮੈਂ ਕਨੇਡਾ ਕਿਰਤਮੀਤ ਸਿੰਘ ਕੋਲ ਐਡਮਿੰਟਨ ਸਾਂ ਜਦ ਸ਼ਾਮੀ 5 ਵਜੇ (ਭਾਰਤ ਦੇ ਸਾਢੇ ਪੰਜ ਵਜੇ ਸਵੇਰੇ) ਸੁਲੱਖਣ ਸਰਹੱਦੀ ਤੇ ਹੋਰਾਂ ਰਾਹੀਂ ਫੇਸਬੁੱਕ ’ਤੇ ਮਿਲਿਆ ਸੁਨੇਹਾ ਕਿਰਤਮੀਤ ਤੋਂ ਮਿਲਿਆ। ਗ਼ਦਰ ਸ਼ਤਾਬਦੀ ਸਮਾਰੋਹ ’ਚ ਸ਼ਿਕਰਤ ਕਰਨ ਆਏ ਮੰਗਤ ਰਾਮ ਪਾਸਲਾ ਜੀ, ਸੁਖਦੇਵ ਸਿਰਸਾ, ਨਵਤੇਜ, ਜਸਬੀਰ ਦਿਓਲ, ਜੋਗਿੰਦਰ ਰੰਧਾਵਾ, ਬਖ਼ਸ਼ ਸੰਘਾ ਸਭ ਮੇਰੇ ਕੋਲ ਸਨ। ਅੱਖਾ ਨਮ ਕਰੀ ਬੈਠੇ ਰਹੇ। ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਦੇ ਮੈਂਬਰ ਹਿਰਖ ਕਰਨ ਲੱਗੇ। ਬੜੇ ਹੀ ਦੋਸਤਾਂ ਨੇ ਰੋ ਰੋ ਕੇ ਫ਼ੋਨ ਕੀਤੇ। ਕਿੰਨਾ ਹੀ ਚਿਰ ਕੁਝ ਬੋਲਿਆ ਨਾ ਗਿਆ। ਅੰਮ੍ਰਿਤਸਰ ਦੀਪ ਦਵਿੰਦਰ, ਦੇਵ ਦਰਦ ਨੂੰ ਫ਼ੋਨ ਕੀਤਾ ਫ਼ੋਨ ਮਿਲ ਨਹੀਂ ਰਹੇ ਸਨ। ਕੀ ਤੇ ਕਿਵੇਂ ਹੋਇਆ ਕੁਝ ਪਤਾ ਨਹੀਂ ਸੀ ਲੱਗ ਰਿਹਾ। ਉਸ ਦੀ ਪਤਨੀ ਬਲਵਿੰਦਰ, ਬੇਟਾ ਸੁਮੀਤ ਤੇ ਨੂੰਹ ਦਾ ਕੀ ਬਣਿਆ ਹੈ। ਮੈਂ ਆਪਣੇ ਸਾਂਝੇ ਸਾਥੀ ਹਜ਼ਾਰਾ ਸਿੰਘ ਚੀਮਾ ਨੂੰ ਸਾਰੀ ਗੱਲ ਦਾ ਪਤਾ ਕਰਨ ਭੇਜਿਆ। ਕੋਈ ਸੋਚ ਸਕਦਾ ਹੈ ਇਕ ਜਿਗਰੀ ਦੋਸਤ ਤੇ ਹਮਸਫ਼ਰ ਨਾਲ ਐਸੀ ਹਾਲਤ ਵਿਚ ਕੀ ਬੀਤ ਸਕਦੀ ਹੈ। ਮੇਰੇ ਨਾਲੇ ਇਵੇਂ ਹੀ ਬੀਤਿਆ। ਮੇਰਾ ਉਸ ਨਾਲ ਪਿਛਲੇ ਤੀਹ ਸਾਲ ਤੋਂ ਵਾਸਤਾ ਸੀ। ਡਾ. ਸੁਰਿੰਦਰ ਸ਼ਾਂਤ, ਸੁਭਾਸ਼ ਕਲਾਕਾਰ, ਜਸਵੰਤ ਹਾਂਸ, ਦੀਪਤੀ, ਦੇਵ ਦਰਦ ਸਾਹਿਤ ਸਭਾਵਾਂ ਵਿਚ ਵਿਚਰਨ ਤੋਂ ਹੀ ਸਾਡੀ ਸਾਂਝ ਬਣੀ ਤੇ ਫਿਰ ਸਦੀਵੀ ਹੋ ਗਈ। ਜਨਵਾਦੀ ਪ੍ਰਕਾਸ਼ਨ ਪੰਚ ਬਣਾ ਕੇ ਸਾਂਝੇ ਤੌਰ ’ਤੇ ਪੁਸਤਕਾਂ ਛਾਪ ਕੇ ਘਰ ਘਰ ਪਹੁੰਚਾਉਣ ਦਾ ਉਪਰਾਲਾ ਵੀ ਉਸੇ ਦੇ ਯਤਨਾਂ ਨਾਲ ਸੰਭਵ ਹੋਇਆ ਸੀ। ਮੇਰੇ ਰਿਸ਼ਤੇਦਾਰ ਸਾਰੇ ਹੀ ਉਸ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਅਸੀਂ ਹਰ ਦੁੱਖ-ਸੁੱਖ ਵੇਲੇ ਪਰਿਵਾਰਾਂ ਵਿਚ ਸਾਂਝੇ ਵਿਚਰਦੇ ਸਾਂ। ਉਸ ਦੀ ਕਹਾਣੀ ‘ਵਾਰਸ’ ਜਦ ਛਪੀ ਤਾਂ ਉਸ ਦੀਆਂ ਬਹੁਤ ਪੁਸਤਕਾਂ ਲੋਕਾਂ ਨੇ ਖੜੀਆਂ ਤੇ ਪੜ੍ਹੀਆਂ। ‘ਵਾਰਸ’ ਕਹਾਣੀ ਵਾਲਾ ਤਲਵਿੰਦਰ ਕਹਿ ਕੇ ਸ਼ੁਰੂ ਸ਼ੁਰੂ ਵਿਚ ਸਾਰੇ ਲੋਕ ਪਛਾਣ ਕਰਾਉਂਦੇ ਹੁੰਦੇ ਸਨ। ਜ਼ਿਲ੍ਹਾ ਗੁਰਦਾਸਪੁਰ ਤੇ ਅੰਮ੍ਰਿਤਸਰ ਦੀਆਂ ਸਾਹਿਤ ਸਭਾਵਾਂ ਦਾ ਤਾਂ ਉਹ ਉਚੇਚਾ ਸ਼ਿੰਗਾਰ ਹੁੰਦਾ ਸੀ। ਸਭਾਵਾਂ ਦੀ ਜ਼ਿੰਦ ਜਾਨ। ਐਸਾ ਸਾਰੇ ਪੰਜਾਬ ਵਿਚ ਵੀ ਸੀ। ਦੁਨੀਆ ਦੇ ਪੰਜਾਬੀ ਪ੍ਰੇਮੀਆਂ ਤੇ ਲੇਖਕਾਂ ਵਿਚ ਦੋਸਤਾਂ ਵਾਂਗ ਜਾਣਿਆ ਜਾਂਦਾ ਸੀ। ਉਸ ਦਾ ਜਦ ਉਸ ਦੀ ਪਤਨੀ ਨਾਲ ਇਕੱਠਿਆਂ ਸਸਕਾਰ ਕੀਤਾ ਤਾਂ ਕੀ ਬਲਦੇਵ ਸਿੰਘ ਸੜਕਨਾਮਾ, ਕੀ ਹਰਭਜਨ ਸਿੰਘ ਹੁੰਦਲ, ਡਾ. ਕਰਮਜੀਤ, ਡਾ. ਦੀਪਤੀ, ਸੁਲੱਖਣ ਸਰਹੱਦੀ, ਸੁਸ਼ੀਲ ਦੁਸਾਂਝ, ਗੁਰਭਜਨ ਗਿੱਲ, ਦੇਸ ਰਾਜ ਕਾਲੀ, ਅਨੇਕਾ ਅਨੇਕਾਂ ਹੀ ਪੰਜਾਬ ਦੇ ਨਾਮਵਰ ਤੇ ਹੋਰ ਲੇਖਕ, ਸਭ ਜਾਰੋ ਜਾਰ ਰੋ ਰਹੇ ਸਨ।

ਉਸ ਦੇ ਨਾਲ ਹੀ ਸਾਰੇ ਹੀ ਉਸ ਦੇ ਬੇਟੇ ਸੁਮੀਤ ਤੇ ਉਸ ਦੀ ਨੂੰਹ ਜੋ ਨਾਲ ਹੀ ਅਤਿਅੰਤ ਗੰਭੀਰ ਜ਼ਖ਼ਮੀ ਹੋ ਕੇ ਐਸਕਾਰਟ ਹਸਪਤਾਲ ਵਿਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਸਨ ਤੇ ਜਿਸ ਦੇ ਕਾਰਨ 58 ਸਾਲਾ ਤਲਵਿੰਦਰ ਨੂੰ ਆਪਣੇ ਪਿਆਰੇ ਅੰਮ੍ਰਿਤਸਰ ਸ਼ਹਿਰ ਦੀ ਫਰੈਂਡਜ਼ ਕਲੋਨੀ ਮਜੀਠਾ ਰੋਡ ਵਾਲੀ ਕੋਠੀ ਵੇਚ ਕੇ ਮਜੀਠੇ ਜਾਣਾ ਪਿਆ। ਹੁਣ ਉਹ ਮਜੀਠੇ ਹੀ ਕੇਂਦਰੀ ਅੰਕੜਾ ਵਿਭਾਗ ਦੇ ਉਪ ਨਿਰਦੇਸ਼ਕ ਦੇ ਅਹੁਦੇ ’ਤੇ ਅੰਮ੍ਰਿਤਸਰ ਦਫ਼ਤਰ ਜਾਂਦਾ ਸੀ। ਦਾਦ ਦੇਣੀ ਬਣਦੀ ਹੈ ਉਸ ਦੀ, ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਖੇਤਰ ਦੇ ਬਿਆਸ ਦਰਿਆ ਕਿਨਾਰੇ ਵਸੇ ਪਿੰਡ ਘੋੜੇਵਾਹ ਦੇ ਇਕ ਗ਼ਰੀਬ ‘ਭਾਈ ਲਾਲੋ’ ਦੇ ਘਰ ਪੈਦਾ ਹੋ ਕੇ ਇਥੋਂ ਤੀਕ ਪੁੱਜਣਾ ਉਸ ਦੀ ਕਿੱਡੀ ਵੱਡੀ ਘਾਲਣਾ ਦਾ ਨਤੀਜਾ ਹੈ। ਕਿੰਨੀ ਸਾਧਨਾ, ਕਿੰਨਾ ਤਪ ਕੀਤਾ ਸੀ ਉਸ ਨੇ। ਤਲਵਿੰਦਰ ਆਪਣੇ ਦੋਸਤਾਂ ਮਿੱਤਰਾਂ, ਪੰਜਾਬੀ ਭਾਸ਼ਾ, ਪਿਆਰਿਆਂ ਤੇ ਲੇਖਕਾਂ ਦੇ ਮਨਾਂ ’ਚ ਸਦਾ ਸਦਾ ਜਿਊਂਦਾ ਰਹੇਗਾ। ਆਪਣੀਆਂ ਸਾਹਿਤਕ ਕਿਰਤਾਂ ਰਾਹੀਂ ਵੀ, ਆਪਣੇ ਕੀਰਤੀਮਾਨਾਂ ਰਾਹੀਂ ਵੀ, ਕੇਂਦਰੀ ਪੰਜਾਬੀ ਲੇਖਕ ਸਭਾ ਲਈ ਕੀਤੇ ਕੰਮਾਂ ਰਾਹੀਂ ਵੀ ਤੇ ਆਪਣੇ ਨਾਲ ਬਿਤਾਏ ਯਾਦਗਾਰੀ ਪਲਾਂ ਤੇ ਸਹਿਜ ਸੁਭਾਅ ਦੇ ਹਾਸਿਆਂ ਰਾਹੀਂ ਵੀ। ਉਸ ਦੇ ਹਮਸਫ਼ਰਾਂ ਨੂੰ ਉਹ ਕਦੇ ਨਹੀਂ ਭੁੱਲ ਸਕੇਗਾ। ਉਸ ਦੇ ਤੁਰ ਜਾਣ ਨਾਲ ਪਏ ਘਾਟੇ ਨੂੰ ਜੇ ਉਸ ਨੂੰ ਚਾਹੁਣ ਵਾਲੇ, ਉਸ ਦੀ ਸੋਚ ਨਾਲ ਤੁਰਨ ਵਾਲੇ, ਸਾਰੇ ਹੀ ਰਲ ਕੇ ਹੰਭਲਾ ਮਾਰਨ ਤਾਂ ਸ਼ਾਇਦ ਉਹ ਪਿਆ ਖੱਪਾ ਕਿਸੇ ਹੱਦ ਤਕ ਪੂਰਿਆ ਜਾ ਸਕੇ। ਉਂਜ ਮਹਿਫ਼ਲ ਯਾਰਾਂ ਦੀ ਜਾਂ ਸਾਹਿਤਕਾਰਾਂ ਦੀ ਜਦ ਕਦੇ ਸਜਿੱਆ ਕਰੇਗੀ ਤਾਂ ਉਸ ਦੇ ਚੇਤੇ ਨਾਲ ਹੀ ਸੰਪੂਰਨ ਹੋਵੇਗੀ। ਸਾਡੇ ਚੇਤਿਆਂ ’ਚੋਂ ਕਦੇ ਨਹੀਂ ਵਿਸਰੇਗਾ ਤਲਵਿੰਦਰ ਸਿੰਘ ਉਰਫ਼ ਗੁਲਾਬ ਦਾ ਫੁੱਲ।

# ਮਾਤਾ ਕਰਮੀ ਦੇਵੀ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ



'ਵੈਸੇ ਤਾਂ ਸਾਰੀ ਦੁਨੀਆਂ ਦੀਆਂ ਮਾਵਾਂ ਹੀ ਮਹਾਨ ਹੁੰਦੀਆਂ ਹਨ, ਪਰ ਮੇਰੀ ਮਾਂ ਇਸ ਕਰਕੇ ਮਹਾਨ ਹੈ ਕਿ ਉਸ ਨੇ ਲੋਕਾਂ ਦੇ ਜੂਠੇ ਭਾਂਡੇ ਮਾਂਜ ਕੇ ਇਸ ਆਸ ਨਾਲ ਯੂਨੀਵਰਸਿਟੀ ਦੀ ਤਲੀਮ ਦਵਾਈ ਕਿ ਉਸ ਦਾ ਪੁੱਤਰ ਇੱਕ ਦਿਨ ਵੱਡਾ ਹੋ ਕੇ ਉਸ ਦੀ ਮਾਂ ਨੂੰ ਰੋਟੀ ਦੇਵੇਗਾ, ਪਰ ਮੈਂ ਸਿਰਫ਼ ਰੋਟੀ ਹੀ ਦੇ ਸਕਿਆ ਹਾਂ।' ਇਹ ਸ਼ਬਦ ਸੀ ਪੀ ਐੱਮ ਪੰਜਾਬ ਦੇ ਸੂਬਾ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਆਪਣੀ ਮਾਂ ਕਰਮੀ ਦੇਵੀ ਦੇ ਸ਼ਰਧਾਂਜਲੀ ਸਮਾਗਮ ਮੌਕੇ ਧੰਨਵਾਦ ਕਰਦਿਆਂ ਕਹੇ। ਪਾਸਲਾ ਨੇ ਕਿਹਾ ਕਿ ਉਸ ਦੀ ਮਾਂ ਨੇ ਉਸ ਵੇਲੇ ਉਸ ਦੀ ਪਾਲਣਾ ਕੀਤੀ, ਜਦੋਂ ਉਸ ਦੇ ਪਿਤਾ ਨੂੰ ਟੀਬੀ ਦੀ ਬਿਮਾਰੀ ਕਾਰਨ ਘਰੋਂ ਬਾਹਰ ਕੱਢ ਦਿੱਤਾ ਗਿਆ ਸੀ ਅਤੇ ਮਾਂ ਨੇ ਇਸ ਯਕੀਨ ਨਾਲ ਕਿ ਹੁਣ ਉਸ ਦਾ ਪੁੱਤਰ ਮੰਗਾ ਲੋਕਾਂ ਲਈ ਕੋਈ ਚੰਗਾ ਕੰਮ ਕਰ ਰਿਹਾ ਹੈ ਅਤੇ ਇਸ ਆਸ ਨਾਲ ਹੀ ਉਸ ਨੇ ਜੇਲ੍ਹ ਜਾਣ ਦੀ ਵੀ ਤਿਆਰੀ ਕੀਤੀ ਸੀ। ਪਾਸਲਾ ਨੇ ਅੱਗੇ ਕਿਹਾ ਕਿ ਬਹੁਤ ਸਾਰੇ ਲੋਕ ਸਮਾਂ ਆਉਣ 'ਤੇ ਥਿੜਕ ਜਾਂਦੇ ਹਨ ਅਤੇ ਉਹ ਮਾਂ ਦੇ ਇਸ ਵਿਸ਼ਵਾਸ ਨਾਲ ਅੰਤਮ ਸਮੇਂ ਤੱਕ ਲੋਕਾਂ ਲਈ ਲੜਦੇ ਰਹਿਣਗੇ। ਮੰਗਤ ਰਾਮ ਪਾਸਲਾ ਦੇ ਜੱਦੀ ਪਿੰਡ ਪਾਸਲਾ 'ਚ ਹੋਏ ਇਸ ਸਮਾਗਮ 'ਚ ਮਾਂ ਕਰਮੀ ਦੇਵੀ ਨੂੰ ਯਾਦ ਕਰਦਿਆਂ ਸੀ ਪੀ ਆਈ (ਐੱਮ) ਦੇ ਸੂਬਾ ਸਕੱਤਰੇਤ ਮੈਂਬਰ ਰਘੂਨਾਥ ਸਿੰਘ, ਸੂਬਾ ਕਮੇਟੀ ਮੈਂਬਰ ਦਰਸ਼ਨ ਮੱਟੂ ਅਤੇ ਜ਼ਿਲ੍ਹਾ ਸਕੱਤਰ ਗੁਰਮੀਤ ਸਿੰਘ ਢੱਡਾ ਨੇ ਦਫ਼ਤਰ 'ਚ ਰਹਿੰਦਿਆਂ ਮਾਂ ਦੀਆਂ ਪੱਕੀਆਂ ਰੋਟੀਆਂ ਨੂੰ ਯਾਦ ਵੀ ਕੀਤਾ ਅਤੇ ਐਲਾਨ ਵੀ ਕੀਤਾ ਕਿ ਉਹ ਸਾਮਰਾਜ ਦੇ ਖਿਲਾਫ ਅੰਤਿਮ ਸਮੇਂ ਤੱਕ ਲੜਦੇ ਰਹਿਣਗੇ। ਪਲਸ ਮੰਚ ਦੇ ਮੁੱਖੀ ਅਮੋਲਕ ਸਿੰਘ ਨੇ ਕਿਹਾ ਕਿ ਮਾਂ ਇੱਕ ਯੂਨੀਵਰਸਿਟੀ ਹੁੰਦੀ ਹੈ, ਜਿਸ ਤੋਂ ਚੰਗੀਆਂ ਲਹਿਰਾ ਉਪਜਦੀਆਂ ਹਨ। ਸੈਂਕੜੇ ਮੱਤਭੇਦ ਹੋਣ ਦੇ ਬਾਵਜੂਦ ਵੀ ਮਾਂ ਦੇ ਕੋਸੇ ਸਿਵੇ ਕੋਲ ਖੜ ਕੇ ਨਵੇਂ ਰਸਤੇ ਬਣਾਉਣ ਦਾ ਅਹਿਦ ਕਰਨਾ ਚਾਹੀਦਾ ਹੈ। ਦੇਸ਼ ਭਗਤ ਯਾਦਗਰ ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ ਤੇ ਜੁਆਇੰਟ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਕਮੇਟੀ ਵੱਲੋਂ ਮਾਤਾ ਨੂੰ ਸ਼ਰਧਾਂਜ਼ਲੀਆਂ ਭੇਟ ਕੀਤੀਆਂ। ਸਾਬਕਾ ਸ਼੍ਰੋਮਣੀ ਕਮੇਟੀ ਬੀਬੀ ਨਿਰਮਲ ਕੌਰ ਪਾਸਲਾ ਨੇ ਕਿਹਾ ਕਿ ਉਨ੍ਹਾਂ ਦੇ ਪਿੰਡ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਮੰਗਤ ਰਾਮ ਪਾਸਲਾ ਨੂੰ ਇਸ ਮਾਤਾ ਨੇ ਜਨਮ ਦਿੱਤਾ ਹੈ। ਇਸ ਸ਼ੋਕ ਸਮਾਗਮ 'ਚ ਹੋਰਨਾਂ ਤੋਂ ਇਲਾਵਾ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਆਗੂ ਸੁਖਦਰਸ਼ਨ ਨੱਤ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸੁਲੱਖਣ ਸਰਹੱਦੀ, ਸੀ ਪੀ ਐੱਮ ਪੰਜਾਬ ਦੇ ਸੂਬਾ ਸਕੱਤਰੇਤ ਮੈਂਬਰਾਂ ਰਤਨ ਸਿੰਘ ਰੰਧਾਵਾ, ਰਘਬੀਰ ਸਿੰਘ ਅਤੇ ਕੁਲਵੰਤ ਸਿੰਘ ਸੰਧੂ, ਐੱਨ ਆਰ ਐੱਮ ਯੂ ਦੇ ਆਗੂ ਦਲਜੀਤ ਸਿੰਘ, ਟੀ ਐੱਸ ਯੂ ਦੇ ਆਗੂ ਸ਼ਿਵ ਕੁਮਾਰ ਤਿਵਾੜੀ, ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਜਥੇਦਾਰ ਹਰਜਿੰਦਰ ਸਿੰਘ ਲੱਲੀਆ, ਬਹੁਜਨ ਸਮਾਜ ਪਾਰਟੀ ਦੇ ਜਨਰਲ ਸਕੱਤਰ ਸੁਖਵਿੰਦਰ ਕੋਟਲੀ, ਐੱਮ ਸੀ ਪੀ ਆਈ (ਯੂ) ਦੇ ਆਗੂ ਕਿਰਨਜੀਤ ਸਿੰਘ ਸੇਖੋਂ, ਜਮਹੂਰੀ ਕਿਸਾਨ ਸਭਾ ਦੇ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ, ਦਿਹਾਤੀ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ, ਸੀ ਟੀ ਯੂ ਦੇ ਪ੍ਰਧਾਨ ਇੰਦਰਜੀਤ ਗਰੇਵਾਲ ਨੇ ਵੀ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਸ਼ੋਕ ਸੰਦੇਸ਼ ਪੜ੍ਹ ਕੇ ਸੁਣਾਏ ਗਏ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਸੁਰਿੰਦਰ ਕੁਮਾਰੀ, ਡਾ. ਪ੍ਰਮਿੰਦਰ, ਡਾ. ਅਮਰਜੀਤ ਸਿੰਘ ਸਿੱਧੂ, ਚੰਦਰ ਸ਼ੇਖਰ, ਤਰਸੇਮ ਜੋਧਾ, ਜਸਵਿੰਦਰ ਸਿੰਘ ਢੇਸੀ, ਮਨਦੀਪ ਸਿੰਘ ਰੱਤੀਆ ਆਦਿ ਵੀ ਹਾਜ਼ਰ ਸਨ। ਸਮਾਗਮ ਦੇ ਅੰਤ 'ਚ ਡੇਰਾ ਸੈਣ ਭਗਤ ਪ੍ਰਤਾਬਪੁਰਾ ਵੱਲੋਂ ਪਗੜੀ ਵੀ ਭੇਟ ਕੀਤੀ ਗਈ।ਜ ਜਲੰਧਰ ਦੇਸ਼ਭਗਤ ਯਾਦਗਾਰ ਕੰਪਲੈਕਸ ਵਿਖੇ ਇਕੱਠੇ ਹੋ ਕੇ ਸ਼ਹਿਰ ਵਿੱਚ ਮੁਜ਼ਾਹਰਾ ਕਰਦਿਆਂ ਡੀ ਸੀ ਦਫਤਰ ਜਲੰਧਰ ਵਿਖੇ ਰੋਹ ਭਰਪੂਰ ਧਰਨਾ ਦਿੱਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਸੀ ਪੀ ਐੱਮ ਪੰਜਾਬ ਦੇ ਸੂਬਾਈ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਹੋਰ ਲੋਕ ਵਿਰੋਧੀ ਅਲਾਮਤਾਂ ਸਾਮਰਾਜੀ ਨਿਰਦੇਸ਼ਤ ਨਵ-ਉਦਾਰਵਾਰੀ ਨੀਤੀਆਂ ਦੀ ਦੇਣ ਹੈ। ਸਾਮਰਾਜੀ ਦੇਸ਼ਾਂ ਵੱਲੋਂ ਸਬਸਿਡੀਆਂ ਵਿੱਚ ਕਟੌਤੀਆਂ ਕਰਨ ਲਈ ਲਗਾਤਾਰ ਦਬਾਅ ਪਾਇਆ ਤੇ ਵਧਾਇਆ ਜਾ ਰਿਹਾ ਹੈ। ਹੁਣੇ ਜਿਹੇ ਹੋਈ ਵਿਸ਼ਵਸ ਵਪਾਰ ਸੰਸਥਾ ਦੀ ਬਾਲੀ ਵਿਖੇ ਮੀਟਿੰਗ ਵਿੱਚ ਭਾਰਤ ਸਰਕਾਰ 'ਤੇ ਅੰਨ ਸੁਰੱਖਿਆ ਬਿੱਲ ਵਾਪਸ ਲੈਣ ਅਤੇ ਸਰਕਾਰੀ ਖਰੀਦ ਬੰਦ ਕਰਨ ਦਾ ਭਾਰੀ ਦਬਾ ਪਾਇਆ ਗਿਆ, ਪਰ 33 ਦੇਸ਼ਾਂ ਦੇ ਵਿਰੋਧ ਕਾਰਨ ਇਹਨਾਂ ਮੱਦਾਂ ਨੂੰ ਪੀਸ ਕਲਾਜ ਵਿੱਚ ਰੱਖ ਕੇ ਲਾਗੂ ਕਰਨ ਦੀ ਪ੍ਰਕਿਰਿਆ ਜਾਰੀ ਰੱਖੀ ਗਈ। ਸਾਥੀ ਪਾਸਲਾ ਨੇ ਸਮੂਹ ਖੱਬੀਆਂ ਅਤੇ ਲੋਕ ਪੱਖੀ ਸ਼ਕਤੀਆਂ ਨੂੰ ਮੁੱਦਾ ਅਧਾਰਤ ਏਕਤਾ ਬਣਾ ਕੇ ਇਹਨਾਂ ਨੀਤੀਆਂ ਦਾ ਜ਼ੋਰਦਾਰ ਸੰਘਰਸ਼ਾਂ ਰਾਹੀਂ ਵਿਰੋਧ ਕਰਨ ਦਾ ਸੱਦਾ ਦਿੱਤਾ। ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਸਕੱਤਰੇਤ ਮੈਂਬਰ ਸਾਥੀ ਕੁਲਵੰਤ ਸਿੰਘ ਸੰਧੂ ਨੇ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਕਿਸਾਨੀ ਸਬਸਿਡੀਆਂ ਵਿੱਚ ਲਗਾਤਾਰ ਕਟੌਤੀ ਕਰਨ, ਕਿਸਾਨਾਂ ਨੂੰ ਡਾ: ਸਵਾਮੀਨਾਥਨ ਦੀ ਰਿਪੋਰਟ ਮੁਤਾਬਕ ਲਾਹੇਵੰਦ ਭਾਅ ਨਾ ਦੇਣ ਅਤੇ ਫਸਲਾਂ ਦੀ ਸਰਕਾਰੀ ਖਰੀਦ ਤੋਂ ਭੱਜਣ ਦੀ ਸਖਤ ਨਿਖੇਧੀ ਕਰਦਿਆਂ ਕਿਸਾਨੀ ਨੂੰ ਲਾਮਬੰਦ ਹੋਣ ਦਾ ਸੱਦਾ ਦਿੱਤਾ ਅਤੇ ਝੋਨੇ ਦੀ ਮੰਡੀਆਂ ਵਿੱਚ ਕੀਤੀ ਲੁੱਟ ਦੀ ਪੂਰੀ ਭਰਪਾਈ ਲਈ ਸੰਘਰਸ਼ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਸੂਬਾਈ ਆਗੂ ਦਰਸ਼ਨ ਨਾਹਰ ਅਤੇ ਪਰਮਜੀਤ ਰੰਧਾਵਾ ਨੇ ਪੰਜਾਬ ਸਰਕਾਰ 'ਤੇ ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਨਾ ਕਰਨ ਦੀ ਨਿਖੇਧੀ ਕੀਤੀ। ਕਿਸਾਨ ਆਗੂ ਗੁਰਨਾਮ ਸਿੰਘ ਸੰਘੇੜਾ, ਸੰਤੋਖ ਸਿੰਘ ਬਿਲਗਾ, ਮਨੋਹਰ ਸਿੰਘ ਨੇ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਹਰ ਤਰ੍ਹਾਂ ਦੇ ਆਬਾਦਕਾਰਾਂ ਨੂੰ ਉਜਾੜਨ ਦੀਆਂ ਕੋਸ਼ਿਸ਼ਾਂ ਦੀ ਨਿਖੇਧੀ ਕਰਦਿਆਂ ਸਰਕਾਰਾਂ ਨੂੰ ਚੇਤਾਵਨੀ ਦਿੱਤੀ ਕਿ ਅਬਾਦਕਾਰ ਨੂੰ ਕਿਸੇ ਵੀ ਹਾਲਤ ਵਿੱਚ ਉਜੜਨ ਨਹੀਂ ਦਿੱਤਾ ਜਾਵੇਗਾ। ਆਗੂਆਂ ਨੇ ਸਮੁੱਚੇ ਜ਼ਿਲ੍ਹੇ ਦੇ ਆਬਾਦਕਾਰਾਂ ਨੂੰ 19 ਦਸੰਬਰ ਨੂੰ ਤਲਵਣ (ਜਲੰਧਰ) ਵਿਖੇ ਆਬਾਦਕਾਰ ਅਤੇ ਕਿਸਾਨੀ ਮੁੱਦਿਆਂ 'ਤੇ ਕੀਤੀ ਜਾ ਰਹੀ ਕਾਨਫਰੰਸ ਵਿੱਚ ਵੱਡੀ ਗਿਣਤੀ ਵਿੱਚ ਪੁੱਜਣ ਦਾ ਸੱਦਾ ਦਿੱਤਾ। ਇਸ ਮੌਕੇ ਉਪਰੋਕਤ ਆਗੂਆਂ ਤੋਂ ਬਿਨਾਂ ਮੇਲਾ ਸਿੰਘ ਰੁੜਕਾ, ਜਸਵਿੰਦਰ ਸਿੰਘ ਢੇਸੀ, ਮੇਜਰ ਫਿਲੌਰ, ਨਿਰਮਲ ਮਲਸੀਆਂ, ਰਾਮ ਸਿੰਘ ਕੈਮਵਾਲਾ, ਜਰਨੈਲ ਫਿਲੌਰ, ਕੁਲਵੰਤ ਬਿਲਗਾ, ਸਰਬਜੀਤ ਢੰਡਾ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

*'ਨਵਾਂ ਜ਼ਮਾਨਾ' ਤੋਂ ਧੰਨਵਾਦ ਸਹਿਤ*

# ਦੇਵਨੀਤ ਤੁਰ ਗਿਆ

ਸੁਖਨੈਬ ਸਿੰਘ ਸਿੱਧੂ
+91-94175-25762
sukhnaibsidhu@punjabinewsonline.com



ਪੰਜਾਬੀ ਕਵਿਤਾ ਨੂੰ ਵਿਸ਼ਵ ਦੀ ਕਵਿਤਾ ਦੇ ਹਾਣ ਦੀ ਬਣਾਉਣ ਵਾਲਾ ਦੇਵਨੀਤ ਤੁਰ ਗਿਆ, ਆਪਣੇ ਹਿੱਸੇ ਦਾ 'ਇੱਕ ਕੱਪ ਚਾਹ ' ਦਾ ਪੀ ਕੇ। ਕੁਝ ਸਮਾਂ ਪਹਿਲਾਂ ਸ਼ਾਇਰ ਗੁਰਪ੍ਰੀਤ ਨੇ ਦੇਵਨੀਤ ਬਾਰੇ ਇੱਕ ਕਿਤਾਬ 'ਦੋ ਕੱਪ ਚਾਹ' ਸੰਪਾਦਿਤ ਕੀਤੀ ਸੀ। ਬਾਈ ਗੁਰਪ੍ਰੀਤ ਸਮਰਪਿਤ ਕਰਦਾ ਲਿਖਦਾ,

ਦੇਵਨੀਤ ਨੂੰ
ਜਿਹੜਾ ਥੋੜ੍ਹਾ
ਇਸ ਕਿਤਾਬ ਵਿੱਚ ਆ ਗਿਆ
ਤੇ
ਬਹੁਤਾ
ਬਾਹਰ ਰਹਿ ਗਿਆ

ਬਾਈ ਦੇਵਨੀਤ ਦੇ ਸਾਹਾਂ ਦੀ ਪੂੰਜੀ ਭਾਵੇਂ ਜ਼ਮੀਨ ਦਾ ਆਖਰੀ ਸਿਆੜ ਵੇਚੀ ਬੈਠੇ ਕਿਸਾਨ ਦੇ ਗੀਚੇ ਵਿਚਲੇ ਆਖਰੀ ਨੋਟ ਵਾਂਗੂੰ ਖੁਰ ਗਈ ਪਰ ਗੁਰਪ੍ਰੀਤ ਦੇ ਉਦਮ ਨੇ ਬਹੁਤ ਕੁਝ ਸਾਂਭ ਦਿੱਤਾ। ਜ਼ਿੰਦਗੀਆਂ ਤਾਂ ਧਰਤੀ ਤੇ ਪ੍ਰਕਰਮਾ ਕਰਨ ਆਉਂਦੀਆਂ ਰਹਿੰਦੀਆਂ ਇੱਥੇ ਯਾਦਾਂ ਛੱਡਣ ਦੇ ਸਮਰੱਥ ਵਿਰਲੇ ਹੀ ਹੁੰਦੇ ਨੇ, ਦੇਵਨੀਤ ਉਹ ਸਿਲਾਲੇਖ ਉਕਰ ਗਿਆ। ਭਗਤ ਸਿੰਘ ਦੀ ਸ਼ਹੀਦੀ ਵਾਲੇ ਦਿਨ 23 ਮਾਰਚ 1951 ਨੂੰ ਪਿੰਡ ਨੰਗਲਾ, ਜ਼ਿਲ੍ਹਾ ਬਠਿੰਡਾ ਵਿੱਚ ਜਨਮਿਆ ਬਲਦੇਵ ਸਿੰਘ ਸਿੱਧੂ 31 ਮਾਰਚ 2009 ਨੂੰ ਬਤੌਰ ਲੈਕਚਰਾਰ ਸੇਵਾਮੁਕਤ ਹੋਇਆ।



ਵੱਡੀ ਉਮਰ ਵਿੱਚ ਉਹ ਛੋਟੀ ਕਵਿਤਾ ਲਿਖਣ ਲੱਗਿਆ। ਸਾਹਿਤਕ ਹਲਕਿਆਂ ਵਿੱਚ 'ਦੇਵਨੀਤ' ਨਾਮ ਨਾਲ ਪ੍ਰਸਿੱਧ ਇਸ ਕਵੀ ਨੇ 1996 ਵਿੱਚ 'ਕਾਗਜ਼ ਕੰਦਰਾਂ' ਲਿਖੀ ਤੇ 1999 ਵਿੱਚ ਸਾਹਿਤ ਪ੍ਰੇਮੀਆਂ ਦੀ ਨਜ਼ਰ 'ਪੱਥਰ 'ਤੇ ਪਈ ਸੈਕਸੈਫੋਨ' 'ਤੇ ਪਈ। ਕਵਿਤਾ ਰਾਹੀ ਉਸ ਨੇ 2003 ਵਿੱਚ ਕਿਹਾ 'ਯਾਤਰੀ ਧਿਆਨ ਦੇਣ' ਅਤੇ 2009 ਵਿੱਚ ਲੋਕਾਂ ਨੂੰ ਦੱਸਿਆ 'ਸਟਾਲਿਨ ਚੁੱਪ ਹੈ'

ਵੀਲ੍ਹ ਚੇਅਰ ਦੀ ਪ੍ਰਾਰਥਨਾ

ਸਕੂਲ ਦੀ ਸਵੇਰ ਦੀ ਸਭਾ ਹੋ ਰਹੀ ਹੈ
ਵੀਲ੍ਹ ਚੇਅਰ 'ਚ ਬੈਠੀ ਕੁੜੀ
ਸੁਣ ਰਹੀ ਹੈ :
ਸਾਵਧਾਨ ! ਵੀਸ਼ਰਾਮ ਆਰਾਮ ਹੈ।

ਕੁੜੀ ਆਰਾਮ ਸੇ ਦੀ ਮੁਦਰਾ ਵਿੱਚ ਵੀ –
ਆਰਾਮ ਸੇ ਨਹੀਂ
ਜੋ ਮਾਂਗੇ ਦੀ ਧੁਨ 'ਤੇ – ਜੁੜੇ ਹੱਥ
ਕੁੜੀ ਸੋਚਦੀ ਹੈ :

ਮੇਰੇ ਸਾਥੀ ਸਾਬਤ ਤਾਂ ਹਨ
ਉਹ ਠਾਕੁਰ ਤੋਂ ਕੀ ਮੰਗ ਰਹੇ ਹਨ

ਜਦੋਂ ਕੋਈ ਮਾਨਸਾ ਸਾਹਿਤਕ ਪਿੜਾਂ ਵਿੱਚੋਂ ਸੱਜਣ ਮਿੱਤਰ ਆਉਂਦਾ ਜਾਂਦਾ ਤਾਂ ਦੇਵਨੀਤ ਦੀ ਗੱਲ ਤੁਰਦੀ। ਗਰਮੀਆਂ ਵਿੱਚ ਨਥਾਨੇ ਵਾਲਾ ਸ਼ੇਖਰ ਜਿਹੜਾ ਲੰਡਨ ਜਾ ਕੇ 'ਅਜ਼ੀਮ ਸ਼ੇਖਰ' ਬਣ ਗਿਆ, ਨਾਲ ਮਾਨਸਾ ਜਾਣ ਦਾ ਸਬੱਬ ਬਣਿਆ। ਵੈਸੇ ਵੀ ਮੈਨੂੰ ਚੰਡੀਗੜ੍ਹ ਦੇ ਸੈਕਟਰੀਏਟ ਜਾਣ ਨਾਲੋਂ ਵੱਧ ਮਾਨਸਾ ਵਾਲੇ ਮਿੱਤਰਾਂ ਨੂੰ ਮਿਲਣ ਦਾ ਚਾਅ ਹੁੰਦਾ, ਕਈ ਵਾਰ ਸੋਚਦਾ ਰੱਬਾ ਮੈਨੂੰ ਇਸ 'ਪਿਛੜੇ ਇਲਾਕੇ' ਵਿੱਚ ਕਿਉਂ ਨਾ ਪੈਦਾ ਕੀਤਾ, ਚਾਰ ਅੱਖਰ ਚੱਜ ਦੇ ਲਿਖਣ ਲੱਗ ਜਾਂਦਾ। ਗੁਰਪ੍ਰੀਤ ਦੇ ਘਰ ਜਾਣ ਤੋਂ ਪਹਿਲਾਂ ਸ਼ੇਖਰ ਬਾਈ ਨੇ ਦੇਵਨੀਤ ਨੂੰ ਮਿਲਣ ਦੀ ਇੱਛਾ ਜ਼ਾਹਿਰ ਕੀਤੀ ਤਾਂ ਮੇਰਾ ਵੀ ਹਿਰਦਾ ਧਾਰਮਕ ਯਾਤਰਾ 'ਤੇ ਜਾਂਦੇ ਕਾਰੋਬਾਰੀ ਬਾਣੀਏ ਵਰਗਾ ਸੀ। ਦੋ- ਤਿੰਨ ਸੱਜਣ ਮਿੱਤਰ ਹੋਰ ਦੇਵਨੀਤ ਨੂੰ ਮਿਲਣ ਪਹੁੰਚੇ। ਦੇਵਨੀਤ ਨੂੰ ਬਾਕੀ ਮਲੱਵਈਆਂ ਵਾਂਗੂੰ ਕੈਂਸਰ ਨੇ ਜੱਫਾ ਮਾਰ ਲਿਆ ਸੀ ਪਰ ਉਹ ਵੀ ਜ਼ਿੰਦਗੀ ਦੀ ਕਬੱਡੀ ਦਾ ਰੇਡਰ ਸੀ ਛੇਤੀ ਕੀਤੇ ਹੱਥ ਖੜੇ ਕਰਨ ਵਾਲਿਆਂ ਵਿੱਚੋਂ ਨਹੀਂ ਸੀ। ਮੁੰਬਈ ਵਿੱਚ ਇਲਾਜ ਕਰਵਾ ਕੇ ਠੀਕ ਹੋ ਗਿਆ ਸੀ ਫਿਰ ਕਵਿਤਾਵਾਂ ਲਿਖਣ ਲੱਗਾ ਸੀ, ਨਾਲੇ ਕਹਿੰਦਾ ਸੀ ਮੇਰੀ ਯਾਦਸ਼ਕਤੀ ਘੱਟ ਗਈ ਹੈ। ਮੇਰੇ ਲਈ ਖੁਸ਼ੀ ਦੀ ਗੱਲ ਮੈਂ ਪਹਿਲੀ ਵਾਰ ਮਿਲ ਰਿਹਾ ਸੀ ਤੇ ਉਹਨੂੰ ਮੇਰਾ ਨਾਮ ਪਤਾ ਸੀ ਕਿ ਸੁਖਨੈਬ ਵੀ ਹੈਗਾ ਕੋਈ। ਥੋੜੇ ਦਿਨ ਪਹਿਲਾਂ ਮਨੀ ਸਿੱਧੂ ਨੇ ਦੇਵਨੀਤ ਬਾਰੇ ਪ੍ਰਕਾਸ਼ਿਤ ਹੋਈ ਕਿਤਾਬ ਦਿੱਤੀ ਤੇ ਮੈਂ ਰਾਮਪੁਰੇ ਤੋਂ ਚੰਡੀਗੜ੍ਹ ਜਾਂਦੇ ਨੇ ਪਟਿਆਲੇ ਤੱਕ ਅੱਧੋਂ ਜ਼ਿਆਦਾ ਸਰਕਾਰੀ ਖਜ਼ਾਨੇ ਵਾਂਗੂੰ ਵਿਲੇ ਲਾ ਦਿੱਤੀ। ਗੁਰਪ੍ਰੀਤ ਨੂੰ ਫੋਨ ਕੀਤਾ, 'ਬਾਈ ਇੱਕ ਕੱਪ ਤਾਂ ਮੁਕਾ ਦਿੱਤਾ।'

'ਕੁਝ ਲਿਖਦੇ ਇਹਦੇ ਬਾਰੇ' ਗੁਰਪ੍ਰੀਤ ਨੇ ਹੁਕਮੀ ਲਹਿਜ਼ੇ ਵਿੱਚ ਸੁਝਾਅ ਦਿੱਤਾ। ਮੈਨੂੰ ਵੀ ਲੱਗਾ ਇਸ ਕਿਤਾਬ ਬਾਰੇ ਸਾਹਿਤਕ ਸ਼ਬਦਾਵਲੀ ਦੀ ਥਾਂ ਅਨਘੜ ਲਹਿਜ਼ੇ ਵਿੱਚ ਕੁਝ ਲਿਖਿਆ ਜਾਣਾ ਚਾਹੀਦਾ। ਪਰ 10 ਦਿਨ ਹੋਗੇ ਲਿਖ ਨਹੀਂ ਸਕਿਆ। ਮੈਂ ਆਪਣੇ ਰੇਡੀਓ ਸ਼ੋਅ ਵਿੱਚ ਬਾਈ ਦੇਵਨੀਤ ਨੂੰ ਬੁਲਾਉਣ ਲਈ ਇੱਕ ਦਿਨ ਫੋਨ ਕੀਤਾ ਤਾਂ ਨੰਬਰ ਬੰਦ ਆ ਰਿਹਾ ਸੀ। ਜਿਹੜਾ ਹੁਣ ਸਦਾ ਲਈ ਬੰਦ ਹੀ ਆਵੇਗਾ। ਬੇਸ਼ੱਕ ਪਰਿਵਾਰ ਨੂੰ ਉਹਦੇ ਨਾਲ ਜਾਣ ਬਹੁਤ ਵੱਡਾ ਘਾਟਾ ਪਿਆ। ਪਰ ਸਾਹਿਤਕ ਖੇਤਰ ਲਈ ਜੋ ਕੁਝ ਉਹ ਵਿਰਾਸਤ ਛੱਡ ਕੇ ਗਿਆ ਉਹ ਬੇਸ਼ਕੀਮਤੀ ਹੈ ਬਹੁਤ ਵੱਡੇ ਘਾਟੇ ਪੂਰੇ ਕਰਨ ਦਾ ਸਮਰੱਥ ਹੈ। ਚੰਗਾ ਬਾਈ ਸਿਆ, ਜਾਣਾ ਤਾਂ ਸਭ ਨੇ ਪਰ ਤੇਰੇ ਵਾਂਗੂ ਤੋਰ ਤੁਰ ਕੇ ਥੋੜੇ ਹੀ ਜਾਂਦੇ ਨੇ।

Harjeet Sandhu
REALTOR
"Serving all your Real Estate needs"
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

ਕਹਾਣੀ

# ਵਾਰਸ



ਤਲਵਿੰਦਰ ਸਿੰਘ

ਪੰਜਾਬੀ ਦੇ ਸਿਰਮੌਰ ਕਹਾਣੀਕਾਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਜਨਰਲ ਸਕੱਤਰ ਤਲਵਿੰਦਰ ਸਿੰਘ ਅਤੇ ਉਨ੍ਹਾਂ ਦੀ ਜੀਵਨ ਸਾਥਣ ਬਲਵਿੰਦਰ ਕੌਰ 12 ਨਵੰਬਰ ਨੂੰ ਸੜਕ ਹਾਦਸੇ ਵਿਚ ਸਦਾ ਲਈ ਜੁਦਾ ਹੋ ਗਏ ਹਨ। ਤਲਵਿੰਦਰ ਸਿੰਘ ਪੰਜਾਬੀ ਅਦਬ ਅਤੇ ਸਾਹਿਤਕ ਜਥੇਬੰਦਕ ਕਾਰਜਾਂ ਦੀ ਰੂਹ ਸੀ। ਪੰਜਾਬੀ ਅਦਬ ਦੇ ਅੰਬਰ ਵਿਚ ਤਲਵਿੰਦਰ ਦੇ ਤੁਰ ਜਾਣ ਨਾਲ ਛਾਈ ਉਦਾਸੀ ਦੀ ਧੁੰਦ ਤੋਂ ਪਾਰ ਜਾਣ ਲਈ ਜ਼ਰੂਰੀ ਹੈ ਕਿ ਤਲਵਿੰਦਰ ਦੇ ਕਾਰਜਾਂ ਨੂੰ ਅੱਗੇ ਤੋਰਿਆ ਜਾਵੇ। ਇਹ ਹੀ ਉਨ੍ਹਾਂ ਨੂੰ ਸੱਚੀ-ਸੁੱਚੀ ਸ਼ਰਧਾਂਜਲੀ ਹੋਵੇਗੀ। ਅਦਾਰਾ 'ਨਵੀਂ ਦੁਨੀਆ' ਆਪਣੇ ਪਰਿਵਾਰ ਦੇ ਮੈਂਬਰ ਤਲਵਿੰਦਰ ਨੂੰ ਸਦਾ ਯਾਦ ਰਖੇਗਾ। ਪਾਠਕਾਂ ਲਈ ਪੇਸ਼ ਹੈ ਤਲਵਿੰਦਰ ਸਿੰਘ ਦੀ ਸ਼ਾਹਕਾਰ ਕਹਾਣੀ ਵਾਰਿਸ। - ਸੰਪਾਦਕ

ਬਾਪੂ ਦੇ ਮੰਜੇ ਕੋਲ ਬੈਠਾ ਜਿਵੇਂ ਮੂਲੋਂ ਹੀ ਟੁੱਟ ਗਿਆ ਸਾਂ ਮੈਂ। ਮੇਰੇ ਕੋਲ ਬੈਠੇ ਦੋ ਗੁਆਂਢੀ ਵੀ ਬੜੀ ਉਦਾਸੀ 'ਚ ਸਨ। ਵਰਮਾ ਹਾਲੇ ਤੱਕ ਨਹੀਂ ਸੀ ਮੁੜਿਆ। ਪਤਾ ਨਹੀਂ ਟੈਲੀਫ਼ੋਨ ਮਿਲੇ ਹੋਣ ਜਾਂ ਨਾ। ਘੱਟੋ ਘੱਟ ਭੈਣਾਂ ਨੂੰ ਤਾਂ ਸਮੇਂ ਸਿਰ ਆ ਹੀ ਜਾਣਾ ਚਾਹੀਦੈ। ਜਸਬੀਰ ਦੇ ਘਰ ਨਾ ਹੋਣ ਨੇ ਇਕ ਅਜੀਬ ਜਿਹਾ ਖ਼ਲਾਅ ਪੈਦਾ ਕੀਤਾ ਹੋਇਆ ਸੀ। ਮੇਰਾ ਮਨ ਦੁਖੀ ਸੀ ਤੇ ਬੈਚੇਨ ਵੀ। ਦਿਮਾਗ਼ ਕੋਈ ਸਪੱਸ਼ਟ ਨਿਰਣਾ ਲੈਣੋ ਅਸਮਰਥ ਸੀ। ਇਹ ਸਭ ਕੁਝ ਕਿਵੇਂ ਭੁਗਤੇਗਾ ? ਇਹੀ ਸੁਆਲ ਬਾਰ ਬਾਰ ਮੇਰੇ ਅੰਦਰ ਉੱਠ ਰਿਹਾ ਸੀ। ਵਰਮੇ ਨੂੰ ਇਸ ਸਮੇਂ ਤੱਕ ਪਹੁੰਚ ਜਾਣਾ ਚਾਹੀਦਾ ਸੀ। ਉਸੇ ਨੂੰ ਤਾਂ ਮੈਂ ਮੁਹੱਲੇ 'ਚ ਸਭ ਤੋਂ ਨੇੜੇ ਮਹਿਸੂਸ ਕਰਦਾ ਸਾਂ। ਇਹ ਦੋਵੇਂ ਸੱਜਣ, ਜੋ ਇਸ ਵੇਲੇ ਮੇਰੇ ਕੋਲ ਬੈਠੇ ਸਨ, ਮੇਰੇ ਏਨਾ ਨਜ਼ਦੀਕ ਨਹੀਂ ਸਨ ਕਿ ਸਲਾਹ ਵਰਗੀ ਕੋਈ ਗੱਲ ਉਨ੍ਹਾਂ ਨਾਲ ਕੀਤੀ ਜਾ ਸਕਦੀ। ਮੇਰੀ ਘਬਰਾਹਟ ਤੇ ਬੈਚੇਨੀ ਵਧ ਰਹੀ ਸੀ।

ਕਿੰਨੀ ਤੇਜ਼ੀ ਨਾਲ ਸਾਰੀ ਘਟਨਾ ਵਾਪਰ ਗਈ ਸੀ, ਹਾਲੇ ਵੀ ਯਕੀਨ ਨਹੀਂ ਸੀ ਬੱਝ ਰਿਹਾ। ਬਾਪੂ ਦਾ ਨਿਤਨੇਮ ਭੰਗ ਹੋਇਆ ਵੇਖ, ਮੈਨੂੰ ਸਵੇਰੇ ਅਜੀਬ ਜਿਹਾ ਤਾਂ ਲੱਗਾ ਸੀ, ਪਰ ਇਸ ਗੱਲ ਦਾ ਤਾਂ ਉੱਕਾ ਅੰਦੇਸ਼ਾ ਨਹੀਂ ਸੀ। ਅੱਜ ਉਹ ਚੁੱਪਚਾਪ ਉੱਠ ਕੇ ਬਹਿ ਗਿਆ ਸੀ। ਉਹਦੇ ਚਿਹਰੇ 'ਤੇ ਨਿੱਤ ਵਰਗੀ ਸ਼ਾਂਤੀ ਤੇ ਤਾਜ਼ਗੀ ਨਹੀਂ ਸੀ। ਉਹਦਾ ਮੱਥਾ ਚਿੰਤਾ-ਗ੍ਰਸਤ ਤੇ ਅੱਖਾਂ ਉਦਾਸ ਸਨ। ਨਿੱਤ ਵਾਂਗ ਉਹਨੇ ਡਰਾਇੰਗ ਰੂਮ ਦੀ ਸਾਹਮਣੀ ਕੰਧ ਤੇ ਲੱਗੀ ਬਾਬੇ ਨਾਨਕ ਦੀ ਤਸਵੀਰ ਵੱਲ ਵੇਖ ਕੇ ਤੇ ਹੱਥ ਜੋੜ ਕੇ ਸਿਰ ਵੀ ਨਹੀਂ ਸੀ ਨਿਵਾਇਆ, ਸਗੋਂ ਕਿੰਨਾ ਹੀ ਚਿਰ ਪੱਖੇ ਦੀ ਹਵਾ ਨਾਲ ਡੋਲਦੇ ਦਰਵਾਜ਼ੇ ਦੇ ਪਰਦੇ ਨੂੰ ਦੇਖਦਾ ਰਿਹਾ ਸੀ।

ਮੈਨੂੰ ਬਾਪੂ ਦੇ ਤੰਦਰੁਸਤ ਹੋਣ ਬਾਰੇ ਸ਼ੱਕ ਹੋਇਆ ਸੀ। ਰਾਤੀਂ ਉਹਨੂੰ ਕਿੰਨੀ ਹੀ ਵਾਰ ਖੰਘ ਛਿੜੀ ਸੀ। ਇਕ ਦੋ ਵਾਰ ਉਹ ਡੋਲਦਾ ਹੋਇਆ ਬਾਹਰ ਥੁੱਕਣ ਵੀ ਗਿਆ ਸੀ ਤੇ ਮੈਨੂੰ ਲੱਗਿਆ ਕਿ ਉਹਦੀ ਤਬੀਅਤ ਜ਼ਿਆਦਾ ਢਿੱਲੀ ਹੈ। ਮੈਂ ਬਾਲਟੇ 'ਚ ਰੇਤ ਪਾ ਕੇ ਉਹਦੇ ਮੰਜੇ ਲਾਗੇ ਲਿਆ ਰੱਖੀ ਸੀ ਤਾਂ ਜੁ ਉਹਨੂੰ ਥੁੱਕਣ 'ਚ ਸੌਖ ਰਹੇ। ਥਕੇਵੇਂ ਦੀ ਵਜ੍ਹਾ ਕਾਰਨ ਛੇਤੀ ਹੀ ਮੇਰੀ ਅੱਖ ਲੱਗ ਗਈ ਸੀ ਤੇ ਫਿਰ, ਰਾਤੀਂ ਮੈਂ ਬਾਪੂ ਦਾ ਹਾਲ ਪੁੱਛਣ ਨਹੀਂ ਸੀ ਉੱਠਿਆ।

ਸਵੇਰੇ ਜਦ ਇਕ ਹੱਥ ਪਾਣੀ ਦਾ ਗਿਲਾਸ ਤੇ ਦੂਜੇ ਹੱਥ ਚਾਹ ਦਾ ਕੱਪ ਫੜੀ ਮੈਂ ਬਾਪੂ ਕੋਲ ਗਿਆ ਸਾਂ ਤਾਂ ਉਹ ਹਿੱਲਦੇ ਪਰਦਿਆਂ ਤੋਂ ਧਿਆਨ ਪਰਤਾ ਕੇ ਮੈਨੂੰ ਬੜੇ ਗਹੁ ਨਾਲ ਵੇਖਣ ਲੱਗ ਪਿਆ ਸੀ। ਫਿਰ ਹੱਥ ਨਾਲ ਹੀ ਉਹਨੇ ਮੈਨੂੰ ਲਾਗੇ ਬਹਿ ਜਾਣ ਦਾ ਇਸ਼ਾਰਾ ਕੀਤਾ ਸੀ ਤੇ ਮੈਂ ਪਰ੍ਹੇ ਪਏ ਸਟੂਲ ਨੂੰ ਪੈਰ ਨਾਲ ਘੜੀਸ ਕੇ ਨੇੜੇ ਕਰਕੇ ਉਸ 'ਤੇ ਬਹਿ ਗਿਆ ਸਾਂ। ਮੇਰੇ ਕੁਝ ਪੁੱਛਣ ਤੋਂ ਪਹਿਲਾਂ ਹੀ ਬਾਪੂ ਨੇ ਬੜੀ ਪਤਲੀ ਤੇ ਡੂੰਘੀ ਆਵਾਜ਼ 'ਚ ਕਿਹਾ ਸੀ-'ਲਗਦੈ ਅੱਜ ਸੱਦਾ ਆ ਗਿਆ ਪੁੱਤ। ਸਾਰੀ ਰਾਤ ਅੱਖ ਨਹੀਂ ਲੱਗੀ। ਬੜਾ ਈ ਬੇਚੈਨ ਰਿਹਾਂ। ਆਹ ਹੁਣੇ ਮਨ੍ਹੇਰੇ ਜਿਹੇ ਅੱਖ ਲੱਗੀ ਤਾਂ ਮੈਨੂੰ ਸੁਫ਼ਨੇ 'ਚ, ਪਿੰਡ ਵਾਲੇ ਘਰ ਸੁਫ਼ੇ ਦੀ ਦਹਿਲੀਜ਼ੇ ਖਲੋਤੀ ਤੇਰੀ ਬੇਬੇ ਦਿਸੀ, ਆਖ ਰਹੀ, 'ਵੇਖਦਾ ਨਹੀਂ ਕਰਮੇ ਦੇ ਬਾਪੂ, ਕੀ ਹਾਲ ਹੋ ਗਿਆ ਘਰ ਦਾ ? ਏਦਾਂ ਦਾ ਹੁੰਦਾ ਸੀ ਉਦੋਂ ਇਹ ਕਿਤੇ ? ਤੂੰ ਤਾਂ ਏਥੇ ਵੱਸਣਾ ਈ ਛੱਡ 'ਤਾ। ਜੇ ਏਥੇ ਨਹੀਂ ਵੱਸਣਾ ਤਾਂ ਮੇਰੇ ਕੋਲ ਹੀ ਆ ਜਾ। ਮੈਂ ਕਿੰਨੇ ਹੀ ਚਿਰ ਦੀ 'ਕੱਲੀ ਬੈਠੀ ਆਂ...।' ਬੱਸ, ਦੋ ਕੁ ਪੈਰ ਮੈਂ ਉਹਦੇ ਵੱਲ ਪੁੱਟੇ ਕਿ ਅੱਖ ਖੁੱਲ੍ਹ ਗਈ।'

'ਲੈ ਫੜ ਦਾਤਣ ਕੁਰਲਾ ਕਰ ਤੇ ਚਾਹ ਪੀ। ਬੇਬੇ ਦਿਸੀ ਐ ਏਹਨੂੰ...।' ਕਹਿਣ ਨੂੰ ਤਾਂ ਮੈਂ ਕਹਿ ਗਿਆ ਪਰ ਮੇਰੇ ਧੁਰ ਅੰਦਰੋਂ ਕੁਝ ਹਿਲ ਗਿਆ। ਮੇਰੀ ਹਲਕੇ ਫੁਲਕੇ ਰੌਂ 'ਚ ਕਹੀ ਗੱਲ ਨੇ ਜਦ ਬਾਪੂ ਦੇ ਚਿਹਰੇ ਦੇ ਪ੍ਰਭਾਵ ਰਤਾ ਵੀ ਨਾ ਬਦਲੇ ਤਾਂ ਮੇਰਾ ਮੱਥਾ ਠਣਕਿਆ। ਚਾਹ ਦਾ ਕੱਪ ਤੇ ਪਾਣੀ ਦਾ ਗਿਲਾਸ ਹੇਠਾਂ ਰੱਖ ਮੈਂ ਉਹਦੀ ਕਲਾਈ ਫੜੀ-'ਦਿਖਾ ਬੁਖ਼ਾਰ ਤਾਂ ਨਹੀਂ ?'

'ਨਹੀਂ ਬੁਖ਼ਾਰ ਵਾਲੀ ਕੋਈ ਗੱਲ ਨਹੀਂ।' ਬਾਪੂ ਨੇ ਉਦਾਸ ਅੱਖਾਂ ਨਾਲ ਫੇਰ ਮੇਰੇ ਵੱਲ ਵੇਖਿਆ, 'ਹੱਥ ਪੈਰ ਝੂਠੇ ਜਿਹੇ ਪਏ ਐ। ਐਂ ਜਾਪਦੈ ਜਿਵੇਂ ਸਾਹ-ਸਤ ਈ ਨ੍ਹੀਂ ਰਿਹਾ ਸਰੀਰ 'ਚ।'

ਮੈਂ ਰੇਤ ਵਾਲਾ ਬਾਲਟਾ ਅਗਾਂਹ ਕਰਕੇ ਤੇ ਪਾਣੀ ਦਾ ਗਿਲਾਸ ਉਹਦੇ ਮੂੰਹ ਨੇੜੇ ਕਰਦਿਆਂ ਕਿਹਾ-'ਲੈ ਚੂਲੀ ਕਰ ਲੈ ਤੇ ਆਹ ਰੇਤ ਮੈਂ ਬਾਹਰ ਸੁੱਟ ਆਵਾਂ। ਚਾਹ ਦਾ ਘੁੱਟ ਕੁ ਪੀ ਲੈ, ਫਿਰ ਆਪਾਂ ਕਿਸੇ ਡਾਕਟਰ ਵੱਲ ਚਲਦੇ ਆਂ।'

ਬਾਪੂ ਦੇ ਚਿਹਰੇ ਦੀ ਉਦਾਸੀ ਹੋਰ ਸੰਘਣੀ ਹੋ ਗਈ। ਤਕਲੀਫ਼ ਜਿਹੀ ਮਹਿਸੂਸ ਕਰਦਿਆਂ ਉਹਨੇ ਚੂਲੀ ਕੀਤੀ ਤੇ ਸਹਿਜੇ ਸਹਿਜੇ ਚਾਹ ਪੀਣ ਲੱਗਾ। ਵਿਚ ਵਿਚ ਉਹ ਮੇਰੇ ਵੱਲ ਵੇਖਦਾ, ਕੁਝ ਕਹਿਣ ਲਈ ਉਹਦੇ ਬੁੱਲ ਫਰਕਦੇ, ਪਰ ਉਹ ਧਿਆਨ ਕਿਸੇ ਹੋਰ ਪਾਸੇ ਪਾ ਲੈਂਦਾ।

'ਜਸਬੀਰ ਕਿੱਦਣ ਆਊ ?' ਅਖ਼ੀਰ ਉਹਨੇ ਹੌਲੀ ਜਿਹੇ ਪੁੱਛਿਆ।

'ਕੱਲ੍ਹ ਸ਼ਾਮੀਂ ਹੀ ਆਊ। ਪਰਸੋਂ ਸ਼ਨੀਵਾਰ ਛੁੱਟੀ ਜੁ ਐ। ਕਿਉਂ ?'

'ਊਂ ਈ ਪੁਛਿਐ।' ਚਾਹ ਦਾ ਖਾਲੀ ਕੱਪ ਮੈਨੂੰ ਫੜਾ ਕੇ ਬਾਪੂ ਨੇ ਹੱਥ ਨਾਲ ਈ ਮੁੱਛਾਂ ਸਾਫ਼ ਕਰਦਿਆਂ ਕਿਹਾ, 'ਜ਼ਨਾਨੀਓਂ ਬਗੈਰ ਕਿੰਨਾ ਸੁੰਨਾ ਲੱਗਦੈ ਘਰ। ਪਤਾ ਨਹੀਂ ਤੈਨੂੰ ਕਿਵੇਂ ਲਗਦੈ ? ਹਫ਼ਤੇ 'ਚੋਂ ਪੰਜ ਦਿਨ ਹੱਥ ਤੂੰ ਲੂਹਨੈਂ। ਉਹ ਵੱਖ ਬੇਅਰਾਮੀ ਝੱਲਦੀ ਐ। ਜੇ ਬਦਲੀ ਨਹੀਂ ਹੁੰਦੀ ਤਾਂ ਨੌਕਰੀ ਛੁਡਵਾ ਕਿਉਂ ਨਹੀਂ ਦਿੰਦਾ ?'

ਬਾਪੂ ਦੀ ਗੱਲ ਕਥ ਰਵਾਂ ਹੁੰਦੀ ਵੇਖ ਮੇਰੇ ਮਨ ਤੇ ਛਾਇਆ ਤੌਖ਼ਲਾ ਹਲਕਾ ਹੋਣ ਲੱਗਾ। 'ਬੱਸ ਬਾਪੂ ਐਵੇਂ ਈਂ, ਏਦਾਂ ਈ ਚੱਲਦਾ ਜਾ ਰਿਹੈ।' ਢੁੱਕਵਾਂ ਉਤਰ ਨਾ ਅਹੁੜਨ ਤੇ ਮੈਂ ਕਹਿ ਦਿੱਤਾ।

'ਤੂੰ ਤਾਂ ਕਹਿੰਦਾ ਸੈਂ ਤੇਰੇ ਕਿਸੇ ਯਾਰ ਦਾ ਕੋਈ ਰਿਸ਼ਤੇਦਾਰ ਹਸਪਤਾਲਾਂ ਦੇ ਵੱਡੇ ਅਫ਼ਸਰ ਦਾ ਗੁਆਂਢੀ ਐ, ਫਿਰ ਕੰਮ ਕਿਉਂ ਨਹੀਂ ਬਣਦਾ ?' ਬਾਪੂ ਸੱਚੀ-ਮੁੱਚੀਂ ਗੰਭੀਰ ਸੀ ਤੇ ਉਹਨੂੰ ਮੇਰੀ ਹਾਲਤ ਦਾ ਬੜਾ ਫਿਕਰ ਸੀ।

'ਅਸਲ 'ਚ ਬਾਪੂ, ਕਹਾਣੀ ਇਹ ਐ ਕਿ ਦੁਨੀਆ ਹੁਣ ਉਹ ਨਹੀਂ ਰਹੀ। ਸਾਰਾ ਹਿਸਾਬ ਕਿਤਾਬ ਬਦਲ ਗਿਐ। ਤੂੰ ਸਮਝ ਪਈ ਇਹ ਜਿਹੜਾ ਰਾਜ-ਪ੍ਰਬੰਧ ਐ, ਇਹ ਸਰਕਾਰ ਦੀ ਜਿਹੜੀ ਮਸ਼ੀਨਰੀ ਐ, ਸਭ ਹੇਠ ਉਪਰ ਹੋ ਗਈ ਐ। ਰਿਸ਼ਵਤਾਂ ਸਿਫ਼ਾਰਸ਼ਾਂ ਦੀ ਦੌੜ ਵੀ ਓਨੀ ਹੀ ਲੱਗ ਗਈ ਐ, ਸਾਰਾ ਮਾਹੌਲ ਈ ਹੋਰ ਹੋ ਗਿਆ। ਹੁਣ ਤੂੰ ਵੇਖ, ਹਰ ਕਿਸੇ ਦੀ ਆਪੋ ਆਪਣੀ ਪਹੁੰਚ ਐ, ਕੋਈ ਨਾ ਕੋਈ ਸਿਫਾਰਸ਼ ਹਰ ਕੋਈ ਕੱਢ ਲੈਂਦੇ। ਫਿਰ ਪੈਸੇ ਦੀ ਦੌੜ ਚਲਦੀ ਐ। ਕੁਝ ਨਾ ਪੁੱਛ ਬਾਪੂ, ਇਹ ਬੜਾ ਅਜੀਬ ਚੱਕਰ ਐ।'

ਬਾਪੂ ਚੁੱਪ ਹੋ ਗਿਆ। ਅਖੀਰ ਮੇਰੇ ਵੱਲ ਵੇਖਿਆਂ ਬਗੈਰ ਬੋਲਿਆ-'ਤੁਸੀਂ ਪਤਾ ਨਹੀਂ ਕਿਹੋ ਜਿਹੇ ਓ ! ਤੇਰੀ ਬੇਬੇ ਤਾਂ ਘਰ ਦਾ ਵਿਸਾਹ ਨਹੀਂ ਸੀ ਖਾਂਦੀ ਹੁੰਦੀ। ਕਿਤੇ ਵਾਂਢੇ ਜਾਂਦੀ ਸੀ ਤਾਂ ਸ਼ਾਮੀ ਘਰ ਪਰਤ ਆਉਂਦੀ ਹੁੰਦੀ ਸੀ। ਤੈਨੂੰ ਤਾਂ ਪਤਾ ਈ ਐ, ਉਹ ਘਰ ਕਿਵੇਂ ਵਸਾਇਆ ਸੀ ਉਹਨੇ ? ਉਹ ਘਰ ਤਾਂ ਉਹਦੇ ਨਾਲ ਈ ਮੁੱਕ ਗਿਆ। ਘਰ ਦੀ ਰੌਣਕ ਤਾਂ ਪੁੱਤ ਜ਼ਨਾਨੀ ਨਾਲ ਈ ਹੁੰਦੀ ਐ।'

ਬੇਸ਼ਕ ਬਾਪੂ ਨੇ ਇਹ ਗੱਲ ਕਈ ਵਾਰ ਕੀਤੀ ਸੀ ਪਰ ਅੱਜ ਉਹਦੀ ਗੱਲ ਮੈਨੂੰ ਵਧੇਰੇ ਵਜ਼ਨਦਾਰ ਜਾਪੀ। ਉਹ ਰੌਣਕ ਜੋ ਬੇਬੇ ਦੇ ਹੁੰਦਿਆਂ ਪਿੰਡ ਵਾਲੇ ਘਰ ਹੁੰਦੀ ਸੀ, ਉਹ ਕਿਤੇ ਦੂਰ ਰਹਿ ਗਈ ਸੀ। ਉਹ ਦਿਨ ਜਦੋਂ ਸਵੇਰੇ ਕੁੱਕੜ ਦੀ ਬਾਂਗੇ ਬਾਪੂ ਉੱਠ ਕੇ, ਇਸ਼ਨਾਨ ਕਰਕੇ ਜਪੁਜੀ ਦਾ ਪਾਠ ਕਰਦਾ, ਭੱਠੀ ਮਘਾਉਂਦਾ ਤੇ ਅਹਿਰਨ ਅੱਗੇ ਜਾ ਬਹਿੰਦਾ ਹੁੰਦਾ ਸੀ, ਅੱਜ ਦਿਆਂ ਨਾਲੋਂ ਕਿਤੇ ਲੁਭਾਉਣੇ ਦਿਨ ਸਨ। ਅਹਿਰਨ ਤੇ ਪੈਂਦੇ ਹਥੌੜਿਆਂ ਦੀ ਠੱਕ ਠੱਕ ਤੇ ਭੱਠੀ ਦੇ ਪੱਖੇ ਦੀ ਘੂਕਰ ਸਾਡੇ ਸੁੱਤੇ ਪਿਆਂ ਦੇ ਕੰਨਾਂ 'ਚ ਇਕ ਸੰਗੀਤ ਘੋਲਿਆ ਕਰਦੀ ਸੀ। ਬੇਬੇ ਭਾਵੇਂ ਪਾਠ ਕਰਨਾ ਨਹੀਂ ਸੀ ਜਾਣਦੀ ਪਰ ਫਿਰ ਵੀ ਕੋਈ ਅੱਧੀ ਪਚੱਧੀ ਤੁਕ ਗੁਣਗੁਣਾਉਂਦੀ ਉਹ ਚੌਂਕੇ ਚੁੱਲ੍ਹੇ ਦੇ ਆਹਰ 'ਚ ਜੁਟੀ ਰਹਿੰਦੀ। ਤੁਰਦੀ ਫਿਰਦੀ ਉਹ ਡਿਓਢੀ 'ਚ ਲੱਗੀ ਭੱਠੀ ਦੇ ਪੱਖੇ ਦਾ ਚੱਕਾ ਵੀ ਘੁਮਾ ਆਉਂਦੀ। ਕਦੇ ਕਦੇ ਬਾਪੂ ਜਦ ਬਹੁਤ ਪ੍ਰਸੰਨ ਚਿਤ ਹੁੰਦਾ ਤਾਂ ਬੜੇ ਨਿੱਘ ਨਾਲ ਬੇਬੇ ਨੂੰ ਆਖਦਾ-'ਆ ਜਾ ਤੇਜ ਕੁਰੇ, ਘੜੀ ਬਹਿ ਜਾ। ਸਾਰਾ ਦਿਨ ਤਾਂ ਸਹੁਰੀ-ਦਾ ਭੋਰਾ ਵਿਹਲ ਨ੍ਹੀਂ ਲਗਦਾ। ਕੋਈ ਗੱਲ ਈ ਕਰ !' ਤੇ ਬਾਪੂ ਠਿੰਬੀ ਜਿਹੀ ਚੌਂਕੀ ਉਸ ਵੱਲ ਸਰਕਾ ਦਿੰਦਾ। ਫਿਰ ਉਹ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ। ਕਦੇ ਕਦੇ ਹਾਸਾ ਛਣਕਦਾ। ਮੈਂ ਜਾਗੋ ਮੀਟੇ ਵਿਚ ਅੰਦਾਜ਼ਾ ਲਾਉਂਦਾ, ਜ਼ਰੂਰ ਆਪਣੇ ਜਵਾਨੀ ਵਾਰੇ ਦੀਆਂ ਗੱਲਾਂ ਕਰਦੇ ਹੋਣਗੇ। ਬਾਪੂ ਮੇਲੇ ਵਿਚ ਪੱਥਰ ਚੁੱਕਣ ਦੀ ਗੱਲ ਸੁਣਾ ਰਿਹਾ ਹੋਵੇਗਾ, ਬੇਬੇ ਆਪਣੇ ਗਿੱਧੇ ਦੀ ਧਮਕ ਬਾਰੇ ਦੱਸ ਰਹੀ ਹੋਵੇਗੀ, ਉਨ੍ਹਾਂ ਦੇ ਪਹਿਲਿਆਂ ਦਿਨਾਂ ਦੀ ਕੋਈ ਗੱਲ ਹੋਵੇਗੀ, ਜਦੋਂ ਬੇਬੇ ਦੇ ਰੂਪ ਦੀ ਚਰਚਾ ਹੁੰਦੀ ਸੀ।

'ਉਦੋਂ ਤਾਂ ਦਿਨ ਹੀ ਹੋਰ ਸਨ।' ਬਾਪੂ ਆਖਦਾ।

'ਹਾਂ, ਹੁਣ ਤਾਂ ਜ਼ਮਾਨਾ ਈ ਬਦਲ ਗਿਐ।' ਬਾਪੂ ਦੀਆਂ ਗੱਲਾਂ 'ਚ ਪੂਰੀ ਤਰ੍ਹਾਂ ਢਲ ਕੇ ਬੇਬੇ ਆਖਦੀ।

'ਅਸੀਂ ਤਾਂ ਨਹੀਂ ਨਾ ਬਦਲੇ !' ਬਾਪੂ ਹਥੌੜਾ ਰੱਖ, ਬੇਬੇ ਦੀ ਕਲਾਈ ਫੜਦਾ ਤੇ ਬੇਬੇ ਅੱਗੇ ਪਿਛੇ ਝਾਕ ਕੇ ਪੋਲੇ ਜਿਹੇ ਬਾਂਹ ਛੁਡਾਉਂਦੀ, ਬੁੱਲ੍ਹ ਘੁੱਟ ਕੇ ਹੱਸਦੀ ਤੇ ਆਖਦੀ, 'ਕੋਈ ਵੇਖੂ ਤੇ ਕੀ ਆਖੂ ? ਨਿਆਣੇ ਜੁਆਨ ਨੇ, ਕੁਝ ਖਿਆਲ ਕਰਿਆ ਕਰ।'

'ਯਾਦ ਈ, ਲੋਕ ਆਂਹਦੇ ਸਨ, ਐਨੀ ਸੁਹਣੀ ਲਾਟ ਵਰਗੀ ਤੀਵੀਂ ਐਸ ਸਿੱਧੜ ਜਿਹੇ ਤਖਾਣ ਦੇ ਕਿਵੇਂ ਵੱਸੂ ?' ਪਿਛਲੀਆਂ ਛੋਹ ਕੇ ਬਾਪੂ ਦਾ ਚਿੱਤ ਜਿਵੇਂ ਕਰਾਰਾ ਹੋ ਜਾਂਦਾ। ਫਿਰ ਉਹਦੀ ਇਸ ਮਾਣ 'ਚ, ਕਿ ਉਹ ਤੀਵੀਂ ਉਹਨੇ ਲੋਕਾਂ ਨੂੰ ਵਸਾ ਕੇ ਵਿਖਾਈ, ਹਿੱਕ ਚੌੜੀ ਹੋ ਜਾਂਦੀ। 'ਪਤਾ ਈ ਕਈਆਂ ਤੇਰੇ ਕਰਕੇ ਈ ਮੇਰੇ ਕੋਲ ਸੇਪ ਰੱਖੀ ਸੀ।'

'ਮੇਰੇ ਕਰਕੇ ਖ਼ਾਹਮਖਾਹ !' ਬੇਬੇ ਕਹਿੰਦੀ। 'ਤੇਰਾ ਕੰਮ ਵੇਖ ਕੇ ਰੱਖਦੇ ਹੋਣਗੇ। ਕੰਮ ਕਿਤੇ ਘੱਟ ਕਰਦਾ ਸੈਂ ਤੂੰ ? ਹੁਣ ਵੇਖ ਖਾਂ...।' ਬਾਪੂ ਦੇ ਝੁਰੜੀਆਂ ਛੱਡ ਗਏ ਡੌਲਿਆਂ ਨੂੰ ਵੇਖ ਬੇਬੇ ਚਿੰਤਾ 'ਚ ਆਖਦੀ-'ਆਪ ਕੁਝ ਖਾਂਦਾ ਨਹੀਂ, ਜੋ ਹੁੰਦੈ, ਕਹਿੰਦਾ ਮੁੰਡੇ ਨੂੰ ਖਵਾਈ ਜਾਹ।'

'ਕਾਲਜ ਪੜ੍ਹਦੈ ਕਰਮਾ। ਪਤੈ, ਕਿੰਨੀ ਸਿਰ ਖਪਾਈ ਕਰਦੈ। ਵੇਖੀਂ ਜਦੋਂ ਸਾਰੇ ਪਿੰਡ 'ਚੋਂ ਨਾਂ ਕਮਾਊ। ਉਹਦੀ ਮਿਹਨਤ ਐ, ਅਸੀਂ ਗਰੀਬ ਕੀ ਦੇਣ ਜੋਗੇ ਆਂ ?' ਬਾਪੂ ਮੇਰੀ ਗੱਲ ਫ਼ਖ਼ਰ ਨਾਲ ਕਰਦਾ।

ਬਾਪੂ ਦੀ ਗੱਲ ਸੁਣ ਕੇ ਬੇਬੇ ਪ੍ਰਭਾਵਤ ਹੋ ਜਾਂਦੀ। ਹੱਥ ਜੋੜਦੀ ਤੇ ਰੱਬ ਨੂੰ ਮੁਖ਼ਾਤਬ ਹੁੰਦੀ-'ਸਿੱਧੀਆਂ ਪਾਵੀਂ ਰੱਬਾ ! ਕਮਾਈ 'ਚ ਬਰਕਤਾਂ ਪਾਈਂ, ਤੰਦਰੁਸਤੀਆਂ ਬਖਸ਼ੀਂ, ਉਲਾਦ ਨੂੰ ਸੁੱਖ ਮਾਣਨਾ ਦਈਂ।'

ਇਹ ਸਿਲਸਿਲਾ ਇੰਜ ਹੀ ਚਲਦਾ ਰਿਹਾ। ਬੇਬੇ ਦਾ ਲਿਪਿਆ ਪੋਚਿਆ ਘਰ ਉਹਦੇ ਸੁਥਰੇ ਹੋਣ ਦੀ ਸਾਖ਼ੀ ਭਰਦਾ। ਬਾਪੂ ਦਾ ਕੰਮ 'ਚੋਂ ਸਿਰ ਖੁਰਕਣ ਦੀ ਵਿਹਲ ਦਾ ਨਾ ਹੋਣਾ, ਉਹਦੇ ਕਾਰੀਗਰ ਹੋਣ ਦਾ ਸਬੂਤ ਦਿੰਦਾ। ਹਰ ਛਿਮਾਹੀਂ ਦਾਣਿਆਂ ਨਾਲ ਭੜੋਲੇ ਭਰ ਜਾਂਦੇ। ਪੱਠਾ-ਦੱਥਾ ਵੱਖ ਆ ਜਾਂਦਾ। ਬੇਬੇ ਹਰ ਆਏ ਗਏ ਨੂੰ ਚਾਹਵਾਂ-ਲੱਸੀਆਂ ਪਿਆਲਦੀ। ਬਾਪੂ ਦਾ ਚਹੁੰ ਬੰਦਿਆਂ 'ਚ ਉੱਠਣ ਬਹਿਣ ਵੇਖ ਪ੍ਰਸੰਨ ਹੁੰਦੀ। ਕਦੇ ਕਦੇ ਜਦ ਬਾਪੂ ਦੋ ਕੁ ਘੁੱਟ ਦਾਰੂ ਪੀ ਕੇ ਅੱਪਲ ਟੱਪਲੀਆਂ ਮਾਰਦਾ ਤਾਂ ਬੇਬੇ ਬਿਨਾਂ ਗੁੱਸਾ ਕੀਤਿਆਂ ਉਹਨੂੰ ਝਾੜਦੀ-'ਸੰਗ ਦਾ ਘਾਟਾ ਐ ਏਹਨੂੰ। ਪਤਾ ਨੀ ਚੌਥੇ ਕੁ ਦਿਨ ਕਿਥੋਂ ਮੂੰਹ ਨੂੰ ਲਾ ਕੇ ਆ ਜਾਂਦੈ।'

ਪਰ ਅਸਾਂ ਬਾਪੂ ਤੇ ਬੇਬੇ ਨੂੰ ਕਦੇ ਝਗੜਦਿਆਂ ਨਹੀਂ ਸੀ ਵੇਖਿਆ। ਇਕ ਨਿੱਘ ਇਕ ਮਿਠਾਸ ਘਰ 'ਚ ਹਮੇਸ਼ਾ ਤਾਰੀ ਰਹਿੰਦੀ। ਏਸੇ ਮਾਹੌਲ 'ਚ ਦੋਹਾਂ ਭੈਣਾਂ ਦੇ ਵਿਆਹ ਹੋਏ ਤੇ ਮੈਂ ਪੜ੍ਹਾਈ ਮੁਕਾਈ। ਏਸੇ ਦੌਰਾਨ ਮੇਰੀ ਨੌਕਰੀ ਲੱਗੀ ਤੇ ਸਰਕਾਰੀ ਹਸਪਤਾਲ 'ਚ ਸਟਾਫ਼ ਨਰਸ ਲੱਗੀ ਕੁੜੀ ਨਾਲ ਵਿਆਹ ਹੋਇਆ। ਅਖੀਰ ਜਦ ਪਰਿਵਾਰਕ ਮਜਬੂਰੀਆਂ ਵੱਸ, ਇਸ ਖੇੜਿਆਂ ਭਰੇ ਮਾਹੌਲ ਨੂੰ ਛੱਡ ਕੇ ਮੈਂ ਸ਼ਹਿਰ ਦੀ ਇਕ ਤੰਗ ਗਲੀ ਵਿਚ ਕਿਰਾਏ ਦੇ ਮਕਾਨ 'ਚ ਰਹਿਣ ਲੱਗਾ ਤਾਂ ਦੁਨੀਆ ਹੀ ਬਦਲ ਗਈ।

ਬੇਬੇ ਦੇ ਮਰਨ ਤੇ ਬਾਪੂ ਢਾਹੀਂ ਰੋਇਆ ਸੀ। ਬੇਸ਼ਕ ਅਸੀਂ ਚਾਹੁੰਦੇ ਸਾਂ, ਬਾਪੂ ਨੂੰ ਨੂੰਹ ਤੇ ਜਵਾਈਆਂ ਦੀ ਹਾਜ਼ਰੀ 'ਚ ਇਉਂ ਵਿਰਲਾਪ ਨਹੀਂ ਕਰਨੇ ਚਾਹੀਦੇ ਪਰ ਉਹ ਤਾਂ ਜਿਵੇਂ ਅਸਲੋਂ ਹੀ ਟੁੱਟ ਗਿਆ ਸੀ। ਕਮਲਿਆਂ ਹਾਰ ਤੁਰਿਆ ਫਿਰਦਾ ਸੀ। ਕਦੇ ਬੇਬੇ ਦੇ ਲਿੱਪੇ ਹੋਏ ਚੌਂਕੇ ਭੜੋਲਿਆਂ ਤੇ ਹੱਥ ਫੇਰਦਾ, ਕਦੇ ਉਹਦੇ ਟਿਕਾਏ ਭਾਂਡਿਆਂ ਨੂੰ ਪਲੋਸਦਾ, ਕਦੇ ਉਹਦੇ ਟੰਗੇ ਹੋਏ ਕੱਪੜਿਆਂ ਨੂੰ ਵੇਖਦਾ। ਕਿਸੇ ਨਾਲ ਬੋਲਦਾ ਨਾ ਚਾਲਦਾ। ਉਦਾਸ ਤੇ ਗੁੰਮ ਸੁੰਮ ਰਹਿੰਦਾ।

ਬੇਬੇ ਦੀਆਂ ਅੰਤਮ ਰਸਮਾਂ ਕਰਨ ਤੋਂ ਬਾਅਦ ਤੇ ਭੈਣ-ਭਣਵੱਈਆਂ ਤੇ ਹੋਰ ਰਿਸ਼ਤੇਦਾਰਾਂ ਨੂੰ ਤੋਰਨ ਤੋਂ ਬਾਅਦ, ਇਕ ਦਿਨ ਚੁੱਪਚਾਪ ਬੈਠੇ ਬਾਪੂ ਨੂੰ ਮੈਂ ਕਿਹਾ ਸੀ, 'ਤੂੰ ਵੀ ਮੇਰੇ ਨਾਲ ਸ਼ਹਿਰ ਈ ਚਲਿਆ ਚੱਲ।'

ਪਹਿਲੀ ਵਾਰ ਮੈਨੂੰ ਬਾਪੂ ਨੇ ਓਪਰੀਆਂ ਨਜ਼ਰਾਂ ਨਾਲ ਵੇਖਿਆ ਸੀ। ਉਹਦੀ ਚੁੱਪ ਹੀ ਉਹਦਾ ਜੁਆਬ ਸੀ। ਮੇਰੀ ਪਤਨੀ ਦੀਆਂ ਛੁੱਟੀਆਂ ਦੀ ਮਜਬੂਰੀ ਸੀ, ਸੋ ਅਸੀਂ ਵੀ ਆ ਗਏ।

ਮੈਂ ਹਫਤੇ ਦੋਂਹ ਹਫਤੀਂ ਪਿੰਡ ਜਾਂਦਾ। ਬਾਪੂ ਹੁਣ ਕਦੇ ਕਦਾਈਂ ਹੀ ਭੱਠੀ ਮਘਾਉਂਦਾ ਸੀ। ਸੇਪ ਵਾਲੇ ਘਰਾਂ ਨੂੰ ਉਹਨੇ ਹੱਥ ਜੋੜ ਕੇ ਆਪਣੀ ਮਜਬੂਰੀ ਦਸਦਿਆਂ ਭਗਤੇ ਕੀ ਪੱਤੀ ਵਿਚ ਸੇਪ ਕਰਦੇ ਰਤਨ ਸੂੰਹ ਨੂੰ ਕੰਮ ਦੇ ਦੇਣ ਦੀ ਬੇਨਤੀ ਕਰ ਦਿੱਤੀ। ਬਹੁਤਾ ਸਮਾਂ ਉਹ ਗੁਰਦੁਆਰੇ ਵਿਚਲੇ ਬੋਹੜ ਹੇਠਾਂ ਪਏ ਤਖ਼ਤ-ਪੋਸ਼ ਤੇ ਪਿਆ ਰਹਿੰਦਾ। ਬਹੁਤੀ ਵਾਰੀ ਭਾਈ ਮਹੈਣ ਸੂੰਹ ਨਾਲ ਪ੍ਰਸ਼ਾਦਾ ਛਕ ਲੈਂਦਾ ਜਾਂ ਫਿਰ ਕਿਸੇ ਸੇਪ ਵਾਲੇ ਘਰ ਜਾ ਖਾਂਦਾ। ਘਰ ਚੁੱਲ੍ਹਾ ਉਹ ਕਦੇ ਕਦਾਈਂ ਹੀ ਬਾਲਦਾ। ਲਿੰਬਿਆ ਪੋਚਿਆ ਤੇ ਸਾਫ਼ ਰਹਿਣ ਵਾਲਾ ਵਿਹੜਾ ਭ੍ਰਿਸ਼ਟਿਆ ਤੇ ਅਣਸੁੰਬਰਿਆ ਪਿਆ ਰਹਿੰਦਾ। ਕਈ ਵਾਰੀ ਮੈਂ ਆਪਣੀ ਪਤਨੀ ਨੂੰ ਕਿਹਾ ਸੀ ਕਿ ਕਦੇ ਕਦਾਈਂ ਉਹ ਜਾ ਕੇ ਘਰ ਸੁੰਬਰ ਆਇਆ ਕਰੇ, ਪਰ ਉਹ ਕੰਨ ਨਾ ਧਰਦੀ, ਪਿੰਡ ਜਾਣੋਂ ਕੰਨੀ ਕਤਰਾਉਂਦੀ। ਉਲਟਾ ਕਈ ਵਾਰ ਉਹਨੇ ਮੈਨੂੰ ਕਿਹਾ ਸੀ-'ਫਿਰਨੀ ਤੇ ਪਈ ਕਨਾਲ ਥਾਂ ਵੇਚ ਕਿਉਂ ਨਹੀਂ ਦਿੰਦੇ ? ਘੱਟੋ ਘੱਟ ਸ਼ਹਿਰ ਤੋਂ ਬਾਹਰ ਕਿਸੇ ਨਵੀਂ ਕਲੋਨੀ 'ਚ ਪਲਾਟ ਤਾਂ ਲੈ ਈ ਸਕਨੇ ਆਂ। ਆਪਣੇ ਬਾਪੂ ਨਾਲ ਗੱਲ ਤਾਂ ਕਰਕੇ ਵੇਖੋ।'

ਮੈਂ ਕਈ ਵਾਰ ਚਾਹਿਆ ਸੀ, ਬਾਪੂ ਨਾਲ ਗੱਲ ਕਰਾਂ। ਪਰ ਪਤਾ ਨਹੀਂ ਕਿਉਂ ਮੈਨੂੰ ਚੰਗਾ ਨਹੀਂ ਸੀ ਲੱਗਦਾ। ਆਪਣੀ ਪਤਨੀ ਨੂੰ ਮੈਂ ਹੂੰ ਹਾਂ ਕਰ ਛੱਡਦਾ ਪਰ ਬਾਪੂ ਸਾਹਮਣੇ ਜਾ ਕੇ ਮੈਥੋਂ ਕਹਿ ਨਾ ਹੁੰਦਾ। ਬਾਪੂ ਤੋਂ ਕੁਝ ਮੰਗਣ ਤੇ ਮੇਰੀ ਆਵਾਜ਼ ਮੇਰਾ ਸਾਥ ਨਾ ਦਿੰਦੀ।

ਅਖ਼ੀਰ ਇਕ ਦਿਨ ਇਹ ਮਸਲਾ ਬਾਪੂ ਨੇ ਆਪ ਹੀ ਹੱਲ ਕਰ ਦਿੱਤਾ ਸੀ। ਪਿੰਡ ਗਏ ਨੂੰ ਮੈਨੂੰ ਬਾਪੂ ਨੇ ਕਿਹਾ ਸੀ-'ਪੁੱਤ ਮਿੰਦਰ ਸੂੰਹ ਆਪਣਾ ਫਿਰਨੀ ਵਾਲਾ ਕਨਾਲ ਥਾਂ ਲੈਣ ਲਈ ਆਂਹਦਾ ਸੀ, ਕਿਵੇਂ ਕਰਨਾ ?'

ਆਪਣੀ ਮੁਸ਼ਕਲ ਹੱਲ ਹੋ ਜਾਣ ਤੇ ਸੌਖਾ ਅਨੁਭਵ ਕਰਦਿਆਂ ਮੈਂ ਕਿਹਾ ਸੀ-'ਤੂੰ ਸਿਆਣੈ ਬਾਪੂ, ਜਿਵੇਂ ਕਹੇਂ।'

'ਜਾਹ ਫਿਰ ਉਨ੍ਹਾਂ ਨਾਲ ਗੱਲ ਕਰ ਆ। ਮੈਂ ਉਨ੍ਹਾਂ ਨੂੰ ਕਿਹਾ ਸੀ, ਕਰਮਾ ਆਊ ਤਾਂ ਮੈਂ ਤੁਹਾਡੇ ਵੱਲ ਭੇਜਾਂਗਾ। ਭਾਅ ਪਿੱਛੇ ਨਾ ਬਹੁਤਾ ਪਵੀਂ। ਤੈਨੂੰ ਪਤੈ, ਪਿੰਡ ਦੀ ਸਾਂਝ ਐ। ਬੜਾ ਮੇਲ ਜੋਲ ਰਿਹੈ ਉਨ੍ਹਾਂ ਨਾਲ ਸਾਡਾ।'

ਉਸ ਥਾਂ ਦੇ ਪੈਸਿਆਂ ਨੂੰ ਬਾਪੂ ਨੇ ਹੱਥ ਵੀ ਨਹੀਂ ਸੀ ਲਾਇਆ। ਜਾਣੀ-ਜਾਣ ਬਾਪੂ ਨੇ ਕਿਹਾ ਸੀ-'ਜੇ ਸ਼ਹਿਰ ਈ ਰਹਿਣੈ ਤਾਂ ਆਪਣਾ ਅਹੁੜ-ਪਹੁੜ ਕਰ ਲੈ। ਕੁਝ ਤੇਰੀ ਬੇਬੇ ਦੀਆਂ ਟੂੰਮਾਂ ਵੀ ਪਈਆਂ ਨੇ, ਜੇ ਉਹ ਵੀ ਲਾਉਣੀਆਂ ਪੈਣ ਤਾਂ ਲਾ ਲੈ, ਤੇ ਕਿਤੇ ਥੋੜ੍ਹੀ ਬਹੁਤੀ ਥਾਂ ਲੈ ਕੇ ਕਮਰਾ ਕੁ ਛੱਤ ਲੈ। ਘੱਟੋ ਘੱਟ ਕਿਰਾਇਆਂ ਤੋਂ ਤਾਂ ਬਚੇਂਗਾ।'

ਬਾਪੂ ਦੇ ਕਈ ਸਾਥੀ ਉਹਨੂੰ ਰਾਇ ਦਿੰਦੇ-'ਕਾਹਨੂੰ ਬੁੱਢੇ ਵਾਰੇ ਹੱਡ ਰੋਲਦੈਂ ? ਏਨਾ ਵਧੀਆ ਜੀਅ ਕੇ ਫਕੀਰ ਜਿਹਾ ਹੋ ਗਿਐਂ। ਪਰ੍ਹਾਂ ਮੁੰਡੇ ਕੋਲ ਈ ਜਾ ਰਹੁ।'

'ਕਿੰਨੀ ਕੁ ਰਹਿਗੀ ਭਾਊ ? ਖ਼ੌਰੇ ਕਿੰਨੇ ਕੁ ਸਾਹ ਨੇ ? ਜ਼ਿੰਦਗੀ ਤਾਂ ਮੁੱਕਗੀ ਤੇਜ ਕੁਰ ਨਾਲ ਈ।' ਬਾਪੂ ਗੰਭੀਰ ਹੋ ਕੇ ਆਖਦਾ।

ਬੜੀ ਖਿੱਚ ਧੂਹ ਨਾਲ ਮੈਂ ਸ਼ਹਿਰ ਤੋਂ ਬਾਹਰ ਨਵੀਂ ਬਣੀ ਇਕ ਕਲੋਨੀ 'ਚ ਪਲਾਟ ਲੈ ਕੇ ਦੋ ਕਮਰੇ-ਰਸੋਈ ਬਣਾਉਣ 'ਚ ਕਾਮਯਾਬ ਹੋ ਗਿਆ। ਇਨ੍ਹੀਂ ਹੀ ਦਿਨੀਂ ਮੇਰੀ ਪਤਨੀ ਦੀ ਬਦਲੀ ਦੂਜੇ ਸ਼ਹਿਰ ਹੋ ਗਈ। ਇਕ ਸੰਕਟ ਟਲਿਆ, ਦੂਜਾ ਆ ਪਿਆ। ਅਖੀਰ, ਬਾਪੂ ਨੇ ਮੇਰੀ

ਇੱਕਲਤਾ ਨੂੰ ਭਰਨ ਤੇ ਮੇਰੀ ਗ਼ੈਰ ਹਾਜ਼ਰੀ ਵੇਲੇ ਘਰ ਦੀ ਰਖਵਾਲੀ ਕਰਨ ਖਾਤਰ, ਮੇਰੇ ਕੋਲ ਸ਼ਹਿਰ ਆਉਣਾ ਮੰਨ ਲਿਆ।

ਧੁੱਪ ਕਾਫੀ ਚੜ੍ਹ ਆਈ ਸੀ। ਮੇਰੇ ਕੋਲ ਬੈਠੇ ਸੱਜਣ ਪਤਾ ਨਹੀਂ ਕਦੋਂ ਕੁ ਦੇ ਉੱਠ ਕੇ ਚਲੇ ਗਏ ਸਨ। ਮੇਰਾ ਚਿੱਤ ਨਾ ਕੀਤਾ ਕਿ ਮੈਂ ਸ਼ੋਅ ਕੇਸ 'ਚ ਪਈ ਘੜੀ ਤੋਂ ਉੱਠ ਕੇ ਟਾਇਮ ਵੇਖਾਂ। ਮੈਂ ਬਾਪੂ ਦੇ ਢੱਕੇ ਹੋਏ ਚਿਹਰੇ ਨੂੰ ਨੀਝ ਨਾਲ ਵੇਖਿਆ। ਕਿਤੇ ਬਾਪੂ ਫੇਰ ਉੱਠ ਪਵੇ। ਮੇਰੀ ਜ਼ਿੰਦਗੀ 'ਚ ਏਨਾ ਅਹਿਮ ਰੋਲ ਨਿਭਾਉਣ ਵਾਲਾ ਬਾਪੂ ਏਨੀ ਛੇਤੀ ਛੱਡ ਕੇ ਚਲਾ ਜਾਵੇਗਾ, ਮੈਨੂੰ ਹਾਲੇ ਵੀ ਯਕੀਨ ਨਹੀਂ ਸੀ ਆ ਰਿਹਾ। ਮੇਰਾ ਹਿਰਦਾ ਪੀੜੋ ਪੀੜ ਸੀ। ਬਾਪੂ ਦੇ ਅਹਿਸਾਨਾਂ 'ਚੋਂ ਮੈਂ ਤਿਲ ਭਰ ਅਦਾਇਗੀ ਵੀ ਨਹੀਂ ਸਾਂ ਕਰ ਸਕਿਆ। ਇਕ ਮੌਕਾ ਜੇ ਬਾਪੂ ਹੋਰ ਦੇ ਦਿੰਦਾ। ਮੈਨੂੰ ਇਸ ਗੱਲ ਦਾ ਵੀ ਅਫ਼ਸੋਸ ਸੀ ਕਿ ਮੇਰੀ ਪਤਨੀ ਨੇ ਬਾਪੂ ਨੂੰ ਕਦੇ ਵੀ ਲੋੜੀਂਦਾ ਮਾਣ ਸਤਿਕਾਰ ਨਹੀਂ ਸੀ ਦਿੱਤਾ। ਉਹ ਬਾਪੂ ਦੇ ਪੁੜੇ ਪਏ ਹੱਥਾਂ ਤੇ ਤਾਂਬੇ ਰੰਗੇ ਚਿਹਰੇ ਨੂੰ ਨਫ਼ਰਤ ਨਾਲ ਵੇਂਹਦੀ ਸੀ। ਬਾਪੂ ਦੇ ਵਿਹੜੇ 'ਚ ਖੰਘਾਰ ਸੁੱਟ ਦੇਣ ਦਾ ਬੁਰਾ ਮਨਾਉਂਦੀ ਸੀ। ਮੈਂ ਉਸਨੂੰ ਬੜੀ ਵਾਰ ਸਮਝਾਇਆ ਸੀ ਕਿ ਉਹ ਇੰਜ ਨਾ ਕਰਿਆ ਕਰੇ। ਪਰ ਉਹ ਹਮੇਸ਼ਾ ਮੈਨੂੰ ਨੱਕ ਚੜ੍ਹਾ ਕੇ ਕਹਿੰਦੀ-'ਮੈਂ ਬਾਪੂ ਨਾਲ ਕਿਹੜੀਆਂ ਫੂੰਮਣੀਆਂ ਪਾਇਆ ਕਰਾਂ?'

'ਘੱਟੋ ਘੱਟ ਚਾਹ ਪਾਣੀ ਦੇਣ ਲੱਗਿਆਂ ਕਹਿ ਕੇ ਫੜਾਇਆ ਕਰ, ਊਂ ਈ ਨਾ ਰੱਖ ਆਇਆ ਕਰ। ਤੇਰਾ ਵੀ ਤੇ ਕੁਝ ਫਰਜ਼ ਐ। ਤੈਨੂੰ ਪਤਾ ਈ ਐ, ਬੇਬੇ ਕਿੰਨਾ ਖਿਆਲ ਰੱਖਦੀ ਹੁੰਦੀ ਸੀ ਉਹਦਾ।' ਮੈਂ ਕਹਿੰਦਾ।

'ਤੁਸੀਂ ਕਰਦੇ ਰਿਹਾ ਕਰੋ ਲੋ-ਲੋ ਪੋ-ਪੋ, ਮੈਥੋਂ ਤਾਂ ਨਹੀਂ ਹੁੰਦਾ।' ਉਹ ਖਿੱਝ ਕੇ ਆਖਦੀ।

ਪਰ ਬਾਪੂ ਉਹਨੂੰ ਜਦੋਂ ਵੀ ਆਵਾਜ਼ ਮਾਰਦਾ 'ਜਸਬੀਰ ਪੁੱਤ' ਆਖ ਕੇ ਹੀ ਮਾਰਦਾ। ਮੈਨੂੰ ਕਹਿੰਦਾ-'ਕਰਮ ਸਿਆਂ ਪੁੱਤ, ਇਹਨੂੰ ਵੀ ਚੈਨ ਦੀ ਰੋਟੀ ਖਾ ਲੈਣ ਦੇਹ। ਸਾਡੇ ਵੇਲਿਆਂ 'ਚ ਜ਼ਨਾਨੀ ਦੀ ਕਮਾਈ ਨੂੰ ਮਾੜਾ ਸਮਝਦੇ ਸੀ। ਤੂੰ ਕਾਹਦੇ ਲਈ ਇਹਨੂੰ ਭਜਾਈ ਰੱਖਨਾਂ? ਤੇਰੀ ਕਮਾਈ ਨਾਲ ਘਰ ਨਾ ਤੁਰੂ? ਤੇਰੀ ਬੇਬੇ ਤੇ ਮੈਂ ਕਿਤੇ ਮਾੜਾ ਜੀਵੇ ਆਂ। ਹਾਲੇ ਤੂੰ ਸਰਕਾਰੀ ਨੌਕਰ ਐਂ, ਮਹੀਨੇ ਬਾਅਦ ਲੱਗੀ ਬੱਧੀ ਤਨਖ਼ਾਹ ਤਾਂ ਮਿਲ ਹੀ ਜਾਂਦੀ ਐ, ਸਾਡਾ ਕਿਤੇ ਏਦਾਂ ਦਾ ਹਿਸਾਬ ਥੋੜ੍ਹਾ ਸੀ? ਫੇਰ ਵੀ ਤੁਹਾਨੂੰ ਪਾਲਿਆ, ਪੜ੍ਹਾਇਆ ਲਿਖਾਇਆ, ਵਿਆਹਿਆ। ਕੀ ਨਹੀਂ ਕੀਤਾ?'

ਮੇਰੀ ਪਤਨੀ ਬੁੱਲ੍ਹ ਅਟੇਰਦੀ-'ਬਾਪੂ ਤਾਂ ਮੋੜ ਘੇੜ ਕੇ ਬੇਬੇ ਦੀ ਹੀ ਗੱਲ ਕਰੂ।'

ਇਹ ਸੋਚ ਕੇ ਕਿ ਬਹਿਸ ਕਰਨ ਦਾ ਕੋਈ ਲਾਭ ਨਹੀਂ ਹੋਣਾ, ਮੈਂ ਚੁੱਪ ਹੋ ਜਾਂਦਾ।

ਹੁਣ ਬਾਪੂ ਨਹੀਂ ਸੀ ਰਿਹਾ। ਘੜੀਆਂ ਪਲਾਂ 'ਚ ਸਾਰੀ ਖੇਡ ਸਮਾਪਤ ਹੋ ਗਈ ਸੀ। ਗੱਲਾਂ ਕਰਦਾ ਕਰਦਾ ਬਾਪੂ ਹਮੇਸ਼ਾ ਲਈ ਸੌਂ ਗਿਆ ਸੀ। ਜ਼ਿੰਦਗੀ 'ਚ ਜਿਸ ਬੰਦੇ ਨੇ ਕਿਸੇ ਨੂੰ ਕੋਈ ਕਸ਼ਟ ਨਹੀਂ ਸੀ ਦਿੱਤਾ, ਮਰਨ ਲੱਗਾ ਵੀ ਪਾਣੀ ਮੰਗੇ ਬਗ਼ੈਰ ਚਲਾ ਗਿਆ। ਸਿਰਫ਼ ਉਹਦੇ ਘਰਕਦੇ ਸਾਹ ਦੀ ਆਵਾਜ਼ ਆਈ ਸੀ ਤੇ ਉਹ ਸਿਰ੍ਹਾਣੇ ਤੇ ਟੇਢਾ ਹੋਇਆ, ਮੂੰਹ ਖੋਲ੍ਹੀ ਟੁੱਟਵੇਂ ਸਾਹ ਲੈ ਰਿਹਾ ਸੀ। ਉਹਦਾ ਚਿਹਰਾ ਸ਼ਾਂਤ ਤੇ ਢਿੱਲਾ ਸੀ। ਬਾਂਹ ਹੀਂਅ ਤੋਂ ਹੇਠਾਂ ਲਮਕ ਰਹੀ ਸੀ।

ਠੰਡੀ ਹੁੰਦੀ ਜਾ ਰਹੀ ਬਾਂਹ ਉਪਰ ਕਰਕੇ, ਦੌੜ ਕੇ ਮੈਂ ਬਾਹਰ ਆਇਆ ਤੇ ਕੰਧ ਉਪਰੋਂ ਨਾਲ ਵਾਲੇ ਘਰ ਆਵਾਜ਼ਾਂ ਮਾਰਨ ਲੱਗਾ।

ਗੁਆਂਢੀ ਵਰਮੇ ਦੀ ਪਤਨੀ ਬਾਹਰ ਆਈ ਤੇ ਮੇਰੀ ਹਾਲਤ ਭਾਂਪ ਕੇ ਬੋਲੀ-'ਕਿਉਂ ਸੁੱਖ ਤਾਂ ਹੈ ਭਰਾ ਜੀ?'

ਮੇਰੀ ਆਵਾਜ਼ ਥਿੜਕ ਰਹੀ ਸੀ, ਲੱਤਾਂ 'ਚ ਕਾਂਬਾ ਛਿੜ ਗਿਆ ਸੀ, ਦਿਲ ਬੇਕਾਬੂ ਹੋ ਕੇ ਧੜਕ ਰਿਹਾ ਸੀ-'ਵਰਮਾ ਜੀ ਨੂੰ ਭੇਜੋ ਛੇਤੀ।'

ਛੇਤੀ ਹੀ ਵਰਮਾ ਆ ਗਿਆ। ਸਾਨੂੰ ਹਸਪਤਾਲ ਕਿਸੇ ਡਾਕਟਰ ਕੋਲ ਜਾਣ ਦੀ ਲੋੜ ਹੀ ਨਾ ਪਈ। ਬਾਪੂ ਤਾਂ ਮਿੱਟੀ ਹੋ ਗਿਆ ਸੀ। ਮੈਨੂੰ ਸਾਰਾ ਆਸਾ ਪਾਸਾ ਰੁਕ ਗਿਆ ਜਾਪਿਆ, ਅੱਖਾਂ ਟੱਡੀਆਂ ਦੀਆਂ ਟੱਡੀਆਂ ਰਹਿ ਗਈਆਂ। ਬਾਪੂ ਦੀ ਨਬਜ਼ ਤੇ ਦਿਲ ਦੀ ਧੜਕਣ ਟੋਂਹਦਿਆਂ ਵਰਮੇ ਨੇ ਡਾਕਟਰਾਂ ਵਾਂਗ ਕਿਹਾ ਸੀ-'ਹੀ ਇਜ਼ ਨੋ ਮੋਰ।' ਤੇ ਬਾਪੂ ਦੀ ਪੈਂਦੀ ਪਈ ਚਾਦਰ ਨਾਲ ਉਸਦਾ ਸਰੀਰ ਕੱਜ ਦਿੱਤਾ ਸੀ।

ਮੈਂ ਵਰਮੇ ਦੇ ਮੋਢੇ ਨਾਲ ਸਿਰ ਲਾ ਕੇ ਰੋਇਆ ਸਾਂ। ਉਹਨੇ ਮੈਨੂੰ ਦਿਲਾਸਾ ਦਿੱਤਾ ਸੀ। ਆਪਣੇ ਹਮਦਰਦ ਵਰਮੇ ਦਾ ਇਸ ਵੇਲੇ ਨੇੜੇ ਹੋਣਾ ਮੇਰੇ ਲਈ ਬੜਾ ਆਸਰਾ ਸੀ। ਉਹਦਾ ਨਿੱਘਾ ਹੱਥ ਮੈਨੂੰ ਹੌਸਲਾ ਦੇ ਰਿਹਾ ਸੀ। ਨਾਲ ਦੇ ਇਕ ਦੋਂਹ ਘਰਾਂ ਦੇ ਆਦਮੀ ਵਰਮੇ ਦੀ ਸੂਚਨਾ 'ਤੇ ਆ ਗਏ। ਉਨ੍ਹਾਂ ਦੇ ਬੋਲ ਮੇਰੀ ਜੜ ਹੁੰਦੀ ਜਾ ਰਹੀ ਚੇਤਨਾ ਤੇ ਟਕੋਰ ਕਰ ਰਹੇ ਸਨ।

'ਤੁਸੀਂ ਭਾ ਜੀ ਸਾਨੂੰ ਦੱਸੋ, ਕਿਸੇ ਨੂੰ ਤਾਰ ਦੇਣੀ ਐ, ਫ਼ੋਨ ਕਰਨਾ ਜਾਂ ਜਾ ਕੇ ਕਹਿਣਾ ਤਾਂ। ਗੁਆਂਢ ਐ ਆਖ਼ਰ, ਇਹੋ ਜਿਹੇ ਵੇਲੇ ਜੇ ਇਕ ਦੂਜੇ ਦੇ ਨਾ ਬਣੇ ਤਾਂ ਕੀਹ ਐ?'

ਵਰਮੇ ਨੂੰ ਮੈਂ ਨੇੜਲੇ ਸਬੰਧੀਆਂ ਦੇ ਐਡਰੈਸ ਦਿੱਤੇ। ਆਪਣੀ ਪਤਨੀ ਦੇ ਹਸਪਤਾਲ ਦਾ ਨੰਬਰ ਦਿੱਤਾ। ਤੁਰਦੇ ਨੂੰ ਮੈਂ ਤਾਕੀਦ ਵਜੋਂ ਕਿਹਾ-'ਹਸਪਤਾਲ ਜੇ ਜਸਬੀਰ ਫ਼ੋਨ 'ਤੇ ਨਾ ਆਏ ਤਾਂ ਜਿਹੜਾ ਵੀ ਫ਼ੋਨ ਅਟੈਂਡ ਕਰੇ, ਉਹਨੂੰ ਕਹਿਣਾ ਕਿ ਜਸਬੀਰ ਨੂੰ ਲੱਭ ਕੇ ਫੌਰਨ ਆਉਣ ਲਈ ਕਹੇ।'

ਕੋਲ ਆ ਕੇ ਬੈਠੇ ਚਾਰ ਪੰਜ ਬੰਦੇ ਮੇਰੇ ਦੁੱਖ ਦੇ ਸਾਂਝੀਦਾਰ ਸਨ। ਵਰਮੇ ਦੀ ਗ਼ੈਰ-ਹਾਜ਼ਰੀ 'ਚ ਉਨ੍ਹਾਂ ਦਾ ਹੋਣਾ ਮੇਰੀ ਇੱਕਲ ਨੂੰ ਭਰ ਰਿਹਾ ਸੀ।

'ਬਾਪੂ ਹੋਰੀਂ ਬਿਮਾਰ ਸਨ?' ਇੱਕ ਪੁੱਛ ਰਿਹਾ ਸੀ।

'ਕੋਈ ਪਤਾ ਲਗਦੈ ਜੀ, ਸਾਹਾਂ ਦੀ ਕੱਚੀ ਤੰਦ ਕਦ ਟੁੱਟ ਜੇ। ਬੰਦਾ ਤਾਂ ਐਵੇਂ ਮੇਰੀ ਮੇਰੀ ਕਰਦਾ ਫਿਰਦੈ।' ਦੂਜੇ ਸੱਜਣ ਨੇ ਡੂੰਘਾ ਸਾਹ ਭਰ ਕੇ ਕਿਹਾ।

'ਮਾਪਿਆਂ ਦਾ ਬੜਾ ਆਸਰਾ ਹੁੰਦੈ ਜੀ, ਏਹ ਨ੍ਹੀਂ ਮੁੜ ਲੱਭਦਾ।' ਤੀਜਾ ਬੰਦਾ, ਜੋ ਬੈਂਕ ਮੁਲਾਜ਼ਮ ਸੀ ਤੇ ਜਿਸਦੇ ਬਾਰੇ ਮੈਨੂੰ ਪਤਾ ਸੀ ਕਿ ਉਹਦੇ ਮਾਂ-ਬਾਪ ਗੁਜ਼ਰ ਚੁੱਕੇ ਨੇ, ਬੋਲਿਆ।

'ਪਿਛਲੇ ਸਾਲ ਮੇਰੇ ਸਹੁਰਾ ਸਾਹਬ ਵੀ ਏਦਾਂ ਈ, ਬੈਠੇ ਬੈਠੇ ਹੀ ਢਹਿ ਪਏ। ਨਾ ਕਿਸੇ ਤੋਂ ਸੇਵਾ ਕਰਾਈ, ਨਾ ਗੱਲ ਨਾ ਬਾਤ। ਬੱਸ ਮੁੱਕਦੀ ਗੱਲ ਐ ਜੀ, ਜਦੋਂ ਆ ਜਾਏ, ਉਦੋਂ ਕੌਣ ਰੋਕੇ ?' ਚੌਥੇ ਨੇ ਕਿਹਾ।

ਮੇਰਾ ਰੁਕਿਆ ਹੋਇਆ ਰੋਣ ਫਿਰ ਨਿਕਲ ਗਿਆ। ਕਿੰਨਾ ਹੀ ਚਿਰ ਮੈਂ ਮੰਜੇ ਦੀ ਹੀਂਅ ਨਾਲ ਮੱਥਾ ਲਾਈ ਡੁਸਕਦਾ ਰਿਹਾ। ਅਖੀਰ ਉਨ੍ਹਾਂ 'ਚੋਂ ਕਿਸੇ ਨੇ ਮੇਰਾ ਮੋਢਾ ਥਪਕਾਇਆ-'ਹੁਣ ਹੌਸਲਾ ਕਰੋ, ਐਂ ਦਿਲ ਨਾ ਛੱਡੋ।'

'ਇਹ ਤਾਂ ਜੋ ਹੋਣਾ ਸੀ ਹੋ ਚੁਕਿਐ, ਤੁਸੀਂ ਹੁਣ



ਅਗਾਂਹ ਦੀ ਸੋਚੋ।' ਦੂਜੇ ਨੇ ਕਿਹਾ।

'ਸਸਕਾਰ ਲਈ ਜੋ ਪ੍ਰਬੰਧ ਕਰਨੈ, ਉਹ ਵੀ ਹੁਣ ਕਰੋ।' ਇਕ ਹੋਰ ਨੇ ਕਿਹਾ।

ਮੈਂ ਡੁੱਬਦੇ ਦਿਲ ਨਾਲ ਕਿਹਾ, 'ਜਿਵੇਂ ਕਰਨਾ ਤੁਸਾਂ ਭਰਾਵਾਂ ਹੀ ਕਰਨੈ। ਮੈਨੂੰ ਤਾਂ ਕੁਝ ਨਹੀਂ ਸੁੱਝ ਰਿਹੈ।'

'ਰਿਸ਼ਤੇਦਾਰਾਂ ਨੂੰ ਡੀਕਦਿਆਂ ਤੇ ਹੋਰ ਪ੍ਰਬੰਧ ਕਰਦਿਆਂ ਡੇਢ ਦੋ ਤਾਂ ਵੱਜ ਹੀ ਜਾਣਗੇ।' ਬੈਂਕ ਮੁਲਾਜ਼ਮ ਕਹਿ ਰਿਹਾ ਸੀ, 'ਸਾਡੀ ਕਲੋਜ਼ਿੰਗ ਚੱਲ ਰਹੀ ਐ, ਮੈਨੂੰ ਜ਼ਰਾ ਬੈਂਕ ਹਾਜ਼ਰੀ ਭਰਨੀ ਪੈਣੀ ਐ, ਤਦ ਤੱਕ ਮੈਂ ਪਹੁੰਚ ਜਾਊਂ।'

ਮੈਂ ਸਿਰ ਹਿਲਾ ਕੇ ਹਾਮੀ ਭਰੀ। ਉਹਨੇ ਰਸਮੀ ਤਰੀਕੇ ਨਾਲ ਹੱਥ ਜੋੜੇ ਤੇ ਉਠ ਕੇ ਚਲਾ ਗਿਆ।

ਦੂਜੇ ਨੇ ਕਿਹਾ, 'ਮੈਂ ਰਣਜੀਤ ਐਵੀਨਿਊ ਇਕ ਕੋਠੀ ਸ਼ੁਰੂ ਕਰਵਾਈ ਹੋਈ ਐ, ਕੰਮ ਸਮਝਾ ਕੇ ਤੇ ਬੰਦਿਆਂ ਨੂੰ ਕੰਮ 'ਤੇ ਲਾ ਕੇ ਮੈਂ ਵੀ ਆਇਆ ਖੜ੍ਹਾ।' ਤੇ ਸਹਿਜ ਨਾਲ ਉਠ ਕੇ ਉਹ ਵੀ ਚਲਾ ਗਿਆ।

ਮੈਂ ਫੇਰ ਇੱਕਲਾ ਰਹਿ ਗਿਆ। ਚਲਦੇ ਪੱਖੇ ਦੀ ਹਵਾ ਨਾਲ ਬਾਪੂ ਦੇ ਉਤੇ ਦਿੱਤੀ ਚਾਦਰ ਹਿੱਲਦੀ ਤਾਂ ਮੈਨੂੰ ਜਾਪਦਾ ਜਿਵੇਂ ਬਾਪੂ ਸਾਹ ਲੈ ਰਿਹਾ ਹੋਵੇ।

ਯਾਰਾਂ ਕੁ ਵਜੇ ਵਰਮਾ ਕੁਝ ਤਾਰਾਂ, ਟੈਲੀਫ਼ੋਨ ਤੇ ਲੋਕਲ ਸੁਨੇਹੇ ਦੇ ਕੇ ਆ ਗਿਆ। ਘੜੀ ਕੁ ਬਹਿ ਕੇ ਕਹਿਣ ਲੱਗਾ-'ਮੇਰਾ ਖਿਆਲ ਐ, ਸੇਵਾ ਸੰਮਤੀ ਵਾਲਿਆਂ ਦੀ ਗੱਡੀ ਮੰਗਵਾ ਲਈਏ। ਸਸਕਾਰ ਕਰਨ ਲਈ ਸ਼ਹੀਦਾਂ ਦੇ ਜਾਣਾ ਤਾਂ ਵੀ ਠੀਕ ਐ, ਸੀਤਲਾ ਮੰਦਰ ਚਲਣਾ ਤਾਂ ਵੀ ਠੀਕ ਐ। ਬਾਕੀ ਸਾਰਾ ਸਮਾਨ ਉਥੋਂ ਹੀ ਮਿਲ ਜਾਂਦਾ। ਬਾਕੀ ਜਿਵੇਂ ਤੁਸੀਂ ਕਹੋ। ਹੋਰ ਕੋਈ ਸਮੱਸਿਆ ਤਾਂ ਨਹੀਂ?'

'ਨਹੀਂ ਹੋਰ ਤਾਂ ਕੋਈ ਨਹੀਂ।' ਮੈਂ ਕਿਹਾ।

'ਵੇਖੋ, ਜੇ ਕੋਈ ਕਿਸੇ ਕਿਸਮ ਦੀ ਸਮੱਸਿਆ ਹੈ ਏ ਤਾਂ ਬੇਝਿਜਕ ਦੱਸੋ।' ਵਰਮੇ ਨੇ ਦੁਹਰਾਇਆ।

'ਜੇ ਹੋਵੇਗੀ, ਮੈਂ ਤੁਹਾਨੂੰ ਹੀ ਕਹਾਂਗਾ। ਇਸ ਵੇਲੇ ਤਾਂ ਮੈਨੂੰ ਤੁਹਾਡਾ ਹੀ ਆਸਰੈ?'

'ਕੋਈ ਗੱਲ ਈ ਨਹੀਂ ਭਾ ਜੀ, ਹਰ ਤਰ੍ਹਾਂ ਤੁਹਾਡੇ ਨਾਲ ਆਂ। ਜੇ ਕਹੋ ਤਾਂ ਮੈਂ ਸੇਵਾ ਸੰਮਤੀ ਦੇ ਦਫਤਰੋਂ ਵੀ ਹੋ ਆਵਾਂ?'

'ਜਿਵੇਂ ਤੁਸੀਂ ਚਾਹੋ।' ਮੈਂ ਕਿਹਾ।

'ਲਓ ਫਿਰ ਮੈਂ ਗਿਆ ਤੇ ਆਇਆ। ਬੱਸ ਘੜੀ ਕੁ ਸਕੂਲ ਜਾਣੈ। ਸਾਡੇ ਸੈਮੀਨਾਰ ਜਿਹੇ ਚੱਲ ਰਹੇ ਨੇ। ਊਂ ਤਾਂ ਭਾਵੇਂ ਨਾ ਵੀ ਜਾਈਏ ਪਰ ਮੈਂ ਸੋਚਿਐ, ਪੰਜ ਦਸ ਮਿੰਟ ਮੂੰਹ ਵਿਖਾਲ ਈ ਆਵਾਂ। ਜੇ ਕੋਈ ਹੋਰ ਕੰਮ ਹੈ ਤਾਂ ਦੱਸੋ, ਮੈਂ ਆਉਂਦਾ ਕਰੀ ਆਵਾਂ?'

'ਬੱਸ ਹੋਰ ਤਾਂ ਕੋਈ ਨਹੀਂ।'

ਵਰਮੇ ਦੇ ਜਾਣ ਤੋਂ ਕੁਝ ਚਿਰ ਬਾਅਦ ਉਹਦੀ ਪਤਨੀ ਚਾਹ ਦੀ ਗਿਲਾਸੀ ਫੜੀ ਦਾਖ਼ਲ ਹੋਈ-'ਭਰਾ ਜੀ, ਤੁਹਾਡੇ ਫਾਦਰ ਸਾਬ੍ਹ ਵੱਲੋਂ ਤਾਂ ਬੜੀ ਮਾੜੀ ਗੱਲ ਹੋਈ। ਇਨ੍ਹਾਂ ਨੇ ਦਸਿਆ ਤਾਂ ਸੱਚੀਂ ਬੜਾ ਦੁਖ ਹੋਇਆ। ਬੜੇ ਚੰਗੇ ਸੀ ਵਿਚਾਰੇ।'

ਮੈਂ ਸਿਰ ਹਿਲਾਇਆ-'ਕੀ ਕੀਤਾ ਜਾ ਸਕਦੈ ਭੈਣ ਜੀ।'

'ਐਹ ਲਓ ਦੋ ਘੁੱਟ ਚਾਹ ਪੀ ਲਓ।' ਉਹਨੇ ਮੇਰੇ ਵੱਲ ਗਿਲਾਸੀ ਵਧਾਈ।

'ਚਾਹ ਦੀ ਤਾਂ ਉੱਕਾ ਲੋੜ ਨਹੀਂ ਸੀ, ਇਹ ਕਾਹਦੇ ਲਈ ਖੇਚਲ ਕੀਤੀ ਤੁਸਾਂ?'

'ਲਓ ਖੇਚਲ ਕਾਹਦੀ ਐ ਭਰਾ ਜੀ? ਖਾਣਾ ਪੀਣਾ ਤਾਂ ਉਸੇ ਦਾ ਛੁੱਟਦਾ ਜਿਹੜਾ ਤੁਰ ਜਾਂਦਾ। ਜੀਂਦੇ ਜੀਅ ਤਾਂ ਭਰਾ ਜੀ ਕੁਝ ਨਹੀਂ ਛੁੱਟਦਾ।'

ਜ਼ਿਆਦਾ ਨਾਂਹ ਨੁੱਕਰ ਕੀਤੇ ਬਗ਼ੈਰ ਮੈਂ ਗਿਲਾਸੀ ਫੜ ਲਈ। ਕੁਝ ਚਿਰ ਖਲੋ ਕੇ ਉਹ ਚਲੀ ਗਈ। ਉਹਦੇ ਜਾਣ ਉਪਰੰਤ ਚਾਹ ਦੀ ਗਿਲਾਸੀ ਮੈਂ ਜਿਉਂ ਦੀ ਤਿਉਂ ਰਸੋਈ ਵਿਚ ਜਾ ਰੱਖੀ।

ਮੁਹੱਲੇ ਦੀ ਕੋਈ ਕੋਈ ਜ਼ਨਾਨੀ ਜਾਂ ਕੋਈ ਕੋਈ ਬੰਦਾ ਮੇਰੇ ਨਾਲ ਅਫ਼ਸੋਸ ਪ੍ਰਗਟ ਕਰਨ ਆਉਂਦੇ ਰਹੇ। ਔਰਤਾਂ ਤਾਂ ਮੇਰੀ ਪਤਨੀ ਦੇ ਘਰ ਨਾ ਹੋਣ ਕਾਰਨ ਸੰਖੇਪ ਜਿਹੀ ਗੱਲ ਕਰਦੀਆਂ ਤੇ ਚਲੀਆਂ ਜਾਂਦੀਆਂ। ਬੰਦੇ ਕੁਝ ਚਿਰ ਬਹਿੰਦੇ, ਹਿਰਖ਼ ਦੇ ਦੋ ਚਾਰ ਰਵਾਇਤੀ ਸ਼ਬਦ ਕਹਿੰਦੇ ਤੇ ਆਖਰ ਉਹ ਵੀ ਤੁਰ ਜਾਂਦੇ।

ਇਕ ਵਜੇ ਜਸਬੀਰ ਆ ਗਈ। ਉਹਨੇ ਬੜੇ ਸਬਰ ਠਰ੍ਹੰਮੇ ਨਾਲ ਗਿਣਤੀ ਦੇ ਹੰਝੂ ਵਹਾਏ। ਮੈਂ ਚਾਹੁੰਦਾ ਸਾਂ ਉਹ ਬਾਹਰਲੇ ਗੇਟ ਤੋਂ ਧਾਹਾਂ ਮਾਰਦੀ ਆਏ ਤੇ ਆਂਢ-ਗੁਆਂਢ ਦੀਆਂ ਔਰਤਾਂ ਇੱਕਠੀਆਂ ਕਰ ਲਏ। ਪਰ ਉਹਨੇ ਕੁਝ ਵੀ ਨਾ ਕੀਤਾ। ਬੱਸ ਸੰਖੇਪ ਜਿਹੀਆਂ ਪੁੱਛਾਂ-'ਜੇ ਰਾਤੀਂ ਢਿੱਲੇ ਸਨ ਤਾਂ ਫ਼ੋਨ ਕਿਉਂ ਨਹੀਂ ਕੀਤਾ? ਡਾਕਟਰ ਵਗੈਰਾ ਕਿਉਂ ਨਾ ਸੱਦਿਆ? ਕਿੰਨੇ ਵਜੇ ਡੈੱਥ ਹੋਈ? ਕਿਸ ਕਿਸ ਨੂੰ ਸੁਨੇਹਾ ਭੇਜਿਆ? ਇਤਿਆਦ।

ਮੇਰੇ ਦੋ ਪੁਰਾਣੇ ਦੋਸਤ ਵੀ ਆਏ। ਉਨ੍ਹਾਂ ਨਾਲ ਲੱਗ ਕੇ ਮੈਂ ਦਿਲ ਦਾ ਭਾਰ ਹੌਲਾ ਕੀਤਾ। ਕਾਲਜ ਪੜ੍ਹਦੇ ਸਮੇਂ ਤੋਂ ਉਹ ਸਾਡੇ ਪਿੰਡ ਆਉਂਦੇ ਰਹੇ ਸਨ ਤੇ ਬਾਪੂ ਤੋਂ ਚੰਗੀ ਤਰ੍ਹਾਂ ਵਾਕਫ਼ ਸਨ। ਉਨ੍ਹਾਂ ਮੇਰੇ ਨਾਲ ਬਾਪੂ ਦੀਆਂ ਗੱਲਾਂ ਕੀਤੀਆਂ, ਅਗਾਂਹ ਕੀਤੇ ਜਾਣ ਵਾਲੇ ਕੰਮਾਂ 'ਚ ਰੁਚੀ ਵਿਖਾਈ। ਮੇਰੇ ਟੁੱਟਦੇ ਖੁਸਦੇ ਮਨ ਨੂੰ ਕੁਝ ਢਾਰਸ ਬੱਝੀ। ਉਨ੍ਹਾਂ ਦੀ ਆਮਦ ਨਾਲ ਮੈਂ ਕਾਫੀ ਮਾਨਸਿਕ ਸੰਤੁਲਨ 'ਚ ਆ ਗਿਆ ਸਾਂ। ਅਗਾਂਹ ਬਾਰੇ ਵਿਚਾਰ ਨਿਸ਼ਚਿਤ ਕਰਕੇ ਮੈਂ ਉਨ੍ਹਾਂ ਨੂੰ ਕਿਹਾ-'ਤੁਹਾਨੂੰ ਤਾਂ ਪਤਾ ਈ ਐ, ਬਾਪੂ ਦਾ ਪਿੰਡ ਨਾਲ ਕਿੰਨਾ ਮੋਹ ਸੀ। ਮੇਰਾ ਖ਼ਿਆਲ ਐ ਬਾਪੂ ਦੀ ਦੇਹ ਪਿੰਡ ਲੈ ਚੱਲੀਏ, ਉਥੇ ਈ ਸਸਕਾਰ ਕਰਨਾ ਠੀਕ ਰਹੂ।'

'ਮਿੱਟੀ ਹੋਏ ਸਰੀਰ ਨੂੰ ਰੋਲਣ ਵਾਲੀ ਗੱਲ ਐ।' ਇਕ ਨੇ ਕਿਹਾ। 'ਪਰ ਜੇ ਆਪਾਂ ਏਸ ਗੱਲ ਨੂੰ ਵਿਚਾਰੀਏ, ਕਿ ਬਾਪੂ ਨੂੰ ਕਿੰਨਾ ਮੋਹ ਸੀ ਪਿੰਡ ਨਾਲ, ਤਾਂ ਇੰਜ ਹੀ ਕਰਨਾ ਠੀਕ ਰਹੂ।'

'ਬਾਪੂ ਦੀ ਮਰਜ਼ੀ ਵੀ ਇਹੋ ਸੀ ਪਰ ਮੈਨੂੰ ਆਖਣੋਂ ਝੱਕਦਾ ਸੀ ਉਹ।'

ਮੇਰੀ ਪਤਨੀ ਨੇ ਮੇਰੇ ਦੋਸਤ ਨੂੰ ਕਿਹਾ—'ਭਰਾ ਜੀ, ਸਮਝਾਓ ਇਨ੍ਹਾਂ ਨੂੰ। ਕੋਈ ਮਤਲਬ ਹੈਗਾ ਇਸ ਗੱਲ ਦਾ? ਸਿਵਾਏ ਵਾਧੂ ਦੀ ਸਿਰਦਰਦੀ ਦੇ। ਜੋ ਹੋਣਾ ਸੀ ਉਹ ਤਾਂ ਹੋ ਹੀ ਚੁਕਿਐ।'

ਮੈਂ ਜੁਆਬ ਦੇਣਾ ਚਾਹੁੰਦਾ ਵੀ ਚੁਪ ਰਿਹਾ। ਮੇਰੇ ਦੋਸਤ ਨੇ ਵੀ ਚੁੱਪ ਧਾਰ ਲਈ। ਇਹ ਸਮਾਂ ਤਕਰਾਰ ਜਾਂ ਬਹਿਸ ਦਾ ਨਹੀਂ ਸੀ। ਮੈਂ ਮਨ ਨਾਲ ਫ਼ੈਸਲਾ ਕਰ ਚੁਕਿਆ ਸਾਂ। ਦੂਜਾ ਦੋਸਤ ਗੱਡੀ ਲੈਣ ਚਲਾ ਗਿਆ ਸੀ।

ਮੇਰਾ ਗੁਆਂਢੀ ਵਰਮਾ ਵੀ ਆ ਗਿਆ। ਸਾਡਾ ਰੁਝੇਵਾਂ ਵੇਖ ਕੇ ਉਹ ਵੀ ਹੈਰਾਨ ਹੋ ਗਿਆ। ਮੈਂ ਉਹਨੂੰ ਦਸਿਆ ਕਿ ਇਓਂ ਅਸੀਂ ਬਾਪੂ ਦੀ ਇੱਛਾ ਅਨੁਸਾਰ ਹੀ ਕਰਨ ਲੱਗੇ ਹਾਂ।

'ਪਰ ਸਵੇਰੇ ਤਾਂ ਕੋਈ ਗੱਲ ਨਹੀਂ ਹੋਈ। ਮੈਂ ਤਾਂ ਸਗੋਂ ਸੇਵਾ ਸੰਮਤੀ ਵਾਲਿਆਂ ਨੂੰ ਵੈਨ ਵੱਲੋਂ ਵੀ ਕਹਿ ਆਇਆਂ।' ਵਰਮੇ ਨੇ ਕਿਹਾ।

'ਮੈਂ ਤੁਹਾਨੂੰ ਬੜੀ ਤਕਲੀਫ਼ ਦਿੱਤੀ ਐ, ਵਰਮਾ ਜੀ! ਹੁਣ ਮੇਰੇ ਵੱਲੋਂ ਉਨ੍ਹਾਂ ਤੋਂ ਖਿਮਾ ਮੰਗ ਲੈਣਾ।'

'ਉਹ ਤਾਂ ਕੋਈ ਗੱਲ ਨਹੀਂ, ਮੈਂ ਉਨਾਂ ਨੂੰ ਫ਼ੋਨ ਕਰ ਦਿਆਂਗਾ। ਮੈਂ ਤਾਂ ਸਗੋਂ ਖ਼ੁਦ ਫੀਲ ਕਰ ਰਿਹਾਂ ਕਿ ਤੁਹਾਨੂੰ ਚੰਗੀ ਤਰ੍ਹਾਂ ਅਟੈਂਡ ਨਹੀਂ ਕਰ ਸਕਿਆ। ਚਲੋ, ਠੀਕ ਐ ਜਿਵੇਂ ਤੁਸੀਂ ਸੋਚਿਐ।'

'ਏਨੀ ਕੁ ਖੇਚਲ ਹੋਰ ਕਰਨਾ, ਸਾਡਾ ਕੋਈ ਸਬੰਧੀ ਆਏ ਤਾਂ ਉਹਨੂੰ ਪਿੰਡ ਪਹੁੰਚਣ ਦੀ ਹਦਾਇਤ ਕਰਨਾ।'

'ਹਾਂ ਹਾਂ ਜ਼ਰੂਰ ਜੀ।' ਵਰਮੇ ਨੇ ਵਿਸ਼ਵਾਸ ਦੁਆਇਆ।

ਮੇਰੀ ਪਤਨੀ ਵਰਮੇ ਦੀ ਪਤਨੀ ਨਾਲ ਮੇਰੇ ਤੇ ਮੇਰੇ ਵਿਚਾਰਾਂ ਦੇ ਖਿਲਾਫ਼ ਆਪਣੇ ਮਨ ਦੀ ਭੜਾਸ ਕੱਢ ਰਹੀ ਸੀ ਕਿ ਮੈਂ ਸਾਮਾਨ ਸਾਂਭਣ ਤੇ ਤੁਰਨ ਦੀ ਤਿਆਰੀ ਕਰਨ ਲਈ ਆਵਾਜ਼ ਦਿੱਤੀ।

ਗੱਡੀ ਆਈ ਤਾਂ ਅਸਾਂ ਬਾਪੂ ਦੀ ਦੇਹ ਉਸ 'ਚ ਟਿਕਾਈ। ਕੁਝ ਹੋਰ ਸਮਾਨ ਵੀ ਰੱਖਿਆ। ਗਲੀ 'ਚ ਖੜੇ ਆਂਢ ਗੁਆਂਢ ਦੇ ਲੋਕ, ਇਸ ਦ੍ਰਿਸ਼ ਨੂੰ ਬੜੇ ਗਹੁ ਨਾਲ ਦੇਖ ਰਹੇ ਸਨ।

ਮੇਰੇ ਦੋਵੇਂ ਦੋਸਤ, ਮੇਰੀ ਪਤਨੀ ਤੇ ਮੈਂ ਬਾਪੂ ਦੀ ਦੇਹ ਨਾਲ ਗੱਡੀ 'ਚ ਸੁਆਰ ਸਾਂ। ਹੁਝਕਿਆਂ ਤੋਂ ਬਚਾਉਣ ਲਈ ਮੈਂ ਬਾਪੂ ਦਾ ਸਿਰ ਆਪਣੇ ਪੱਟਾਂ 'ਤੇ ਰੱਖਿਆ ਹੋਇਆ ਸੀ ਤੇ ਇਕ ਦੋਸਤ ਨੇ ਲੱਤਾਂ ਨੂੰ ਸਾਂਭਿਆ ਹੋਇਆ ਸੀ।

ਚੁੱਪ ਦੇ ਇਕ ਸੰਘਣੇ ਜੰਗਲ 'ਚੋਂ ਲੰਘ, ਅਸੀਂ ਪਿੰਡ ਦੀਆਂ ਜੂਹਾਂ 'ਚ ਪਹੁੰਚ ਗਏ।

ਹਾਲੇ ਪਿੰਡ ਤੋਂ ਬਾਹਰ ਫਿਰਨੀ ਤੇ ਹੀ ਸਾਂ ਕਿ ਮੈਨੂੰ ਤਾਈ ਕਿਸ਼ਨੀ ਦਿਸ ਪਈ। ਗੱਡੀ ਆਉਂਦੀ ਵੇਖ ਕੇ ਉਹ ਵੀ ਖਲੋ ਗਈ ਤੇ ਬੜੀ ਹੈਰਾਨੀ ਨਾਲ ਤੱਕਣ ਲੱਗੀ। ਮੈਂ ਡਰਾਇਵਰ ਨੂੰ ਉਹਦੇ ਕਰੀਬ ਪਹੁੰਚਦਿਆਂ ਰੁਕਣ ਲਈ ਕਿਹਾ। ਤਾਈ ਦਾ ਤਾਂ ਮੈਨੂੰ ਵੇਖ ਕੇ ਤ੍ਰਾਹ ਹੀ ਨਿਕਲ ਗਿਆ। ਵੇਖਦਿਆਂ ਹੀ ਗੱਲ ਜਿਵੇਂ ਉਹ ਸਮਝ ਗਈ। 'ਵੇ ਸੁੱਖ ਤਾਂ ਹੈ ਆ?' ਉਹ ਘਬਰਾਈ ਤੇ ਰੋਣਹਾਕੀ ਆਵਾਜ਼ 'ਚ ਬੋਲੀ।

'ਬਾਪੂ ਗੁਜ਼ਰ ਗਿਆ ਤਾਈ। ਆਂਹਦਾ ਸੀ, ਮੇਰਾ ਪਿੰਡ ਜਾ ਕੇ ਈ ਸਸਕਾਰ ਕਰੀਂ।' ਕਹਿੰਦਿਆਂ ਮੇਰਾ ਰੋਣਾ ਛੁਟ ਗਿਆ। ਤਾਈ ਦੁਹੱਥੜੀ ਪਿੱਟਣ ਲੱਗ ਪਈ ਤੇ ਉਚੀ ਉੱਚੀ ਵੈਣ ਪਾਉਣ ਲੱਗ ਪਈ-'ਵੇ ਤੂੰ ਤੁਰ ਗਿਓਂ ਅਧਵਾਟਿਓਂ ਆਪਣੇ ਭਾਈਆਂ ਦਿਆ ਵੀਰਾ...ਤੈਨੂੰ ਕਿਥੋਂ ਮੋੜ ਲਿਆਵਾਂ ਵੇ ਮੇਰੇ ਕੜੀ ਵਰਗਿਆ ਦਿਓਰਾ...ਤੈਨੂੰ ਸੁਖ ਭੋਗਣਾ ਨਾ ਮਿਲਿਆ ਵੇ ਮਹਿਲਾਂ ਵਾਲਿਆਂ...।'

ਤਾਈ ਦੀਆਂ ਲੇਰਾਂ ਨੇ ਸਾਰਾ ਆਸਾ ਪਾਸਾ ਰੁਆ ਦਿੱਤਾ। ਸਾਡਾ ਰੋਣਾ ਵੀ ਤੇਜ਼ ਹੋ ਗਿਆ।

ਬਾਹਰੋਂ ਲੱਗਦੀ ਠੱਠੀ 'ਚੋਂ ਔਰਤਾਂ ਸਿਰਾਂ 'ਤੇ ਚਿੱਟੇ ਦੁਪੱਟੇ ਲੈ ਕੇ ਕਦੋਂ ਆ ਪ੍ਰਗਟ ਹੋਈਆਂ, ਪਤਾ ਹੀ ਨਾ ਲੱਗਾ। ਪਿੰਡ ਦੇ ਮਰਦ ਮੇਰੇ ਗਲ ਲੱਗ ਲੱਗ ਢਾਹਾਂ ਮਾਰ ਰਹੇ ਸਨ। ਪਤਾ ਨਹੀਂ ਕਿਸ ਘਰੋਂ ਮੰਜਾ ਆਇਆ ਤੇ ਕਿਨ੍ਹਾਂ ਦੀ ਮਦਦ ਨਾਲ ਬਾਪੂ ਦੀ ਦੇਹ ਉਸ ਤੇ ਟਿਕਾਈ ਗਈ। ਏਨਾ ਹੀ ਵੇਖਿਆ ਕਿ ਫਿਰਨੀ ਤੋਂ ਘਰ ਤੱਕ ਬਾਪੂ ਦੀ ਦੇਹ ਨਾਲ ਇਕ ਹਜੂਮ ਜਾ ਰਿਹਾ ਸੀ। ਘਰ ਦਾ ਸਾਰਾ ਵਿਹੜਾ ਪਿੰਡ ਦੇ ਇਸ ਚਹੇਤੇ ਮਿਸਤਰੀ ਲਈ ਭਰਿਆ ਪਿਆ ਸੀ। ਇਕ ਜਾਣੀ ਪਛਾਣੀ ਭੀੜ ਸੀ, ਜਾਣੀਆਂ ਪਛਾਣੀਆਂ ਆਵਾਜ਼ਾਂ ਸਨ। ਪਿੰਡ ਦੇ ਬਜ਼ੁਰਗਾਂ, ਮੁਅਤਬਰਾਂ, ਪੰਚਾਂ ਸਰਪੰਚਾਂ ਤੇ ਬਾਪੂ ਦੇ ਹੋਰ ਸੰਗੀਆਂ ਸਾਥੀਆਂ 'ਚ ਘਿਰਿਆ ਮੈਂ ਖਲੋਤਾ ਸਾਂ, ਉਨ੍ਹਾਂ ਦੇ ਦੁੱਖ ਵਿਚ ਸ਼ਰੀਕ, ਉਨ੍ਹਾਂ ਨਾਲ ਹਰਦਿਲ ਅਜ਼ੀਜ਼ ਮਿਸਤਰੀ ਸੱਜਣ ਸਿੰਘ ਦੇ ਚਲੇ ਜਾਣ ਦੀਆਂ ਗੱਲਾਂ ਕਰਦਾ, ਉਹਦੀ ਨੇਕ ਨੀਅਤ, ਸਿਰੜ ਤੇ ਸਖ਼ਤ ਮਿਹਨਤ ਦੀਆਂ। ਉਹਦੇ ਪਿੰਡ ਦੇ ਸਾਂਝੇ ਵਿਅਕਤੀ ਹੋਣ ਦੀਆਂ।

ਇਸ ਸਾਂਝੇ ਵਿਅਕਤੀ ਦੀ ਮ੍ਰਿਤਕ ਦੇਹ ਉਹਦੇ ਆਪਣਿਆਂ ਵਿਚ ਖਾਮੋਸ਼ ਪਈ ਸੀ, ਤੇ ਮੈਂ ਉਸਨੂੰ, ਉਸ ਦੇ ਵਾਰਸਾਂ ਨੂੰ ਸੌਂਪ ਜਿਵੇਂ ਸੁਰਖ਼ਰੂ ਹੋ ਗਿਆ ਸਾਂ।

# Matrimonial

### ਕੰਨਿਆ ਦੀ ਲੋੜ

ਇੰਗਲੈਂਡ ਦੀ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਸ਼ਨ ਇਨ ਮੈਨੇਜਮੈਂਟ, (ਐਮ.ਬੀ.ਏ.) ਅਤੇ ਐਮ.ਐਸ.ਸੀ. ਆਈ.ਟੀ. ਪਾਸ 30 ਸਾਲਾ 6'.2' ਜੱਟ ਸਿੱਖ ਭਾਰਤ ਰਹਿੰਦੇ ਲੜਕੇ ਲਈ ਕਨੇਡੀਅਨ/ ਅਮਰੀਕਨ ਲੜਕੀ ਦੀ ਜ਼ਰੂਰਤ ਹੈ। ਕੋਈ ਡਿਮਾਂਡ ਨਹੀਂ। ਬਾਇਓਡਾਟਾ jjssnice@yahoo.co.in 'ਤੇ ਭੇਜਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਕਨੇਡਾ ਰਹਿੰਦੇ ਭਰਾ ਨਾਲ 587-708-2627 ਜਾਂ 780-200-5328 'ਤੇ ਸੰਪਰਕ ਕੀਤਾ ਜਾ ਸਕਦਾ ਹੈ।

---

Smart match for MBBS Handsome single boy, 6-11-1988, 5'-10", father-mother Govt. employees, sister married. Contact: hotincoolsingh@yahoo.com, 94171-88904.

### ਵਰ ਦੀ ਲੋੜ

ਕਨੈਡੀਅਨ ਇਮੀਗਰਾਂਟ 32 ਸਾਲਾ ਜੱਟ ਸਿੱਖ ਬਰਾੜ ਲੜਕੀ ਵਾਸਤੇ ਯੋਗ ਵਰ ਦੀ ਲੋੜ ਹੈ। ਵਿੰਨੀਪੈਗ ਰਹਿੰਦੇ ਲੜਕਿਆਂ ਲਈ ਪਹਿਲ। ਬਾਇਓਡਾਟਾ pbrar1981@hotmail.com 'ਤੇ ਪੋਸਟ ਕੀਤਾ ਜਾ ਸਕਦਾ ਹੈ।

### ਕੰਨਿਆ ਦੀ ਲੋੜ

ਆਪਣਾ ਬਿਜ਼ਨਸ ਕਰਨ ਵਾਲੇ ਯੂ.ਐਸ.ਏ. ਰਹਿੰਦੇ 34 ਸਾਲਾ, ਕੱਦ 5'11' ਕਲੀਨ ਸ਼ੇਵ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਭੈਣ ਕਨੇਡਾ ਵਿਚ ਸੈੱਟ ਹੈ। ਸੰਪਰਕ ਕਰੋ : 780-242-6563 ਜਾਂ ਈਮੇਲ ਕਰੋ : bhantgrewal@yahoo.co.uk

---

USA Citizen 34 yrs/5'11" Clean-Shaved, own business in US, sisters settled in Canada; Contact: 780-242-6563 or email bhantgrewal@yahoo.co.uk

---

### ਕੰਨਿਆ ਦੀ ਲੋੜ

ਜੱਟ ਸਿੱਖ ਮੌੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ ਲਈ ਪੂਰੀ ਮਦਦ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ daman.passion@gmail.com 'ਤੇ ਸੰਪਰਕ ਕਰੋ।

### ਕੰਨਿਆ ਦੀ ਲੋੜ

In search for a UNMARRIED, SIKH RAJPUT Beautiful Bride for a very Handsome Groom. The Groom is CANADIAN CITIZEN, highly qualified, currently employed with a high managing position in an Engineering Firm, 31 years of age, very handsome, stands 5'6", very fair complexion, divorced and has one son who is 5 years of age. We are looking for a Bride with following qualities: UNMARRIED, GOOD FAMILY VALUES, SIKH RAJPUT, BEAUTIFUL, WELL EDUCATED, WELL CULTURED. SERIOUS INQUIRIES & RESPONSES Are more than welcomed to contact for more information. Please Call : +1 780 686 3798

# Classified Plus




**City Estates**

All Types of Property, Plots & Kothis available for Sale & Purchase in Chandigarh/Mohali/ Panchkula.

ਮੋਹਾਲੀ, ਚੰਡੀਗੜ੍ਹ, ਪੰਚਕੂਲਾ 'ਚ ਜਾਇਦਾਦ ਖਰੀਦਣ ਤੇ ਵੇਚਣ ਲਈ ਇਕ ਭਰੋਸੇਯੋਗ ਨਾਂ

ਸਿਟੀ ਐਸਟੇਟਸ

For More Info Contact: SCO 123, Phase 7, Mohali (Punjab)

**011 91 98147 11263 or 011 91 98729 73304**

ਮੋਹਾਲੀ ਵਿੱਚ ਪ੍ਰਾਪਰਟੀ ਵਿਕਾਊ

ਇੰਡਸਟਰੀਅਲ ਏਰੀਆ ਫ਼ੇਸ 7 ਮੋਹਾਲੀ 'ਚ 2 ਕਨਾਲ ਅਤੇ 5 ਕਨਾਲ ਦੇ ਦੋ ਪਲਾਟ ਵਿਕਾਊ ਹਨ।

*6 ਲੇਨ ਏਅਰ ਪੋਰਟ ਰੋਡ ਦੇ ਉੱਤੇ *ਵਧੀਆ ਲੋਕੇਸ਼ਨ

ਸੰਪਰਕ: ਜਸਮੇਰ ਸਿੰਘ 780-504-7254

**Fort Road Drycleaners**

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm

Call: Baljit Minhas

5521A- 137 Ave Edmonton, AB T5A 3L4

780-478-1811

**Laddi Padda Realtor**

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

PROFESSIONAL
REALTY GROUP

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।





**Cell: 780-909-5154**

9222-51 Avenue, Edmonton, AB T6E 5L8

Phone: 780-439-9818, Fax: 780-439-1257

# ਜੋਅ ਹਿੱਲ: ਅਮਰੀਕਾ ਦੀ ਮਜ਼ਦੂਰ ਲਹਿਰ ਦਾ ਚਮਕਦਾ ਸਿਤਾਰਾ



**ਸਾਧੂ ਬਿਨਿੰਗ**
+1-604-437-9014
sadhu.binning@gmail.com



ਜੋਅ ਹਿੱਲ ਅਮਰੀਕਾ ਦੀ ਮਜ਼ਦੂਰ ਲਹਿਰ ਦਾ ਸਭ ਤੋਂ ਵੱਧ ਜਾਣਿਆਂ ਤੇ ਸਤਿਕਾਰਿਆ ਗੀਤਕਾਰ ਹੈ। ਉਹ ਇੰਡਸਟਰੀਅਲ ਵਰਕਰਜ਼ ਆਫ ਦਾ ਵਰਲਡ (ਇਹ ਯੂਨੀਅਨ ਆਈ ਡਬਲਿਊ ਡਬਲਿਊ, ਵੌਂਬਲੀਜ਼ ਤੇ ਵਨ ਬਿੱਗ ਯੂਨੀਅਨ ਦੇ ਨਾਵਾਂ ਨਾਲ ਵੀ ਜਾਣੀ ਜਾਂਦੀ ਹੈ) ਲਈ ਗੀਤ ਲਿਖਦਾ ਸੀ ਤੇ ਮਜ਼ਦੂਰਾਂ ਨੂੰ ਜਥੇਬੰਦ ਕਰਦਾ ਸੀ। ਇਸ ਯੂਨੀਅਨ ਦੀਆਂ ਸਰਗਰਮੀਆਂ ਅਤੇ ਜੋਅ ਹਿੱਲ ਦੇ ਗੀਤਾਂ ਦੀ ਤਾਕਤ ਨੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਅਮਰੀਕਾ ਦੀ ਅਮੀਰ ਜਮਾਤ ਨੂੰ ਪੈਰੋਂ ਹਿਲਾ ਦਿੱਤਾ। ਆਪਣੇ ਹੱਕਾਂ ਲਈ ਲੜਦੀ ਮਜ਼ਦੂਰ ਜਮਾਤ ਨੂੰ ਰੋਕਣ ਲਈ ਹਰ ਕਿਸਮ ਦਾ ਵਸੀਲਾ ਵਰਤ ਕੇ ਇਸ ਯੂਨੀਅਨ ਨੂੰ ਖਤਮ ਕੀਤਾ ਗਿਆ ਤੇ ਜੋਅ ਹਿੱਲ ਨੂੰ ਇਕ ਝੂਠੇ ਕਤਲ ਦੇ ਕੇਸ ਵਿਚ ਫਸਾ ਕੇ 19 ਨਵੰਬਰ 1915 ਵਾਲੇ ਦਿਨ ਨਾਲ ਸ਼ਹੀਦ ਕਰ ਦਿੱਤਾ।

ਜੋਅ ਹਿੱਲ ਦਾ ਪੂਰਾ ਨਾਂ ਜੋਇਲ ਇਮੈਨੁਅਲ ਹੇਗਲੁੰਡ ਸੀ। ਉਹ ਅਕਤੂਬਰ 7, 1879 ਨੂੰ ਸਵੀਡਨ ਵਿਚ ਜਨਮਿਆਂ ਸੀ। ਉਸ ਦੇ ਪਿਉ ਦੀ ਮੌਤ ਤੋਂ ਕੁਝ ਵਰ੍ਹੇ ਬਾਅਦ ਉਹਦੀ ਮਾਂ ਵੀ ਚੱਲ ਵਸੀ ਤੇ ਉਹ ਆਪਣੇ ਭਰਾ ਨਾਲ 1902 ਵਿਚ ਅਮਰੀਕਾ ਆ ਗਿਆ। ਅਮਰੀਕਾ ਆਉਣ ਵਾਲੇ ਹੋਰ ਆਵਾਸੀਆਂ ਵਾਂਗ ਸਮੁੰਦਰੀ ਜਹਾਜ਼ ਵਿਚੋਂ ਨਿਊ ਯਾਰਕ ਉੱਤਰੇ ਜੋਅ ਹਿੱਲ ਨੂੰ ਵੀ ਸਟੈਚੂ ਆਫ ਲਿਬਰਟੀ ਨੇ ਹੈਰਾਨ ਕਰ ਦਿੱਤਾ। ਉੱਥੇ ਪਹਿਲਾਂ ਵਸਦੇ ਇਕ ਜਾਣਕਾਰ ਨੇ ਉਹਨੂੰ ਸਮਝਾਇਆ ਕਿ ਬੁੱਤ ਬੇਹੱਦ ਵੱਡਾ ਜ਼ਰੂਰ ਹੈ ਪਰ ਇਹ ਅੰਦਰੋਂ ਖੋਖਲਾ ਹੈ।

ਗਰੀਬ ਹੋਣ ਕਾਰਨ ਤੇ ਅੰਗ੍ਰੇਜ਼ੀ ਦੀ ਜਾਣਕਾਰੀ ਬਿਨਾਂ ਜੋਅ ਨੂੰ ਹਰ ਪਾਸੇ ਵਧੀਕੀਆਂ ਸਹਿਣੀਆਂ ਪਈਆਂ। ਹਰ ਕੋਈ ਉਸ ਦੇ ਨਾਂ ਦਾ ਮਖੌਲ ਉਡਾਉਂਦਾ। ਨਤੀਜੇ ਵਜੋਂ ਉਹ ਪਹਿਲਾਂ ਜੋਅ ਹਿਲਸਟਰੌਮ ਬਣਿਆਂ ਤੇ ਫੇਰ ਜੋਅ ਹਿੱਲ ਦੇ ਨਾਂ ਨਾਲ ਜਾਣਿਆਂ ਜਾਣ ਲੱਗਾ। ਜੋਅ ਨੂੰ ਬਚਪਨ ਤੋਂ ਹੀ ਗਾਉਣ ਦਾ, ਕਵਿਤਾ ਤੇ ਗੀਤ ਲਿਖਣ ਦਾ ਤੇ ਵੱਖਰੇ ਵੱਖਰੇ ਸਾਜ਼ ਬਜਾਉਣ ਦਾ ਸ਼ੌਕ ਸੀ। ਆਪਣੇ ਇਸ ਸ਼ੌਕ ਨੂੰ ਪਾਲਦਾ ਉਹ ਫਾਰਮਾਂ, ਇਮਾਰਤ ਉਸਾਰੀ, ਪੁਲ ਉਸਾਰੀ, ਖਾਣਾਂ, ਰੇਲ, ਤੇ ਜਿੱਥੇ ਵੀ ਕੋਈ ਕੰਮ ਮਿਲਦਾ ਕਰਦਾ ਅਗਲੇ ਕੁਝ ਸਾਲਾਂ ਦੌਰਾਨ ਅਮਰੀਕਾ ਤੇ ਪੱਛਮੀ ਤੱਟ ਵਲ ਆ ਗਿਆ। ਕੈਲਿਫੋਰਨੀਆ ਦੇ ਸੈਨ ਪੈਡਰੋ ਇਲਾਕੇ ਵਿਚ ਕੰਮ ਕਰਦਿਆਂ 1910-11 ਦੌਰਾਨ ਉਹ ਆਈ ਡਬਲਿਊ ਡਬਲਿਊ ਦਾ ਮੈਂਬਰ ਬਣ ਗਿਆ। ਇਹ ਯੂਨੀਅਨ ਜੂਨ 1905 ਨੂੰ ਚਿਕਾਗੋ ਵਿਚ ਸਮਾਜਵਾਦੀ, ਵਿਦ੍ਰੋਹੀ, ਟਰੇਡ ਯੂਨੀਅਨਇਸਟ, ਅਤੇ ਇਨਕਲਾਬੀਆਂ ਨੇ ਰਲ਼ ਕੇ ਸ਼ੁਰੂ ਕੀਤੀ ਸੀ। ਇਸ ਯੂਨੀਅਨ ਦਾ ਵਿਚਾਰ ਉਸ ਵੇਲੇ ਦੀਆਂ ਸਥਾਪਤ ਯੂਨੀਅਨਾਂ ਨਾਲੋਂ ਵੱਖਰਾ ਸੀ। ਕੋਸ਼ਿਸ਼ ਇਹ ਸੀ ਕਿ ਸਮੁੱਚੇ ਮਜ਼ਦੂਰ ਵਰਗ ਨੂੰ, ਬਿਨਾਂ ਕਿਸੇ ਭੇਦ ਭਾਵ ਦੇ ਇਕ ਝੰਡੇ ਥੱਲੇ 'ਵਨ ਬਿੱਗ ਯੂਨੀਅਨ' ਵਿਚ ਜਥੇਬੰਦ ਕੀਤਾ ਜਾਵੇ। ਜੋਅ ਹਿੱਲ ਨੂੰ ਇਹ ਵਿਚਾਰ ਬਹੁਤ ਪਸੰਦ ਆਇਆ।

ਹਰ ਕਿਸਮ ਦੇ ਕੰਮਾਂ ਤੋਂ ਹਾਸਲ ਕੀਤੇ ਆਪਣੇ ਤਜਰਬੇ 'ਤੇ ਅਧਾਰਤ ਉਹ ਕਵਿਤਾ ਤੇ ਗੀਤ ਲਿਖਦਾ। ਸ਼ੁਰੂ ਸ਼ੁਰੂ ਵਿਚ ਯੂਨੀਅਨ ਦੀਆਂ ਮੀਟਿੰਗਾਂ ਦੌਰਾਨ ਉਹ ਕਦੇ ਗਿਟਾਰ ਤੇ ਕਦੇ ਪਿਆਨੋ ਬਜਾਉਂਦਾ ਤੇ ਕਈ ਵਾਰ ਆਪਣੇ ਲਿਖੇ ਗੀਤ ਗਾਉਂਦਾ। ਉਹਦੇ ਗੀਤ ਵਿਅੰਗ ਭਰੇ, ਸਰਲ ਭਾਸ਼ਾ ਵਿਚ ਤੇ ਮਜ਼ਦੂਰਾਂ ਦੀ ਸਮੱਸਿਆਵਾਂ ਨਾਲ ਸਬੰਧਤ ਹੁੰਦੇ। ਉਹ ਬਹੁਤ ਛੇਤੀ ਆਪਣੀ ਇਸ ਕਲਾ ਕਾਰਨ ਮਜ਼ਦੂਰਾਂ ਵਿਚ ਜਾਣਿਆਂ ਜਾਣ ਲੱਗਾ। ਉਹਨੇ 'ਕੇਸੀ ਜੋਨਜ਼', 'ਦਾ ਪਰੀਚਰ ਐਂਡ ਦਾ ਸਲੇਵ' 'ਦਾ ਰਬਿੱਲ ਗਰਲ' 'ਵੇਅਰ ਦਾ ਫਰੇਜ਼ਰ ਰਿਵਰ ਫਲੋਅ' ਵਰਗੇ ਅਨੇਕਾਂ ਮਸ਼ਹੂਰ ਗੀਤਾਂ ਦੀ ਰਚਨਾ ਕੀਤੀ। ਫਿਲਿਪ ਫੋਨਰ ਅਨੁਸਾਰ, "ਆਈ ਡਬਲਿਊ ਡਬਲਿਊ ਦਾ ਸਭ ਤੋਂ ਵੱਧ ਕਾਮਯਾਬ, ਮਸ਼ਹੂਰ ਤੇ ਵੱਧ ਗੀਤ ਲਿਖਣ ਵਾਲਾ ਜੋਸਿਫ ਹਿਲਸਟਰਮ ਸੀ ਜਿਸ ਨੂੰ ਦੁਨੀਆਂ ਦੇ ਹਰ ਹਿੱਸੇ ਵਿਚ ਲੱਖਾਂ ਲੋਕ ਜੋਅ ਹਿੱਲ ਵਜੋਂ ਜਾਣਦੇ ਹਨ।"

ਅਮਰੀਕਾ ਕਨੇਡਾ ਦੇ ਮਜ਼ਦੂਰ ਘੋਲਾਂ ਵਿਚ ਗੀਤਾਂ ਦੀ ਬਹੁਤ ਮਹੱਤਤਾ ਰਹੀ ਹੈ ਅਤੇ ਵਿਸ਼ੇਸ਼ ਕਰਕੇ ਆਈ ਡਬਲਿਊ ਡਬਲਿਊ (1905 ਤੋਂ ਲੈ ਕੇ 1924-25 ਤੱਕ) ਵਾਸਤੇ ਤਾਂ ਰਲ਼ ਕੇ ਗੀਤ ਗਾਉਣ ਦੀ ਰਵਾਇਤ ਬਹੁਤ ਹੀ ਤਕੜੀ ਸੀ। ਮਜ਼ਦੂਰ ਜਮਾਤ ਦੀਆਂ ਮੌਜੂਦਾ ਜੱਦੋ-ਜਹਿਦਾਂ ਵਿਚ ਵੀ ਇਸ ਲਹਿਰ ਦਾ ਅਸਰ ਦੇਖਿਆ ਜਾ ਸਕਦਾ ਹੈ। ਹੋਰ ਪ੍ਰਾਪਤੀਆਂ ਦੇ ਨਾਲ ਨਾਲ ਇਸ ਲਹਿਰ ਦਾ ਮਜ਼ਦੂਰਾਂ ਦੇ ਸਮੂਹ-ਗਾਨ ਰਚਣ ਵਿਚ ਆਪਣਾ ਇਕ ਖਾਸ ਸਥਾਨ ਹੈ। ਇਸ ਲਹਿਰ ਦਾ ਨਾਅਰਾ ਸੀ 'ਗਾਵੋ ਅਤੇ ਲੜੋ' ਅਤੇ ਇਸ ਨੂੰ 'ਗਾਉਂਦੀ ਮਜ਼ਦੂਰ ਲਹਿਰ' ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ। ਇਕੱਲੀ ਇਸ ਲਹਿਰ ਨੇ ਲੋਕਾਂ ਵਿਚ ਹਰਮਨ ਪਿਆਰੇ ਹੋਣ ਵਾਲੇ ਦੋ ਸੌ ਤੋਂ ਉੱਪਰ ਮਜ਼ਦੂਰ ਯੂਨੀਅਨ ਦੇ ਗੀਤ ਪੈਦਾ ਕੀਤੇ। ਇਨ੍ਹਾਂ ਵਲੋਂ 1908-09 ਤੋਂ ਸ਼ੁਰੂ ਕਰਕੇ 'ਲਾਲ ਗੀਤਾਂ ਦੀ ਕਿਤਾਬੜੀ' ਨਾਂ ਦੀ ਪੁਸਤਕ ਸਮੇਂ ਸਮੇਂ ਛਾਪੀ ਜਾਂਦੀ ਸੀ। ਇਸ ਕਿਤਾਬ ਦੇ 1913 ਦੇ ਐਡੀਸ਼ਨ ਵਿਚ ਜੋਅ ਹਿੱਲ ਦੇ ਤੇਰਾਂ ਗੀਤ ਸ਼ਾਮਲ ਸਨ। ਇਸ ਕਿਤਾਬ ਦੀਆਂ 1956 ਤੱਕ 29 ਐਡੀਸ਼ਨਾਂ ਛੱਪ ਚੁੱਕੀਆਂ ਸਨ। ਹੁਣ ਵੀ ਇਹ ਕਿਤਾਬ ਉਸ ਲਹਿਰ ਨਾਲ ਹਮਦਰਦੀ ਰੱਖਣ ਵਾਲੇ ਲੋਕਾਂ ਵਲੋਂ ਕਦੀ ਕਦੀ ਛਾਪੀ ਜਾਂਦੀ ਹੈ ਅਤੇ ਹੱਥੋ ਹੱਥ ਵਿਕ ਜਾਂਦੀ ਹੈ। ਇਸ ਲਹਿਰ ਦੇ ਇਸ ਖਾਸੇ ਬਾਰੇ ਜਾਹਨ ਟਕਮੈਨ ਦਾ ਕਹਿਣਾ ਹੈ: "ਹੋਰ ਗੱਲਾਂ ਦੇ ਨਾਲ ਨਾਲ ਇਕ ਖਾਸ ਗੱਲ ਲਈ ਮਜ਼ਦੂਰ ਜਮਾਤ ਆਈ ਡਬਲਿਊ ਡਬਲਿਊ ਦੀ ਰਿਣੀ ਹੈ ਕਿ ਇਹਨੇ ਆਜ਼ਾਦੀ ਦੀ ਲੜਾਈ ਵਿਚ ਸਾਂਝੇ ਗਾਏ ਜਾਣ ਵਾਲੇ ਗੀਤਾਂ ਦੀ ਅਹਿਮੀਅਤ ਦੀ ਸਿੱਖਿਆ ਦਿੱਤੀ।"

ਯੂਨੀਅਨ ਦਾ ਵਧਦਾ ਪ੍ਰਭਾਵ ਤੇ ਜੋਅ ਹਿੱਲ ਦੀਆਂ ਇਨ੍ਹਾਂ ਸਰਗਰਮੀਆਂ ਕਾਰਨ ਕੁਝ ਹੀ ਸਾਲਾਂ ਵਿਚ ਉਹ ਮਾਲਕਾਂ ਲਈ ਇਕ ਹਊਆ ਬਣ ਗਿਆ ਤੇ ਜਿਵੇਂ 'ਮਾਲਕਾਂ' ਦਾ 'ਸੁਭਾਅ' ਹੁੰਦਾ ਹੈ ਉਹ ਇਹ 'ਕੰਡਾ' ਕੱਢਣ ਲਈ ਕੁਛ ਵੀ ਕਰਨੇ ਨੂੰ ਤਿਆਰ ਸਨ। ਇਸ ਮਕਸਦ ਲਈ ਉਨ੍ਹਾਂ ਨੇ ਹਰ ਕਿਸਮ ਦੇ ਕਾਨੂੰਨਾਂ, ਰਸਮਾਂ ਰਵਾਇਤਾਂ ਨੂੰ ਛਿੱਕੇ ਟੰਗ ਕੇ ਜੋਅ ਹਿੱਲ ਨੂੰ ਇਕ ਝੂਠੇ ਕਤਲ ਦੇ ਮੁਕੱਦਮੇ ਵਿਚ ਫਸਾ ਕੇ ਜਨਵਰੀ 1914 ਵਿਚ ਗ੍ਰਿਫਤਾਰ ਕਰ ਲਿਆ। ਤਕਰੀਬਨ ਦੋ ਸਾਲ ਤੱਕ ਉਹਦਾ ਕੇਸ ਕਚਿਹਰੀ 'ਚ ਫਸਾਈ ਰੱਖਿਆ। ਉਸ ਦੇ ਕੇਸ ਨੇ ਬਹੁਤ ਵੱਡੀ ਗਿਣਤੀ ਵਿਚ ਲੋਕਾਂ ਦਾ ਧਿਆਨ ਖਿੱਚਿਆ। ਉਤਰੀ ਅਮਰੀਕਾ, ਯੂਰਪ ਤੇ ਅਸਟਰੇਲੀਆ ਤੱਕ ਲੋਕਾਂ ਵਲੋਂ ਉਹਦੇ ਹੱਕ ਵਿਚ ਆਵਾਜ਼ ਉਠਾਈ ਗਈ। ਸਵੀਡਨ ਦੀ ਸਰਕਾਰ ਤੇ ਅਮਰੀਕਾ ਦੇ ਉਸ ਸਮੇਂ ਦੇ ਪ੍ਰਧਾਨ ਵੁਡਰੋ ਵਿਲਸਨ ਨੇ ਵੀ ਲੋਕਾਂ ਦੀ ਮੰਗ 'ਤੇ ਕੇਸ ਵਿਚ ਦਖਲ ਅੰਦਾਜ਼ੀ ਕਰਨ ਦੀ ਕੋਸ਼ਿਸ਼ ਕੀਤੀ। ਪਰ ਜੋਅ ਹਿੱਲ ਅਮੀਰ ਮਾਲਕਾਂ ਲਈ ਬਹੁਤ ਖਤਰਨਾਕ ਬਣ ਚੁੱਕਾ ਸੀ। ਯੂਟਾਹ ਸਟੇਟ ਵਿਚ ਉਸ ਸਮੇਂ ਸਿਆਸਤ, ਪੈਸਾ ਤੇ ਜਥੇਬੰਦ ਧਰਮ ਦੀ ਤਿੱਕੜੀ ਰਲ਼ ਕੇ ਰਾਜ ਕਰਦੀ ਸੀ ਤੇ ਫਿਲਿਪ ਫੋਨਰ ਅਨੁਸਾਰ "ਇਸ ਤਾਕਤਵਰ ਤਿਕੜੀ ਨੇ ਫੈਸਲਾ ਕਰ ਦਿੱਤਾ ਕਿ ਜੋਅ ਹਿੱਲ ਨੂੰ ਹਰ ਹਾਲਤ ਵਿਚ ਮਾਰਨਾ ਹੈ। ਜੋਅ ਹਿੱਲ ਦੀ ਸਜ਼ਾ ਵਿਰੁੱਧ ਉੱਠੀ ਅਮਰੀਕਨ ਇਤਿਹਾਸ ਵਿਚ ਸਭ ਤੋਂ ਵਧ ਤਾਕਤਵਰ ਰੋਸ ਲਹਿਰ ਨੂੰ ਅਣਗੌਲਿਆਂ ਕਰਕੇ ਇਹ ਤਿੱਕੜੀ ਆਪਣੇ ਇਸ ਫੈਸਲੇ 'ਤੇ ਕਾਇਮ ਰਹੀ। ਜੋਅ ਹਿੱਲ ਨੂੰ ਨਵੰਬਰ 19, 1915 ਦੇ ਦਿਨ ਯੂਟਾਹ ਸਟੇਟ ਦੇ ਸ਼ਹਿਰ ਸਾਲਟ ਲੇਕ ਦੀ ਜੇਲ੍ਹ ਵਿਚ ਪੰਜ ਬੰਦਿਆ ਦੇ 'ਫਾਇਰਿੰਗ ਸੁਕਐਡ' ਨੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ। ਉਸ ਦੇ ਆਖਰੀ ਸ਼ਬਦ ਸਨ: "ਮੈਂ ਬੜੀ ਸਾਫ ਜ਼ਮੀਰ (ਕਲੀਅਰ ਕੌਂਸ਼ੀਅੰਸ) ਨਾਲ ਮਰ ਰਿਹਾ ਹਾਂ, ਮੈਂ ਲੜਦਾ ਮਰ ਰਿਹਾ ਹਾਂ, ਕਿਸੇ ਡਰਾਕਲ ਦੀ ਤਰ੍ਹਾਂ ਨਹੀਂ"।

ਸ਼ਹੀਦ ਹੋਣ ਤੋਂ ਕੁਝ ਹੀ ਘੰਟੇ ਪਹਿਲਾਂ ਉਹਨੇ ਆਪਣੇ ਯੂਨੀਅਨ ਦੇ ਸਾਥੀ ਵਿਲੀਅਮ ਹੇਅਵੁੱਡ ਦੇ ਨਾਂਅ ਲਿਖੇ ਛੋਟੇ ਜਿਹੇ ਖੱਤ ਵਿਚ ਲਿਖਿਆ: "ਅਲਵਿਦਾ ਬਿੱਲ: ਮੈਂ ਇਕ ਸੱਚੇ ਵਿਦ੍ਰੋਹੀ ਵਾਂਗ ਮਰ ਰਿਹਾ ਹਾਂ। ਮੇਰੇ 'ਤੇ ਰੋਣ ਧੋਣ ਵਿਚ ਸਮਾਂ ਨਾ ਗੁਆਉਣਾ - ਜਥੇਬੰਦ ਹੋਣਾ"। ਜੋਅ ਹਿੱਲ ਦੇ ਇਹ ਸ਼ਬਦ ਅੱਜ ਵੀ ਹੜਤਾਲਾਂ ਵੇਲੇ, ਮਜ਼ਦੂਰ ਰੈਲੀਆਂ ਤੇ ਜਲੂਸਾਂ ਸਮੇਂ ਲੋਕਾਂ ਵਲੋਂ ਦੁਹਰਾਏ ਜਾਂਦੇ ਹਨ।

ਇਸ ਸਮੇਂ ਹੀ ਉਹਨੇ ਆਪਣਾ ਆਖਰੀ ਗੀਤ ਲਿਖਿਆ:

ਮੇਰੀ ਆਖਰੀ ਵਸੀਅਤ
ਮੇਰੀ ਵਸੀਅਤ ਦਾ ਫੈਸਲਾ ਹੈ ਬੜਾ ਹੀ ਸੁਖਾਲਾ
ਕੁਝ ਵੀ ਨਹੀਂ ਹੈ ਵੰਡਣ ਵਾਲਾ
ਮੇਰੇ ਨਜ਼ਦੀਕੀਆਂ ਨੂੰ ਲੜਨੇ ਦੀ ਕੋਈ ਲੋੜ ਨਾ
'ਰੁੜਦੇ ਪੱਥਰਾਂ 'ਤੇ ਕਦੇ ਉੱਗਦੀ ਕਾਈ ਨਾ'
ਮੇਰਾ ਧੜ? ਉਹ! ਜੇ ਮੈਂ ਚੁਣ ਸਕਦਾ
ਇਸ ਨੂੰ ਸਾੜ ਕੇ ਸੁਆਹ ਕਰਦਾ
ਮੌਜ ਮਸਤੀ 'ਚ ਉੱਡਦੀ ਹਵਾ ਨੂੰ ਦੇ ਦਿੰਦਾ
ਉਹ ਜਾ ਕੇ ਵਿਖੇਰਦੀ ਜਿੱਥੇ ਕਿਤੇ ਵੀ ਹੁੰਦੇ ਫੁੱਲ ਖਿੜਦੇ
ਤੇ ਸ਼ਾਇਦ ਕੋਈ ਮੁਰਝਾਇਆ ਫੁੱਲ
ਮੁੜ ਕੇ ਫੇਰ ਕਿਤੇ ਖਿੜਦਾ ਸੁਗੰਧੀਆਂ ਖਿਲੇਰਦਾ
ਬਸ ਇਹੀ ਹੈ ਮੇਰੀ ਆਖਰੀ ਵਸੀਅਤ
ਸਾਰੇ ਜੀਵੋ ਤੇ ਖੁਸ਼ੀਆਂ ਮਾਣੋ

*- ਜੋਅ ਹਿੱਲ*

(ਇਹ ਗੀਤ ਬਹੁਤ ਹੀ ਪ੍ਰਭਾਵਸ਼ਾਲੀ ਆਵਾਜ਼ ਵਿਚ ਮਰਵ ਹਮਿਲਟਨ ਵਲੋਂ ਗਾਇਆ ਇੰਟਰਨੈੱਟ http://www.marvmusic.com/ ਉੱਪਰ ਸੁਣਿਆ ਜਾ ਸਕਦਾ ਹੈ।)

ਆਪਣੇ ਗੀਤਾਂ ਨਾਲ ਯੂਨੀਅਨ ਵਿਚ ਯੋਗਦਾਨ ਪਾਉਣ ਦੇ ਨਾਲ ਨਾਲ ਜੋਅ ਹਿੱਲ ਨੇ ਆਪਣੀ ਸੂਝ ਤੇ ਆਪਣੇ ਸਮੇਂ ਤੋਂ ਵੀ ਅੱਗੇ ਦੀ ਸੋਚ ਦਾ ਹੋਰ ਲਿਖਤਾਂ ਵਿਚ ਵਿਖਾਵਾ ਕੀਤਾ। ਉਦਾਹਰਨ ਵਜੋਂ ਉਹਨੂੰ ਯੂਨੀਅਨ ਵਿਚ ਔਰਤਾਂ ਦੀ ਸ਼ਮੂਲੀਅਤ ਦੀ ਘਾਟ ਹਮੇਸ਼ਾ ਰੜਕਦੀ ਸੀ। ਉਹਨੇ ਲਿਖਿਆ: "ਯੂਨਾਈਟਿੱਡ ਸਟੇਟ ਵਿਚ ਔਰਤਾਂ ਨੂੰ ਨਿਰਾਸ਼ਾ ਦੀ ਹੱਦ ਤੱਕ ਅਣਗੌਲਿਆਂ ਕੀਤਾ ਜਾਂਦਾ ਹੈ, ਖਾਸ ਕਰ ਪੱਛਮੀ ਤੱਟ 'ਤੇ। ਨਤੀਜੇ ਵਜੋਂ ਅਸੀਂ ਯੂਨੀਅਨ ਨੂੰ ਇਕ ਲੱਤਾ ਘਿਨਾਉਣਾ ਜਿਹਾ ਅਜੀਬ ਜਾਨਵਰ ਬਣਾ ਦਿੱਤਾ ਹੈ। ... ਸਾਡੇ ਕੰਮਾਂ ਕਾਰਾਂ ਵਿਚ ਜ਼ਿੰਦਗੀ ਦੀ ਧੜਕਨ ਤੇ ਉਤਸਾਹ ਦੀ ਕਮੀ ਹੈ ਜੋ ਸਿਰਫ ਔਰਤ ਹੀ ਪੈਦਾ ਕਰ ਸਕਦੀ ਹੈ।"

ਜੋਅ ਹਿੱਲ ਦੇ ਮਿਸਾਲੀ ਜੀਵਨ ਬਾਰੇ ਕਾਫੀ ਕੁਛ ਲਿਖਿਆ ਮਿਲਦਾ ਹੈ। ਉਸ ਬਾਰੇ ਦੋ ਤਿੰਨ ਨਾਵਲ ਲਿਖੇ ਜਾ ਚੁੱਕੇ ਹਨ। ਬੈਰੀ ਸਟੇਵਿਸ ਨੇ 1954 ਵਿਚ ਜੋਅ ਹਿੱਲ ਬਾਰੇ ਇਕ ਮਸ਼ਹੂਰ ਕਿਤਾਬ, 'ਇਨਸਾਨ ਜੋ ਮਰਿਆ ਨਹੀਂ ਲਿਖੀ'। ਫਿਲਿਪ ਫੋਨਰ ਨੇ ਜੋਅ ਹਿੱਲ ਦੇ ਮੁਕੱਦਮੇ ਬਾਰੇ ਇਕ ਪੂਰੀ ਕਿਤਾਬ 'ਦਾ ਕੇਸ ਆਫ ਜੋਅ ਹਿੱਲ' ਲਿਖੀ ਹੈ। ਸਵੀਡਨ ਵਿਚ ਉਸ ਦੇ ਜੀਵਨ ਤੇ ਅਧਾਰਤ ਬਣੀ ਫਿਲਮ ਨੇ ਅੰਤਰ ਰਾਸ਼ਟਰੀ ਪੱਧਰ 'ਤੇ ਕਈ ਇਨਾਮ ਹਾਸਲ ਕੀਤੇ ਸਨ। ਇਸ ਫਿਲਮ 'ਤੇ ਅਧਾਰਤ ਜਾਹਨ ਮੈਕਡਰਮੈਂਟ ਵਲੋਂ 'ਜੋਅ ਹਿੱਲ' ਨਾਂ ਦਾ ਨਾਵਲ ਲਿਖਿਆ ਗਿਆ। ਜੋ ਹਿੱਲ ਦੇ ਗੀਤ ਬਹੁਤ ਸਾਰੇ ਲੋਕਾਂ ਨੇ ਗਾਏ ਹਨ।

ਪੰਜਾਬੀ ਕਵੀ (ਤੇ ਵਿਗਿਆਨੀ) ਸੁਖਪਾਲ ਨੇ 1993 ਵਿਚ ਮਜ਼ਦੂਰ ਜਮਾਤ ਵਲੋਂ ਗਾਏ ਜਾਣ ਵਾਲੇ ਗੀਤਾਂ ਦੀ ਇਕ ਕਿਤਾਬ ਤਿਆਰ ਕੀਤੀ ਸੀ - 'ਗੋਦ ਲਏ ਗੀਤ'। ਇਸ ਕਿਤਾਬ ਵਿਚ ਉਸ ਨੇ ਜੋਅ ਹਿੱਲ ਦੇ ਵੀ ਤਿੰਨ ਗੀਤ ਸ਼ਾਮਲ ਕੀਤੇ ਸਨ। ਸੁਖਪਾਲ ਨੇ ਇਨ੍ਹਾਂ ਗੀਤਾਂ ਨੂੰ ਜਿਉਂ ਦਾ ਤਿਉਂ ਅਨੁਵਾਦ ਨਹੀਂ ਸੀ ਕੀਤਾ ਸਗੋਂ ਉਨ੍ਹਾਂ ਦੀ ਪੰਜਾਬੀ ਵਿਚ ਮੁੜ-ਸਿਰਜਣਾ ਕਰਨ ਦੀ ਕਾਮਯਾਬ ਕੋਸ਼ਿਸ਼ ਕੀਤੀ ਸੀ। ਇਹ ਹੇਠਲਾ ਗੀਤ ਜੋਅ ਹਿੱਲ ਦੇ ਗੀਤ 'ਦੇਅਰ ਇਜ਼ ਪਾਵਰ ਇਨ ਦਾ ਯੂਨੀਅਨ' ਦਾ ਪੰਜਾਬੀ ਰੂਪ ਹੈ:

ਯੂਨੀਅਨ ਦਾ ਹੋਕਾ
ਭੁੱਖਾਂ ਦੁੱਖਾਂ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਜੇ
ਜੂਲ਼ਾ ਗਲ਼ੋਂ ਗੁਲਾਮੀ ਵਾਲਾ ਲਾਹੁਣਾ ਚਾਹੁੰਦੇ ਜੇ
ਹੱਥ ਵਧਾਓ ਹਿੱਸਾ ਪਾਓ ਲੋਕ ਲਹਿਰ ਵਿਚ ਲੋਕਾ ਵੇ
ਯੂਨੀਅਨ ਦੇ ਵਿਚ ਭਰਤੀ ਹੋ ਜਾਓ ਯੂਨੀਅਨ ਦਾ ਹੋਕਾ ਵੇ।

ਬੜਾ ਹੀ ਕਾਮਿਆਂ ਦੀ ਏਕਤਾ ਵਿਚ ਜ਼ੋਰ ਹੈ
ਇਸ ਜ਼ੋਰ ਅੱਗੇ ਮਾਲਕਾਂ ਦੀ ਹਰ ਤਾਕਤ ਕਮਜ਼ੋਰ ਹੈ
ਹੁਣ ਹਰ ਜਗ੍ਹਾ ਹੀ ਕਾਮਿਓ ਕਾਮਿਆਂ ਦਾ ਰਾਜ ਹੋਊ
ਹੁਣ ਪੈਰਾਂ ਥੱਲੇ ਲੁੱਟ ਦਾ ਆ ਗਿਆ ਹਰ ਤਾਜ ਹੋਊ
ਇਹ ਕਿਹ ਰਿਹਾ ਹੈ ਵਗ ਰਹੀ ਨਵੀਂ ਵਾਅ ਦਾ ਝੋਕਾ ਵੇ।

ਗੰਦਗੀ ਵਿਚ ਰੀਂਗਦੀ ਇਹ ਜ਼ਿੰਦਗੀ ਜੇ ਰਾਸ ਹੈ
ਤਾਂ ਭੁੱਲ ਜਾਓ ਫਿਰ ਯੂਨੀਅਨ ਦੀ ਗੱਲ ਬਕਵਾਸ ਹੈ
ਜੇ ਜ਼ਿੰਦਗੀ ਨੂੰ ਜੀਣ ਜੋਗਾ ਹੋ ਬਣਾਉਣਾ ਲੋਚਦੇ
ਤਾਂ ਹੱਥ ਮਿਲਾਓ ਫਿਰ ਉਨ੍ਹਾਂ ਸੰਗ ਜੋ ਇਹੋ ਗੱਲ ਸੋਚਦੇ
ਕਿਰਤਾਂ ਵਾਲੇ ਕੱਠੇ ਹੋ ਜਾਓ ਕੀ ਵੱਡਾ ਕੀ ਛੋਟਾ ਵੇ।

ਉੱਠੋ ਉੱਠੋ ਉੱਠੋ ਉੱਠੋ ਕਾਮਿਓ ਹਰ ਦੇਸ਼ 'ਚੋਂ
ਉੱਠੋ ਹੁਣ ਹਰ ਧਰਮ 'ਚੋਂ ਹਰ ਨਸਲ 'ਚੋਂ ਹਰ ਭੇਸ 'ਚੋਂ
ਫੁੱਟ ਦੀ ਹੁਣ ਪਾਈ ਲਕੀਰ ਨੂੰ ਹੈ ਲੰਘਣਾ
ਇਕ ਆਵਾਜ਼ ਹੋ ਕੇ ਦੁਨੀਆਂ 'ਚੋਂ ਹੈ ਹਿੱਸਾ ਮੰਗਣਾ
ਪੂੰਜੀਪਤੀਆਂ ਦਾ ਹਰ ਲਾਰਾ ਹੋ ਗਿਆ ਹੈ ਖੋਟਾ ਵੇ।

ਜੋਅ ਹਿੱਲ ਦੇ ਗੀਤ (ਅੰਗ੍ਰੇਜ਼ੀ ਵਿਚ) ਇਸ ਸਾਈਟ 'ਤੇ ਪੜ੍ਹੇ ਜਾ ਸਕਦੇ ਹਨ: ਜਾ ਸਕਦੇ ਹਨ : http://www.folkarchive.de/history/hill.html

# ਸੰਜੇ ਕਾਕ ਦੀ ਦਸਤਾਵੇਜ਼ੀ ਫਿਲਮ

# ਮਾਟੀ ਕੇ ਲਾਲ




*ਪਿਛਲੇ ਦਿਨੀਂ ਚੰਡੀਗੜ੍ਹ, ਅੰਮ੍ਰਿਤਸਰ, ਬਠਿੰਡਾ, ਜਲੰਧਰ, ਬਰਨਾਲਾ, ਲੁਧਿਆਣਾ ਵਿਖੇ ਗ਼ਦਰ ਸ਼ਤਾਬਦੀ ਨੂੰ ਸਮਰਪਤ ਫਿਲਮ ਸ਼ੋਅ ਕੀਤੇ ਗਏ ਹਨ, ਜਿਨ੍ਹਾਂ ਵਿੱਚ ਸੰਜੇ ਕਾਕ ਦੀ ਫਿਲਮ 'ਮਾਟੀ ਕੇ ਲਾਲ' ਦਿਖਾਈ ਗਈ ਹੈ। ਇਸ ਫਿਲਮ ਬਾਰੇ ਅਮੋਲਕ ਸਿੰਘ ਦੀ ਇਹ ਸਮੀਖਿਆ 'ਸੁਰਖ ਰੇਖਾ' ਵਿਚੋਂ ਧੰਨਵਾਦ ਸਹਿਤ ਲਈ ਜਾ ਰਹੀ ਹੈ। -ਸੰਪਾਦਕ*

ਅਮੋਲਕ ਸਿੰਘ
+91-94170-76735



ਸਮਾਜਕ ਸਰੋਕਾਰਾਂ ਅਤੇ ਜਨਤਕ ਪ੍ਰਤੀਰੋਧ ਦੇ ਬਦਲਵੇਂ ਸਭਿਆਚਾਰ ਨੂੰ ਪਰਨਾਈਆਂ ਫ਼ਿਲਮਾਂ ਦੇ ਸੰਸਾਰ ਅੰਦਰ ਬਹੁ-ਚਰਚਿਤ ਫ਼ਿਲਮਸਾਜ ਸੰਜੇ ਕਾਕ ਦੀ ਤਾਜ਼ਾ ਫ਼ਿਲਮ 'ਮਾਟੀ ਕੇ ਲਾਲ' ਗ਼ਦਰ ਲਹਿਰ, ਆਦਿਵਾਸੀ ਖੇਤਰ ਦੇ ਮਹਿਬੂਬ ਨਾਇਕ ਵਿਰਸਾ ਮੁੰਡਾ, ਇਨਕਲਾਬ ਦੇ ਚਿੰਨ : ਸ਼ਹੀਦ ਭਗਤ ਸਿੰਘ, ਕਵੀ ਪਾਸ਼ ਅਤੇ ਅਜੋਕੇ ਸਮੇਂ ਅੰਦਰ ਆਦਿਵਾਸੀ ਖੇਤਰਾਂ ਅਤੇ ਦੇਸ਼ ਦੀਆਂ ਹੋਰਨਾਂ ਥਾਵਾਂ ਤੋਂ ਲੈ ਕੇ ਪੰਜਾਬ ਤੱਕ ਚੱਲ ਰਹੀ ਪ੍ਰਤੀਰੋਧ ਦੀ ਲਹਿਰ ਨੂੰ ਸੂਤਰਬੱਧ ਕਰਦਿਆਂ ਅਤਿਅੰਤ ਸੰਵੇਦਨਸ਼ੀਲ ਅਤੇ ਚਿੰਨਾਤਮਕ ਅੰਦਾਜ਼ 'ਚ ਸੁਨੇਹਾ ਦੇਣ 'ਚ ਸਫ਼ਲ ਰਹੀ ਹੈ ਕਿ, "ਜਦੋਂ ਤੱਕ ਲੋਕਾਂ ਦੇ ਮਾਣ-ਸਨਮਾਨ ਭਰੇ ਨਿਜ਼ਾਮ ਦੀ ਸਿਰਜਣਾ ਨਹੀਂ ਹੁੰਦੀ ਉਦੋਂ ਤੱਕ ਲੋਕ-ਸੰਗਰਾਮ ਜਾਰੀ ਰਹੇਗਾ।"

ਦਸਤਾਵੇਜ਼ੀ ਫ਼ਿਲਮ ਦੀ ਦੁਨੀਆ ਅੰਦਰ ਨਰਬਦਾ ਬਚਾਓ ਅੰਦੋਲਨ ਬਾਰੇ 'ਪਾਨੀ ਪੇ ਲਿਖਾ' ਅਤੇ ਕਸ਼ਮੀਰ ਦੇ ਨਵੇਂ ਸਫ਼ੇ ਪੇਸ਼ ਕਰਦੀ ਫ਼ਿਲਮ 'ਜਸ਼ਨ-ਏ-ਆਜ਼ਾਦੀ' ਵੱਲੋਂ ਚਰਚਾਵਾਂ ਦੀ ਵਿਆਪਕ ਅਤੇ ਤਿੱਖੀ ਹਲਚਲ ਪੈਦਾ ਕਰਨ ਉਪਰੰਤ ਸੰਜੇ ਕਾਕ ਦੀ ਤਾਜ਼ਾ ਫ਼ਿਲਮ 'ਮਾਟੀ ਕੇ ਲਾਲ' ਨੇ ਪਰਦੇ 'ਤੇ ਪੇਸ਼ ਹੁੰਦੇ ਸਾਰ ਹੀ ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ, ਬਠਿੰਡਾ, ਬਰਨਾਲਾ, ਜਲੰਧਰ ਅਤੇ ਲੁਧਿਆਣਾ ਵਿਖੇ ਵੱਡੀ ਗਿਣਤੀ 'ਚ ਬੁੱਧੀਜੀਵੀਆਂ, ਪੱਤਰਕਾਰਾਂ, ਖੋਜਕਾਰਾਂ, ਇਤਿਹਾਸਕਾਰਾਂ ਅਤੇ ਵੱਖ-ਵੱਖ ਮਿਹਨਤਕਸ਼ ਤਬਕਿਆਂ ਦੇ ਸੰਘਰਸ਼ਸ਼ੀਲ ਲੋਕਾਂ ਨੂੰ ਆਦਿਵਾਸੀ ਖੇਤਰ ਅਤੇ ਪੰਜਾਬ ਅੰਦਰ ਕੌਮੀ ਮੁਕਤੀ ਲਹਿਰ ਦੇ ਉਦੇਸ਼ਾਂ ਦੀ ਪੂਰਤੀ ਲਈ ਚੱਲ ਰਹੇ ਸੰਗਰਾਮ ਬਾਰੇ ਹਕੀਕਤਮੁਖੀ ਗਹਿਰ ਗੰਭੀਰਤਾ ਨਾਲ ਸੋਚਣ-ਵਿਚਾਰਨ ਅਤੇ ਆਪਣੇ ਹਿੱਸੇ ਦੀ ਭੂਮਿਕਾ ਅਦਾ ਕਰਨ ਲਈ ਅੱਗੇ ਆਉਣ ਦੀਆਂ ਤਰੰਗਾਂ ਛੇੜ ਦਿੱਤੀਆਂ ਹਨ। ਸੰਜੇ ਕਾਕ ਨੇ ਇਹ ਚੇਤਨ ਨਿਰਣਾ ਲਿਆ ਹੈ ਕਿ ਲੋਕਾਂ ਦੀ ਫ਼ਿਲਮ ਲੋਕਾਂ ਰਾਹੀਂ ਹੀ ਦਿਖਾਈ ਜਾਵੇਗੀ। ਉਹ ਕਿਸੇ ਸਿਨੇਮਾ ਮਾਲਕ, ਡਿਸਟਰੀਬਿਊਟਰ ਰਾਹੀਂ ਨਹੀਂ ਸਗੋਂ ਮਿੱਟੀ ਦੇ ਲਾਲਾਂ ਰਾਹੀਂ ਹੀ ਇਸ ਨੂੰ ਲੋਕਾਂ 'ਚ ਲਿਜਾਣ 'ਤੇ ਟੇਕ ਰੱਖੀ ਗਈ ਹੈ।

ਅੱਜ ਜਦੋਂ ਗ਼ਦਰ ਪਾਰਟੀ ਸਥਾਪਨਾ ਸ਼ਤਾਬਦੀ (1913-2013) ਵਰ੍ਹਾ ਮਨਾਇਆ ਜਾ ਰਿਹਾ ਹੈ ਇਸ ਦੌਰ ਅੰਦਰ 'ਮਾਟੀ ਕੇ ਲਾਲ' ਵਰਗੀ ਫ਼ਿਲਮ ਦੀ ਦਸਤਕ, ਇਤਿਹਾਸ ਦੇ ਅਤੀਤ, ਵਰਤਮਾਨ ਅਤੇ ਭਵਿੱਖਮਈ ਅੰਤਰ-ਸਬੰਧਾਂ ਨੂੰ ਉਜਾਗਰ ਕਰਨ ਦੇ ਨਵੇਂ ਮੁੱਲ ਸਿਰਜਣ ਦੀ ਹੋਰ ਵੀ ਇਤਿਹਾਸਕ ਮਹੱਤਤਾ ਰੱਖਦੀ ਹੈ। ਸਾਡੀ ਅਮੀਰ ਇਤਿਹਾਸਕ ਵਿਰਾਸਤ, ਇਸਦੇ ਜਮਹੂਰੀ ਇਨਕਲਾਬੀ ਲਹਿਰਾਂ, ਸਾਹਿਤ/ਸਭਿਆਚਾਰ ਉਪਰ ਅਮਿਟ ਪ੍ਰਭਾਵਾਂ ਨੂੰ ਰੂਪਮਾਨ ਕਰਨ ਦੀ ਕਮਾਲ ਦੀ ਭੂਮਿਕਾ ਅਦਾ ਕਰਦੀ ਹੈ ਫ਼ਿਲਮ 'ਮਾਟੀ ਕੇ ਲਾਲ'।

ਫ਼ਿਲਮ ਦੇ ਉਠਾਣ ਮੌਕੇ ਪਲੇਠੀ ਝਲਕ ਹੀ ਸਮਾਜ ਅੰਦਰਲੇ ਦਵੰਦ ਦੀ ਅਤੀ ਸੂਖ਼ਮ ਅੰਦਾਜ਼ 'ਚ ਪੇਸ਼ਕਾਰੀ ਕਰਦੀ ਹੈ ਕਿ ਰੌਸ਼ਨੀਆਂ ਦੇ ਚਕਾਚੌਂਧ ਵਿੱਚ ਵੀ ਇਸ ਮਿੱਟੀ ਦੇ ਲਾਲ ਕਿਉਂ ਹਨੇਰਾ ਢੋਅ ਰਹੇ ਹਨ? ਜਦੋਂ ਟਰੱਕਾਂ ਦੇ ਟਰੱਕ, ਰੇਲਾਂ ਦੀਆਂ ਰੇਲਾਂ ਭਰਕੇ ਆਦਿਵਾਸੀ ਖੇਤਰ 'ਚੋਂ ਖਣਿਜ ਪਦਾਰਥ ਲਿਜਾਣ ਦਾ ਸਿਲਸਿਲਾ ਚੱਲ ਰਿਹੈ ਉਸ ਮੌਕੇ ਕਰੋੜਾਂ ਆਦਿਵਾਸੀ ਅਤੇ ਸਮੁੱਚੇ ਭਾਰਤ ਦੇ ਵਾਸੀ ਹੱਡ ਭੰਨਵੀਂ ਮੁਸ਼ੱਕਤ ਦੇ ਬਾਵਜੂਦ ਘੋਰ ਗੁਰਬਤ ਦੀ ਭੱਠੀ 'ਚ ਕਿਉਂ ਭੁੱਜ ਰਹੇ ਹਨ? ਉਨ੍ਹਾਂ ਦੇ ਹਿੱਸੇ ਦੀ ਰੌਸ਼ਨੀ ਕਿੱਥੇ ਗਈ? ਰੌਸ਼ਨੀਆਂ 'ਚ ਵੀ ਫ਼ਿਲਮ ਅੰਦਰ ਦਿਸਦੇ ਪਰਛਾਵੇਂ ਅਜੇਹੀ ਕਹਾਣੀ ਕਹਿ ਰਹੇ ਹਨ। ਫ਼ਿਲਮ ਦਰਸ਼ਕਾਂ ਦੇ ਜਿਹਨ 'ਚ ਤਿੱਖੀ ਉੱਥਲ ਪੁੱਥਲ ਪੈਦਾ ਕਰਦੀ ਹੈ ਕਿ ਜੰਗਲ, ਜਲ, ਜ਼ਮੀਨ, ਕੁਦਰਤੀ ਅਨਮੋਲ ਖ਼ਜ਼ਾਨੇ ਇਹ ਸਭ ਕੁਝ ਤਾਂ ਕੌਮ ਦਾ ਸਰਮਾਇਆ ਹੁੰਦਾ ਹੈ ਨਾ ਕਿ ਮੁੱਠੀ ਭਰ ਕਾਰਪੋਰੇਟ ਘਰਾਣਿਆਂ ਦਾ। ਇਹ ਸਾਰੀ ਧੰਨ ਦੌਲਤ ਉੱਪਰ ਕੁੰਡਲ ਨਾਗ ਬਣ ਕੇ ਬੈਠੇ ਮੁੱਠੀ ਭਰ ਘਰਾਣਿਆਂ ਦਾ ਵਿਕਾਸ ਅੰਬਰ ਛੋਹ ਰਿਹਾ ਹੈ ਅਤੇ ਕਮਾਊ-ਲੋਕਾਂ ਦਾ ਵਿਨਾਸ਼ ਸਭੇ ਹੱਦਾਂ ਟੱਪ ਰਿਹਾ ਹੈ। ਇਹ ਸਾਰਾ ਵਰਤਾਰਾ ਫ਼ਿਲਮ ਅਜੇਹੇ ਖ਼ੂਬਸੂਰਤ ਕਲਾਤਮਕ ਅੰਦਾਜ਼ 'ਚ ਪੇਸ਼ ਕਰਦੀ ਹੈ ਕਿ ਫ਼ਿਲਮਸਾਜ ਨੇ ਆਪ ਕੁਝ ਵੀ ਦਰਸ਼ਕਾਂ ਦੇ ਮਨ ਮਸਤਕ ਤੇ ਥੋਪਣ ਦੀ ਕੋਸ਼ਿਸ਼ ਨਹੀਂ ਕੀਤੀ।

'ਮਾਟੀ ਕੇ ਲਾਲ' ਕੌਮੀ ਮੁੱਖ ਧਾਰਾ, ਦੇਸ਼ ਦੀ ਏਕਤਾ ਅਖੰਡਤਾ ਦੇ ਸਹੀ ਅਰਥਾਂ ਦੀ ਬਿੰਬਾਵਲੀ ਪੇਸ਼ ਕਰਦੀ ਹੈ ਕਿ ਸਾਡੇ ਮੁਲਕ ਦੇ ਰਾਜ ਭਾਗ ਉੱਪਰ ਕਾਬਜ਼ ਉਂਗਲਾਂ 'ਤੇ ਗਿਣੇ ਜਾਣ ਵਾਲੇ ਘਰਾਣੇ ਤਾਂ ਮੂਲੋਂ ਹੀ ਘੱਟ ਗਿਣਤੀ 'ਚ ਹਨ ਅਸਲ 'ਚ ਵਿਸ਼ਾਲ ਬਹੁ-ਗਿਣਤੀ ਵਸੋਂ ਦੀ ਕੌਮੀ ਮੁੱਖ ਧਾਰਾ ਤਾਂ ਬਿਲਕੁਲ ਹੋਰ ਹੈ। ਲੁੱਟੀ-ਪੁੱਟੀ ਅਤੇ ਕੁੱਟੀ ਜਾ ਰਹੀ ਬਹੁ-ਗਿਣਤੀ ਕਮਾਊ ਵਸੋਂ ਨੂੰ ਹੀ ਕੌਮੀ ਮੁੱਖ ਧਾਰਾ ਦੇ ਆਪੇ ਬਣੇ ਅਲੰਬਰਦਾਰ ਉਲਟਾ 'ਮੁਜ਼ਰਮ' ਬਣਾ ਕੇ ਪੇਸ਼ ਕਰ ਰਹੇ ਹਨ। ਮੁਲਕ ਦਾ ਸਾਰਾ ਧਨ ਦੌਲਤ, ਜੰਗਲ, ਜ਼ਮੀਨ, ਅਨਮੋਲ ਖ਼ਜ਼ਾਨੇ ਆਪਣੇ ਚਹੇਤਿਆਂ ਨੂੰ ਕੌਡੀਆਂ ਦੇ ਭਾਅ ਲੁਟਾਉਣ ਵਾਲੇ, ਦੇਸ਼ ਦੇ ਹਿੱਤਾਂ ਨਾਲ ਵਿਸਾਹਘਾਤ ਕਰਨ ਵਾਲੇ ਆਪੇ 'ਦੇਸ਼ ਭਗਤ' ਬਣ ਬੈਠੇ ਹਨ ਜਦੋਂ ਕਿ ਦੇਸ਼ ਦੇ, ਇਸਦੀ ਵਿਸ਼ਾਲ ਸਿਰਜਣਾਤਮਕ ਲੋਕਾਈ ਦੇ ਹਿੱਤਾਂ ਲਈ ਜੂਝਣ ਵਾਲਿਆਂ ਨੂੰ ਦੇਸ਼-ਧਰੋਹੀ ਦੱਸ ਰਹੇ ਹਨ। ਫ਼ਿਲਮ ਸਾਡੇ ਰਾਜਤੰਤਰ ਦੇ 'ਉਲਟਾ ਚੋਰ ਕੋਤਵਾਲ ਕੋ ਡਾਂਟੇ' ਵਾਲੇ ਇਸ ਲੋਕ-ਵਿਰੋਧੀ ਸੁਭਾਅ ਨੂੰ ਮੂੰਹ ਬੋਲਦੇ ਤੱਥਾਂ ਰਾਹੀਂ ਪੇਸ਼ ਕਰਦੀ ਹੈ।

ਸ਼ਾਂਤੀ ਸੈਨਾ ਦੇ ਨਾਂਅ ਹੇਠ 'ਸਲਵਾ ਜੁਡਮ' ਵਰਗੀਆਂ ਸੰਸਥਾਵਾਂ ਨੂੰ ਸਿਰ ਤੋਂ ਲੈ ਕੇ ਪੈਰਾਂ ਤੱਕ ਹਥਿਆਰਬੰਦ ਕਰਨ, ਆਦਿਵਾਸੀਆਂ ਦੇ ਪਿੰਡਾਂ ਦੇ ਪਿੰਡ ਸਾੜਨ, ਜਨਤਕ ਕੁਟਾਪਾ ਚਾੜ੍ਹਨ, ਆਦਿਵਾਸੀਆਂ ਨੂੰ ਉਜਾੜਨ, ਜਬਰੀ ਬੰਦੀ ਬਣਾਉਣ ਦੀਆਂ ਮਨ ਆਈਆਂ ਕਰਨ ਲਈ ਕਿਵੇਂ ਕਾਰਪੋਰੇਟ ਘਰਾਣਿਆਂ ਅਤੇ ਸਰਕਾਰੀ ਤੰਤਰ ਦਾ ਥਾਪੜਾ ਕੰਮ ਕਰਦਾ ਹੈ; ਕਿਵੇਂ ਨਿਜੀ ਗ੍ਰੋਹਾਂ ਨੂੰ ਹਥਿਆਰਾਂ ਨਾਲ ਲੈਸ ਕਰਕੇ ਲੋਕ-ਮੁਕਤੀ ਲਈ ਸੰਘਰਸ਼ ਕਰਨ ਵਾਲਿਆਂ ਉੱਪਰ ਕਾਤਲਾਨਾ ਹੱਲੇ ਬੋਲੇ ਜਾ ਰਹੇ ਹਨ। ਇਸਦਾ ਸਬੂਤ ਨਿਜੀ ਸੈਨਾਵਾਂ ਦੇ ਹਲਫ਼ੀਆ ਬਿਆਨਾਂ ਅਤੇ ਦ੍ਰਿਸ਼ਾਂ ਰਾਹੀਂ ਫ਼ਿਲਮ ਵਿੱਚ ਜਿਵੇਂ ਪੇਸ਼ ਹੁੰਦਾ ਹੈ ਉਹ ਦੁੱਧੋਂ ਪਾਣੀ ਨਿਤਾਰ ਕੇ ਰੱਖ ਦਿੰਦਾ ਹੈ।

ਫ਼ਿਲਮ 'ਚ ਸੁਣਾਈ ਦਿੰਦਾ ਸਰਕਾਰੀ ਵਾਇਰਲੈੱਸ ਸੁਨੇਹਾ 'ਸਰਕਾਰੀ ਸ਼ਾਂਤੀ ਮੁਹਿੰਮ' ਦੀ ਸਾਰੀ ਫੂਕ ਕੱਢ ਦਿੰਦਾ ਹੈ ਜਦੋਂ ਸੁਨੇਹੇ 'ਚ ਸਾਫ਼ ਸ਼ਬਦਾਂ 'ਚ ਹਥਿਆਰਬੰਦ ਟੁਕੜੀਆਂ ਨੂੰ ਫੁਰਮਾਨ ਕੀਤਾ ਜਾਂਦਾ ਹੈ ਕਿ 'ਜੇਕਰ ਇਧਰੋ ਆਦਿਵਾਸੀ ਖੇਤਰ 'ਚ ਕੋਈ ਪੱਤਰਕਾਰ ਨਕਸਲੀਆਂ ਦੇ ਪੱਖ ਦੀ ਕਵਰੇਜ ਕਰਦਾ ਦਿਖਾਈ ਦੇਵੇ ਤਾਂ ਉਸਨੂੰ ਵੀ ਗੋਲੀ ਮਾਰ ਦੇਣਾ।'

ਭਾਰਤੀ ਜਮਹੂਰੀਅਤ ਦੇ ਦੀਦਾਰ ਕਰਾਉਂਦਾ ਇਹ ਹੁਕਮਨਾਮਾ ਕੋਈ ਸ਼ੱਕ ਨਹੀਂ ਰਹਿਣ ਦਿੰਦਾ ਕਿ ਭਾਰਤੀ ਰਾਜ ਭਾਗ ਦੀਆਂ ਡੋਰਾਂ ਜਿਨ੍ਹਾਂ ਜ਼ੋਰਾਵਰਾਂ ਦੇ ਹੱਥ ਹਨ ਉਹ ਕਿਹੋ ਜਿਹਾ ਨਿਆ ਕਰ ਰਹੇ ਹਨ ਅਤੇ ਕਿਹੋ ਜਿਹੀ 'ਸ਼ਾਂਤੀ' ਸਥਾਪਤ ਕਰਨ ਦੀਆਂ ਜੰਗਲਾਂ ਅੰਦਰ 'ਜਮਹੂਰੀ' ਮਸ਼ਕਾਂ ਕਰ ਰਹੇ ਹਨ। ਨਿੱਤ ਰੋਜ ਪ੍ਰਚਾਰ-ਤੰਤਰ ਰਾਹੀਂ ਰਾਜ ਦਰਬਾਰ ਦਾਅਵੇ ਕਰ ਰਿਹਾ ਹੈ ਕਿ ਆਦਿਵਾਸੀ ਖੇਤਰ ਅੰਦਰ ਫੌਜ ਨਹੀਂ ਲਗਾਈ ਗਈ। ਫੌਜੀ ਟ੍ਰੇਨਿੰਗ ਸੈਂਟਰ ਅਤੇ ਉੱਚ ਫੌਜੀ ਅਫ਼ਸਰਾਂ ਦੀ ਜੁਬਾਨੀ ਫ਼ਿਲਮ 'ਚ ਸੱਚੋ ਸੱਚ ਸਭ ਦੇ ਸਾਹਮਣੇ ਨਸ਼ਰ ਹੋ ਰਿਹਾ ਹੈ ਕਿ ਕਿਤੇ ਵਿਆਪਕ ਪੈਮਾਨੇ 'ਤੇ ਆਦਿਵਾਸੀਆਂ ਦੇ ਜੰਗਲ, ਜਲ, ਜ਼ਮੀਨ ਦੇ ਜਨਮ ਸਿੱਧ ਅਧਿਕਾਰ ਨੂੰ ਬੰਦੂਕਾਂ ਦੇ ਜ਼ੋਰ ਖੋਹਿਆ ਜਾ ਰਿਹਾ ਹੈ। ਦੇਸੀ-ਵਿਦੇਸ਼ੀ ਮਹਾਂ-ਕੰਪਨੀਆਂ ਹਵਾਲੇ ਕਰਨ ਲਈ ਫੌਜ ਦੀ ਬੇਦਰੇਗ ਵਰਤੋਂ ਕੀਤੀ ਜਾ ਰਹੀ ਹੈ। ਬਾਲਾਂ, ਬਾਲੜੀਆਂ, ਔਰਤਾਂ ਨਾਲ ਬਲਾਤਕਾਰ ਹੋ ਰਹੇ ਹਨ, ਕਤਲ ਹੋ ਰਹੇ ਹਨ। ਘਰ ਅੱਗ ਦੀ ਭੇਟ ਚੜ੍ਹਾਏ ਜਾ ਰਹੇ ਹਨ। ਲੋਕਾਂ ਲਈ ਸੰਗਰਾਮ ਕਰਦੇ ਮਿੱਟੀ ਦੇ ਲਾਲ, ਝੂਠੇ ਮੁਕਾਬਲਿਆਂ ਵਿਚ ਮਾਰੇ ਜਾ ਰਹੇ ਹਨ।

ਦੋ ਘੰਟੇ ਦੇ ਸਮੇਂ 'ਚ ਸਮੋਈ ਇਹ ਫ਼ਿਲਮ ਉਚੇਚੇ ਤੌਰ 'ਤੇ ਇਹ ਦਰਸਾਉਣ 'ਚ ਸਫ਼ਲ ਰਹੀ ਹੈ ਕਿ ਆਦਿਵਾਸੀ ਖੇਤਰ ਅੰਦਰ ਫੈਲੀ ਲੋਕ-ਬੇਚੈਨੀ ਅਤੇ ਤਿੱਖਾ ਘੋਲ ਸਿਰਫ ਆਦਿਵਾਸੀਆਂ ਦੇ ਹੱਕਾਂ ਅਤੇ ਸ਼ਕਤੀ ਤੱਕ ਹੀ ਸੀਮਤ ਨਹੀਂ। ਇਸਦਾ ਪੈਗਾਮ ਵੀ ਮੁਲਕ ਦੇ ਵੱਖ-ਵੱਖ ਖੇਤਰਾਂ ਅਤੇ ਵੱਖ-ਵੱਖ ਮਿਹਨਤਕਸ਼ ਤਬਕਿਆਂ ਤੱਕ ਫੈਲਿਆ ਅਤੇ ਜੁੜਿਆ ਹੋਇਆ ਹੈ। ਵਿਸ਼ੇਸ਼ ਕਰਕੇ ਨਵੀਆਂ ਆਰਥਕ ਨੀਤੀਆਂ, ਉਦਾਰੀਕਰਨ, ਵਿਸ਼ਵੀਕਰਨ ਅਤੇ ਨਿਜੀਕਰਨ ਦੇ ਹੱਲੇ ਦੀ ਮਾਰ ਹੇਠ ਆਏ ਲੋਕਾਂ ਦੀਆਂ ਸੋਚਾਂ, ਪ੍ਰਤੀਕਿਰਿਆਵਾਂ ਅਤੇ ਪ੍ਰਤੀਰੋਧ ਅੰਦਰ ਪਹਿਲਾਂ ਨਾਲੋਂ ਕਿਤੇ ਜ਼ੋਰ ਨਾਲ ਗ਼ਦਰੀ ਦੇਸ਼ ਭਗਤਾਂ, ਸ਼ਹੀਦ ਭਗਤ ਸਿੰਘ ਅਤੇ ਪਾਸ਼ ਵਰਗਿਆਂ ਦੀਆਂ ਰਚਨਾਵਾਂ ਅਤੇ ਅਮਲਾਂ ਰਾਹੀਂ ਪਈਆਂ ਪੈੜਾਂ ਤੋਂ ਵੀ ਅਜੋਕੀਆਂ ਚੁਣੌਤੀਆਂ ਸਰ ਕਰਦੇ ਹੋਏ ਪਾਰ ਜਾਣ ਦੀ ਤਾਂਘ ਜਰਬਾਂ ਖਾ ਰਹੀ ਪ੍ਰਤੀਤ ਹੁੰਦੀ ਹੈ। ਫ਼ਿਲਮ ਨਿਰਦੇਸ਼ਕ ਦੀ ਬਰੀਕਬੀਨੀ, ਦੂਰਦ੍ਰਿਸ਼ਟੀ ਅਤੇ ਕਲਾਮਈ ਮੁਹਾਰਤ ਦਾ ਕਮਾਲ ਹੈ ਕਿ ਉਸਦਾ ਕੈਮਰਾ ਅਦਿਵਾਸੀ ਖੇਤਰ ਅੰਦਰ ਧੁਖਦੇ ਜੰਗਲਾਂ ਤੇ ਘੁੰਮਦਾ ਹੋਇਆ, ਉਨ੍ਹਾਂ ਦੇ ਘੋਲਾਂ, ਨਾਚ, ਗੀਤ-ਸੰਗੀਤ, ਨਾਟਕ, ਰੋਸ ਮਾਰਚ ਆਦਿ ਨੂੰ ਪਰਦੇ 'ਤੇ ਉਤਾਰਦਾ ਹੋਇਆ ਅਗਲੇ ਹੀ ਪਲ ਪੰਜਾਬ ਦੀ ਧਰਤੀ ਤੋਂ ਵੀ ਉੱਠ ਰਹੇ ਪ੍ਰਤੀਰੋਧ ਦੇ ਪ੍ਰਤੀਕਾਂ ਉੱਪਰ ਫੋਕਸ ਹੁੰਦਾ ਹੈ। ਇਉਂ ਸੈਂਕੜੇ ਮੀਲਾਂ ਦੀ ਵਿੱਥ ਦੇ ਬਾਵਜੂਦ ਲੋਕ ਸਰੋਕਾਰਾਂ ਦੀ ਸਾਂਝੀ ਧੜਕਣ ਉਹਨਾਂ ਦੇ ਗੀਤਾਂ, ਕਵਿਤਾਵਾਂ, ਨਾਅਰਿਆਂ ਅਤੇ ਸੰਗਰਾਮਾਂ ਵਿੱਚ ਧੜਕਦੀ ਸੁਣਾਈ ਅਤੇ ਦਿਖਾਈ ਦਿੰਦੀ ਹੈ।

ਲੋਕ ਮਨਾਂ ਦੀ ਗਹਿਰਾਈ 'ਚ ਉਤਰਦੀ ਇਸ ਫ਼ਿਲਮ ਦੀ ਖ਼ੂਬੀ ਬਾਰ-ਬਾਰ ਅਜਿਹੇ ਬਿੰਬ, ਦਰਸ਼ਕਾਂ ਦੀਆਂ ਧੁਰ ਅੰਦਰਲੀਆਂ ਸੋਚ-ਪਰਤਾਂ ਦੀ ਤਾਰ ਛੇੜਦੇ ਹਨ ਕਿ ਹਥਿਆਰਬੰਦ ਰਾਜ ਸ਼ਕਤੀ ਜਿਹੜੀ ਮਹਾਂ ਸ਼ਕਤੀ ਬਣਨ ਦੇ ਝੰਡੇ ਲਹਿਰਾਉਂਦੀ ਹੈ; ਉਹਦੇ ਅਫ਼ਸਰਾਂ, ਸਮੁੱਚੇ ਰਾਜਤੰਤਰ ਅੰਦਰ ਜਨਤਕ ਸ਼ਕਤੀ ਦੇ ਜਾਗਣ, ਕਰਵਟ ਲੈਣ ਤੋਂ ਘਬਰਾਹਟ ਹੈ, ਮੱਥੇ ਤਿਉੜੀਆਂ ਦਾ ਝੁਰਮਟ ਹੈ। ਕੂੜ ਤੇ ਖੜ੍ਹੇ ਪ੍ਰਬੰਧ ਦੇ ਮਹੱਲ ਡਿੱਗਣ ਦਾ ਵੱਢ-ਵੱਢ ਖਾ ਰਿਹਾ ਭੈਅ ਹੈ। ਦੂਜੇ ਬੰਨ੍ਹੇ ਸਵੈਮਾਣ ਭਰੀ ਜ਼ਿੰਦਗੀ ਲਈ, ਨਵਾਂ ਰਾਜ ਅਤੇ ਸਮਾਜ ਬਣਾਉਣ ਲਈ ਜੂਝਣ ਵਾਲੇ ਪੂਰੀ ਫ਼ਿਲਮ 'ਚ ਮੌਤ ਨੂੰ ਮਖੌਲਾਂ ਕਰਦੇ, ਮੁਸਕਰਾਉਂਦੇ, ਨੱਚਦੇ, ਗਾਉਂਦੇ ਵਿਖਾਈ ਦਿੰਦੇ ਹਨ। ਮੌਤ ਦੀ ਸੇਜ 'ਤੇ ਜੰਗਲ ਦੇ ਫੁੱਲਾਂ, ਝਰਨਿਆਂ, ਆਬੋ ਹਵਾ ਦਾ ਬੇਖੌਫ਼ ਹੋ ਕੇ ਲੁਤਫ਼ ਲੈਂਦੇ ਹਨ। ਨੌਜਵਾਨ ਮੁੰਡੇ ਕੁੜੀਆਂ ਜਿਵੇਂ ਪਰਿਵਾਰ, ਇਕੋ ਜਿੰਦ ਜਾਨ, ਇਕੋ ਮਿਸ਼ਨ ਦੇ ਸੱਚੇ ਸੁੱਚੇ ਹਮਸਫ਼ਰ ਬਣ ਕੇ, ਸਮਾਜਕ ਇਨਕਲਾਬੀ ਤਬਦੀਲੀ ਦੇ ਆਦਰਸ਼ ਲਈ ਪਾਸ਼ ਦੇ ਇਹ ਬੋਲ ਪੌਣਾਂ 'ਚ ਘੋਲਦੇ ਹੋਏ ਮੰਜ਼ਲ ਵੱਲ ਮਾਰਚ ਕਰਦੇ ਜਾ ਰਹੇ ਹਨ। ਮਿੱਟੀ ਦੇ ਜਾਇਆਂ, ਮਿੱਟੀ ਦੇ ਵਾਰਸਾਂ,ਮਿੱਟੀ ਦੀ ਨਵੀਂ ਕਹਾਣੀ ਦੇ ਸਿਰਜਕਾਂ ਨੂੰ ਸਲਾਮ ਕਰਦੀ ਹੈ, ਉਨ੍ਹਾਂ ਦੀ ਜ਼ਿੰਦਗੀ ਦੀ ਦਾਸਤਾਂ, ਉਨ੍ਹਾਂ ਦੇ ਸੁਨਹਿਰੀ ਸੁਪਨਿਆਂ ਦੀ ਨਵੀਂ ਇਬਾਰਤ ਦੀ ਕਹਾਣੀ ਲਿਖੇ ਜਾਣ ਦੇ ਡੁੱਲ੍ਹ-ਡੁੱਲ੍ਹ ਪੈਂਦੇ ਵਿਸ਼ਵਾਸ ਦੀ ਗਵਾਹੀ ਭਰਦੀ ਹੈ।



'ਸੁਰਖ ਰੇਖਾ' 'ਚੋਂ ਧੰਨਵਾਦ ਸਹਿਤ


Royal
Royal Executive Homes
TOWN HOUSES IN WILDWOOD
'ਨਵੀਂ ਦੁਨੀਆ' ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ
HURRY ONLY 3 LEFT
Available from 1232 sq ft. to 1589 sq ft. with attached Single and Double Garage. Starting price: $ 309,900
PRICE REDUCED
Now only $289,900
Excellent Location
Close to all Amenities
Transit Access
Affordable Prices
Future Rec Center
Close to white Mud & Anthony Henday
5 Appliances & Fully Landscaped
10 Year Home Warranty
Granite Counter Top & Maple Kitchen
Whitemud
Anthony Henday
19th St.
Commercial Land
17th St.
34th Ave
FUTURE SHOPPING CENTER
23rd Ave
SHOW HOME OPEN NOW
For Show Home Hours: Contact 780-965-7390
Wild Wood TOWN HOUSES
1820, 34th Ave Edmonton.
780-965-7390
780-906-4497
royalexecutivehomes@hotmail.com
Jessy Parihar
Ranjit Deol
Call Sales Contact :
Roohi@ 780-905-6970 OR
Kul Bhatia @ 780-266-5500

SOHAIL QUADRI, MLA
EDMONTON - MILL WOODS

# Season's Greetings

# I wish you and your family Happy Holidays and a New Year filled with prosperity, success and

Committees and Councils the MLA is a member of:
- Member of the Select Special Ethics Commissioner Search Committee
- Standing Committee on Alberta's Economic Future
- Standing Committee on Legislative Offices
- Standing Committee on Public Accounts
- Private Members Business Committee
- Montana – Alberta Bilateral Advisory Council
- Results Based Budgeting – Economic Development Challenge Panel

Sohail Quadri, MLA
Edmonton – Mill Woods Constituency Office
# 101, 9807 - 34 Ave Edmonton, AB, T6E 5X9
Ph: 780-414-1000 edmonton.millwoods@assembly.ab.ca





BRIDGEPORT HOMES LTD.

BEST PRICES IN TOWN
WE ASSURE BEATING MARKET PRICE

Now New Homes in wildwood crs (South Edmonton)
loaded with Upgrades & Ready to Move

Special Offer $350000.00 only

2 Car Detached Garage
Homes only in $350000.00





ਵਧੀਆ ਕੀਮਤਾਂ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ
780-935-7718 'ਤੇ ਗੱਲਬਾਤ ਕਰੋ

Fully Upgraded 2300 Sq. Ft. Homes to be Built with your own choice of Interior only in $470000 .00

3000 Sq. Ft. Homes loaded with Upgrades & ready to move in only $569999.00 for limited time

For more information Call: DOLLY CHAUHAN @ 780-935-7718